# ਖੋਜ ਪਤ੍ਰਿਕਾ

ਸਤੰਬਰ 1998 ਅੰਕ 48

## ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ

ਮੁੱਖ ਸੰਪਾਦਕ
ਡਾ. ਅਜਮੇਰ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

KHOJ PATRIKA *(Punjabi)*

*Chief Editor*
Dr. Ajmer Singh
Prof. & Head, Department of Punjabi Literary Studies,
Punjabi University, Patiala

*Editor*
Kirpal Kazak

ISBN 81-7380-678-0

ਮੁੱਖ ਸੰਪਾਦਕ
ਡਾ. ਅਜਮੇਰ ਸਿੰਘ
ਸੰਪਾਦਕ
ਕਿਰਪਾਲ ਕਜ਼ਾਕ

ਗਿਆਨੀ ਸਰੂਪ ਸਿੰਘ ਕੜਿਆਣਾ ★ ਪੰਥਕ ਢਾਡੀ ਜੱਥਾ 98150-03075 ★ ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

ਸਲਾਹਕਾਰ ਬੋਰਡ
ਡਾ. ਐਸ. ਐਸ. ਜੋਸ਼ੀ
ਡਾ. ਨਰਿੰਦਰ ਸਿੰਘ ਕਪੂਰ
ਡਾ. ਹੁਕਮ ਚੰਦ ਰਾਜਪਾਲ

1998
ਪਹਿਲੀ ਵਾਰ : 1100
ਮੁੱਲ : 50-00

Please send the subscription in the name of the Registrar, Punjabi University, Patiala, through bank draft payable at Patiala to Publication Bureau, Punjabi University, Patiala. The cheques are not accepted.

Can be had from :
Publication Bureau
Punjabi University, Patiala

ਮਿਲਣ ਦਾ ਪਤਾ :
ਪਬਲੀਕੇਸ਼ਨ ਬਿਊਰੋ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਡਾ. ਬਲਬੀਰ ਸਿੰਘ ਭਾਟੀਆ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ ਰਾਮ ਪ੍ਰਿੰਟੋਗਰਾਫ਼, ਨਵੀਂ ਦਿੱਲੀ ਵਿਖੇ ਛਪੀ

# ਦੋ ਸ਼ਬਦ

'ਪ੍ਰਗਟਯੋ ਖ਼ਾਲਸਾ' ਵਿਸ਼ੇਸ਼ ਅੰਕ ਤਿੰਨ ਸੌ ਸਾਲਾ ਸਾਜਨਾ ਦਿਵਸ ਸੰਬੰਧੀ ਖੋਜ ਸਮਗਰੀ ਦੀ ਪ੍ਰਕਾਸ਼ਨਾ ਲੜੀ ਅਧੀਨ ਪ੍ਰਕਾਸ਼ਿਤ ਕੀਤਾ ਗਿਆ ਹੈ। ਸਮੁਚੇ ਅੰਕ ਨੂੰ ਦਸਮ ਗ੍ਰੰਥ ਅਤੇ ਗੁਰਮਤਿ ਕਾਵਿ ਦੇ ਸਿਧਾਂਤਿਕ ਅਤੇ ਧਾਰਮਿਕ ਨਜ਼ਰੀਏ ਤੇ ਕੇਂਦਰਿਤ ਕੀਤਾ ਗਿਆ ਹੈ। ਮੈਨੂੰ ਪੂਰਨ ਆਸ ਹੈ ਕਿ ਸਮੂਹ ਪੰਜਾਬੀ ਸਾਹਿਤ ਜਗਤ ਦੇ ਵਿਦਵਾਨ, ਖੋਜਾਰਥੀ, ਵਿਦਿਆਰਥੀ ਅਤੇ ਪਾਠਕ ਇਸ ਅੰਕ ਵਿਚ ਪੇਸ਼ ਖੋਜ ਸਮਗਰੀ ਤੋਂ ਯੋਗ ਲਾਭ ਉਠਾ ਸਕਣਗੇ।

**ਡਾ. ਜਸਬੀਰ ਸਿੰਘ ਆਹਲੂਵਾਲੀਆ**
*ਵਾਈਸ-ਚਾਂਸਲਰ*

ਪੰਜਾਬੀ ਯੂਨੀਵਰਸਿਟੀ,
ਪਟਿਆਲਾ

ਗਿਆਨੀ ਸਰੂਪ ਸਿੰਘ ਕਡਿਆਣਾ
ਪੰਥਕ ਢਾਡੀ ਜੱਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

# ਵਿਸ਼ੇ ਸੂਚੀ

ਸਾਲ 32ਵਾਂ ਸਤੰਬਰ 1998 ਅੰਕ 48

ਸੰਪਾਦਕੀ
(ੳ) **ਸਿਧਾਂਤਕ ਪਰਿਪੇਖ**
1. ਖਾਲਸਾ ਰਾਜ ਦਾ ਦਾਰਸ਼ਨਿਕ ਸੰਕਲਪ — *ਜਸਬੀਰ ਸਿੰਘ ਆਹਲੂਵਾਲੀਆ* 1
2. ਰੂਪ ਅਤੇ ਸਭਿਆਚਾਰਿਕ ਸਿਰਜਣਾ : ਸਿੱਖ ਅਤੇ ਯਹੂਦੀ ਅਨੁਭਵ — *ਗੁਰਭਗਤ ਸਿੰਘ* 7
(ਅ) **ਦਾਰਸ਼ਨਿਕ ਪਰਿਪੇਖ**
3. ਗੁਰੂ ਗੋਬਿੰਦ ਸਿੰਘ ਦੀ ਨਵੀਂ ਸਮਾਜੀ ਬਣਤਰ ਦਾ ਸੰਕਲਪ — *ਮਹੀਪ ਸਿੰਘ* 15
4. ਸਿੱਖੀ ਦੀ ਕਾਯਾਕਲਪ : ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤਕ — *ਸੁਰਜੀਤ ਹਾਂਸ* 21
5. ਗੁਰੂ ਗੋਬਿੰਦ ਸਿੰਘ ਜੀ ਦੀ ਨੈਤਿਕ ਚੇਤਨਾ — *ਹੁਕਮਚੰਦ ਰਾਜਪਾਲ* 26
6. ਸਿੱਖ ਚਿੰਤਨ ਵਿਚ ਕਾਲ ਅਕਾਲ ਦਾ ਸਰੂਪ — *ਹਰਪਾਲ ਸਿੰਘ ਪੰਨੂ* 35
(ੲ) **ਚਿੰਤਨ**
7. ਜਾਪੁ ਸਾਹਿਬ ਦੀ ਅਧਿਆਤਮਿਕਤਾ — *ਧਰਮਪਾਲ ਸਿੰਗਲ* 47
8. ਜ਼ਫ਼ਰਨਾਮਾ : ਜਿੱਤ ਦਾ ਪ੍ਰਚੰਡ ਰੂਪ — *ਤਾਰਿਕ ਕਿਫ਼ਾਇਤਉੱਲਾ* 51
9. ਹਿੰਦੂ ਸਾਮੀ ਧਰਮ ਪਰਿਪੇਖ ਵਿਚ ਅਕਾਲ ਉਸਤਤਿ ਦੀ ਮਹੱਤਤਾ — *ਪਰਮਜੀਤ ਸਿੰਘ ਸਿੱਧੂ* 59
10. ਇਤਿਹਾਸ ਪਰੰਪਰਾ ਤੇ ਬਿਚਿਤ੍ਰ ਨਾਟਕ — *ਸਵਰਨ ਸਿੰਘ ਸਨੇਹੀ* 70
11. ਬਿਚਿਤ੍ਰ ਨਾਟਕ ਦਾ ਮਿੱਥ ਰੂਪਾਂਤਰਣ — *ਗੁਲਜ਼ਾਰ ਸਿੰਘ ਕੰਗ* 86
12. ਖਾਲਸੇ ਦੇ ਬੋਲਿਆਂ ਦੀਆਂ ਕੁਝ ਸੁਰਾਂ : ਇਕ ਭਾਖ਼ਾਈ ਝਾਤ — *ਜੋਗਾ ਸਿੰਘ* 95
(ਸ) **ਰਾਜਨੀਤਕ ਪਰਿਪੇਖ**
13. ਖਾਲਸਾ ਪੰਥ ਦੇ ਪੰਜ ਤਖ਼ਤ — *ਸੁਖਦਿਆਲ ਸਿੰਘ* 99
14. ਗੁਰੂ ਗੋਬਿੰਦ ਸਿੰਘ ਦੁਆਰਾ ਲੜੇ ਗਏ ਯੁੱਧਾਂ ਦਾ ਮਹੱਤਵ — *ਮਿਹਰ ਸਿੰਘ ਗਿੱਲ* 113
(ਹ) **ਰਹਿਤ ਮਰਯਾਦਾ**
15. ਪੰਜ ਕੱਕਾਰਾਂ ਦਾ ਸੰਕਲਪ ਤੇ ਮਹੱਤਵ — *ਹਿੰਮਤ ਸਿੰਘ* 119
(ਕ) **ਇਤਿਹਾਸਿਕ ਪਰਿਪੇਖ**
16. ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ — *ਪ੍ਰੋ. ਪਿਆਰਾ ਸਿੰਘ ਪਦਮ* 125

+7 +7 +7

6

(ਖ) **ਸੰਪ੍ਰਦਾਵਾਂ**

17. ਸਾਹਿਤ ਸੰਪਰਦਾਵਾਂ ਦਾ ਸੋਮਾ : ਗੁਰੂ ਗੋਬਿੰਦ ਸਿੰਘ — *ਅਜਮੇਰ ਸਿੰਘ* — 129
18. ਸੇਵਾ ਪੰਥੀ ਸੰਪਰਦਾਇ — *ਗੁਰਮੁਖ ਸਿੰਘ* — 136

(ਗ) **ਗੁਰੂਧਾਮ**

19. ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਗੁਰਧਾਮਾਂ ਦੀ ਮਹੱਤਤਾ — *ਮੇਜਰ ਗੁਰਮੁਖ ਸਿੰਘ (ਰਿਟਾ.)* — 155

(ਘ) **ਸ਼ਖਸੀਅਤ**

20. ਯੁੱਗ ਸਿਰਜਕ ਗੁਰੂ ਗੋਬਿੰਦ ਸਿੰਘ — *ਸੁਰੀਤ ਕੌਰ* — 161

(ਙ) **ਸੰਗੀਤ**

21. ਸਿੱਖ ਧਰਮ ਕੀਰਤਨ ਦੀਆਂ ਗਾਇਨ ਸ਼ੈਲੀਆਂ — *ਬਲਬੀਰ ਸਿੰਘ ਕੰਵਲ* — 166
22. ਦਸਮ ਗ੍ਰੰਥ ਵਿਚ ਸੰਗੀਤਿਕ ਤੱਤ — *ਨਿਵੇਦਿਤਾ ਸਿੰਘ* — 170

(ਚ) **ਚਿੱਤਰਕਾਰੀ**

23. ਸਿੱਖ ਇਤਿਹਾਸ ਦੇ ਆਧੁਨਿਕ ਚਿੱਤਰਕਾਰ — *ਅਜੀਤ ਸਿੰਘ ਜੱਬਲ* — 176
24. ਸੋਭਾ ਸਿੰਘ ਦੁਆਰਾ ਬਣਾਏ ਗੁਰੂ ਚਿੱਤਰਾਂ ਦੀ ਸ਼ੈਲੀ ਵਿਲੱਖਣਤਾ — *ਸਰੋਜ ਚਮਨ* — 182

(ਛ) **ਆਧੁਨਿਕ ਪਰਿਪੇਖ**

25. ਸਿੱਖ ਇਤਿਹਾਸ ਅਤੇ ਨਰਿੰਦਰਪਾਲ ਸਿੰਘ ਦੇ ਇਤਿਹਾਸਿਕ ਨਾਵਲ — *ਗੁਰਦੀਪ ਕੌਰ* — 189

(ਜ) **ਸੰਰਚਨਾ**

ਗੱਲ ਮਿਤਰ ਪਿਆਰੇ ਦੀ (ਖ਼ਿਆਲ ਪਾਤਸਾਹੀ ਦਸਵੀਂ) — *ਅੰਮ੍ਰਿਤਾ ਪ੍ਰੀਤਮ* — 197
ਮਿਤਰ ਪਿਆਰੇ ਨੂੰ (ਖ਼ਿਆਲ ਪਾਤਸਾਹੀ ਦਸਵੀਂ) — *ਜਸਵੰਤ ਸਿੰਘ ਕੰਵਲ* — 198
ਮਿਤਰ ਪਿਆਰੇ ਨੂੰ (ਖ਼ਿਆਲ ਪਾਤਸਾਹੀ ਦਸਵੀਂ) — *ਸੰਤੋਖ ਸਿੰਘ ਧੀਰ* — 200
ਮਿਤਰ ਪਿਆਰੇ ਨੂੰ (ਖ਼ਿਆਲ ਪਾਤਸਾਹੀ ਦਸਵੀਂ) — *ਪ੍ਰਭਜੋਤ ਕੌਰ* — 201
ਮਿਤਰ ਪਿਆਰੇ ਨੂੰ (ਖ਼ਿਆਲ ਪਾਤਸਾਹੀ ਦਸਵੀਂ) — *ਰਾਮ ਸਰੂਪ ਅਣਖੀ* — 202
ਮਿਤਰ ਪਿਆਰੇ ਨੂੰ (ਖ਼ਿਆਲ ਪਾਤਸਾਹੀ ਦਸਵੀਂ) — *ਓਮ ਪ੍ਰਕਾਸ਼ ਗਾਸੋ* — 203
ਮਿਤਰ ਪਿਆਰੇ ਨੂੰ (ਖ਼ਿਆਲ ਪਾਤਸਾਹੀ ਦਸਵੀਂ) — *ਚੰਦਨ ਨੇਗੀ* — 205
ਮਿਤਰ ਪਿਆਰੇ ਨੂੰ (ਖ਼ਿਆਲ ਪਾਤਸਾਹੀ ਦਸਵੀਂ) — *ਸ. ਸੋਜ਼* — 206
ਬੇਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ : ਸੰਖੇਪ ਜਾਇਜ਼ਾ — *ਲਾਭ ਸਿੰਘ ਖੀਵਾ* — 208
ਇਸ ਅੰਕ ਦੇ ਲੇਖਕ — 211

+7
+7
+7
+7

# ਖਾਲਸੇ ਦਾ ਗੌਰਵ

1699 ਈ. ਦੀ ਵਿਸਾਖੀ ਸਮੇਂ ਆਨੰਦਪੁਰ ਵਿਖੇ ਖਾਲਸਾ ਪੰਥ ਦੀ ਜੋ ਸਿਰਜਣਾ ਹੋਈ ਉਹ ਨਾ ਕੇਵਲ ਸਿੱਖ ਧਰਮ ਵਿਚ ਯੁੱਗ ਪ੍ਰਵਰਤਿਤ ਘਟਨਾ ਸੀ ਸਗੋਂ ਦੁਨੀਆਂ ਤੇ ਸਮੁੱਚੀ ਮਾਨਵਤਾ ਵਾਸਤੇ 'ਇੱਕੀ' ਕਾਰਨਾਂ ਕਰਕੇ ਅਹਿਮ ਗੱਲ ਸੀ। ਪਹਿਲਾ, ਅਜਿਹੇ ਮਨੁੱਖ ਦੀ ਸਿਰਜਣਾ ਹੋਈ ਜਿਸ ਨੇ ਸ੍ਵੈ ਇਛਿਆ ਨਾਲ ਆਪਣਾ ਸਿਰ ਸਤਿਗੁਰ ਨੂੰ ਭੇਟ ਕੀਤਾ ਇਸ ਨਾਲ ਉਸ ਵਿਚੋਂ ਮਰਨ ਦਾ ਭੈਅ ਆਪਣੇ ਆਪ ਹੀ ਖ਼ਤਮ ਹੋ ਗਿਆ। ਦੂਜਾ, ਸਤਿਗੁਰ ਨੇ ਜੋ ਅੰਮ੍ਰਿਤ ਪੈਦਾ ਕੀਤਾ ਉਹ ਆਪਣੇ ਜਾਂ 'ਪਿਆਰੇ' ਦੇ ਅਮਰ ਹੋਣ ਵਾਸਤੇ ਨਹੀਂ ਸੀ ਸਗੋਂ ਸ਼ਾਨ ਨਾਲ ਜਿਊਣ ਤੇ ਸ਼ਾਨ ਨਾਲ ਮਰਨ ਵਾਸਤੇ ਸੀ। ਦੁਨੀਆਂ ਦੇ ਇਤਿਹਾਸ ਵਿਚ ਜਿਥੇ ਬਾਕੀ ਥਾਵਾਂ ਉੱਤੇ ਅੰਮ੍ਰਿਤ ਨੂੰ ਆਪਣੇ ਕਬੀਲੇ ਜਾਂ ਸਮੂਹ ਲਈ ਵਰਤਿਆ ਗਿਆ (ਜਿਵੇਂ ਹਿੰਦੂ ਦੇਵਤੇ ਅੰਮ੍ਰਿਤ ਪੀ ਕੇ ਅਮਰ ਹੋ ਗਏ), ਨਿਜ, ਜਿਵੇਂ ਖ਼ੁਆਜ਼ਾ ਖਿਜਰ ਆਦਿ ਨੇ ਖ਼ੁਦ ਅਮਰ ਹੋਣ ਦਾ ਯਤਨ ਕੀਤਾ ਪਰ ਗੁਰੂ ਸਾਹਿਬ ਨੇ ਇਹ ਅੰਮ੍ਰਿਤ ਨਿਜੀ ਲਾਭ ਲਈ ਨਹੀਂ ਸਗੋਂ ਸਮਾਜ ਅਤੇ ਵਿਸ਼ਵ ਦੇ ਕਲਿਆਣ ਲਈ ਵਰਤਿਆ। ਤੀਜਾ, ਇਸ ਦੇ ਪੰਜ ਪਿਆਰੇ ਹਿੰਦੁਸਤਾਨ ਦੇ ਭੂਗੋਲਿਕ ਭੂਖੰਡ ਦੇ ਕੋਨੇ ਕੋਨੇ ਵਿਚੋਂ ਆਏ; ਜਿਵੇਂ, 1. ਦਯਾ ਸਿੰਘ (ਲਾਹੌਰ, ਪੰਜਾਬ), 2. ਧਰਮ ਸਿੰਘ (ਹਸਤਨਾਪੁਰ, ਦਿਲੀ), 3. ਮੁਹਕਮ ਸਿੰਘ (ਦਵਾਰਿਕਾ, ਗੁਜਰਾਤ), 4. ਸਾਹਿਬ ਸਿੰਘ (ਬਿਦਰ, ਮਹਾਂਰਾਸ਼ਟਰ), 5. ਹਿੰਮਤ ਸਿੰਘ (ਜਗਨ ਨਾਥ ਪੁਰੀ, ਉੜੀਸਾ) ਤੋਂ। ਇਸ ਤੋਂ ਪਤਾ ਲਗਦਾ ਹੈ ਕਿ ਇਸ ਦਾ ਸਿੱਧਾ ਰਿਸ਼ਤਾ ਕਿੰਨੇ ਭੂਗੋਲਿਕ ਖੰਡਾਂ ਨਾਲ ਹੈ। ਚੌਥਾ, ਜੋ ਪਿਆਰੇ ਆਏ ਉਹ ਵੱਖ ਵੱਖ ਜਾਤਾਂ ਵਿਚੋਂ ਸਨ ਜਿਵੇਂ ਦਯਾ ਸਿੰਘ ਖਤ੍ਰੀ, ਧਰਮ ਸਿੰਘ ਜੱਟ, ਮੁਹਕਮ ਸਿੰਘ ਛੀਂਬਾ, ਸਾਹਿਬ ਸਿੰਘ ਨਾਈ ਅਤੇ ਹਿੰਮਤ ਸਿੰਘ ਝੀਵਰ ਜਾਤ ਦਾ ਸੀ, ਜਿਸ ਤੋਂ ਪ੍ਰਤੱਖ ਹੈ ਕਿ ਇਸ ਸਰਬੋਤਮ ਸਮਾਜ ਸਿਰਜਣਾਂ ਵਿਚ ਦਲਿਤ ਵਰਗ ਪ੍ਰਧਾਨ ਸੀ। ਪੰਜਵਾਂ, ਇਸ ਵਿਚ ਸਿੱਖਾਂ ਤੋਂ ਬਿਨਾਂ ਦੂਜੇ ਧਰਮਾਂ ਦੇ ਲੋਕ ਵੀ ਅੰਮ੍ਰਿਤ ਛਕ ਕੇ ਬਰਾਬਰ ਦਾ ਅੰਗ ਬਣ ਸਕਦੇ ਸਨ, ਜਿਵੇਂ ਹਿੰਦੂ, ਇਸਲਾਮ, ਬੁੱਧ ਆਦਿ ਧਰਮਾਂ ਦੇ ਅਨੁਆਈ ਸਿੰਘ ਸਜੇ ਅਤੇ ਹੋਰ ਧਰਮਾਂ ਦੇ ਲੋਕ ਵੀ ਸ਼ਾਮਿਲ ਹੋ ਸਕਦੇ ਹਨ। ਛੇਵਾਂ, ਦੁਨੀਆਂ ਦੇ ਕਿਸੇ ਵੀ ਹਿੱਸੇ ਉੱਤੇ ਵਸਣ ਵਾਲੇ ਲੋਕ ਇਸ ਵਿਚ ਸ਼ਾਮਿਲ ਹੋ ਸਕਦੇ ਹਨ। ਏਸ਼ੀਆ ਦੇ ਸਾਰੇ ਮੁਲਕਾਂ ਵਿਚ ਇਸ ਧਰਮ ਦੇ ਅਨੁਆਈ ਹਨ। ਯੂਰਪੀਨ ਮੁਲਕਾਂ ਵਿਚ ਇਸ ਪਾਸੇ ਕੁਛ ਤਰਕੀ ਹੋ ਰਹੀ ਹੈ, ਅਮਰੀਕੀ ਨਾਗਰਕ ਕਾਫ਼ੀ ਗਿਣਤੀ ਵਿਚ ਖਾਲਸੇ ਵਿਚ ਸ਼ਾਮਿਲ ਹੋਏ ਹਨ। ਸੱਤਵਾਂ, ਇਸ ਵਿਚ ਭਾਸ਼ਾ ਦਾ ਬੰਧਨ ਨਹੀਂ ਹੈ, ਕੋਈ ਵੀ ਭਾਸ਼ਾ ਬੋਲਣ ਵਾਲਾ ਬੰਦਾ ਖਾਲਸਾ ਬਣ ਸਕਦਾ ਹੈ। ਭਾਰਤ ਦੀਆਂ ਬਹੁਤੀਆਂ ਭਾਸ਼ਾਵਾਂ ਬੋਲਣ ਵਾਲੇ ਲੋਕ ਇਸ ਵਿਚ ਸ਼ਾਮਿਲ ਹਨ। ਅਰਬੀ, ਫ਼ਾਰਸੀ, ਮਲਿਆਈ, ਚੀਨੀ, ਜਪਾਨੀ, ਅੰਗ੍ਰੇਜ਼ੀ, ਫਰਾਂਸੀਸੀ ਅਤੇ ਯੂਰਪ ਤੇ ਅਫਰੀਕਾ ਦੀਆਂ ਬੋਲੀਆਂ ਬੋਲਣ ਵਾਲੇ ਲੋਕ ਇਸ ਦਾ ਅੰਗ ਹਨ। ਸੱਤਵਾਂ, ਇਸ ਦਾ ਸਾਰਾ ਬੁਨਿਆਦੀ ਢਾਂਚਾ ਹੀ ਅਮਲੀ ਰੂਪ ਵਿਚ ਲੋਕਤੰਤਰੀ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਆਪ ਹੀ ਪੰਜ ਪਿਆਰਿਆਂ ਦੇ ਚੇਲੇ ਬਣ ਗਏ। ਉਹਨਾਂ ਆਪਣੀ ਨਿਜੀ ਹਸਤੀ ਨਾਲੋਂ ਸੰਗਤ ਨੂੰ ਵੱਡਾ ਸਥਾਨ ਦਿੱਤਾ। ਗੁਰੂ ਵੀਹ ਹਿੱਸੇ ਅਤੇ ਸੰਗਤ ਇੱਕੀ ਹਿੱਸੇ। ਇਸ ਪ੍ਰਬੰਧ ਵਿਚ ਕੋਈ ਆਗੂ ਸਮੂਹ ਤੋਂ ਵੱਡਾ ਨਹੀਂ ਹੈ। ਇਹ ਸਰਬਤਰ ਬਰਾਬਰੀ ਦਾ ਸੰਕਲਪ ਹੈ। ਅੱਠਵਾਂ, ਇਸ ਦਾ ਸ਼ਬਦ ਗੁਰੂ ਹੈ ਜੋ ਕਰਮ ਕਾਂਡ ਤੋਂ ਮੁਕਤ ਕਰਦਾ ਹੈ ਅਤੇ ਹੋਰ ਵਹਿਮਾਂ ਭਰਮਾਂ ਨੂੰ ਨਹੀਂ ਮੰਨਦਾ। ਇਹ ਆਪਣੇ ਖੇਤਰ ਵਿਚ ਕਾਫ਼ੀ ਵਿਗਿਆਨਿਕ ਨਜ਼ਰੀਆ ਹੈ। ਨੌਵਾਂ, ਇਹ ਭਗਤੀ ਤੇ ਸ਼ਕਤੀ ਦਾ ਮਿਸ਼ਰਣ ਹੈ। ਇਹ ਸੰਤ ਸਿਪਾਹੀ, ਸਾਧੂ ਸੂਰਮਾ, ਬਾਦਸ਼ਾਹ ਦਰਵੇਸ਼ ਦਾ ਮਿਲਵਾਂ ਤੇ ਸਾਰਥਕ ਰੂਪ ਹੈ ਜਿਸ ਵਿਚ ਕ੍ਰਿਪਾਨ ਤੇ ਕਿਤਾਬ, ਸ਼ਸਤ੍ਰ ਤੇ ਸ਼ਾਸਤਰ, ਬੀਰ ਰਸ ਤੇ ਸ਼ਾਂਤ ਰਸ, ਗਿਆਨ ਤੇ ਅਮਨ, ਸਿਮਰਨ ਤੇ ਸੇਵਾ ਉੱਤੇ ਪੂਰਨ ਅਧਿਕਾਰ ਅਤੇ ਪੂਰਨ ਕਾਰਜ ਕਰਨ ਦੀ

ਗੌਰਵਸ਼ਾਲੀ ਗਾਥਾ ਹੈ। ਦਸਵਾਂ, ਅੰਮ੍ਰਿਤ ਵਿਚ ਜੋ ਪਤਾਸੇ ਪਾਏ ਗਏ ਉਸ ਨਾਲ ਮਿਠਾਸ, ਮਿਹਰ ਤੇ ਮੁਹੱਬਤ ਦਾ ਸੰਕਲਪ ਪੈਦਾ ਹੋਇਆ। ਪਤਾਸਾ ਚਿੱਟੇ ਰੰਗ ਦਾ ਹੋਣ ਕਰਕੇ ਨਿਰਮਲਤਾ ਪੈਦਾ ਹੁੰਦੀ ਹੈ। ਪਤਾਸਾ ਖੁਰਨ ਨਾਲ ਮਿੱਠਾ ਹੁੰਦਾ ਹੈ। ਖੁਰਨਾ ਆਪਣੀ ਸ੍ਵੈ ਹਸਤੀ ਮਿਟਾਉਣਾ ਹੁੰਦਾ ਹੈ। ਹਸਤੀ ਤੇ ਹਉਮੈ ਮਿਟਾਉਣ ਨਾਲ ਕਲਾ ਮਿਠਾਸ ਵਿਚ ਭਰੀ ਹੁੰਦੀ ਹੈ। ਗਿਆਰਵਾਂ, ਇਸ ਵਿਚ ਔਰਤ ਨੂੰ ਬਰਾਬਰ ਸਥਾਨ ਦਿੱਤਾ ਗਿਆ ਹੈ। ਔਰਤ ਨੂੰ ਖ਼ਾਲਸੇ ਦੀ ਮਾਤਾ ਬਣਾਇਆ ਇਸ ਵਿਚ ਔਰਤ ਜਾਤੀ ਦਾ ਸਤਿਕਾਰ ਕੀਤਾ ਗਿਆ। ਇਸ ਵਿਚ ਔਰਤ ਨੂੰ ਮਰਦਾਂ ਵਾਂਗ ਪੱਗ ਬੰਨ੍ਹਣਾ, ਸ਼ਸਤਰ ਪਾਉਣ, ਵਿਦਿਆ ਪੜ੍ਹਨ, ਦਰਬਾਰ ਸਾਹਿਬ ਵਿਚ ਪੂਜਾ ਦੀਆਂ ਰੀਤਾਂ ਤੇ ਮਰਯਾਦਾ ਵਿਚ ਸ਼ਾਮਿਲ ਹੋਣ ਦੀ ਆਗਿਆ ਹੈ। ਇਸ ਵਿਚ ਨਾ ਇਸਲਾਮ ਵਾਲਾ ਬੁਰਕਾ ਨਾ ਹਿੰਦੂ ਰੀਤੀ ਵਾਲੀ ਸਤੀ ਪ੍ਰਥਾ ਹੈ। ਇਸ ਵਿਵਸਥਾ ਵਿਚ ਵਿਧਵਾ ਵਿਆਹ ਦੀ ਵੀ ਆਗਿਆ ਹੈ। ਪਰ ਮਰਦ ਨੂੰ ਬਹੁ ਵਿਆਹ ਕਰਨ ਦੀ ਆਗਿਆ ਨਹੀਂ। ਇਥੇ ਔਰਤ ਨੂੰ ਆਪਣੇ ਪੈਰਾਂ ਉੱਤੇ ਖੜ੍ਹਾ ਕਰਕੇ ਆਜ਼ਾਦ ਕਰ ਦਿੱਤਾ ਗਿਆ ਹੈ। ਬਾਰ੍ਹਵਾਂ, ਇਹ ਦੁਨੀਆਂ ਦੇ ਧਰਮਾਂ ਵਿਚ ਸਭ ਤੋਂ ਪਿਛੋਂ ਹੋਂਦ ਵਿਚ ਆਇਆ ਇਸੇ ਲਈ ਇਹ ਉਹਨਾਂ ਤੋਂ ਸਭ ਤੋਂ ਵਧ ਆਧੁਨਿਕ ਤੇ ਤਰਕਸ਼ੀਲ ਹੈ। ਤੇਰ੍ਹਵਾਂ, ਖਾਲਸਾ ਦੁਨਿਆਵੀ ਸੁਖਾਂ ਦਾ ਵਿਰੋਧੀ ਨਹੀਂ ਇਸ ਲਈ ਇਹ ਤਕਨੀਕੀ ਵਿਕਾਸ ਦਾ ਵਿਰੋਧੀ ਨਹੀਂ ਹੈ ਸਗੋਂ ਉਹ ਇਸ ਦਾ ਵਾਰਿਸ ਹੈ। ਚੌਧਵਾਂ ਇਸ ਦਾ ਆਪਣਾ ਸੰਮਤ 'ਖਾਲਸਾ ਸੰਮਤ' ਹੈ ਜੋ ਇਸ ਦੇ ਜਨਮ ਤੋਂ ਅਰੰਭ ਹੋਇਆ ਤੇ ਸਦਾ ਚਲਦਾ ਰਹੇਗਾ। ਵਕਤ ਨੂੰ ਨਾਪਣ ਦੇ ਸਾਧਨ ਇਸ ਦੇ ਆਪਣੇ ਹਨ। ਉਧਾਰੇ ਲੈਣ ਦੀ ਲੋੜ ਨਹੀਂ ਹੈ। ਪੰਦਰਵਾਂ ਖਾਲਸੇ ਪਾਸ ਆਪਣਾ 'ਦਰਬਾਰ ਖਾਲਸਾ' ਅਤੇ ਆਪਣਾ ਖਾਲਸਾ ਰਾਜ ਸੰਕਲਪ ਹੈ ਜੋ ਦਸਮ ਪਿਤਾ ਤੋਂ ਬਾਅਦ ਇਸ ਨੇ ਆਪ ਸਥਾਪਤ ਕੀਤਾ ਅਤੇ ਇਸ ਦਾ ਸਿੱਕਾ 'ਨਾਨਕ ਸ਼ਾਹੀ ਸਿੱਕਾ' ਵੀ ਚਲਦਾ ਸੀ। ਸੋਲ੍ਹਵਾਂ, ਇਹ ਇਕ ਨਿਰਾਕਾਰ ਰੱਬ ਨੂੰ ਮੰਨਦਾ ਹੈ ਅਤੇ ਸਾਰੀ ਮਾਨਵ ਜਾਤੀ ਵਿਚ ਉਸੇ ਰੱਬ ਦੀ ਜੋਤ ਵੇਖਦਾ ਹੈ। ਇਸ ਲਈ ਇਹ ਨਾ ਆਪ ਵੱਡਾ ਬਣਦਾ ਹੈ ਨਾ ਕਿਸੇ ਹੋਰ ਨੂੰ ਛੋਟਾ ਹੋਣ ਦੇ ਰੂਪ ਵਿਚ ਵੇਖਦਾ ਹੈ। ਸਤਾਰ੍ਹਵਾਂ, ਇਸ ਦਾ ਬੁਨਿਆਦੀ ਗੁਣ ਸ਼ਹਿਨਸ਼ੀਲਤਾ ਅਤੇ ਪਰਸਪਰ ਪ੍ਰੇਮ ਹੈ। ਧਾਰਮਿਕ ਗ੍ਰੰਥ ਵਿਚ ਦੂਜੇ ਧਰਮਾਂ ਦੇ ਸੰਤਾਂ ਦਰਵੇਸ਼ਾਂ ਦੀ ਬਾਣੀ ਬਰਾਬਰ ਦਿੱਤੀ ਗਈ ਹੈ ਅਤੇ ਸਰਬ ਉਚ ਤੀਰਥ ਅਸਥਾਨ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਫਕੀਰ ਦੁਆਰਾ ਰਖੀ ਹੋਈ ਹੈ। ਅਠਾਰ੍ਹਵਾਂ, ਇਸ ਦਾ ਮੂਲ ਸ਼ੁੱਧ ਹੈ ਅਤੇ ਮਰਯਾਦਾ ਸਹੀ ਹੈ। ਇਨ੍ਹਾਂ ਦਾ ਗ੍ਰੰਥ ਪ੍ਰਤਿ ਪੂਰਨ ਹੈ ਅਤੇ ਇਸ ਵਿਚ ਅੱਖਰ ਦਾ ਘਾਟਾ ਵਾਧਾ ਨਹੀਂ ਹੋ ਸਕਦਾ, ਅਥਵਾ ਨਾ ਹੀ ਇਸ ਦਾ ਅਨੁਵਾਦ ਕਰਕੇ ਪੂਜਾ ਹੋ ਸਕਦੀ ਹੈ। ਸਾਰੀ ਦੁਨੀਆਂ ਵਿਚ ਸਾਰੇ ਗੁਰਦਵਾਰਿਆਂ ਜਾਂ ਵਿਅਕਤੀਗਤ ਤੌਰ ਤੇ ਪਾਠ ਕਰਨ, ਪੂਜਾ ਕਰਨ ਤੇ ਕੀਰਤਨ ਕਰਨ ਦੀ ਇਕੋ ਹੀ ਮਰਯਾਦਾ ਹੈ। ਉਨੀਂਵਾਂ ਇਸ ਵਿਚ ਤਮਾਕੂ, ਸਿਗਰਟ, ਹੁੱਕਾ ਆਦਿ ਦੀ ਬਜਰ ਮਨਾਹੀ ਹੈ। ਇਸ ਤੋਂ ਦੁੱਗਣਾ ਲਾਭ ਹੈ ਪਹਿਲਾ ਆਰਥਿਕ ਲਾਭ, ਦੂਜਾ ਬੀਮਾਰੀ ਤੋਂ ਰਾਹਤ ਰਿਸ਼ਟ ਪੁਸ਼ਟਤਾ। ਵੀਹਵਾਂ, ਕਿਉਂਕਿ ਇਸ ਦਾ ਮੂਲ ਆਧਾਰ ਲੋਕਤੰਤਤਰੀ ਤੇ ਬਰਾਬਰੀ ਦਾ ਹੈ ਇਸ ਲਈ ਹਰ ਆਗੂ ਬੰਦੇ ਨੂੰ ਚੈਕ ਕੀਤਾ ਜਾਂਦਾ ਹੈ ਆਪਣੇ ਆਪ ਹੀ। ਇਸ ਲਈ ਇਥੇ ਕਿਸੇ ਨੂੰ ਬਹੁਤ ਗਲਤ ਬਰਦਾਸ਼ਤ ਨਹੀਂ ਕੀਤਾ ਜਾਂਦਾ। ਇੱਕੀਵਾਂ, ਸ਼ਾਸਤਰੀਯ ਰਾਗਾਂ ਵਿਚ ਬਾਣੀ ਦਾ ਕੀਰਤਨ, ਢਾਡੀਆਂ ਦੀਆਂ ਓਜ ਮਈ ਵਾਰਾਂ ਤੇ ਕਵੀਸ਼ਰੀ ਆਦਿ ਦੀਆਂ ਗਾਇਨਸ਼ੈਲੀਆਂ ਦੀ ਦਾਤ ਉਹਨੂੰ ਵਿਰਸੇ ਵਿਚ ਮਿਲੀ ਹੈ।

ਇਹਨਾਂ ਗੁਣਾਂ ਕਰਕੇ 'ਪ੍ਰਗਟਿਯੋ ਖਾਲਸਾ' ਦਾ ਵਿਸ਼ੇਸ਼ ਅੰਕ ਵਿਉਂਤਿਆ ਗਿਆ ਹੈ ਅਤੇ ਇਸ ਵਿਚ ਇਨ੍ਹਾਂ ਗੁਣਾਂ ਨੂੰ ਪ੍ਰਗਟ ਕਰਨ ਦੀ ਚੇਸ਼ਟਾ ਕੀਤੀ ਗਈ ਹੈ। ਆਸ ਹੈ ਸੁਹਿਰਦ ਪਾਠਕਾਂ ਤੇ ਵਿਦਵਾਨਾਂ ਨੂੰ ਸਾਡਾ ਇਹ ਯਤਨ ਪਸੰਦ ਆਵੇਗਾ।

ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਅਜਮੇਰ ਸਿੰਘ**
*ਮੁਖ ਸੰਪਾਦਕ*

# ਖਾਲਸਾ ਰਾਜ ਦਾ ਦਾਰਸ਼ਨਿਕ ਸੰਕਲਪ

ਜਸਬੀਰ ਸਿੰਘ ਆਹਲੂਵਾਲੀਆ

ਖਾਲਸਾ ਰਾਜ ਦਾ ਦਾਰਸ਼ਨਿਕ ਸੰਕਲਪ ਸਮੁੱਚੇ ਅਰਥਾਂ ਵਿਚ ਖਾਲਸਾ ਪ੍ਰਭੁੱਤਾ ਅਰਥਾਤ ਖਾਲਸਾ ਪੰਥ ਅੰਦਰ ਵਿਦਮਾਨ ਪ੍ਰਭੁਸੱਤਾ ਦੇ ਸੰਕਲਪ ਦਾ ਹੀ ਇਕ ਰੂਪ ਹੈ।

ਖਾਲਸਾ ਪ੍ਰਭੁੱਤਾ, ਖਾਲਸਾ ਪੰਥ ਅੰਦਰ ਵਿਦਮਾਨ ਪ੍ਰਭੁਸੱਤਾ, ਇਸ ਦਾ ਰਾਜਨੀਤਿਕ ਪ੍ਰਸੰਗ ਅਤੇ ਵਰਤਮਾਨ ਪਰਸਥਿਤੀਆਂ ਵਿਚ ਇਸ ਦਾ ਬਾਹਰੀ ਰਾਜਨੀਤਿਕ ਸਰੂਪ ਇਹ ਅੰਤਰ-ਸੰਬੰਧਤ ਪ੍ਰਸ਼ਨ ਸਿੱਖ ਚਿੰਤਨ ਦੀ ਦਾਰਸ਼ਨਿਕ ਪ੍ਰਿਸ਼ਠਭੂਮੀ ਨੂੰ ਦ੍ਰਿਸ਼ਟੀਗੋਚਰ ਕਰਕੇ ਹੀ ਵਿਚਾਰੇ ਤੇ ਸਮਝੇ ਜਾ ਸਕਦੇ ਹਨ।

ਸਿੱਖਮਤਿ ਅੰਦਰ ਭਾਰਤੀ ਸੰਦਰਭ ਵਿਚ, ਇੰਡਿਕ ਤੇ ਹਿੰਦੂ ਸਭਿਆਤਾਵਾਂ ਤੋਂ ਵੱਖਰੀ ਤੇ ਉਚੇਰੀ ਸਭਿਅਤਾ ਵਿਕਸਿਤ ਕਰਨ ਦੇ ਬੀਜ ਵੇਖੇ ਜਾ ਸਕਦੇ ਹਨ। (ਇਕ ਨਵੀਂ, ਵੱਖਰੀ ਕਿਸਮ ਦੀ ਉਚੇਰੀ, ਸਭਿਅਤਾ ਦੇ ਰੂਪ ਵਿਚ ਇਹ ਬੀਜ ਕਿਉਂ ਅਜੇ ਤਕ ਪ੍ਰਫੁਲਿਤ ਨਹੀਂ ਹੋ ਸਕੇ, ਇਹ ਪ੍ਰਸ਼ਨ ਇਸ ਖੋਜ ਪੱਤਰ ਦੇ ਘੇਰੇ ਤੋਂ ਬਾਹਰ ਹੈ) ਸਿੱਖ ਫ਼ਲਸਫ਼ੇ ਦੀ ਮੁਢਲੀ ਸਾਂਚਾ-ਇਕਾਈ (ਕੈਟੇਗਰੀ) ਪੂਰਵ-ਨਾਨਕ ਦਾਰਸ਼ਨਿਕ-ਧਾਰਮਿਕ ਪਰੰਪਰਾਵਾਂ ਦੀਆਂ ਪ੍ਰਾਰੰਭਿਕ ਸਾਂਚਾ-ਇਕਾਈਆਂ ਤੋਂ ਮੂਲਕ ਤੌਰ ਤੇ ਵਿਭਿੰਨ ਅਤੇ ਵਿਲੱਖਣ ਹੈ। ਪੂਰਵ-ਨਾਨਕ ਪਰੰਪਰਾਵਾਂ ਖਾਸ ਕਰ ਵੇਦਾਂਤਕ ਤੇ ਵੇਦਾਂਤ-ਪ੍ਰਭਾਵਤ ਪਰੰਪਰਾਵਾਂ ਦੀ ਮੁਢਲੀ ਕੈਟੇਗਰੀ ਹੇਤੂ (being) ਹੈ ਜਦ ਕਿ ਸਿੱਖ ਫ਼ਲਸਫ਼ੇ ਦੀ ਮੁਢਲੀ ਸਾਂਚਾ-ਇਕਾਈ ਹੋਣਤੂ (becoming) ਹੈ। ਹੈਤੂ ਤੋਂ ਹੋਣਤੂ ਦਾ ਸਫ਼ਰ ਕਾਲ ਦੇ ਸਥਾਨਗਤ ਨਜ਼ਰੀਏ ਤੋਂ ਇਤਿਹਾਸਗਤ ਨਜ਼ਰੀਏ ਤੱਕ ਦਾ ਸਫ਼ਰ ਹੈ। ਵੇਦਾਂਤਕ ਕਾਲ ਸਥਾਨਗਤ ਹੈ, ਇਸ ਵਿਚ ਸਥਾਨ (space) ਦੇ ਹੀ ਸਾਰੇ (ਕਲਾਸਕੀ) ਗੁਣ ਹਨ। ਇਹ ਕਾਲ ਸਦੀਵਤਾ (eternity) ਹੈ। ਇਤਿਹਾਸਿਕਤਾ (historicity) ਨਹੀਂ। ਗੁਰਬਾਣੀ ਅਨੁਸਾਰ ਕਾਲ ਇਤਿਹਾਸਿਕਤਾ ਹੈ, ਸਦੀਵਤਾ ਨਹੀਂ। ਇਹ ਅਨਾਦੀ ਨਹੀਂ, ਸਗੋਂ ਪਦਾਰਥ ਵਾਂਗ ਹੀ ਕਰਤਾ ਪੁਰਖ ਦੀ ਸਿਰਜਣਾ ਹੈ।

*ਓਅੰਕਾਰਿ ਉਤਪਾਤੀ ॥*
*ਕੀਆ ਦਿਨਸੁ ਸਭ ਰਾਤੀ ॥* *(ਗੁਰੂ ਗ੍ਰੰਥ, ਪੰਨਾ ੧੦੦੩)*

ਪਰਮ ਹਸਤੀ ਆਪਣੇ ਆਪ ਵਿਚ ਨਿਰਗੁਣ, ਨਿਰਾਕਾਰ (ੴ) ਹੈ ਪਰ ਆਪਣੇ ਕਰਤਾਰੀ ਰੂਪ (ਕਰਤਾ ਪੁਰਖ) ਵਿਚ ਪਰਮ ਜੋਤ ਹੈ, ਸਪਿਰਟ (spirit) ਹੈ ਜੋ ਆਪਣੀ ਸਿਰਜੀ ਸ੍ਰਿਸ਼ਟੀ ਵਿਚ, ਦ੍ਰਿਸ਼ਟਮਾਨ ਸੰਸਾਰ ਵਿਚ, ਸਰਗੁਣ ਸਰੂਪ (determinate form) ਵਿਚ ਪਰਗਟ ਹੁੰਦੀ ਹੈ। ਵਿਚਾਰਧੀਨ ਵਿਸ਼ੇ ਸੰਬੰਧੀ ਦਾਰਸ਼ਨਿਕ ਪੱਧਰ ਤੇ ਪਹਿਲਾ ਨੁਕਤਾ ਸਿੱਖ ਚਿੰਤਕ ਅੰਦਰਲਾ ਪਰਮ ਹਸਤੀ ਦਾ ਸਪਿਰਟ ਦੇ ਰੂਪ ਵਿਚ ਤਸਵਰ ਹੈ ਜਦ ਕਿ ਵੇਦਾਂਤ ਤੇ ਵੇਦਾਂਤ-ਪ੍ਰਭਾਵਿਤ ਦਰਸ਼ਨ ਵਿਚ ਪਰਮ ਹਸਤੀ ਸਪਿਰਟ ਨਹੀਂ, ਪਰਮ ਹੇਤੂ (Absolute Being) ਹੈ (ਬ੍ਰਹਮ) ਪਰਮ ਜੋਤ (Absolute Spirit) ਸਿਰਜੇ ਕਾਲ ਵਿਚ, ਅਰਥਾਤ ਇਤਿਹਾਸ ਵਿਚ ਪ੍ਰਵੇਸ਼ ਕਰਦੀ ਹੈ। ਇਹ ਪ੍ਰਵੇਸ਼ ਗੁਰੂ-ਮਾਧਿਅਮ ਰਾਹੀਂ ਹੁੰਦਾ ਹੈ। ਇਸ ਪ੍ਰਵੇਸ਼ ਦੇ ਦੋ ਪ੍ਰਗਟ ਰੂਪ ਹਨ। ਸ਼ਬਦ ਤੇ ਸੰਗਤ। ਪਰਮ ਜੋਤ ਗੁਰੂ ਸ਼ਬਦ ਵਿਚ ਵਿਦਮਾਨ ਹੈ, ਗੁਰ-ਸੰਗਤ ਵਿਚ ਪ੍ਰਕਾਸ਼ਮਾਨ ਹੈ। ਪਰਮ ਜੋਤ ਸੈਭੰ ਹੈ ਜੋ ਆਪਣੇ ਆਪ ਤੋਂ ਹੈ, ਜੋ ਆਤਮ ਨਿਰਭਰ ਹੈ, ਜੋ ਪਰ ਅਧੀਨ ਨਹੀਂ, ਜੋ (ਦੂਸਰੇ ਲਫ਼ਜ਼ਾਂ ਵਿਚ) ਸਾਵਰਨ (Sovereign) ਹੈ, ਖੁਦ ਪ੍ਰਭੁੱਤਾ ਹੈ। ਪ੍ਰਭੁੱਤਾ (ਹਲਤ ਅਤੇ ਪਲਤ ਵਿਚ ਸੱਚਾ ਪਾਤਸ਼ਾਹ) ਉਸ ਦੇ ਸੈਭੰ ਹੋਣ ਦਾ ਗੁਣ ਹੈ। ਪਲਤਮੁਖੀ ਤੇ ਹਲਤਮੁਖੀ ਪ੍ਰਭੁੱਤਾ। ਗੁਰੂ ਮਾਧਿਅਮ ਰਾਹੀਂ ਅਕਾਲ ਜੋਤ ਦੇ ਕਾਲ ਵਿਚ ਪ੍ਰਵੇਸ਼ ਦਾ ਅਰਥ ਹੈ ਪਲਤਮੁਖੀ ਪ੍ਰਭੁੱਤਾ (ਪੀਰੀ) ਤੇ ਹਲਤਮੁਖੀ ਪ੍ਰਭੁੱਤਾ (ਪੀਰੀ) ਦੇ ਦੈਵੀ ਗੁਣਾਂ ਦਾ ਇਤਿਹਾਸ (Time) ਵਿਚ

ਕਿਰਿਆਸ਼ੀਲ (active) ਹੋਣਾ, ਉਵੇਂ ਹੀ ਜਿਵੇਂ ਵੇਦਾਂਤਕ ਵਿਚਾਰ ਪ੍ਰਬੰਧਾਂ ਵਿਚ ਪਰਮ ਹਸਤੀ ਨੂੰ ਬ੍ਰਹਿਮੰਡ (space) ਵਿਚ ਵਿਦਮਾਨ (pervasive) ਤਸੱਵਰ ਕੀਤਾ ਜਾਂਦਾ ਹੈ।

ਗੁਰੂ ਸ਼ਬਦ ਤੇ ਸੰਗਤ, ਸਿਖਮਤਿ ਤੇ ਸੰਸਥਾਤਮਿਕ ਵਿਕਾਸ ਦੇ ਤਿੰਨ ਅੰਤਰ ਸੰਬੰਧਤ ਮੁੱਖ ਅੰਗ ਹਨ। ਇਹ ਵਿਕਾਸ ਪ੍ਰਕਿਰਿਆ ਆਪਣੀ ਸੰਪੂਰਨਤਾ ਨੂੰ ਉਦੋਂ ਪਹੁੰਚਦੀ ਹੈ ਜਦੋਂ 'ਗ੍ਰੰਥ' ਤੇ 'ਪੰਥ' ਨੂੰ 'ਗੁਰਿਆਈ' ਸੌਂਪੀ ਜਾਂਦੀ ਹੈ। ਆਦਿ ਗ੍ਰੰਥ ਦਾ ਗੁਰੂ ਗ੍ਰੰਥ ਦੇ ਰੂਪ ਵਿਚ ਪ੍ਰਗਟ ਹੋਣ ਦਾ ਦਾਰਸ਼ਨਿਕ ਪੱਧਰ ਤੇ ਅਰਥ ਹੈ ਕਿ ਗੁਰੂ ਮਾਧਿਅਮ ਰਾਹੀਂ ਇਤਿਹਾਸ ਵਿਚ ਪ੍ਰਵੇਸ਼ ਹੋ ਚੁੱਕੀ ਪਰਮ ਹਸਤੀ ਦਾ ਪਲਤਮੁਖੀ ਪ੍ਰਭੁੱਤਾ ਦਾ ਗੁਣ (spiritual sovereignity) 'ਸ਼ਬਦ' ਅੰਦਰ, ਸੰਸਥਾਤਮਿਕ (institutional) ਰੂਪ ਵਿਚ, ਪ੍ਰਕਾਸ਼ਮਾਨ ਹੈ। ਸ੍ਰੀ ਹਰਿਮੰਦਰ ਸਾਹਿਬ ਇਸ ਪਲਤਮੁਖੀ ਪ੍ਰਭੁੱਤਾ ਦਾ ਪ੍ਰਤੀਕ ਹੈ, ਪਰਮ ਹਸਤੀ ਦੇ ਪਲਤਮੁਖੀ ਪਹਿਲੂ ਦਾ ਬਿੰਬ ਹੈ, ਉਵੇਂ ਹੀ ਜਿਵੇਂ ਸ੍ਰੀ ਅਕਾਲ ਤਖ਼ਤ ਪਰਮ ਹਸਤੀ ਦਾ ਹਲਤਮੁਖੀ ਪ੍ਰਭੁੱਤਾ (temporal sovereignity) ਦੇ ਗੁਣ ਦਾ ਬਿੰਬ ਹੈ। 1699 ਦੇ ਵਿਸਾਖੀ ਦਿਹਾੜੇ ਆਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਵਾਪਰੇ 'ਬਿਚਿਤ੍ਰ ਨਾਟਕ' ਰਾਹੀਂ ਖੰਡੇ ਦਾ ਅੰਮ੍ਰਿਤ ਪਾਨ ਕਰਕੇ ਸੰਗਤ ਦਾ ਸੰਸਥਾਤਮਿਕ ਵਿਕਾਸ ਖ਼ਾਲਸਾ ਰੂਪ ਵਿਚ ਹੁੰਦਾ ਹੈ।

ਜਦੋਂ ਗੁਰੂ ਗੋਬਿੰਦ ਸਿੰਘ ਅਕਾਲ ਚਲਾਣੇ ਤੋਂ ਪਹਿਲੋਂ ਖਾਲਸਾ ਪੰਥ ਨੂੰ ਗੁਰੂ ਪੰਥ ਹੋਣ ਦਾ ਪਦ ਪ੍ਰਦਾਨ ਕਰਦੇ ਹਨ ਤਾਂ ਦਾਰਸ਼ਨਿਕ ਪੱਧਰ ਤੇ ਇਸ ਦਾ ਅਰਥ ਹੈ ਕਿ ਹੁਣ ਸੰਸਥਾਤਮਿਕ ਤੌਰ ਤੇ (Institutionally) ਪਰਮ ਹਸਤੀ ਦੀ ਹਲਤਮੁਖੀ ਪ੍ਰਭੁੱਤਾ ਦਾ ਗੁਣ ਖ਼ਾਲਸੇ ਅੰਦਰ ਪ੍ਰਫੁਲਿਤ ਹੋ ਗਿਆ ਹੈ, ਪ੍ਰਕਾਸ਼ਮਾਨ ਹੋ ਗਿਆ ਹੈ। ਅਕਾਲ (ਜੋਤ) ਖਾਲਸਾ ਦੇਹ ਵਿਚ ਪ੍ਰਗਟ ਹੈ :

*ਅਕਾਲ ਪੁਰਖ ਕੀ ਸੂਰਤ ਏਹਾ*
*ਪ੍ਰਗਟਿ ਅਕਾਲ ਖਾਲਸਾ ਦੇਹਾ* (ਪ੍ਰਹਿਲਾਦ ਰਾਏ)

*ਖ਼ਾਲਸਾ ਮੇਰੋ ਰੂਪ ਹੈ ਖਾਸ ॥*
*ਖਾਲਸਹ ਮਹਿ ਹਉਂ ਕਰਹੁੰ ਨਿਵਾਸ ॥* (ਗੁਰੂ ਗੋਬਿੰਦ ਸਿੰਘ)

ਅਜਿਹੇ ਪੰਥ ਦੀ, ਸੰਗਤ ਤੋਂ ਆਰੰਭ ਹੁੰਦੀ ਸਿਰਜਨਾ ਤੇ ਗੁਰੂ ਰੂਪ ਵਿਚ ਸਾਜਨਾ ਅਕਾਲ ਪੁਰਖ ਦੀ ਦੈਵੀ ਇੱਛਾ ਦਾ ਪ੍ਰਗਟਾਵਾ ਹੈ :

*ਆਗਯਾ ਭਈ ਅਕਾਲ ਕੀ ਤਬੀ ਚਲਾਯੋ ਪੰਥ*

ਸੋ ਖਾਲਸੇ ਦੀ ਪ੍ਰਭੁੱਤਾ (The Khalsa Sovereignty) ਧੁਰ ਕੀ ਬਾਣੀ ਵਾਂਗ ਧੁਰ ਤੋਂ ਪ੍ਰਾਪਤ ਦਾਤ ਹੈ :

*ਚਕ੍ਰਵੈ ਪਦ ਦਾਤ ਧੁਰ ਪਾਯੋ* (ਸਰਬ ਲੋਹ ਗ੍ਰੰਥ)

ਇਹ ਖ਼ਾਲਸੇ ਦਾ ਸੈਭੰ ਗੁਣ ਹੈ, ਕਿਸੇ ਦੁਨਿਆਵੀ ਸ਼ਕਤੀ ਤੋਂ ਪ੍ਰਾਪਤ ਕੀਤਾ ਦਾਨ ਨਹੀਂ। ਇਸ ਸਤਿ ਦੀ ਗਵਾਹੀ ਗੁਰੂ ਦਾ ਖ਼ਾਲਸੇ ਵਿਚ ਨਿਵਾਸ ਹੈ। ਆਪਣੀ ਵਿਲੱਖਣ ਹਸਤੀ ਵਿਚ ਸਜਿੰਦ ਖ਼ਾਲਸਾ ਆਪਣੇ ਅੰਦਰ ਰਮ ਰਹੀ ਹਲਤਮੁਖੀ ਪ੍ਰਭੁੱਤਾ (Sovereignty) ਨੂੰ ਰਾਜਸੀ ਪ੍ਰਭੁਸੱਤਾ (Sovereign power) ਦਾ ਰੂਪ ਦੇਣ ਲਈ ਕਿਸੇ ਬਾਹਰੀ ਸ਼ਕਤੀ ਦਾ ਮੁਹਤਾਜ ਨਹੀਂ। ਖ਼ਾਲਸਾ, ਪ੍ਰਭੁਸੱਤਾ ਨੂੰ ਆਪਣਾ ਜਨਮ ਸਿੱਧ ਹੱਕ ਸਮਝਦਾ ਹੈ, ਆਪਣਾ ਤਰਕ ਸਿੱਧ ਦਾਅਵਾ ਤਸੱਵਰ ਕਰਦਾ ਹੈ।

ਉਪਰ ਤਾਂ ਇਕ ਆਦਰਸ਼ਕ ਖ਼ਾਕਾ ਹੀ ਖਿਚਿਆ ਗਿਆ ਹੈ, ਜਿਸ ਵਿਚ ਸਮੇਂ ਸਥਾਨ ਦੀਆਂ ਪਰਸਥਿਤੀਆਂ ਅਨੁਸਾਰ ਹਰ ਦੌਰ ਵਿਚ ਖ਼ਾਲਸਾ ਪੰਥ ਨੇ, ਚਿੰਤਨ ਚਾਨਣ ਵਿਚ, ਵਿਵਹਾਰਕ ਰੰਗ ਭਰਨੇ ਹਨ, ਆਪਣੇ ਅੰਦਰ ਰਮ ਰਹੀ ਪ੍ਰਭੁਸੱਤਾ ਨੂੰ ਸਮਾਜਕ ਰਾਜਨੀਤਿਕ ਪੱਧਰ ਤੇ ਸਾਕਾਰ ਰੂਪ ਦੇਣਾ ਹੁੰਦਾ ਹੈ। ਇਸ ਸਾਕਾਰ ਰੂਪ ਦਾ ਕੋਈ ਇਕ ਰਾਜਨੀਤਿਕ ਮਾਡਲ ਨਹੀਂ ਹੋ ਸਕਦਾ। ਹਰ ਯੁੱਗ ਦਾ ਆਪਣਾ ਮਾਡਲ ਹੋਵੇਗਾ। ਕਿਸੇ ਇਕ ਮਾਡਲ ਨੂੰ ਜੁਗੋ ਜੁਗ ਅਟੱਲ ਸਮਝ ਲੈਣਾ ਸਮੇਂ ਤੋਂ ਪਛੜ ਜਾਣਾ ਹੁੰਦਾ ਹੈ।

ਇਸ ਸੰਦਰਭ ਵਿਚ ਵਿਸ਼ਵ ਵਿਚ ਹੁਣ ਤਕ ਦੇ ਪ੍ਰਧਾਨ ਰਹੇ ਦੋ ਮਾਡਲਾਂ ਦਾ ਵਿਸ਼ਲੇਸ਼ਣ ਢੁੱਕਵਾਂ ਹੋਵੇਗਾ। ਪੁਰਾਣੇ ਸਮਿਆਂ ਵਿਚ ਧਰਮ ਆਧਾਰਿਤ ਰਾਸ਼ਟਰ, (Theocratic State) ਧਰਮ ਸੰਬੰਧਤ ਪ੍ਰਭੁਸੱਤਾ (Ecclesiastical Sovereignty) ਦਾ ਪ੍ਰਵਾਣਿਤ ਰੂਪ ਸੀ, ਆਧੁਨਿਕ ਯੁੱਗ ਵਿਚ ਕੌਮੀ ਰਾਸ਼ਟਰ (nation

state) ਦਾ ਸੰਕਲਪ ਯੂਰਪ ਵਿਚ ਵਿਕਸਤ ਹੋਇਆ ਜੁ ਧਰਮ ਆਧਾਰਤ ਹੋਣ ਦੀ ਥਾਂ ਇਲਾਕਾ ਆਧਾਰਤ (territorial) ਹੈ। ਜੋ ਸੈਕੂਲਰ ਰਾਸ਼ਟਰਵਾਦ ਵਿਚ ਕੌਮੀ ਰਾਸ਼ਟਰ ਦੀ ਵਿਚਾਰਧਾਰਾ ਵਜੋਂ ਉਭਰਿਆ। ਬੈਠਵੇਂ (horizontal) ਰੂਪ ਵਿਚ ਰਾਸ਼ਟਰਵਾਦ ਦੀ ਇਹ ਵਿਚਾਰਧਾਰਾ ਸਮਾਜਕ ਇੱਕਰੰਗਤਾ, ਇਕਮਿਕੀਕਰਨ (homogenization) ਦੀ ਅਭਿਲਾਸ਼ੀ ਹੈ ਜਿਸ ਵਿਚ ਕਿਸੇ ਵੀ ਵਿਅਕਤੀ ਦੀ ਪ੍ਰਥਮ ਪ੍ਰਤਿਬੱਧਤਾ (ਕਬੀਲੇ, ਜਾਤ ਬਰਾਦਰੀ, ਨਸਲ, ਭਾਈਚਾਰੇ, ਇਲਾਕੇ ਜਾਂ ਮਜ਼੍ਹਬ ਦੇ ਮੁਕਾਬਲੇ) ਕੌਮੀ ਰਾਸ਼ਟਰ ਵੱਲ ਹੀ ਹੋਵੇ। ਇਹ ਕੌਮੀ ਰਾਸ਼ਟਰ ਖੜ੍ਹਵੇਂ (vertical) ਪੱਧਰ ਤੇ ਏਕਾਤਮਿਕ ਰਾਜਸੱਤਾ (Unitarian polity) ਵੱਲ ਰੁਚਿਤ ਰਿਹਾ ਹੈ। ਸੋ ਸਮਾਜਿਕ ਇਕਮਿਕੀਕਰਨ (Social homogenization) ਤੇ ਰਾਜਨੀਤਿਕ ਏਕਾਤਮਿਕ ਤੰਤ੍ਰੀਕਰਨ (political unitarianism) ਦੀਆਂ ਵੇਰਵਿਰਤੀਆਂ ਇਕ ਦੂਸਰੇ ਦੀਆਂ ਪੂਰਕ ਹਨ। ਪਰ ਹੁਣ ਕਈ ਕਾਰਨਾਂ ਕਰਕੇ ਕੌਮੀ ਰਾਸ਼ਟਰ ਤੇ ਇਸ ਦੀ ਵਿਚਾਰਧਾਰਾ (ਸੈਕੂਲਰ ਰਾਸ਼ਟਰਵਾਦ) ਦੇ ਦਿਨ ਪੂਰੇ ਹੋ ਗਏ ਜਾਪਦੇ ਹਨ। ਇਕ ਵੱਡਾ ਕਾਰਨ ਆਰਥਿਕਤਾ ਦਾ ਵਿਸ਼ਵ ਵਿਆਪੀਕਰਨ ਹੈ ਜਿਸ ਅੱਗੇ ਕੌਮੀ ਰਾਸ਼ਟਰ ਦੇ ਇਲਾਕਾਈ ਹੱਦ ਬੰਨੇ ਟੁੱਟਦੇ ਜਾ ਰਹੇ ਹਨ ਤੇ ਪਰਾ ਇਲਾਕਾਈ ਬਣਤਰਾਂ (trans territorial structures) ਜ਼ੋਰ ਪਕੜ ਰਹੀਆਂ ਹਨ। ਦੂਸਰਾ ਕਾਰਨ ਇਹ ਹੈ ਕਿ ਕੌਮੀ ਰਾਸ਼ਟਰਵਾਦ ਕਿਸੇ ਵੀ ਦੇਸ਼ ਵਿਚ ਅਖੌਤੀ ਰਾਸ਼ਟਰਵਾਦ ਤੇ ਧਾਰਮਿਕ ਰਾਸ਼ਟਰਵਾਦ ਦੇ ਦ੍ਵੰਦ ਨੂੰ ਸੁਲਝਾ ਨਹੀਂ ਸਕਿਆ, ਜਿਸ (ਸਮਾਧਾਨ) ਨਾਲ ਵੱਖ ਵੱਖ ਕਿਸਮ ਦੀਆਂ ਘੱਟ ਗਿਣਤੀਆਂ ਦਾ ਸ੍ਵੈ ਵਿਕਾਸ, ਸੱਤਾਧਾਰੀ ਰੂਪ ਵਿਚ ਯਕੀਨੀ ਹੋ ਸਕਦਾ ਹੋਵੇ।

ਹੁਣ ਜੋ ਨਵਾਂ ਮਾਡਲ ਉਭਰ ਕੇ ਸਾਹਮਣੇ ਆ ਰਿਹਾ ਹੈ ਉਹ ਹੈ ਵਰਤਮਾਨ ਸਰਹੱਦਾਂ ਦੀਆਂ ਲਛਮਣ ਰੇਖਾਵਾਂ ਮਿਟਾਂਦਾ ਪਰ ਇਲਾਕਾਈ ਆਰਥਿਕ, ਰਾਜਨੀਤਿਕ ਸੰਗਠਨਾਂ ਦਾ ਅੰਤਰ ਸੰਬੰਧਤ ਸਮੂਹ, ਜਿਸ ਵਿਚ ਪ੍ਰਭੁਸੱਤਾ ਦੀ ਇਕਹਿਰੀ ਖੜ੍ਹਵੀਂ ਰਾਜਨੀਤਿਕ ਬਣਤਰ (unitarian, monolithic national polity) ਸ਼ਾਇਦ ਨਹੀਂ ਹੋਵੇਗੀ, ਸਗੋਂ ਪ੍ਰਭੁਸੱਤਾ ਬੈਠਵੇਂ (horizontal) ਰੂਪ ਵਿਚ ਵਿਦਮਾਨ (immanent) ਹੋਵੇਗੀ ਤੇ ਬਹੁਵਾਦੀ ਰਾਜਸੱਤਾ (pluralist polity) ਦੇ ਤੌਰ ਤੇ ਵਿਚਰੇਗੀ। ਮਿਸਾਲ ਵਜੋਂ ਇਕ ਪਾਸੇ ਯੂਰਪ ਇਕ ਰਾਜਨੀਤਿਕ ਸੰਗਠਨ ਬਣਦਾ ਜਾ ਰਿਹਾ ਹੈ, ਦੂਸਰੇ ਪਾਸੇ ਨਾਲ ਹੀ ਉਸ ਦੇ ਅੰਤਰਗਤ ਸਕਾਟਲੈਂਡ ਦੇ ਲੋਕ ਵਧੇਰੇ ਖੁਦਮੁਖਤਿਆਰੀ ਪ੍ਰਾਪਤ ਕਰ ਰਹੇ ਹਨ ਜੋ ਹੌਲੀ ਹੌਲੀ ਰਾਜਨੀਤਿਕ ਪ੍ਰਭੁਸੱਤਾ ਦੇ ਨੇੜੇ ਤੇੜੇ ਪਹੁੰਚ ਸਕਦੀ ਹੈ। ਭਾਵੇਂ ਦਿਸਹੱਦੇ ਤੇ ਉਭਰ ਰਹੇ ਨਵੇਂ ਮਾਡਲ ਵਿਚ ਆਰਥਿਕ ਆਧਾਰ ਤੇ ਵੱਡੇ ਵੱਡੇ ਪਰਾਇਲਾਕਾਈ ਸੰਗਠਨ ਹੋਣਗੇ ਤੇ ਇਹਨਾਂ ਅੰਦਰ ਹੋਣਗੀਆਂ ਵੱਖ ਵੱਖ ਭਾਈਚਾਰਿਆਂ (communities) ਬਾਰੇ ਘਟ ਗਿਣਤੀਆਂ ਦੇ ਸ੍ਵੈ ਵਿਕਾਸ ਲਈ ਸਭਿਆਚਾਰਿਕ, ਸਮਾਜਿਕ ਤੇ ਰਾਜਨੀਤਿਕ ਬਣਤਰਾਂ (structures) ਜਿਨ੍ਹਾਂ ਵਿਚ ਪ੍ਰਭੁਸੱਤਾ ਵਿਦਮਾਨ ਹੋਵੇਗੀ। ਵਿਚਕਾਰ ਅਜ ਦੇ ਕੌਮੀ ਰਾਸ਼ਟਰ ਦੀ ਥਾਂ ਤੇ ਕੋਈ ਵੀ ਨਵੀਂ ਲਚਕੀਲੀ (flexible) ਬਣਤਰ ਜੋ ਉਪਰਲੀਆਂ ਤੇ ਥਲਵੀਆਂ ਬਣਤਰਾਂ ਤੋਂ ਹੀ ਅਧਿਕਾਰ ਪ੍ਰਾਪਤ ਕਰੇਗੀ ਤੋਂ ਸੌਂਪੇ ਹੋਏ ਅਧਿਕਾਰਾਂ ਨੂੰ ਪੂਰਵ ਨਿਸ਼ਚਿਤ ਲੀਹਾਂ ਤੇ ਹੀ ਵਰਤ ਸਕੇਗੀ। ਸਿੱਖ ਚਿੰਤਕਾਂ ਨੂੰ ਅਜਿਹੇ ਨਵੇਂ ਮਾਡਲਾਂ ਦੀ ਸਿਰਜਨਾ ਵਿਚ, ਅਥਵਾ ਉਹਨਾਂ ਦੇ ਨੈਣ ਨਕਸ਼ਾਂ ਤੇ ਰੂਪ ਰੇਖਾਵਾਂ ਨੂੰ ਸਿੱਖ ਭਾਈਚਾਰੇ ਅੱਗੇ ਪ੍ਰਸਤੁਤ ਕਰਨ ਲਈ ਭੂਮਿਕਾ ਨਿਭਾਉਣੀ ਚਾਹੀਦੀ ਹੈ ਤਾਂ ਕਿ ਇਨ੍ਹਾਂ ਨਵੇਂ ਮਾਡਲਾਂ ਅਨੁਸਾਰ ਨਵਾਂ ਪੰਥਕ ਰਾਜਨੀਤਿਕ ਕਾਰਜ (Praxis) ਹੋਂਦ ਵਿਚ ਆ ਸਕੇ। ਇੱਕੀਵੀਂ ਸਦੀ ਦੇ ਦੁਆਰੇ ਤੇ ਪਹੁੰਚਦਿਆਂ ਪਹੁੰਚਦਿਆਂ (ਇਹ ਅਜੇ ਭਵਿਖ ਦੀ ਗੱਲ ਹੈ) ਵਰਤਮਾਨ ਸਥਿਤੀ ਵੱਲ ਸਾਵਧਾਨ ਹੋਣ ਦੀ ਵਧੇਰੇ ਲੋੜ ਹੈ।

ਅੱਜ ਭਾਰਤ ਵਿਚ ਕਈ ਹੋਰਨਾਂ ਦੇਸ਼ਾਂ ਵਾਂਗ ਨਵੀਆਂ ਵਿਚਾਰਧਾਰਿਕ ਰਾਜਨੀਤਿਕ ਸਫ਼ਬੰਦੀਆਂ ਹੋ ਰਹੀਆਂ ਹਨ। ਜੇਕਰ ਕੁਝ ਸਾਲ ਪਹਿਲੋਂ ਸਮਾਜਿਕ ਰਾਜਨੀਤਿਕ ਯਥਾਰਥ ਦਾ ਮੁੱਖ ਲੱਛਣ ਆਰਥਿਕ ਕਿਰਦਾਰ ਰਖਦੀਆਂ ਸ਼੍ਰੇਣਿਕ ਵਿਰੋਧਤਾਵਾਂ ਸਨ ਤਾਂ ਹੁਣ ਇਨ੍ਹਾਂ ਦੀ ਥਾਂ ਐਥਨੋ ਧਾਰਮਿਕ, ਐਥਨੋ ਸਮਾਜਿਕ, ਐਥਨੋ ਸਾਂਸਕ੍ਰਿਤਿਕ, ਐਥਨੋ ਰਾਜਨੀਤਿਕ ਵਿਰੋਧਤਾਵਾਂ ਨੇ ਲੈ ਲਈ ਹੈ। ਇਹਨਾਂ ਵਿਰੋਧਤਾਵਾਂ ਦੇ ਸਮਾਨਾਂਤਰ ਰਾਜਨੀਤਿਕ ਖੇਤਰ ਵਿਚ ਏਕਾਤਮਿਕ ਤੇ ਬਹੁਵਾਦੀ ਪ੍ਰਵਿਰਤੀਆਂ ਤੇ ਸ਼ਕਤੀਆ ਦਾ ਦ੍ਵੰਦ ਵੱਧ ਰਿਹਾ ਹੈ। ਸਮਾਜਿਕ ਤਾਣੇ ਪੇਟੇ ਨੂੰ ਇਕਰੰਗੀ ਕਰਨ, ਅਰਥਾਤ ਇਕਮਿਕੀਕਰਨ (homogenization) ਦਾ ਜੋ ਰੋਲ ਪਹਿਲੋਂ ਕੌਮੀ ਸੈਕੂਲਰ ਰਾਸ਼ਟਰਵਾਦ (secular nationalism) ਨਿਭਾਉਂਦਾ ਸੀ ਉਸ ਦੀ ਥਾਂ ਹੁਣ ਹਿੰਦੂਤ੍ਵ ਤੇ ਇਸ ਦੇ ਨਾਂ ਹੇਠਾਂ

ਸਾਂਸਕ੍ਰਿਤਕ ਰਾਸ਼ਟਰਵਾਦ (cultural nationalism) ਨੇ ਲੈ ਲਈ ਹੈ ਜੋ ਘੱਟ ਗਿਣਤੀਆਂ ਲਈ ਸੈਕੂਲਰ ਰਾਸ਼ਟਰਵਾਦ ਦੀ ਵਿਚਾਰਧਾਰਾ ਨਾਲੋਂ ਕਿਤੇ ਜ਼ਿਆਦਾ ਖਤਰਨਾਕ ਹੈ। ਸੈਕੂਲਰ ਰਾਸ਼ਟਰਵਾਦ ਤਾਂ ਵਿਅਕਤੀ ਤੋਂ ਆਪਣੇ ਧਾਰਮਿਕ ਅਕੀਦੇ, ਸਭਿਆਚਾਰ, ਭਾਸ਼ਾ, ਇਲਾਕੇ ਆਦਿ ਤੋਂ ਵਧੇਰੇ ਕੇਵਲ ਰਾਸ਼ਟਰ ਵੱਲ ਪ੍ਰਥਮ ਪ੍ਰਤਿਬੱਧਤਾ ਦੀ ਮੰਗ ਕਰਦਾ ਸੀ ਤੇ ਰਾਸ਼ਟਰ ਨੂੰ 'ਇਸ਼ਟ' (God-state) ਵਜੋਂ ਪੂਜਣ ਦੀ ਪ੍ਰਵਿਰਤੀ ਨੂੰ ਉਤਸਾਹਿਤ ਕਰਦਾ ਸੀ ਪਰ ਸਾਂਸਕ੍ਰਿਤਕ ਰਾਸ਼ਟਰਵਾਦ ਦਾ ਸੰਕਲਪ ਤਾਂ ਭਾਰਤੀ ਸਮਾਜ ਦੀ ਵੰਨ ਸੁਵੰਨਤਾ ਨੂੰ ਕੇਵਲ ਹਿੰਦੂਤ੍ਵ ਦੇ ਰੰਗ ਵਿਚ ਹੀ ਰੰਗਣ ਲਈ ਕਮਰਕੱਸੇ ਕਰ ਰਿਹਾ ਹੈ। ਦੂਸਰੇ ਪਾਸੇ ਰਾਸ਼ਟਰੀ ਦਲਾਂ ਅਤੇ ਪ੍ਰਾਦੇਸ਼ਕ ਪਾਰਟੀਆਂ ਬਹੁਵਾਦੀ ਰਾਜਸੱਤਾ ਵੱਲ ਤੇ ਰਾਸ਼ਟਰੀ ਪਾਰਟੀਆਂ ਏਕਾਤਮਿਕ ਰਾਜਸੱਤਾ ਵੱਲ ਆਮ ਤੌਰ ਤੇ ਰੁਚਿਤ ਹੁੰਦੀਆਂ ਹਨ, ਭਾਵੇਂ ਇਹਨਾਂ ਵਿਚ ਵੀ ਪਰਸਪਰ ਵਿਰੋਧੀ ਤੇ ਸ੍ਵੈ ਵਿਰੋਧੀ ਤੰਦਾਂ ਵੇਖੀਆਂ ਜਾ ਸਕਦੀਆਂ ਹਨ। ਜੇਕਰ ਉਹ ਦਲ ਸ਼ਕਤੀਸ਼ਾਲੀ ਹੁੰਦਾ ਹੈ ਜੋ ਏਕਾਤਮਿਕ ਰਾਜ ਸੱਤਾ ਤੇ ਹਿੰਦੂਤ੍ਵ ਦੇ (ਇਕ ਦੂਸਰੇ ਦੇ ਪੂਰਕ) ਸੰਕਲਪਾਂ ਦਾ ਧਾਰਨੀ ਹੈ ਤਾਂ ਸਪੱਸ਼ਟ ਹੈ ਕਿ ਘੱਟ ਗਿਣਤੀਆਂ ਦਾ ਪ੍ਰਭੂਸੱਤਾ ਦਾ ਸੁਫ਼ਨਾ ਸਾਕਾਰ ਹੋਣਾ ਤਾਂ ਇਕ ਪਾਸੇ ਰਿਹਾ, ਉਹਨਾਂ ਦੀ ਹੋਂਦ ਤੇ ਹੋਣੀ ਦੋਹਾਂ ਤੇ ਸਵਾਲੀਆ ਨਿਸ਼ਾਨ ਲੱਗ ਜਾਵੇਗਾ। ਹਿੰਦੂਤ੍ਵ ਭਾਰਤ ਦੀ ਉਸ ਕਲਾਸਕੀ ਮੁੱਖ ਸਾਂਸਕ੍ਰਿਤਕ ਪਰੰਪਰਾ ਦਾ ਹੀ ਅਜੋਕਾ ਰੂਪ ਹੈ ਜਿਸ ਨੇ ਪਿਛਲੇ ਚਾਰ ਪੰਜ ਹਜ਼ਾਰ ਸਾਲਾਂ ਵਿਚ ਪ੍ਰਤਿ ਪਰੰਪਰਾਵਾਂ ਵੱਲ ਮੁੱਖਤਾ ਚਾਰ ਦ੍ਰਿਸ਼ਟੀਕੋਣ ਹੀ ਅਪਣਾਏ ਹਨ। ਮੁੱਖ ਕਲਾਸਕੀ ਪਰੰਪਰਾ ਦਾ ਪਹਿਲਾ ਦ੍ਰਿਸ਼ਟੀਕੋਣ ਪ੍ਰਤਿ-ਪਰੰਪਰਾ ਨੂੰ ਆਪਣੇ ਅੰਦਰ ਜਜ਼ਬ ਕਰਨ ਦਾ ਹੈ, ਜਿਵੇਂ ਜੈਨ ਮਤਿ ਨੂੰ ਹਿੰਦੂਮਤਿ ਨੇ ਆਪਣੇ ਅੰਦਰ ਜਜ਼ਬ ਕਰ ਲਿਆ, ਜੇਕਰ ਇਕਮਿਕੀ ਕਰਨ (homogenization) ਦਾ ਇਹ ਯਤਨ ਸਫ਼ਲ ਨਾ ਹੋਵੇ ਤਾਂ ਦੂਸਰਾ ਯਤਨ ਹੁੰਦਾ ਹੈ (homogenesis) ਦਾ, ਅਰਥਾਤ ਮੁੱਖ ਪਰੰਪਰਾ ਅਤੇ ਪ੍ਰਤਿ-ਪਰੰਪਰਾ ਵਿਚਕਾਰ ਜਿਨਸ (genus) ਤੇ ਜਿਨਸ ਪਰਕਾਰ (species) ਅਥਵਾ, ਜੜ੍ਹ ਤੇ ਸ਼ਾਖ਼ਾ ਵਰਗਾ ਰਿਸ਼ਤਾ ਕਾਇਮ ਕਰਕੇ ਪ੍ਰਤਿ ਪਰੰਪਰਾ ਨੂੰ ਆਪਣੇ ਕਲਾਵੇ ਵਿਚ ਹੀ ਜਕੜ ਲੈਣਾ। ਬੁੱਧ ਧਰਮ ਦੀ ਭਾਰਤ ਵਿਚ ਏਹੋ ਸਥਿਤੀ ਹੈ। ਮਹਾਤਮਾ ਬੁੱਧ ਜਿਸ ਨੇ ਬ੍ਰਾਹਮਣੀ ਮਤਿ ਦਾ ਜ਼ੋਰਦਾਰ ਤੇ ਸਫ਼ਲ ਖੰਡਨ ਕੀਤਾ, ਹੁਣ ਹਿੰਦੂ ਅਵਤਾਰਾਂ ਦੀ ਸ਼੍ਰੇਣੀ ਵਿਚ ਗਿਣਿਆ ਜਾਂਦਾ ਹੈ। ਜੇ ਉਪਰਲੇ ਦੋਵੇਂ ਯਤਨ ਸਫ਼ਲ ਨਾ ਹੋਣ ਤਾਂ ਮੁੱਖ ਪਰੰਪਰਾ ਵਕਤੀ ਤੌਰ ਤੇ ਗ੍ਰਹਿ ਵਾਪਸੀ (self-withdrawal) ਦੀ ਨੀਤੀ ਧਾਰਨ ਕਰ ਲੈਂਦੀ ਹੈ ਤੇ ਉਸ ਅਨੁਕੂਲ ਘੜੀ ਦੀ ਉਡੀਕ ਵਿਚ ਰਹਿੰਦੀ ਹੈ ਜਦੋਂ ਮੁੜ ਪ੍ਰਤਿ ਪਰੰਪਰਾ ਨੂੰ ਨਜਿੱਠਿਆ ਜਾ ਸਕੇ। ਬੁੱਧ ਧਰਮ ਦੇ ਪਾਸਾਰ ਵੇਲੇ ਪਹਿਲੋਂ ਪਹਿਲ ਮੁੱਖ ਹਿੰਦੂ ਪਰੰਪਰਾ ਨੇ ਏਹੋ ਨੀਤੀ ਅਪਣਾਈ ਸੀ। ਜੇਕਰ ਉਪਰਕੋਤ ਤਿੰਨੇ ਨੀਤੀਆਂ ਵੀ ਸਫ਼ਲ ਨਾ ਹੋਣ ਤੇ ਪ੍ਰਤਿ ਪਰੰਪਰਾ ਬਰਾਬਰ ਦੀ ਬਲਵਾਨ ਸਿੱਧ ਹੋਵੇ ਤਾਂ ਕਲਾਸਕੀ ਹਿੰਦੂ ਪਰੰਪਰਾ ਅਲਹਿਦਗੀ (separation) ਦੀ ਪਹੁੰਚ ਅਪਣਾਉਂਦੀ ਹੈ। ਭਾਰਤ ਵਿਚ ਇਸਲਾਮ ਵੱਲ ਏਹੋ ਨੀਤੀ ਧਾਰਨ ਕੀਤੀ ਗਈ, ਜੋ ਚਲਦੇ ਚਲਦੇ ਭੂਗੋਲਿਕ ਅਲਹਿਦਗੀ (ਪਾਕਿਸਤਾਨ ਬਣਾਉਣ) ਤੱਕ ਜਾ ਪਹੁੰਚੀ। ਸਿੱਖ ਮਤਿ ਵੱਲ ਪਹਿਲੋਂ ਪਹਿਲ ਮੁੱਖ ਹਿੰਦੂ ਪਰੰਪਰਾ ਨੇ ਜਜ਼ਬ ਕਰਨ ਦੀ ਨੀਤੀ ਅਪਣਾਈ ਸੀ। ਸਿੱਖ ਸਿਧਾਂਤ ਦੀ ਵੇਦਾਂਤਕ ਵਿਆਖਿਆ ਤੇ ਸਿੱਖ ਸਮਾਜ ਉਪਰ ਬ੍ਰਾਹਮਣੀ ਪ੍ਰਭਾਵ ਇਸ ਜਜ਼ਬਕਾਰੀ ਪ੍ਰਵ੍ਰਿਤੀ ਦੇ ਅਸਰ ਦਾ ਸਬੂਤ ਹਨ। ਸਿੰਘ ਸਭਾ ਲਹਿਰ ਨੇ ਬ੍ਰਾਹਮਣੀ ਪਰਭਾਵਾਂ ਤੋਂ ਸਿੱਖ ਸਮਾਜ ਨੂੰ ਮੁਕਤ ਕਰਵਾਇਆ ਪਰ ਸਿੱਖ ਸਿਧਾਂਤ ਦੀ ਵੇਦਾਂਤਕ ਵਿਆਖਿਆ ਅਜੇ ਵੀ ਹੋ ਰਹੀ ਹੈ ਕਿਉਂਕਿ ਸਿੱਖ ਚਿੰਤਨ ਮੁੱਖ ਹਿੰਦੂ ਪਰੰਪਰਾ ਦੀ ਦੂਸਰੀ ਪ੍ਰਵਿਰਤੀ ਬਾਰੇ ਸਾਵਧਾਨ ਨਹੀਂ। ਹੋਰ ਤਾਂ ਹੋਰ ਸਿੱਖ ਹੋਮਲੈਂਡ ਦਾ ਤਸੱਵਰ ਦੇਣ ਵਾਲੇ ਵਿਦਵਾਨ ਸ੍ਰ. ਕਪੂਰ ਸਿੰਘ ਵੀ ਸਿੱਖ ਮਤਿ ਦਾ ਨਿਕਾਸ ਸੋਮਾ ਉਪਨਿਸ਼ਦਾਂ ਵਿਚ ਵੇਖਦੇ ਹਨ ਤੇ ਸਿੱਖ ਧਰਮ ਨੂੰ ਮੂਲ ਰੂਪ ਵਿਚ ਹਿੰਦੂ ਧਰਮ ਹੀ ਕਹਿੰਦੇ ਹਨ। ਅਜ ਹਿੰਦੂਤ੍ਵ ਦੀ ਵੀ ਏਹੋ ਧਾਰਨਾ ਹੈ ਕਿ ਇਹ ਤਾਂ ਅਜਿਹਾ ਜੀਵਨ ਮਾਰਗ ਹੈ ਜੋ ਸਮੁੱਚੀ ਭਾਰਤੀ ਸਭਿਅਤਾ 'ਚੋਂ ਜਨਮਿਆ ਹੈ, ਅਰਥਾਤ, ਹਿੰਦੂਤ੍ਵ ਅਨੁਸਾਰ, ਉਸ ਦਾ ਸਾਂਸਕ੍ਰਿਤਕ ਰਾਸ਼ਟਰਵਾਦ ਭਾਰਤੀ ਸੰਸਕ੍ਰਿਤੀ ਦਾ ਹੀ ਦੂਸਰਾ ਨਾਂ ਹੈ। ਪੰਜਾਬ ਅੰਦਰ ਸਿੱਖ ਭਾਈਚਾਰੇ ਦੀ ਰਾਜਨੀਤਿਕ ਮਜਬੂਰੀ ਇਹ ਹੈ ਕਿ ਪੰਥਕ ਸੰਗਠਨ ਦਾ ਦਾਅ੍ਵਾ ਕਰਨ ਵਾਲੀ ਰਾਜਸੀ ਪਾਰਟੀ ਨੂੰ ਵੋਟਾਂ ਰਾਹੀਂ ਤਾਕਤ ਵਿਚ ਆਉਣ ਲਈ ਇਕ ਜਾਂ ਦੂਸਰੀ ਪਾਰਟੀ ਦਾ ਸਹਾਰਾ ਲੈਣਾ ਪੈਂਦਾ ਹੈ ਪਰ ਸਮਾਜਿਕ, ਆਰਥਿਕ ਤੇ ਸਭਿਆਚਾਰਿਕ ਪੱਧਰਾਂ ਤੇ ਪੰਜਾਬੀਅਤ ਦੀ ਭਾਵਨਾ, ਅਰਥਾਤ ਹਿੰਦੂ ਸਿੱਖ ਏਕਤਾ ਵਿਚ ਕਦੇ ਕੋਈ ਸ਼ਿਕਨ ਨਹੀਂ ਪਿਆ, ਇਹ ਸਦੀਆਂ ਤੋਂ ਅਟੁੱਟ ਰਹੀ ਹੈ। ਪਰ ਰਾਜਨੀਤਿਕ ਪੱਧਰ ਤੇ ਦੋਹਾਂ ਫ਼ਿਰਕਿਆਂ ਦੀਆਂ ਰਾਜਨੀਤਿਕ

ਭਾਵਨਾਵਾਂ, ਉਮੰਗਾਂ, ਪ੍ਰਤਿਕਰਮ ਭਿੰਨ ਵਿਭਿੰਨ ਰਹੇ ਹਨ ਕਿਉਂਕਿ ਇਹ ਧਾਰਮਿਕ ਸੰਪਰਦਾਇਕ ਲੀਹਾਂ ਤੇ ਹੀ ਵਿਚਰਦੇ ਚਲੇ ਆ ਰਹੇ ਹਨ। ਧਾਰਮਿਕ ਸੰਪਰਦਾਇਕ ਲੀਹਾਂ ਤੋਂ ਉਪਰ ਉੱਠ ਕੇ ਦੋਹਾਂ ਫਿਰਕਿਆਂ ਦੀ ਰਾਜਨੀਤਿਕ ਇਕਸੁਰਤਾ ਕਿਧਰੇ ਵਿਖਾਈ ਨਹੀਂ ਦੇਂਦੀ।

ਜੇ ਇਸ ਸਮੱਸਿਆ ਨੂੰ ਵਡੇਰੇ ਸੰਦਰਭ ਵਿਚ ਰੱਖ ਕੇ ਵੇਖਿਆ ਜਾਵੇ ਤਾਂ ਇਹ ਨੁਕਤਾ ਸਾਹਮਣੇ ਆਉਂਦਾ ਹੈ ਕਿ ਪੰਥਤ੍ਵ ਤੇ ਪੰਜਾਬੀਅਤ, ਅਰਥਾਤ, ਸਿੱਖ ਰਾਸ਼ਟਰਵਾਦ ਤੇ ਪੰਜਾਬੀ ਕੌਮੀਅਤ ਦੇ ਮਾਰਗ ਕਿਧਰੇ ਇਕਮਿਕ ਹਨ, ਕਿਧਰੇ ਸਮਾਨਾਂਤਰ, ਕਿਧਰੇ ਵੱਖ-ਦਿਸ਼ਾਵੀ, ਕਿਉਂਕਿ ਪੰਜਾਬੀਅਤ ਦੇ ਅੰਤਰਗਤ (ਮੁਸਲਮਾਨਾਂ ਤੋਂ ਇਲਾਵਾ) ਮੁੱਖਤਾ ਦੋ ਫਿਰਕੇ, ਹਿੰਦੂ ਤੇ ਸਿੱਖ, ਵਿਚਰਦੇ ਹਨ ਅਤੇ ਪੰਥਤ੍ਵ ਤੇ ਪੰਜਾਬੀਅਤ ਅੰਤਰ ਸੰਬੰਧਤ ਵੀ ਹਨ। ਇਸ ਕਾਰਨ ਵੀ ਖ਼ਾਲਸੇ ਦਾ ਪ੍ਰਭੂਸੱਤਾ ਦਾ ਵਿਵਹਾਰਕ ਰਾਜਨੀਤਿਕ ਪਹਿਲੂ ਪੇਚੀਦਾ ਹੋ ਜਾਂਦਾ ਹੈ। ਪਰ ਇੱਕੀਵੀਂ ਸਦੀ ਵਿਚ ਕੌਮੀ ਰਾਸ਼ਟਰਵਾਦ ਤੋਂ ਅਗਾਂਹ ਜਾ ਕੇ ਜੋ ਨਵੇਂ ਮਾਡਲ ਉੱਭਰਦੇ ਨਜ਼ਰ ਆ ਰਹੇ ਹਨ, ਉਨ੍ਹਾਂ ਦੇ ਅੰਤਰਗਤ ਹੋਰਨਾਂ ਘੱਟ ਗਿਣਤੀਆਂ ਦੇ ਨਾਲ ਨਾਲ ਸਿੱਖ ਘੱਟ ਗਿਣਤੀ ਦੀ ਪ੍ਰਭੂਸੱਤਾ ਚੇਸ਼ਟਾ ਵੀ ਸਾਕਾਰ ਹੋ ਸਕੇਗੀ, ਪਰ ਕੀ ਘੱਟ ਗਿਣਤੀ ਹੋਣ ਦੇ ਨਾਤੇ ਹੀ, ਭਾਵ; ਬਹੁ ਗਿਣਤੀ ਦੇ ਆਲੇ ਦੁਆਲੇ ਵਿਚ ਆਪਣੀ ਸ੍ਵੈ-ਪਛਾਣ ਤੇ ਸ੍ਵੈ-ਹੋਂਦ ਨੂੰ ਸੁਰੱਖਿਅਤ ਕਰਨ ਲਈ ਹੀ ਸਿੱਖ ਭਾਈਚਾਰੇ ਲਈ ਪ੍ਰਭੂਸੱਤਾ ਆਵੱਸ਼ਕ ਹੈ? ਨਹੀਂ, ਇਹ ਆਵਸ਼ਕਤਾ ਤਾਂ ਅਸਤਿਤਵਵਾਦੀ (existential) ਤਕਾਜ਼ਿਆਂ ਕਾਰਨ ਹੈ। ਪਰ ਖ਼ਾਲਸੇ ਦੀ ਪ੍ਰਭੂਸੱਤਾ ਇਕ ਘਟ ਗਿਣਤੀ ਦੀ ਅਸੁਰੱਖਿਆ ਬਿਰਤੀ ਦੀ ਪੈਦਾਵਾਰ ਨਹੀਂ। ਇਹ ਤਾਂ ਖ਼ਾਲਸਾ ਪ੍ਰਭੁੱਤਾ ਦਾ ਆਵੱਸ਼ਕ ਤੇ ਅਟੱਲ ਪਹਿਲੂ ਹੈ। ਖ਼ਾਲਸੇ ਦੀ ਪ੍ਰਭੂਸੱਤਾ ਦਾ ਅਰਥ ਤਾਂ ਖ਼ਾਲਸੇ ਦਾ ਜਨਮ ਤੋਂ ਹੀ ਸੈਭੰ ਹੋਣਾ ਹੈ। ਸੈਭੰ ਹੋਣ ਦਾ ਕਾਰਨ ਉਹ ਅਕਾਲ ਪੁਰਖੀ ਗੁਣ ਜੋ ਨਿਰਗੁਣ ਜੋਤ (Indeterminate spirit) ਦੇ ਇਤਿਹਾਸ ਅੰਦਰ ਸਰਗੁਣ ਸਰੂਪ (determinate form) ਵਿਚ ਪਰਗਟ ਹੋਣ ਨਾਲ ਖ਼ਾਲਸਾ ਦੇਹਿ ਪ੍ਰਕਾਸ਼ਮਾਨ ਹੁੰਦੀ ਹੈ ਅਤੇ ਜਿਸ ਆਧਾਰ ਤੇ ਖ਼ਾਲਸਾ ਵਾਹਿਗੁਰੂ ਜੀ ਦਾ ਖ਼ਾਲਸਾ ਤਸੱਵਰ ਹੁੰਦਾ ਹੈ। ਇਨ੍ਹਾਂ ਅਰਥਾਂ ਵਿਚ ਖ਼ਾਲਸੇ ਦੀ ਪ੍ਰਭੁਤਾ ਇਕ ਫ਼ਿਰਕੇ ਦੀ, ਇਕ ਖਾਸ ਸਮੇਂ ਸਥਾਨ ਅੰਦਰ, ਪ੍ਰਭੂਸੱਤਾ ਦੀ ਲਾਲਸਾ ਤੋਂ ਵੱਧ ਹੈ। ਵਿਸ਼ਵ ਵਿਆਪੀ ਅਰਥਾਂ ਵਿਚ ਇਸ ਦਾ ਭਾਵ ਹੈ ਹਲਤਮੁਖੀ ਪ੍ਰਭੂਸੱਤਾ ਦਾ ਸੰਪੂਰਨ ਤੌਰ ਤੇ ਸੰਗਤ ਵਿਚ, ਸਮਾਜ ਵਿਚ, ਜਨਸਾਧਾਰਨ ਵਿਚ, ਪ੍ਰਫੁਲਿਤ ਹੋਣਾ ਅਤੇ 'ਪੰਚ ਪਰਵਾਣ, ਪੰਚ ਪਰਧਾਨੁ' ਦੇ ਸੰਕਲਪ ਅਨੁਸਾਰ ਇਸ ਪ੍ਰਭੂਸੱਤਾ ਦਾ ਵਿਚਰਨਾ।

**ਸੰਕੇਤ**

1. ਸਮੁੱਚੇ ਤੌਰ ਤੇ ਸਿੱਖ ਦਰਸ਼ਨ ਤੋਂ ਪਹਿਲੋਂ ਯਥਾਰਥ ਨੂੰ ਹੈਤ੍ਵ ਦੇ ਰੂਪ ਵਿਚ ਹੀ ਸੰਕਲਪਿਆ ਗਿਆ ਹੈ। ਅਨਾਦੀ, ਅਨੰਤ (ਸੋ ਸਦੀਵੀ, ਪਰਿਵਰਤਨ-ਰਹਿਤ, ਸੋ ਸਦਾ ਸਥਿਰ) ਦੂਸਰੇ ਲਫ਼ਜ਼ਾਂ ਵਿਚ ਜੋ ਸਤਿ ਹੈ, ਸਦੀਵੀ ਹੈ, ਸਦਾ ਸਥਿਰ ਹੈ, ਜੋ ਅਸਥਿਰ ਹੈ, ਅਸਤਿ ਹੈ ਇਸ ਸੂਤਰ ਅਨੁਸਾਰ ਪਰਮ ਹਸਤੀ ਅਨਾਦੀ ਹੈ, ਅਨੰਤ ਹੈ, ਸਦੀਵੀ ਹੈ, ਪਰਿਵਰਤਨ ਰਹਿਤ ਹੈ। ਸ੍ਵੈ ਸਰੂਪ ਵਿਚ ਸਦਾ ਸਥਿਰ ਹੈ। ਉਸ ਬਾਰੇ ਕੋਈ ਗੁਣ, ਕੋਈ ਵਿਸ਼ੇਸ਼ਣ ਜਾਂ ਨਾਮ ਮਿਥਿਆ ਨਹੀਂ ਜਾ ਸਕਦਾ ਕਿਉਂਕਿ ਪਰਮ ਹਸਤੀ ਨੂੰ ਕਿਸੇ ਗੁਣ, ਵਿਸ਼ੇਸ਼ਣ ਜਾਂ ਕੋਈ ਨਾਮ ਵਿਚ ਗ੍ਰਹਿਣ ਕਰਨ ਦਾ ਅਰਥ ਹੋਵੇਗਾ ਉਸ ਦੀ ਸਦੀਵੀ ਇਕਰੂਪਤਾ ਨੂੰ ਭੰਗ ਕਰਨਾ, ਉਸ ਨੂੰ ਗੁਣਮਈ, ਵਿਸ਼ੇਸ਼ਣਮਈ, ਨਾਮ ਰੂਪੀ ਆਕਾਰ ਵਿਚ ਪ੍ਰਵਰਤਿਤ ਕਰਨਾ ਜੋ ਉਪਰੋਕਤ ਸੂਤਰ ਦੇ ਅਨੁਕੂਲ ਨਹੀਂ। ਸੋ ਪਰਮ ਹਸਤੀ ਨਿਰਗੁਣ ਹੈ, ਨਿਰੰਕਾਰ ਹੈ, ਉਸ ਬਾਰੇ ਇਹ ਹੀ ਕਿਹਾ ਜਾ ਸਕਦਾ ਹੈ ਕਿ ਉਹ 'ਹੈ' (ਹੈਤ੍ਵ)। ਏਸੇ ਨੁਕਤੇ ਤੋਂ ਬੁੱਧ ਫ਼ਲਸਫ਼ੇ ਨੇ ਇਹ ਤੱਥ ਕਢਿਆ ਕਿ ਅਜਿਹੀ ਪਰਮ ਹਸਤੀ ਜਾਂ ਸਥਾਰਤ, ਜਿਸ ਨੂੰ ਕਿਸੇ ਗੁਣ, ਵਿਸ਼ੇਸ਼ਣ ਜਾਂ ਨਾਮ ਵਿਚ ਸੰਕਲਪਿਆ ਹੀ ਨਹੀਂ ਜਾ ਸਕਦਾ, ਉਹ 'ਸ਼ੂਨਯ' ਹੈ, ਇਕ ਤਰ੍ਹਾਂ ਨਾਲ ਬੋਧੀ 'ਸ਼ੂਨਯ' ਵੇਦਾਂਤਕ ਹੈਤ੍ਵ ਦਾ ਡਾਇਆਲੈਕਟੀਕਲ ਨਿਸ਼ੇਧ (dialectical negation) ਹੈ। ਚਿੰਤਨ ਵਿਕਾਸ ਵਿਚ ਇਨ੍ਹਾਂ ਦੋਹਾਂ ਪੜਾਵਾਂ ਤੋਂ ਅਗਲਾ ਪੜਾਅ ਨਾਨਕ ਬਾਣੀ ਵਿਚਲਾ ਸਥਾਰਥਕ ਸੰਕਲਪ ਹੈ। ਹੋਣਤ੍ਵ ਦੇ ਰੂਪ ਵਿਚ।
2. 'ਜਪੁਜੀ' ਸਾਹਿਬ ਵਿਚ, (ਆਦਿ ਸਚੁ ਜੁਗਾਦਿ ਸਚੁ) 'ਆਦਿ' ਦਾ ਅਰਥ ਵੀ ਏਹੋ ਨਿਕਲਦਾ ਹੈ

ਕਿ ਕੋਈ ਅਜਿਹਾ ਕਾਲ ਬਿੰਦੂ ਵੀ ਹੈ ਜਿਸ ਤੋਂ ਕਾਲ ਆਰੰਭ ਹੁੰਦਾ ਹੈ ਜੋ ਜੁਗਾਂ ਦਾ ਆਦਿ ਬਿੰਦੂ ਹੈ। ਕਾਲ ਦੇ ਇਸ ਇਤਿਹਾਸਿਕ ਨਿਰਣੈ ਨਾਲ ਚਿੰਤਨ ਵਿਚ ਇਕ ਇਨਕਲਾਬੀ ਮੋੜ ਆਉਂਦਾ ਹੈ, ਇਕ ਨਵਾਂ ਬੋਧ ਜਨਮ ਲੈਂਦਾ ਹੈ। ਜੋ ਸਤਿ ਹੈ, ਸਥਿਰ ਹੈ, ਜੋ ਅਸਥਿਰ ਹੈ ਉਹ ਸਤਿ ਹੈ, ਇਹ ਵੇਦਾਂਤਕ ਸੂਤਰ ਇਕ ਦਮ ਰੱਦ ਹੋ ਜਾਂਦਾ ਹੈ। ਪਰਮ ਹਸਤੀ ਆਪਣੇ ਆਪ ਵਿਚ ਆਪਣੇ ਨਿਰਗੁਣੀ, ਨਿਰੰਕਾਰੀ ਰੂਪ ਵਿਚ, ਸਦਾ ਸਥਿਰਤਾ ਦੇ ਅਰਥਾਂ ਵਿਚ, ਸਤਿ ਹੈ, ਪਰਮ ਸਤਿ ਹੈ, ਪਰ ਪਦਾਰਥਕ ਰਚਨਾ, ਕੁਦਰਤ, ਬ੍ਰਹਿਮੰਡ, ਦ੍ਰਿਸ਼ਟਮਾਨ ਸੰਸਾਰ, ਕਰਤਾ ਪੁਰਖ ਦੀ ਰਚਨਾ ਹੋਣ ਕਾਰਨ, ਸਤਿ ਹਨ ਭਾਵ ਅਸਥਿਰ ਹਨ।

*ਆਪ ਸਤਿ ਕੀਆ ਸਭੁ ਸਤਿ* *(ਗੁਰੂ ਅਰਜਨ ਦੇਵ)*

**ਸਹਾਇਕ ਪੁਸਤਕਾਂ**


"Arabs, Turks, Jartars Moguls who had successively overrun India; became *Hinduized*." K. Marx, 'The Future Results of the : British Rule in India' in K. Marx, F. Engles, *On Colonialism,* Progress Publishers, Moscow, 1968, p. 82

"Sikhism is essentially and basically a Hindu religion." Kapura Singh, *Parasharprasna* Hind Publisher, Jullundur, 1959, p. 19



## ਪੰਜਾਬ ਦੀ ਵੀਰ ਪਰੰਪਰਾ ਦਾ ਇਤਿਹਾਸ

1. *ਪ੍ਰਾਚੀਨ ਪੰਜਾਬ ਵਿਚ ਵੀਰ ਪਰੰਪਰਾ ਦਾ ਵਿਕਾਸ* : ਬੁੱਧ ਪ੍ਰਕਾਸ਼ — 35-00 ਰੁਪਏ
2. *ਪੰਜਾਬ ਦੀ ਵੀਰ ਪਰੰਪਰਾ* (ਆਦਿ ਕਾਲ ਤੋਂ ਆਧੁਨਿਕ ਕਾਲ ਤਕ) : ਲਾਲ ਸਿੰਘ ਗਿਆਨੀ — 20-00 ਰੁਪਏ
3. *ਪੰਜਾਬ ਦੀ ਵੀਰ ਪਰੰਪਰਾ 17ਵੀਂ ਸਦੀ* : ਸ਼ਮਸ਼ੇਰ ਸਿੰਘ ਅਸ਼ੋਕ — 28-00 ਰੁਪਏ
4. *ਅਠ੍ਹਾਰਵੀਂ ਸਦੀ ਵਿਚ ਬੀਰ ਪਰੰਪਰਾ ਦਾ ਵਿਕਾਸ* : ਸਤਿਬੀਰ ਸਿੰਘ — 30-00 ਰੁਪਏ
5. *ਪੰਜਾਬੀ ਵੀਰ ਪਰੰਪਰਾ ਦਾ ਵਿਕਾਸ (19ਵੀਂ ਸਦੀ)* : ਫੌਜਾ ਸਿੰਘ — 3-70 ਰੁਪਏ
6. *ਪੰਜਾਬੀ ਵੀਰ ਪਰੰਪਰਾ* (1900-1947) : ਸਤਿਆ ਐਮ. ਰਾਏ — 24-50 ਰੁਪਏ
7. *ਵੀਰ ਪਰੰਪਰਾ-ਸੁਤੰਤਰਤਾ ਉਪਰੰਤ* : ਗੁਰਦੇਵ ਸਿੰਘ ਦਿਉਲ — 38-00 ਰੁਪਏ
8. *ਮਹਾਰਾਜਾ ਰਣਜੀਤ ਸਿੰਘ* : ਭਗਤ ਸਿੰਘ — 100-00 ਰੁਪਏ
9. *ਮਾਸਟਰ ਤਾਰਾ ਸਿੰਘ* : ਬਿਮਲਾ ਆਨੰਦ — 70-00 ਰੁਪਏ

**ਪਬਲੀਕੇਸ਼ਨ ਬਿਊਰੋ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਰੂਪ ਅਤੇ ਸਭਿਆਚਾਰਿਕ ਸਿਰਜਣਾ : ਸਿੱਖ ਅਤੇ ਯਹੂਦੀ ਅਨੁਭਵ

ਗੁਰਭਗਤ ਸਿੰਘ

ਇਸ ਖੋਜ ਪੱਤਰ ਦਾ ਮੰਤਵ ਇਹ ਸਥਾਪਿਤ ਕਰਨਾ ਹੈ ਕਿ ਸਿੱਖ ਅਤੇ ਯਹੂਦੀ ਸਭਿਆਚਾਰਾਂ/ਕੌਮਾਂ ਨੇ ਆਪਣੇ ਸਾਹਿਤਿਕ ਜਾਂ ਹੋਰ ਰੂਪਾਂ ਦੀ ਸਿਰਜਨਾ, ਵਰਤਮਾਨ ਜਾਂ ਭਵਿਖ ਵਿਚ ਦਰਪੇਸ਼ ਸਮੱਸਿਆਵਾਂ ਅਤੇ ਸੰਕਟ ਦੀ ਗੰਭੀਰਤਾ ਨੂੰ ਮੁੱਖ ਰਖ ਕੇ ਕੀਤੀ ਹੈ। ਇਸ ਲਈ ਇਨ੍ਹਾਂ ਦੇ ਰੂਪਾਂ ਨੂੰ ਵਿਉਂਤਾਂ ਵਜੋਂ ਵੀ ਸਮਝਣਾ ਚਾਹੀਦਾ ਹੈ। ਆਪਣੇ ਆਪ ਨੂੰ ਕਾਇਮ ਰੱਖਣ ਲਈ, ਵਧਣ ਫੁੱਲਣ ਲਈ ਅਤੇ ਬਹੁ-ਸਭਿਆਚਾਰਿਕ/ਵਿਸ਼ਵ ਸਥਾਪਨ ਵਿਚ ਆਪਣਾ ਅਰਥ-ਗੌਰਵ ਸਥਾਪਿਤ ਕਰਨ ਲਈ ਸਿੱਖ ਅਤੇ ਯੂਰਪੀ ਸਭਿਆਚਾਰਾਂ/ਕੌਮਾਂ ਨੇ ਇਹ ਜ਼ਰੂਰੀ ਸਮਝਿਆ ਹੈ। ਇਨ੍ਹਾਂ ਦੇ ਰੂਪਾਂ ਦਾ ਸੰਗਠਨ ਇਤਿਹਾਸਿਕ ਚੇਤਨਤਾ ਨਾਲੋਂ ਸਿਮਰਤੀ ਉੱਤੇ ਵੱਧ ਆਧਾਰਿਤ ਹੈ। ਇਤਿਹਾਸ ਅਤੇ ਸਿਮਰਤੀ, ਜਿਵੇਂ ਕਿ ਮੈਬਰੀਅਲ ਮੋਟਜ਼ਕਿਨ ਨੇ ਦੱਸਿਆ ਹੈ। (ਬ੍ਰਡਿਕ ਅਤੇ ਈਸਰ (ਸੰਪਾ.) 1996 : 272) ਦੋ ਵੱਖੋ ਵੱਖਰੀਆਂ ਪਹੁੰਚਾਂ ਹਨ। ਇਤਿਹਾਸਿਕ ਚੇਤਨਤਾ ਘਟਨਾਵਾਂ ਨੂੰ ਕੇਵਲ ਯਾਦ ਕਰਦੀ ਹੈ, ਪਰ ਸਿਮਰਤੀ ਖੁਦ ਸ਼ਾਮਿਲ ਹੋ ਕੇ ਭੂਤਕਾਲ ਨੂੰ ਬਦਲ ਕੇ ਵਰਤਮਾਨ ਅਤੇ ਭਵਿਖ ਦਾ ਰੂਪ ਦਿੰਦੀ ਹੈ। ਸ੍ਵੈ ਜਾਂ ਸਭਿਆਚਾਰ ਦੇ ਦੂਜਿਆਂ ਨਾਲ ਸੰਬੰਧ ਦਰਪੇਸ਼ ਮਾਨਸਿਕ ਸਦਮੇ ਜਾਂ ਸੰਭਾਵੀ ਪਰਲੋ ਨੂੰ ਮੁੱਖ ਰੱਖ ਕੇ ਚਿੰਤਨ ਦੀ ਪੱਧਰ ਉੱਤੇ ਬਦਲਦੇ ਹਨ ਜਾਂ ਮਧਿਅਸਥ ਹੁੰਦੇ ਹਨ। ਚਿੰਨ੍ਹ-ਪ੍ਰਬੰਧ/ਵਕ੍ਰੋਕਤੀ ਉਪ ਪ੍ਰਬੰਧ, ਮਿਥ, ਵਾਕ/ਵਿਆਕਰਨ ਪ੍ਰਬੰਧ, ਸਮੁੱਚੇ ਪ੍ਰਵਚਨ ਦੀ ਪ੍ਰਕ੍ਰਿਤੀ, ਇਹ ਸਭ ਚੋਣ ਕਰਨ ਵਾਲੀ ਸਿਮਰਤੀ ਨਿਸ਼ਚਿਤ ਕਰਦੀ ਹੈ। ਇਹ ਨਿਸ਼ਚਿਤਤਾ ਗੈਰ-ਇਤਿਹਾਸਿਕ (ਅ-ਇਤਿਹਾਸਿਕ ਨਹੀਂ) ਪਰ ਰਾਜਨੀਤਕ ਹੁੰਦੀ ਹੈ। ਇਹ ਨਿਸ਼ਚਿਤਤਾਵਾਂ ਇਕ ਵਿਅਕਤੀ ਦੀਆਂ ਕੀਤੀਆਂ ਨਹੀ ਹੁੰਦੀਆਂ, ਸਗੋਂ ਸਮੂਹਕ ਸਿਮਰਤੀ ਦੀਆਂ ਹੁੰਦੀਆਂ ਹਨ। ਕੋਈ ਸਭਿਆਚਾਰ ਆਪਣੇ ਆਪ ਨੂੰ ਦੂਜਿਆਂ ਦੇ ਪ੍ਰਸੰਗ ਵਿਚ ਕਿਵੇਂ ਦੇਖਦਾ ਹੈ, ਇਹ ਨਿਸ਼ਚਿਤਤਾਵਾਂ ਉਸ ਪ੍ਰਤੱਖਣਾ ਅਨੁਸਾਰ ਉਸਰਦੀਆਂ ਹਨ। ਆਪਣੇ ਚੋਣਵੇਂ, ਗੈਰ-ਇਤਿਹਾਸਿਕ ਅਤੇ ਅਣਰੇਖਕੀ ਰੱਦੋਬਦਲ ਵਿਚ ਇਹ ਸਮੂਹਕ ਸਿਮਰਤੀ ਕਿਸੇ ਪ੍ਰਭਾਵਸ਼ਾਲੀ ਇਤਿਹਾਸਿਕ ਘਟਨਾ ਜਾਂ ਕੈਟੋਸਟਰੋਫ਼ੀ ਤੋਂ ਅਸਰ ਕਬੂਲ ਸਕਦੀ ਹੈ ਜਿਵੇਂ ਭਾਰਤ ਵਿਚ ਇਸਲਾਮ ਦੀ ਆਮਦ, ਇਤਿਹਾਸ ਵਿਚ ਯਹੂਦੀਆਂ ਦੇ ਦੇਸ਼ ਨਿਕਾਲੇ ਜਾਂ ਜਰਮਨੀ ਵਿਚ ਯਹੂਦੀਆਂ ਦਾ ਮਹਾਂ ਨਾਸ਼।

ਇਹ ਖੋਜ ਪੱਤਰ ਅਠਾਰ੍ਹਵੀਂ ਸਦੀ ਵਿਚ ਗੁਰੂ ਗੋਬਿੰਦ ਸਿੰਘ ਦੀਆਂ ਪਰਮ-ਕਾਵਿ ਰਚਨਾਵਾਂ ਅਤੇ ਵੀਹਵੀਂ ਸਦੀ ਵਿਚ ਪੂਰਨ ਸਿੰਘ ਦੀਆਂ ਧਿਆਨੀ ਕਵਿਤਾਵਾਂ ਦੀ ਵਿਆਖਿਆ ਕਰੇਗਾ। ਗੁਰੂ ਸਾਹਿਬ ਦੀਆਂ ਬਹੁਤ ਸ਼ਕਤੀਵਰ ਪਰਮ ਕਾਵਿ ਸਿਰਜਨਾਵਾਂ ਵਿਚ ਦੋ ਧਿਆਨੀ ਹਨ, ਦੋ ਬਿਰਤਾਂਤ ਹਨ, ਜਿਨ੍ਹਾਂ ਵਿਚ ਇਕ ਨਵਾਂ ਰੂਪ ਸਾਜਿਆ ਗਿਆ ਹੈ। ਇਸ ਰੂਪ ਵਿਚ ਅੱਤ ਕਥਨੀ ਵਾਲੇ ਵਿਰੋਧਾਭਾਸੀ ਅਤੇ ਨਾਂਹ ਪੱਖੀ ਅਤੇ ਹਾਂ ਪੱਖੀ ਧਰਮ ਸ਼ਾਸਤਰਾਂ ਦੇ ਸੰਵਾਦ ਨੂੰ ਅਜਿਹੇ ਵਿਸਫੋਟਕ ਬਾਈਨੈਰਿਕ ਸਿਗਨੀਫਾਇਰਾਂ ਰਾਹੀਂ ਅਭਿਵਿਅੰਜਿਤ ਕੀਤਾ ਗਿਆ ਹੈ ਜੋ ਸ਼ਾਸਕ ਵਰਗ ਦੇ ਅਨੁਸ਼ਾਸ਼ਿਤ ਕਰਨ ਵਾਲੇ ਚਿੰਨ੍ਹ-ਪ੍ਰਬੰਧਾਂ ਦੀ ਪ੍ਰਭੁੱਤਾ ਨੂੰ ਤੋੜਦੇ ਹਨ ਅਤੇ ਪਾਠਕ ਨੂੰ ਮੁਕਤਭਾਵੀ ਚੇਤੰਨਤਾ ਦੇ ਕੇ ਬਦਲਦੇ ਵੀ ਹਨ। ਪੂਰਨ ਸਿੰਘ ਨੇ ਵਾਲਟ ਵਿਟਮੈਨ ਦੀ ਪੱਛਮੀ ਕਾਰਤੇਸੀ ਹਉਂ ਅਤੇ ਫਰਾਇਡੀ ਪ੍ਰਕਾਰ ਦੇ ਐਮਰਸਨੀ ਪਾਰਗਮਨਵਾਦ ਉੱਤੇ ਉੱਸਰੀ ਖੁੱਲ੍ਹੀ ਕਵਿਤਾ ਨੂੰ ਕੁਝ ਤਬਦੀਲ ਕੀਤਾ। ਪੂਰਨ ਸਿੰਘ ਨੇ ਇਸ ਰੂਪ ਦੀ ਨਵ-ਸਾਜਨਾ ਇਕ ਵਿਸ਼ੇਸ਼ ਮਨੋਰਥ ਲਈ ਕੀਤੀ। ਉਹ ਸੀ ਅਗ੍ਰਹਣੀ ਹਿੰਦੂਵਾਦ ਅਤੇ ਬਰਤਾਨੀਆ ਦੇ ਪਦਾਰਥਵਾਦੀ ਪੱਛਮੀ ਸਾਮਰਾਜ ਵੱਲੋਂ ਉਸ ਸਿੱਖ ਸਭਿਆਚਾਰਿਕ ਹਸਤੀ ਦੇ ਵਿਨਾਸ਼ ਦਾ ਖ਼ਤਰਾ ਜੋ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਨਿਰਹਉਂ ਅਤੇ ਸੌਂਦਰਯਮੁਖੀ ਬਾਣੀ ਨੇ ਰਚਿਆ ਸੀ।

ਵਿਲੱਖਣ ਪਰ ਸਾਂਝ ਰੱਖਣ ਵਾਲੇ ਮਾਰਟਿਨ ਬੂਬਰ, ਅਮੈਨੂਅਲ ਲੈਵਿਨਾਸ, ਯਾਕ ਦੇਰਿਦਾ, ਲੋਇਨਲ ਟਰਿਲਿੰਗ ਅਤੇ ਮੈਰੇ ਕਰੀਗਰ ਦੇ ਯਹੂਦੀ ਅਨੁਭਵਾਂ ਦੀ ਵੀ ਵਿਆਖਿਆ ਕੀਤੀ ਗਈ ਹੈ ਤਾਂ ਕਿ ਇਨ੍ਹਾਂ ਲੇਖਕਾਂ ਦੇ ਰੂਪਾਂ ਨੂੰ ਪੱਛਮ-ਜਰਮਨ ਯਹੂਦੀ ਪਰੋਬਲੇਮਾਤਿਕ ਅਤੇ ਹੋਲੋਕੋਸਟ ਦੇ ਪ੍ਰਸੰਗ ਵਿਚ ਸਮਝਿਆ ਜਾ ਸਕੇ। ਬੂਬਰ ਦੇ ਹਾਈਫਨਿਤ 'ਆਈ-ਦਾਊ', ਲੈਵਿਨਾਸ ਦੀ 'ਸਮਾਜਕਤਾ', ਦੈਰਿਦਾ ਦਾ ਵਿਯੋਗਿਤ ਗ੍ਰੈਮਾਟੋਲੋਜੀਕਲ ਚਿੰਨ੍ਹ, ਟਰਿਲਿੰਗ ਦਾ 'ਨ-ਪਾਰਮਾਮਤਾ' ਦਾ ਵਿਆਖਿਆ ਸ਼ਾਸਤਰ, ਉਸ ਯਹੂਦੀ ਸਮੂਹਕ ਸਿਮਰਤੀ ਤੋਂ ਵੱਖ ਕਰਕੇ ਨਹੀਂ ਸਮਝੇ ਜਾ ਸਕਦੇ ਜਿਸ ਵਿਚ ਆਪਣੇ ਭਵਿਖ-ਚਿਤਰ ਅਤੇ ਨਿਆਂ ਸੰਕਲਪ ਹਨ।

ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 1606 ਈਸਵੀ ਨੂੰ ਹੋਇਆ ਅਤੇ ਉਹ 1708 ਨੂੰ ਜੋਤੀ ਜੋਤ ਸਮਾਏ। ਉਨ੍ਹਾਂ ਦੀਆਂ ਅਤਿਅੰਤ ਸ਼ਕਤੀਵਰ ਕਾਵਿ-ਰਚਨਾਵਾਂ ਹਨ : 'ਬਿਚਿੱਤ੍ਰ ਨਾਟਕ', 'ਚੰਡੀ ਦੀ ਵਾਰ', 'ਜਾਪੁ' ਅਤੇ 'ਅਕਾਲ ਉਸਤਤਿ' ਜਦੋਂ ਗੁਰੂ ਸਾਹਿਬ ਨੇ ਇਨ੍ਹਾਂ ਪਰਮ-ਕਾਵਿ ਰਚਨਾਵਾਂ ਦੀ ਰਚਨਾ ਕੀਤੀ ਤਾਂ ਭਾਰਤੀ ਉਪ ਮਹਾਂਦੀਪ ਦੇ ਸਮਾਜ ਸਾਹਮਣੇ ਤਿੰਨ ਸੰਕਟ ਸਨ। ਪਹਿਲਾ, ਰਾਜ (ਸਟੇਟ) ਨਾਲ ਸੰਬੰਧਿਤ ਸੀ। ਮੁਗ਼ਲ ਬਾਦਸ਼ਾਹ ਆਪਣੀ ਸ਼ਕਤੀ ਨੂੰ ਸਥਿਰ ਅਤੇ ਪੱਕਾ ਬਣਾਉਣ ਲਈ ਇਸਲਾਮ ਨੂੰ ਹਥਿਆਰ ਵਜੋਂ ਵਰਤ ਰਹੇ ਸਨ ਤਾਂ ਕਿ ਦੂਜੇ ਧਰਮਾਂ ਅਤੇ ਸਭਿਆਚਾਰਿਕ ਸਮੂਹਾਂ ਨੂੰ ਅਧੀਨ ਕੀਤਾ ਜਾ ਸਕੇ। ਅਕਬਰ ਦੇ ਛਿਣ-ਭੰਗਰੇ ਮੇਲ ਜੋਲ ਨੂੰ ਉਤਸਾਹਿਤ ਕਰਨ ਵਾਲੇ ਸੰਖੇਪ ਦੌਰ ਤੋਂ ਪਿੱਛੋਂ ਅੰਤਰ-ਸਭਿਆਚਾਰਿਕ ਅਤੇ ਅੰਤਰ-ਧਰਮ ਸੰਵਾਦ ਖ਼ਤਮ ਹੋ ਚੁੱਕਾ ਸੀ। ਇਸ ਕਾਲ ਦਾ ਦੂਜਾ ਸੰਕਟ ਆਰਥਿਕ ਖੜੋਤ ਸੀ। ਸੁਲਤਾਨ-ਕੇਂਦਰਿਤ ਆਰਥਿਕਤਾ ਕਾਰਨ ਜਿਸ ਨੂੰ ਅਣਉਚਿੱਤ ਰੂਪ ਵਿਚ ਮਾਰਕਸ ਨੇ 'ਏਸ਼ੀਆਈ ਉਤਪਾਦਨ ਮੋਡ' ਵੀ ਆਖ ਦਿੱਤਾ ਹੈ ਅਤੇ ਕੱਟੜ ਜਾਗੀਰਦਾਰੀ ਦਰਜਾਬੰਦੀ ਕਾਰਨ, ਜਿਵੇਂ ਯੋਰਪ ਵਿਚ ਦਸਤਕਾਰੀ ਇਨਕਲਾਬ ਵੱਲ ਲੈ ਜਾਣ ਵਾਲੀ ਵਪਾਰਕ ਜਮਾਤ ਦਾ ਮੂਹਰਲਾ ਦਸਤਾ ਹੋਂਦ ਵਿਚ ਆਇਆ ਸੀ, ਉਹ ਇੱਥੇ ਨਾ ਵਾਪਰ ਸਕਿਆ। ਤੀਜਾ ਸੰਕਟ ਵਰਣ-ਪ੍ਰਬੰਧ ਨਾਲ ਸੰਬੰਧਿਤ 'ਦਰਜਾ ਬੰਦੀ ਅਤੇ ਮਾਨਸਿਕਤਾ ਸੀ'। 'ਹੋਮੋ ਹਿਰਾਰਕੀਕਸ' ਦਾ ਕਰਤਾ ਲੂਈ ਦੋਮੋਂ ਭਾਵੇਂ ਇਸ ਵਰਣ ਪ੍ਰਬੰਧ ਨੂੰ 'ਸ਼ਕਤੀ' ਨਾਲੋਂ 'ਮਾਣ' ਨਾਲ ਸੰਬੰਧਿਤ ਮੰਨਦਾ ਹੈ ਅਤੇ ਇਸ ਨੂੰ 'ਵਿਸ਼ਵਾਰਥ ਦੇ ਰੂਪ' ਵਜੋਂ ਮਾਨਤਾ ਦੇਣ ਲਈ ਆਖਦਾ ਹੈ (ਦੂਮੋਂ, 1970 : 248, 10). ਫਿਰ ਵੀ ਇਹ ਸਵੀਕਾਰ ਕਰਨਾ ਪਵੇਗਾ ਕਿ ਵਰਣ-ਪ੍ਰਬੰਧ ਦੇ ਪਰੀਵਰਤਨ ਦੀ ਗਤੀ ਅਤੇ ਬਹੁ ਪਾਸਾਰੀ ਸੰਵਾਦ ਨੂੰ ਰੋਕ ਦਿੱਤਾ ਸੀ। ਘੱਟੋ ਘੱਟ ਸਿੱਖ ਗੁਰੂ ਸਾਹਿਬਾਨ ਜ਼ਰੂਰ ਇਸ ਤਰ੍ਹਾਂ ਦੇਖਦੇ ਸਨ।

ਧਰਮ ਗ੍ਰੰਥਾਂ ਵਿਚ ਸਿੱਖ ਗੁਰੂ ਸਾਹਿਬਾਨ ਦੀਆਂ ਸ਼ਾਮਿਲ ਕੀਤੀਆਂ ਰਚਨਾਵਾਂ ਇਨ੍ਹਾਂ ਤਿੰਨਾਂ ਸੰਕਟਾਂ ਨੂੰ ਬੜੇ ਸੰਯੁਕਤ ਅਤੇ ਸਰਬਾਂਗੀ ਢੰਗ ਨਾਲ ਸਮਝਦੀਆਂ ਹਨ। ਦਸਵੇਂ ਗੁਰੂ, ਗੋਬਿੰਦ ਸਿੰਘ ਦੀਆਂ ਰਚਨਾਵਾਂ ਇਸ ਯਤਨ ਦਾ ਸਿਖ਼ਰ ਹਨ। ਜਿਸ ਸਭਿਆਚਾਰ ਸੰਬਾਦ ਨੂੰ, ਇਤਿਹਾਸਿਕ ਗਤੀ ਵਿਚ ਆਉਣ ਵਾਲੇ ਵਿਗਾੜਾਂ ਅਤੇ ਗਲਤ ਦਿਸ਼ਾ ਵੱਲ ਜਾਣ ਕਾਰਨ, ਨਿਰਗਤੀ ਕਰ ਦਿੱਤਾ ਗਿਆ ਸੀ ਉਸ ਨੂੰ ਮੁਕਤ ਅਤੇ ਕ੍ਰਿਆਸ਼ੀਲ ਕਰਨ ਲਈ ਗੁਰੂ ਨੇ ਇਕ ਜੰਗੀ ਰਚਨਾ, 'ਚੰਡੀ ਦੀ ਵਾਰ' ਰਚੀ। ਇਹ ਵਾਰ ਚੰਡੀ ਦੇਵੀ ਅਤੇ ਦੈਂਤਾਂ ਵਿਚਕਾਰ ਹੋਏ ਯੁੱਧ ਸੰਬੰਧੀ ਹੈ। ਦੈਂਤਾਂ ਨੇ ਦੇਵਤਿਆਂ ਦਾ ਤਖ਼ਤ ਹਿਲਾ ਦਿੱਤਾ ਸੀ। ਚੰਡੀ ਦੀ ਕਹਾਣੀ, ਮਾਰਕੰਡੇ ਪੁਰਾਣ ਵਿਚੋਂ ਲਈ ਗਈ ਹੈ। ਚੰਡੀ ਨੂੰ 'ਭਗਉਤੀ' ਜਾਂ ਸਿਰਜਣਾਤਮਿਕ ਸ਼ਕਤੀ ਦਾ ਉਹੀ ਪ੍ਰਤੀਕ ਬਣਾਇਆ ਗਿਆ ਹੈ, ਜੋ ਪ੍ਰਤੀਕ ਅਕਾਲ ਪੁਰਖ ਨੂੰ ਦਿੱਤਾ ਗਿਆ ਹੈ (ਸਿੰਘ, 1992 : 434-36) ਉਸ ਸਮੇਂ 'ਵਾਰ' ਇਕ ਲੋਕ ਪ੍ਰਿਯ ਰੂਪ ਸੀ ਜਿਸ ਵਿਚ ਕਿਸੇ ਸਥਾਨਿਕ ਨਾਇਕ ਦੀ ਬਹਾਦਰੀ ਗਾਈ ਜਾਂਦੀ ਸੀ। ਪਰ ਗੁਰੂ ਗੋਬਿੰਦ ਸਿੰਘ ਨੇ ਵਾਰ ਨੂੰ ਬਦਲ ਕੇ ਇਕ ਅਲਿਗੂਰੀ ਬਣਾ ਦਿੱਤਾ ਅਤੇ ਇਸ ਰਾਹੀਂ ਇਕ ਨੈਤਿਕ ਜੰਗ ਦਾ ਬਿਆਨ ਕੀਤਾ। ਇਹ ਮੁਗ਼ਲ ਰਾਜ ਨਾਲ ਕੀਤੀ ਜਾਣ ਵਾਲੀ ਫੈਸਲਾਕੁਨ ਜੰਗ ਵੱਲ ਹੀ ਇਸ਼ਾਰਾ ਨਹੀਂ ਸੀ ਸਗੋਂ ਵਰਣ-ਦਰਜਾਬੰਦੀ ਵਿਚ ਪ੍ਰਧਾਨ ਬ੍ਰਾਹਮਣ ਅਤੇ ਇਸਲਾਮੀ ਤਾਣੇ ਬਾਣੇ ਵਿਚ ਪ੍ਰਧਾਨ ਮੁੱਲਾਂ ਮੁਲਾਣੇ ਜੋ ਰਾਜ ਦੇ ਸਹਾਇਕ ਬਣ ਗਏ ਸਨ, ਉਨ੍ਹਾਂ ਵਿਰੁੱਧ ਜੰਗ ਦਾ ਸੂਝਾ ਵੀ ਸੀ।

ਗੁਰੂ ਗੋਬਿੰਦ ਸਿੰਘ ਨੇ ਜੋ ਐਲਿਗੋਰੀਕਲ ਰੂਪ 'ਚੰਡੀ ਦੀ ਵਾਰ' ਰਾਹੀਂ ਵਿਕਸਿਤ ਕੀਤਾ ਉਸ ਪਿੱਛੇ ਉਨ੍ਹਾਂ ਦੀ ਇੱਛਾ, ਕਈ ਪ੍ਰਕਾਰ ਦੀਆਂ ਤਬਦੀਲੀਆਂ ਲਿਆਉਣਾ ਸੀ। ਐਂਗਸ ਫਲੈਂਚਰ ਅਤੇ ਪੌਲ ਦੇ ਮਾਨ, ਦੀ ਸਹਾਇਤਾ ਨਾਲ ਵਿਆਖਿਆ ਕਰਦਿਆਂ, ਜੇਮਜ਼ ਕਲਿੱਫਰਡ ਐਲਿਗੁਰੀ ਨੂੰ ਇਕ ਅਜਿਹੀ ਕਹਾਣੀ ਆਖਦਾ ਹੈ

"ਜਿਸ ਦਾ ਰੁਝਾਨ ਪਾਠਕ ਜਾਂ ਸ੍ਰੋਤੇ ਦੇ ਮਨ ਵਿਚ ਪਹਿਲਾਂ ਸਥਿਤ ਕਹਾਣੀ ਨੂੰ ਦੁਹਰਾਉਣਾ ਅਤੇ ਬਦਲਣਾ ਹੁੰਦਾ ਹੈ" (ਕਲਿੱਫਰਡ, 1986 : 100)। ਜੀਵਨ ਉੱਤੇ ਆਧਾਰਿਤ ਅਤੇ ਵਿਸਫੋਟਕ, ਰਾਜਨੀਤਿਕ ਅਤੇ ਸਦਾਚਾਰਕ ਪਾਸਾਰਾਂ ਵਾਲੀ ਇਸ ਐਲਿਗੁਰੀ ਰਾਹੀਂ ਗੁਰੂ ਗੋਬਿੰਦ ਸਿੰਘ ਉਸ ਹਿੰਦੂ ਸਮੂਹਿਕ ਸਿਮਰਤੀ ਵਿਚ ਦਖਲ ਦੇਣਾ ਚਾਹੁੰਦੇ ਸਨ ਜੋ ਚੰਡੀ ਨੂੰ ਪਰਿਵਰਤਨ ਲਿਆਉਣ ਵਾਲੀ ਪ੍ਰੇਰਣਾਤਮਕ ਸ਼ਕਤੀ ਦੀ ਥਾਂ ਕੇਵਲ ਮੰਦਰ ਵਿਚ ਇਕ ਬੁੱਤ ਵਜੋਂ ਸੰਸਕਾਰਕ ਰੂਪ ਵਿਚ ਪੂਜ ਰਹੇ ਸਨ।

ਗੁਰੂ ਸਾਹਿਬ ਦਾ ਇਹ ਐਲਿਗੋਰੀਕਲ ਰੂਪ ਉਨ੍ਹਾਂ ਦੇ ਲੰਮੀ ਨਾਟਕੀ ਕਾਵਿ ਰਚਨਾ 'ਬਿਚਿਤ੍ਰ ਨਾਟਕ' ਜੋ 1698 ਈਸਵੀ ਵਿਚ ਸਮਾਪਤ ਕੀਤਾ, ਹੋਰ ਵੀ ਜਟਿਲ ਬਣ ਜਾਂਦਾ ਹੈ। ਇਹ ਕਾਵਿ-ਰਚਨਾ ਅਕਾਲ ਪੁਰਖ ਨੂੰ 'ਸ੍ਰੀ ਖੜਗ' ਕਹਿ ਕੇ ਨਮਸਕਾਰ ਕਰਨ ਨਾਲ ਆਰੰਭ ਹੁੰਦੀ ਹੈ। ਇਹ ਕਾਵਿ ਗੁਰੂ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਦੀਆਂ ਮੁਗ਼ਲ ਸਲਤਨਤ ਦੇ ਪਿੱਠ ਠੋਕੇ ਪਹਾੜੀ ਰਾਜਿਆਂ ਨਾਲ ਹੋਈਆਂ ਜੰਗਾਂ ਦੀ ਕਥਾ ਬਿਆਨ ਕਰਦਾ ਹੈ। ਇਹ ਪਹਾੜੀ ਰਾਜੇ ਗੁਰੂ ਸਾਹਿਬ ਦੇ ਮੁੱਖ ਸਥਾਨ ਆਨੰਦਪੁਰ ਸਾਹਿਬ ਦੇ ਗੁਆਂਢ ਵਿਚ ਰਹਿੰਦੇ ਸਨ। ਇਹ ਜੰਗਾਂ ਅਤੇ ਉਨ੍ਹਾਂ ਦਾ ਬਿਰਤਾਂਤ ਅਕਾਲ ਪੁਰਖ ਦੇ ਗੁਰੂ ਸਾਹਿਬ ਨੂੰ ਦਿੱਤੇ ਆਦੇਸ਼ ਵਜੋਂ ਪੇਸ਼ ਕੀਤਾ ਗਿਆ ਹੈ। ਇਹ ਆਦੇਸ਼ ਸੀ : ਵਿਸ਼ਵ ਵਿਚ 'ਧਰਮੁ ਚਲਾਇ' ਅਤੇ ਲੋਕਾਂ ਨੂੰ 'ਕਬੁਧਿ ਕਰਨ' ਤੋਂ ਹਟਾਉ। ਇਸ ਕਾਵਿ-ਰਚਨਾ ਦੀ ਮੌਲਿਕਤਾ ਹਿੰਦੂ ਅਤੇ ਬੁੱਧ ਦ੍ਰਿਸ਼ਟੀਆਂ ਨਾਲ ਸਾਂਝੇ ਧਿਆਨੀ ਅਤੇ ਅ-ਇਤਿਹਾਸਿਕ ਜਗਤ ਨੂੰ ਬਦਲ ਕੇ ਯਥਾਰਥੀ ਅਤੇ ਨਿੱਗਰ ਸਥਿਤੀਆਂ ਬਣਾਉਣ ਵਿਚ ਹੈ। ਸੰਤ ਅਤੇ ਨੇਕ ਪੁਰਖ ਨਿਸ਼ੇਧਾਤਮਕ ਸ਼ਕਤੀਆਂ ਅਤੇ ਅਕਾਲਪੁਰਖ ਦੇ ਵੈਰੀਆਂ ਨੂੰ ਹਰਾਉਣ ਲਈ ਕ੍ਰਿਆਸ਼ੀਲ ਹਨ। ਜਗਤ, ਇਸ ਕਾਵਿ-ਰਚਨਾ ਵਿਚ, ਅਕਾਲ ਪੁਰਖ ਦਾ ਦੈਵੀ ਪਰ ਗਿਆਨ-ਪ੍ਰਚਾਨਕ ਨਾਟਕ ਹੈ। ਅਕਾਲ ਪੁਰਖ ਦਾ 'ਸ੍ਰੀ ਖੜਗ' ਰੂਪ ਇਕ ਨਵੀਂ ਐਲਿਗੋਰੀਕਲ ਪ੍ਰਤੱਖਣਾ ਸੀ ਜਿਸ ਵਿਚ ਦਰਪੇਸ਼ ਸੰਕਟਾਂ ਦਾ ਹੱਲ ਵੀ ਛੁਪਿਆ ਹੋਇਆ ਸੀ। ਇਸ ਅਰਥ ਭਰਪੂਰ ਐਲਿਗੁਰੀ ਦਾ ਇਕ ਪਾਸਾਰ ਅਜਿਹੀਆਂ ਧੁਨੀਆਂ ਜਾਂ ਸਿਗਨੀਫਾਇਰਾਂ ਦੀ ਵਰਤੋਂ ਹੈ ਜੋ ਜੰਗੀ ਕਰਮ ਨਾਲ ਸੰਬੰਧਿਤ ਹਨ ਪਰ ਨਾਲ ਹੀ ਅਕਾਲ ਪੁਰਖ ਦਾ ਇਲਹਾਮੀ ਅਤੇ ਸੰਪੂਰਨਤਾ ਦੇਣ ਵਾਲੀ ਸ਼ਕਤੀ ਵਜੋਂ ਪਾਠਕ ਨੂੰ ਅਨੁਭਵ ਦੇ ਪੱਧਰ ਉੱਤੇ ਬਦਲਦੇ ਹਨ। ਉਦਾਹਰਨ ਦੇ ਤੌਰ ਤੇ ਛੇਵੇਂ ਅਧਿਆਇ ਵਿਚ ਇਹ ਸਤਰਾਂ ਧਿਆਨ ਯੋਗ ਹਨ :

*ਕੜੱਕੈ ਕਮਾਣੰ। ਝਣੱਕੇ ਕ੍ਰਿਪਾਣੰ। ਕੜੱਕਾਰ ਛੁਟੈ।*
*ਝਣੰਕਾਰ ਉੱਠੈ।*

*(1973 : ੮੫)*

ਆਪਣੀਆਂ ਦੋ ਧਿਆਨੀ ਰਚਨਾਵਾਂ 'ਜਾਪੁ' ਅਤੇ 'ਅਕਾਲ ਉਸਤਤਿ' ਵਿਚ 'ਅਕਾਲ ਪੁਰਖੁ' ਦੀ ਵਿਆਖਿਆ ਹਜ਼ਾਰਾਂ ਅਜਿਹੇ ਸਿਗਨੀਫਾਇਰ ਵਰਤ ਕੇ ਕਰਦੇ ਹਨ ਜੋ ਫ਼ਾਰਸੀ, ਅਰਬੀ, ਤੋਰਕੀ, ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ, ਪਹਿਲਵੀ ਸ੍ਰੋਤਾਂ ਤੋਂ ਹਨ ਜਿਨ੍ਹਾਂ ਨਾਲ ਇਸਲਾਮ, ਹਿੰਦੂਵਾਦ, ਬੁੱਧਵਾਦ, ਜ਼ੋਰਅਸਟਰੀਵਾਦ ਅਤੇ ਕੁਝ ਹੋਰ ਸਭਿਆਚਾਰਿਕ ਧਾਰਮਿਕ ਪ੍ਰਤੱਖਣਾਵਾਂ ਸੰਵਾਦ ਤੱਕ ਪਹੁੰਚ ਜਾਂਦੇ ਹਨ। ਤਰਕਵਾਦੀ ਅਤੇ ਗੈਰਤਾਰਕਿਕ ਵਿਰੋਧੀ ਗਿਆਨ ਸ਼ਾਸਤਰ (ਸੰਗੀਤ, ਇੰਦਰੀਆਂ, ਕਾਵਿ ਆਦਿ) ਤ੍ਰੇੜ ਪਾਉਣ ਦੇ ਨੁਕਤੇ ਤੱਕ ਲਿਆਂਦੇ ਗਏ ਹਨ। ਕੁਝ ਵਿਸ਼ੇਸ਼ ਧੁਨੀਆਂ (ਜਿਵੇਂ 'ਅਨੂਪੰ', 'ਅਰੂਪੰ' ਆਦਿ) ਵਰਤਕੇ, ਜੋ ਦੇਹ ਅਤੇ ਬੁੱਧੀ ਦੋਨਾਂ ਵਿੱਚ ਤਤਫਟ ਪ੍ਰਵੇਸ਼ ਕਰਦੀਆਂ ਹਨ, ਅਕਾਲ ਪੁਰਖ ਦੀ ਬਹੁ-ਸਤੱਰਿਤ ਐਲਿਗੁਰੀ ਨੂੰ ਪਾਰ-ਐਲਿਗੋਰੀਕਲ ਬਣਾਇਆ ਗਿਆ ਹੈ। ਇਸ ਦਾ ਅਰਥ ਇਹ ਹੈ ਕਿ ਗੁਰੂ ਸਾਹਿਬ ਦੀਆਂ ਰਚਨਾਵਾਂ ਦਾ ਮਨੋਰਥ ਸਭਿਆਚਾਰਿਕ ਵਿਰੋਧਾਂ ਨੂੰ ਅਨੁਭਵ ਅਤੇ ਸਮਾਜਕ ਰਾਜਨੀਤਿਕ ਪੱਧਰ ਉੱਤੇ ਹੱਲ ਕਰਨਾ ਜਾਂ ਘੱਟ ਕਰਨਾ ਹੈ।

ਆਪਣੇ ਨਿਜੀ ਜੀਵਨ ਅਤੇ ਕਾਵਿ ਰਚਨਾ ਰਾਹੀਂ ਸਮੂਹਿਕ ਸਿਮਰਤੀ ਨੂੰ ਦਖ਼ਲ ਨਾਲ ਨਵੇਂ ਸਿਰਿਉਂ ਜੋੜਨ ਦੇ ਇਤਿਹਾਸ-ਵਿਸ਼ੇਸ਼ ਐਲਿਗੁਰੀ ਰਾਹੀਂ ਗੁਰੂ ਗੋਬਿੰਦ ਸਿੰਘ ਦੇ ਕੀਤੇ ਵੱਡੇ ਜਤਨ ਤੋਂ ਪਿੱਛੋਂ, ਵੀਹਵੀਂ ਸਦੀ ਦੇ ਕਵੀ ਪੂਰਨ ਸਿੰਘ (1881-1931) ਨੇ ਇਕ ਅਜਿਹਾ ਰੂਪ ਲੱਭਿਆ ਜੋ ਸਿੱਖ (ਵੱਡੇ ਅਰਥਾਂ ਵਿਚ, ਪੰਜਾਬੀ) ਸਭਿਆਚਾਰ ਨੂੰ ਇਕ 'ਵਿਸ਼ਵਾਰਥੀ ਵਿਸ਼ੇਸ਼' ਵਜੋਂ ਪੇਸ਼ ਕਰ ਸਕੇ। ਅਜਿਹਾ ਵਿਸ਼ੇਸ਼ ਜੋ ਦੂਜੇ ਵਿਸ਼ਵ ਸਭਿਆਚਾਰਾਂ ਨਾਲ ਸੰਵਾਦ ਵੀ ਰਚ ਸਕਦਾ ਹੈ। ਪੂਰਨ ਸਿੰਘ ਨੇ ਖੁੱਲ੍ਹੀ ਕਵਿਤਾ ਦਾ ਰੂਪ ਵਾਲਟ ਵਿਟਮੈਨ ਤੋਂ

ਲਿਆ ਜਿਸ ਵਿਚ ਵਿਟਮੈਨ ਬੜੀ 'ਸੁਹਿਰਦਤਾ ਨਾਲ, ਬਿਨਾਂ ਕਿਸੇ ਸਮਝੌਤੇ ਦੇ...ਸਰੀਰਕ, ਭਾਵਕ, ਨੈਤਿਕ ਅਤੇ ਸੌਂਦਰਯਮੁਖੀ ਸ਼ਖ਼ਸ਼ੀਅਤ' ਨੂੰ ਪ੍ਰਗਟ ਕਰਨਾ ਚਾਹੁੰਦਾ ਸੀ (ਸਮੱਟਸ, 1953 : 59)। ਵਿਟਮੈਨ ਦੀ ਆਤਮ-ਪ੍ਰਕਾਸ਼ਵਾਦੀ ਖੁੱਲ੍ਹੀ ਕਵਿਤਾ ਕਾਰਤੇਸੀ ਹਉਂ ਦਾ ਹੀ ਇਕ ਰੂਪ ਸੀ। ਪਰ ਪੂਰਨ ਸਿੰਘ ਨੇ ਇਸ ਨੂੰ ਨਿਰਹਉਂ ਜਾਂ 'ਅਮੈਂ' ਦੇ ਪ੍ਰਕਾਸ਼ ਵਾਲੇ ਰੂਪ ਵਿਚ ਬਦਲਿਆ। ਉਹ 'ਖੁੱਲ੍ਹੇ ਘੁੰਡ' ਦੀ ਇਕ ਕਵਿਤਾ ਵਿਚ ਆਪਣੀ ਕਾਵਿ-ਮੈਂ ਜਾਂ 'ਅਮੈਂ' ਨੂੰ ਸਾਧਣੀ, ਬੈਰਾਗਣੀ, ਯੋਗਣੀ, ਭੋਗਣੀ, ਸ਼ੋਖ ਚੰਚਲ ਪਰੀ' ਆਖਦਾ ਹੈ (1965 : 320)। ਪੂਰਨ ਸਿੰਘ ਇਸ 'ਅਮੈਂ' ਨੂੰ ਗੁਰੂ-ਸੁਰਤਿ ਦਾ ਮਾਧਿਅਮ ਰਹਿੰਦਾ ਹੈ। ਉਹ ਗੁਰੂ ਸੁਰਤਿ ਜੋ ਬ੍ਰਹਮੰਡੀ ਅਸਤਿਤਵ ਦੀ ਸਮੂਹਕ ਅਤੇ ਫ਼ੌਜੀ ਗਤੀ ਸੰਬੰਧੀ ਉਪਰ ਚੇਤਨਤਾ ਹੈ। ਨੀਟਸ਼ੇ ਦੇ ਉਲਟ ਇਹ ਗੁਰੂ ਸੁਰਤਿ ਮਨੁੱਖ ਜਾਤੀ ਦੇ ਸਰੀਰ-ਆਧਾਰਿਤ ਵਿਆਖਿਆ ਵਿਗਿਆਨ ਵਿਚ ਸਥਿਤ ਨਹੀਂ। ਗੁਰੂ ਸੁਰਤਿ ਵਿਸ਼ਵ ਵਿਚ ਸ਼ਮੂਲੀਅਤ ਕਰਦੀ ਹੈ ਅਤੇ ਸਮਾਜਿਕ ਰਾਜਨੀਤਿਕ ਪ੍ਰਗਟਾਉ ਵਿਚ ਸਮੂਹਕ ਹੁੰਦੀ ਹੈ। ਖੁੱਲ੍ਹੀ ਕਵਿਤਾ ਨੂੰ ਇਕ ਅਜਿਹੀ ਚੇਤਨਤਾ ਦਾ ਮਾਧਿਅਮ ਬਣਾਉਣਾ ਜੋ ਫੌਜੀ, ਬ੍ਰਹਮੰਡੀ ਅਤੇ ਸਮੂਹਿਕ ਹੈ, ਇਕ ਖਾਸ ਹਾਲਤ ਵਿਚ ਵਾਪਰਿਆ। ਉਹ ਸੀ ਮਹਾਰਾਜਾ ਰਣਜੀਤ ਸਿੰਘ ਦੀ ਸਰਦਾਰੀ ਵਿਚ ਬਣੇ ਖਾਲਸਾ ਰਾਜ ਦਾ ਟੁੱਟਣਾ। ਇਸ ਨਾਲ ਪੰਜਾਬ ਦਾ ਪ੍ਰਭੁਸੱਤਾ ਸੰਪੰਨ ਦਰਜਾ ਖ਼ਤਮ ਹੋ ਗਿਆ। ਬਰਤਾਨਵੀ ਸਾਮਰਾਜ ਨੇ ਆਪਣੀ ਸੋਚੀ ਸਮਝੀ ਨੀਤੀ ਅਨੁਸਾਰ ਹਿੰਦੂ ਅਤੇ ਮੁਸਲਿਮ ਸਭਿਆਚਾਰਾਂ ਨੂੰ ਟਕਰਾਉਣ ਅਤੇ ਦੂਜੇ ਦਾ ਨਿਸ਼ੇਧ ਕਰਨ ਵਾਲੇ ਸਭਿਆਚਾਰ ਬਣਨ ਲਈ ਉਤਸਾਹਿਤ ਕੀਤਾ। ਇਸ ਨਾਲ 'ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ 'ਦਸਮ ਗ੍ਰੰਥ ਸਾਹਿਬ' ਵਿਚ ਗੁਰੂ ਸਾਹਿਬਾਨ ਵਲੋਂ ਦਿੱਤੇ ਸਿੱਖ ਮਾਡਲ ਨੂੰ ਇਕ ਪ੍ਰਕਾਰ ਦਾ ਕੱਟੜ ਅਤੇ ਸੀਮਿਤ ਮਾਡਲ ਬਣਾ ਕੇ ਉਘਾੜਿਆ ਗਿਆ। ਖੁੱਲ੍ਹੀ ਕਵਿਤਾ ਚੁਣ ਕੇ ਪੂਰਨ ਸਿੰਘ ਨੇ ਸਿੱਖ ਮਾਡਲ ਵਿਚ ਮੌਜੂਦ ਆਜ਼ਾਦੀ ਨੂੰ ਐਲਿਗੋਰਾਈਜ਼ ਕੀਤਾ ਹੈ ਅਤੇ ਬਹੁਪਾਸਾਰੀ ਅਮੈਂ ਦਾ ਮਾਧਿਅਮ ਬਣਾ ਕੇ ਉਸ ਨੇ ਇਸ ਰੂਪ ਨੂੰ ਵਿਸ਼ਵ ਸਭਿਆਚਾਰਾਂ ਦੇ ਬਾਗ਼ ਵਿਚ ਇਕ ਅਮੀਰੀ ਦੇਣ ਵਾਲਾ ਵਿਸ਼ੇਸ਼ ਫੁੱਲ ਬਣਾ ਕੇ ਪੇਸ਼ ਕੀਤਾ ਹੈ।

ਯਹੂਦੀ ਅਨੁਭਵ ਦੇ ਤਿੰਨ ਪ੍ਰਮੁੱਖ ਪਾਸਾਰ ਹਨ। ਪਹਿਲਾ ਪਾਸਾਰ ਪ੍ਰਤਿੱਗਿਆ ਹੈ ਜੋ ਯਹੂਦੀ ਗ੍ਰੰਥ/ਮੌਖਿਕ ਅਨੁਸ਼ਾਸਨ ਟੋਰਾਹ ਵਿਚ ਪ੍ਰਗਟ ਹੁੰਦੀ ਹੈ। ਸਾਰੀ ਕੌਮ ਮੋਜ਼ਿਜ਼ ਰਾਹੀਂ ਰੱਬ ਨੂੰ ਮਿਲਦੀ ਹੈ। ਭਾਵੇਂ ਜਦੋਂ ਰੱਬ 'ਇਕ ਝਾੜੀ ਵਿਚੋਂ ਨਿਕਲ ਰਹੀ ਭੜਕਦੀ ਅੱਗ' (ਐਕਸੋਡਸ : 3: 87) ਰਾਹੀਂ ਜ਼ਾਹਿਰ ਹੁੰਦਾ ਹੈ ਤਾਂ ਮੋਜ਼ਿਜ਼ ਆਪਣਾ ਚਿਹਰਾ ਲੁਕਾ ਲੈਂਦਾ ਹੈ। ਫਿਰ ਵੀ ਅਸੂਲਨ ਮੁਲਾਕਾਤ 'ਆਹਮੋ-ਸਾਹਮਣੇ' (ਦਿਉਤਰੋਕੋਮੀ, 5 : 282)। ਰੱਬ ਯਹੂਦੀ ਲੋਕਾਂ ਨੂੰ 'ਸੁੰਨਤ' ਕਰਾਉਣ ਦਾ ਹੁਕਮ ਦਿੰਦਾ ਹੈ ਅਤੇ ਆਖਦਾ ਹੈ : "ਇਕ ਤਰ੍ਹਾਂ ਮੇਰੀ ਪ੍ਰਤਿੱਗਿਆ ਤੁਹਾਡੇ ਮਾਸ ਵਿਚ ਸਦਾ ਰਹਿਣ ਵਾਲੇ ਮੁਆਦੇ ਵਜੋਂ ਉੱਕਰੀ ਜਾਏਗੀ" (ਜੈਨਿਸਸ, 17 : 24)। ਜੋਨਾਥਨ ਬੋਯਾਰਿਨ (1956) ਰੱਬ ਦੇ ਇਸਰਾਇਲ ਨਾਲ ਇਸ ਰਿਸ਼ਤੇ ਨੂੰ 'ਪ੍ਰੇਮਾਤਮਕ' ਆਖਦਾ ਹੈ, ਪਰ ਮੁਢਲੇ ਰੂਪ ਵਿਚ ਇਹ ਨੈਤਿਕ ਹੈ ਜੇ ਰੱਬ ਆਪਣੇ ਹੁਕਮ ਦੀ ਪਾਲਨਾ ਲਈ ਹੁਕਮ ਕਰਦਾ ਹੈ। ਇਸ ਦੇ ਜਵਾਬ ਵਿਚ ਰੱਬ ਲੋਕਾਂ ਦੀ ਦੇਖ ਭਾਲ ਕਰਦਾ ਹੈ ਅਤੇ ਉਨ੍ਹਾਂ ਨੂੰ ਦੁੱਧ ਅਤੇ ਸ਼ਹਿਦ ਨਾਲ ਭਰਪੂਰ ਧਰਤੀ ਦੇਣ ਦਾ ਵਾਇਦਾ ਕਰਦਾ ਹੈ। ਉਨ੍ਹਾਂ ਦੇ ਵੈਰੀਆਂ ਨੂੰ ਹਰਾਉਂਦਾ ਹੈ ਅਤੇ ਉਨ੍ਹਾਂ ਦਾ ਵਿਨਾਸ਼ ਕਰਦਾ ਹੈ। ਇਸ ਪਾਰ-ਇਤਿਹਾਸਿਕ ਅਤੇ ਉਤੇਜਨਾ ਭਰਪੂਰ ਨੈਤਿਕ ਸੰਬੰਧ ਤੋਂ ਪਿਛੋਂ ਯਹੂਦੀ ਅਨੁਭਵ ਦਾ ਦੂਜਾ ਪਾਸਾਰ ਟੋਰਾਹ ਇਲਹਾਮ ਦੀ ਬਹੁ-ਵਿਆਖਿਆ ਹੈ ਜੋ ਉਨ੍ਹਾਂ ਦੇ ਗ੍ਰੰਥ ਟੈਲਮਡ ਵਿਚ ਵਿਸਥਾਰ ਨਾਲ ਦਿੱਤੀ ਗਈ ਹੈ। ਐਸੈਸ਼ਲ ਟੈਲਮੁਡ ਦਾ ਕਰਤਾ ਐਡਿਨ ਸਟਾਈਨਸਆਲਟਜ਼ (1976 : 62) ਟੋਰਾਹ ਨੂੰ 'ਜੀਵਨ ਦਾ ਪ੍ਰਤਿਬਿੰਬ' ਹੀ ਆਖਦਾ ਹੈ। ਇਸ ਕਾਰਨ ਟੋਰਾਹ ਵਿਚ ਮੌਜੂਦ ਵਿਰੋਧਾਂ ਅਤੇ ਵੱਖ ਵੱਖ ਦ੍ਰਿਸ਼ਟੀਆਂ ਦਾ ਮੇਲ ਨਹੀਂ ਕੀਤਾ ਗਿਆ। ਸਟਾਈਨਸਆਲਟਜ਼ ਟਾਲਮਡ ਦੇ ਇਸ ਕਥਨ ਦਾ ਹਵਾਲਾ ਦਿੰਦਾ ਹੈ : "ਇਸ ਵਿਸ਼ੇ ਉੱਤੇ ਸ੍ਵਰਗਾਂ ਦੇ ਫਰਿਸ਼ਤਿਆਂ ਵਿਚ ਵਿਚਾਰ ਅੰਤਰ ਹਨ, ਉਨ੍ਹਾਂ ਲਈ ਇਹ ਵਿਲੱਖਣਤਾ ਕੋਈ ਵਿਚਿੱਤ੍ਰ ਨਹੀਂ" (ਉਹੀ, 100) ਵਿਰੋਧੀ ਅਤੇ ਵਿਲੱਖਣ-ਭਾਵੀ ਵਿਆਖਿਆਵਾਂ ਟੋਰਾਹ ਦੇ ਹਰਿਆਵਲੀ ਅਤੇ ਕੁਦਰਤੀ ਰੂਪ ਨੂੰ ਮੂਰਤੀਮਾਨ ਕਰਦੀਆਂ ਹਨ ਅਤੇ ਇਕ ਦੂਜੇ ਨਾਲ ਫ਼ਰਕ ਰੱਖਣ ਵਾਲੇ ਫਰਿਸ਼ਤਿਆਂ ਦੇ ਸਦੀਵੀ ਸੰਵਾਦ ਨੂੰ ਸਾਹਮਣੇ ਲਿਆਉਂਦੀਆਂ ਹਨ। ਯਹੂਦੀ ਅਨੁਭਵ ਦਾ ਤੀਜਾ ਪਾਸਾਰ ਯਹੂਦੀਆਂ ਦਾ ਇਤਿਹਾਸ ਵਿਚ ਨਿਰਵਾਸਨ ਅਤੇ ਵਿਸਰਜਨ ਹੈ। ਇਸ ਪਰਵਾਸ ਵਿਚ ਯਹੂਦੀ ਲੋਕ ਜਜ਼ਬ ਹੋਣ ਅਤੇ ਵਿਨਾਸ਼ ਦੇ ਖਤਰੇ ਵਿਚ ਰਹੇ ਅਤੇ ਉਨ੍ਹਾਂ ਵਿਚੋਂ ਲੱਖਾਂ ਹੀ ਹਿਟਲਰ ਵੇਲੇ

ਹੋਏ ਸਰਬਨਾਸ (ਹੋਲੋਕੋਸਟ) ਵਿਚ ਖ਼ਤਮ ਵੀ ਕੀਤੇ ਗਏ। ਇਹ ਤਿੰਨ ਪਾਸਾਰੀ ਅਨੁਭਵ ਇਕ ਵਿਰੋਧਾਭਾਸ ਹੈ ਜਿਸ ਵਿਚ ਪਾਰ ਇਤਿਹਾਸਿਕ ਅਤੇ ਇਤਿਹਾਸਿਕ ਬਜ਼ਿੱਦ ਹਨ ਅਤੇ ਮੇਲ ਤੋਂ ਇਨਕਾਰ ਕਰ ਰਹੇ ਹਨ। ਵੀਹਵੀਂ ਸਦੀ ਦੇ ਯਹੂਦੀ ਲੇਖਕਾਂ ਦੀਆਂ ਲਿਖਤਾਂ ਇਸ ਵਿਰੋਧਾਭਾਸ ਬਾਰੇ ਆਈਆਂ ਚਾਨਣ ਦੀਆਂ ਲਪਟਾਂ ਹਨ। ਇਨ੍ਹਾਂ ਵਿਚ ਵੱਡਾ ਪ੍ਰਸ਼ਨ ਹੈ ਕਿ ਕਿਵੇਂ ਯਹੂਦੀ ਪ੍ਰਤਿੱਗਿਆ ਨਾਲ ਜੁੜੀ ਪਛਾਣ ਨੂੰ ਕਾਇਮ ਰੱਖਿਆ ਜਾਵੇ ਅਤੇ ਨਾਲ ਹੀ ਇਤਿਹਾਸ, ਸਥਿਤੀ ਅਤੇ ਸਥਾਨਕ ਇਤਿਹਾਸ ਨਾਲ ਸੰਵਾਦ ਸਥਾਪਿਤ ਕੀਤਾ ਜਾਵੇ। ਇਸ ਪ੍ਰਸ਼ਨ ਨੇ ਇਨ੍ਹਾਂ ਯਹੂਦੀ ਲੇਖਕਾਂ ਦੇ ਆਪਣੇ ਚਿੰਤਨ ਨੂੰ ਪ੍ਰਗਟ ਕਰਨ ਲਈ ਚੁਣੇ ਰੂਪਾਂ ਨੂੰ ਬਦਲ ਦਿੱਤਾ ਹੈ ਅਤੇ ਬੜੇ ਦਿਲਚਸਪ ਢੰਗ ਨਾਲ ਇਕ ਪਰਮ-ਰੂਪ ਦੀ ਸਿਰਜਣਾ ਕੀਤੀ ਹੈ ਜਿਸ ਨੇ ਇਨ੍ਹਾਂ ਸਾਰੇ ਲੇਖਕਾਂ ਨੂੰ ਆਪਣੇ ਅਨੁਸ਼ਾਸਨ ਤੋਂ ਉੱਪਰ ਜਾ ਕੇ ਅੰਤਰ ਸੰਬੰਧਿਤ ਕਰ ਦਿੱਤਾ ਹੈ। ਦੇਰਿਦਾ ਦਾ ਇਕ ਮਨੋਕਲਪ ਵਰਤ ਕੇ ਇਸ ਪਰਮ-ਰੂਪ ਨੂੰ 'ਡਿਫਰਾਂਸਲੋਗ' ਕਿਹਾ ਜਾ ਸਕਦਾ ਹੈ।

ਮਾਰਟਿਨ ਬੂਬਰ ਦੀ ਪੁਸਤਕ 'ਇਸ਼ ਉਂਠ ਡੂ', ਜਿਸ ਨੂੰ ਅੰਗ੍ਰੇਜ਼ੀ ਵਿਚ 'ਆਈ ਐਂਡ ਦਾਊ' ਦੇ ਤੌਰ ਤੇ ਜਾਣਿਆ ਜਾਂਦਾ ਹੈ ਜਰਮਨ ਭਾਸ਼ਾ ਵਿਚ 1923 ਵਿਚ ਪ੍ਰਕਾਸ਼ਿਤ ਹੋਈ। ਇਹ ਦਰਸ਼ਨ, ਧਰਮ, ਦਾਰਸ਼ਨਿਕ ਮਨੁੱਖ ਵਿਗਿਆਨ ਅਤੇ ਸਾਹਿਤ ਸਭ ਅਨੁਸ਼ਾਸਨਾਂ ਨਾਲ ਸੰਬੰਧਿਤ ਹੈ। ਇਹ ਪੁਸਤਕ ਰੱਬ, ਮਨੁੱਖ, ਅਤੇ ਇਕ ਮਨੁੱਖ ਅਤੇ ਦੂਜੇ ਦਰਮਿਆਨ ਰਿਸ਼ਤੇ ਸੰਬੰਧੀ ਇਕ ਕਾਵਿਮਈ ਅਤੇ ਧਰਮਆਵੇਸ਼ਿਤ ਵਿਸਥਾਰ ਹੈ। ਬੂਬਰ ਇਸ ਰਿਸ਼ਤੇ ਨੂੰ 'ਮੁੱਖ ਤੋਂ ਰੁੱਖ' ਸੰਵਾਦ ਕਹਿ ਕੇ ਪੇਸ਼ ਕਰਦਾ ਹੈ, ਇਸ ਅੰਤਰ ਨੂੰ ਕਾਇਮ ਰੱਖਣ ਵਾਲੇ ਮੇਲ ਨੂੰ ਉਹ 'ਜ਼ਵਾਈਸ਼ਨ' ਜਾਂ ਦਰਮਿਆਨ ਨਾਲ ਜੋੜਦਾ ਹੈ। ਉਹ ਇਸ ਨੂੰ ਮੈਂ ਅਤੇ ਤੂੰ ਦਾ ਅੰਤਰਾਮਕ ਮੇਲ ਆਖਦਾ ਹੈ। ਜਦੋਂ ਰਿਸ਼ਤਾ ਜਾਂ ਇਕ ਦੂਜੇ ਲਈ ਸੰਵੇਦਨਾ ਖ਼ਤਮ ਹੋ ਜਾਂਦੀ ਹੈ ਤਾਂ ਇਹ ਮੇਲ 'ਮੈਂ ਅਤੇ ਨਿਰਜੀਵ ਇਹ' ਦਾ ਸੰਬੰਧ ਬਣ ਜਾਂਦਾ ਹੈ। ਭਾਵੇਂ ਲੇਵਿਨਾਸ ਉਸ ਦੇ ਭਾਸ਼ਾ ਦੇ ਭਾਗ ਪ੍ਰਤੀ ਘੱਟ ਸੰਵੇਦਨਸ਼ੀਲ ਹੋਣ ਲਈ ਆਲੋਚਨਾ ਕਰਦਾ ਹੈ ਅਤੇ ਮਾਰਟਿਨ ਬੂਬਰ ਦੇ ਸ਼ਬਦ ਰਿਸ਼ਤਾ ਅਤੇ 'ਮੇਗਨਵਾਰਤਿਮਕਾਈਨ' ਨੂੰ ਮੁਲਾਕਾਤ ਲਈ ਵਰਤਣ ਵਾਸਤੇ ਉਸ ਦੀ ਆਲੋਚਨਾ ਕਰਦਾ ਹੈ ਕਿਉਂਕਿ ਮਾਰਸਲ ਮੁਲਾਕਾਤ ਵਿਚ 'ਅਸਤਿਤਵੀ ਰਹੱਸ' ਨੂੰ ਵੀ ਸ਼ਾਮਿਲ ਮੰਨਦਾ ਹੈ, ਤਦ ਵੀ ਇਸ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਕਿ ਬੂਬਰ 'ਮੈਂ-ਤੂੰ' ਰਿਸ਼ਤੇ ਦੀ ਵਿਆਖਿਆ ਪੂਰਵ-ਬੋਧੀ, ਪੂਰਵ-ਵਰਗੀ ਅਤੇ ਪੂਰਵ-ਆਤਮਸਾਤੀ ਅਰਥਾਂ ਵਿਚ ਕਰਦਾ ਹੈ। ਇਹ ਰਿਸ਼ਤਾ ਬੂਬਰ ਅਨੁਸਾਰ ਪਰ ਦੀ ਪਛਾਣ ਉਸ ਦੀ ਸਮੁੱਚਤਾ ਵਿਚ ਕਰਦਾ ਹੈ। ਸਾਰਾ ਗਿਆਨ ਉਤਰ-ਸੰਵਾਦੀ ਅਤੇ ਪਰ 'ਤੂੰ' ਤੋਂ ਮਧਿਅਸਥ ਉਸਾਰੀ ਹੋ ਜਾਂਦਾ ਹੈ। ਬੂਬਰ ਦਾ ਧਰਮਆਵੇਸ਼ਿਤ ਵਿਸਫੋਟ ਉਸ ਦੀ ਸਾਰੀ ਪੁਸਤਕ ਵਿਚ ਪਾਰ-ਇਤਿਹਾਸਿਕ ਟੋਰਾਹ ਅਤੇ ਯਹੂਦੀਆਂ ਦੇ ਜਜ਼ਬ ਹੋ ਜਾਣ ਦੇ ਬਣੇ ਖਤਰੇ ਤੋਂ ਰੂਪ ਲੈਂਦਾ ਹੈ। ਜਰਮਨੀ ਦੇ ਪ੍ਰਸੰਗ ਵਿਚ ਬੂਬਰ ਦਾ ਯਹੂਦੀ ਸਮੱਸਿਆ ਦਾ ਹੱਲ-ਹਰਮਨ ਕੋਹਨ ਦੇ ਚਿੰਤਨ ਵਾਂਗ, ਸਹਿਹੋਂਦ ਅਤੇ ਅਜੇ ਵੀ ਜਰਮਨ ਸਭਿਆਚਾਰ ਦਾ ਭਾਗ ਰਹਿਣ ਵਿਚ—ਬੂਬਰ ਦੇ ਰੋਜ਼ਨਜ਼ਵਾਈਗ ਨਾਲ ਰਲ ਕੇ ਕੀਤੇ ਬਾਈਬਲ ਦੇ ਅਨੁਵਾਦ ਵਿਚੋਂ ਪ੍ਰਗਟ ਹੁੰਦਾ ਹੈ। ਕਲੌਸ ਰਾਈਚਰ ਅਨੁਸਾਰ (ਬੂਡਿਕ ਅਤੇ ਈਸਰ, 1996 : 173) ਬੂਬਰ, ਹੀਬਰਿਊ 'ahyeh asher iheya' ਦਾ ਜਰਮਨ ਵਿਚ 'Ich bin da' ਵਜੋਂ ਅਨੁਵਾਦ ਕਰਦਾ ਹੈ, ਇਸ ਅਨੁਵਾਦ ਵਿਚ ਰਾਈਚਰ ਅਨੁਸਾਰ "ਅਕਾਲ ਹੋਂਦ ਅਤੇ ਵਾਸਤਵਿਕ ਉਪਸਥਿਤੀ ਨੂੰ ਸਮੋ ਦਿੱਤਾ ਗਿਆ ਹੈ।" ਪ੍ਰਤੀਕਾਤਮਕ ਰੂਪ ਵਿਚ, ਬੂਬਰ ਹੀਬਰਿਊ ਅਤੇ ਜਰਮਨ ਨੂੰ ਵਿਸ਼ਾਲ ਜਰਮਨ ਸਭਿਆਚਾਰ ਵਿਚ ਸਹਿ-ਹੋਂਦ ਦੇ ਸਮਰੱਥ ਬਣਾਉਂਦਾ ਹੈ। ਰਾਈਚਰ ਸਮਝਦਾ ਹੈ ਕਿ 'da' ਜਰਮਨ ਵਿਚ ਬਹੁਤ ਅਮੀਰ ਅਤੇ ਬਹੁ-ਭਾਵੀ ਸ਼ਬਦ ਹੈ ਜਿਸ ਨੂੰ ਹਾਈਡਿਗਰ ਨੇ ਸਦੀਵਤਾ ਦਿੱਤੀ। ਇਕ ਜਰਮਨ ਵਿਦਵਾਨ ਜਾਨ ਐਸਮਨ, ਬੂਬਰ ਅਤੇ ਰੋਜ਼ਨਜ਼ਵਾਈਗ ਦੇ 'ਡਿਫ਼ਰਾਂਸਲੋਜੀਕਲ' ਜਤਨ ਨੂੰ ਮਗਰਲੀ 'ਪਰਤ' (ਅਦਰਨੈਸ) ਜਾਂ ਨਵੀਂ ਵਿਲੱਖਣਤਾ ਆਖੇਗਾ ਜੋ ਯਹੂਦੀ ਚਿੰਤਨ ਨੂੰ ਯੋਰਪ ਨਾਲ ਬੜੇ ਲੰਮੇ ਸਮੇਂ ਤੱਕ ਤਣਾਉ ਵਿਚ ਰਹਿਣ ਤੋਂ ਪਿੱਛੋਂ ਮਿਲੀ।

ਸੁਕਰਾਤ-ਪਲੇਟੋ ਦੀ ਪਰੰਪਰਾ ਨਾਲ ਸੰਬੰਧਿਤ ਯੋਰਪੀ ਦਰਸ਼ਨ ਨੂੰ ਮਧਿਅਸਥ ਅਤੇ ਪੁਨਰ-ਸਥਿਤ ਕਰਕੇ ਪੂਰਵ-ਬੋਧੀ ਅਤੇ ਪੂਰਵ ਬਾਹਰਮੁਖੀ-ਵਰਗਪ੍ਰੋਤ੍ਰ ਗਿਆਨ ਬਣਾਉਣ ਦਾ ਕਾਰਜ ਲੇਵਿਨਾਸ ਦੀਆਂ ਲਿਖਤਾਂ ਵਿਚ ਵਧੇਰੇ ਸ਼ਕਤੀ ਨਾਲ ਸਥਾਪਿਤ ਹੋਇਆ ਹੈ। ਮਾਰਵਿਕ ਬੂਬਰ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰਦਿਆਂ ਉਸ ਦੇ 'ਨਿੱਜੀਪਰਕ ਜ਼ਿੰਮੇਵਾਰੀ' ਦੇ ਵਿਚਾਰ ਨੂੰ ਲੈਵਿਨਾਸ ਇਸ ਪੁਰਾਤਨ ਟੈਲਮੁਡਿਕ ਅਭਿਵਿਅੰਜਨ ਨਾਲ

ਜੋੜਦਾ ਹੈ : "ਇਸਰਾਈਲ ਵਿਚ ਹਰ ਇਕ, ਇਕ ਦੂਜੇ ਵੱਲ ਜ਼ਿੰਮੇਵਾਰ ਹੈ।" (ਲੈਵਿਨਾਸ, 1993 : 35) ਲੈਵਿਨਾਸ 'ਨੈਤਿਕਾ' ਨੂੰ ਮੁਲਾਕਾਤ ਤੋਂ ਪੂਰਵ ਮੰਨਦਾ ਹੈ ਅਤੇ ਉਸ ਅਨੁਸਾਰ ਇਸ ਦੀ ਵਿਸ਼ੇਸ਼ਤਾ ਵਿਲੱਖਣਤਾ ਹੈ, ਮੈਂ ਦਾ ਦੁਹਰਾਉ ਨਹੀਂ। ਜਿਹੜਾ ਅਸਤਿਤਵ ਇਹ ਮੁਲਾਕਾਤ ਕਰਦਾ ਹੈ ਉਸ ਵਿਚ ਪਰ 'ਦਖਲ' ਦਿੰਦਾ ਹੈ ਅਤੇ ਇਹ ਅਸਤਿਤਵ 'ਉੱਦਮਸ਼ੀਲ' ਰਹਿੰਦਾ ਹੈ (ਉਹੀ, 3) ਦਰਮਿਆਨ ਦੀ ਸਪੇਸ ਰੋਸ਼ਨ ਹੁੰਦੀ ਹੈ ਅਤੇ ਰੱਬ ਤੱਕ ਪਹੁੰਚਦੀ ਹੈ। ਅਕ੍ਰਿਆਸ਼ੀਲ (ਸੁਆਗਤੀ) ਮੈਂ ਜੋ ਇਹ ਮੁਲਾਕਾਤ ਅਤੇ ਇਸ ਨਾਲ ਆਉਣ ਵਾਲੀ ਸੋਚ ਹੈ, ਲੈਵਿਨਾਸ ਅਨੁਸਾਰ, 'ਨਿੱਜਪਰਕਤਾ ਦਾ ਆਵੇਸ਼' (ਉਹੀ, 57) ਹੁੰਦਾ ਹੈ ਜੋ 'ਨੇੜ' ਅਤੇ 'ਸਮਾਜ' ਵਿਚ ਹੋਇਆ ਗਿਆਨ ਹੈ ਜਿਸ ਵਿਚ ਰੱਬ ਮਨੁੱਖ ਵੱਲ ਵਧਦਾ ਹੈ। ਇਹ 'ਇੱਕ ਦੂਜੇ ਨੂੰ ਪੂਰਵਲੇ ਨ ਅੰਤਰ' ਵਿਚ ਦੇਖਣਾ ਹੈ। ਸਮੁੱਚੇ ਤੌਰ ਤੇ ਲੈਵਿਨਾਸ ਦਾ ਚਿੰਤਨ ਯਹੂਦੀ ਵਿਸ਼ੇਸ਼ਤਾ ਦਾ ਦ੍ਰਿਸ਼ਟੀਕਰਨ ਹੈ ਜਿਸ ਦਾ ਆਧਾਰ ਟੋਰਾਹ ਦੀ ਪ੍ਰਤੱਗਿਆ ਉੱਤੇ ਅਤੇ ਅਸੰਗਿਤ, ਅਣਸਮਝੀ ਯਹੂਦੀ ਵਿਲੱਖਣਤਾ ਨਾਲ ਜੁੜੀ ਪਰੋਬਲੇਮਾਤਿਕ ਉੱਤੇ ਹੈ। ਦੇਰਿਦਾ ਜੋ ਫਰਾਂਸੀਸੀ-ਮਿਸਰੀ ਯਹੂਦੀ ਕਵੀ ਐਡਮੰਡ ਜਾਬੇ ਬਾਰੇ ਕਹਿੰਦਾ ਹੈ, ਲੇਵਿਨਾਸ ਬਾਰੇ ਵੀ ਸੱਚ ਹੈ : "......ਕਿ ਜੜ੍ਹਾਂ ਬੋਲਦੀਆਂ ਹਨ, ਸ਼ਬਦ ਬੋਲਣਾ ਚਾਹੁੰਦੇ ਹਨ ਅਤੇ ਕਾਵਿ ਪਰਵਚਨ ਜ਼ਖ਼ਮ ਵਿਚੋਂ ਫੁੱਟਦਾ ਹੈ......" (ਦੇਰਿਦਾ, 1978 : 64) ਜਜ਼ਬ ਕਰਨ ਅਤੇ ਹਜ਼ਮ ਕਰਨ ਵਾਲੀ ਏਕਤਾ ਉੱਤੇ ਦੇਰਿਦਾ ਨੇ ਬੜਾ ਸਖ਼ਤ, ਸਮੁਚਾ ਅਤੇ ਨਵੀਂ ਪਰਿਭਾਸ਼ਾ ਵਾਲਾ ਹਮਲਾ ਕੀਤਾ ਹੈ। ਉਹ ਆਪਣੇ ਕਲਾਸਿਕ ਨਿਬੰਧ 'ਡਿਫਰਾਂਸ' ਵਿਚ ਇਸ ਹਮਲੇ ਦਾ ਵਿਸਥਾਰ ਦਿੰਦਿਆਂ ਇਸ ਨੂੰ ਅਕ੍ਰਿਆਸ਼ੀਲਤਾ ਅਤੇ ਕ੍ਰਿਆਸ਼ੀਲਤਾ ਦਰਮਿਆਨ ਵਿਰੋਧ ਸਥਾਪਿਤ ਕਰਨ ਨਾਲ ਜੋੜਦਾ ਹੈ। ਇਸ ਨੂੰ ਉਹ "ਨ-ਪੂਰਨ, ਨ-ਸਾਦਾ ਮੂਲ" ਆਖਦਾ ਹੈ ਜੋ ਅੰਤਰਾਂ ਦਾ ਸੰਰਚਿਤ ਅਤੇ ਅੰਤਰਿਆਉਣ ਵਾਲਾ ਮੂਲ ਹੈ" (ਦੈਰਿਦਾ, 1973 : 141) ਦੈਰਿਦਾ ਦੀ ਮੌਲਿਕਤਾ ਇਸ ਵਿਚ ਹੈ ਕਿ ਉਸ ਨੇ ਪਰ ਨੂੰ ਚਿੰਤਨ ਵਿਚ ਅਤੇ ਸਾਰਥਕਤਾ ਵਿਚ ਸਮਝਣ ਲਈ ਨਿਰੰਤਰ ਸਥਗਨ ਜਾਂ ਦੇਰ ਉੱਤੇ ਬਲ ਦਿੱਤਾ ਹੈ। ਪਰ (ਜਾਂ ਦੂਜੇ) ਦਾ ਨ ਲਘੂਕਰਨ ਜਾਂ 'ਟ੍ਰੇਸ', ਜਿਵੇਂ ਉਹ ਕਹਿੰਦਾ ਹੈ, ਮਨੁੱਖੀ ਪਰ ਅਤੇ ਦੈਵੀ ਪਰ ਦੀ ਦੋਹਰੀ ਵਿਲੱਖਣਤਾ ਵੱਲ ਇਸ਼ਾਰਾ ਕਰਦਾ ਹੈ, ਨਾ-ਜਜ਼ਬ ਕੀਤੀ ਜਾ ਸਕਣ ਵਾਲੀ ਉਪਸਥਿਤੀ ਹੈ ਜਿਸ ਨੂੰ ਅਨੁਕਰਣ ਜਾਂ ਸਾਂਗ (ਸਿਮੂਲੈਕਰਾ) ਵੀ ਆਖਿਆ ਜਾ ਸਕਦਾ ਹੈ। ਦੈਰਿਦਾ ਕਹਿੰਦਾ ਹੈ, "ਟ੍ਰੇਸ ਕੋਈ ਉਪਸਥਿਤੀ ਨਹੀਂ, ਸਗੋਂ ਉਪਸਥਿਤੀ ਦਾ ਸਾਂਗ ਹੈ ਜੋ ਅਣਸਥਿਤ ਕਰਦੀ ਹੈ, ਨਿਰਦਾਸਿਤ ਕਰਦੀ ਹੈ ਅਤੇ ਆਪਣੇ ਆਪ ਤੋਂ ਪਾਰ ਦਾ ਹਵਾਲਾ ਦਿੰਦੀ ਹੈ।" (ਉਹੀ, 1956)। ਦੈਰਿਦਾ ਦੀ ਪਰ (ਅਦਰ) ਦੀ ਟ੍ਰੇਸ ਜਾਂ ਨ-ਲਘੂਕਰਨ ਉਸ ਦੇ ਗ੍ਰਾਮੇਟੋਲੋਜੀਕਲ ਚਿੰਨ੍ਹ ਸਾਜ਼ ਬਾਜ਼ ਕਰਨ ਵਾਲੇ ਮਨੋਵਾਦ ਅਤੇ 'ਲੋਗੋਸੈਂਟਰਿਕ' ਕਾਰਜਖੇਤਰ ਤੋਂ ਬਚਾਉਂਦੇ ਹਨ। ਦੈਰਿਦਾ ਦਾ ਚਿੰਨ੍ਹ ਜਿਸ ਅੰਤਰਾਤਮਕ ਕ੍ਰੀੜਾ ਤੋਂ ਉੱਭਰਦਾ ਹੈ, ਉਹਨੂੰ ਵਿਸ਼ਵ ਨੂੰ ਪਰਤੰਤਰ ਬਣਾਉਣ ਲਈ ਛੁਟਿਆਉਣ ਤੋਂ ਮੁਕਤ ਕਰ ਦਿੰਦਾ ਹੈ। ਨੀਟਸ਼ੇ ਦੀ ਰਚਨਾ ਜੀਨੀਆਲੋਜੀ ਔਫ ਮੌਰਲਜ਼ ਤੋਂ ਪ੍ਰਭਾਵਿਤ ਦੈਰਿਦਾ ਦੀ ਗ੍ਰਾਮੈਟੋਲੋਜੀ ਚਿੰਨ੍ਹ ਵਿਗਿਆਨ ਦੀ ਅਜਿਹੀ ਵਿਆਖਿਆ ਬਣ ਜਾਂਦੀ ਹੈ ਜਿਸ ਵਿਚ ਚਿੰਨ੍ਹ ਇਕ ਕ੍ਰੀੜਾਵੰਤ ਸ਼ਕਤੀ ਹੋ ਜਾਂਦਾ ਹੈ ਜੋ ਦੂਜਿਆਂ ਨੂੰ ਸਹਿ-ਹੋਂਦ ਜਾਂ ਲੈਵਿਨਾਸ ਦੇ ਸ਼ਬਦ ਵਿਚ 'ਸਹਿ-ਮੂਲ ਅੰਸ਼' ਵਿਚ ਪੇਸ਼ ਕਰਦਾ ਹੈ। ਬੂਬਰ, ਲੈਵਿਨਾਸ ਅਤੇ ਦੈਰਿਦਾ ਨੇ ਜੋ ਰੂਪ ਵਿਕਸਿਤ ਕੀਤਾ ਹੈ, ਉਹ ਪੱਛਮੀ ਅਰਥਾਂ ਵਿਚ ਦਾਰਸ਼ਨਿਕ ਨਿਬੰਧ ਨਹੀਂ, ਸਗੋਂ ਇਕ ਉਤਰਆਧੁਨਿਕ, ਉਤਰਦਾਰਸ਼ਨਿਕ ਜਾਂ ਉਤਰਧਾਰਮਿਕ ਡਿਫਰਾਂਸੀ ਅਸਤਿਤਵ ਲੇਖਨ ਹੈ। ਅਸਤਿਤਵੀ ਲੇਖਕ ਇੱਥੇ ਦੈਰਿਦਾ ਦੇ ਸੰਕਲਪ 'ਇਪਸੀਆਟੀ' (ਨਿੱਜਪਰਕਤਾ ਅਸਤਿਤਵਤਾ) ਦੇ ਅਰਥ ਨੈਤਿਕ ਆਦੇਸ਼ ਅਨੁਸਾਰ ਆਦਰਿਤ ਵਿਅਕਤੀਗਤ ਪਛਾਣ ਜਾਂ ਇਕ-ਮਾਤਰਤਾ ਹੈ।

ਜਦੋਂ ਲੋਇਨਲ ਟਰਿਲਿੰਗ ਨੇ ਆਪਣਾ ਮੈਥਿਊ ਆਰਨਲਡ ਸੰਬੰਧੀ ਕਲਾਸਿਕ ਅਧਿਐਨ 1939 ਵਿਚ ਪ੍ਰਕਾਸ਼ਿਤ ਕੀਤਾ, ਇਸ ਵਿਚ ਆਲੋਚਕ ਨੂੰ 'ਪੋਚਾਂ ਨੂੰ ਮਿਲਾਉਣ ਲਈ ਜਿਗਿਆਸਾ ਕਰਨ ਵਾਲੇ' ਵਜੋਂ ਪੇਸ਼ ਕੀਤਾ ਗਿਆ। ਇਸ ਦ੍ਰਿਸ਼ਟੀ ਪਿੱਛੇ, ਜਿਵੇਂ ਕਿ ਟਰਲਿੰਗ ਦੀ ਭੂਮਿਕਾ ਤੋਂ ਜ਼ਾਹਿਰ ਹੈ, ਨਾਜ਼ੀ ਜਰਮਨੀ ਅਤੇ ਸਟਾਲਿਨ ਦੇ ਰੂਸ ਵਿਚ ਮੌਜੂਦ ਯਹੂਦੀ ਪਰੋਬਲੇਮਾਤਿਕ ਅਤੇ ਸਾਮੀ ਵਿਰੋਧ ਪ੍ਰਤੀ ਸੰਵੇਦਨਸ਼ੀਲਤਾ ਸਨ। ਆਰਨਲਡ ਰਾਹੀਂ, ਟਰਿਲਿੰਗ ਨੇ 'ਨਿਰਪੇਖਵਾਦ' ਉੱਤੇ ਹਮਲਾ ਕੀਤਾ, ਆਪਣੇ ਇਕ ਪ੍ਰਤੀਨਿਧ ਨਿਬੰਧ 'ਵਰਡਜ਼ਵਰਥ ਐਂਡ ਰਬਾਈਸ' ਵਿੱਚ ਜੋ ਉਸ ਦੀ ਪੁਸਤਕ 'ਦ ਅਪੋਜ਼ਿੰਗ ਸੈਲਫ਼' (1950) ਵਿਚ ਸ਼ਾਮਿਲ ਹੈ,

ਟਰਿਲਿੰਗ ਨੇ ਆਪਣਾ ਧਿਆਨ ਵਰਡਜਵਰਥ ਦੇ ਅਸਤਿਤਵ ਨਾਲ ਸਰੋਕਾਰ ਉੱਤੇ ਕੇਂਦਰਿਤ ਕੀਤਾ। ਟਰਿਲਿੰਗ ਨੇ ਵਰਡਵਰਥ ਦੇ ਇਸ ਸਰੋਕਾਰ ਨੂੰ ਰੈਬਾਈ ਜੇਹੂਡਾ ਦ ਪ੍ਰਿੰਸ ਦੇ ਸੰਪਾਦਿਤ ਦੂਜੀ ਸਦੀ ਈਸਵੀ ਵਿਚ ਰਚੇ ਯਹੂਦੀ ਕਲਾਸਿਕ 'ਪੋਰਕ ਐਬੋਥ' ਨਾਲ ਸੰਬੰਧਿਤ ਕਰਕੇ ਦੇਖਿਆ। ਟਰਿਲਿੰਗ ਦੇ ਵਰਡਜਵਰਥ ਦੇ ਅਸਤਿਤਵ ਸੰਬੰਧੀ ਵਿਚਾਰ ਨੂੰ ਕੇਵਲ ਸ਼ਿੱਦਤ ਨਾਲ ਦੈਵੀ ਅਨਾਤਮ ਨਾਲ ਜੁੜੇ ਯਹੂਦੀ ਅਸਤਿੱਤਵ ਦੇ ਨੇੜੇ ਹੋਣ ਵਜੋਂ ਹੀ ਵਿਆਖਿਆ ਨਹੀਂ ਕੀਤੀ ਸਗੋਂ ਇਹ ਵੀ ਦਰਸਾਇਆ ਕਿ ਇਸ ਵਿਚ ਨੀਟਸ਼ੇ ਦੀ ਫਾਸ਼ਿਸ਼ਟ ਪ੍ਰਕਾਰ ਦੀ ਇੱਛਾ-ਸ਼ਕਤੀ ਨਹੀਂ, ਵਰਡਜਵਰਥ ਦੀ ਇੱਛਾ-ਸ਼ਕਤੀ ਆਪਣਾ ਨਿਸ਼ੇਧ ਚਾਹੁੰਦੀ ਹੈ। ਵਰਡਜਵਰਥ ਨੂੰ ਯਹੂਦੀ ਬਣਾ ਕੇ ਅਤੇ ਯਹੂਦੀ ਨੂੰ ਪੱਛਮੀ ਜਾਂ ਵਰਡਜਵਰਥੀ ਰੂਪ ਦੇ ਕੇ, ਟਰਿਲਿੰਗ ਦੋਹਾਂ ਦੀ ਬੇਗਾਨਗੀ ਨੂੰ ਘਟਾ ਰਿਹਾ ਸੀ ਅਤੇ ਨਾਲ ਹੀ ਨਿਜੀ ਅਸਤਿੱਤਵ ਨੂੰ 'ਅਣਉਲਥਾ ਯੋਗਤਾ' ਦੇ ਤੌਰ ਤੇ ਸਵੀਕਾਰ ਕਰਵਾਉਣ ਉੱਤੇ ਬਲ ਦੇ ਰਿਹਾ ਸੀ। ਇਸ ਪ੍ਰਕਾਰ ਦੀ ਵਿਆਖਿਆ ਨੂੰ 'ਅਣਪਾਰਗਾਮਤਾ ਦੀ ਵਿਆਖਿਆ' ਵੀ ਆਖਿਆ ਗਿਆ ਹੈ। (ਬੂਡਿਕ ਅਤੇ ਈਸਰ, 1996 : 142) ਉਲਥਾਯੋਗਤਾ ਅਤੇ ਅਣ-ਉਲਥਾ-ਯੋਗਤਾ ਦੀ ਸਮਵਰਤੀ ਸਵੀਕ੍ਰਿਤੀ ਯਹੂਦੀ ਪ੍ਰਸ਼ਨ ਵਿਚ ਸਥਿਤ ਹੈ ਅਤੇ ਇਸ ਨਾਲ ਟਰਿਲਿੰਗ ਨੇ ਆਲੋਚਨਾ-ਅਭਿਆਸ ਨੂੰ ਵੀ ਨਵ-ਪਰਿਭਾਸ਼ਤ ਕੀਤਾ ਹੈ। ਐਮਿਲੀ ਮਿਲਰ ਬੂਡਿਕ ਨੇ ਪਿੱਛੇ ਜਿਹੇ ਇਹ ਸੁਝਾਅ ਦਿੱਤਾ ਹੈ ਕਿ ਟਰਿਲਿੰਗ ਦੇ ਅਸਤਿੱਤਵ ਨਾਲ ਸਰੋਕਾਰ ਨੂੰ ਰੂਪ ਦੇਣ ਵਿਚ ਜਰਮਨੀ ਵਿਚ ਵਾਪਰੇ ਯਹੂਦੀਆਂ ਦੇ 'ਮਹਾਂਨਾਸ਼' ਨੇ ਸ਼ਕਤੀਵਰ ਭਾਗ ਪਾਇਆ ਹੈ। (ਬੂਡਿਕ ਅਤੇ ਈਸਰ, 1996 : 41)

ਸਿਧਾਂਤ ਅਤੇ ਅਭਿਆਸ ਦੇ ਪ੍ਰਤਿਪਾਲਕ, ਸਾਹਿਤਿਕ ਟੈਪਰ ਨੂੰ ਮੋਡਲ ਮੰਨਣ ਵਾਲੇ ਮੱਰੇ ਕਰੀਗਰ ਨੇ ਕਦੇ ਆਪਣੇ ਯਹੂਦੀ ਸਰੋਕਾਰ ਦਾ ਐਲਾਨ ਨਹੀਂ ਕੀਤਾ, ਜਿਵੇਂ ਕਿ ਟਰਿਲਿੰਗ ਅਤੇ ਉਸ ਦੀ ਪਤਨੀ ਡਾਇਨਾ ਨੇ ਕੀਤਾ ਹੈ, ਤਾਂ ਵੀ ਉਸ ਦੇ ਵਚਨਬੱਧਤਾ ਨਾਲ ਕਾਵਿ-ਟੈਕਸਟ ਨੂੰ (ਕਾਫ਼ੀ ਪਹਿਲਾਂ 1969 ਵਿਚ) 'ਵਿਰੋਧਾਭਾਸੀ' ਅਤੇ 'ਮਧਿਅਸਥਤਾ' ਅਤੇ 'ਅਸਤਿਤਵੀ' ਵਿਚ ਸਥਿਤ, 'ਪਵਿੱਤਰ ਰਾਬਤਾ (ਸਿੰਗਲਟਨ ਸੰਪਾ. 1969 : 226) ਤਕ ਪਹੁੰਚਣ ਵਾਲੀ ਆਖ ਕੇ ਇਸ ਦੀ ਵਿਆਖਿਆ ਕੀਤੀ ਹੈ। ਕਰੀਗਰ 'ਪਾਠ ਦੀ ਸੁਤੰਤਰ ਜਣਨਸ਼ੀਲ ਸ਼ਕਤੀ' ਸਥਾਪਿਤ ਕਰਦਾ ਹੈ ਜੋ ਵਿਚਾਰਧਾਰਾ ਦੇ ਦਮਨ ਨੂੰ ਰੋਕਦੀ ਹੈ ਅਤੇ 'ਵਿਸ਼ਵਾਰਥ ਵਿਰੋਧੀ ਸਮਰਪਣ' ਨੂੰ ਪ੍ਰਤੱਖ ਕਰਦੀ ਹੈ। ਜੇ ਅਸੀਂ ਇਸ ਵਿਚਾਰ ਦੀ ਡੂੰਘਿਆਈ ਵਿਚ ਜਾਈਏ ਤਾਂ ਇਸ ਪਿੱਛੇ ਕਾਵਿ ਟੈਕਸਟ ਦੀ ਉਹ ਵਿਸ਼ੇਸ਼ਤਾ ਕੰਮ ਕਰਦੀ ਹੈ ਜਿਸ ਲਈ ਮੋਡਲ ਯਹੂਦੀ ਇਲਹਾਮ ਅਤੇ ਰੱਬ ਵਲੋਂ ਅਧਿਅਸਥ ਸ਼ਬਦ : ਜੋ ਨਾਜ਼ੀ ਅਤੇ ਸਟਾਲਨੀ ਲਘੂਕਰਨ ਦੀ ਪ੍ਰਭੁਤਾ ਸਵੀਕਾਰ ਕਰਨੋਂ ਇਨਕਾਰ ਕਰਦਾ ਹੈ। ਕਰੀਗਰ ਵਲੋਂ ਸਿਧਾਂਤ ਦੀ ਰੱਖਿਆ ਕਿਉਂਕਿ ਇਹ ਲਘੂਕਰਨ ਵਿਰੋਧੀ ਅਤੇ ਅਣਉਲਥਾਯੋਗ ਕਾਵਿ ਟੈਕਸਟ ਦੇ ਹੱਕ ਵਿਚ ਖੜ੍ਹਦਾ ਹੈ, ਉਸ ਯਹੂਦੀ ਸਰੋਕਾਰ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ ਜੋ ਯੂਰਪ ਵਿਚ ਯਹੂਦੀ ਅਸਤਿੱਤਵ ਦੇ ਜਜ਼ਬ ਹੋਂਦ ਅਤੇ ਪੂਰੀ ਤਰ੍ਹਾਂ ਅਨੁਵਾਦਿਤ ਕਰਨ ਦੇ ਖਤਰੇ ਨਾਲ ਸੰਬੰਧਿਤ ਹੈ।

ਇਸ ਸੰਖੇਪ ਨਿਬੰਧ ਦਾ ਨਿਸ਼ਕਰਸ਼ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਦੀਆਂ ਐਲਿਗੁਰੀਆਂ, ਪੂਰਨ ਸਿੰਘ ਦੀ ਸ਼ਕਤੀਵਰ, ਜੰਗ ਨਾਲ ਬਦਲੀ ਖੁਲ੍ਹੀ ਕਵਿਤਾ, ਬੂਬਰ, ਲੈਵਿਨਾਸ ਅਤੇ ਦੈਰਿਦਾ ਦੀ ਅੰਤਰਾਤਮਕ (ਡਿਫਰਾਂਸਲੋਜੀਕ ਦਰਸ਼ਨ), ਟਰਿਲਿੰਗ ਦੀ ਨ-ਪਾਰਗਾਮੀ ਆਲੋਚਨਾ, ਜੋ ਕਾਵਿ-ਟੈਕਸਟ ਨੂੰ ਮਹੱਤਵ ਦੇਣ ਵਾਲੀ ਅਤੇ ਪਵਿੱਤਰ ਰਾਬਤਾ ਤੱਕ ਪਹੁੰਚਾਉਣ ਵਾਲੀ ਰਚਨਾ ਮੰਨਦੀ ਹੈ, ਮਰੇ ਕਰੀਗਰ ਦਾ ਸਿਧਾਂਤ-ਕੇਂਦਰਿਤ ਆਲੋਚਨਾਤਮਿਕ ਅਭਿਆਸ, ਕਾਵਿ-ਰੂਪ ਨੂੰ ਨਵੇਂ ਸਿਰਿਉਂ ਪਰਿਭਾਸ਼ਿਤ ਕਰਨ ਲਈ ਕੀਤੇ ਬਲਵਾਨ ਜਤਨ ਹਨ। ਭਾਵੇਂ ਇਹ ਜਤਨ ਆਪਣੇ ਉਸ ਸਭਿਆਚਾਰ ਪਰੋਬਲੇਮਾਤਿਕ ਵਿਚ ਸਥਿਤ ਹਨ ਜੋ ਇਤਿਹਾਸ ਦੇ ਅੰਦਰ ਅਤੇ ਬਾਹਰ, ਇਤਿਹਾਸ ਅਤੇ ਸਿਮਰਤੀ ਦੇ ਦਰਮਿਆਨ ਤਣਾਉ ਅਤੇ ਰਿਸ਼ਤੇ ਨੂੰ ਪ੍ਰਗਟ ਕਰਦੇ ਹਨ।

**ਸਹਾਇਕ ਪੁਸਤਕਾਂ**


Boyarin, Jonathan. *Thinking in Jewish.* Chicago and London : The University of Chicago Press. 1996

Bubar, Martin.. *I and Thou.* Translated by Walter Kaufmann, New York : Charles Scribner's Sons. 1970

Budick, Sanford and Wolfgang Iser (ed.) *The Translatability of Cultures.* Stanford :

Stanford University Press. 1996

Clifford, James (ed.). *Writing Culture.* Berkeley, Los Angeles, London : University of California Press. 1986

Derrida, Jacques. *Speech and Phenomena.* Translated by David B. Alison and Newton Garver. Evanston : Northwestern University Press. 1973

Derrida, Jacques, *Writing and Difference.* Translated by Alan Bass. London and Henley : Routledge & Kegan Paul. 1978

Dumony, Louis. *Homo Hierarchichus.* Delhi : Oxford University Press. 1970

Gobind Singh, Guru, *Bachitra Natak, Chandi di Var* (Var Durga Ki), *Japu, Akal Ustat,* included in *Shabdarth Dasam Granth Sahib.* Patiala : Punjabi University. 1973

Jewish Bible, *The : The Tanakh. Philadelphia, Jerusalem* : The Jewish Publication Society. 1985

Krieger, Murray. *The Institution of Theory.* Baltimore & London : The Johns Hopkins University Press.

Levinas, Emanuel, *Outside the Subject.* Translated by Michael B. Smith. Stanford : Stanford University Press. 1994

Singh, Gurbhagat, *'Chandi di Var'*, contributed to *The Encyclopaedia of Sikhism.* Edited by Harbans Singh. Patiala : Punjabi University. 1992

Singh, Puran. *Khuleh Ghund.* Included in *Puran Singh : Jeevani ate Kavita.* Edited by M. S. Randhawa. New Delhi : Sahitya Akademi. 1965

Singleton, Charles S (ed.) *Interpretation : Theory and Practice.* Baltimore : The Johns

## ਗੁਰੂ ਤੇਗ ਬਹਾਦਰ ਜੀਵਨ ਤੇ ਦਰਸ਼ਨ

1. *ਗੁਰੂ ਤੇਗ ਬਹਾਦਰ, ਜੀਵਨ ਤੇ ਰਚਨਾ* : ਫੌਜਾ ਸਿੰਘ, ਤਾਰਨ ਸਿੰਘ 18-50 ਰੁਪਏ
2. *ਗੁਰੂ ਤੇਗ ਬਹਾਦਰ, ਜੀਵਨ ਤੇ ਸਿਖਿਆ* : ਤਾਰਨ ਸਿੰਘ 40-00 ਰੁਪਏ
3. *ਗੁਰੂ ਤੇਗ ਬਹਾਦਰ, ਜੀਵਨ ਸੰਦੇਸ਼ ਤੇ ਸ਼ਹਾਦਤ* : ਤਾਰਨ ਸਿੰਘ (ਸੰਪਾ.) 145-00 ਰੁਪਏ
4. *ਗੁਰੂ ਤੇਗ ਬਹਾਦਰ, ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ* : ਫੌਜਾ ਸਿੰਘ (ਸੰਪਾਦਕ) 45-00 ਰੁਪਏ
5. *ਗੁਰੂ ਤੇਗ ਬਹਾਦਰ ਮਾਰਗ-ਪੰਜਾਬ* : ਸੁਖਦਿਆਲ ਸਿੰਘ 70-00 ਰੁਪਏ
6. *ਗੁਰੂ ਤੇਗ ਬਹਾਦਰ, ਬਾਣੀ, ਤੁਕ ਤਤਕਰਾ, ਸ਼ਬਦ ਅਨੁਕ੍ਰਮਣਿਕਾ*
7. *ਨੌਵੀਂ ਪਾਤਸ਼ਾਹੀ : ਸੰਖਿਪਤ ਜੀਵਨੀ ਤੇ ਗੁਰਬਾਣੀ* 40-00 ਰੁਪਏ

**ਪਬਲੀਕੇਸ਼ਨ ਬਿਊਰੋ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਗੁਰੂ ਗੋਬਿੰਦ ਸਿੰਘ ਦੀ ਨਵੀਂ ਸਮਾਜੀ ਬਣਤਰ ਦਾ ਸੰਕਲਪ

ਮਹੀਪ ਸਿੰਘ

ਕਿਸੇ ਵੀ ਮਹਾਨ ਸ਼ਖ਼ਸੀਅਤ ਦੀ ਮਹਾਨਤਾ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਮਨੁੱਖ ਦੇ ਅੰਦਰਲੇ ਤੇ ਬਾਹਰਲੇ ਸੰਸਾਰ ਨੂੰ ਨਿਆਂ-ਪੂਰਨ, ਸੁਚੱਜਾ ਅਤੇ ਭਰਪੂਰ ਬਣਾਉਣ ਲਈ ਉਹ ਕੀ ਸੁਨੇਹਾ ਦਿੰਦਾ ਹੈ, ਕਿਹੜੇ ਰਾਹ ਦੱਸਦਾ ਹੈ ਅਤੇ ਆਪਣੇ ਜੀਵਨ ਰਾਹੀਂ ਕਿਹੋ ਜਿਹੀ ਪ੍ਰੇਰਨਾ ਦਿੰਦਾ ਹੈ। ਮਨੁੱਖ ਦਾ ਜੀਵਨ ਇਕੱਲਾ ਤੇ ਇਕਾਂਗੀ ਨਹੀਂ ਹੁੰਦਾ। ਉਸ ਦਾ ਆਪਣੇ ਆਲੇ-ਦੁਆਲੇ ਨਾਲ, ਆਪਣੇ ਪਰਿਵੇਸ਼ ਨਾਲ, ਆਪਣੇ ਸਮਾਜ ਨਾਲ ਡੂੰਘਾ ਤੇ ਅਨਿੱਖੜਵਾਂ ਸੰਬੰਧ ਹੁੰਦਾ ਹੈ। ਇਸ ਲਈ ਹਰ ਉੱਚ ਸ਼ਖ਼ਸੀਅਤ ਵਿਅਕਤੀ ਨੂੰ ਆਪਣੇ ਬਾਰੇ ਅਤੇ ਆਪਣੇ ਸਮਾਜ ਬਾਰੇ ਜਾਗਰੂਕ, ਕਰਤੱਵਸ਼ੀਲ ਅਤੇ ਜ਼ਿੰਮੇਵਾਰ ਬਣਾਉਣ ਦਾ ਯਤਨ ਕਰਦੀ ਹੈ।

ਗੁਰੂ ਗੋਬਿੰਦ ਸਿੰਘ ਦੀ ਸਮਾਜਕ ਦ੍ਰਿਸ਼ਟੀ ਨੂੰ ਉਹਨਾਂ ਵਲੋਂ ਰਚਿਤ ਇਕ ਕਬਿੱਤ ਦੀ ਸਿਰਫ਼ ਇਕ ਤੁੱਕ ਨਾਲ ਪਰਿਭਾਸ਼ਤ ਕੀਤਾ ਜਾ ਸਕਦਾ ਹੈ :

*ਮਾਨਸ ਕੀ ਜਾਤਿ, ਸਬੈ ਏਕੈ ਪਹਚਾਨਬੋ ॥* (ਦਸਮ ਗ੍ਰੰਥ, ਅਕਾਲ ਉਸਤਤ)

ਸੰਸਾਰ ਵਿਚ ਦੋ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਪ੍ਰਚਲਿਤ ਰਹੀਆਂ ਹਨ। ਇਕ ਵਿਚਾਰਧਾਰਾ ਮੰਨਦੀ ਹੈ ਕਿ ਕੁਝ ਜੀਵ ਵਧੇਰੇ ਤਾਕਤਵਰ ਅਤੇ ਕੁਝ ਕਮਜ਼ੋਰ ਹੁੰਦੇ ਹਨ। ਕੁਝ ਵੱਡੇ ਅਤੇ ਕੁਝ ਨਿੱਕੇ ਹੁੰਦੇ ਹਨ। ਸਾਰੇ ਮਨੁੱਖ ਬਰਾਬਰ ਨਹੀਂ ਹੁੰਦੇ। ਆਪਣੇ ਵਰਣ, ਰੰਗ, ਜਨਮ, ਖ਼ਾਨਦਾਨ, ਵਿੱਦਿਆ, ਤਾਕਤ, ਦੌਲਤ, ਨਕਸ਼ ਆਦਿ ਅਨੇਕ ਗੱਲਾਂ ਕਰਕੇ ਮਨੁੱਖਾਂ ਵਿਚ ਅਸਮਾਨਤਾ ਜਾਂ ਗੈਰਬਰਾਬਰੀ ਹੁੰਦੀ ਹੈ। ਭਾਰਤ ਵਿਚ ਪ੍ਰਾਚੀਨ ਸਮਾਜ ਵਿਵਸਥਾ ਇਸੇ ਗ਼ੈਰ ਬਰਾਬਰੀ ਦੇ ਸਿਧਾਂਤ ਤੇ ਟਿਕੀ ਹੋਈ ਸੀ। ਇਸ ਵਿਵਸਥਾ ਨੂੰ ਪੌੜੀ ਵਿਵਸਥਾ ਕਿਹਾ ਜਾ ਸਕਦਾ ਹੈ, ਜਿਹੜੀ ਥੱਲਿਉਂ ਉੱਤੇ ਵੱਲ ਜਾਂਦੀ ਹੈ। ਫਿਰ ਉੱਤੋਂ ਥੱਲੇ ਵੱਲ ਆਉਂਦੀ ਹੈ। ਹਿੰਦੂ ਵਰਣ ਵਿਵਸਥਾ ਦਾ ਇਹੋ ਆਧਾਰ ਹੈ। ਮਨੂ ਲਿਖਦਾ ਹੈ ਕਿ ਬ੍ਰਾਹਮਣ ਸਭ ਤੋਂ ਉੱਚਾ ਹੈ ਕਿਉਂਕਿ ਉਹ ਬ੍ਰਹਮਾ ਦੇ ਮੂੰਹ ਤੋਂ ਪੈਦਾ ਹੁੰਦਾ ਹੈ। ਉਸ ਤੋਂ ਥੱਲੇ ਛੱਤਰੀ ਹੈ ਜੋ ਬ੍ਰਹਮਾ ਦੀਆਂ ਬਾਹਵਾਂ ਤੋਂ ਜਨਮ ਲੈਂਦਾ ਹੈ। ਉਸ ਤੋਂ ਥੱਲੇ ਵੈਸ਼ ਹੈ ਜਿਸਦਾ ਜਨਮ ਬ੍ਰਹਮਾ ਦੀਆਂ ਜੰਘਾਂ ਤੋਂ ਹੁੰਦਾ ਹੈ ਅਤੇ ਸ਼ੂਦਰ ਸਭ ਤੋਂ ਨੀਵਾਂ ਹੈ ਕਿਉਂਕਿ ਉਹ ਬ੍ਰਹਮਾ ਦੇ ਪੈਰਾਂ ਤੋਂ ਉਤਪੰਨ ਹੋਇਆ ਹੈ।

ਊਚ-ਨੀਚ ਦਾ ਇਹ ਭਾਵ ਕਿਸੇ ਨਾ ਕਿਸੇ ਰੂਪ ਵਿਚ ਸੰਸਾਰ ਦੇ ਹਰ ਦੇਸ਼, ਹਰ ਕੌਮ ਤੇ ਹਰ ਸਮੂਹ ਵਿਚ ਹੈ। ਯੂਰਪ ਦੇ ਵਾਸੀ ਗੋਰੇ, ਅਫ਼ਰੀਕਾ ਦੇ ਕਾਲਿਆਂ ਤੋਂ ਅਤੇ ਏਸ਼ੀਆ ਦੇ ਭੂਰਿਆਂ ਤੋਂ ਆਪਣੇ ਆਪ ਨੂੰ ਵੱਡਾ ਤੇ ਉੱਚਾ ਸਮਝਦੇ ਹਨ। ਪੰਜਾਬ ਦਾ ਖੱਤਰੀ ਆਪਣੇ ਆਪ ਨੂੰ ਜੱਟ ਤੋਂ, ਜੱਟ ਤਰਖਾਣ ਤੋਂ ਅਤੇ ਤਰਖਾਣ ਕਿਸੇ ਦੂਜੇ ਤੋਂ ਆਪਣੇ ਆਪ ਨੂੰ ਉੱਚਾ ਸਮਝਦਾ ਹੈ।

ਦੂਜੀ ਵਿਚਾਰਧਾਰਾ ਉਹ ਹੈ ਜਿਹੜੀ ਸਾਰੀ ਮਨੁੱਖ ਜਾਤੀ ਨੂੰ ਇਕ ਸਮਾਨ ਸਮਝਦੀ ਹੈ। ਸੰਪੂਰਨ ਸਿੱਖ ਵਿਚਾਰਧਾਰਾ ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦੀ ਹੈ। ਗੁਰੂ ਗੋਬਿੰਦ ਸਿੰਘ ਦਾ ਵਿਚਾਰ ਸੀ ਕਿ ਮਨੁੱਖਾਂ ਵਿਚ ਰੰਗ, ਵਰੁਣ, ਕਿੱਤਾ ਜਾਂ ਹੋਰ ਕਿਸੇ ਵੀ ਕਾਰਨ ਜਿਹੜੀ ਵਿਭਿੰਨਤਾ ਨਜ਼ਰ ਆਉਂਦੀ ਹੈ ਉਹ ਬਾਹਰੀ ਦਿਖਾਵਾ ਮਾਤਰ ਹੈ। ਮੂਲਰੂਪ ਵਿਚ ਉਸ ਵਿਚ ਕੋਈ ਭੇਦ ਜਾਂ ਅੰਤਰ ਨਹੀਂ।

*ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ;*
*ਮਾਨਸ ਸਬੈ ਏਕ, ਪੈ ਅਨੇਕ ਕੋ ਭ੍ਰਮਾਉ ਹੈ ॥*
*ਦੇਵਤਾ ਅਦੇਵ, ਜੱਛ ਗੰਧ੍ਰਬ ਤੁਰਕ ਹਿੰਦੂ;*

*ਨਿਆਰੇ ਨਿਆਰੇ ਦੇਸਨ ਕੇ, ਭੇਸ ਕੋ ਪ੍ਰਭਾਊ ਹੈ ॥*
*ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ;*
*ਖਾਕ ਬਾਦ ਆਤਿਸ, ਔ ਆਬ ਕੋ ਰਲਾਊ ਹੈ ॥*
*ਅੱਲਹ ਅਭੇਖ ਸੋਈ, ਪੁਰਾਨ ਅਉ ਕੁਰਾਨ ਓਈ;*
*ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ ॥* (ਦਸਮ ਗ੍ਰੰਥ, ਪੰਨਾ ੧੯)

ਗੁਰੂ ਗੋਬਿੰਦ ਸਿੰਘ ਜੀ ਵਾਰ ਵਾਰ ਇਕ ਗੱਲ ਤੇ ਜ਼ੋਰ ਦਿੰਦੇ ਹਨ ਕਿ ਦਿੱਸਣ ਵਾਲੇ ਸੰਸਾਰ ਦੇ ਅਨੇਕ ਅੰਗਾਂ, ਉਪ-ਅੰਗਾਂ ਦੇ ਮੂਲ ਵਿਚ ਇਕ ਪਰਮ ਸ਼ਕਤੀ ਨਿਵਾਸ ਕਰਦੀ ਹੈ। ਸਭ ਕੁਝ ਉਸੇ ਤੋਂ ਉਤਪੰਨ ਹੁੰਦਾ ਹੈ ਅਤੇ ਅੰਤ ਵਿਚ ਉਸੇ ਵਿਚ ਸਮਾ ਜਾਂਦਾ ਹੈ। ਜਿਵੇਂ ਅੱਗ ਦੀਆਂ ਕਿਰਨਾਂ ਨਿਕਲ ਕੇ ਅਗਨੀ ਵਿਚ ਹੀ ਮਿਲ ਜਾਂਦੀਆਂ ਹਨ, ਨਦੀ ਦੀਆਂ ਤਰੰਗਾਂ ਮੁੜ ਨਦੀ ਵਿਚ ਹੀ ਵਿਲੀਨ ਹੋ ਜਾਂਦੀਆਂ ਹਨ, ਤੇ ਧੂੜ ਦੇ ਗ਼ੁਬਾਰ ਧੂੜ ਵਿਚ ਹੀ ਮਿਲ ਜਾਂਦੇ ਹਨ। ਤਿਵੇਂ ਹੀ ਅਕਾਲ ਪੁਰਖ ਦੇ ਵਿਸ਼ਵ ਰੂਪ ਤੋਂ ਅਨੇਕ ਰੂਪ ਪ੍ਰਗਟ ਹੁੰਦੇ ਹਨ ਤੇ ਫਿਰ ਉਸੇ ਵਿਚ ਸਮਾ ਜਾਂਦੇ ਹਨ।

*ਜੈਸੇ ਏਕ ਆਗ ਤੇ, ਕਨੂਕਾ ਕੋਟਿ ਆਗ ਉਠੈਂ;*
*ਨਿਆਰੇ ਨਿਆਰੇ ਹੁਇ ਕੈ, ਫੇਰਿ ਆਗ ਮੈ ਮਿਲਾਹਿੰਗੇ ॥*
*ਜੈਸੇ ਏਕ ਧੂਰਿ ਤੇ, ਅਨੇਕ ਧੂਰਿ ਪੂਰਤ ਹੈਂ;*
*ਧੂਰਿ ਕੇ ਕਨੂਕਾ ਫੇਰ, ਧੂਰਿ ਹੀ ਸਮਾਹਿੰਗੇ ॥*
*ਜੈਸੇ ਏਕ ਨਦ ਤੇ, ਤਰੰਗ ਕੋਟਿ ਉਪਜਤ ਹੈਂ;*
*ਪਾਨਿ ਕੇ ਤਰੰਗ ਸਬੈ, ਪਾਨਿ ਹੀ ਕਹਾਹਿੰਗੇ ॥*
*ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ;*
*ਤਾ ਹੀ ਤੇ ਉਪਜਿ ਸਬੈ, ਤਾਹੀ ਮੈਂ ਸਮਾਹਿੰਗੇ ॥* (ਦਸਮ ਗ੍ਰੰਥ, ਪੰਨਾ ੧੯, ੨੦)

ਲੋਕਾਂ ਦੀ ਜ਼ਿੰਦਗੀ ਵਿਚ ਚਾਨਣ ਮੁਨਾਰਾ ਬਣਨ ਵਾਲੀ ਹਰ ਮਹਾਨ ਸ਼ਖ਼ਸੀਅਤ ਲੋਕਾਂ ਨੂੰ ਜਿਸ ਧਰਮ ਦਾ ਰਾਹ ਦੱਸਦੀ ਹੈ, ਉਹ ਧਰਮ ਕੇਵਲ ਮਨੁੱਖ ਦੀਆਂ ਅਧਿਆਤਮਿਕ ਲੋੜਾਂ ਨੂੰ ਹੀ ਨਹੀਂ ਪੂਰਾ ਕਰਦਾ, ਉਸ ਨੂੰ ਜ਼ੁਲਮ ਅਤੇ ਅਨਿਆਂ ਨਾਲ ਲੜਨ, ਠੁਕਰਾਏ, ਲਤਾੜੇ ਅਤੇ ਗੁਲਾਮ ਬਣਾਏ ਗਏ, ਵਿਅਕਤੀਆਂ ਦੀ ਅਜ਼ਾਦੀ ਦਾ ਰਾਹ ਵੀ ਵਿਖਾਂਦਾ ਹੈ।

ਆਪਣੇ ਵੇਲੇ ਦੇ ਹਾਕਮਾਂ ਦੇ ਜ਼ੁਲਮ, ਅਨਿਆਂ ਅਤੇ ਹਕੂਮਤ ਦੇ ਅੰਨ੍ਹੇ ਨਸ਼ੇ ਨੂੰ ਗੁਰੂ ਨਾਨਕ ਸਾਹਿਬ ਨੇ 'ਰਾਜੇ ਸੀਂਹ ਮੁਕੱਦਮ ਕੁੱਤੇ' ਆਖ ਕੇ ਭੰਡਿਆ। ਜ਼ੁਲਮ ਅਤੇ ਅਨਿਆਂ ਨਾਲ ਲੜਨ ਦਾ ਜਜ਼ਬਾ ਵੀ ਲੋਕਾਂ ਅੰਦਰ ਪੁੰਗਰਨਾ ਸ਼ੁਰੂ ਹੋ ਗਿਆ ਸੀ ਅਤੇ 'ਪੰਥ' ਦੇ ਰੂਪ ਵਿਚ ਇਕ ਸੰਗਠਨ ਜਾਂ ਜਥੇਬੰਦੀ ਦਾ ਰੂਪ ਵੀ ਉਭਰਨ ਲੱਗ ਪਿਆ ਸੀ। ਅਜਿਹੀ ਜਥੇਬੰਦੀ ਨਿਰੋਲ ਧਾਰਮਿਕ ਰਹਿੰਦੀ, ਲੋਕਾਂ ਨੂੰ ਸਿਰਫ਼ ਭਗਤੀ ਦਾ ਮਾਰਗ ਦੱਸਦੀ ਅਤੇ ਵੇਲੇ ਦੀ ਹਕੂਮਤ ਨਾਲ ਕਿਸੇ ਵੀ ਤਰ੍ਹਾਂ ਦੇ ਟਕਰਾਓ ਤੋਂ ਆਪਣੇ ਆਪ ਨੂੰ ਬਚਾਉਂਦੀ ਰਹਿੰਦੀ ਤਾਂ ਆਮ ਪੰਥਾਂ, ਮਤਾਂ, ਸੰਪਰਦਾਵਾਂ ਵਾਂਗ ਇਸ ਦਾ ਰੂਪ ਵੀ ਬਣਿਆ ਰਹਿੰਦਾ ਪਰ ਗੁਰੂ ਸਾਹਿਬਾਨ ਨੇ ਜਿਸ ਨਵੇਂ ਮਨੁੱਖ ਦੀ ਕਲਪਨਾ ਕੀਤੀ, ਉਹ ਕੇਵਲ 'ਸੰਤ' ਨਹੀਂ ਸੀ। ਉਸ ਨੇ 'ਸਿਪਾਹੀ' ਵੀ ਬਣਨਾ ਸੀ। 'ਸੰਤ' ਅਤੇ 'ਸਿਪਾਹੀ' ਦਾ ਸੁਮੇਲ ਹੀ ਮਨੁੱਖ ਨੂੰ ਪੂਰਨ ਬਣਾਉਂਦਾ ਹੈ।

ਇਸ ਲਈ ਸਿੱਖ ਲਹਿਰ ਵਿਚ ਉਸ ਵੇਲੇ ਵੀ ਰਾਜਸੀ ਸੱਤਾ ਦੇ ਮੁਕਾਬਲੇ ਵਿਚ ਇਕ ਹੋਰ ਸੱਤਾ ਉਭਰਨੀ ਸ਼ੁਰੂ ਹੋ ਗਈ। ਦਿੱਲੀ ਤਖ਼ਤ ਦੇ ਸਮਾਨਾਂਤਰ 'ਅਕਾਲ ਤਖ਼ਤ' ਹੋਂਦ ਵਿਚ ਆਇਆ। ਦੁਨਿਆਵੀ ਹਕੂਮਤ ਦਾ ਮੁਖੀਆ 'ਪਾਤਿਸ਼ਾਹ' ਅਖਵਾਉਂਦਾ ਸੀ। ਸਤਿਗੁਰੂ ਨੂੰ 'ਸੱਚਾ ਪਾਤਿਸ਼ਾਹ' ਕਿਹਾ ਜਾਣ ਲੱਗ ਪਿਆ।

ਪਰ ਇਕ ਸਵਾਲ ਸਾਹਮਣੇ ਸੀ, ਜੇ ਇਸ ਦੇਸ਼ ਵਿਚ ਪਾਤਿਸ਼ਾਹੀ ਦੀ ਕੋਈ ਨਵੀਂ ਬਣਤਰ ਬਣਨੀ ਹੈ ਤਾਂ ਉਹ ਕੀ ਹੋਵੇਗੀ? ਉਸ ਵਿਚ ਪਰੰਪਰਾ ਤੋਂ ਆਏ ਕਿਸੇ ਖ਼ਾਸ ਵਰਗ ਦਾ ਹੀ ਬੋਲਬਾਲਾ ਰਹੇਗਾ ਜਾਂ ਉਸ ਪਾਤਿਸ਼ਾਹੀ ਵਿਚ ਉਹਨਾਂ ਲੋਕਾਂ ਦਾ ਵੀ ਕੁਝ ਦਖ਼ਲ ਰਹੇਗਾ ਜੋ ਕਦੀ ਵੀ ਪਾਤਿਸ਼ਾਹੀ ਜਲਾਓ ਦੇ ਨੇੜੇ ਨਹੀਂ ਰਹੇ।

ਪਰੰਪਰਾਵਾਦੀ ਵਿਵਸਥਾ ਇਸ ਬਾਰੇ ਬਹੁਤੀ ਲਚਕੀਲੀ ਨਹੀਂ ਸੀ। ਇੱਥੇ ਗੁਲਾਮੀ ਤਾਂ ਹਰ ਕੋਈ ਭੋਗ ਸਕਦਾ ਸੀ ਪਰ ਪਾਤਿਸ਼ਾਹੀ ਸਿਰਫ਼ ਕਸ਼ੱਤਰੀ ਦੇ ਹਿੱਸੇ ਵਿਚ ਆਉਂਦੀ ਸੀ। ਸਿੱਖ ਲਹਿਰ ਨੇ ਇਹ ਸਾਰੀਆਂ ਹੱਦਬੰਦੀਆਂ ਤੋੜ ਦਿੱਤੀਆਂ। ਗੁਰੂ ਘਰ ਵਿਚ ਨਾ ਸਿਰਫ਼ ਨੀਵੀਆਂ ਸਮਝੀਆਂ ਜਾਣ ਵਾਲੀਆਂ ਹਿੰਦੂ ਜਾਤੀਆਂ ਦਾ ਪ੍ਰਵੇਸ਼ ਹੋ ਗਿਆ ਸੀ, ਮੁਸਲਮਾਨਾਂ ਨੂੰ ਵੀ ਅਪਣੱਤ ਤੇ ਇੱਜ਼ਤ ਵਾਲੀ ਥਾਂ ਮਿਲੀ ਸੀ। ਗੁਰੂ ਕੇ ਲੰਗਰ ਵਿਚ ਬ੍ਰਾਹਮਣ, ਖੱਤਰੀ ਦੇ ਨਾਲ ਚਮਾਰ ਤੇ ਮਜ਼ਬੀ ਵੀ ਬੈਠਾ ਹੋਵੇ ਅਤੇ ਨਾਲ ਹੀ ਮੁਸਲਮਾਨ ਸ਼ਾਮਲ ਹੋਵੇ, ਇਹ ਉਸ ਵੇਲੇ ਦੀ ਇਕ ਵੱਡੀ ਸਮਾਜਿਕ ਕ੍ਰਾਂਤੀ ਸੀ। ਹਰਿਮੰਦਰ ਸਾਹਿਬ ਦਾ ਪਹਿਲਾ ਪੁਜਾਰੀ ਜੱਟ (ਬਾਬਾ ਬੁੱਢਾ) ਹੋਵੇ, ਇਹ ਵੀ ਰਵਾਇਤੀ ਹਿੰਦੂ ਸੋਚ ਦੇ ਇਕਦਮ ਉਲਟ ਗੱਲ ਸੀ।

ਪਹਾੜੀ ਰਾਜਪੂਤ ਰਾਜਿਆਂ ਦਾ ਗੁਰੂ ਗੋਬਿੰਦ ਸਿੰਘ ਨਾਲ ਜਿਹੜਾ ਇਤਨਾ ਵਿਰੋਧ ਸੀ, ਉਸ ਪਿੱਛੇ ਇਕ ਕਾਰਨ ਇਹ ਵੀ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਪਾਤਿਸ਼ਾਹੀ ਦਾ ਸੁਪਨਾ ਉਹਨਾਂ ਲੋਕਾਂ ਦੀਆਂ ਅੱਖਾਂ ਵਿਚ ਲਟਕਾ ਦਿੱਤਾ ਸੀ, ਜਿਸ ਨੂੰ ਰਾਜਪੂਤ ਰਾਜੇ ਘਰ ਵਿਚ ਪਾਣੀ ਭਰਨ ਦੇ ਯੋਗ ਵੀ ਨਹੀਂ ਸਨ ਸਮਝਦੇ।

ਦਸਮ ਗ੍ਰੰਥ ਵਿਚ ਪੰਡਤ ਕੇਸ਼ੋਦਾਸ ਦਾ ਜ਼ਿਕਰ ਆਉਂਦਾ ਹੈ ਜਿਸ ਨੂੰ ਇਕ ਗੱਲ ਤੋਂ ਬੜਾ ਕਸ਼ਟ ਸੀ ਕਿ ਗੁਰੂ ਸਾਹਿਬ ਨੇ ਸ਼ੂਦਰ ਸਮਝੀਆਂ ਜਾਣ ਵਾਲੀਆਂ ਸ਼੍ਰੇਣੀਆਂ ਨੂੰ ਆਪਣੇ ਪੰਥ ਵਿਚ ਇੰਨੀ ਉੱਚੀ ਥਾਂ ਦਿੱਤੀ ਹੈ। 'ਸੇਵ ਕਰੀ ਇਨਹੀ ਕੀ ਭਾਵਤ' ਅਤੇ 'ਜੁੱਧ ਜਿਤੇ ਇਨਹੀ ਕੇ ਪ੍ਰਸਾਦਿ' ਵਾਲੇ ਦੋ ਸਵੈਯੇ ਦਸਮ ਗੁਰੂ ਦੀ ਸੋਚ ਨੂੰ ਪ੍ਰਗਟਾਉਣ ਵਾਲੇ ਹਨ। ਜਿੱਥੇ ਉਹ ਆਖਦੇ ਹਨ ਕਿ ਮੈਂ ਤਾਂ ਇਹਨਾਂ ਲੋਕਾਂ ਦਾ ਹੀ ਸਜਾਇਆ ਹੋਇਆ ਹਾਂ ਨਹੀਂ ਤਾਂ ਮੇਰੇ ਵਰਗੇ ਕਰੋੜਾਂ ਗਰੀਬ ਦੁਨੀਆਂ ਵਿਚ ਪਏ ਹੋਏ ਹਨ।

ਗੁਰੂ ਗੋਬਿੰਦ ਸਿੰਘ ਉਹਨਾਂ ਲੋਕਾਂ ਲਈ ਪਾਤਿਸ਼ਾਹੀ ਦਾ ਰਾਹ ਖੋਲ੍ਹ ਰਹੇ ਸਨ ਜਿਹੜੇ ਆਪਣੇ ਹੀਣ ਜਾਂ ਛੋਟੇ ਹੋਣ ਦੇ ਬੋਧ ਨੂੰ ਦੋ ਪਾਸਿਉਂ ਝੱਲ ਰਹੇ ਸਨ। ਹਿੰਦੂ ਸਮਾਜ ਵਿਵਸਥਾ ਵਿਚ ਉਹ ਸ਼ੂਦਰ ਜਾਂ ਨੀਚ ਜਾਤਿ ਸਨ ਅਤੇ ਹੁਕਮਰਾਨ ਮੁਸਲਮਾਨ ਲਈ ਉਹ ਗੁਲਾਮ ਹਿੰਦੂ ਸਨ। ਅਜਿਹੇ ਹੀਣਤਾ ਭਾਵ ਨਾਲ ਭਰੇ ਲੋਕਾਂ ਨੂੰ ਆਪਣੇ ਅਧਿਕਾਰਾਂ ਲਈ ਲੜਨ ਵਾਸਤੇ ਤਿਆਰ ਕਰਨਾ ਕੇਵਲ ਉਸ ਸ਼ਖ਼ਸੀਅਤ ਦਾ ਕੰਮ ਸੀ, ਜਿਸ ਦੀ ਜੀਵਨ ਦ੍ਰਿਸ਼ਟੀ ਵਿਚ ਨਵੇਂ ਮਨੁੱਖ ਤੇ ਨਵੀਂ ਸਮਾਜ ਵਿਵਸਥਾ ਨੂੰ ਸਿਰਜਣ ਦਾ ਸੰਕਲਪ ਹੋਵੇ।

ਗਿਆਨੀ ਗਿਆਨ ਸਿੰਘ ਰਚਿਤ 'ਪੰਥ ਪ੍ਰਕਾਸ਼' ਵਿਚ ਜ਼ਿਕਰ ਆਉਂਦਾ ਹੈ ਕਿ ਇਕ ਦਿਨ ਗੁਰੂ ਸਾਹਿਬ ਅੱਗੇ ਸੰਗਤ ਨੇ ਪੁਕਾਰ ਕੀਤੀ ਕਿ ਸਾਨੂੰ ਤੁਰਕ ਬੜਾ ਦੁਖੀ ਕਰਦੇ ਹਨ। ਅਸੀਂ ਆਪ ਲਈ ਜਿਹੜਾ ਦਸਵੰਧ ਲਿਆਉਂਦੇ ਹਾਂ, ਰਾਹ ਵਿਚ ਤੁਰਕ ਖੋਹ ਲੈਂਦੇ ਹਨ। ਸਾਡੇ ਵਿਚ ਇਤਫ਼ਾਕ ਵੀ ਨਹੀਂ, ਜਿਸ ਨਾਲ ਅਸੀਂ ਉਹਨਾਂ ਤੋਂ ਬਚ ਸਕੀਏ। ਜਿਵੇਂ :

*ਇਕ ਦਿਨ ਸੰਗਤ ਆਇ ਪੁਕਾਰੀ।*
*ਤੁਰਕ ਦੇਤ ਦੁਖ ਹਮ ਕੋ ਭਾਰੀ ॥*
*ਸੁੰਦਰ ਵਸਤੁ ਆਪ ਹਿਤ ਜੋਹੈ*
*ਕਾਰ ਭੇਟ ਦਸਵੰਧ ਜੁ ਹੋ ਹੈ।*
*ਘਰ ਤੇ ਸੰਗਤ ਲੈ ਕੇ ਆਵਤ।*
*ਮਗ ਮੈ ਤੁਰਕ ਛੀਨ ਲੈ ਜਾਵਤ ॥*
*ਨਹਿ ਇਤਫ਼ਾਕ ਹਮਾਰੇ ਮੇ ਹੈ।*
*ਜਿਹ ਬਡ ਹਮ ਉਨਤੇ ਬਚ ਜੈਹੇ।*
*ਜਯੋ ਤੁਰਕਨ ਕਾ ਤੇਜ ਨੀਮਾਵੇ।*
*ਸਿਖਨ ਮੈਂ ਇਤਫ਼ਾਕ ਰਹਾਵੇ।*
*ਕਰੋ ਉਪਾਓ ਸਤਗੁਰੋ ਸੋਈ।*
*ਜੋ ਤੁਮ ਕਰਯੋ ਚਹੋ ਸੋ ਹੋਈ ॥* *(ਪੰਥ ਪ੍ਰਕਾਸ਼, ਪੰਨਾ ੨੨੨)*

ਗੁਰੂ ਸਾਹਿਬਾਨ ਨੇ ਕਿਹਾ ਤੁਸੀਂ ਆਪਣੇ ਹੱਥਾਂ ਵਿਚ ਸਸ਼ੱਤਰ ਫੜੋ ਤੇ ਦੁਖੀ ਕਰਨ ਵਾਲੇ ਨੂੰ ਫੜ ਕੇ ਮਾਰੋ।

*ਇਹ ਸੁਨਕੇ ਗੁਰੂ ਐਸ ਉਚਾਰੋ।*

ਤੁਮ ਸਸ਼ਤਰ ਫੜ ਉਨਕੋ ਮਾਰੋ ॥

ਇਹ ਗੱਲ ਸੁਣ ਕੇ ਸਿੱਖ ਬੜੇ ਧੀਰ ਹੋ ਗਏ। ਕਹਿਣ ਲੱਗੇ, ਮੁਗ਼ਲ, ਪਠਾਣ ਬੜੇ ਵੀਰ ਹਨ, ਸਸ਼ਤਰ ਵਿੱਦਿਆ ਦੇ ਗਿਆਤਾ ਹਨ। ਅਸੀਂ ਉਹਨਾਂ ਦੇ ਸਾਹਮਣੇ ਬੱਚਿਆਂ ਵਾਂਗ ਅਗਿਆਨੀ ਹਾਂ। ਅਸੀਂ ਮੋਠ, ਬਾਜਰਾ ਖਾਂਦੇ ਹਾਂ, ਉਹ ਸ਼ਰਾਬ ਕਬਾਬ ਉਡਾਂਦੇ ਹਨ। ਉਹ ਬਾਜ਼ ਬਘਿਆੜ ਵਰਗੇ ਹਨ, ਅਸੀਂ ਉਹਨਾਂ ਸਾਹਮਣੇ ਬੱਕਰੀ, ਚਿੜੀ, ਤਿੱਤਰ ਵਰਗੇ ਹਾਂ। ਅਸੀਂ ਉਹਨਾਂ ਨਾਲ ਕਿਵੇਂ ਲੜ ਸਕਦੇ ਹਾਂ? ਅਸੀਂ ਤਾਂ ਉਹਨਾਂ ਨੂੰ ਵੇਖ ਕੇ ਹੀ ਕੰਬਣ ਲੱਗ ਪੈਂਦੇ ਹਾਂ।

ਸੁਨ ਸਿਖ ਬੋਲੈ ਹੋਇ ਅਧੀਰ।
ਮੁਗਲ ਪਠਾਨਾ ਟਿਕ ਬਡ ਬੀਰ।
ਸਸ਼ੱਤਰ ਬਿਦਯਾ ਕੋ ਸੋ ਗਿਆਤਾ।
ਹਮ ਉਨ ਆਗੈ ਬਾਲ ਅਗਯਾਤਾ।
ਮੋਠ ਬਾਜਰੀ ਹਮ ਨਿਤ ਖੇਹੈ।
ਸੋਊ ਸ਼ਰਾਬ ਕਬਾਬ ਉਡੈ ਹੈ।
ਬਕਰੀ ਚਿੜੀਆਂ ਤੀਤਰ ਸਮ ਹਮ।
ਬਾਜ ਬਘਆੜਨ ਤੇ ਸੋ ਨਹਿ ਕਮ।
ਉਨ ਸੈ ਲੜਨਾ ਤੋ ਕਿਸ ਹੋ ਹੈ।
ਸੰਮੁਖ ਬਾਤ ਆਤ ਨਹਿ ਕੋ ਹੈ।
ਪੇਖ ਉਨੇ ਹਮ ਥਰਥਰ ਕੰਪੈ।
ਜੋ ਜੋ ਚਹਿਤ ਦੇਤ ਹਮ ਸੰਪੈ।

ਗੁਰੂ ਸਾਹਿਬ ਨੇ ਵਿਚਾਰਿਆ ਕਿ ਇਹ ਤੁਰਕਾਂ ਕੋਲੋਂ ਕਿਉਂ ਡਰਦੇ ਹਨ। ਇਕ ਤਾਂ ਇਹ ਗਰੀਬ ਹਨ, ਦੂਜੇ ਇਹਨਾਂ ਦੇ ਨਾਂ ਵੀ ਬੜੇ ਦੱਬੂ ਕਿਸਮ ਦੇ ਹਨ, ਰੂਪਾ, ਭੂਪਾ, ਕੀੜੂ, ਕਾਲੂ, ਪੰਨਾ, ਮੰਨਾ, ਗੋਧਾ, ਲਾਲੂ ਆਦਿ। ਤੀਜੇ ਇਹਨਾਂ ਦੀਆਂ ਜਾਤੀਆਂ ਦਾ ਅਹਿਸਾਸ ਵੀ ਇਹਨਾਂ ਨੂੰ ਛੋਟਾ ਬਣਾ ਦਿੰਦਾ ਹੈ। ਗੁਰੂ ਸਾਹਿਬ ਨੇ ਸੋਚਿਆ ਕਿ ਇਹਨਾਂ ਤੋਂ ਪੁਰਾਣੇ ਜਾਤੀ ਕਰਮ ਛੁਡਵਾ ਕੇ ਇਹਨਾਂ ਵਿਚ ਛਤਰੀਆਂ ਵਾਲਾ ਤੇਜ ਭਰਨਾ ਚਾਹੀਦਾ ਹੈ। ਜਦੋਂ ਇਹਨਾਂ ਨੂੰ ਛਤਰੀਆਂ ਵਾਲਾ 'ਸਿੰਘ' ਨਾਂ ਮਿਲੇਗਾ ਤਾਂ ਇਹਨਾਂ ਵਿਚ ਬੀਰ ਰਸ ਭਰ ਜਾਏਗਾ। ਇਹਨਾਂ ਨੂੰ ਸ਼ਿਕਾਰ ਖੇਡਣਾ ਸਿਖਾਉਣਾ ਚਾਹੀਦਾ ਹੈ, ਇਨ੍ਹਾਂ ਨੂੰ ਜੰਗ ਕਰਨ ਦੀ ਮੱਤ ਦੇਣੀ ਚਾਹੀਦੀ ਹੈ। ਮੈਂ ਹਿੰਦੂਆਂ ਤੇ ਤੁਰਕਾਂ ਤੋਂ ਨਿਆਰੇ ਪੰਥ ਦੀ ਸਾਜਨਾ ਕਰਾਂਗਾ। ਇਹ ਖਾਲਸਾ ਮਹਾਂ ਤੇਜੱਸਵੀ ਹੋਵੇਗਾ, ਲੜਨ ਮਰਨ ਤੋਂ ਉਸ ਨੂੰ ਲਾਜ ਨਹੀਂ ਆਵੇਗੀ। ਮੈਂ ਚਿੜੀਆਂ ਤੋਂ ਬਾਜ਼ ਤੁੜਾਵਾਂਗਾ, ਬੱਕਰੀ ਸ਼ੇਰ ਦਾ ਸ਼ਿਕਾਰ ਕਰੇਗੀ।

ਇਹ ਸੁਨ ਸਤਗੁਰੂ ਐਸ ਵਿਚਾਰੀ।
ਏਹੁ ਦਬ ਰਹੇ ਉਨੇ ਅਗਾਰੀ।
ਇਕ ਤੋ ਕਰਮ ਗਰੀਬੀ ਕੇਹੈਂ।
ਦੂਸਰ ਨਾਮ ਨਿਕਾਰੋ ਸੋ ਹੈਂ।
ਰੂਪਾਂ, ਭੂਪਾ, ਕੀੜੂ, ਕਾਲੂ,
ਧੰਨਾ, ਖੰਨਾ, ਗੋਧਾ, ਲਾਲੂ।
ਤੀਸਰ ਜਾਤਿ ਕਮੋ ਜਟ, ਬਣੀਏ।
ਨਾਈ, ਛੀਬੇ, ਝੀਉਰ ਗਣੀਏ।
ਰੋੜੇ, ਖੱਤਰੀ ਸੈਣੀ ਖਾਤੀਂ।
ਬਣਜਾਰੇ ਆਦਿਕ ਬਖਯਾਤੀ।
ਸਹਿਜੇ ਭੀਰੂ ਲਾਦੀ ਏਹੈਂ।

× × ×

*ਤਾਂਤੇ ਇਨਕੇ ਜਾਤੀ ਕਰਮ।*
*ਛੁਡਵਾ ਭਰੋ ਛਤਰੀ ਧਰਮ।*

ਗੁਰੂ ਗੋਬਿੰਦ ਸਿੰਘ ਦਾ ਨਿਸ਼ਚਾ ਇਹ ਵੀ ਸੀ ਕਿ ਉਹ ਵੱਡਿਆਂ ਨੂੰ ਛੱਡ ਕੇ ਨਿੱਕੇ ਸਮਝੇ ਜਾਣ ਵਾਲੇ ਲੋਕਾਂ ਨੂੰ ਮਾਣ ਸਤਿਕਾਰ ਦੇਣਗੇ।

*ਪੁਨ ਸਭ ਜਨ ਕੀ ਲਘੁ ਉਂਗਰੀ।*
*ਤਜ ਬਡੀਅਨ ਤਿਹ ਪਾਵਤ ਮੁੰਦ੍ਰੀ।*

ਜਿਵੇਂ ਸਾਰੇ ਲੋਕੀ ਵੱਡੀਆਂ ਉਂਗਲਾਂ ਛੱਡ ਕੇ ਨਿੱਕੀ ਉਂਗਲ ਵਿਚ ਮੁੰਦਰੀ ਪਾ ਕੇ ਉਸ ਨੂੰ ਸਨਮਾਨ ਦਿੰਦੇ ਹਨ, ਮੈਂ ਵੀ ਨਿੱਕੀਆਂ ਜਾਤਾਂ ਨੂੰ ਰਾਜਵੈਭਵ ਦੇ ਕੇ ਵੱਡਾ ਬਣਾਵਾਂਗਾ। ਜਿਨ੍ਹਾਂ ਦੀ ਜਾਤ ਅਤੇ ਕੁਲ ਵਿਚ ਕਦੀ ਵੀ ਸਰਦਾਰੀ ਨਹੀਂ ਆਈ ਮੈਂ ਇਹਨਾਂ ਨੂੰ ਸਰਦਾਰ ਬਣਾਵਾਂਗਾ। ਮੈਂ ਇਹਨਾਂ ਕੀੜਿਆਂ ਨੂੰ ਅਜਿਹਾ ਸ਼ੇਰ ਬਣਾਵਾਂਗਾ, ਜਿਨ੍ਹਾਂ ਅੱਗੇ ਤੁਰਕ ਹਾਥੀ ਭੱਜਦੇ ਫਿਰਨਗੇ।

*ਜਿਨਕੀ ਜਾਤਿ ਔਰ ਕੁਲ ਮਾਹੀ।*
*ਸਰਦਾਰੀ ਨਹਿ ਭਈ ਕਦਾਹੀਂ।*
*ਕੀਟਨ ਤੇ ਇਨਕੋ ਮਿਗ੍ਰਿੰਦ।*
*ਕਰੋ ਹਰਨ ਹਿਤ ਤੁਰਕ ਗਜਿੰਦੂ।*
*ਇਨ ਹੀ ਕੋ ਸਰਦਾਰ ਬਨਾਵੋ।*
*ਤਬੈ ਗੁਬਿੰਦ ਸਿੰਘ ਨਾਮ ਸਦਾਵੇ।*
× × ×
*ਇਹ ਵਿਚਾਰ ਕਰ ਸਤਗੁਰੂ ਪੰਥ ਖਾਲਸਾ ਕੀਨ।*
*ਭੀਰੂ ਜਾਤਿਨ ਕੇ ਤਈਂ ਅਤੀ ਬਡੱਪਨ ਦੀਨ।*

ਭਾਈ ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਫ਼ੈਸਲਾ ਕੀਤਾ ਕਿ ਮੈਂ ਗਰੀਬਾਂ ਨੂੰ ਉੱਚਾ ਚੁੱਕ ਕੇ ਇਹਨਾਂ ਨੂੰ ਪਾਤਿਸ਼ਾਹੀ ਦਿਆਂਗਾ।

*ਅਬ ਦਯੇ ਪਾਤਿਸ਼ਾਹੀ ਗਰੀਬਨ ਉਠਾਇ।*
*ਵੇ ਜਾਨੇ ਗੁਰ ਦਈ ਹੈ ਮਾਇ॥*

ਭਾਈ ਰਤਨ ਸਿੰਘ ਭੰਗੂ ਨੇ ਬੜੀਆਂ ਜਾਤਾਂ ਦੇ ਨਾਂ ਗਿਣਾਏ ਹਨ, ਜਿਹੜੇ ਸਦੀਆਂ ਤੋਂ ਰਾਜਨੀਤੀ ਤੋਂ ਦੂਰ ਹਨ, ਜਿਹਨਾਂ ਨੇ ਸੁਪਨੇ ਵਿਚ ਵੀ ਪਾਤਿਸ਼ਾਹੀ ਦਾ ਨਾਂ ਨਹੀਂ ਸੀ ਆਉਂਦਾ। ਗੁਰੂ ਸਾਹਿਬ ਨੇ ਉਹਨਾਂ ਨੂੰ ਪਾਤਿਸ਼ਾਹੀ ਦੇਣ ਦਾ ਨਿਸ਼ਚਾ ਕੀਤਾ।

*ਸਤ ਸਨਾਤਿ ਔ ਬਾਰਹ ਜਾਤ।*
*ਜਾਨਤ ਨਹਿ ਰਾਜਨੀਤ ਕੀ ਬਾਤ।*
*ਜੱਟ ਬੂਟ ਕਹਿ ਜਿਹ ਜਗਮਾਹੀਂ।*
*ਬਨੀਏ ਬਕਾਲ ਕਿਰਾੜ, ਖੱਤ੍ਰੀ ਸਦਾਈ।*
*ਲੁਹਾਰ ਤਰਖਾਣਹੁਤ ਜਾਤ ਕਮੀਨੀ।*
*ਛੀਪੋ ਕਲਾਲ ਨੀਚਨ ਪੈ ਕ੍ਰਿਪਾ ਕੀਨੀ।*
*ਗੂਜਰ ਗਵਾਰ ਹੀਰ ਕਮਜਾਤ।*
*ਕੰਬੋਇ ਸੂਦਨ ਕੋਇ ਪੂਛੈ ਨਾ ਬਾਤ।*
*ਝੀਵਰ ਨਾਈ ਰੋੜੇ ਘੁਮਿਆਰ।*
*ਸਾਇਣੀ ਸੁਨਿਆਰੇ ਚੂੜ੍ਹੇ ਚਮਿਆਰ।*
*ਭੱਟ ਔ ਬਾਹਮਣ ਹੁਤ ਮੰਗਵਾਰ।*
*ਬਹੂ-ਰੂਪੀਏ ਲੁਬਾਣੇ ਔ ਘੁਮਿਆਰ।*

*ਇਨ ਗਰੀਬ ਸਿੰਘਨ ਕੋ ਦਯੈ ਪਾਤਿਸ਼ਾਹੀ।*
*ਏ ਯਾਦ ਰਖੈ ਹਮਰੀ ਗੁਰਆਈ।*

ਇਹਨਾਂ ਸਾਰੀਆਂ ਜਾਤਾਂ ਦੇ ਲੋਕੀਂ ਸਿੱਖੀ ਦੇ ਕਲਾਵੇਂ ਵਿਚ ਆਏ ਹਨ। ਉਸ ਵੇਲੇ ਦੀ ਸਮਾਜਿਕ ਬਣਤਰ ਵਿਚ ਇਹ ਨਾ ਸਿਰਫ਼ ਗਰੀਬ ਹਨ, ਸਗੋਂ ਧੁਤਕਾਰੇ ਹੋਏ ਲੋਕ ਹਨ। ਇਹਨਾਂ ਦੇ ਹੱਥਾਂ ਵਿਚ ਤਲਵਾਰ ਫੜਾ ਕੇ ਇਹ ਆਤਮ ਵਿਸ਼ਵਾਸ ਪੈਦਾ ਕਰਨਾ ਕਿ ਤੁਸੀਂ ਦੁਨੀਆਂ ਦੀ ਵੱਡੀ ਤੋਂ ਵੱਡੀ ਤਾਕਤ ਦਾ ਮੁਕਾਬਲਾ ਕਰ ਸਕਦੇ ਹੋ, ਇਹ ਬਹੁਤ ਵੱਡਾ ਚਮਤਕਾਰ ਸੀ, ਜੋ ਗੁਰੂ ਗੋਬਿੰਦ ਸਿੰਘ ਨੇ ਪੈਦਾ ਕਰ ਦਿੱਤਾ। ਉਸ ਵੇਲੇ ਸੱਤਾ ਜਾਂ ਤਾਂ ਮੁਗ਼ਲਾਂ ਪਠਾਣਾਂ ਦੇ ਹੱਥ ਵਿਚ ਸੀ ਜਾਂ ਰਾਜਪੂਤਾਂ ਦੇ ਹੱਥ ਵਿਚ। ਗਰੀਬੜੇ, ਪਛੜੇ ਤੇ ਦਲਿਤ ਜਾਤੀਆਂ ਦੇ ਗੁਰੂ ਗੋਬਿੰਦ ਸਿੰਘ ਦੁਆਰਾ ਸਜੇ ਸੂਰਮਿਆਂ ਨੂੰ ਮੁਗ਼ਲਾਂ ਨਾਲ ਮੁਕਾਬਲਾ ਕਰਨਾ ਪਿਆ। ਅਰੰਭ ਵਿਚ ਇਹਨਾਂ ਨੂੰ ਭਰੋਸਾ ਹੀ ਨਹੀਂ ਸੀ ਕਿ ਉਹ ਮੁਗ਼ਲਾਂ ਸਾਹਮਣੇ ਖੜ੍ਹੇ ਵੀ ਹੋ ਸਕਣਗੇ।

*ਹਮ ਤੇ ਤੁਰਕ ਕਬ ਮਾਰੇ ਜਾਤ।*
*ਅਸੀਂ ਚਿਰੀਆਂ ਵੇ ਸਾਨੀ ਬਾਜ।*
*ਹਮ ਛੇਲੇ ਵੇ ਬਘਆੜਨ ਸਾਜ।*
*ਤੁਮ ਮ੍ਰਿਗਨ ਤੇ ਕਿਮ ਸ਼ੇਰ ਮੁਵਾਵੇ।*
*ਲੋਤੀ ਕੋ ਪਾਨੀ ਮਗਰੀਂ ਪਰ ਚੜ੍ਹਾਵੇ।*
*ਵਹੁਆਦ-ਸਿਪਾਹੀ ਮੁਗ਼ਲ ਪਠਾਨ।*
*ਹਮ ਜੱਟ ਬੂਟ ਨਾਈ ਤਰਖਾਣ।*
*ਤੁਮ ਟੋਲੇ ਸਭ ਜਾਤ ਕਮੀਨ।*
*ਹੁਤੇ ਜੋਊ ਸਭ ਸਸ਼ਤਰ ਹੀਨ।* *(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੪੧)*

ਗੁਰੂ ਗੋਬਿੰਦ ਸਿੰਘ ਨੇ ਇਨ੍ਹਾਂ ਆਮ ਲੋਕਾਂ ਦੀ ਹੀਣ ਭਾਵਨਾ ਦੂਰ ਕਰਨ ਲਈ ਮਨੋਵਿਗਿਆਨਿਕ ਇਲਾਜ ਕੀਤਾ। ਉਹਨਾਂ ਨੇ ਸ਼ਾਂਤਰੂਪ ਚਰਨ ਪਾਹੁਲ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਪਾਹੁਲ ਵਿਚ ਬਦਲ ਦਿੱਤਾ। ਸੇਲ੍ਹੀ-ਟੋਪੀ ਨੂੰ ਹਟਾ ਕੇ ਪੱਗੜੀ ਦਸਤਾਰ ਸਜਾਉਣ ਦੀ ਪ੍ਰਥਾ ਚਲਾ ਦਿੱਤੀ। ਸਿਰ ਤੇ ਕੇਸ ਰਖਣ ਦੀ ਆਗਿਆ ਦਿੱਤੀ, ਹੱਥ ਵਿਚ ਲੋਹੇ ਦਾ ਕੜਾ ਪੁਵਾਇਆ। ਉਹਨਾਂ ਨੂੰ ਭਰੋਸਾ ਹੋ ਗਿਆ ਕਿ ਇਹ ਖੰਡੇ ਦਾ ਪਾਹੁਲ ਲੈ ਕੇ ਖੰਡਾ ਫੜਨ ਤੋਂ ਸੰਕੋਚ ਨਹੀਂ ਕਰਨਗੇ, 'ਖੰਡੇ ਪਾਹੁਲ ਪੀ ਖੰਡਯੋ ਨ ਟਰੇ।'

ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਢੰਗ ਦੀ ਸਮਾਜ ਬਣਤਰ ਦਾ ਸੰਕਲਪ ਸਿਰਜਿਆ ਸੀ ਅਜੋਕੀ ਸੋਚ ਉਸੇ ਸੇਧ ਵੱਲ ਜਾ ਰਹੀ ਹੈ। ਸਮਾਜਿਕ ਸਮਤਾ, ਨਿਆਂ ਅਤੇ ਪਛੜੀਆਂ ਸ਼੍ਰੇਣੀਆਂ ਨੂੰ ਅੱਗੇ ਵਧਣ, ਸਮਾਜ ਤੇ ਰਾਜ ਵਿਵਸਥਾ ਵਿਚ ਹਿੱਸੇਦਾਰੀ ਪ੍ਰਾਪਤ ਕਰਨ ਦੇ ਜਿਹੜੇ ਸਿਧਾਂਤ ਅਜੋਕੀ ਦੁਨੀਆਂ ਦੇ ਆਦਰਸ਼ ਬਣਦੇ ਜਾ ਰਹੇ ਹਨ, ਗੁਰੂ ਗੋਬਿੰਦ ਸਿੰਘ ਨੇ ਆਪਣੀ ਜੀਵਨ ਦ੍ਰਿਸ਼ਟੀ ਰਾਹੀਂ ਨਾ ਕੇਵਲ ਉਹਨਾਂ ਨੂੰ ਉਸਾਰਿਆ ਸਗੋਂ ਉਹਨਾਂ ਦੀ ਪ੍ਰਾਪਤੀ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ।

# ਸਿੱਖੀ ਦੀ ਕਾਯਾਕਲਪ : ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤਕ

ਸੁਰਜੀਤ ਹਾਂਸ

---

ਸਿੱਖੀ ਦੀ ਕਾਯਾਕਲਪ ਦਾ ਵਿਸ਼ਾ ਪ੍ਰਸਿੱਧ ਹੈ। ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਦੇ ਸਿੱਖ ਭਗਤੀਭਾਵ Pietist ਵਾਲੇ ਸਨ ਅਤੇ ਗੁਰੂ ਗੋਬਿੰਦ ਸਿੰਘ ਦਾ ਖਾਲਸਾ ਖੜਗਧਾਰੀ ਹੋ ਗਿਆ। ਬਾਹਰੀ ਨਜ਼ਰੇ ਕਾਯਾਕਲਪ ਦੀ ਗੱਲ ਠੀਕ ਹੈ। ਵੇਖਣ ਦੀ ਗੱਲ ਇਹ ਹੈ ਕਿ ਕਿਸੇ ਜਨਸਮੂਹ ਦੀ ਨੀਤੀ ਇਕ ਵੇਲੇ ਅਮਨਪਸੰਦ ਤਾਂ ਦੂਜੇ ਵੇਲੇ ਜੰਗਬਾਜ਼ ਹੁੰਦੀ ਹੈ। ਇਹ ਦ੍ਰਿਸ਼ਟਮਾਨ, ਦਰਅਸਲ, ਜਨਸਮੂਹ ਦੇ ਇਕੋ ਤੱਤ ਦੇ ਦੋ ਪ੍ਰਗਟਾਵ ਹਨ।

ਸਿੱਖ ਧਰਮ ਨੀਵੇਂ ਵਰਗਾਂ, ਨਮਾਣਿਆਂ, ਨਤਾਣਿਆਂ, ਨਓਟਿਆਂ ਦਾ ਧਰਮ ਹੈ। 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ' (ਮ. 1, ਸਿਰੀ 3, ਪ.15); 'ਹਮ ਗਰੀਬ ਮਸਕੀਨ ਪ੍ਰਭ ਤੇਰੇ' (ਮ. 4, ਗਉੜੀ 22, ਪ. 171); 'ਮੇਰੀ ਜਾਤਿ ਕਮੀਨੀ ਪਾਤਿ ਕਮੀਨੀ ਓਛਾ ਜਨਮੁ ਹਮਾਰਾ' (ਰਵਿਦਾਸ, ਸੋਰਠਿ 6, ਪ. 659); 'ਦਾਰਿਦ ਦੇਖਿ ਸਭ ਕੋ ਹਸੈ, ਐਸੀ ਦਸਾ ਹਮਾਰੀ' (ਰਵਿਦਾਸ, ਬਿਲਾਵਲ 1, ਪ. 858); 'ਐਸਾ ਅਧਮੁ ਅਜਾਤਿ ਨਾਮਦੇਉ' (ਨਾਮਦੇਵ, ਮਾਲੀ ਗਉੜਾ 2, ਪ. 988); 'ਮੂਲ ਖਰੀਦੀ ਲਾਲਾ ਗੋਲਾ' (ਮ. 1, ਮਾਰੂ 5, ਪ. 991); 'ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ' (ਮ. 4, ਗਉੜੀ 11, ਪ. 167)

ਨਿਮਨ ਵਰਗ ਦੇ ਸਿੱਖਾਂ ਵਿਚ ਰੋਟੀ ਲਈ ਪ੍ਰਾਰਥਨਾ ਵੀ ਸ਼ਬਦ ਬਣ ਗਈ ਹੈ, ਜਿਸ ਦੀ ਮਿਸਾਲ ਹੋਰ ਕਿਸੇ ਮਜ਼ਹਬ ਵਿਚ ਨਹੀਂ ਮਿਲਦੀ 'ਭੂਖੇ ਭਗਤਿ ਨ ਕੀਜੈ' (ਕਬੀਰ, ਸੋਰਠਿ 11 ਪ. 656), 'ਗੋਪਾਲ ਤੇਰਾ ਆਰਤਾ' (ਪੰਨਾ, ਧਨਾਸਰੀ 1 ਪੰਨਾ 695)

ਨੀਵੀਆਂ ਸ਼੍ਰੇਣੀਆਂ ਅਰਥਾਤ ਕਮੀਣਾਂ ਦੀ ਉਦਗਤੀ ਦਾ ਪਹਿਲਾ ਕਦਮ ਰੱਬ ਨੂੰ ਕਮੀਣ ਬਣਾਉਣਾ ਸੀ :

*ਆਪਿ ਸੁਜਾਣੁ ਨ ਭੁਲਈ*
*ਸਚਾ ਵਡ ਕਿਰਸਾਣੁ ॥* (ਮ. 1. ਸਿਰੀ, 13, ਪ. ੧੯)

ਵਾਰਿਸ ਸ਼ਾਹ ਵਿਚ ਨੀਵੀਆਂ ਜਾਤਾਂ ਲਈ ਘਿਰਨਾ ਹੈ। ਸਿਆਸੀ ਤਬਦੀਲੀ ਨੇ ਏਸ ਘਿਰਨਾ ਨੂੰ ਹੋਰ ਵੀ ਪ੍ਰਚੰਡ ਕਰ ਦਿੱਤਾ ਸੀ :

*ਸੰਨ ਯਾਰਾਂ ਸੇ ਅਸੀਆਂ ਨਬੀ ਹਿਜਰਤ*
*ਲੰਮੇ ਦੇਸ ਦੇ ਵਿਚ ਤਿਆਰ ਹੋਈ* (ਪ. 207)

× × ×

*ਜਦੋਂ ਦੇਸ 'ਤੇ ਜੱਟ ਸਰਦਾਰ ਹੋਏ*
*ਘਰੋ ਘਰੀ ਜਾਂ ਨਵੀਂ ਸਰਕਾਰ ਹੋਈ*
**ਅਸ਼ਰਾਫ਼ ਖ਼ਰਾਬ ਕਮੀਨ ਤਾਜ਼ੀ***
*ਜ਼ਿਮੀਂਦਾਰ ਨੂੰ ਵਡੀ ਬਹਾਰ ਹੋਈ*
*ਚੋਰ ਚੌਧਰੀ ਯਾਰ ਨੇ ਪਾਕਦਾਮਨ*
*ਭੂਤ ਮੰਡਲੀ ਇਕ ਥੀਂ ਚਾਰ ਹੋਈ* (ਪ. 206)

---

*ਅਸ਼ਰਾਫ਼-Nobility; **ਤਾਜ਼ੀ-ਅਰਬੀ ਘੋੜੇ।

ਮੁਗ਼ਲ ਰਾਜ ਨੂੰ ਢਾਹ ਲਾਉਣ ਵਾਲੇ ਕਿਸਾਨ ਨਹੀਂ ਸਗੋਂ ਜ਼ਿਮੀਂਦਾਰ ਸਨ।[1]

ਸਮਾਜਿਕ ਪਰਿਵਰਤਨ ਸਮੇਂ ਵਰਗਾਂ ਦੀ ਆਪਸੀ ਨਫ਼ਰਤ ਪਰੰਪਰਾਗਤ ਨਾਹਮਦਰਦੀ ਦੇ ਸਤਰ ਤੋਂ ਉੱਚੀ ਹੋ ਜਾਂਦੀ ਹੈ :[2]

*ਯਾਰੋ ਜੱਟ ਦਾ ਕੌਲ ਮਨਜ਼ੂਰ ਨਾਹੀਂ*
*ਗੋਜ਼ ਸ਼ੁਤਰ ਹੈ ਕੌਲ ਰੁਸਤਾਈਆਂ ਦਾ*
*ਪੱਤਾਂ ਹੋਣ ਇਕੀਸ ਜਿਸ ਜੱਟ ਤਾਈਂ*
*ਸੋਈ ਅਸਲ ਭਰਾ ਹੈ ਭਾਈਆਂ ਦਾ*
*ਜਦੋਂ ਬਹਿਣ ਅਰੂੜੀ 'ਤੇ ਅਕਲ ਆਵੇ*
*ਜਿਵੇਂ ਖੋਤੜਾ ਹੋਵੇ ਗੋਸਾਈਆਂ ਦਾ*
*ਸਿਰੋਂ ਲਾਹ ਕੇ ਚਿੱਤੜਾਂ ਹੇਠ ਦਿੰਦੇ*
*ਮਜ਼ਾ ਆਵਨੈ ਤਦੋਂ ਸਫ਼ਾਈਆਂ ਦਾ*
*ਜੱਟੀ ਜੱਟ ਦੇ ਸਾਂਗ 'ਤੇ ਹੋਈ ਰਾਜ਼ੀ*
*ਫਿਰੇ ਮੁਗ਼ਲ ਤੇ ਵੇਸ ਗੀਲਾਈਆਂ ਦਾ*
*ਧੀਆਂ ਦੇਣੀਆਂ ਕਰਨ ਮੁਸਾਫ਼ਰਾਂ ਨੂੰ*
*ਵੇਚਣ ਹੋਰ ਦਰ ਮਾਲ ਜਵਾਈਆਂ ਦਾ*
*ਵਾਰਿਸ ਸ਼ਾਹ ਨਾ ਮੁਇਤਬਰ ਜਾਣਨਾ ਜੇ*
*ਕੌਲ ਜੱਟ ਸੁਨਿਆਰ ਕਸਾਈਆਂ ਦਾ* (ਪ. 82)

**ਰੁਸਤਾਈ-ਪੇਂਡੂ; ਗੋਜ਼ ਸ਼ੁਤਰ-ਊਠ ਦਾ ਪੱਦ;**

ਅੱਜ ਸਾਨੂੰ ਬਹੁਤ ਘੱਟ ਖ਼ਿਆਲ ਆਉਂਦਾ ਹੈ ਕਿ ਰੂਹਾਨੀ ਉੱਚਤਾ ਕੇਵਲ ਰਾਜ ਸ਼੍ਰੇਣੀ ਲਈ ਸਮਝੀ ਜਾਂਦੀ ਸੀ। ਬੀ-40 ਜਨਮਸਾਖੀ ਵਿਚ ਬਾਬਾ ਮੱਕੇ ਨੂੰ ਜਾਂਦਾ ਮੁਸਲਮਾਨ ਫ਼ਕੀਰਾਂ ਤੋਂ ਪਹਿਲਾਂ ਪਹੁੰਚ ਜਾਂਦਾ ਸੀ ਜਿਹੜੇ ਉਹਨੂੰ ਨਾਲ ਰਲਾ ਕੇ ਰਾਜ਼ੀ ਨਹੀਂ ਸਨ। ਮੁਸਲਮਾਨ ਫ਼ਕੀਰ ਬਾਬੇ ਨੂੰ ਵੇਖ ਹੈਰਾਨ ਹੋਏ ਕਹਿੰਦੇ ਹਨ—'ਹਿੰਦੂ ਕੀ ਇਹ ਮਜ਼ਾਲ!' ਅੱਜ ਪੱਛਮ ਵਾਲੇ ਪਛੜੇ ਦੇਸ਼ਾਂ ਵਿਚ ਆਤਮਿਕ ਉਦਾਤ ਤੋਂ ਮੁਨਕਰ ਹਨ। ਕੁਸ਼ਟੀਪਾਲ ਮਹਾਤਮਾ ਆਲਬਰਟ ਸ਼ਵਾਈਟਜ਼ਰ ਦਾ ਇਹੀ ਖ਼ਿਆਲ ਸੀ :

*ਵਾਰਿਸ ਸ਼ਾਹ ਇਹ ਜੱਟ ਫ਼ਕੀਰ ਹੋਇਆ*
*ਨਹੀਂ ਹੁੰਦੀਆਂ ਗਧੇ ਤੋਂ ਪੀਰੀਆਂ ਨੀ* (ਪ. 98)

ਕੋਈ ਸ਼ੱਕ ਨਹੀਂ ਰਹਿੰਦੀ ਜਦੋਂ ਵਾਰਿਸ ਸ਼ਾਹ ਕਹਿੰਦਾ ਹੈ :

*ਨਹੀਂ ਕਾਹਬਿਓਂ ਚੂਹੜਾ ਹੋਇ ਵਾਕਫ਼*
*ਖ਼ਬਰਾਂ ਜਾਣਦੇ ਚੂਹੜੇ ਖਾਈਆਂ ਦੀਆਂ* (ਪ. 122)

ਸੂਫ਼ੀ ਮੱਤ ਵਿਚ ਇਸ਼ਕ ਵੀ ਰੂਹਾਨੀਅਤ ਦਾ ਅੰਗ ਹੈ, ਪਰ

*ਭਾਬੀ ਇਸ਼ਕ ਤੋਂ ਨੱਸ ਕੇ ਉਹ ਜਾਂਦੇ*
*ਪੁੱਤਰ ਹੋਣ ਜੋ ਕਿਸੇ ਕੰਗਾਲ ਦੇ ਨੀ* (ਪ. 84)

ਅਤੇ

*ਵਾਰਿਸ ਜੋਗ ਹੈ ਕੰਮ ਨਿਰਾਸਿਆਂ ਦਾ*
*ਤੁਸੀਂ ਜੱਟ ਕੀ ਜੋਗ ਨੂੰ ਪਾਵਣਾ ਓ*
*ਇਸ਼ਕ ਕਰਨ ਤੇ ਤੇਗ਼ ਦੀ ਧਾਰ ਕੱਪਣ*
*ਨਹੀਂ ਕੰਮ ਇਹ ਭੁੱਖਿਆਂ ਨੰਗਿਆਂ ਦਾ* (ਪ. 92)

ਸਮਾਜੀ ਦਵੰਦ ਹੈ ਕਿ

*ਜੇਹਾ ਰੰਘੜਾਂ ਵਿਚ ਨਾ ਪੀਰ ਕੋਈ*

*ਅਤੇ ਲੁਧੜਾਂ ਵਿਚ ਬਾਦਸ਼ਾਹ ਨਾਹੀਂ* (ਪ. 78)

× × ×

*ਨਹੀਂ ਚੂਹੜੇ ਦਾ ਪੁੱਤ ਹੋਏ ਸੱਯਦ*
*ਘੋੜੇ ਹੋਣ ਨਾਹੀਂ ਪੁੱਤ ਲੇਲੀਆਂ ਦੇ*
*ਵਾਰਿਸ ਸ਼ਾਹ ਫ਼ਕੀਰ ਤਾਂ ਨਹੀਂ ਹੁੰਦੇ*
*ਪੁੱਤਰ ਜੱਟਾਂ ਤੇ ਮੋਚੀਆਂ ਤੇਲੀਆਂ ਦੇ* (ਪ. 46)

ਸ਼ਰੈਣਿਕ ਪ੍ਰਤਿਮੁੱਲਣ Devaluation ਦਾ ਵਰਨਨ ਤਨਸੁਖ ਦੀ ਰਾਜਨੀਤਿ 'ਚੋਂ ਮਿਲ ਜਾਂਦਾ ਹੈ।[3] ਅੱਜ ਵੀ ਕੰਮ ਮੁਸ਼ਕਲ ਨਾਲ ਮਿਲਦਾ ਹੈ ਅਤੇ ਚਾਕਰੀ ਜਾਂ ਮਜ਼ਦੂਰੀ, ਫੈਨਨ ਅਨੁਸਾਰ, ਵਿਸ਼ੇਸ਼ ਅਧਿਕਾਰ ਹੈ। ਤਨਸੁਖ ਚਾਕਰ ਨੂੰ ਮੁਰਦਾ ਕਹਿੰਦਾ ਹੈ

*"ਸੇਵਕ ਹਰੂਆ ਸੁਆਨ (ਵੱਤਾ) ਸਮਾਨ";*

× × ×

*"ਪਰਾਧੀਨ ਹੋਇ ਜਗਤ ਜੋ*
*ਕਬਹੂੰ ਨਾ ਉਤਰੇ ਭੂਖ";*
*"ਦਵਾਰੇ ਮਿਰਤਕ ਜਿਉ ਪ੍ਰਾਧੀਨ";*
*"ਪਰੇ ਕਾਮ ਜਬ ਸਵਾਮ (ਮਾਲਿਕ) ਕੋ*
*ਆਵੇ ਪ੍ਰਭ (ਮਾਲਿਕ) ਕੋ ਕਾਮ"*

ਅਰਥਾਤ ਸਮਾਜ ਵਿਗਿਆਨਿਕ ਤੌਰ 'ਤੇ ਮੁਰਦੇ ਵਿਚ ਉਦੋਂ ਜਾਨ ਪੈਂਦੀ ਹੈ ਜਦੋਂ ਉਹ ਮਾਲਕ ਲਈ ਭੌਤਿਕ ਸਰੀਰ ਨੂੰ ਗੁਆ ਦਿੰਦਾ ਹੈ। ਰਾਜਨੀਤੀ ਵਿਚ ਇਹ ਨੂੰ 'ਸਵਾਮੀ-ਧਰਮ' ਕਹਿੰਦੇ ਹਨ।

ਰਾਮਸੁਖ ਰਾਓ 'ਜੱਸਾ ਸਿੰਘ ਵਨੋਦ'[4] ਵਿਚ ਹਿੰਸਾ ਦੇ ਸਮਰੱਥ ਨੂੰ ਹੀ ਬੰਦਾ ਕਹਿੰਦਾ ਹੈ। ਮਕੱਦਮ-ਚੌਧਰੀ-ਜ਼ਮੀਂਦਾਰ ਤੋਂ ਥੱਲੜੀ ਮਨੁੱਖਤਾ ਮੁਰਦਿਆਂ ਦੀ ਹੈ। ਉਪਰੋਕਤ ਦੀ ਪੁਸ਼ਟੀ ਸੰਤੋਖ ਸਿੰਘ 'ਸੂਰਜ ਪ੍ਰਕਾਸ਼' ਵਿਚ ਕਰਦਾ ਹੈ—ਨਿਤਪ੍ਰਤੀ ਜਾਟ ਕਮੀਨੀ ਜਾਤਿ (XII : 5227) 'ਮਹਾਨ ਕੋਸ਼' ਅਨੁਸਾਰ ਸਿੰਘ ਦਾ ਮਤਲਬ ਹੈ—ਹਿੰਸਾ ਕਰਨ ਵਾਲਾ ਜੀਵ। ਪੰਜ ਪਿਆਰੇ ਸਿੰਘ ਸਜਣ ਤੋਂ ਹਿਚਕਚਾਉਂਦੇ ਹਨ ਕਿਉਂਕਿ

*ਜਾਤਿ ਦੇ ਕਮੀਨ ਦੀਨ*
*ਰੰਕ ਹੈਂ ਅਧੀਨ ਹੀਨ*
*ਕਾਮ ਕ੍ਰੋਧ ਪੀਨ ਮਨ*
*ਛੀਨ ਹੈ ਨਾ ਚੈਨ ਕੋ* (XII : 5059)

**ਦੀਨ-ਗ਼ਰੀਬ; ਰੰਕ-ਮੰਗਤੇ; ਅਧੀਨ-ਮਾਤਹਿਤ; ਹੀਨ-ਕਮਜ਼ੋਰ; ਪੀਨ-ਮੋਟੇ; ਛੀਨ-ਕਮਜ਼ੋਰ।**

ਅਠਾਰ੍ਹਵੀਂ ਸਦੀ ਵਿਚ ਦੋ ਪ੍ਰਮੁੱਖ ਵਰਗ ਸਨ—ਹਿੰਸਕ ਅਤੇ ਅਹਿੰਸਕ। ਇਹ ਵਰਗ ਸ਼੍ਰੇਣੀ-ਵੰਡ ਦੇ ਪ੍ਰਤੀਕ ਵੀ ਸਨ। ਹਿੰਸਕਾਂ ਵਿਚ ਜ਼ਮੀਂਦਾਰ, ਅਜਾਰਾਦਾਰ, ਜਾਗੀਰਦਾਰ ਅਤੇ ਉਮਰਾ ਸ਼ਾਮਿਲ ਸਨ। ਅਹਿੰਸਕਾਂ ਵਿਚ ਕੰਮੀ ਕਮੀਣ ਸਨ।

ਬੀ-40 ਜਨਮਸਾਖੀ ਵਿਚ ਸਭ ਤੋਂ ਅਮੀਰ ਤਸਵੀਰ ਭੋਲੇ ਚੋਰ ਦੀ ਹੈ ਜਿਹੜਾ ਪੰਜ ਸੌ ਸਵਾਰਾਂ (ਡਾਕੂਆਂ) ਦਾ ਹਮ-ਨਵਾਲਾ ਸੀ।

ਰਾਮਸੁਖ ਰਾਉ ਅਨੁਸਾਰ ਅਹਿਮਦ ਸ਼ਾਹ ਅਬਦਾਲੀ ਆਪ ਜੱਸਾ ਸਿੰਘ ਆਹਲੂਵਾਲੀਆ ਦੇ ਬਜ਼ੁਰਗ ਨੂੰ ('ਪੰਜਾਬ' ਹਵਾਲੇ ਕਰਨ ਦੀ ਪੇਸ਼ਕਸ਼ ਕਰਦਾ ਹੈ, ਜੇ ਉਹ ਡਾਕੇ ਮਾਰਨੇ ਛੱਡ ਕੇ ਉਹ ਦੇ ਇੰਤਜ਼ਾਮੀਏ 'ਚ ਸ਼ਾਮਿਲ ਹੋ ਜਾਏ)। ਸ਼ਾਸਕ ਅਤੇ ਡਾਕੂ ਸਮਾਜ ਵਿਗਿਆਨ ਦੇ ਦੋ ਪੱਖ ਸਨ। ਇਹੀ ਗੱਲ ਅੰਗਰੇਜ਼ ਨੇ 1818 ਵਿਚ ਪਿੰਡਾਰੀਆਂ ਦੇ ਸਰਦਾਰ ਨੂੰ ਟੌਂਕ ਦਾ ਨਵਾਬ ਬਣਾ ਕੇ ਕੀਤੀ।

ਬੰਦਾ ਹਾਰ ਖਾ ਕੇ ਹਿੰਸਾ ਦਾ ਵਿਹਾਰ ਕਰਨ ਤੋਂ ਅਸਮਰਥ ਹੋ ਜਾਂਦਾ ਹੈ। ਰਾਮਸੁਖ ਰਾਉ ਅਨੁਸਾਰ ਜਰਨਲ ਬਰਖ਼ੁਰਦਾਰ ਖਾਂ ਸਿੱਖਾਂ ਤੋਂ ਹਾਰ ਗਿਆ। ਉਹ ਅਬਦਾਲੀ ਅੱਗੇ ਪੇਸ਼ ਹੋਇਆ, ਜਿਸ ਨੇ ਉਹ ਨੂੰ ਮਰਵਾ

ਦਿੱਤਾ। ਇੰਝ ਹੀ ਅਮੀਰ ਖ਼ਾਂ, ਸਰਬੁਲੰਦ ਖ਼ਾਂ, ਨਬੀ ਖ਼ਾਂ ਸਿਆਣੇ ਨਿਕਲੇ, ਜਿਹੜੇ ਹਾਰ ਕੇ ਹਿੰਦੁਸਤਾਨ ਚਲੇ ਗਏ। ਅਠਾਰ੍ਹਵੀਂ ਸਦੀ ਵਿਚ ਉੱਤਰੀ ਭਾਰਤ ਨੂੰ ਹਿੰਦੁਸਤਾਨ ਕਿਹਾ ਜਾਂਦਾ ਸੀ।

ਕਮੀਣਾਂ ਦੇ ਮੁਰਦੇ ਹੋਣ ਦੀ ਮਿਸਾਲ ਦਾ ਇਨ ਬਿਨ ਵਰਨਨ ਰਾਮਸੁੱਖ ਰਾਓ ਵਿਚ ਮਿਲ ਜਾਂਦਾ ਹੈ। "ਮੀਆਂਵਿੰਡ ਜੱਸਾ ਸਿੰਘ ਰੰਧਾਵਾ ਦੇ ਅਧੀਨ ਸੀ। ਜਿੱਥੇ ਉਹਦਾ ਭਰਾ ਉਦੈ ਸਿੰਘ ਥਾਣੇਦਾਰ ਸੀ। ਬੰਦੇ ਕਤਲ ਹੋ ਜਾਂਦੇ। 'ਰਯੀਅਤ' ਨੇ ਜੱਸਾ ਸਿੰਘ ਕੋਲ ਸ਼ਿਕਾਇਤ ਕੀਤੀ। ਜੱਸਾ ਸਿੰਘ ਆਹਲੂਵਾਲੀਆ ਨੂੰ ਅੱਗੇ ਵੀ ਕਈ ਵਾਰ ਉਹਦੀਆਂ ਜ਼ਿਆਦਤੀਆਂ ਦੀ ਖ਼ਬਰ ਮਿਲੀ ਸੀ"। ਰਯੀਅਤ ਤਾਂ ਪੈਦਾ ਹੀ ਕਤਲ ਹੋਣ ਅਤੇ ਜ਼ਿਆਦਤੀਆਂ ਸਹਿਨ ਲਈ ਹੈ।

ਜਿਵੇਂ ਮਾਲੀ ਸਿੰਘ ਤੋਂ ਹਾਰਨ ਕਰਕੇ, ਅਰਥਾਤ ਆਪਣਾ ਪੋਰਖ ਗੁਆਉਣ ਮਗਰੋਂ ਜੱਸਾ ਸਿੰਘ ਆਹਲੂਵਾਲੀਆ ਨੇ ਸਰਦਾਰਾਂ (ਪੰਥ) ਦੇ ਕਹਿਣ 'ਤੇ 'ਹਥਿਆਰ ਬਾਂਧਨੇ' ਸ਼ੁਰੂ ਕੀਤੇ ਇੰਝ ਹੀ ਸਿੱਖ ਗੁਰੂ ਗੋਬਿੰਦ ਸਿੰਘ 'ਕੀ ਕੁੱਵਤ ਸੇ ਹਥਿਆਰ (ਕਿਰਪਾਨ) ਬਾਂਧਤੇ ਹੇਂ'

ਮਨੁੱਖੀ ਗੁਣਾਵਲੀ ਵਿਚ—ਹਿੰਸਾ, ਅਮੀਰੀ, ਸਿਆਣਪ, ਇੱਜ਼ਤ ਦੀ ਇਕਾਈ ਹੈ, ਜਿਹੜੀ ਮਨੁੱਖੀ ਵਿਅਕਤਿਤਵ ਅਤੇ ਸਮਾਜ ਦਾ ਆਧਾਰ ਹੈ।

ਗੁਰੂ ਗੋਬਿੰਦ ਸਿੰਘ ਨੇ 'ਮੁਰਦਿਆਂ' ਨੂੰ ਅੰਮ੍ਰਿਤਪਾਨ ਕਰਾ ਕੇ ਜੀਂਦਿਆਂ ਵਿਚ ਸ਼ਾਮਿਲ ਕੀਤਾ। ਰਹਿਤ ਦੀ ਕਿਰਪਾਨ ਹਿੰਸਾ ਦਾ ਦਾਨ ਹੈ। ਇਹਦੇ ਨਾਲ 'ਹਿੰਸਾ ਕਰਨ ਵਾਲਾ ਜੀਵ' ਅਰਥਾਤ ਸਿੰਘ ਹੋਣਾ ਵੀ ਜ਼ਰੂਰੀ ਸੀ। ਹੁਣ ਸਿੱਖਾਂ ਦੀ ਬ੍ਰਹਮਵਿੱਦਿਆ ਵਿਚ ਰੱਬ 'ਕਿਰਸਾਣ' ਦੀ ਥਾਉਂ 'ਅਸਿਪਾਨ' ਹੋ ਗਿਆ। ਅਸਿਪਾਨ ਦੀ ਬ੍ਰਹਮਵਿੱਦਿਆ ਵਿਚ ਸਿੱਖਾਂ ਦਾ ਸਮਾਜ ਵਿਗਿਆਨ Sociology, ਉਹਨਾਂ ਦਾ ਉਦੇਸ਼, ਅਤੇ ਭਵਸ਼ਾਸ਼ਤ੍ਰ Ontology ਮਿਲਦਾ ਹੈ।

ਖਾਲਸੇ ਦੀ ਸਿਰਜਣਾ ਵਿਚ ਅੰਮ੍ਰਿਤ ਸੰਸਕਾਰ ਦੇ ਸਮਾਜ ਵਿਗਿਆਨਿਕ ਅਰਥ ਦੀ ਪੁਸ਼ਟੀ ਸੁੱਖਾ ਸਿੰਘ ਦੇ 'ਗੁਰਬਿਲਾਸ ਦਸਵੀਂ ਪਾਤਸ਼ਾਹੀ' ਵਿਚ ਮਿਲ ਜਾਂਦੀ ਹੈ।[5] ਸੁੱਖਾ ਸਿੰਘ ਵਾਰਿਸ ਸ਼ਾਹ ਦਾ ਪ੍ਰਤਿਰੂਪ ਹੈ।

ਭੂਤਪੂਰਬ ਕਮੀਣ, ਹੁਣ ਸਿੱਖ, 'ਮੁਰਦੇ' ਨਹੀਂ ਸਗੋਂ ਛੱਤ੍ਰੀ ਹਨ।

*ਛੱਤ੍ਰੀ ਕੋ ਦੁਰਲਭ ਜਗ ਆਹਿ*
*ਜੁਧ ਸਮਾਨ ਅਵਰ ਪੁਨ ਨਾਹਿ* (272)

× × ×

*ਖਤ੍ਰੀ ਹੈ ਵਰ ਸਿੱਖ ਭਣੀਜੈ* (455)

ਆਤਮਿਕ ਤੌਰ 'ਤੇ ਹੀਣੇ ਹੁਣ ਰੂਹਾਨੀਅਤ ਵਿਚ ਪ੍ਰਪੱਕ ਹਨ

*ਬਿਦਿਆ ਗਿਆਨ ਸੁ ਜੋਗ ਤਪ*
*ਸਿੱਧ ਪਦਾਰਥ ਚਾਰ*
*ਪੁਨਿ ਮੈਂ ਸ੍ਰੀ ਮੱਧਿ ਖਾਲਸੇ*
*ਨਿਜ ਤਨ ਧਰਿਯੋ ਸੁਧਾਰ* (249)

ਸੁੱਖਾ ਸਿੰਘ ਸਿੱਖਾਂ ਦੇ ਸਮਾਜ ਵਿਗਿਆਨ ਦਾ ਭਲੀ-ਭਾਂਤ ਵਰਨਨ ਕਰਦਾ ਹੈ :

*ਅਸ੍ਰਮ ਬਰਨ ਕੋਊ ਚਲ ਆਵੈ*
*ਲੈ ਉਨ ਕੋ ਨਿਜ ਸੰਗ ਮਿਲਾਵੈ*
*ਆਦਿ ਗੁਰਨ ਕੀ ਰੀਤ ਸੁ ਟਾਰੀ*
*ਔਰੇ ਰਹਿਤ ਜਗਤ ਬਿਸਤਾਰੀ;* (245)
*ਕਰ ਭੋਜਨ ਏਕਹ ਜਾਇ ਲਯੋ*
*ਓਹੁ ਕੇ ਮੁਖ ਮੈਂ ਉਨਹੂੰ ਸ ਦਯੋ*
*ਇਤਨੋ ਇਨ ਮੈ ਹੈ ਇਤਫਾਕਾ*
*ਕਰੈ ਖ਼ੁਦਾਈ ਦੂਰ ਸੁ ਸਾਕਾ;* (325)

*ਜਾਟ ਗਵਾਰ ਸੋ ਤੇਲੀ ਘਨੇ*
*ਨਾਈ ਬਾਮਨ ਜਾਤ ਨ ਗਨੇ*
*ਰਜਕ ਸੂਦ ਲੁਬਾਨੇ ਜਾਨਹੁ*
*ਬਨੀਏ ਰੋੜੇ ਭਾਟ ਪਛਾਨਹੁ*
*ਬਾਫੀ ਅਉਰ ਲੁਹਾਰ ਸੁਨਾਰ*
*ਝੀਵਰ ਲੋਗ ਘੁਮਾਰ ਕੁਲਾਰ*
*ਕਿਤਕ ਬਾਹਤੀ ਔਰ ਚਮਾਰ*
*ਕਰ ਰੰਘਰੇਟੇ ਖੋਰ ਹਲਾਲ*
*ਬਾਰਾ ਜਾਤ ਸੁਨਾਤ ਮਿਲਾਵੈ*
*ਤਿਨ ਕੁਹ ਤੀਰ ਕਮਾਨ ਸਿਖਾਵੈ* (148)

ਇਹ ਖਾਲਸੇ ਦੀ ਸਿਰਜਣਾ ਦਾ ਨਤੀਜਾ ਹੈ ਕਿ ਵਾਰਿਸ ਦੇ 'ਰੁਸਤਾਈ' ਸੁੱਖਾ ਸਿੰਘ ਦੇ 'ਜਾਟ ਗਵਾਰ' ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ ਜਿਹਨਾਂ ਖਾਤਰ 'ਆਦਿ ਗੁਰਨ ਕੀ ਰੀਤ ਸੋ ਟਾਰੀ, ਔਰੇ ਰਹਿਤ ਜਗਤ ਬਿਸਤਾਰੀ।' ਸਿੱਖੀ ਦਾ ਕਾਯਾਕਲਪ ਦਰ ਅਸਲ ਕਮੀਣਾਂ ਦੇ ਖਤ੍ਰੀ ਹੋਣ ਦੀ ਕ੍ਰਿਆ ਹੈ। ਮੁੱਖ ਗੁਰੂ ਨਾਨਕ ਦਾ ਹੈ ਅਤੇ ਸਿਖਰ ਗੁਰੂ ਗੋਬਿੰਦ ਸਿੰਘ ਦਾ.........ਸਿੱਖ ਬ੍ਰਹਮ ਵਿੱਦਿਆ ਅਨੁਸਾਰ ਦੋਵਾਂ ਗੁਰੂ ਦਾ ਇੱਕੋ ਰੂਪ ਹੈ।

## ਟਿੱਪਣੀਆਂ/ਹਵਾਲੇ


1. *The Crisis of Empire in Mughal North India,* Muzaffar Alam, O.U.P., Delhi, 1986,
2. *Religion and the Rise of Capitalism,* R.H. Tawney, Penguin, 1975, 76.
3. MS 209, G. N. D. U., Amritsar; *'Editing of Rajneet by Tansukh',* M. Phil. Thesis. Parmjit, Amritsar, 1987.
4. MS 772, Archives Library, Patiala.
   ਇਹਦਾ ਅੰਮ੍ਰਿਤਸਰ ਪੀ. ਐਚ. ਡੀ. ਨਿਬੰਧ (ਜ. ਸ. ਬੈਂਸ) ਵੀ ਸੁਲੱਭ ਹੈ।
5. *ਗੁਰਬਿਲਾਸ ਦਸਵੀਂ ਪਾਤਸ਼ਾਹੀ*, ਸੁੱਖਾ ਸਿੰਘ, ਲਾਲ ਚੰਦ, ਮਾਨਕ ਟਹਿਲਾ, ਲਾਹੌਰ, 1912.

# ਗੁਰੂ ਗੋਬਿੰਦ ਸਿੰਘ ਜੀ ਦੀ ਨੈਤਿਕ ਚੇਤਨਾ

ਹੁਕਮਚੰਦ ਰਾਜਪਾਲ

ਗੋਬਿੰਦ ਸਿੰਘ ਅਜਿਹੀਆਂ ਮਹਾਨ ਵਿਭੂਤੀਆਂ ਵਿਚ ਸਿਰਮੌਰ ਹਨ ਜਿਨ੍ਹਾਂ ਨੇ ਭਾਰਤੀ ਸਮਾਜ ਨੂੰ ਜੀਵਨ ਬਤੀਤ ਕਰਨ ਦਾ ਸੰਕਲਪ ਸਮਝਾਇਆ, ਸ਼ੁਭ ਕਰਮਾਂ ਪ੍ਰਤਿ ਸੁਚੇਤ ਕੀਤਾ, ਨੈਤਿਕ ਮੁੱਲਾਂ ਦਾ ਵਿਹਾਰਿਕ ਪੱਖ ਪ੍ਰਸਤੁਤ ਕੀਤਾ। ਕਥਨੀ ਤੇ ਕਰਨੀ ਵਿਚ ਸਮਰੂਪ ਗੁਰੂ ਜੀ ਨੇ ਆਪਣੇ ਵਿਅਕਤੀਤਵ ਅਤੇ ਕ੍ਰਿਤੱਤਵ ਨਾਲ ਸਮੁੱਚੀ ਮਨੁੱਖਤਾ ਨੂੰ ਅਮੁੱਲ ਸੰਦੇਸ਼ ਦਿੱਤਾ। ਸੱਚੇ ਸੰਤ ਸਿਪਾਹੀ, ਵਿਵੇਕ ਪ੍ਰਤਿ ਸੁਚੇਤ, ਚਰਿੱਤਰ ਨਿਰਮਾਣ ਦੇ ਪੁੰਜ, ਦੂਰਦਰਸ਼ੀ, ਸਮਾਜ ਸੁਧਾਰਕ, ਸ਼ੁਭ ਕਰਮਾਂ ਦੇ ਪ੍ਰੇਰਕ ਗੁਰੂ ਗੋਬਿੰਦ ਸਿੰਘ ਸਹੀ ਅਰਥਾਂ ਵਿਚ ਇਸ ਸੰਸਾਰ ਵਿਚ ਇਕ ਅਜਿਹਾ ਤਮਾਸ਼ਾ ਵੇਖਣ ਆਏ ਸਨ, ਜੋ ਕਹਿਣ ਨੂੰ ਭਾਵੇਂ ਤਮਾਸ਼ਾ ਲੱਗੇ ਪਰ ਉਨ੍ਹਾਂ ਦਾ ਜੀਵਨ ਸਚਮੁੱਚ ਯੁਗਚੇਤਾ ਦਾ ਰਿਹਾ। ਇਨ੍ਹਾਂ ਨੂੰ ਅਸੀਂ ਅਧਿਆਤਮਿਕ ਗੁਰੂ ਹੋਣ ਦੇ ਨਾਲ ਹੀ ਨੈਤਿਕਤਾ ਦਾ ਆਦਰਸ਼ ਮੰਨਦੇ ਹਾਂ। ਗੁਰੂ ਜੀ ਨੇ ਆਪਣੀਆਂ ਰਚਨਾਵਾਂ ਵਿਚ ਵੀ ਇਕ ਪ੍ਰੇਰਕ ਗੁਰੂ ਦਾ ਦਾਇਤੱਤਵ ਨਿਭਾਇਆ ਅਤੇ ਮਾਨਵ ਜਾਤੀ ਨੂੰ ਸਦਾਚਾਰ ਸਮਾਨਤਾ, ਨਿਆਂ ਅਤੇ ਆਪਣੇ ਸਮਾਜ ਨੂੰ ਨੈਤਿਕ ਦ੍ਰਿਸ਼ਟੀ ਪ੍ਰਦਾਨ ਕੀਤੀ। ਮਨੁੱਖੀ ਕਦਰਾਂ ਕੀਮਤਾਂ ਦਾ ਸਹੀ ਅਰਥ ਸਮਝਾਇਆ।

ਨੈਤਿਕਤਾ ਦਾ ਸੰਬੰਧ ਮਨੁੱਖੀ ਵਿਹਾਰ ਅਤੇ ਆਚਰਣ ਨਾਲ ਹੈ। ਇਸ ਲਈ ਨੈਤਿਕਤਾ ਦੀ ਚਰਚਾ ਸਿਰਜਨਸ਼ੀਲ ਪ੍ਰਾਣੀਆਂ ਲਈ ਕੀਤੀ ਜਾਂਦੀ ਹੈ। ਮੁੱਲ-ਚਰਚਾ (ਨਿਰਨਾ) ਵਿਚ ਸਾਰੇ ਵਿਦਵਾਨਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਨੈਤਿਕ ਮੁੱਲਾਂ ਦੀ ਮਾਨਤਾ ਨੂੰ ਸਵੀਕਾਰ ਕੀਤਾ ਹੈ। 'ਮੁੱਲ' ਦੀ ਪਰਿਭਾਸ਼ਾ ਦਿੰਦਿਆਂ ਇਸ ਨੂੰ ਜੀਵਨ ਦੀ ਸਹੀ ਦ੍ਰਿਸ਼ਟੀ, ਨੈਤਿਕ ਆਚਰਨ, (ਦ੍ਰਿਸ਼ਟੀ) ਗਤੀਸ਼ੀਲਤਾ, ਵਿਕਾਸਸ਼ੀਲਤਾ ਮੰਨਿਆ ਜਾਂਦਾ ਰਿਹਾ ਹੈ। ਮਨੁੱਖੀ ਕਦਰਾਂ-ਕੀਮਤਾਂ, ਪੁਰਸ਼ਾਰਥਾਂ, ਧਰਮ, ਅਰਥ, ਕਾਮ ਤੇ ਮੋਕਸ਼ (ਮੁਕਤੀ) ਦੇ ਮੂਲ ਵਿਚ ਸਭਨਾਂ ਨੇ ਨੈਤਿਕਤਾ ਨੂੰ ਵਧੇਰੇ ਮਹੱਤਵ ਦਿੱਤਾ ਹੈ। ਨੈਤਿਕ ਮੁੱਲਾਂ (Ethical Values) ਨੂੰ ਆਦਰਸ਼ਕ ਮੁੱਲ (Moral Values) ਵੀ ਕਿਹਾ ਜਾਂਦਾ ਹੈ। ਨੀਤੀ ਦਾ ਸੰਬੰਧ ਸਾਰੇ ਕਾਰਜਾਂ ਤੇ ਵਿਹਾਰ ਨਾਲ ਵਿਸ਼ੇਸ਼ ਮੰਨਿਆ ਜਾਂਦਾ ਹੈ। ਪੱਛਮੀ ਵਿਦਵਾਨਾਂ ਨੇ ਵੀ ਨੈਤਿਕਤਾ ਦਾ ਸੰਬੰਧ ਰੀਤੀ, ਚਰਿੱਤਰ ਸੁਭਾਅ, ਵਿਹਾਰ ਨਾਲ ਸਵੀਕਾਰ ਕੀਤਾ ਹੈ। ਇਸ ਦਾ ਪ੍ਰਯੋਗ ਨੈਤਿਕ ਦਰਸ਼ਨ ਲਈ ਵੀ ਕੀਤਾ ਜਾਂਦਾ ਹੈ। ਨੈਤਿਕ-ਮੁੱਲ ਚਰਚਾ ਵਿਚ ਜਿੱਥੇ ਭਾਰਤੀ ਨੀਤੀ, ਸਾਸ਼ਤਰ ਦਾ ਮਹੱਤਵ ਹੈ ਉੱਥੇ ਪੱਛਮੀ ਵਿਦਵਾਨਾਂ ਵਿਚ ਕਾਂਟ, ਹੀਗੇਲ, ਅਰਬਨ ਅਤੇ ਮਿਸ ਲੋਰਿੰਗ ਦਾ ਨਾਮ ਵਿਸ਼ੇਸ਼ ਲਿਆ ਜਾਂਦਾ ਹੈ। ਲੋਰਿੰਗ ਨੇ ਤਾਂ ਸਾਰੇ ਮੁੱਲਾਂ ਨੂੰ ਦੋ ਹਿੱਸਿਆਂ ਵਿਚ ਵਿਭਾਜਿਤ ਕੀਤਾ ਹੈ—ਨੈਤਿਕ ਤੇ ਅਨੈਤਿਕ।[1]

ਮਨੁੱਖੀ ਕਦਰਾਂ ਕੀਮਤਾਂ (Human Values) ਦੀ ਚਰਚਾ ਕਰਦਿਆਂ ਪੱਛਮੀ ਵਿਦਵਾਨਾਂ ਨੇ ਇਨ੍ਹਾਂ ਨੂੰ ਜਿੱਥੇ ਅਨੇਕਾਂ ਸ਼੍ਰੇਣੀਆਂ (Classifications Parts) ਵਿਚ ਵਿਭਾਜਤ ਕਰਨ ਦੀ ਚੇਸ਼ਟਾ ਕੀਤੀ ਹੈ, ਉੱਥੇ ਇਨ੍ਹਾਂ ਦੀ ਬਹੁਪੱਖੀ ਵਿਆਖਿਆ ਵੀ ਕੀਤੀ ਹੈ। ਮਨੁੱਖੀ ਕਦਰਾਂ-ਕੀਮਤਾਂ ਨੂੰ ਸਮਝਣ ਲਈ ਇਨ੍ਹਾਂ ਨੂੰ ਸਮੇਂ ਪਰਿਵੇਸ ਤੇ ਜ਼ਰੂਰਤ ਨੂੰ ਸਨਮੁਖ ਰਖ ਕੇ ਚਰਚਾ ਕੀਤੀ ਜਾਂਦੀ ਹੈ। ਇਹ ਮੁੱਲ ਮਨੁੱਖ ਦਾ ਵਿਕਾਸ ਕਰਦੇ ਨੇ, ਉਸ ਦੀ ਕਥਨੀ ਤੇ ਕਰਨੀ ਨੂੰ ਇਕਸੁਰਤਾ ਪ੍ਰਦਾਨ ਕਰਦੇ ਨੇ। ਕਦਰਾਂ-ਕੀਮਤਾਂ ਨੂੰ ਬਹੁ-ਮੁਖੀ ਤੇ ਅੰਤਰ-ਮੁਖੀ; ਸਥੂਲ ਤੇ ਸੂਖਮ; ਨੈਤਿਕ ਤੇ ਅਨੈਤਿਕ; ਭੌਤਿਕ ਤੇ ਅਧਿਆਤਮਿਕ ਆਦਿ ਦੇ ਆਧਾਰ ਤੇ ਵੀ ਸਮਝਣ ਦੀ ਕਾਫ਼ੀ ਚਿਰਾਂ ਤੋਂ ਕੋਸ਼ਿਸ਼ ਹੋ ਰਹੀ ਹੈ। ਅਸੀਂ ਭਾਰਤੀ ਤੇ ਪੱਛਮੀ ਚਿੰਤਕਾਂ (ਵਿਦਵਾਨਾਂ) ਦੇ ਆਧਾਰ ਤੇ ਇਨ੍ਹਾਂ ਮਨੁੱਖੀ ਕਦਰਾਂ-ਕੀਮਤਾਂ ਨੂੰ ਸਪਸ਼ਟ ਕਰਨ ਦੀ ਚੇਸ਼ਟਾ ਕੀਤੀ ਹੈ। ਭਾਰਤ ਵਿਚ ਇਨ੍ਹਾਂ ਨੂੰ ਪੁਰਸ਼ਾਰਥਾਂ (ਧਰਮ, ਅਰਥ, ਨਾਮ ਤੇ ਮੁਕਤੀ)

ਰਾਹੀਂ ਵਿਆਪਕਤਾ ਪ੍ਰਦਾਨ ਕੀਤੀ ਗਈ ਹੈ। ਅਸੀਂ ਪੱਛਮੀ ਦ੍ਰਿਸ਼ਟੀਕੋਣ ਤੇ ਆਧਾਰਿਤ ਸਾਰੀਆਂ ਕਦਰਾਂ-ਕੀਮਤਾਂ ਨੂੰ ਪੁਰਸ਼ਾਰਥਾਂ ਦੇ ਸਮਾਨ ਸਵੀਕਾਰ ਕਰਦੇ ਹਾਂ।[2] ਧਰਮ, ਅਰਥ, ਕਾਮ ਤੇ ਮੋਕਸ਼ (ਮੁਕਤੀ) ਇਨ੍ਹਾਂ ਚਾਰਾਂ ਪੁਰਸ਼ਾਰਥਾਂ ਵਿਚ ਨੀਤੀ ਜਾਂ ਨੈਤਿਕਤਾ ਦਾ ਸਪਸ਼ਟ ਉਲੇਖ ਨਹੀਂ ਮਿਲਦਾ ਜਦ ਕਿ ਪੱਛਮੀ ਮੁੱਲ-ਚਰਚਾ ਵਿਚ ਨੀਤੀ ਦਾ ਮਹੱਤਵ ਮੰਨਿਆ ਗਿਆ ਹੈ। ਸੌ ਦੇ ਲਗਭਗ ਪੁਸਤਕਾਂ ਦੇ ਸਿਰਲੇਖ (headings) ਹੀ ਸਿੱਧੇ ਇਸ ਨਾਲ ਸੰਬੰਧਿਤ ਹਨ। ਜਿਵੇਂ : Fundamentals of Ethics, Ethical Studies Principal Ethica, A Studies of Ethical Principles, Two Kinds of Values, Strategies of Ethics, The Methods of Ethics, Ground Work of Ethics, Ethics and Language, Science and Ethics, Eney of Religion and Ethics, Ethical Philosophy of India, Ethics of the Sikhs, Five Times of Ethical Theories, The Foundations of Ethics, Logic and the Basis of Ethics, Ethics of India, Readings in Ethical Theory, The Concepts of Ethics, Ethics for Today, The Ethics of Reason. ਅਨੇਕ ਪੁਸਤਕਾਂ ਦੇ ਮੁੱਖ ਪੰਨੇ ਸਿਰਫ਼ ਏਥਿਕਸ (Ethics) ਹੀ ਹਨ। ਇਸ ਤੋਂ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਪੱਛਮ ਵਿਚ ਨੀਤੀ ਜਾਂ ਨੈਤਿਕਤਾ ਬਾਰੇ ਚਰਚਾ ਵਧੇਰੇ ਹੋਈ ਹੈ। ਇਸ ਤੋਂ ਇਹ ਭਾਵ ਨਹੀਂ ਲਿਆ ਜਾਣਾ ਚਾਹੀਦਾ ਕਿ ਭਾਰਤ ਵਿਚ ਨੀਤੀ ਸੰਬੰਧੀ ਕਾਰਜ ਨਹੀਂ ਹੋਇਆ। ਭਾਰਤੀ ਨੀਤੀ (ਨੈਤਿਕਤਾ) ਦੀ ਆਪਣੀ ਪਰੰਪਰਾ ਰਹੀ ਹੈ—ਇਸ ਨੂੰ ਵੈਦਿਕ ਨੀਤੀ, ਪੌਰਾਣਿਕ, ਉਪਨਿਸ਼ਦਿਕ ਨੀਤੀ, ਸੂਤਰ ਸਾਹਿਤ ਨੀਤੀ, ਦਰਸ਼ਨ ਨੀਤੀ, ਰਮਾਇਣ ਤੇ ਮਹਾਂਭਾਰਤ ਦੀ ਨੀਤੀ ਦੇ ਨਾਲ ਹੀ ਚਾਣਕਯ, ਸ਼ੁਕਰ ਤੇ ਭਰਥਰੀ ਹਰਿ ਨੀਤੀ ਆਦਿ ਵਿਚ ਵਿਭਾਜਤ ਕਰਕੇ ਇਸ ਦੇ ਵਿਕਾਸ ਦੀ ਚਰਚਾ ਕੀਤੀ ਜਾਂਦੀ ਰਹੀ ਹੈ। ਮਹਾਂਭਾਰਤ ਵਿਚ ਵਿਦੁਰ ਨੀਤੀ ਦੇ ਚਾਣਕਯ ਨੀਤੀ ਦਾ ਉਲੇਖ ਰੂਪ ਵਿਚ ਕੀਤਾ ਜਾਂਦਾ ਹੈ। ਜੈਨ, ਬੁੱਧ ਅਤੇ ਸਿੱਖ ਨੈਤਿਕਤਾ ਨੂੰ ਵਿਸਤਾਰ ਨਾਲ ਪ੍ਰਸਤੁਤ ਕੀਤਾ ਗਿਆ ਹੈ।

ਨੀਤੀ ਚਰਚਾ ਵਿਚ ਮਾਰਲ (Moral) ਨੂੰ ਇਸ ਦਾ ਸਮਾਨਅਰਥੀ ਮੰਨਿਆ ਹੈ। ਇਸ ਵਿਚ ਸਦਗੁਣਾਂ (Virtues) ਨੂੰ ਵਿਸ਼ੇਸ਼ ਮਹੱਤਤਾ ਪ੍ਰਦਾਨ ਕੀਤੀ ਜਾਂਦੀ ਹੈ। ਸਦਗੁਣਾਂ ਵਿਚ ਨੈਤਿਕਤਾ, ਸਾਧੁਤਾ, ਨੇਕੀ, ਸਦਾਚਾਰ, ਉਚਾਈ ਆਦਿ ਦੀ ਚਰਚਾ ਹੁੰਦੀ ਹੈ। ਪੱਛਮੀ ਵਿਦਵਾਨ ਪਲੇਟੋ ਨੇ ਵਿਵੇਕ, ਸੰਜਮ, ਸਾਹਸ ਅਤੇ ਨਿਆਂ ਮੁੱਖ ਸਦਗੁਣ ਸਵੀਕਾਰ ਕੀਤੇ ਹਨ। ਡਾ. ਅਵਤਾਰ ਸਿੰਘ ਹੋਰਾਂ ਨੇ ਨੀਤੀ ਨੂੰ ਮਨੁੱਖੀ ਵਿਹਾਰ ਵਿਚ ਮੁੱਲ-ਵਿਗਿਆਨ ਮੰਨ ਕੇ ਸਦਗੁਣਾਂ ਵਿਚ ਸਿੱਖ-ਨੈਤਿਕਤਾ ਦੀ ਚਰਚਾ ਬੁੱਧੀ (Wisdom), ਸੱਚਾਈ (Truthfulness), ਨਿਆਂ (Justice), ਸੰਜਮ (Temperance), ਸਾਹਸ (Courage), ਵਿਨੀਤਤਾ, ਹਲੀਮੀ (Humility) ਅਤੇ ਸੰਤੋਖ (Contentment) ਦੇ ਆਧਾਰ ਤੇ ਕੀਤੀ ਹੈ।[3] ਨੈਤਿਕਤਾ ਨੂੰ ਵਿਆਪਕ ਅਰਥਾਂ ਵਿਚ ਸਮਝਣਾ ਚਾਹੀਦਾ ਹੈ। ਜਿੱਥੇ ਤਕ ਮੁੱਲ-ਚਰਚਾ ਜਾਂ ਨੀਤੀ-ਚਰਚਾ ਦੀ ਗੱਲ ਹੈ, ਇਸ ਵਿਚ ਹਮੇਸ਼ਾਂ 'ਵਿਵੇਕ' ਅਤੇ 'ਉਚਿਤਤਾ' ਦਾ ਆਧਾਰ ਰਿਹਾ ਹੈ। ਇਨ੍ਹਾਂ ਦੇ ਬਿਨਾਂ ਕੋਈ ਵੀ ਡੂੰਘਿਆਈ ਤੀਕ ਨਹੀਂ ਪੁੱਜ ਸਕਦਾ। ਵਿਵੇਕਸ਼ੀਲ ਵਿਚ ਹੀ ਮੁੱਲਾਂ ਤੇ ਨੀਤੀ ਦੀ ਸਾਰਥਕਤਾ ਨੂੰ ਸਹਿਜੇ ਆਤਮਸਾਤ ਕੀਤਾ ਜਾ ਸਕਦਾ ਹੈ। 'ਵਿਵੇਕ' ਤੋਂ ਇੱਥੇ ਭਾਵ ਪਠਿਤਵਰਗ ਤੋਂ ਨਹੀਂ ਲਿਆ ਜਾਣਾ ਚਾਹੀਦਾ। ਇਸ ਦਾ ਸੰਬੰਧ ਸਾਡੇ ਆਚਰਣ ਤੇ ਵਿਹਾਰ ਨਾਲ ਹੈ। ਇਸੇ ਲਈ ਗੁਰੂ ਸਾਹਿਬਾਨ ਸਾਨੂੰ ਸਦ ਕਰਮ, ਪਾਵਨਤਾ, ਸ਼ੁੱਧਤਾ, ਈਮਾਨਦਾਰੀ, ਨੇਕੀ, ਭਾਈਚਾਰੇ ਅਤੇ ਸਭਨਾਂ ਦੇ ਭਲੇ ਦਾ ਸੰਕਲਪ ਸਮਝਾਉਂਦੇ ਹਨ। ਗੁਰੂ ਗੋਬਿੰਦ ਸਿੰਘ ਨੇ ਸਾਨੂੰ ਭਗਤੀ ਤੇ ਸ਼ਕਤੀ ਦੀ ਵਾਸਤਵਿਕਤਾ ਦਾ ਬੋਧ ਕਰਾਇਆ। ਸਾਨੂੰ ਨੈਤਿਕਤਾ ਦਾ ਸਹੀ ਮਾਰਗ ਦਰਸਾਇਆ। ਸ਼ੁੱਭ ਕਰਮਾਂ ਤੇ ਧਰਮਯੁੱਧ ਦਾ ਨੈਤਿਕ ਸੰਕਲਪ ਪ੍ਰਦਾਨ ਕੀਤਾ। ਸਦਾਚਾਰੀ, ਚਰਿੱਤਰਵਾਨ ਦੇ ਨਾਲ ਹੀ ਸੂਰਵੀਰ ਹੋਣ ਦੀ ਪ੍ਰੇਰਣਾ ਦਿੱਤੀ।

ਮਨੁੱਖੀ ਕਦਰਾਂ-ਕੀਮਤਾਂ, ਵਿਸ਼ੇਸ਼ ਕਰ ਨੈਤਿਕਤਾ ਬਾਰੇ ਇਹ ਤੱਥ ਧਿਆਨ ਵਿਚ ਰੱਖਣ ਵਾਲਾ ਹੈ ਕਿ ਭਾਵੇਂ ਕੁਝ ਕੀਮਤਾਂ ਸ਼ਾਸ਼ਵਤ-ਸਥਾਈ ਹਨ ਪਰ ਯੁੱਗ, ਦੇਸ਼ਕਾਲ ਅਤੇ ਜ਼ਰੂਰਤ ਅਨੁਸਾਰ ਇਨ੍ਹਾਂ ਵਿਚ ਪਰਿਵਰਤਨ ਹੁੰਦਾ ਰਹਿੰਦਾ ਹੈ। ਗੁਰੂ ਜੀ ਦੇ ਸਨਮੁੱਖ ਆਪਣੇ ਯੁੱਗ ਦੀਆਂ ਸਮੱਸਿਆਵਾਂ ਸਨ, ਉਨ੍ਹਾਂ ਨੇ ਦੇਸ਼ ਨੂੰ ਬਾਹਰੋਂ ਅਤੇ ਅੰਦਰੋਂ ਨੁਕਸਾਨ ਪੁਚਾਉਣ ਵਾਲੀਆਂ ਤਾਕਤਾਂ ਦਾ ਡੱਟ ਕੇ ਵਿਰੋਧ ਕੀਤਾ। ਅਨੇਕਾਂ ਲੜਾਈਆਂ ਲੜੀਆਂ ਅਤੇ ਵਿਜੈ ਪ੍ਰਾਪਤ ਕੀਤੀ। ਦੇਸ਼ ਲਈ ਆਪਣੇ ਪਿਤਾ ਗੁਰੂ ਤੇਗ ਬਹਾਦੁਰ ਦੀ ਸ਼ਹੀਦੀ ਅਤੇ ਆਪਣੇ ਸਾਰੇ ਹੋਣਹਾਰ ਲਾਲਾਂ ਦਾ ਬਲਿਦਾਨ ਵਿਸ਼ਵ ਵਿਖਿਆਤਅ ਅਤੇ ਬੇਮਿਸਾਲ ਹੈ। ਅਨੇਕਾਂ ਰੁਕਾਵਟਾਂ ਹੋਣ ਦੇ ਬਾਵਜੂਦ ਵੀ ਗੁਰੂ

ਜੀ ਨੇ ਜ਼ਰੂਰਤ ਅਨੁਸਾਰ 'ਖਾਲਸਾ-ਸਾਜਨਾ' ਦਾ ਦਾਇੱਤਵ ਨਿਭਾਇਆ। ਸਮਾਜ ਵਿਚ ਵਿਆਪਕ ਭੇਦ-ਭਾਵ ਨੂੰ ਜੜੋਂ ਸਮਾਪਤ ਕਰਨ ਆਪਨੀ ਹੱਥੀਂ ਸਮਾਜ ਵਿਚ ਨਿਮਾਣੇ ਲੋਕਾਂ ਨੂੰ ਉੱਚ ਸਥਾਨ ਪ੍ਰਦਾਨ ਕੀਤਾ ਅਤੇ 'ਪੰਜ ਪਿਆਰੇ' ਦਾ ਆਧਾਰ ਦਿੱਤਾ। ਸੂਰਵੀਰ ਤੇ ਗੁਰੂ ਹੁੰਦਿਆਂ ਉਨ੍ਹਾਂ ਦਾ ਮਾਣ ਵਧਾਇਆ। ਸਮਾਜ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਆਪਣੇ ਅਤੇ ਆਪਣੇ ਪਰਿਵਾਰ ਦਾ ਸਭ ਕੁੱਝ ਦੇਸ਼ ਤੇ ਸਮਾਜ ਨੂੰ ਅਰਪਤ ਕਰ ਦਿੱਤਾ। ਖ਼ੁਦ ਗ੍ਰਿਹਸਥ ਜੀਵਨ ਬਤੀਤ ਕੀਤਾ ਅਤੇ ਸਭਨਾਂ ਨੂੰ ਇਸ ਜੀਵਨ ਦਾ ਆਦਰਸ਼ ਸਮਝਾਇਆ। ਸਦਾਚਾਰੀ, ਚਰਿਤ੍ਰਵਾਨ, ਸ਼ੀਲ, ਨੇਕੀ, ਸੱਚਾਈ, ਸੰਤੋਖ ਦੇ ਨਾਲ ਸਮਾਜਿਕ ਨਿਆਂ ਦਾ ਮਹੱਤਵ ਦੱਸਿਆ। ਹਮੇਸ਼ਾਂ ਆਪਣਾ ਨੈਤਿਕ ਦਾਇੱਤਵ ਸਮਝਿਆ ਅਤੇ ਸਭਨਾਂ ਨੂੰ ਇਸ ਦੀ ਵਡਮੁੱਲੀ ਪ੍ਰੇਰਨਾ ਦਿੱਤੀ। ਸਮਾਜ ਵਿਚ ਨਿਰਾਸਰਿਆਂ ਨੂੰ ਆਸਰਾ ਦਿੱਤਾ, ਨਾਰੀ ਨੂੰ ਉਚਿਤ ਮਾਨ ਪ੍ਰਦਾਨ ਕੀਤਾ। ਪਰ ਨਾਰੀ ਪ੍ਰਤਿ ਸੁਚੇਤ ਕਰਦਿਆਂ ਸਵੈ-ਨਾਰੀ (ਪਤਨੀ) ਪ੍ਰਤਿ ਇਕਨਿਸ਼ਠਤਾ ਦਾ ਸੰਕਲਪ ਸਮਝਾਇਆ। ਸੱਚੀ ਭਗਤੀ ਨਾਮ-ਸਿਮਰਨ, ਸ਼ਕਤੀ-ਪੂਜਾ ਦਾ ਮੂਲ ਦੱਸਿਆ। ਹਉਮੈ, ਲੋਭ, ਮੋਹ ਅਤੇ ਕਾਮ ਆਦਿ ਤੋਂ ਬਚਣ ਦੀ ਪ੍ਰੇਰਣਾ ਦਿੱਤੀ। ਗੁਰੂ ਜੀ ਸੱਚੇ ਅਰਥਾਂ ਵਿਚ ਦੂਰਦਰਸ਼ੀ ਸਮਦਰਸ਼ੀ ਸਨ। ਉਨ੍ਹਾਂ ਨੇ ਔਰੰਗਜ਼ੇਬ ਨੂੰ ਸਹੀ ਰਾਹ ਤੇ ਚੱਲਣ ਲਈ ਸਲਾਹ ਦੇ ਨਾਲ-ਨਾਲ ਚੇਤਾਵਨੀ ਵੀ ਦਿੱਤੀ। 'ਦਸਮ ਗ੍ਰੰਥ' ਵਿਚ ਸੰਕਲਿਤ ਰਚਨਾਵਾਂ ਗੁਰੂ ਕਵੀ ਦੀ ਅਨੁਭਵ ਸ਼ੀਲਤਾ, ਸੂਝ-ਬੂਝ, ਵਿਵੇਕਸ਼ੀਲਤਾ ਅਤੇ ਚਰਿੱਤ੍ਰਿਕ ਉਦਾਰਤਾ ਨੂੰ ਮੂਰਤੀਮਾਨ ਕਰਦੀਆਂ ਹਨ। 'ਜ਼ਫ਼ਰਨਾਮਾ' ਗੁਰੂ ਗੋਬਿੰਦ ਸਿੰਘ ਦੇ ਨੈਤਿਕ, ਸਾਹਸੀ, ਸੂਰਬੀਰ ਅਤੇ ਨਿਰਭੈ ਹੋਣ ਦਾ ਪ੍ਰਤੱਖ ਪ੍ਰਮਾਣ ਹੈ। ਗੁਰੂ ਜੀ ਨੇ ਲੋਕ-ਨੀਤੀ ਨੂੰ ਧਿਆਨ ਵਿਚ ਰਖਿਆ, ਸ਼ੁੱਭ ਕਰਮਾਂ ਪ੍ਰਤਿ ਧਰਮ ਯੁੱਧ ਦਾ ਸਿਧਾਂਤਿਕ ਤੇ ਵਿਵਹਾਰਕ ਆਧਾਰ ਪ੍ਰਦਾਨ ਕੀਤਾ। ਸਭ ਕੁੱਝ ਉਸ ਪਰਮ ਸ਼ਕਤੀ ਦੇ ਅਧੀਨ ਮੰਨ ਕੇ ਆਪਣੇ ਉਦਾਰ ਹੋਣ ਦਾ ਪਰਿਚੈ ਦਿੱਤਾ। ਖ਼ੁਦ ਉੱਚਕੋਟੀ ਦੀਆਂ ਰਚਨਾਵਾਂ ਲਿਖੀਆਂ ਅਤੇ ਦੂਜਿਆਂ ਕਵੀਆਂ ਪਾਸੋਂ ਲਿਖਵਾਈਆਂ। ਇਕ ਤਰ੍ਹਾਂ ਸਾਹਿੱਤਿਕ ਵਾਤਾਵਰਣ ਪ੍ਰਦਾਨ ਕੀਤਾ। ਕਵੀਆਂ ਨੂੰ ਮਾਨ-ਸਨਮਾਨ ਦਿੱਤਾ। ਗੁਰੂ ਜੀ ਇਕ ਸੰਤ-ਸਿਪਾਹੀ ਦੇ ਨਾਲ ਉੱਚਕੋਟੀ ਦੇ ਕਵੀ ਸਨ। ਨੈਤਿਕਤਾ ਉਨ੍ਹਾਂ ਦੇ ਜੀਵਨ ਤੇ ਸਾਹਿਤ ਦਾ ਆਧਾਰ ਰਹੀ।

'ਦਸਮ ਗ੍ਰੰਥ' ਨੈਤਿਕਤਾ ਦਾ ਵਡਮੁੱਲਾ ਭੰਡਾਰ ਹੈ। ਗੁਰੂ-ਕਵੀ ਨੇ ਨੈਤਿਕ ਮੁੱਲਾਂ ਨੂੰ ਉਪਦੇਸ਼ਾਂ, ਕਥਾਵਾਂ ਰਾਹੀਂ ਪ੍ਰਸਤੁਤ ਕਰਕੇ ਲੋਕਾਂ ਨੂੰ ਸ਼ੁਭ ਕਰਮਾਂ ਦੀ ਪ੍ਰੇਰਣਾ ਦਿੱਤੀ, ਚਰਿਤ੍ਰਵਾਨ ਹੋਣ ਦਾ ਸੰਕਲਪ ਸਮਝਾਇਆ, ਪਰਵਾਰਿਕ ਤੇ ਸਮਾਜਿਕ ਨੈਤਿਕ ਦ੍ਰਿਸ਼ਟੀ ਪ੍ਰਦਾਨ ਕੀਤੀ। ਗੁਰੂ ਜੀ ਨੇ ਸਾਨੂੰ ਨੇਕੀ ਦੇ ਮਾਰਗ ਅਤੇ ਚਰਿਤ੍ਰਵਾਨ ਹੋਣ ਦੀ ਪ੍ਰੇਰਨਾ ਦਿੱਤੀ। 'ਦਸਮ ਗ੍ਰੰਥ' ਵਿਚ ਪ੍ਰਤਿਪਾਦਿਤ ਨੈਤਿਕਤਾ ਨੂੰ ਅਸੀਂ ਸੁਵਿਧਾ ਲਈ ਕਰਮ ਨੈਤਿਕਤਾ, ਧਰਮ ਯੁੱਧ ਨੈਤਿਕਤਾ, ਸਮਾਜਿਕ ਅਤੇ ਰਾਜਨੀਤਿਕ ਨੈਤਿਕਤਾ ਦੇ ਨਾਲ ਹੀ ਅਧਿਆਤਮਿਕ ਨੈਤਿਕਤਾ ਵਿਚ ਵੰਡ ਸਕਦੇ ਹਾਂ। ਜਿਨ੍ਹਾਂ ਨੈਤਿਕ ਤੇ ਅਧਿਆਤਮਿਕ ਧਾਰਨਾਵਾਂ ਦਾ ਉਲੇਖ ਕਾਵਿਮਈ ਸ਼ੈਲੀ ਵਿਚ 'ਦਸਮਗ੍ਰੰਥ' ਵਿਚ ਕੀਤਾ ਗਿਆ ਹੈ, ਉਨ੍ਹਾਂ ਦੀ ਪਾਲਨਾ ਖ਼ੁਦ ਗੁਰੂ ਜੀ ਨੇ ਆਪਣੇ ਜੀਵਨ ਵਿਚ ਕੀਤੀ ਅਤੇ ਫਿਰ ਸਭਨਾਂ ਨੂੰ ਉਨ੍ਹਾਂ ਦੀ ਪਾਲਨਾ ਪ੍ਰਤਿ ਸੁਚੇਤ ਕੀਤਾ। 'ਦਸਮਗ੍ਰੰਥ' ਹਿਰਦੈ ਦੀ ਉੱਚਤਾ ਅਤੇ ਵਿਅਕਤੀ ਦੀ ਨੈਤਿਕਤਾ ਦਾ ਮੁੱਲਵਾਨ ਗ੍ਰੰਥ ਮੰਨਿਆ ਜਾ ਸਕਦਾ ਹੈ। ਸਮਾਜ ਦੀ ਨੈਤਿਕਤਾ ਲਈ ਵਿਅਕਤੀ ਦਾ ਨੈਤਿਕ ਹੋਣਾ ਬਹੁਤ ਹੀ ਜ਼ਰੂਰੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਆਪਣੇ ਆਪ ਨੂੰ ਸਮਝਣ ਅਤੇ ਨੈਤਿਕ ਵਿਹਾਰ ਕਰਨ ਦੀ ਪ੍ਰੇਰਣਾ ਦਿੱਤੀ ਹੈ। ਗੁਰੂ ਜੀ ਨੇ ਸਾਨੂੰ 'ਧਰਮ ਯੁੱਧ' ਪ੍ਰਤਿ ਸੁਚੇਤ ਕੀਤਾ। ਸ਼ੁੱਭ ਕਰਮਾਂ ਲਈ ਹਮੇਸ਼ਾਂ ਮਰ ਮਿਟਣ ਲਈ ਤਿਆਰ ਰਹਿਣਾ ਉਨ੍ਹਾਂ ਦੇ ਜੀਵਨ ਦਾ ਆਧਾਰ ਰਿਹਾ। ਉਹ ਜੀਵਨ ਭਰ ਸ਼ੁੱਭ ਕਰਮਾਂ ਅਤੇ ਧਰਮ ਯੁੱਧ ਲਈ ਵੱਡੇ ਤੋਂ ਵੱਡਾ ਤਿਆਗ ਕਰਨ ਲਈ ਤਤਪਰ ਰਹੇ। ਨੈਤਿਕ ਵਿਅਕਤੀ ਦਾ ਜੀਵਨ ਸੰਜਮੀ ਤੇ ਆਦਰਸ਼ਕ ਹੁੰਦਾ ਹੈ। ਇਸ ਲਈ ਗੁਰੂ ਜੀ ਨੇ ਸਾਨੂੰ ਕੁੱਝ ਅਜਿਹੇ ਉਪਦੇਸ਼ ਦਿੱਤੇ ਜਿਨ੍ਹਾਂ ਦਾ ਮਹੱਤਵ ਹਮੇਸ਼ਾਂ ਰਿਹਾ ਹੈ ਅਤੇ ਰਹੇਗਾ। ਲੋਕ ਨੀਤੀ ਦੇ ਉਹ ਪ੍ਰਤੱਖ ਪ੍ਰਮਾਣ ਸਨ। ਸ਼ਕਤੀ-ਉਪਾਸਨਾ ਦੇ ਨਾਲ ਹੀ ਗੁਰੂ ਜੀ ਨੇ ਯੁੱਧ ਨੂੰ ਨਮਸਕਾਰ ਕੀਤੀ ਅਤੇ ਹਮੇਸ਼ਾਂ ਧਰਮਯੁੱਧ ਦੀ ਪਾਲਨਾ ਕਰਦੇ ਰਹੇ। ਗੁਰੂ ਜੀ ਆਪਣੇ ਜੀਵਨ ਦੇ ਉਦੇਸ਼ ਅਤੇ ਸੰਕਲਪ ਦਾ ਪਰਿਚੈ ਦਿੰਦੇ ਹੋਏ ਫਰਮਾਉਂਦੇ ਹਨ।

*ਹਮ ਇਹ ਕਾਜ ਜਗਤ ਮੋ ਆਏ।*
*ਧਰਮ ਹੇਤ ਗੁਰਦੇਵਿ ਪਠਾਏ।*

*ਜਹਾਂ ਤਹਾਂ ਤੁਮ ਧਰਮ ਬਿਥਾਰੋ।*
*ਦੁਸਟ ਦੋਖਯਨਿ ਪਕਰਿ ਪਛਾਰੋ।*[4]

ਗੁਰੂ ਜੀ ਨੇ ਨੈਤਿਕ ਜੀਵਨ ਲਈ ਗਿਆਨ ਤੇ ਵਿਵੇਕ ਨੂੰ ਆਧਾਰ ਮੰਨਿਆ ਹੈ। ਆਤਮ ਤੱਤ ਪਾਰਖੀ ਸਹੀ ਅਰਥਾਂ ਵਿਚ ਨੈਤਿਕ ਹੁੰਦਾ ਹੈ। ਉਨ੍ਹਾਂ ਨੇ ਪ੍ਰਭੂ-ਸਿਮਰਨ ਤੇ ਚਿੱਤ ਵਿਚ ਯੁੱਧ ਦਾ ਵਿਚਾਰ ਬਣਾਏ ਰਖਣ ਤੇ ਬਲ ਦਿੱਤਾ। ਉਨ੍ਹਾਂ ਨੇ ਸਾਰਥਕ ਜੀਵਨ ਦੀ ਪਛਾਣ ਇਨ੍ਹਾਂ ਸ਼ਬਦਾਂ ਵਿਚ ਕੀਤੀ ਹੈ :

*ਧੰਨਿ ਜੀਓ ਤਿਹ ਕੋ ਜਗ ਮੈਂ,*
*ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ।*
*ਦੇਹ ਅਨਿੱਤ, ਨ ਨਿੱਤ ਰਹੈ*
*ਜਸੁ, ਨਾਵ ਚੜ੍ਹੈ ਭਵ ਸਾਗਰ ਤਾਰੈ।*[5]

ਯੁੱਧ ਭੂਮੀ ਵਿਚ ਵੀਰ ਗਤੀ ਪ੍ਰਾਪਤ ਕਰਨ ਦੀ ਕਾਮਨਾ ਕੀਤੀ ਗਈ ਹੈ। ਸ਼ਕਤੀ ਉਪਾਸਨਾ, ਗੁਰੂ ਜੀ ਤਲਵਾਰ ਅਤੇ ਕਲਮ ਦਾ ਨੈਤਿਕ ਆਧਾਰ ਮੰਨਦੇ ਹਨ। ਸ਼ਕਤੀ ਦੀ ਦੇਵੀ ਪਾਸੋਂ ਇਹੀ ਵਰਦਾਨ ਮੰਗਦੇ ਹਨ :

*ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ।*
*ਨ ਡਰੋਂ ਅਰਿ ਸੋ ਜਬ ਜਾਇ ਲਰੋ, ਨਿਸਚੈ ਕਰਿ ਅਪੁਨੀ ਜੀਤ ਕਰੋਂ।*
*ਅਰ ਸਿਖਹੋਂ ਆਪਨੇ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋਂ।*
*ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈਂ ਤਬ ਜੂਝ ਮਰੋਂ।*[6]

ਇਸੇ ਲਈ ਇਤਿਹਾਸਕਾਰ ਡਾ. ਗੰਡਾ ਸਿੰਘ ਨੇ ਗੁਰੂ ਜੀ ਨੂੰ ਸੱਚਾ ਕਰਮਯੋਗੀ ਮੰਨਿਆ ਹੈ।[7] 'ਦਸਮ ਗ੍ਰੰਥ' ਵਿਚ ਗੁਰੂ ਜੀ ਨੇ ਸ਼ੁਭ ਕਰਮ, ਧਰਮ ਯੁੱਧ, ਵਿਅਕਤੀ ਤੇ ਸਮਾਜ ਦੀ ਪਾਵਨਤਾ, ਸਦਵਿਹਾਰ ਨੂੰ ਸਹੀ ਪਰਿਪੇਖ ਵਿਚ ਸਾਨੂੰ ਸਮਝਾਇਆ ਹੈ ਅਤੇ ਆਪਣੇ ਨੈਤਿਕ-ਆਦਰਸ਼ਕ ਜੀਵਨ ਦੀ ਮਿਸਾਲ ਪ੍ਰਸਤੁਤ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਨੇ ਨੈਤਿਕਤਾ ਲਈ ਸਮਾਜ ਨੂੰ ਸਮਾਨਤਾ, ਸਮਭਾਵ ਤੇ ਉਚ ਨੀਚ, ਛੋਟੇ-ਵੱਡੇ ਦਾ ਭੇਦ, ਜਾਤ-ਪਾਤ ਨੂੰ ਖ਼ਤਮ ਕਰਨ ਦਾ ਸੰਕਲਪ ਸਮਝਿਆ। ਉਨ੍ਹਾਂ ਨੇ ਦਲਿਤ ਵਰਗ ਨੂੰ ਸਵੀਕਾਰ ਕੀਤਾ। ਉਹ ਤਾਂ ਇਥੋਂ ਤਕ ਮੰਨਦੇ ਸਨ ਕਿ ਯੁੱਧ ਵਿਚ ਜਿੱਤ ਇਸ ਵਰਗ ਦੀ ਸੱਚੀ ਸੇਵਾ ਤੇ ਦਾਨ ਦੀ ਵਿਸ਼ੇਸ਼ਤਾ ਕਰਕੇ ਪ੍ਰਾਪਤ ਹੋਈ ਹੈ। ਗੁਰੂ ਜੀ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ'[8] ਦੀ ਧਾਰਨਾ ਪੁਸ਼ਟ ਕਰਦਿਆਂ ਸਾਨੂੰ ਜਾਤ-ਪਾਤ ਤੋਂ ਉੱਪਰ ਉੱਠਣ ਦਾ ਨੈਤਿਕ ਆਦਰਸ਼ ਸਮਝਾਉਂਦੇ ਹਨ। ਦਲਿਤ ਵਰਗ ਦੀ ਮਹਿਮਾ-ਵਡਿਆਈ ਨੂੰ ਗੁਰੂ ਜੀ ਨੇ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ :

*ਜੁੱਧ ਜਿਤੇ ਇਨਹੀ ਕੇ ਪ੍ਰਸਾਦਿ, ਇਨਹੀਂ ਕੇ ਪ੍ਰਸਾਦਿ ਸੁ ਦਾਨ ਕਰੇ।*
*ਅਘ ਅਉਧ ਟਰੈ ਇਨਹੀਂ ਕੇ ਪ੍ਰਸਾਦਿ, ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ।*
*ਇਨਹੀਂ ਕੇ ਪ੍ਰਸਾਦਿ ਸੁ ਬਿਦਿਆ ਲਈ, ਇਨਹੀਂ ਕੀ ਕ੍ਰਿਪਾ ਸਭ ਸਤ੍ਰ ਮਾਰੇ।*
*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋਸੇ ਗਰੀਬ ਕਰੋਰ ਪਰੇ।*
*ਸੇਵ ਕਰੀ ਇਨਹੀਂ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀਕੋ।*
*ਦਾਨ ਦਯੋ ਇਨਹੀਂ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ।*

× × ×

*ਮੋ ਗ੍ਰਿਹ ਮੈ ਤਨ ਤੇ ਮਨ ਤੇ, ਸਿਰ ਲਉ ਧਨ ਹੈ ਸਬ ਹੀ ਇਨਹੀ ਕੋ।*[9]

ਗੁਰੂ ਜੀ ਨੇ ਜਾਤੀ ਭੇਦ-ਭਾਵ ਨੂੰ ਅਨੈਤਿਕ ਵਿਹਾਰ ਮੰਨਿਆ। ਅਗਿਆਨਤਾ ਕਰਕੇ ਅਸੀਂ ਇਸ ਭੇਦ ਵਿਚ ਫਸੇ ਰਹਿੰਦੇ ਹਾਂ। ਈਸ਼ਵਰ ਵਿਧਾਤਾ ਨੇ ਸਭਨਾਂ ਨੂੰ ਇਕੋ ਜਿਹਾ ਬਣਾਇਆ ਹੈ, ਫਿਰ ਭੇਦ-ਭਾਵ ਕਿਸ ਕਰਕੇ।

'ਦਸਮ ਗ੍ਰੰਥ' ਵਿਚ ਨੈਤਿਕ ਮੁੱਲਾਂ ਨੂੰ ਬਹੁਪੱਖੀ ਆਧਾਰ ਤੇ ਪ੍ਰਸਤੁਤ ਕੀਤਾ ਗਿਆ ਹੈ। ਗੁਰੂ ਜੀ ਇਕ ਸਮਰਥ ਸੂਰਬੀਰ ਯੋਧਾ ਦੀ ਤਰ੍ਹਾਂ ਰਣਭੂਮੀ ਵਿਚ ਜਿੱਤ ਲਈ ਪ੍ਰਭੂ (ਸ਼ਕਤੀ) ਪਾਸੋਂ ਵਰਦਾਨ ਮੰਗਦੇ ਹਨ। ਇਕ

ਅਧਿਆਤਮਿਕ ਸਾਧਕ ਦੀ ਤਰ੍ਹਾਂ ਉਨ੍ਹਾਂ ਦਾ ਨੈਤਿਕ ਆਦਰਸ਼ ਹੈ। "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ"। ਪਰਮ ਸ਼ਕਤੀ ਪ੍ਰਭੂ ਨੂੰ ਉਹ ਇਕ ਛਿਨ ਲਈ ਵੀ ਨਹੀਂ ਭੁਲਾਂਦੇ। ਸਭ ਕੁੱਝ ਉਨ੍ਹਾਂ ਦੀ ਕ੍ਰਿਪਾ ਦਾ ਫਲ ਜਾਂ ਵਰਦਾਨ ਸਵੀਕਾਰ ਕਰਦੇ ਹਨ। ਇਸ ਦੇ ਨਾਲ ਹੀ ਗੁਰੂ ਜੀ ਨੇ ਸਭਨਾਂ ਨੂੰ ਇਹ ਚੇਤਾਵਨੀ ਵੀ ਦਿੱਤੀ ਹੈ ਕਿ ਉਨ੍ਹਾਂ ਨੂੰ ਕਿਸੇ ਰੂਪ ਵਿਚ ਪਰਮਾਤਮਾ ਨਾ ਮੰਨਿਆ ਜਾਵੇ। ਆਪਣੇ ਆਪ ਨੂੰ ਉਸ ਪਰਮ ਸੱਤਾ ਦਾ ਦਾਸ ਸਵੀਕਾਰ ਕਰ ਇਸ ਸੰਸਾਰ ਵਿਚ ਆਏ, ਉਸ ਸੱਤਾ ਦੀ ਕ੍ਰਿਪਾ ਸਦਕੇ ਨੈਤਿਕ ਕਰਤੱਵਾਂ ਪ੍ਰਤਿ ਖ਼ੁਦ ਸੁਚੇਤ ਰਹੇ ਅਤੇ ਲੋਕਾਂ ਨੂੰ ਇਸ ਦਾ ਮਹੱਤਵ ਸਮਝਾਇਆ। ਗੁਰੂ ਗੋਬਿੰਦ ਸਿੰਘ ਉਦਾਰ ਚਿਤ, ਧਰਮ ਯੁੱਧ ਦੇ ਚਾਹਵਾਨ ਅਤੇ ਨੈਤਿਕ ਜੀਵਨ ਬਤੀਤ ਕਰਨ ਦੇ ਪੱਖਪਾਤੀ ਸਨ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਨੈਤਿਕ ਆਚਰਨ ਤੇ ਧਰਮ ਯੁੱਧ ਪ੍ਰਤਿ ਸਭਨਾ ਨੂੰ ਸੁਚੇਤ ਕੀਤਾ ਅਤੇ ਹਮੇਸ਼ਾਂ ਚਰਿੱਤਰਵਾਨ ਬਣੇ ਰਹਿਣ ਦੀ ਪ੍ਰੇਰਣਾ ਦਿੱਤੀ। ਸਭਨਾਂ ਨੂੰ ਸੱਚਾ ਤੇ ਸੁੱਚਾ ਜੀਵਨ ਬਤੀਤ ਕਰਨ ਦਾ ਸਦ ਮਾਰਗ ਦਰਸਾਇਆ। ਜੀਵਨ ਭਰ ਸਮਾਜ ਅਤੇ ਰਾਸ਼ਟਰ ਦੀ ਸੇਵਾ ਕਰਦੇ ਰਹੇ। ਸਹੀ ਅਰਥਾਂ ਵਿਚ ਉਨ੍ਹਾਂ ਦੀ ਬਾਣੀ ਸਾਨੂੰ ਨਿਸ਼ਚਿਤ ਜੀਵਨ ਦ੍ਰਿਸ਼ਟੀ, ਸੰਕਲਪ ਅਤੇ ਅਨਿਆਂ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਣਾ ਦਿੰਦੀ ਹੈ। ਲੋਕ ਮਾਨਸ ਨੂੰ ਉਨ੍ਹਾਂ ਨੇ ਹਮੇਸ਼ਾਂ ਧਿਆਨ ਵਿਚ ਰਖਿਆ। ਉਨ੍ਹਾਂ ਦਾ ਆਪਣਾ ਜੀਵਨ, ਸੰਘਰਸ਼ ਅਤੇ ਨੈਤਿਕਤਾ ਜਿਉਂਦੀ ਮਿਸਾਲ ਸੀ। ਸਮਾਜ ਵਿਚ ਸਮਾਨਤਾ, ਨਿਆਇ, ਦਲਿਤਾਂ ਨੂੰ ਵਿਸ਼ੇਸ਼ ਮਾਨ ਪ੍ਰਦਾਨ ਕਰ ਜਾਤ ਪਾਤ ਤੋਂ ਉੱਪਰ ਉੱਠ ਕੇ ਰਾਸ਼ਟਰੀ ਜਾਗਰਣ ਅਤੇ ਸੁਤੰਤਰਤਾ ਦਾ ਮਹੱਤਵ ਦੱਸਿਆ। ਗੁਰੂ ਜੀ ਨੇ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿਣ ਅਤੇ ਸਮਾਜ, ਦੇਸ਼, ਰਾਸ਼ਟਰ ਲਈ ਵੱਡੇ ਤੋਂ ਵੱਡਾ ਤਿਆਗ ਕਰਨ ਲਈ ਤਿਆਰ ਰਹਿਣ ਦਾ ਸੰਕਲਪ ਸਮਝਾਇਆ। ਉਹ ਜਾਣੀ ਜਾਣ ਸਨ, ਸੂਰਵੀਰ ਦੇ ਨਾਲ ਨਾਲ ਦੂਰਦਰਸ਼ੀ ਵੀ ਸਨ।

ਭਾਰਤੀ ਅਤੇ ਪੱਛਮੀ ਇਤਿਹਾਸਕਾਰਾਂ ਨੇ ਗੁਰੂ ਗੋਬਿੰਦ ਜੀ ਦੀ ਮਹਾਨਤਾ ਦਾ ਉਲੇਖ ਕਰਦਿਆਂ 'ਧਰਮ ਯੁੱਧ ਦੀ ਚਾਹ, ਦਲਿਤ ਵਰਗ ਨੂੰ ਵਿਸ਼ੇਸ਼ ਮਾਨ ਦੇਣ, ਗ੍ਰਿਹਸਥ ਆਸ਼ਰਮ ਦਾ ਮਹੱਤਵ ਦਰਸਾਉਂਦੇ ਹੋਏ ਪਰ ਨਾਰੀ-ਨਿਸ਼ੇਧ, ਆਪਣੀ ਪਤਨੀ ਪ੍ਰਤਿ ਵਿਸ਼ੇਸ਼ ਲਗਾਉ ਆਦਿ ਦੇ ਨੈਤਿਕ ਆਚਰਨ ਨੂੰ ਵਧੇਰੇ ਰੇਖਾਂਕਤ ਕੀਤਾ ਹੈ। ਧਰਮਯੁੱਧ ਨੂੰ ਇੱਥੇ ਨੈਤਿਕ ਆਚਰਨ ਦੇ ਰੂਪ ਵਿਚ ਸਮਝਣਾ ਚਾਹੀਦਾ ਹੈ। ਗੁਰੂ ਜੀ ਨੇ ਆਡੰਬਰਾਂ ਅਤੇ ਅੰਧ-ਵਿਸ਼ਵਾਸਾਂ ਦਾ ਤਿਰਸਕਾਰ ਕੀਤਾ। ਆਦਰਸ਼ਕ ਜੀਵਨ ਬਤੀਤ ਕਰਨ ਅਤੇ ਹਰ ਛਿਨ ਉਸ ਪਰਮ ਸੱਤਾ ਨੂੰ ਆਪਣੇ ਚਿੱਤ ਵਿਚ ਸਮਾਉਣ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਨੇ ਜੀਵਨ ਦੀਆਂ ਭੌਤਿਕ ਸੁੱਖ ਸੁਵਿਧਾਵਾਂ ਦੀ ਪਰਵਾਹ ਨਾ ਕਰਦਿਆਂ ਹਮੇਸ਼ਾਂ ਨੈਤਿਕ ਜੀਵਨ ਬਤੀਤ ਕਰਨ ਦੇ ਚੰਗੇ ਕਾਰਜਾਂ ਲਈ ਵੱਡੇ ਤੋਂ ਵੱਡਾ ਤਿਆਗ ਕਰਨ ਦਾ ਗੁਰ ਮੰਤਰ ਦਿੱਤਾ। ਹਉਮੈ ਨੂੰ ਤਿਆਗਣ ਅਤੇ ਹਰ ਪਲ ਉਸ ਪਰਮ ਸੱਤਾ ਨੂੰ ਯਾਦ ਰਖਣ ਉੱਪਰ ਬਲ ਦਿੱਤਾ। ਉਸ ਪਰਮਾਤਮਾ ਦੀ ਕਿਰਪਾ ਬਿਨਾਂ ਕੁੱਝ ਵੀ ਨਹੀਂ ਹੋ ਸਕਦਾ। ਸਭਨਾਂ ਨੂੰ ਉਸ ਦਾ ਭਾਣਾ ਮੰਨਣਾ ਚਾਹੀਦਾ ਹੈ। ਗੁਰੂ ਜੀ ਦੇ ਧਰਮਯੁੱਧ ਸੰਕਲਪ ਨੂੰ ਇਸੇ ਲਈ ਵਿਆਪਕਤਾ ਦੇ ਆਧਾਰ ਤੇ ਸਮਝਣਾ ਚਾਹੀਦਾ ਹੈ।

*ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ।*
*ਅਵਰ ਬਾਸਨਾ ਨਾਹਿ ਪ੍ਰਭ! ਧਰਮ ਜੁੱਧ ਕੇ ਚਾਇ ॥*[10]

ਵਿਦਵਾਨਾਂ ਨੇ ਗੁਰੂ ਜੀ ਦੇ ਇਸ ਧਰਮ ਨੂੰ 'ਮਾਨਵ ਧਰਮ' ਸਵੀਕਾਰ ਕੀਤਾ ਹੈ। ਡਾ. ਧਰਮਪਾਲ ਮੈਨੀ ਅਨੁਸਾਰ ਉਨ੍ਹਾਂ ਦੇ ਕਰਮ ਤੇ ਧਰਮ ਵਿਚ ਏਕਤਾ ਸੀ, ਕਥਨੀ ਤੇ ਕਰਨੀ ਵਿਚ ਸਮਤਾ ਸੀ, ਕਹਿਣੀ ਅਤੇ ਰਹਿਣੀ ਵਿਚ ਸਮਰੂਪਤਾ ਸੀ। ਇਸ ਲਈ ਉਨ੍ਹਾਂ ਦਾ ਧਰਮ 'ਨਕਦ ਧਰਮ' ਸੀ। ਇਸੇ ਲਈ ਗੁਰੂ ਦਾ ਧਰਮ ਯੋਗ ਵਿਚ ਅਟਕਿਆ ਨਹੀਂ; ਉਥੋਂ ਸਹਿਜ ਬਣਕੇ ਨਿਕਲ ਆਇਆ ਗਿਆਨ ਵਿਚ ਉਲਝਿਆ ਨਹੀਂ, ਸਗੋਂ ਵਿਵੇਕ ਬਣਕੇ ਚਲਿਆ ਆਇਆ ਅਤੇ ਭਗਤੀ ਵਿਚ ਰਮਿਆ ਨਹੀਂ, ਅਨੁਭੂਤੀ ਬਣ ਕੇ ਵਧਿਆ। ਉਨ੍ਹਾਂ ਨੇ ਆਪਣੇ ਆਪ ਨੂੰ ਵਿਵਾਦਾਂ ਦੇ ਘੇਰੇ ਤੋਂ ਬਾਹਰ ਰਖਿਆ, ਜਾਤੀ ਦੇ ਬੰਧਨਾਂ ਤੋਂ ਮੁਕਤ ਕੀਤਾ। ਉਨ੍ਹਾਂ ਦਾ ਧਰਮ ਕਿਸੇ ਇਕ ਮਨੁੱਖ ਵਿਸ਼ੇਸ਼ ਦਾ ਨਾ ਹੋ ਕੇ 'ਮਾਨਵ-ਧਰਮ' ਬਣ ਗਿਆ।[11] ਆਪਣੀ ਅਮੁੱਲ ਅਮਰ ਰਚਨਾ 'ਅਕਾਲ ਉਸਤਤਿ' ਵਿਚ ਨਾਮ ਨੂੰ ਆਧਾਰ ਮੰਨਿਆ ਹੈ, ਨਾਮ ਬਿਨਾਂ ਸਾਰੇ ਕਰਮਾਂ ਨੂੰ ਫੋਕਟ ਸਵੀਕਾਰ ਕੀਤਾ ਹੈ। 'ਨਾਮ ਆਧਾਰ' ਇੱਥੇ ਸ਼ੁੱਭ ਦਾ ਪ੍ਰਤੀਕ ਸਰੂਪ ਹੈ। 'ਬਿਚਿਤ੍ਰ ਨਾਟਕ' ਵਿਚ ਮਨ ਜਿੱਤਣ ਅਤੇ ਸ਼ੁੱਭ ਕਰਮ

ਕਰਨ ਦੀ ਪ੍ਰੇਰਣਾ ਦਿੰਦੇ ਹਨ। ਗੁਰੂ ਜੀ ਨੇ ਆਤਮ ਤੱਤਵ ਤੋਂ ਪਰਮਤੱਤਵ ਦੀ ਪਛਾਣ ਦਾ ਮਾਰਗ ਦੱਸਿਆ—ਨੈਤਿਕ ਮੁੱਲਾਂ, ਦਯਾ, ਖ਼ਿਮਾ, ਸ਼ੀਲ, ਸਦਾਚਾਰ, ਸੰਜਮ ਤੇ ਸੰਤੋਖ ਆਦਿ ਗੁਣਾਂ ਨੂੰ ਆਪਣੇ ਜੀਵਨ ਵਿਚ ਧਾਰਨ ਕਰਨ ਅਤੇ ਉਨ੍ਹਾਂ ਨੂੰ ਅਮਲੀਜਾਮਾ ਪਹਿਨਾਉਣ ਦਾ ਵੱਡਮੁੱਲਾ ਉਪਦੇਸ਼ ਦਿੱਤਾ। ਸੰਜਮ ਦਾ ਮਹੱਤਵ ਦਰਸਾਉਂਦੇ ਹੋਏ, ਫ਼ੁਰਮਾਉਂਦੇ ਹਨ :

*ਆਤਮ-ਉਪਦੇਸ ਭੇਸੁ ਸੰਜਮ ਕੋ,*
*ਜਾਪ ਸੁ ਅਜਪਾ ਜਾਪੈ।*
*ਸਦਾ ਰਹੈ ਕੰਚਨ ਸੀ ਕਾਯਾਂ,*
*ਕਾਲ ਨ ਕਬਹੂੰ ਬਯਾਪੈ।*[12]

ਗੁਰੂ ਗੋਬਿੰਦ ਸਿੰਘ ਦੀਆਂ ਨੈਤਿਕ ਧਾਰਨਾਵਾਂ ਵਿਸ਼ੇਸ਼ ਕਰ ਨਾਰੀ ਸੰਬੰਧੀ ਚੇਤਨਾ ਨੂੰ ਸੰਦਰਭ ਤੋਂ ਹੱਟ ਕੇ ਨਹੀਂ ਵੇਖਣਾ ਚਾਹੀਦਾ ਹੈ। ਉਨ੍ਹਾਂ ਨੇ ਨਾਰੀ ਨੂੰ ਸਮਾਜ ਦਾ ਆਧਾਰ ਮੰਨ ਕੇ ਉਸ ਦੀ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਨੇ ਸਾਨੂੰ ਬੁਰਾਈ ਤੋਂ ਬਚਣ ਦੇ ਸ਼ੁਭ ਕਰਮ ਕਰਨ ਦਾ ਨੈਤਿਕ ਆਧਾਰ ਸਮਝਾਇਆ। ਗੁਰੂ ਜੀ ਜੀਵਨ ਭਰ ਨੈਤਿਕਤਾ ਦਾ ਨਿਰਵਾਹ ਕਰਦੇ ਰਹੇ ਅਤੇ ਆਪਣੇ ਅਨੁਯਾਈਆਂ ਨੂੰ ਇਸ ਦਾ ਪਾਲਨ ਕਰਨ ਦੀ ਪ੍ਰੇਰਣਾ ਦਿੰਦੇ ਰਹੇ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਸਾਡੇ ਤੇ ਸਾਰੀ ਮਨੁੱਖ ਜਾਤੀ ਦੇ ਅਧਿਆਤਮਿਕ ਨੈਤਿਕ ਗੁਰੂ ਸਨ। ਉਨ੍ਹਾਂ ਦੀ ਅਮਰ ਰਚਨਾ 'ਦਸਮ ਗ੍ਰੰਥ' ਧਰਮ, ਅਧਿਆਤਮ ਤੇ ਨੀਤੀ ਦਾ ਅਦਭੁਤ ਸੰਗਮ ਹੈ। ਗੁਰੂ ਕਵੀ ਦੀ ਇਹ ਰਚਨਾ ਨੈਤਿਕ ਮੁੱਲਾਂ ਦਾ ਇਕ ਪ੍ਰਮਾਣਿਕ ਦਸਤਾਵੇਜ਼ ਹੈ।

'ਚਰਿਤ੍ਰੋਪਾਖਯਾਨ' ਕਵੀ ਦੀ ਨਾਰੀ ਸੰਬੰਧੀ ਧਾਰਨਾਵਾਂ ਦਾ ਅਦਭੁੱਤ ਗ੍ਰੰਥ ਹੈ। ਇਸ ਬਾਰੇ ਕੁੱਝ ਵਿਵਾਦੀ ਸੁਰ ਵੀ ਮਿਲਦਾ ਹੈ। ਅਸੀਂ ਇਸ ਤੱਥ ਦਾ ਸੰਕੇਤ ਪਹਿਲਾਂ ਵੀ ਕਰ ਚੁੱਕੇ ਹਾਂ ਕਿ ਗੁਰੂ ਜੀ ਨੇ ਗ੍ਰਿਹਸਥ ਜੀਵਨ ਦਾ ਮਹੱਤਵ ਮੰਨਿਆ, ਖ਼ੁਦ ਭਰਪੂਰ ਗ੍ਰਿਹਸਥ ਜੀਵਨ ਬਤੀਤ ਕੀਤਾ ਅਤੇ ਸਭਨਾਂ ਨੂੰ ਬਤੀਤ ਕਰਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਦੀ ਦ੍ਰਿਸ਼ਟੀ ਅਨੁਸਾਰ, ਨੈਤਿਕ ਨਾਰੀ ਦਾ ਹਮੇਸ਼ਾਂ ਸਨਮਾਨ ਹੋਣਾ ਚਾਹੀਦਾ ਹੈ ਅਤੇ ਅਨੈਤਿਕ ਚਰਿਤ੍ਰਹੀਨ ਨਾਰੀ ਤੋਂ ਸਾਨੂੰ ਬਚਣਾ ਚਾਹੀਦਾ ਹੈ। ਉਨ੍ਹਾਂ ਨੇ ਪਰ-ਨਾਰੀ ਗਮਨ ਦਾ ਪੁਰਜ਼ੋਰ ਸ਼ਬਦਾਂ ਵਿਚ ਨਿਸ਼ੇਧ ਕੀਤਾ ਹੈ ਪਰ ਆਪਣੀ ਪਤਨੀ ਪ੍ਰਤਿ ਸਹਿਵਾਸ ਦੀ ਪੁਸ਼ਟੀ ਕੀਤੀ ਹੈ। ਕਵੀ ਦੀ ਧਾਰਨਾ ਹੈ।

*ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ।*
*ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ।*
*ਨਿਜ ਨਾਰੀ ਕੇ ਸਾਥ ਨੇਹ ਤੁਮ ਨਿੱਤਿ ਬਢੈਯਹੁ।*
*ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯਹੁ।'*[13]

ਪ੍ਰਸਤੁਤ ਰਚਨਾ ਵਿਚ ਅਨੇਕਾਂ ਸੰਕੇਤਾਂ, ਸੰਦਰਭਾਂ ਦਾ ਉਲੇਖ ਕਰਕੇ ਸਾਨੂੰ ਇਹ ਸਮਝਾ ਦਿੱਤਾ ਗਿਆ ਹੈ ਕਿ ਪਰ ਨਾਰੀ ਤੋਂ ਬਚਣਾ ਚਾਹੀਦਾ ਹੈ। ਗੁਰੂ ਕਵੀ ਨੇ ਹਮੇਸ਼ਾਂ ਲੋਕ-ਮਾਨਸ ਤੇ ਨੀਤੀ ਨੂੰ ਧਿਆਨ ਵਿਚ ਰਖਿਆ। ਉਹ ਇਸ ਤਰ੍ਹਾਂ ਉਦਾਹਰਨ ਜਾਂ ਸੰਕੇਤ ਦਿੰਦੇ ਜਿਨ੍ਹਾਂ ਬਾਰੇ ਅਸੀਂ ਜਾਣੂ ਹਾਂ। ਆਪਣੀ ਰਚਨਾ 'ਗਿਆਨ ਪ੍ਰਬੋਧ' ਵਿਚ ਗੁਰੂ ਕਵੀ ਨੇ ਸਾਨੂੰ 'ਭੋਗ ਧਰਮ' ਦੀ ਹਿਦਾਇਤ ਕੀਤੀ ਹੈ। ਉਮਰ ਨੂੰ ਹਮੇਸ਼ਾਂ ਧਿਆਨ ਵਿਚ ਰੱਖਣਾ ਚਾਹੀਦਾ ਹੈ। ਨਾਰੀ ਦੀ ਕੁਟਿਲਤਾ ਨੂੰ ਅਨੇਕਾ ਪ੍ਰਸੰਗਾਂ ਵਿਚ ਚਿਤਰਣ ਦੇ ਮੂਲ ਵਿਚ ਉਨ੍ਹਾਂ ਤੋਂ ਬਚਣ ਜਾਂ ਸਾਵਧਾਨ ਰਹਿਣ ਦੀ ਭਾਵਨਾ ਵਿਸ਼ੇਸ਼ ਰਹੀ ਹੈ। ਡਾ. ਹਰਿਭਜਨ ਸਿੰਘ ਤੇ ਡਾ. ਰਤਨ ਸਿੰਘ ਜੱਗੀ ਆਦਿ ਵਿਦਵਾਨਾਂ ਨੇ ਇਨ੍ਹਾਂ ਚਰਿਤ੍ਰਾਂ ਦੇ ਮੂਲ ਨੂੰ ਸਪਸ਼ਟ ਕੀਤਾ ਹੈ। ਸਾਨੂੰ ਇੱਥੇ ਇਸ ਤੱਥ ਨੂੰ ਹਮੇਸ਼ਾਂ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਕਵੀ ਦੀ ਨਾਰੀ ਸੰਬੰਧੀ ਕਿਸੇ ਵੀ ਧਾਰਨਾ ਨੂੰ ਪ੍ਰਸੰਗ-ਸੰਦਰਭ ਤੋਂ ਹੱਟ ਕੇ ਗੱਲ ਨਹੀਂ ਕਰਨੀ ਚਾਹੀਦੀ। ਕੁਟਿਲ ਨਾਰੀ ਤੋਂ ਜਿੱਥੇ ਬਚਣ ਦਾ ਉਲੇਖ ਹੈ, ਉੱਥੇ ਅਨੇਕਾਂ ਚਰਿਤ੍ਰਵਾਨ ਨਾਰੀਆਂ ਦੀ ਪ੍ਰਸ਼ੰਸਾ ਵੀ ਕੀਤੀ ਗਈ ਹੈ। ਵਿਅਕਤੀ ਤੇ ਸਮਾਜ ਦੀ ਇਕ ਨੈਤਿਕ, ਸਦਾਚਾਰਕ ਤਸਵੀਰ ਉਨ੍ਹਾਂ ਨੇ ਕਾਵਿਮਈ-ਕਥਾਤਮਕ ਸ਼ੈਲੀ ਵਿਚ ਪ੍ਰਸਤੁਤ ਕੀਤੀ ਹੈ। ਇਸੇ ਲਈ ਅਸੀਂ 'ਦਸ਼ਮ ਗ੍ਰੰਥ' ਨੂੰ 'ਆਚਰਣ ਮੀਮਾਂਸਕ ਕਾਵਿ ਗ੍ਰੰਥ' ਸਵੀਕਾਰ ਕਰਦੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਦਾ ਨੈਤਿਕਤਾ ਦੀ ਚਰਚਾ ਅਸੀਂ ਭਾਵੇਂ ਭਿੰਨ-ਭਿੰਨ ਖੰਡਾਂ-ਉਪਖੰਡਾਂ ਵਿਚ ਕੀਤੀ

ਹੈ ਪਰ ਇਹ ਇਕ ਦੂਜੇ ਦੇ ਪੂਰਕ ਹਨ, ਇਨ੍ਹਾਂ ਨੂੰ ਆਪਸ ਵਿਚ ਪ੍ਰਿਥਕ ਨਹੀਂ ਮੰਨਿਆ ਜਾ ਸਕਦਾ। ਵਿਅੱਕਤੀਗਤ, ਸਮਾਜਿਕ, ਅਤੇ ਰਾਜਨੀਤਿਕ ਨੈਤਿਕਤਾ ਤੋਂ ਪ੍ਰਿਥਕ ਨਹੀਂ ਕੀਤਾ ਜਾ ਸਕਦਾ। ਹਾਂ, ਅਧਿਆਤਮਿਕ ਨੈਤਿਕਤਾ ਬਾਰੇ ਵਿਵਾਦ ਹੋ ਸਕਦਾ ਹੈ। ਗੁਰੂ-ਕਵੀ ਨੇ ਸ਼ਾਇਦ ਹੀ ਕੋਈ ਅਜਿਹਾ ਨੈਤਿਕ ਪੱਖ ਹੋਵੇ ਜਿਸ ਦਾ ਉਲੇਖ ਨਾ ਕੀਤਾ ਹੋਵੇ। ਉਹ ਇਕ ਧਾਰਮਿਕ-ਅਧਿਆਤਮਿਕ ਗੁਰੂ ਦੇ ਨਾਲ ਹੀ ਦੂਰਦਰਸ਼ੀ ਰਾਜਨੇਤਾ ਵੀ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਇਹ ਵੀ ਸਮਝਾ ਦਿੱਤਾ ਸੀ ਸੈਨਿਕ ਸਾਮਗ੍ਰੀ ਅਤੇ ਹੋਰ ਕਾਰਜਾਂ ਲਈ ਧਨ ਦੀ ਆਵੱਸ਼ਕਤਾ ਹੁੰਦੀ ਹੈ, ਇਸ ਦੇ ਲਈ ਉਹ ਆਪਣੀ ਕਮਾਈ ਵਿਚੋਂ ਹਿੱਸਾ ਦੇਣ ਦਾ ਸੰਕਲਪ ਸਮਝਾਉਂਦੇ ਹਨ :

*ਗੁਰ ਪਗ ਤੇ ਜੋ ਬੇਮੁਖ ਸਿਧਾਰੇ। ਈਹਾ ਊਹਾਂ ਤਿਨ ਕੇ ਮੁਖ ਕਾਰੇ।*
*ਪੁਤ੍ਰ ਪਉਤ੍ਰ ਤਿਨ ਕੇ ਨਹੀਂ ਫਰੈ। ਦੁਖ ਦੈ ਮਾਤ ਪਿਤਾ ਕੋ ਮਰੈ।*
*ਗੁਰ ਦੋਖੀ ਸਗ ਕੀ ਮ੍ਰਿਤੁ ਪਾਵੈ। ਨਰਕ ਕੁੰਡ ਡਾਰੇ ਪਛੁਤਾਵੈ।*
*'ਬਾਬੇ ਕੇ', 'ਬਾਬਰ ਕੇ' ਦੋਊ। ਆਪ ਕਰੇ ਪਰਮੇਸਰ ਸੋਊ।*
*ਦੀਨਸ਼ਾਹ ਇਨ ਕੋ ਪਹਚਾਨੋ। ਦੁਨੀਪੱਤਿ ਉਨ ਕੋ ਅਨੁਮਾਨੋ।*
*ਜੋ ਬਾਬੇ ਕੇ ਦਾਮਨ ਦੈ ਹੈ। ਤਿਨ ਤੇ ਗਹਿ ਬਾਬਰ ਕੇ ਲੈ ਹੈ।*
× × ×
*ਜਬ ਹੁਇ ਹੈ ਤਿਨ ਦਰਬ ਬਿਨਾਸਾ। ਤਬ ਧਰਿ ਹੈ ਨਿਜਿ ਗੁਰ ਕੀ ਆਸਾ।'*[14]

ਗੁਰੂ ਜੀ ਆਮ ਲੋਕਾਂ ਦੀ ਮਾਨਸਿਕਤਾ ਤੋਂ ਭਲੀ ਭਾਂਤ ਜਾਣੂ ਸਨ। ਇਸੇ ਲਈ ਉਨ੍ਹਾਂ ਨੇ ਮਨੋਵਿਗਿਆਨਿਕ ਆਧਾਰ ਤੇ ਸਮਝਾਉਣ ਦੇ ਨਾਲ ਉਪਰਲੀਆਂ ਕਾਵਿ ਪੰਕਤੀਆਂ ਵਿਚ ਚੇਤਾਵਨੀ ਵੀ ਦੇ ਦਿੱਤੀ ਹੈ। ਗੁਰੂ ਗੋਬਿੰਦ ਸਿੰਘ ਜੀ ਬਹੁ-ਪੱਖੀ ਵਿਅਕਤੀਤੱਵ ਦੇ ਦ੍ਰਿਤੱਤਵ ਦੇ ਧਾਰਨੀ, ਸੰਤ ਸਿਪਾਹੀ ਤੇ ਮਹਾਂ ਕਵੀ ਸਨ। ਇਤਿਹਾਸਕਾਰਾਂ ਅਤੇ ਸਾਹਿਤਕ ਵਿਦਵਾਨਾਂ ਨੇ ਗੁਰੂ ਜੀ ਦੀ ਚਰਿਤਕ ਗਹਿਮਾ ਅਤੇ ਕਾਵਿ ਪ੍ਰਤਿਭਾ ਦੀ ਵਿਭਿੰਨ ਪੱਖਾਂ ਤੋਂ ਵਿਆਖਿਆ ਕੀਤੀ ਹੈ। ਸੁਰਿੰਦਰ ਸਿੰਘ ਜੌਹਰ ਹੋਰਾਂ ਨੇ ਗੁਰੂ ਜੀ ਦੀ ਰਾਜਨੀਤਿਕ ਨੈਤਿਕਤਾ ਦੇ ਮੂਲ ਵਿਚ ਉਨ੍ਹਾਂ ਦਾ ਪਰਮ ਆਤਮੀ ਹੋਣਾ ਸਵੀਕਾਰ ਕੀਤਾ ਹੈ। ਲੇਖਕ ਨੇ ਗੁਰੂ ਜੀ ਦੀ ਤੁਲਨਾ ਨੇਪੋਲੀਅਨ ਨਾਲ ਕਰਦਿਆਂ ਜਿੱਥੇ ਨੇਪੋਲੀਅਨ ਨੂੰ ਮਹਾਨ ਜਨਰਲ ਮੰਨਿਆ ਹੈ, ਉੱਥੇ ਗੁਰੂ ਜੀ ਨੂੰ ਇਕ ਯੋਧਾ ਸੰਤ ਸਿਪਾਹੀ ਸਵੀਕਾਰ ਕੀਤਾ ਹੈ।[15] ਸਾਡੀ ਦ੍ਰਿਸ਼ਟੀ ਵਿਚ ਗੁਰੂ ਜੀ ਦੀ ਤੁਲਨਾ ਕਿਸੇ ਨਾਲ ਨਹੀਂ ਕੀਤੀ ਜਾ ਸਕਦੀ। ਉਹ ਸੰਤ ਸਿਪਾਹੀ ਦੇ ਨਾਲ ਹੀ ਇਕ ਮਹਾਂ ਕਵੀ ਵੀ ਸਨ। ਉਨ੍ਹਾਂ ਪਾਸ ਨੈਤਿਕਤਾ ਦਾ ਵੱਡਮੁੱਲਾ ਸੰਕਲਪ ਸੀ। ਇਸ ਲਈ ਗੁਰੂ ਜੀ ਦੀ ਹਰ ਸਾਹਿਤਿਕ ਕ੍ਰਿਤ ਆਪਣੇ ਆਪ ਵਿਚ ਪੂਰਨ ਹੈ, ਗੁਰੂ ਕਵੀ ਦੀਆਂ ਧਾਰਨਾਵਾਂ ਨੂੰ ਸਹਿਜੇ, ਪ੍ਰਭਾਵਸ਼ਾਲੀ ਢੰਗ ਨਾਲ ਕਾਵਿਮਈ ਤੇ ਕਥਾਮਈ ਸ਼ੈਲੀ ਵਿਚ ਪ੍ਰਸਤੁਤ ਕੀਤਾ ਗਿਆ ਹੈ।

ਰਾਜਨੀਤਿਕ ਤੇ ਅਧਿਆਤਮਿਕ ਨੈਤਿਕਤਾ ਦੇ ਆਧਾਰ ਤੇ ਇਨ੍ਹਾਂ ਦੀ ਰਚਨਾ 'ਜ਼ਫ਼ਰਨਾਮਾ' ਦਾ ਮਹੱਤਵ ਨਿਰਵਿਵਾਦ ਹੈ। ਇਸ ਨੂੰ ਗੁਰੂ-ਕਵੀ ਦੀ ਪ੍ਰਮਾਣਿਕ ਆਚਾਰ-ਸੰਹਿਤਾ (ਰਾਜਨੀਤੀ) ਦਾ ਦਸਤਾਵੇਜ਼ ਮੰਨਿਆ ਜਾ ਸਕਦਾ ਹੈ। ਧਰਮਵੀਰ ਨੂੰ ਜਦੋਂ ਸਾਰੀਆਂ ਸਾਧਨਾਵਾਂ ਤੋਂ ਸਿੱਧੀ ਪ੍ਰਾਪਤ ਨਾ ਹੋਵੇ ਤਾਂ ਉਸ ਨੂੰ ਤਲਵਾਰ ਦੀ ਸ਼ਰਨ ਲੈਣੀ ਚਾਹੀਦੀ ਹੈ। 'ਜ਼ਫ਼ਰਨਾਮਾ' ਦੇ ਸ਼ੁਰੂ ਦੇ ਛੰਦਾਂ ਵਿਚ ਪਰਮਾਤਮਾ ਦੀ ਸਰਵ-ਵਿਆਪਕਤਾ, ਦਾ ਉਲੇਖ ਕਰਦਿਆਂ ਸਭ ਕੁਝ ਉਨ੍ਹਾਂ ਅਧੀਨ ਮੰਨਿਆ ਹੈ। ਬਾਦਸ਼ਾਹ ਨੂੰ ਗੁਰੂ ਜੀ ਨੇ ਅਨੈਤਿਕ ਵਿਹਾਰ ਬਾਰੇ ਸੁਚੇਤ ਕੀਤਾ ਹੈ। ਧਰਮਨੀਤੀ ਦੀ ਵਾਸਤਵਿਕਤਾ ਦਾ ਬੋਧ ਕਰਾਇਆ ਹੈ। ਜੋ ਵਿਅਕਤੀ ਕੁਰਾਨ ਦੀ ਸਹੁੰ ਪਾ ਕੇ ਕਰਮ ਅਨੈਤਿਕ ਕਰਦਾ ਹੈ, ਉਸ ਦਾ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਗੁਰੂ ਜੀ ਇਸ ਵਿਚ ਔਰੰਗਜ਼ੇਬ ਨੂੰ ਇਹ ਸਪਸ਼ਟ ਕਰ ਦਿੰਦੇ ਹਨ ਕਿ ਜੇ ਤੁਸੀਂ ਰੱਬ ਵਿਚ ਵਿਸ਼ਵਾਸ ਰੱਖਦੇ ਹੁੰਦੇ ਤਾਂ ਮੇਰੇ ਇਸ ਕਾਰਜ ਵਿਚ ਸ਼ਿਥਲਤਾ (ਕਮਜ਼ੋਰੀ) ਨਾ ਵਿਖਾਂਦੇ। ਪ੍ਰਭੂ ਦੀ ਵਿਆਪਕਤਾ ਨੂੰ ਮੰਨਦਿਆਂ ਤੁਸੀਂ ਕਿਸੇ ਤੇ ਅਤਿਆਚਾਰ ਨਾ ਕਰੋ, ਤੁਹਾਡਾ ਨਿਆਂ ਵਿਚਿੱਤਰ ਹੈ, ਤੁਸੀਂ ਰਾਜਾ ਦੇ ਦਾਇੱਤਵ ਤੋਂ ਦੂਰ ਹੋ। ਅਸਲ ਵਿਚ ਇਹ ਪੱਤਰਨੁਮਾ ਰਚਨਾ ਰਾਜਨੀਤੀ ਦਾ ਆਦਰਸ਼ਕ ਗ੍ਰੰਥ ਹੈ। ਡਾ. ਰਤਨ ਸਿੰਘ ਜੱਗੀ ਹੋਰਾਂ ਦਾ ਇਹ ਕਥਨ ਵੇਖਣਯੋਗ ਹੈ ਕਿ, "ਔਰੰਗਜ਼ੇਬ ਵਰਗੇ ਤੰਗਦਿਲ, ਅਤਿਆਚਾਰੀ ਦਾ ਪਰਦਾਪਾਸ਼ ਕੇਵਲ ਰਾਸ਼ਟਰ ਨਾਇਕ ਗੁਰੂ ਗੋਬਿੰਦ ਸਿੰਘ ਤੋਂ ਹੀ ਹੋ ਸਕਦਾ ਸੀ।"[16]

ਅਧਿਆਤਮਿਕ ਨੈਤਿਕਤਾ ਬਾਰੇ ਇਹ ਤੱਥ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਇਹ ਵਿਅਕਤੀਗਤ, ਸਮਾਜਿਕ, ਰਾਜਨੀਤਿਕ ਨਾਲੋਂ ਬਿਲਕੁੱਲ ਭਿੰਨ ਹੈ। ਅਧਿਆਤਮ ਵਿਚ ਨੀਤੀ ਦਾ ਮਹੱਤਵ ਇਕ ਸਾਧਨ ਵਾਂਗ ਹੈ, ਜਦ ਤਕ ਜੀਵ ਉਸ ਪਰਮ ਸ਼ਕਤੀ ਵਿਚ ਲੀਨ ਨਹੀਂ ਹੋ ਜਾਂਦਾ ਤਦ ਤੀਕ ਇਸ ਦਾ ਮਹੱਤਵ ਰਹਿੰਦਾ ਹੈ। ਇਸੇ ਲਈ ਗੁਰੂ ਗੋਬਿੰਦ ਸਿੰਘ ਨੇ ਸਾਨੂੰ ਹਰ ਸਥਿਤੀ ਵਿਚ ਉਸ ਪਰਮ ਸ਼ਕਤੀ ਦਾ ਸਿਮਰਨ ਕਰਨ ਅਤੇ ਸਭ ਕੁੱਝ ਉਸ ਅਧੀਨ ਸਵੀਕਾਰ ਕਰਨ ਦੀ ਪ੍ਰੇਰਨਾ ਦਿੱਤੀ। ਉਸ ਦੀ ਕ੍ਰਿਪਾ ਸਦਕੇ ਸਭ ਕੁੱਝ ਸੰਭਵ ਹੈ। ਯੁੱਧ ਜਿੱਤਣ ਦਾ ਮੂਲ ਉਸ ਨਿਰਾਕਾਰ ਦਾ ਆਸ਼ੀਰਵਾਦ ਹੁੰਦਾ ਹੈ। ਇਹ ਭਾਵ, ਪੂਰਨ ਸਮਰਪਣ ਦਾ ਹੈ। ਇਸ ਨਾਲ ਜੀਵ ਹਉਮੈਂ ਆਦਿ ਤੋਂ ਮੁਕਤ ਹੋ ਜਾਂਦਾ ਹੈ। ਗੁਰੂ ਜੀ ਨੇ ਸਾਨੂੰ ਮੂਰਤੀ-ਪੂਜਾ ਅਤੇ ਬਾਹਰਲੇ ਆਡੰਬਰਾਂ ਤੋਂ ਬਚਣ ਦਾ ਵਡਮੁੱਲਾ ਉਪਦੇਸ਼ ਦਿੱਤਾ। ਨੈਤਿਕ ਆਧਾਰ ਤੇ ਆਪਣੀ ਪਛਾਣ ਦਾ ਮੂਲ ਮੰਤਰ ਸਮਝਾਇਆ। ਇਸੇ ਲਈ ਗੁਰੂ ਜੀ ਨੇ ਗਿਆਨ ਦਾ ਮਹੱਤਵ ਪ੍ਰਤਿਪਾਦਿਤ ਕੀਤਾ। ਉਹ ਫੁਰਮਾਉਂਦੇ ਹਨ :

*ਕਾਮਨਾ ਅਧੀਨ, ਪਰਿਓ ਨਾਚਤ ਹੈ ਨਾਚਨ ਸੋ;*
*ਗਿਆਨ ਕੇ ਬਿਹੀਨ, ਕੈਸੇ ਬ੍ਰਹਮ ਲੋਕ ਪਾਵਈ।*

*ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ;*
*ਏਕ ਗਿਆਨ ਕੇ ਬਿਹੀਨ, ਛੀਨ ਕੈਸੇ ਕੈ ਤਰਤ ਹੈ।*[17]

ਗੁਰੂ ਕਵੀ ਨੇ ਸਾਨੂੰ ਅਨੇਕਾਂ ਪ੍ਰਸੰਗਾਂ ਅਤੇ ਸੂਤਰ ਸ਼ੈਲੀ ਵਿਚ ਨੈਤਿਕ ਧਾਰਨਾਵਾਂ ਦੀ ਮਹੱਤਤਾ ਸਮਝਾ ਦਿੱਤੀ। ਉਨ੍ਹਾਂ ਦੀ ਸਪਸ਼ਟ ਧਾਰਨਾ ਹੈ—'ਜਿਨ ਪ੍ਰੇਮ ਕਿਓ, ਤਿਨ ਹੀ ਪ੍ਰਭ ਪਾਇਓ' ਇਸ ਦੇ ਨਾਲ ਉਹ ਇਕ ਪਲ ਲਈ ਵੀ ਉਸ ਪਰਮ ਸ਼ਕਤੀ ਨੂੰ ਨਹੀਂ ਭੁੱਲਦੇ, ਯੁੱਧ ਵਿਚ ਵਿਜੈ ਪ੍ਰਾਪਤ ਹੋਣ ਵਿਚ ਉਹ ਉਸ ਦੀ ਕ੍ਰਿਪਾ ਨੂੰ ਸਵੀਕਾਰ ਕਰਦੇ ਨੇ। ਪਿਆਰਾ ਸਿੰਘ ਪਦਮ ਦਾ ਇਹ ਕਥਨ ਵਿਸ਼ੇਸ਼ ਉਲੇਖਯੋਗ ਹੈ ਕਿ 'ਦਸ਼ਮੇਸ਼ ਬਾਣੀ ਵਿਚ ਉੱਚ ਅਧਿਆਤਮਵਾਦ ਅਤੇ ਸਦਾਚਾਰ ਦੀ ਸੰਸਥਾ ਵਾਰ ਵਾਰ ਦੁਹਰਾਈ ਗਈ ਹੈ।'[18] ਸੁਰਿੰਦਰ ਸਿੰਘ ਜੋਹਰ ਦਾ ਇਹ ਕਥਨ ਉਚਿਤ ਹੈ ਕਿ ਦੁਸ਼ਮਨ ਇਸਤ੍ਰੀਆਂ ਪ੍ਰਤਿ ਗੁਰੂ ਜੀ ਦਾ ਵਿਹਾਰ ਹਮੇਸ਼ਾਂ ਨੈਤਿਕ ਤੇ ਚਰਿੱਤਰਵਾਨ ਰਿਹਾ। ਇਸੇ ਲਈ ਇਨ੍ਹਾਂ ਨੂੰ ਸਦਾਚਾਰਿਕ, ਨੈਤਿਕ ਵਿਹਾਰੀ, ਅਧਿਆਤਮਿਕ ਜੀਵਨ ਬਤੀਤ ਕਰਨ ਵਾਲਾ ਗੁਰੂ ਮੰਨਣਾ ਚਾਹੀਦਾ ਹੈ।[19]

ਗੁਰੂ ਗੋਬਿੰਦ ਸਿੰਘ ਇਕ ਸਦਾਚਾਰੀ, ਸੂਰਬੀਰ ਯੋਧਾ, ਸੰਤ ਸਿਪਾਹੀ, ਮਹਾਂ ਕਵੀ ਅਤੇ ਆਦਰਸ਼ਕ ਅਧਿਆਤਮਿਕ ਗੁਰੂ ਸਨ। ਇਨ੍ਹਾਂ ਨੇ 'ਦਸਮ ਗ੍ਰੰਥ' ਵਿਚ ਸਾਨੂੰ ਜਿੱਥੇ ਉਸ ਪਰਮ ਸ਼ਕਤੀਮਾਨ ਪ੍ਰਤਿ ਆਸਥਾ, ਵਿਸ਼ਵਾਸ ਰਖਣ ਅਤੇ ਪੂਰਨ ਸਮਰਪਣ ਦਾ ਮਹੱਤਵ ਸਮਝਾਇਆ, ਉੱਥੇ ਹੀ ਜੀਵਨ ਵਿਚ ਨੈਤਿਕ ਆਚਰਣ, ਸਦ ਵਿਹਾਰ ਅਤੇ ਸ਼ੁੱਭ ਕਰਮਾਂ ਪ੍ਰਤਿ ਸੁਚੇਤ ਕੀਤਾ। ਸਮਾਜ ਨੂੰ ਸਮਾਨਤਾ ਦੇ ਨੈਤਿਕ ਆਦਰਸ਼ ਦੀ ਵਿਹਾਰਕ ਮਿਸਾਲ 'ਖਾਲਸਾ ਸਾਜਨਾ' ਦੇ ਰੂਪ ਵਿਚ ਕੀਤੀ। ਅਸੀਂ 'ਦਸਮਗ੍ਰੰਥ' ਦੀਆਂ ਰਚਨਾਵਾਂ ਦੇ ਆਧਾਰ ਤੇ ਗੁਰੂ ਜੀ ਨੂੰ ਨੈਤਿਕ ਕਦਰਾਂ-ਕੀਮਤਾਂ ਦਾ ਆਦਰਸ਼ ਸਵੀਕਾਰ ਕਰਦੇ ਹਾਂ।

## ਟਿੱਪਣੀਆਂ/ਹਵਾਲੇ

1. L. M. Loring, *Two Kinds of Values,* p. 1
2. ਰਾਜਪਾਲ, *ਸਮਕਾਲੀਨ ਕਵਿਤਾ ਮੇਂ ਮਾਨਵ ਮੂਲਯ,* ਪਹਿਲਾ ਅਧਿਆਇ
3. 'Ethics is the Science of Values in Human Conduct.'—*Ethics of the Sikhs,* p. 255
4. *ਬਿਚਿਤ੍ਰ ਨਾਟਕ, ਦਸਮ ਗ੍ਰੰਥ,* ਛੰਦ 42
5. *ਕ੍ਰਿਸ਼ਨਾਵਤਾਰ, ਓਹੀ,* ਛੰਦ 2492
6. *ਚੰਡੀ ਚਰਿਤ੍ਰ ਉਕਤੀ ਵਿਲਾਸ, ਓਹੀ,* ਛੰਦ 233
7. *ਪੰਜਾਬੀ ਦੁਨੀਆਂ* (ਗੁਰੂ ਗੋਬਿੰਦ ਸਿੰਘ ਅੰਕ, ਫਰਵਰੀ, 1962), ਪੰਨਾ 9
8. *ਅਕਾਲ ਉਸਤਤਿ, ਦਸਮ ਗ੍ਰੰਥ,* ਛੰਦ 85
9. *ਅਸਫੋਟਕ ਕਬਿੱਤ, ਓਹੀ,* ਛੰਦ 2 ਤੇ 3
10. *ਚਉਬੀਸਅਵਤਾਰ, ਓਹੀ,* ਛੰਦ 2491

11. *ਗੁਰੂ ਗੋਬਿੰਦ ਸਿੰਘ ਕੇ ਸਾਹਿਤਯ ਮੇਂ ਭਾਰਤੀਯ ਸੰਸਕ੍ਰਿਤੀ ਕੇ ਤੱਤਵ*, ਪੰਨਾ 98
12. ਸ਼ਬਦ ਹਜ਼ਾਰੇ ਕੇ, ਦਸਮ ਗ੍ਰੰਥ, ਸ਼ਬਦ 2
13. ਚਰਿਤ੍ਰੋਪਾਖਿਆਨ, ਚਰਿਤ੍ਰ 21, ਓਹੀ, ਛੰਦ 51
14. *ਬਿਚਿਤ੍ਰ ਨਾਟਕ*, *ਓਹੀ*, ਛੰਦ 7-10 ਅਤੇ 12
15. *Guru Gobind Singh : A Study*, p. 167
16. *ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਸੁਤੰਤਰਤਾ ਦੀ ਭਾਵਨਾ*, ਪੰਨਾ 79
17. *ਅਕਾਲ ਉਸਤਤਿ*, ਦਸਮ ਗ੍ਰੰਥ, ਛੰਦ 82 ਤੇ 71
18. ਗੁਰੂ ਗੋਬਿੰਦ ਸਿੰਘ ਦੀ *ਵਿਸ਼ਵ-ਦ੍ਰਿਸ਼ਟੀ*, *ਗੁਰੂ ਗੋਬਿੰਦ ਸਿੰਘ ਦੀ ਸਾਹਿਤ-ਸਭਿਆਚਾਰ ਨੂੰ ਦੇਣ* (ਸੰਪਾ. ਸਤਿੰਦਰ ਸਿੰਘ ਨੂਰ), ਪੰਨਾ 37
19. 'He had a strong moral character. He was as perfect in his moral behaviour as he was high in his spiritual life.' —*Guru Gobind Singh : A Study*, p. 188


## ਪ੍ਰਸਿੱਧ ਸਿੱਖ ਵਿਦਵਾਨ

| | | |
|---|---|---|
| 1. | *ਭਾਈ ਮਨੀ ਸਿੰਘ* : ਰਤਨ ਸਿੰਘ ਜੱਗੀ | 50-00 ਰੁਪਏ |
| 2. | *ਭਾਈ ਵੀਰ ਸਿੰਘ* : ਸਤਿੰਦਰ ਸਿੰਘ | 60-00 ਰੁਪਏ |
| 3. | *ਪ੍ਰਿੰ. ਤੇਜਾ ਸਿੰਘ* : ਸ. ਸ. ਅਮੋਲ | 50-00 ਰੁਪਏ |
| 4. | *ਵੀਰ ਸਿੰਘ ਬਲ* : ਅੰਮ੍ਰਿਤਪਾਲ ਕੌਰ | 75-00 ਰੁਪਏ |
| 5. | *ਭਾਈ ਤਖਤ ਸਿੰਘ* : ਕੁਲਬੀਰ ਸਿੰਘ ਕਾਂਗ | 48-00 ਰੁਪਏ |
| 6. | *ਸ. ਕਪੂਰ ਸਿੰਘ* : ਕੁਲਵੰਤ ਸਿੰਘ | 45-00 ਰੁਪਏ |
| 7. | *ਪ੍ਰਿੰ. ਨਿਰੰਜਨ ਸਿੰਘ* : ਸਾਹਿਬ ਸਿੰਘ ਅਰਸ਼ੀ | 65-00 ਰੁਪਏ |
| 8. | *ਮਹਾਂਕਵੀ ਸੰਤੋਖ ਸਿੰਘ* : ਜੈ ਭਗਵਾਨ ਗੋਇਲ | 26-00 ਰੁਪਏ |
| 9. | *ਡਾ. ਤਾਰਨ ਸਿੰਘ* : ਗੁਰਦੀਪ ਸਿੰਘ ਭੰਡਾਰੀ | 10-00 ਰੁਪਏ |
| 10. | *ਭਾਈ ਜੋਧ ਸਿੰਘ* : ਪਿਆਰ ਸਿੰਘ | 12-00 ਰੁਪਏ |
| 11. | *ਪ੍ਰੋ. ਸਾਹਿਬ ਸਿੰਘ* : ਅਬਨਾਸ਼ ਕੌਰ | 12-00 ਰੁਪਏ |
| 12. | *ਗਿਆਨੀ ਗਿਆਨ ਸਿੰਘ* : ਭਗਤ ਸਿੰਘ | 7-00 ਰੁਪਏ |
| 13. | *ਸੰਤ ਸੰਪੂਰਨ ਸਿੰਘ* : ਸੁਰਿੰਦਰ ਸਿੰਘ ਸ਼ੇਰਗਿਲ | 18-00 ਰੁਪਏ |
| 14. | *ਡਾਕਟਰ ਬਲਬੀਰ ਸਿੰਘ* : ਮਨਮੋਹਨ ਕੇਸਰ | 12-50 ਰੁਪਏ |
| 15. | *ਸੋਢੀ ਹਰਿ ਜੀ* : ਗੁਰਮੋਹਨ ਸਿੰਘ ਆਹਲੂਵਾਲੀਆ | 10-00 ਰੁਪਏ |
| 16. | *ਭਾਈ ਗੁਰਦਾਸ ਜੀਵਨ ਤੇ ਰਚਨਾ* : ਰਤਨ ਸਿੰਘ ਜੱਗੀ | 14-50 ਰੁਪਏ |
| 17. | *ਪੂਰਨ ਸਿੰਘ* : ਕਿਰਪਾਲ ਸਿੰਘ ਕਸੇਲ | 12-00 ਰੁਪਏ |
| 18. | *ਭਾਈ ਮੋਹਨ ਸਿੰਘ ਵੈਦ* : ਐਸ. ਐਸ. ਅਮੋਲ | 3-40 ਰੁਪਏ |
| 19. | *ਭਾਈ ਸਹਿਜ ਰਾਮ* : ਗੁਰਮੁਖ ਸਿੰਘ | 12-50 ਰੁਪਏ |
| 20. | *ਗੁਰਬਚਨ ਸਿੰਘ ਤਾਲਿਬ* : ਜੋਧ ਸਿੰਘ | 16-00 ਰੁਪਏ |
| 21. | *ਭਾਈ ਮਨੋਹਰ ਦਾਸ ਮਿਹਰਬਾਨ* : ਕਿਰਪਾਲ ਸਿੰਘ | 4-75 ਰੁਪਏ |
| 22. | *ਪ੍ਰੋਫੈਸਰ ਗੁਰਮੁਖ ਸਿੰਘ* : ਗੁਰਦੇਵ ਸਿੰਘ ਸਿੱਧੂ | 22-00 ਰੁਪਏ |

ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸਿਖ ਚਿੰਤਨ ਵਿਚ ਕਾਲ ਅਕਾਲ ਦਾ ਸਰੂਪ

ਹਰਪਾਲ ਸਿੰਘ ਪੰਨੂੰ

---

ਕਾਲ ਦੀ ਪ੍ਰਕਿਰਤੀ ਸੰਬੰਧੀ ਗੁਰਮਤਿ ਸਾਹਿਤ ਵਿਚ ਅਜਿਹੇ ਬਹੁਤ ਸੰਕੇਤ ਪ੍ਰਾਪਤ ਹਨ ਜਿਨ੍ਹਾਂ ਤੋਂ ਕਾਲ ਬਾਰੇ ਸਿੱਖ ਦ੍ਰਿਸ਼ਟੀਕੋਣ ਨਿਰਧਾਰਤ ਕਰਨਾ ਸੰਭਵ ਹੈ। 'ਕਾਲ' ਦੀ ਪ੍ਰਕਿਰਤੀ ਨਿਸ਼ਚਿਤ ਹੋਣ ਉਪਰੰਤ 'ਅਕਾਲ' ਦੀ ਪ੍ਰਕਿਰਤੀ ਵੱਲ ਵੱਧਣ ਦੀ ਸੇਧ ਸਪਸ਼ਟ ਹੋ ਸਕੇਗੀ। ਅੰਜੀਲ ਵਿਚ, ਨਿਕੋਦਮਸ, ਯਸੂ ਮਸੀਹ ਤੋਂ ਅਧਿਆਤਮਿਕ ਅਨੁਭਵ ਨਾਲ ਸੰਬੰਧਿਤ ਪ੍ਰਸ਼ਨ ਪੁੱਛਦਾ ਹੋਇਆ ਆਪਣੀ ਜਗਿਆਸਾ ਤ੍ਰਿਪਤ ਕਰਨੀ ਚਾਹੁੰਦਾ ਹੈ। ਮਸੀਹਾ ਸੁਆਲ ਕਰਦਾ ਹੈ, "ਹਵਾ ਜਦੋਂ ਚਾਹੇ ਵੱਗਣਾ ਆਰੰਭ ਕਰ ਦਿੰਦੀ ਹੈ। ਤੁਸੀਂ ਇਸ ਦੀ ਆਵਾਜ਼ ਪ੍ਰਤੀਤ ਕਰ ਸਕਦੇ ਹੋ ਪਰ ਤੁਹਾਨੂੰ ਪਤਾ ਨਹੀਂ ਲੱਗਦਾ ਇਹ ਕਿਧਰੋਂ ਆਈ ਤੇ ਕਿੱਧਰ ਚਲੀ ਗਈ। ਤੁਸੀਂ ਇਸ ਦਾ ਕੀ ਉੱਤਰ ਦਿਉਗੇ?"

*ਯਸੂ ਮਸੀਹ* : ਤੂੰ ਇਜ਼ਰਾਈਲ ਦਾ ਆਕਾ ਹੈਂ ਤੈਨੂੰ ਇੰਨੀ ਸਿੱਧੀ-ਸਾਦੀ ਗੱਲ ਦਾ ਪਤਾ ਨਹੀਂ ਲੱਗਦਾ। ਜਦੋਂ ਮੈਂ ਤੈਨੂੰ ਦੈਵੀ ਗੱਲਾਂ ਦੱਸਾਂਗਾ ਤਾਂ ਤੂੰ ਕਿੰਜ ਵਿਸ਼ਵਾਸ ਕਰੇਂਗਾ?[1]

ਇਹੋ ਗੱਲ ਕਾਲ ਅਤੇ ਅਕਾਲ ਦੀ ਪ੍ਰਕਿਰਤੀ ਦੀ ਹੈ। ਜਦੋਂ ਤਕ ਕਾਲ ਦੀ ਪ੍ਰਕਿਰਤੀ ਅਤੇ ਵਾਸਤਵਿਕਤਾ ਸੰਬੰਧੀ ਭਰਪੂਰ ਗਿਆਨ ਨਹੀਂ ਮਿਲ ਜਾਂਦਾ, ਅਕਾਲ ਦਾ ਚਿੰਤਨ ਨਿਰਣਾਜਨਕ ਢੰਗ ਨਾਲ ਨਹੀਂ ਹੋ ਸਕੇਗਾ। ਜਿਵੇਂ ਗੋਚਰ ਜਗਤ ਦੀ ਪ੍ਰਤੱਖਣਾ ਅਗੋਚਰਤਾ ਦੇ ਚਿੰਤਨ ਲਈ ਸਹਾਈ ਹੁੰਦੀ ਹੈ। ਉਵੇਂ ਹੀ ਕਾਲ ਚੇਤਨਾ ਅਕਾਲ ਚਿੰਤਨ ਲਈ ਸਹਾਇਕ ਹੈ। ਕਾਲ ਸੰਬੰਧੀ ਭਾਰਤੀ ਅਤੇ ਪੱਛਮੀ ਚਿੰਤਨ ਪ੍ਰਣਾਲੀਆਂ ਰਾਹੀਂ ਜੋ ਅਧਿਐਨ ਹੋਇਆ ਹੈ ਉਸ ਦੇ ਆਧਾਰ ਉੱਤੇ ਅਸੀਂ ਦੇਖਿਆ ਹੈ ਕਿ ਕਾਲ ਦੀ ਪ੍ਰਕਿਰਤੀ ਸਪਸ਼ਟ ਕਰਨੀ ਕਿੰਨਾ ਜਟਿਲ ਅਤੇ ਦੁਰਗਮ ਕਾਰਜ ਹੈ।

**ਗੁਰਬਾਣੀ ਵਿਚ ਕਾਲ-ਅਨੁਭਵ**

ਸੁਖੇਨਤਾ ਨਾਲ ਸਮਝਣ ਹਿਤ ਅਸੀਂ ਮਨੁੱਖੀ ਚੇਤਨਾ ਦਾ ਤਿੰਨ ਹਿੱਸਿਆਂ ਵਿਚ ਵਰਗੀਕਰਣ ਕਰ ਲੈਂਦੇ ਹਾਂ :

(1) ਚੌੜਾਈ (ਪੁਲਾੜੀ ਵੰਡ ਜਾਂ ਦਿਸ਼ਾ ਖੰਡ)
(2) ਲੰਬਾਈ (ਲੌਕਿਕ ਵੰਡ ਜਾਂ ਕਾਲ ਖੰਡ)
(3) ਡੂੰਘਾਈ (ਮੈਂ, ਤੂੰ, ਇਹ, ਉਹ, ਆਤਮਪਰਕ, ਵਸਤੂਪਰਕ ਖੰਡ)

ਵਰਤਮਾਨ ਕਾਲ ਨੂੰ ਅਸੀਂ ਆਪਣੇ ਜੀਵਨ ਵਿਚ ਭੂਤਕਾਲੀ ਯਾਦਾਂ ਅਨੁਸਾਰ ਪਰਿਵਰਤਿਤ ਕਰਦੇ ਹਾਂ। ਵਰਤਮਾਨ ਅਤੇ ਭੂਤਕਾਲੀ ਯਾਦਾਂ ਦੁਆਰਾ ਭਵਿਖਤ ਦੀ ਰੂਪ ਰੇਖਾ ਦਾ ਨਿਰਮਾਣ ਹੁੰਦਾ ਹੈ। ਇਸ ਤੱਥ ਨੂੰ ਵਧੇਰੇ ਸੁਗਮਤਾ ਨਾਲ ਸਪਸ਼ਟ ਕਰਨ ਦੀ ਲੋੜ ਹੈ।

(ੳ) ਭੂਤਕਾਲ ਕਈ ਤਰੀਕਿਆਂ ਨਾਲ ਸਾਨੂੰ ਪਰਭਾਵਿਤ ਕਰਦਾ ਹੈ। ਅਸੀਂ ਭੂਤ ਵਿਚ ਵਾਪਰੀ ਕਿਸੇ ਘਟਨਾ ਨੂੰ ਨਾਪਸੰਦ ਕਰ ਸਕਦੇ ਹਾਂ, ਪਰ ਇਸ ਦੀ ਯਾਦ ਵਾਰ ਵਾਰ ਸਾਡਾ ਪਿੱਛਾ ਕਰਕੇ ਸਾਨੂੰ ਦੁਖਾਉਂਦੀ ਹੈ। ਅਸੀਂ ਪਛਤਾਉਂਦੇ ਹਾਂ, ਪਛਤਾਵੇ ਦਾ ਭਾਵੇਂ ਲਾਭ ਨਹੀਂ ਫਿਰ ਵੀ ਪਛਤਾਉਂਦੇ ਹਾਂ।

ਕਦੀ ਅਸੀਂ ਭੂਤ ਅਤੇ ਵਰਤਮਾਨ ਨੂੰ ਇਕ ਦੂਜੇ ਦੇ ਨਜ਼ਦੀਕ ਲੈ ਆਉਂਦੇ ਹਾਂ। ਕਦੀ ਭੂਤਕਾਲ ਨੂੰ ਵਰਤਮਾਨ ਨਾਲੋਂ ਵਧੀਆ ਦੇਖਦੇ ਹਾਂ ਅਤੇ ਕਦੀ ਅਹਿਸਾਸ ਹੁੰਦਾ ਹੈ ਕਿ ਅੱਜ ਦੇ

ਹਾਲਾਤ ਨਾਲੋਂ ਭੂਤ ਕਿਵੇਂ ਵੀ ਉੱਤਮ ਨਹੀਂ ਸੀ। ਚੜ੍ਹਦੀ ਉਮਰੇ ਵਰਤਮਾਨ ਚੰਗਾ ਲਗਦਾ ਹੈ ਪਰ ਢਲਦੀ ਉਮਰੇ ਮਨ ਅਤੀਤ ਨੂੰ ਲੋਚਦਾ ਹੈ। ਬਜ਼ੁਰਗ ਕਹਿੰਦੇ ਹਨ ਕਿ ਪਰੰਪਰਾ ਵਿਚ ਸਦੀਆਂ ਦੀ ਸਿਆਣਪ ਲੁਕੀ ਹੋਈ ਹੈ, ਪਰੰਪਰਾਵਾਦੀ ਰੁਚੀਆਂ ਅਵਿਗਿਆਨਕ ਨਹੀਂ, ਕਿਉਂਕਿ ਵਿਗਿਆਨੀ ਜਦੋਂ ਕਿਸੇ ਘਟਨਾ ਜਾਂ ਕਾਰਜ ਦੇ ਕਾਰਨ ਦੀ ਖੋਜ ਕਰਦਾ ਹੈ ਤਾਂ ਉਹ ਸਵੀਕਾਰ ਕਰਦਾ ਹੈ ਕਿ ਉਸ ਦੀਆਂ ਲੱਭਤਾਂ ਦਾ ਸਿਹਰਾ ਵਾਸਤਵ ਵਿਚ ਪਿਛਲੇ ਵਿਗਿਆਨੀਆਂ ਦੇ ਅਧਿਐਨ ਸਿਰ ਹੈ ਫਿਰ ਵੀ ਜੀਵਨ ਨਵੀਨਤਾ ਦੀ ਤਲਾਸ਼ ਵਿਚ ਹੈ।

(ਅ) ਭਵਿਖ ਨੇ ਸਾਨੂੰ ਹਨੇਰੇ ਵਿਚ ਰੱਖਿਆ ਹੋਇਆ ਹੈ, ਫਿਰ ਵੀ ਅਸੀਂ ਉਸ ਦੀ ਸ਼ਕਤੀ ਦੇ ਕਾਬੂ ਵਿਚ ਹਾਂ। ਭਵਿਖ ਯਕੀਨਨ ਅਣਬੁਝਿਆ ਸੰਸਾਰ ਹੈ। ਭਵਿਖ ਦਾ ਅਗਿਆਨ ਕਦੀ ਸਾਨੂੰ ਉਤਸ਼ਾਹਿਤ ਕਰਦਾ ਹੈ, ਕਦੀ ਭੈਭੀਤ। ਚੰਗਾ ਲੱਗੇ ਜਾਂ ਬੁਰਾ, ਭਵਿਖ ਦੇ ਸੁਭਾਅ ਵਿਚ ਅਚੰਭਾਜਨਕ ਸੁਗਾਤਾਂ ਵੰਡਣੀਆਂ ਸ਼ਾਮਲ ਹਨ। ਜੇ ਭੂਤਕਾਲ ਨਾਲ ਭਵਿਖ ਦਾ ਸੰਬੰਧ ਗਣਿਤ ਦੇ ਨਤੀਜਿਆਂ ਵਾਂਗ ਨਿਸ਼ਚਿਤ ਹੁੰਦਾ ਤਾਂ ਜੀਵਨ ਵਿਚੋਂ ਉਲ੍ਹਾਸ, ਵਿਸਮਾਦ, ਅਚੰਭਾ, ਉਤਸ਼ਾਹ ਤੇ ਕਲਪਨਾ ਲੋਪ ਹੋ ਜਾਂਦੇ। ਜੋ ਸੀ ਜਾਂ ਜੋ ਹੈ, ਮਨ ਉਸ ਤੋਂ ਭਿੰਨ ਵਚਿੱਤਰ ਨਤੀਜਿਆਂ ਲਈ ਉਤਸੁਕ ਹੈ। ਕੁਝ ਨਤੀਜੇ ਚੰਗੇ ਲਗਦੇ ਹਨ, ਕੁਝ ਮੰਦੇ। ਚੰਗਿਆਂ ਤੋਂ ਚੰਗੇਰਿਆਂ ਲਈ ਅਤੇ ਮਾੜਿਆਂ ਤੋਂ ਬਚਣ ਲਈ ਮਨੁੱਖੀ ਚੇਤਨਾ ਲਗਾਤਾਰ ਸਾਨੂੰ ਟੁੰਬਦੀ ਵੰਗਾਰਦੀ ਰਹਿੰਦੀ ਹੈ। ਅਸੀਂ ਕੇਵਲ ਇਹੀ ਨਹੀਂ ਚਾਹੁੰਦੇ ਕਿ ਸਾਡੀਆਂ ਤਮੰਨਾਵਾਂ ਪੂਰੀਆਂ ਹੋਣ, ਸਗੋਂ ਚਾਹੁੰਦੇ ਹਾਂ ਜਲਦੀ ਪੂਰੀਆਂ ਹੋਣ। ਬਹੁਤ ਸਾਰੇ ਗੰਭੀਰ ਯਤਨ ਨਿਸਫ਼ਲ ਰਹਿ ਜਾਣ ਤਾਂ ਅਸੀਂ ਫ਼ੈਸਲਾ ਕਰਦੇ ਹਾਂ, ਲੋਭ ਦੁੱਖਾਂ ਦਾ ਮੂਲ ਹੈ। ਪੈਗੰਬਰਾਂ ਨੇ 'ਭਾਣੇ' ਦਾ ਸਿਧਾਂਤ ਪ੍ਰਸਤੁਤ ਕੀਤਾ।[2] ਮਾਲੀ ਦਾ ਕੰਮ ਬੀਜ ਬੀਜਣਾ, ਪਾਣੀ ਦੇਣਾ ਅਤੇ ਮਿਹਨਤ ਕਰਨਾ ਹੈ। ਫਲ, ਫੁੱਲ ਲਾਉਣ ਦੀ ਜ਼ਿੰਮੇਵਾਰੀ ਰੱਬ ਦੀ ਹੈ।[3]

(ੲ) ਵਰਤਮਾਨ ਕਾਲ ਮਨ ਦੀ ਸੂਖਮ ਤਰੰਗ ਦਾ ਨਾਮ ਹੈ। ਵਰਤਮਾਨ ਕੇਵਲ ਇਕ ਬਿੰਦੂ ਹੈ ਜਿਸ ਦੀ ਕੋਈ ਦਿਸ਼ਾ ਨਹੀਂ। ਬਿੰਦੂ ਵਾਂਗ ਇਸ ਦੀ ਨਾ ਮਿਣਤੀ ਹੋ ਸਕਦੀ ਹੈ, ਨਾ ਇਹ ਪਕੜ ਵਿਚ ਆ ਸਕਦਾ ਹੈ। ਹਾਂ, ਬਿੰਦੂ ਵਾਂਗ ਇਸ ਦਾ ਪਸਾਰ ਹੋ ਸਕਦਾ ਹੈ, ਇਕ ਪਾਸੇ ਭੂਤ ਵੱਲ, ਦੂਜੇ ਪਾਸੇ ਭਵਿਖ ਵੱਲ। ਭਵਿਖ ਤਕ ਕਲਪਨਾ ਰਾਹੀਂ ਤੇ ਭੂਤ ਤਕ ਅਸੀਂ ਯਾਦਦਾਸ਼ਤ ਰਾਹੀਂ ਅਪੜਦੇ ਹਾਂ। ਵਰਤਮਾਨ ਨਾਲ ਸਾਡਾ ਸਿੱਧਾ ਸੰਪਰਕ ਹੈ। ਕੀ ਭਵਿਖ ਦਾ ਮਾਰਗ ਪੂਰਬ-ਨਿਸ਼ਚਿਤ ਨਹੀਂ? ਵਾਸਤਵ ਵਿਚ ਮਨ ਪਲ ਪਲ ਬਦਲਦਾ ਹੈ[4] ਤੇ ਇਸ ਅੰਬਰੇ ਦਰਿਆ ਦੀਆਂ ਲਹਿਰਾਂ ਵਿਚੋਂ ਦੇਖਿਆਂ ਹਰ ਵਸਤ ਕੰਬਦੀ, ਲਰਜ਼ਦੀ ਦਿੱਸ ਰਹੀ ਹੈ। 'ਕਾਲ' ਜਾਣਨ ਦੀ ਪ੍ਰਕਿਰਿਆ ਹੈ, ਗਿਆਨ ਨਹੀਂ। ਇਹ ਕੇਵਲ ਪ੍ਰਕਿਰਿਆ ਹੈ, ਪ੍ਰਕਿਰਿਆ ਦਾ ਨਤੀਜਾ ਨਹੀਂ। 'ਵਰਤਮਾਨ' ਖ਼ਲਾਅ ਵਿਚ ਲਟਕਿਆ ਉਹ ਪੈਂਡੂਲਮ ਹੈ ਜਿਹੜਾ ਜੇ ਇਕ ਪਲ ਭੂਤ ਵਿਚ ਹੈ ਤਾਂ ਅਗਲੇ ਪਲ ਭਵਿਖ ਵਿਚ। ਕਾਲਗਤੀ ਦੌਰਾਨ ਮਨ ਕਿਵੇਂ ਪਲ ਪਲ ਪਦਾਰਥਿਕ ਰਸਾਂ ਲਈ ਤੜਫਦਾ ਅਤੇ ਵਿਆਕੁਲ ਹੁੰਦਾ ਹੈ, ਇਸ ਦਾ ਗੁਰਬਾਣੀ ਵਿਚ ਵਰਨਨ ਇੰਜ ਮਿਲਦਾ ਹੈ :

*ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥*
*ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥*
*ਅੰਧੇ ਚੇਤਿ ਹਰਿ ਹਰਿ ਰਾਇਆ ॥*
*ਤੇਰਾ ਸੋ ਦਿਨੁ ਨੇੜੇ ਆਇਆ ॥*[5]

ਇਹ ਸਮਝਣਾ ਜ਼ਰੂਰੀ ਹੈ ਕਿ 'ਅਕਾਲੀ ਹੋਂਦ' ਤੋਂ ਕੀ ਭਾਵ ਹੈ। ਅਕਾਲੀ ਹੋਂਦ ਪਲ ਪਲ ਗੁਜ਼ਰ ਰਹੀ ਉਹ ਜ਼ਿੰਦਗੀ ਹੈ, ਜਿਸ ਵਿਚ ਭੂਤ ਅਤੇ ਭਵਿਖ ਦਾ ਕੋਈ ਚੇਤਾ ਜਾਂ ਕੋਈ ਚਿੰਤਨ ਨਹੀਂ। ਇਤਿਹਾਸਕਾਰਾਂ ਦੁਆਰਾ ਵਰੇਣਿਤ ਬੀਤਿਆ ਦੌਰ ਤੇ ਯੋਜਨਾਕਾਰਾਂ ਦੁਆਰਾ ਕਲਪਿਆ ਮਹਾਨ ਭਵਿਖ ਅਜਿਹੇ ਵਕਤੀ ਵਾਹਨ ਹਨ, ਜਿਨ੍ਹਾਂ ਦੀ ਹੋਂਦ ਲੌਕਿਕ ਜੀਵਨ ਵਾਸਤੇ ਲੋੜੀਂਦੀ ਸਮਝੀ ਜਾਂਦੀ ਹੈ। ਪ੍ਰਸ਼ਨ ਹੈ ਕਿ ਅਕਾਲੀ ਜੀਵਨ, ਜਿਹੜਾ ਕਿ ਲੌਕਿਕ ਜੀਵਨ ਤੋਂ ਇਕਦਮ ਵੱਖਰਾ ਹੈ, ਕਿਵੇਂ ਜੀਵਿਆ ਜਾਏ? ਜਦੋਂ ਤਕ ਚਿੰਤਨ ਦਾ ਲੜ ਛੱਡ ਕੇ,

'ਅਨੁਭਵ' ਦੇ ਰਾਹ ਨਹੀਂ ਪੈਂਦੇ ਉਦੋਂ ਤਕ ਸਾਨੂੰ ਸੋਝੀ ਨਹੀਂ ਹੋ ਸਕਦੀ ਕਿ ਅਜਿਹੀ ਕੋਈ ਬਾਹਰੀ ਸ਼ਕਤੀ ਮੌਜੂਦ ਨਹੀਂ ਜਿਸ ਰਾਹੀਂ 'ਅਕਾਲੀ ਅਨੁਭਵ' ਹਾਸਲ ਹੋ ਸਕੇ, ਨਾ ਕੋਈ ਬਣਿਆ ਬਣਾਇਆ ਉਪਕਰਣ ਹੈ, ਨਾ ਕੋਈ ਵਿਸ਼ੇਸ਼ ਅਨੁਸ਼ਾਸਨ। ਹਰ ਮਨੁੱਖ ਨੂੰ ਆਪਣੀ ਮੁਕਤੀ ਆਪਣੇ ਹੀ ਢੰਗ ਨਾਲ ਪ੍ਰਾਪਤ ਕਰਨੀ ਹੋਵੇਗੀ। ਕਿਸੇ ਦੀ ਸਲਾਹ ਜਾਂ ਕਿਸੇ ਦੀ ਅਗਵਾਈ ਕਿਸੇ ਨਿਸ਼ਚਿਤ ਹੱਦ ਤੋਂ ਵਧੀਕ ਕੰਮ ਨਹੀਂ ਆ ਸਕਦੀ।[6]

ਅਕਾਲਕ ਜੀਵਨ ਜਿਊਣ ਵਿਚ ਰੁਕਾਵਟ ਇਹ ਹੈ ਕਿ ਅਸੀਂ ਬਦਲਦੇ ਵਰਤਮਾਨ ਦੀ ਤਾਜ਼ਗੀ ਅਤੇ ਰੰਗੀਨੀ ਵਲੋਂ ਨੇਤ੍ਰਹੀਨ ਹਾਂ। ਮਰ ਚੁੱਕੇ ਭੂਤ ਦੀ ਲਾਸ਼ ਨੂੰ ਅਸੀਂ ਸੁੱਟ ਨਹੀਂ ਸਕਦੇ। ਭੂਤ ਨੂੰ ਅਸੀਂ ਕੇਵਲ ਇਸ ਕਰਕੇ ਨਾਲ ਲਈ ਫਿਰਦੇ ਹਾਂ ਕਿ ਅਸੀਂ ਇਸ ਨੂੰ 'ਜਾਣਦੇ' ਹਾਂ। ਇਸ ਦੀ ਧੂੜ ਸਾਨੂੰ ਚੰਗੀ ਲਗਦੀ ਹੈ। ਇਸ ਧੂੜ ਨੂੰ ਛੰਡ ਦੇਣ ਤੋਂ ਉਵੇਂ ਡਰਦੇ ਹਾਂ ਜਿਵੇਂ ਇਹ ਜਾਣਦੇ ਹੋਏ ਵੀ ਕਿ ਆਤਮਾ ਅਮਰ ਹੈ, ਮੌਤ ਤੋਂ ਭੈ-ਭੀਤ ਹਾਂ। ਕਰਤਾਰੀ ਜੀਵਨ (creative life) ਦਾ ਭਾਵ ਹੈ ਭੂਤ ਦੀ ਸਮਾਪਤੀ, ਭੂਤ ਦਾ ਸੰਘਾਰ, ਗਿਆਤ ਨੂੰ ਛੰਡ ਕੇ ਸੁਤੰਤਰ ਅਗਿਆਤ ਦਾ ਸਵਾਗਤ। ਸੰਕੀਰਣ ਮਨ ਗਿਆਤ ਨਾਲ ਪਿਆਰ ਕਰਦਾ ਹੈ ਕਿਉਂਕਿ ਉਹ ਇਸੇ ਦਾ ਵਾਕਫ਼ ਹੈ ਤੇ ਫਿਰ ਗਿਆਤ ਦੇ ਪੈਮਾਨੇ ਨਾਲ ਉਹ ਅਗਿਆਤ ਦੀ ਪਰਖ ਕਰਦਾ ਹੈ। ਇਹੀ ਕਾਰਨ ਹੈ ਕਿ ਅਸੀਂ ਸਾਰੀ ਉਮਰ ਇਸ ਪ੍ਰਕਾਰ ਦਾ ਵਰਤਾਉ ਕਰਦੇ ਹਾਂ ਜਿਵੇਂ ਅਸੀਂ ਕਦੀ ਮਰਨਾ ਨਹੀਂ। ਜੇ ਮੌਤ ਦੀ ਨਿਸ਼ਚਿਤਤਾ ਉੱਤੇ ਵਿਸ਼ਵਾਸ ਹੁੰਦਾ ਤਾਂ ਅਨੈਤਿਕ ਕਾਰਜਾਂ ਰਾਹੀਂ ਉਹ ਦ੍ਰਵ, ਧਨ ਸੰਪਤੀ, ਇਕੱਤਰ ਨਾ ਕਰਦੇ ਜਿਹੜੀ ਬਗ਼ੈਰ ਵਰਤਿਆਂ ਇਥੋਂ ਤੁਰ ਜਾਣਾ ਹੈ।[7] ਇਹੋ ਜਿਹਾ ਜੀਵਨ ਹੁਣ ਹੈ, ਜੋ ਇਹੋ ਜਿਹਾ ਹਜ਼ਾਰਾਂ ਸਾਲ ਲੰਮਾ ਵੀ ਹੋ ਜਾਵੇ ਤਾਂ ਵੀ ਕੀ ਪ੍ਰਾਪਤੀ ਹੋਈ?[8] ਤਾਜ਼ਗੀ ਲਈ ਪੁਰਾਣਿਆਂ ਪੱਤਰਾਂ ਦਾ ਝੜਨਾ ਜ਼ਰੂਰੀ ਹੈ, ਤਦੇ ਬਸੰਤ ਦਾ ਆਗਮਨ ਸੰਭਵ ਹੋਵੇਗਾ।

ਜਿਵੇਂ ਅਕਾਲੀ ਜੀਵਨ ਬਤੀਤ ਕਰਨ ਲਈ ਭੂਤ, ਭਵਿਖ ਦੀਆਂ ਸੀਮਾਵਾਂ ਤੋਂ ਸੁਤੰਤਰ ਹੋਣਾ ਜ਼ਰੂਰੀ ਹੈ, ਉਵੇਂ ਹੀ ਆਤਮ-ਅਨਾਤਮ (subject-object) ਮੈਂ, ਤੂੰ, ਇਹ, ਉਹ, ਰਚਨਹਾਰ ਤੇ ਰਚਨਾ, ਭੋਗ ਤੇ ਭੁਗਤਾ, ਚਿੰਤਨ ਅਤੇ ਚਿੰਤਕ ਆਦਿ ਦੀਆਂ ਵੰਡੀਆਂ ਖ਼ਤਮ ਕਰਨੀਆਂ ਹੋਣਗੀਆਂ।[9]

ਭੀੜ ਵਿਚੋਂ ਮੈਂ ਕਿਸੇ ਮਿੱਤਰ ਨੂੰ ਲੱਭਣਾ ਹੈ। ਮੈਨੂੰ ਪਤਾ ਹੈ ਉਸ ਨੇ ਪੱਗ ਬੰਨ੍ਹੀ ਹੋਈ ਹੈ, ਇਸ ਕਰਕੇ ਜਿਹਨਾਂ ਨੇ ਪੱਗਾਂ ਨਹੀਂ ਬੰਨ੍ਹੀਆਂ ਹੋਈਆਂ, ਉਹਨਾਂ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹਾਂ। ਦੋਸਤ ਲੰਮੇ ਕੱਦ ਦਾ ਹੈ, ਸੋ ਛੋਟੇ ਕੱਦ ਦੇ ਬੰਦਿਆਂ ਵੱਲ ਧਿਆਨ ਦੇਣ ਦੀ ਲੋੜ ਨਹੀਂ। ਉਸ ਨੇ ਸਫ਼ੈਦ ਕਮੀਜ਼ ਪਹਿਨੀ ਹੋਈ ਹੈ, ਬਾਕੀ ਰੰਗ ਅਰਥਹੀਨ ਹੋ ਗਏ। ਇਉਂ ਕਿਸੇ ਨਾ ਕਿਸੇ ਥਾਂ ਉਸ ਦੀ ਪਛਾਣ ਹੋ ਜਾਵੇਗੀ। ਪਛਾਣ ਹੋਣ ਉਪਰੰਤ ਉਹ ਵੱਖਰਾ ਹੋ ਗਿਆ। ਪਹਿਲੋਂ ਅਸੀਂ ਦੋਵੇਂ ਭੀੜ ਵਿਚ ਗੁਆਚੇ ਹੋਏ ਸਾਂ। ਜਦੋਂ ਜਦੋਂ ਮੈਂ ਚੇਤੰਨ ਹੁੰਦਾ ਹਾਂ, ਤਦੋਂ ਮੈਂ ਵੱਖਰਾ ਹੋ ਜਾਂਦਾ ਹਾਂ, ਨਹੀਂ ਤਾਂ ਭੀੜ ਹਾਂ। ਅਕਾਲਕ ਹੋਂਦ ਵਿਚ ਨਿਜੀ ਲੌਕਿਕ ਚੇਤਨਾ ਦੀ ਸਮਾਪਤੀ ਹੁੰਦੀ ਹੈ ਤੇ ਅਸੀਂ ਅਨੇਕ ਸ਼ਕਤੀਆਂ ਵਿਚ ਆਪਣੇ ਆਪ ਨੂੰ ਵਿਕੋਲਿਤਰਾ ਨਹੀਂ ਦੇਖਦੇ ਸਗੋਂ ਸ਼ਕਤੀਆਂ ਵਿਚ ਵਿਲੀਨ ਹੋਏ ਹੁੰਦੇ ਹਾਂ। ਸਭ ਵੰਡਾਂ ਖਤਮ ਹੋ ਜਾਂਦੀਆਂ ਹਨ।[10] ਮਨ ਸਰੀਰ ਉੱਤੇ ਵਸੀਕਾਰ ਕਰਦਾ ਹੈ ਕਿ ਸਰੀਰ ਮਨ ਉੱਤੇ? ਮਨ ਕਿੱਥੇ ਸਥਿਤ ਹੈ, ਦਿਮਾਗ਼ ਵਿਚ ਕਿ ਦਿਲ ਵਿਚ? ਪ੍ਰਗਤੀ ਵਿਅਕਤੀ ਵਿਸ਼ੇਸ਼ ਦੀ ਦੇਣ ਹੈ ਕਿ ਸਮੁੱਚੇ ਸਮਾਜ ਦੀ? ਅਜਿਹੇ ਅਮੁੱਕ ਪ੍ਰਸ਼ਨਾਂ ਦੀ ਲੜੀ ਅਕਾਲ ਅਨੁਭਵੀ ਵਿਅਕਤੀ ਲਈ ਨਿਰਾਰਥਕ ਹੈ।

**ਕਾਲ ਅਨੁਭਵ ਅਤੇ ਨੇਕੀ ਬਦੀ**

ਉੱਚੀਆਂ ਨੈਤਿਕ ਕੀਮਤਾਂ ਅਤੇ ਜੀਵਨ ਆਦਰਸ਼ਾਂ ਦੇ ਆਧਾਰ ਉੱਤੇ ਅਸੀਂ ਪਦਾਰਥਕ ਵਸਤਾਂ ਨੂੰ, ਇਤਫ਼ਾਕੀਆ ਸੰਜੋਗ ਆਖਦੇ ਹਾਂ, ਜਿਹਨਾਂ ਵਿਚ ਗ਼ਲਤਾਨ ਰਹਿਣਾ ਉਚਿਤ ਨਹੀਂ। ਅਸੀਂ ਮਿਸਰ ਦੇ ਪੁਰਾਤਨ ਵਸਨੀਕਾਂ ਉੱਤੇ ਹੱਸਦੇ ਹਾਂ ਜਿਨ੍ਹਾਂ ਨੇ ਪਰਾਮਿਡਾਂ ਅਤੇ ਮੱਮੀਆਂ ਵਿਚ ਕੀਮਤੀ ਵਸਤਾਂ, ਸੋਨਾ, ਚਾਂਦੀ ਆਦਿ ਪਦਾਰਥ ਸੰਭਾਲ ਰਖੇ ਹਨ ਪਰ ਜਦੋਂ ਸਾਡੇ ਆਪਣੇ ਉੱਤੇ ਗੱਲ ਆਉਂਦੀ ਹੈ, ਇਕ ਨਿਗੂਣੀ ਚੀਜ਼ ਦੇ ਗੁਆਚਣ ਉੱਤੇ ਅਸੀਂ ਸਾਰਾ ਦਿਨ ਬੇਚੈਨ ਰਹਿੰਦੇ ਹਾਂ। ਉਪਦੇਸ਼ ਦਿੰਦੇ ਹਾਂ, ਭੂਤ ਕਾਲ ਵਿਸਾਰ ਦਿਉ, ਤਤਕਾਲੀ ਖਿਣ ਵਿਚ ਜਿਊਣਾ ਅਰੰਭੋ; ਭੂਤ ਉੱਤੇ ਨਾ ਫ਼ਖ਼ਰ ਕਰਨ ਦਾ ਲਾਭ ਹੈ, ਨਾ ਹੰਝੂ ਵਹਾਉਣ ਦਾ।

ਨੈਤਿਕ ਸ਼ਾਸਤਰੀ 'ਅਹੰ' ਨੂੰ ਪਰਮ ਵਿਕਾਰ ਆਖਦੇ ਹਨ। ਗੁਰੂਆਂ ਨੇ ਉੱਚਤਮ ਆਦਰਸ਼ ਦੀ ਪ੍ਰਾਪਤੀ ਦੇ ਰਸਤੇ ਵਿਚ ਇਸ ਨੂੰ ਵੱਡੀ ਰੁਕਾਵਟ ਦੱਸਿਆ ਹੈ। ਅਹੰ ਦੀ ਸਮਾਪਤੀ ਲੌਕਿਕ ਵਸਤਾਂ ਦੇ ਬੰਧਨ ਤੋਂ ਸੰਪੂਰਨ

ਸੁਤੰਤਰਤਾ ਹੈ ਤੇ ਇਹੀ ਸੁਤੰਤਰਤਾ ਅਕਾਲਕ ਜੀਵਨ ਦਾ ਪੰਧ ਹੈ।[11]

ਚਿੰਤਨ ਦੀਆਂ ਗੁੰਝਲਦਾਰ ਪਗਡੰਡੀਆਂ ਨੇ ਕਾਲ ਨੂੰ ਵੀ ਅਜੀਬ ਭੁੱਲ ਭੱਲਈਆਂ ਵਿਚ ਪਾ ਦਿੱਤਾ ਹੈ। ਦਾਰਸ਼ਨਿਕਾਂ ਦਾ ਵਿਚਾਰ ਰਿਹਾ ਹੈ ਕਿ ਪੁਲਾੜ ਤੇ ਕਾਲ ਦੀ ਕੋਈ ਵਸਤੂਪਰਕ (objective) ਹੋਂਦ ਨਹੀਂ। ਵਿਸਤਾਰ (extension) ਅਤੇ ਪਰਵਾਹ (succession) ਚਿੰਤਨ ਦੇ ਆਤਮਪਰਕ (subjective) ਵਸੀਲੇ ਹਨ। ਆਮ ਤੌਰ ਤੇ ਆਖਿਆ ਜਾਂਦਾ ਹੈ ਕਿ ਪੁਲਾੜ ਅਜਿਹਾ ਵੱਡਾ ਸਾਰਾ ਖ਼ਾਲੀ ਬਰਤਨ ਹੈ ਜਿਸ ਦੀਆਂ ਦੀਵਾਰਾਂ ਨਹੀਂ ਅਤੇ ਕਾਲ ਅਨੰਤ ਲੰਬਾਈ ਦਾ ਅਦਿੱਖ ਧਾਗਾ ਹੈ ਜਿਸ ਵਿਚ ਘਟਨਾਵਾਂ ਮਾਲਾ ਦੇ ਮਣਕਿਆਂ ਵਾਂਗ ਪਰੋਈਆਂ ਹੋਈਆਂ ਸਰਕ ਰਹੀਆਂ ਹਨ। ਮਨੁੱਖ ਅਹਿਸਾਸ ਤਾਂ ਕਰਦਾ ਹੈ ਕਿ ਕਾਲ ਅਨੰਤ ਹੈ ਪਰ ਇਸ ਅਨੰਤ ਵਿਚ ਉਸ ਦੀ ਆਪਣੀ ਸੀਮਾ (ਜਨਮ ਤੋਂ ਮੌਤ ਤਕ) ਹੈ। ਕਾਲ ਦੀ ਸੰਘਾਰਕ ਸ਼ਕਤੀ ਕਰਕੇ ਇਸ ਨੂੰ ਵਿਨਾਸ਼ਕਾਰੀ ਦਾਨਵ ਆਖਿਆ ਜਾਂਦਾ ਹੈ, ਜਿਸ ਦੀ ਭੁੱਖ ਕਿਸੇ ਦਾ ਲਿਹਾਜ਼ ਨਹੀਂ ਕਰਦੀ, ਜਿਸ ਨੂੰ ਕਿਸੇ ਨਾਲ ਪਿਆਰ ਨਹੀਂ।[12]

ਪ੍ਰਤੀਕਾਂ ਵਿਚ ਕਾਲ ਨੂੰ 'ਵੇਦ' ਵੀ ਆਖਿਆ ਗਿਆ ਹੈ। ਅੱਜ ਜਿਹੜਾ ਵੱਡਾ ਸਦਮਾ ਵਾਪਰਿਆ, ਕਾਲ ਹੌਲੀ ਹੌਲੀ ਉਸ ਦੀ ਮਰਹੱਮ ਪੱਟੀ ਕਰਦਾ ਰਹਿੰਦਾ ਹੈ ਤੇ ਅਸੀਂ ਹੈਰਾਨ ਹੋ ਜਾਂਦੇ ਹਾਂ ਕਿ ਦੁੱਖ ਦਾ ਇੰਨਾ ਵੱਡਾ ਜ਼ਖ਼ਮ ਕਿਵੇਂ ਭਰ ਗਿਆ।

ਨੇਕੀ, ਬਦੀ, ਬੁਰਾ, ਚੰਗਾ, ਸੱਚਾ, ਝੂਠਾ ਇਹ ਸਭ ਸਾਪੇਖਕ ਸੰਕਲਪਨਾਵਾਂ ਹਨ। ਕਾਲ ਵੀ ਇਹਨਾਂ ਸਾਪੇਖ ਸੰਕਲਪਨਾਵਾਂ ਵਿਚੋਂ ਇਕ ਹੈ। ਸਤਿ ਗਤੀਸ਼ੀਲ, ਸਿਰਜਣਾਤਮਕ ਤੇ ਜੀਵੰਤ ਸ਼ਕਤੀ ਹੈ, ਜਿਹੜੀ ਨਿਰਪੇਖ ਹੈ ਤੇ ਕਾਲ ਮੁਕਤ ਹੋਣ ਕਰਕੇ ਅਕਾਲਕ ਹੈ। ਅਕਾਲਕ ਮਨੁੱਖ ਨਾ ਭੂਤ ਤੋਂ ਪ੍ਰਸੰਨ ਹੁੰਦਾ ਹੈ, ਨਾ ਭਵਿਖ ਤੋਂ ਭੈਭੀਤ। ਉਹ ਸਦੀਵੀ ਵਰਤਮਾਨ (eternal now) ਵਿਚ ਵਿਚਰਦਾ ਹਰ ਘਟਨਾ ਨੂੰ ਭਾਣਾ ਮੰਨ ਕੇ ਜਿਊਂਦਾ ਹੈ।[13] ਜਾਤ-ਪਾਤ, ਕੌਮ ਪ੍ਰਸਤੀ, ਭਾਸ਼ਾਪ੍ਰਸਤੀ, ਦੇਸ਼ ਭਗਤੀ, ਅਕਾਲਕ ਵਿਅਕਤੀ ਲਈ ਇਹ ਸਭ ਨੀਵੀਂ ਪੱਧਰ ਦੇ ਬੰਧਨ ਹਨ। ਰੂੜ੍ਹੀਆਂ ਦਾ ਤਿਰਸਕਾਰ ਕਰਨ ਵਾਲੇ ਬੁੱਧੀਮਾਨ ਵਿਅਕਤੀਆਂ ਨੂੰ ਨਾਸਤਿਕ, ਕਾਫ਼ਰ ਆਖ ਕੇ ਦੰਡਿਤ ਕੀਤਾ ਜਾਂਦਾ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਪੈਗੰਬਰਾਂ ਦੀ ਕੀ ਦੁਰਦਸ਼ਾ ਹੋਈ। ਜਦੋਂ ਮਨਸੂਰ ਨੂੰ ਫਾਂਸੀ ਚੜ੍ਹਾਉਣ ਲੱਗੇ ਤਾਂ ਉਸ ਨੇ ਕਿਹਾ, "ਐ ਬਗ਼ਦਾਦ ਦੇ ਲੋਕੋ! ਜੇ ਤੁਹਾਨੂੰ ਵੀ ਉਹ ਕੁਝ ਮਿਲਿਆ ਹੁੰਦਾ ਜੋ ਮੈਨੂੰ ਹਾਸਿਲ ਹੋਇਆ ਹੈ ਤਾਂ ਮੇਰੀ ਇਹ ਹਾਲਤ ਨਾ ਹੁੰਦੀ। ਜੇ ਮੈਨੂੰ ਵੀ ਉਸ ਸਭ ਕੁੱਝ ਤੋਂ ਵੰਚਿਤ ਕੀਤਾ ਗਿਆ ਹੁੰਦਾ ਜਿਸ ਤੋਂ ਤੁਹਾਨੂੰ ਵੰਚਿਤ ਕੀਤਾ ਗਿਆ ਹੈ, ਤਦ ਵੀ ਮੇਰੀ ਇਹ ਹਾਲਤ ਨਾ ਹੁੰਦੀ। ਜੋ ਉਹ ਕਹੇ ਸੋ ਭਲਾ। ਜੋ ਉਹ ਦੇਵੇ ਸੋ ਭਲਾ। ਆਮੀਨ!" ਇਹੋ ਜਿਹੇ ਅਕਾਲਕ ਮਨੁੱਖ ਆਪਣੀ ਹੋਣੀ ਦੇ ਸਿਰਜਣਹਾਰ ਆਪ ਹੁੰਦੇ ਹਨ। ਉਹਨਾਂ ਦੀ ਦ੍ਰਿਸ਼ਟੀ ਆਦਿ ਅਨਾਦਿ ਤੋਂ ਲੈ ਕੇ ਅੰਤ ਅਨੰਤ ਤਕ ਸਭ ਕੁੱਝ ਤੱਕਣ ਵਾਚਣ ਦੇ ਸਮਰੱਥ ਹੈ। ਸਾਧਾਰਨ ਮਨੁੱਖ ਭੂਤ ਕਾਲ ਦਾ ਗੁਲਾਮ ਤੇ ਭਵਿਖ ਲਈ ਅਜਨਬੀ ਹੁੰਦਾ ਹੈ।

ਕਾਲ ਦੇ ਮਨੁੱਖ ਦੀਆਂ ਦੋ ਸ਼੍ਰੇਣੀਆਂ ਬਣਾ ਦਿੱਤੀਆਂ ਹਨ। ਇਕ ਆਸ਼ਾਵਾਦੀ, ਦੂਜੀ ਨਿਰਾਸ਼ਾਵਾਦੀ। ਆਸ਼ਾਵਾਦੀ ਆਪਣੀਆਂ ਨਿਗਾਹਾਂ ਸੁੰਦਰ ਰਮਣੀਕ ਭਵਿਖ ਤੋਂ ਇੱਧਰ-ਉੱਧਰ ਨਹੀਂ ਕਰਦੇ ਤੇ ਨਿਰਾਸ਼ਾਵਾਦੀਆਂ ਦਾ ਕੇਂਦਰ ਬਿੰਦੂ ਸੁਨਹਿਰੀ ਭੂਤ ਹੈ ਜੋ ਫਿਰ ਕਦੀਂ ਨਹੀਂ ਪਰਤੇਗਾ। ਆਸ਼ਾਵਾਦੀ ਅਨੁਸਾਰ ਅਸੀਂ ਲਗਾਤਾਰ ਪ੍ਰਗਤੀ ਵੱਲ ਵੱਧ ਰਹੇ ਹਾਂ ਅਤੇ ਬੁੱਧੀਹੀਣਤਾ ਦੇ ਭੂਤ ਮੰਡਲ ਵਿਚੋਂ ਬੋਧਿਕਤਾ ਵੱਲ ਵਿਕਸਤ ਹੋ ਰਹੇ ਹਾਂ। ਨਿਰਾਸ਼ਾਵਾਦੀ ਅਨੁਸਾਰ ਭੂਤਕਾਲ ਮਾਸੂਮੀਅਤ ਨਾਲ ਭਰਿਆ ਹੋਇਆ।

ਕੇਵਲ ਸਾਧਾਰਨ ਵਿਅਕਤੀ ਹੀ ਭੂਤ, ਭਵਿਖ ਪ੍ਰਤੀ ਵਧੇਰੇ ਚਿੰਤਿਤ ਹੈ, ਅਜਿਹੀ ਗੱਲ ਨਹੀਂ। ਵਿਗਿਆਨੀ ਹਰ ਘਟਨਾ-ਕਾਰਜ ਵਿਚ ਕਾਰਨ ਦੀ ਹੋਂਦ ਮੰਨਦੇ ਹਨ। ਕਾਰਨ ਭੂਤ ਵਿਚ ਨਿਹਿਤ ਹਨ। ਇਥੋਂ ਹੀ ਆਗਮਨ (induction) ਪ੍ਰਣਾਲੀ ਦਾ ਜਨਮ ਹੁੰਦਾ ਹੈ। ਇੱਥੇ ਪ੍ਰਸ਼ਨ ਇਹ ਹੈ ਕਿ ਕੀ ਅਸੀਂ ਹਰ ਘਟਨਾ ਦਾ ਕਾਰਨ ਭੂਤ ਵਿਚੋਂ ਲੱਭਣ ਵਿਚ ਸਫ਼ਲ ਹੋ ਗਏ ਹਾਂ? ਤਾਂ ਕੀ ਕੁਦਰਤ ਵਿਚ ਕੁਝ ਵੀ ਨਵਾਂ, ਕੁਝ ਵੀ ਅਗਿਆਤ ਨਹੀਂ ਵਾਪਰਦਾ? ਭਾਵ, ਕੀ ਇਹ ਨਿਸ਼ਚਿਤ ਹੈ ਕਿ ਕੁਦਰਤ ਵਿਚ ਸਿਰਜਣ ਸ਼ਕਤੀ ਦੀ ਅਣਹੋਂਦ ਹੈ? ਇਹ ਜਾਣਦਿਆਂ ਹੋਇਆਂ ਵੀ ਕਿ ਜੀਵਨ ਨੂੰ ਭੂਤ ਉੱਤੇ ਆਧਾਰਿਤ ਕਰਨਾ ਜੀਵਨ ਦੀ ਮਹਾਨਤਾ ਅਤੇ ਮੌਲਿਕਤਾ ਦਾ ਵਿਨਾਸ਼ ਕਰਨਾ ਹੈ, ਅਜਿਹਾ ਕਰਨਾ ਪੈ ਰਿਹਾ ਹੈ। ਭੂਤ ਦਾ ਪਿਆਰ ਮਿੱਠਾ ਤਾਂ ਬਹੁਤ ਹੈ ਪਰ ਇਹ ਰੇਸ਼ਮੀ

ਜ਼ੰਜੀਰ ਵਿਕਾਸ ਦੇ ਪੈਰਾਂ ਦੀ ਚਾਲ ਨੂੰ ਮੱਧਮ ਕਰਦੀ ਹੈ।

ਭਵਿਖ ਦੀ ਕਲਪਨਾ ਤੇ ਕਿਆਸਕਾਰੀ ਵਿਚ ਜੇ ਮੌਲਿਕਤਾ ਹੋਵੇ ਤਦ ਇਹ ਨੁਕਸਾਨਦੇਹ ਨਹੀਂ; ਪਰੰਤੂ ਭਵਿਖ ਦੇ ਅੰਦਾਜ਼ੇ ਕਿਉਂਕਿ ਭੂਤਕਾਲੀ ਅਹਿਸਾਸਾਂ ਉੱਤੇ ਟਿਕੇ ਹਨ ਇਸ ਕਰਕੇ ਨਾ ਇਹ ਵਿਸ਼ਵਾਸ ਕਰਨ ਯੋਗ ਹਨ ਨਾ ਲਾਹੇਵੰਦ। ਪੂਰਬਲੇ ਅਹਿਸਾਸਾਂ ਉੱਤੇ ਆਧਾਰਿਤ ਕਰ ਕੇ ਅਸੀਂ ਭਵਿਖ ਨੂੰ ਵੀ ਭੂਤਕਾਲ ਵਰਗਾ ਹੀ ਬਣਾ ਸਕਦੇ ਹਾਂ ਤੇ ਆਖਦੇ ਹਾਂ ਭਵਿਖ ਜਾਣ ਲਿਆ ਹੈ, ਜਦੋਂ ਕਿ ਵਾਸਤਵਿਕਤਾ ਇਹ ਹੈ ਕਿ ਭਵਿਖ ਸਾਡੇ ਲਈ ਪੂਰਨ ਤੌਰ ਤੇ ਅਗਿਆਤ ਤੇ ਅਬੋਧ ਹੈ। ਭੂਤਕਾਲ ਦੇ ਪਰਖ ਯੰਤਰ ਵਿਅਰਥ ਹਨ, ਕਿਉਂਕਿ ਜੇ ਭੂਤ ਪੂਰੀ ਤਰ੍ਹਾਂ ਨਿਸ਼ਚਿਤ ਹੈ ਤਾਂ ਭਵਿਖ ਇਸ ਦੇ ਵਿਪਰੀਤ ਪੂਰੀ ਤਰ੍ਹਾਂ ਅਨਿਸ਼ਚਿਤ। ਜੀਵਨ ਪੂਰਬਲੀ ਘਟਨਾ ਹੈ ਤੇ ਮੌਤ ਭਵਿਖ ਦੀ। ਇਹਨਾਂ ਦੋਵਾਂ ਨੂੰ ਇਕ ਦੂਜੀ ਤੋਂ ਪੂਰੀ ਤਰ੍ਹਾਂ ਨਿਖੇੜ ਨਹੀਂ ਸਕਦੇ ਕਿਉਂਕਿ ਜੇ ਜੀਵਨ ਨਹੀਂ ਤਾਂ ਮੌਤ ਵੀ ਨਹੀਂ। ਪੁਰਾਤਨ ਨੂੰ ਢਾਹੇ ਬਗੈਰ ਨਵੀਨ ਦੀ ਉਸਾਰੀ ਨਹੀਂ ਹੋ ਸਕੇਗੀ। ਕੁੱਝ ਉਸਾਰਨ ਲਈ ਯਕੀਨਨ ਕੁੱਝ ਢਾਹੁਣਾ ਪਵੇਗਾ। ਪੁਰਾਤਨ ਦੀ ਮੌਤ ਵਿਚ ਨਵੀਨ ਦਾ ਬੀਜ ਦੱਬਿਆ ਹੋਇਆ ਹੈ। ਮੌਤ ਦਾ ਅਰਥ ਹੈ ਪੁਰਾਣੇ ਗਿਆਨ ਦਾ ਅੰਤ, ਪੁਰਾਣੇ ਅਨੁਭਵ, ਪੁਰਾਣੀਆਂ ਕੀਮਤਾਂ ਅਤੇ ਅਹੰ ਦਾ ਵਿਨਾਸ਼। ਇਸ ਸੰਪੂਰਨ ਵਿਨਾਸ਼ ਵਿਚੋਂ ਕਿਸ ਵਸਤ ਦੀ ਉਤਪਤੀ ਹੋਵੇਗੀ? ਮਨ ਪੂਰਨ ਤੌਰ ਤੇ ਕਦੀ ਇਸ ਗੁੱਥੀ ਨੂੰ ਨਹੀਂ ਸੁਲਝਾ ਸਕਦਾ। ਜਦੋਂ ਮੇਰੇ ਨਾਲ ਸੰਬੰਧਿਤ ਹਰ ਪ੍ਰਕਾਰ ਦੇ ਚੇਤੰਨ ਅੰਸ਼ਾਂ ਦੀ ਹੋਂਦ ਦਾ ਅੰਤ ਹੋ ਗਿਆ ਤਾਂ ਮੈਂ ਕਿਵੇਂ ਆਖਾਂ ਮੇਰਾ ਪੁਨਰ ਜਨਮ ਹੋਏਗਾ? ਸਰੀਰ ਮਿੱਟੀ ਵਿਚ, ਪਾਣੀ ਪਾਣੀ ਵਿਚ, ਸਾਹ ਹਵਾ ਵਿਚ, ਅੱਗ ਅੱਗ ਵਿਚ ਅਤੇ ਪ੍ਰਾਣ ਅਕਾਸ਼ ਵਿਚ ਚਲੇ ਜਾਣਗੇ। 'ਮੇਰਾ' ਕੀ ਕੁੱਝ ਬਚੇਗਾ? ਜੇ ਮੰਨੀਏ ਕਿ ਆਕਾਸ਼ ਵਿਚ ਗਈ ਮੇਰੀ ਆਤਮਾ ਹੀ ਪੁਨਰ-ਜਨਮ ਲਵੇਗੀ, ਤਾਂ ਵੀ ਮੈਂ ਕਿਵੇਂ ਆਖਾਂਗਾ ਕਿ ਉਹ 'ਮੇਰੀ' ਆਤਮਾ ਦਾ ਪੁਨਰ ਜਨਮ ਹੈ? 'ਅਹੰ' ਦਾ ਵਿਨਾਸ਼ ਸ਼ਖ਼ਸੀਅਤ ਦੇ ਹਰ ਸਬੂਤ ਦਾ, ਹਰ ਕਾਰਨ ਕਾਰਜ ਦਾ ਵਿਨਾਸ਼ ਹੋਵੇਗਾ। ਜੇ ਪੁਰਾਣੀ ਸ਼ਖ਼ਸੀਅਤ ਦਾ ਕੋਈ ਵੀ ਭਾਗ ਅਗਲੇ ਜਨਮ ਤਕ ਜੀਵੰਤ ਨਹੀਂ ਪੁੱਜਦਾ ਤਾਂ ਪੁਨਰਜਨਮ ਦੇ ਕੀ ਅਰਥ ਹੋਏ? ਮਨੁੱਖ ਸੁਸਤ ਹੈ। ਕੰਮ ਤੋਂ ਕੰਨੀਂ ਕਤਰਾਂਦਾ ਹੈ। ਵਾਸਤਵ ਵਿਚ ਬ੍ਰਹਿਮੰਡ ਦੀ ਹਰ ਵਸਤ ਸੁਸਤ ਹੈ। ਅਸਮਾਨੋਂ ਡਿੱਗੇ ਗੜ੍ਹੇ ਜਾਂ ਵਰਖਾ ਦੀਆਂ ਬੂੰਦਾਂ ਜਾਂ ਤਾਰਿਆਂ ਦੇ ਟੁੱਟੇ ਟੁੱਕੜੇ ਇਕਦਮ ਸਰਲ ਰੇਖਾ ਵਿਚ ਹੇਠਾਂ ਡਿੱਗਦੇ ਹਨ। ਵਾਧੂ ਗਤੀ ਨਹੀਂ ਕਰਦੇ। ਹਰ ਗ੍ਰਹਿ ਛੋਟੇ ਤੋਂ ਛੋਟੇ ਨਿਸ਼ਚਿਤ ਪੰਧ ਉੱਤੇ ਭ੍ਰਮਣ ਕਰ ਰਿਹਾ ਹੈ। ਇਸੇ ਨੂੰ ਆਈਨਸਟਾਈਨ ਨੇ ਬ੍ਰਹਿਮੰਡੀ ਸੁਸਤੀ (law of cosmic laziness) ਦਾ ਨਾਂ ਦਿੱਤਾ ਹੈ। ਅੱਜ ਦਾ ਕੰਮ ਅਸੀਂ ਕਲ੍ਹ ਤੇ ਛੱਡ ਦਿੰਦੇ ਹਾਂ। ਅਗਲੇ ਨਹੀਂ ਤਾਂ ਅਗਲੇ ਸਾਲ ਤੇ ਇਥੋਂ ਤਕ ਕਿ ਅਗਲੇ ਜਨਮ ਉੱਤੇ ਬਾਕੀ ਰਹਿੰਦੇ ਫ਼ਰਜ਼ ਨਿਬੇੜਨ ਦੀਆਂ ਯੋਜਨਾਵਾਂ ਬਣਾਉਂਦੇ ਹਾਂ। ਜੋ ਮੈਂ ਨਹੀਂ ਕਰ ਸਕਿਆ, ਮੇਰੀ ਔਲਾਦ ਕਰੇਗੀ, ਇਹ ਆਸ ਕਿਸ ਮਨੁੱਖ ਨੂੰ ਨਹੀਂ? ਅਗਲੇ ਜਨਮ ਦੀ ਲੋਚਾ ਕਿਤੇ ਇਹਨਾਂ ਸ਼ੁੱਭ ਇੱਛਾਵਾਂ ਦੀ ਪੂਰਤੀ ਤਾਂ ਨਹੀਂ?

ਨਿਰੰਤਰਤਾ ਸਾਨੂੰ ਚੰਗੀ ਲੱਗਦੀ ਹੈ। ਟੁੱਟ-ਭੱਜ ਸਾਡੀ ਚੇਤਨਾ ਨੂੰ ਸਵੀਕਾਰ ਨਹੀਂ। ਇਸੇ ਕਰਕੇ ਅਸੀਂ ਵਸਤਾਂ ਤੇ ਵਿਚਾਰਾਂ ਨੂੰ ਆਪਸ ਵਿਚ ਜੋੜ ਕੇ ਦੇਖਣ ਦੇ ਆਦੀ ਹਾਂ। ਭਾਰਤੀ ਚਿੰਤਨ ਸੰਸ਼ਲੇਸ਼ਣ ਦੀ ਰੁਚੀ ਵਾਲਾ ਹੈ। ਮਨ ਵਿਚ ਵਿਚਾਰ ਹਨ, ਭਾਵਨਾਵਾਂ ਹਨ, ਇੱਛਾਵਾਂ ਹਨ ਤੇ ਇਹ ਸਭ ਕੁੱਝ ਇਕ ਨਦੀ ਵਾਂਗ ਵਹਿ ਰਿਹਾ ਹੈ। ਕਲਪਨਾ ਸੁਫ਼ਨੇ, ਰੇਸ਼ਮ ਦੇ ਗੁੱਛਿਆਂ ਵਰਗੇ ਸੂਖਮ ਅਹਿਸਾਸਾਂ ਦੇ ਕੋਮਲ ਗੁੱਛੇ ਕਾਲਗਤੀ ਦੀ ਨਦੀ ਵਿਚ ਤਰਦੇ ਤਰਦੇ ਸਖ਼ਤ ਹੋਈ ਜਾਂਦੇ ਹਨ। ਅਹਿਸਾਸ ਵਿਚਾਰ ਬਣਦੇ ਹਨ, ਵਿਚਾਰ ਆਦਤਾਂ ਨੂੰ ਜਨਮ ਦਿੰਦੇ ਹਨ ਤੇ ਇਸੇ ਪ੍ਰਕਾਰ ਪ੍ਰਤੀਬੱਧਤਾ ਦੀ ਨੀਂਹ ਟਿਕ ਜਾਂਦੀ ਹੈ। ਇਹੀ ਸਿਧਾਂਤਕ ਕੱਟੜਤਾ ਧਾਰਮਿਕ ਮੂਲਵਾਦ ਦੀ ਉਥਾਨਕਾ ਹੈ। ਕਿਉਂਕਿ ਅਸੀਂ ਭੂਤ ਨਾਲੋਂ ਵਰਤਮਾਨ, ਵਰਤਮਾਨ ਨਾਲੋਂ ਭਵਿਖ ਨੂੰ ਤੋੜ ਨਹੀਂ ਸਕਦੇ। ਇਸ ਕਰਕੇ ਸਾਡੇ ਹਰ ਕਥਨ, ਹਰ ਕਾਰਜ ਦੇ ਵਰਤਮਾਨ ਵਿਚ ਭੂਤ ਤੇ ਭਵਿਖ ਰਲਗਡ ਹੋ ਚੁੱਕੇ ਹੋਏ ਹਨ। ਕਿਉਂਕਿ ਹਰੇਕ ਵਿਅਕਤੀ ਦੇ ਚਿੰਤਨ ਦਾ ਇਹ ਮਿਸ਼ਰਣ ਦੂਜੇ ਵਿਅਕਤੀ ਤੋਂ ਭਿੰਨ ਹੈ। ਇਸ ਕਰਕੇ ਹਰ ਬੰਦੇ ਦੀਆਂ ਆਦਤਾਂ, ਦ੍ਰਿਸ਼ਟੀਕੋਣ, ਕੀਮਤ ਸਿਧਾਂਤ ਭਿੰਨ ਭਿੰਨ ਹਨ। ਹਰ ਆਦਮੀ ਦਾ ਗੁੱਸਾ, ਈਰਖਾ, ਹੰਕਾਰ, ਚਿੰਤਾਵਾਂ, ਮੁਹੱਬਤ ਬਿਲਕੁੱਲ ਨਿਜੀ ਅਨੁਭਵਾਂ ਤੇ ਆਧਾਰਿਤ ਹੋਣ ਕਰਕੇ, ਕਜ਼ਾਇਰਰ ਨੇ ਆਖਿਆ ਸੀ, "ਵਾਸਤਵ ਵਿਚ ਮਨੁੱਖ ਦੀ ਕੋਈ ਨਿਸ਼ਚਿਤ ਪ੍ਰਕਿਰਤੀ ਨਹੀਂ ਹੈ। ਉਸ ਦਾ ਤਾਂ ਕੇਵਲ ਇਤਿਹਾਸ ਹੈ।"[14] ਕੇਵਲ ਮਨੁੱਖੀ ਸੁਭਾਅ ਨਹੀਂ, ਕੁਦਰਤ ਦੀ ਹਰ ਵਸਤ ਇਕ ਦੂਜੀ ਤੋਂ ਭਿੰਨ ਹੈ। ਅਨੰਤ ਵੰਨ-ਸੁਵੰਨਤਾ ਹੀ ਕਾਲ

ਦਾ ਸੁਭਾ ਹੈ।

ਅਕਾਲਕ ਅਨੁਭਵ ਸਦੀਵੀ ਵਰਤਮਾਨ ਵਿਚ ਵਿਚਰਦਾ ਹੈ। ਭੂਤ ਭਵਿਖ ਦਾ ਉਸ ਨੂੰ ਅਹਿਸਾਸ ਹੈ। ਪਰ ਉਹ ਇਹਨਾਂ ਤੋਂ ਪ੍ਰਭਾਵਿਤ ਜਾਂ ਪ੍ਰੇਰਿਤ ਨਹੀਂ ਹੁੰਦਾ। ਲੌਕਿਕ ਗਿਆਨ, ਵਿਗਿਆਨ, ਇਤਿਹਾਸ ਉਸ ਦੇ ਮਨ ਨੂੰ ਦੂਸ਼ਿਤ ਨਹੀਂ ਕਰ ਸਕਦੇ। ਹਰ ਪਲ ਉਸ ਲਈ ਸਿਰਜਣਾ ਦੀ ਅਖੰਡ ਪ੍ਰਕਿਰਿਆ ਹੈ। ਕਾਰਨ ਅਤੇ ਸੰਭਾਵਨਾਵਾਂ, ਵਰਤਮਾਨ ਕਾਰਜ ਵਿਚ ਵੀ ਨਿਹਿਤ ਹਨ। ਵਰਤਮਾਨ ਦੀ ਤਸਵੀਰ ਨਹੀਂ ਖਿੱਚੀ ਜਾ ਸਕਦੀ, ਕਿਉਂਕਿ ਇਹ ਇਕ ਪ੍ਰਕਿਰਿਆ ਹੈ, ਦ੍ਰਿਸ਼ ਨਹੀਂ।

ਸਥਿਤ (conditioned) ਮਨ ਨੂੰ ਸੁਤੰਤਰਤਾ ਦਾ ਬੋਧ ਨਹੀਂ, ਕਿਉਂਕਿ ਸੁਚੇਤ ਜਾਂ ਅਚੇਤ ਯਾਦਾਂ ਉਸ ਦਾ ਪਿੱਛਾ ਕਰਦੀਆਂ ਰਹਿੰਦੀਆਂ ਹਨ। ਸਾਧਾਰਨ ਮਨੁੱਖ ਦਾ ਮਨ ਮਹਾਨ ਸੰਤਾਂ ਦੇ ਕਥਨਾਂ, ਪੂਰਵਜਾਂ ਦੀਆਂ ਪਰੰਪਰਾਵਾਂ ਅਤੇ ਸਮਾਜਿਕ ਬੰਧਨਾਂ ਤੋਂ ਮੁਕਤ ਨਹੀਂ ਹੁੰਦਾ। ਇਹ ਤਾਂ ਹੋ ਸਕਦਾ ਹੈ ਕਿ ਉਹ ਇਕ ਬੰਧਨ ਛੱਡ ਕੇ ਦੂਜਾ ਅਪਣਾ ਲਵੇ, ਇਕ ਮੁਰਸ਼ਦ ਦੀ ਸਿੱਖਿਆ ਤਿਆਗ ਕੇ ਦੂਜੇ ਦੀ ਸ਼ਰਣ ਜਾ ਪਵੇ, ਪਰੰਤੂ ਰਹਿੰਦਾ ਉਹ ਮੁਰੀਦ ਹੀ ਹੈ। ਕਰਮ ਕਾਂਡਾਂ ਦਾ ਵੀ ਤਿਆਗ ਹੈ, ਰਸਮਾਂ ਰੀਤਾਂ ਦਾ ਵੀ। ਜਾਗ੍ਰਿਤ ਮਨ ਹਰ ਕਿਸਮ ਦੇ ਬੰਧਨ ਦਾ ਤਿਆਗ ਕਰਾਉਂਦਾ ਹੈ।[15] ਬੁੱਧ ਨੇ ਆਪਣੇ ਚੇਲਿਆਂ ਨੂੰ ਲਕੀਰ ਦੇ ਫ਼ਕੀਰ ਬਣਨ ਤੋਂ ਰੋਕਦਿਆਂ ਕਿਹਾ ਸੀ, "ਆਪਣੇ ਲਈ ਆਪ ਦੀਪ ਬਣੋ। ਆਪਣੀ ਸ਼ਰਣ ਵਿਚ ਜਾਉ। ਦੂਜੀ, ਬੇਗਾਨੀ ਸ਼ਰਣ ਦਾ ਆਸਰਾ ਨਾ ਤੱਕੋ।"[16]

ਡਾ. ਨੇਕੀ ਨੇ ਅਕਾਲੀ ਮਨੁੱਖ ਬਾਰੇ ਲਿਖਿਆ ਹੈ, "ਐਪਰ ਮਨੁੱਖ ਕਦੇ ਕਦੇ ਆਪਣਾ ਵਿਧਾਤਾ ਆਪ ਵੀ ਬਣ ਜਾਂਦਾ ਹੈ ਤੇ ਹਰ ਅਰੰਭ ਨਾਲ ਸਮੇਂ ਦੀ ਪੁਨਰ ਸਥਾਪਨਾ ਕਰਦਾ ਹੈ। ਉਹ ਜ਼ਿੰਦਗੀ ਨੂੰ ਸਮੇਂ ਨਾਲ ਤੇ ਸਮੇਂ ਨੂੰ ਜ਼ਿੰਦਗੀ ਨਾਲ ਭਰਦਾ ਹੈ। ਉਹ ਸਮੇਂ ਨੂੰ ਸਥਾਨ ਵਿਚ ਬਦਲ ਕੇ ਉਸ ਨੂੰ ਪੱਧਰਿਆਂ ਕਰ ਸਕਣ ਦੇ ਸਮਰੱਥ ਹੈ। ਉਹ ਘੜੀਆਂ ਘੜਿਆਲਾਂ ਨੂੰ ਵਰਤਦਾ ਤੇ ਪੈਮਾਇਸ਼ਾਂ ਦਾ ਪ੍ਰਯੋਗ ਕਰਦਾ ਹੈ ਐਪਰ ਇਹਨਾਂ ਆਸਰੇ ਜੀ ਨਹੀਂ ਸਕਦਾ।"[17] ਮਹਾਤਮਾ ਬੁੱਧ ਨੇ ਅਜਿਹੇ ਅਕਾਲੀ ਮਨੁੱਖ ਸੰਬੰਧੀ ਕਿਹਾ ਸੀ, "ਮਨੁੱਖ ਆਪਣਾ ਸਵਾਮੀ ਆਪ ਹੈ ਤੇ ਆਪਣੀ ਗਤੀ ਉਸ ਦੇ ਆਪਣੇ ਹੱਥ ਵਿਚ ਹੈ।"[18] ਗੁਰਬਾਣੀ ਵਿਚ ਕਾਲਮੁਕਤ ਹੋਣ ਦਾ ਸਾਧਨ ਹਰੀ ਦਾ ਨਾਮ ਜਪਣਾ ਦੱਸਿਆ ਹੈ:

*ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥*[19]

ਮਨੁੱਖੀ ਜਨਮ ਉਹ ਭਾਗਾਂ ਵਾਲਾ ਅਵਸਰ ਹੈ ਜਿਸ ਨੂੰ ਅਕਾਲੀ ਹੋਣ ਲਈ ਪ੍ਰਭੂ ਮਿਲਣ ਲਈ ਵਰਤਿਆ ਜਾਣਾ ਯੋਗ ਹੈ।[20] ਉਸ ਪ੍ਰਭੂ ਨਾਲ ਮੇਲ ਮਨੁੱਖ ਨੂੰ ਅਕਾਲੀ ਬਣਾਉਂਦਾ ਹੈ ਜੋ ਆਪ ਅਬਿਨਾਸੀ, ਅਵਿਗਤੁ, ਅਗੋਚਰ ਅਤੇ ਅਮਰ ਹੈ।[21]

**ਕਾਲ ਅਨੁਭਵ ਅਤੇ ਕਰਤਾਰੀ ਸ਼ਕਤੀ**

ਰਿਗਵੇਦ ਦੇ ਨਾਸਦੀਯ ਸੂਕਤ ਦੀਆਂ ਅਰੰਭਿਕ ਤਿੰਨ ਰਿਚਾਵਾਂ ਵਿਚ ਸ੍ਰਿਸ਼ਟੀ ਦੀ ਉਤਪਤੀ ਤੋਂ ਪਹਿਲੋਂ ਦੀ ਅਵਸਥਾ ਦਾ ਚਿਤਰਨ ਇਸ ਪ੍ਰਕਾਰ ਕੀਤਾ ਗਿਆ ਹੈ ਕਿ ਉਸ ਅਵਸਥਾ ਨਾਲ ਅਸੀਂ ਕੋਈ ਬੋਧਿਕ ਨਾਤਾ ਨਹੀਂ ਜੋੜ ਸਕਦੇ : ਜਿਵੇਂ, ਉਸ ਸਮੇਂ ਨਾ ਸਤ ਸੀ ਨਾ ਅਸਤ,...............ਦਿਨ ਰਾਤ ਦਾ ਕੋਈ ਚਿੰਨ੍ਹ ਵੀ ਨਹੀਂ ਸੀ,.........ਅੰਧਕਾਰ ਨਾਲ ਢਕਿਆ ਹੋਇਆ ਅੰਧਕਾਰ ਹੀ ਸੀ।[22] ਗੁਰੂ ਨਾਨਕ ਬਾਣੀ ਵਿਚ ਵੀ ਸਾਨੂੰ ਉਤਪਤੀ ਤੋਂ ਪੂਰਬਲੀ ਅਵਸਥਾ ਦਾ ਕਾਵਿਕ ਵਿਸਥਾਰ ਮਿਲਦਾ ਹੈ। ਇਸ ਬਾਣੀ ਵਿਚ ਰਿਗਵੇਦ ਵਾਂਗ ਅੰਧਕਾਰ ਦਾ ਵਰਨਨ ਤਾਂ ਹੈ,[23] ਪਰ ਅਜਿਹਾ ਕੋਈ ਹਵਾਲਾ ਗੁਰਬਾਣੀ ਵਿਚੋਂ ਨਹੀਂ ਮਿਲਦਾ ਜਿਥੇ ਇਸ ਅੰਧਕਾਰਮਈ ਅਵਸਥਾ ਨੂੰ 'ਅਸਤ' ਕਿਹਾ ਗਿਆ ਹੋਵੇ। ਰਿਗਵੇਦ ਵਿਚ ਸਤ ਦੇ ਨਾਲ ਅਸਤ ਦੀ ਸਿਰਜਣਾ ਦਾ ਜ਼ਿਕਰ ਕਈ ਵਾਰ ਹੋਇਆ ਹੈ, "ਇੰਦਰ ਨੇ ਇਕ ਨੂੰ ਅੱਜ ਬਣਾਇਆ ਅਤੇ ਦੂਸਰੇ ਨੂੰ ਕਲ੍ਹ ਅਤੇ ਉਹ ਵਾਰ ਵਾਰ ਸਤ ਅਤੇ ਅਸਤ ਦਾ ਨਿਰਮਾਣ ਕਰਦਾ ਹੈ।"[24]

ਰਿਗਵੇਦ ਵਿਚ ਸ੍ਰਿਸ਼ਟੀ ਰਚਨਾ ਤੋਂ ਪੂਰਬਲੀ ਅਵਸਥਾ ਵਿਚ ਸਤ ਅਤੇ ਅਸਤ ਦੇ ਨਿਸ਼ੇਧ ਤੋਂ ਬਿਨਾਂ ਮ੍ਰਿਤੂ ਅਤੇ ਅੰਮ੍ਰਿਤ ਦਾ ਵੀ ਜ਼ਿਕਰ ਕੀਤਾ ਹੈ ਅਤੇ ਲਿਖਿਆ ਹੈ ਕਿ ਜੀਵਨ ਦੀ ਸੱਤਾ ਅਤੇ ਉਸ ਦਾ ਅਭਾਵ ਦੋਵੇਂ ਉਸ ਸਮੇਂ ਨਹੀਂ ਸਨ। ਕਾਲ ਦੇ ਸੰਦਰਭ ਵਿਚ ਅੰਮ੍ਰਿਤ ਅਤੇ ਮੌਤ ਦੋਵਾਂ ਨੂੰ ਪਰਸਪਰ ਸੰਬੰਧਿਤ ਮੰਨਿਆ ਗਿਆ।

ਇਸੇ ਲਈ 'ਸ਼ਤਪਥ ਬ੍ਰਾਹਮਣ' ਵਿਚ ਕਿਹਾ ਗਿਆ ਹੈ, "ਮ੍ਰਿਤੂ ਵਿਚ ਅੰਮ੍ਰਿਤ ਅਤੇ ਅੰਮ੍ਰਿਤ ਵਿਚ ਮ੍ਰਿਤੂ ਵਿਦਮਾਨ ਹੈ।"[25] ਕਾਲ ਦੀ ਪ੍ਰਕਿਰਿਆ ਵਿਚ ਅੰਮ੍ਰਿਤ (ਭਾਵ ਅਕਾਲ) ਅਤੇ ਮ੍ਰਿਤੂ ਦੋਵਾਂ ਦਾ ਹੀ ਜ਼ਿਕਰ ਪ੍ਰਸੰਗ ਅਨੁਕੂਲ ਹੈ। ਅੰਮ੍ਰਿਤ ਅਤੇ ਮ੍ਰਿਤੂ ਕਾਲ ਦਾ ਮੂਲ ਹੈ। ਸਥਿਤ ਤੱਤ (ਅਪਰਿਵਰਤਤਾ) ਅੰਮ੍ਰਿਤ ਅਤੇ ਗਤੀ ਤੱਤ (ਪਰਿਵਰਤਨ) ਮ੍ਰਿਤੂ ਹੈ। ਸਥਿਤ ਤੱਤ ਅਤੇ ਗਤੀ ਤੱਤ ਦੇ ਆਧਾਰ ਉੱਤੇ ਸ੍ਰਿਸ਼ਟੀ ਚੱਕਰ ਦਾ ਪਰਿਵਰਤਨ ਹੋ ਰਿਹਾ ਹੈ। ਪ੍ਰਲਯਕਾਲ (ਪਰਾਪੂਰਬਲੀ ਅਵਸਥਾ) ਵਿਚ ਇਹ ਦੋਵੇਂ ਆਪਣੀ ਅਸਪਸ਼ਟ ਅਵਸਥਾ ਵਿਚ ਸਨ। ਇਹ ਵੀ ਕਿਹਾ ਗਿਆ ਹੈ ਕਿ ਪ੍ਰਲਯਕਾਲ ਵਿਚ ਰਾਤ ਅਤੇ ਦਿਨ ਦਾ ਕੋਈ ਚਿੰਨ੍ਹ ਨਹੀਂ ਸੀ। ਨਛੱਤਰ ਦਿਨ ਰਾਤ ਦੇ ਚਿੰਨ੍ਹ ਹਨ। ਜਦੋਂ ਨਛੱਤਰ ਨਹੀਂ ਸਨ ਤਾਂ ਰਾਤ ਦਿਨ ਦਾ ਪ੍ਰਸ਼ਨ ਹੀ ਨਹੀਂ ਉੱਠਦਾ। ਪ੍ਰਲਯਕਾਲ ਵਿਚ ਸ੍ਰਿਸ਼ਟੀ ਦਾ ਮੂਲ ਅੰਧਕਾਰਮਈ ਸੀ। ਉਹ ਕਿਹੋ ਜਿਹਾ ਸੀ, ਕਿੱਥੇ ਸੀ? ਦੱਸਿਆ ਨਹੀਂ ਜਾ ਸਕਦਾ। ਇਸ ਪੂਰਬਕਾਲੀ ਅਵਸਥਾ ਨੂੰ ਤਮੋਭੂਤ, ਅਪ੍ਰਗਯਾਤ, ਅਲਕਸ਼ਣ, ਅਪ੍ਰਤਕਰਯ, ਅਵਿਗੇਯ ਅਤੇ ਅਵਿਅਕਤ ਜਿਹੇ ਵਿਸ਼ੇਸ਼ਣਾਂ ਨਾਲ ਸੰਬੋਧਨ ਕੀਤਾ ਮਿਲਦਾ ਹੈ। ਮੈਕਡਾਨਲ ਨੇ ਇਸ ਅਵਸਥਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ, "ਰਿਸ਼ੀਆਂ ਨੇ ਵਿਕਸਿਤ ਜਗਤ ਦਾ ਉਦਗਮ ਅਵਿਕਸਿਤ ਵਿਚ ਪਾ ਲਿਆ।"[26] ਮਰ ਨੇ ਵੀ ਸਤ ਨੂੰ ਵਿਕਸਿਤ ਅਤੇ ਅਸਤ ਨੂੰ ਅਵਿਕਸਿਤ ਅਵਸਥਾ ਦਾ ਦਯੋਤਕ ਕਿਹਾ ਹੈ।[27]

ਮਨੁੱਖ ਆਪਣੇ ਕਰਮਾਂ ਦਾ ਫਲ ਇਸੇ ਜਨਮ-ਕਾਲ ਵਿਚ ਭੋਗ ਜਾਂਦਾ ਹੈ ਜਾਂ ਫਿਰ ਧਰਤੀ ਉੱਤੇ ਮੁੜ ਜਨਮ ਲੈ ਕੇ ਭੋਗਦਾ ਹੈ? ਇਹ ਜਿਗਿਆਸਾ ਭਾਰਤੀ ਚਿੰਤਨ ਵਿਚ ਬੜਾ ਵੱਡਾ ਸਥਾਨ ਰਖਦੀ ਹੈ, ਜਿਸ ਨੂੰ ਗੁਰਬਾਣੀ ਵਿਚ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਗਿਆ। ਰਿਗਵੇਦਕ ਸੂਕਤਾਂ ਦਾ ਅਧਿਐਨ ਕਰਦਿਆਂ ਸਪਸ਼ਟ ਰੂਪ ਵਿਚ ਪੁਨਰਜਨਮ ਦੇ ਸੰਕੇਤ ਨਹੀਂ ਮਿਲਦੇ, ਪਰੰਤੂ ਕੁਝ ਅਜਿਹੇ ਵਰਨਨ ਜ਼ਰੂਰ ਪ੍ਰਾਪਤ ਹਨ, ਜਿਨ੍ਹਾਂ ਤੋਂ ਪੁਨਰ ਜਨਮ ਦਾ ਵਿਕਾਸ ਹੋਇਆ ਮੰਨਿਆ ਜਾ ਸਕਦਾ ਹੈ। ਇਕ ਮੰਤਰ ਵਿਚ ਰਿਸ਼ੀ ਵਾਸਦੇਵ ਆਖਦਾ ਹੈ, "ਮੈਂ ਮਨੂੰ ਹੋਇਆ। ਮੈਂ ਸੂਰਜ ਹੋਇਆ"[28] ਰਿਸ਼ੀ ਵਸ਼ਿਸ਼ਟ ਨੇ ਵੀ ਆਪਣੇ ਪੁਨਰ ਜਨਮ ਦਾ ਜ਼ਿਕਰ ਕੀਤਾ ਹੈ।[29] ਰਿਗਵੇਦਕ ਕਾਲ ਵਿਚ ਪੁਨਰ ਜਨਮ ਦਾ ਸਿਧਾਂਤ ਇਸ ਕਰਕੇ ਵਿਕਸਿਤ ਨਹੀਂ ਹੋਇਆ ਕਿਉਂਕਿ ਵੈਦਿਕ ਰਿਸ਼ੀ ਆਪਣੇ ਵਰਤਮਾਨ ਜੀਵਨ ਪ੍ਰਤੀ ਪੂਰਨ ਸੰਤੁਸ਼ਟ ਅਤੇ ਅਸਾਧਾਰਨ ਰੂਪ ਵਿਚ ਆਸ਼ਾਵਾਦੀ ਸਨ। ਉਨ੍ਹਾਂ ਦੀਆਂ ਸਤੁਤੀਆਂ ਦਾ ਉਦੇਸ਼ ਕੇਵਲ ਅਮਰਤਵ (ਜਿਸ ਨੂੰ ਸਵਰਗ ਪ੍ਰਾਪਤੀ ਕਿਹਾ ਜਾਂਦਾ ਸੀ) ਹਾਸਲ ਕਰਨਾ ਨਹੀਂ ਸੀ। ਸਗੋਂ ਉਹਨਾਂ ਨੇ ਦੇਵਤਿਆਂ ਤੋਂ ਅੱਛੀਆਂ ਪਰਜਾਵਾਂ, ਪੁੱਤਰ, ਧਨ ਅਤੇ ਸੈਂਕੜੇ ਵਰ੍ਹਿਆਂ ਤਕ ਦੇ ਸ਼ਾਨਦਾਰ ਜੀਵਨ ਦੀਆਂ ਕਾਮਨਾਵਾਂ ਕੀਤੀਆਂ।[30] ਵੈਦਿਕ ਕਵੀ ਮੌਤ ਤੋਂ ਨਹੀਂ ਸਨ ਡਰਦੇ ਕਿਉਂਕਿ ਉਹ ਇਕ ਐਸੇ ਲੋਕ ਵਿਚ ਵਿਸ਼ਵਾਸ ਰਖਦੇ ਸਨ ਜਿੱਥੇ ਮਰਨ ਉਪਰੰਤ ਕੁਝ ਵੀ ਓਪਰਾ ਜਾਂ ਡਰਾਉਣਾ ਨਹੀਂ ਤੇ ਜਿੱਥੇ ਉਹਨਾਂ ਦੇ ਪੂਰਵਜ ਪਹਿਲੋਂ ਹੀ ਗਏ ਹੋਏ ਯਮ ਨਾਲ ਆਨੰਦ ਮਾਣ ਰਹੇ ਹਨ।[31]

ਗੁਰਬਾਣੀ ਵਿਚ ਕਰਮਾਂ ਦੇ ਆਧਾਰ ਉੱਤੇ ਆਵਾਗੌਣ ਦਾ ਸਿਧਾਂਤ ਸਵੀਕਾਰ ਕੀਤਾ ਗਿਆ ਹੈ। ਥਾਂ ਪਰ ਥਾਂ ਚੌਰਾਸੀ ਲੱਖ ਜੂਨਾਂ ਦਾ ਜ਼ਿਕਰ ਹੈ ਅਤੇ ਇਹ ਜੂਨਾਂ ਕੇਵਲ ਜੀਵਾਂ ਦੀਆਂ ਨਹੀਂ, ਅਜੀਵਾਂ ਦੀਆਂ ਸਵੀਕਾਰ ਕੀਤੀਆਂ ਗਈਆਂ ਮਿਲਦੀਆਂ ਹਨ। ਜਿਵੇਂ :

*ਕਈ ਜਨਮ ਭਏ ਕੀਟ ਪਤੰਗਾ।*
*ਕਈ ਜਨਮ ਗਜ ਮੀਨ ਕੁਰੰਗਾ।*
*ਕਈ ਜਨਮ ਪੰਖੀ ਸਰਪ ਹੋਇਓ।*
*ਕਈ ਜਨਮ ਹੈਵਰ ਬ੍ਰਿਖ ਜੋਇਓ।*
× × ×
*ਕਈ ਜਨਮ ਸੈਲ ਗਿਰਿ ਕਰਿਆ।*
*ਕਈ ਜਨਮ ਗਰਭ ਹਿਰਿ ਖਰਿਆ।*
*ਕਈ ਜਨਮ ਸਾਖ ਕਰਿ ਉਪਾਇਆ।*
*ਲਖ ਚਉਰਾਸੀਹ ਜੋਨਿ ਭ੍ਰਮਾਇਆ।*[32]

ਇੱਥੇ ਇਹ ਕਹਿਣਾ ਅਸੰਗਤ ਨਹੀਂ ਹੋਵੇਗਾ ਕਿ 'ਚੌਰਾਸੀ ਲੱਖ' ਜੂਨਾਂ ਦਾ ਅਰਥ ਗਣਿਤਕ ਅੰਕੜੇ ਨਹੀਂ

ਲਿਆ ਗਿਆ, ਸਗੋਂ ਇਸ ਦਾ ਭਾਵ 'ਅਨਗਿਣਤ' ਤੋਂ ਹੈ ਕਿਉਂਕਿ ਸੁਖਮਨੀ ਵਿਚ ਗੁਰੂ ਅਰਜਨ ਦੇਵ ਦੀਆਂ ਇਹ ਪੰਕਤੀਆਂ ਉਕਤ ਗਿਣਤੀ ਨੂੰ ਰੱਦ ਕਰਦੀਆਂ ਹਨ :

*ਕਈ ਕੋਟਿ ਨਾਨਾ ਪ੍ਰਕਾਰ ਜੰਤ ।*

× × ×

*ਕਈ ਕੋਟਿ ਪਾਤਾਲ ਕੇ ਵਾਸੀ ।*

× × ×

*ਕਈ ਕੋਟਿ ਜਨਮਹਿ ਜੀਵਹਿ ਮਰਹਿ ।*
*ਕਈ ਕੋਟਿ ਬਹੁ ਜੋਨੀ ਫਿਰਹਿ ।*
*ਕਈ ਕੋਟਿ ਬੈਠਤ ਹੀ ਖਾਹਿ ।*
*ਕਈ ਕੋਟਿ ਘਾਲਹਿ ਥਕਿ ਪਾਹਿ ।*[33]

ਜਿਵੇਂ ਦੇਵ ਦਾਨਵਾਂ ਦਾ ਹਵਾਲਾ ਇਹ ਸਿੱਧ ਨਹੀਂ ਕਰਦਾ ਕਿ ਵਾਸਤਵ ਵਿਚ ਗੁਰੂ ਸਾਹਿਬਾਨ ਨੇ ਇਹਨਾਂ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ। ਉਸੇ ਪ੍ਰਕਾਰ 'ਚੌਰਾਸੀ ਲੱਖ' ਜੂਨ ਦੀ ਗਿਣਤੀ ਦਾ ਅਰਥ ਉਸ ਕਰੜਾਈ ਨਾਲ ਸਵੀਕਾਰ ਨਹੀਂ ਕੀਤਾ ਗਿਆ ਜਿਵੇਂ ਬ੍ਰਾਹਮਣੀ ਮਤ ਵਿਚ ਕੀਤਾ ਗਿਆ ਹੈ। ਦੇਵ ਦਾਨਵਾਂ ਦਾ ਜ਼ਿਕਰ ਪ੍ਰਤੀਕਾਂ, ਸੰਕੇਤਾਂ ਦੇ ਪੱਖੋਂ ਮਹੱਤਵ ਰਖਦਾ ਹੈ। ਇਵੇਂ ਹੀ ਚੌਰਾਸੀ ਲੱਖ ਜੂਨਾਂ ਦਾ ਜ਼ਿਕਰ ਹੈ, ਜੇਕਰ ਚੌਰਾਸੀ ਲੱਖ ਦੀ 'ਗਿਣਤੀ' ਸਵੀਕਾਰ ਕੀਤੀ ਗਈ ਹੁੰਦੀ ਤਾਂ ਫਿਰ ਕਈ ਕਰੋੜ ਜੀਵਾਂ ਦੀਆਂ ਜੂਨਾਂ ਦਾ ਜ਼ਿਕਰ ਕਿਉਂ ਹੁੰਦਾ? ਗਣਿਤ ਦੇ ਅੰਕ ਕਾਲ ਦੀਆਂ ਕੇਵਲ ਸੰਭਾਵਨਾਵਾਂ ਬਾਰੇ ਸੂਚਿਤ ਕਰਦੇ ਹਨ।

ਸਮੇਂ ਦੀ ਹੋਂਦ ਵਸਤਾਂ ਦੀ ਹੋਂਦ ਤੋਂ ਸਤੁੰਤਰ ਨਹੀਂ ਕਿਉਂਕਿ ਪਰਮ ਸਤਿ ਅਕਾਲ ਦਾ ਤਾਤਵਿਕ ਆਧਾਰ ਮਾਦਾ ਨਹੀਂ। ਇਸ ਕਰਕੇ ਪੁਲਾੜ ਕਾਲ ਪਰਮਹਸਤੀ ਦੀ ਸਮੁੱਚਤਾ ਦਾ ਪ੍ਰਗਟਾਵਾ ਕਰਨ ਦੇ ਸਮਰੱਥ ਨਹੀਂ। ਅਕਾਲ ਤੋਂ ਸਤੁੰਤਰ 'ਗੋਚਰ ਜਗਤ' ਅਤੇ 'ਕਾਲ' ਦੁਰਬੋਧਤਾ (abstractions) ਹਨ। ਦੁਰਬੋਧਤਾ ਸਤਿ ਨਹੀਂ ਹੁੰਦੀ। ਇਸੇ ਤਰ੍ਹਾਂ, ਬੇਸ਼ੱਕ ਕਰਮ ਸਿਧਾਂਤ ਗੁਰਬਾਣੀ ਵਿਚ ਸਵੀਕਾਰ ਕੀਤਾ ਮਿਲਦਾ ਹੈ, ਤਦ ਵੀ ਇਹ ਸਿਧਾਂਤ ਪੁਰਾਤਨ ਬ੍ਰਾਹਮਣੀ ਮਤ ਤੋਂ ਭਿੰਨਤਾ ਰਖਦਾ ਹੈ। ਬ੍ਰਾਹਮਣੀ ਮਤ ਅਨੁਸਾਰ ਚੰਗੇ ਅਤੇ ਮਾੜੇ ਕਰਮਾਂ ਦਾ ਸਖ਼ਤੀ ਨਾਲ ਲੇਖਾ ਜੋਖਾ ਹਰ ਪਲ ਛਿਣ ਇਕੱਤਰ ਹੋ ਰਿਹਾ ਹੈ। ਜਿਸ ਮਨੁੱਖ ਦੇ ਨੇਕ ਕਰਮ ਵਧੀਕ ਕੀਤੇ ਹੋਏ ਹੋਣਗੇ ਉਹ ਸੁਰਗ ਵਿਚ ਜਾਵੇਗਾ ਅਤੇ ਪਾਪ ਕਰਮ ਵਧੀਕ ਹੋਣ ਦੀ ਸੂਰਤ ਵਿਚ ਨਰਕਾਂ ਦਾ ਅਧਿਕਾਰੀ ਹੋਵੇਗਾ ਪਰ ਗੁਰਬਾਣੀ ਵਿਚ ਇੱਥੇ ਰੱਬੀ ਬਖ਼ਸ਼ਿਸ਼ ਉੱਤੇ ਵਧੇਰੇ ਵਿਸ਼ਵਾਸ ਹੈ। ਰੱਬ ਦੀ ਮਿਹਰ ਹੋਵੇ ਤਾਂ ਜਨਮ ਜਨਮਾਂਤਰਾਂ ਦੇ ਪਾਪਾਂ ਦੀ ਮੈਲ ਇਕ ਛਿਨ ਵਿਚ ਉਤਰ ਜਾਂਦੀ ਹੈ। ਕਾਲ ਅਧੀਨ ਵਿਚਰਦਾ ਮਨੁੱਖ ਵੀ ਚੌਰਾਸੀ ਲੱਖ ਜੂਨਾਂ ਅਤੇ ਨਰਕਾਂ ਸੁਰਗਾਂ ਦੇ ਬਖੇੜੇ ਵਿਚ ਫੱਸਦਾ ਹੈ, ਜਦੋਂ ਕਿ ਅਕਾਲਕ ਮਨੁੱਖ ਇਸ ਸਾਰੇ ਆਡੰਬਰ ਨੂੰ ਤਿਆਗ ਚੁੱਕਾ ਹੁੰਦਾ ਹੈ।

ਗੁਰਮਤਿ ਤੇ ਕਾਲ ਅਕਾਲ ਫ਼ਲਸਫ਼ੇ ਨੂੰ ਸਪਸ਼ਟ ਕਰਨ ਲਈ ਪਰਮਸੱਤਾ ਦੀ ਪ੍ਰਕਿਰਤੀ ਸੰਬੰਧੀ ਜਾਨਣਾ ਵੀ ਜ਼ਰੂਰੀ ਹੈ। ਸਾਂਖ ਵਾਂਗ ਗੁਰਮਤਿ ਦੀ ਪਰਮਹਸਤੀ ਸ਼ੁੱਧ ਚੇਤਨਾ ਤਾਂ ਹੈ ਪਰ ਇਹ ਕਰਤਾਰੀ ਹੈ ਤੇ ਪ੍ਰਕਿਰਤੀ ਤੋਂ ਭਿੰਨ ਨਹੀਂ। ਸਾਂਖ ਦਾ 'ਪੁਰਸ਼' ਅਕਰਤਾਰੀ ਹੈ ਨਾ ਉਤਪੰਨ ਹੋਇਆ ਹੈ, ਨਾ ਉਤਪਤੀ ਕਰਦਾ ਹੈ। ਗੁਰਮਤਿ ਦਾ 'ਪੁਰਖ', 'ਕਰਤਾ' ਹੈ। ਉਸ ਨੇ ਦੇਸ਼ ਕਾਲ ਦੀ ਸਿਰਜਣਾ ਕੀਤੀ ਹੈ। ਉਹੀ ਸਮਾਪਤੀ ਕਰੇਗਾ। ਡਾ. ਆਹਲੂਵਾਲੀਆ ਗੁਰਮਤਿ ਵਿਚਲੇ 'ਅਕਾਲ' ਸੰਕਲਪ ਦੀ ਵਿਆਖਿਆ ਕਰਦਿਆਂ, ਵੇਦਾਂਤ ਸੱਤਾ ਨੂੰ ਹੋਂਦ (Being, substance) ਅਤੇ ਗੁਰਮਤਿ ਦੀ ਪਰਮਸੱਤਾ ਨੂੰ ਕਰਤਾਰੀ ਸਪਿਰਿਟ ਆਖ ਕੇ ਇਹਨਾਂ ਵਿਚ ਭਿੰਨਤਾ ਕਰਦੇ ਹਨ ਕਿ ਵੇਦਾਂਤਕ ਬ੍ਰਹਮ ਸੱਤ ਹੈ, ਸਤਿਨਾਮ ਨਹੀਂ। ਵੇਦਾਂਤਕ ਬ੍ਰਹਮ ਸੱਤ (ਚੇਤਨਾ) ਹੈ, ਸਵੈ-ਚੇਤਨਾ ਨਹੀਂ।[34]

ਮੂਲ ਮੰਤਰ ਵਿਚ ਅਕਾਲ ਦੇ ਵਿਸ਼ੇਸ਼ਣਾਂ ਨਾਲ ਕਿਰਿਆ ਨਹੀਂ ਲਗਾਈ ਗਈ। ਕਿਰਿਆ ਕਾਲ ਦੀ ਸੂਚਕ ਹੈ। ਹਰ ਕਿਰਿਆ ਤਿੰਨਾਂ ਵਿਚੋਂ ਕਿਸੇ ਇਕ ਕਾਲ ਵੱਲ ਸੰਕੇਤ ਕਰਦੀ ਹੈ। ਪਰ ਕਿਉਂਕਿ ਪਰਮ ਹਸਤੀ ਕਾਲ ਤੋਂ ਸੁਤੰਤਰ ਹੈ, ਅਕਾਲ ਹੈ, ਇਸ ਕਰਕੇ ਸਾਰੀਆਂ ਕਿਰਿਆਵਾਂ ਅਤੇ ਉਹਨਾਂ ਦੇ ਸੰਕੇਤ ਅਰਥਹੀਣ ਹਨ।

ਮੂਲ ਮੰਤਰ ਵਿਚ ਅਕਾਲ ਦਾ ਪ੍ਰਕਾਸ਼ ਕਾਲਯੁਕਤ ਕਿਰਿਆਵਾਂ ਨੂੰ ਖੰਡਤ ਕਰਦਾ ਹੈ। ਮੂਲ ਮੰਤਰ ਤੋਂ ਅੱਗੇ 'ਜਪੁ' ਦਾ ਸਲੋਕ ਹੈ। ਇਸ ਸਲੋਕ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

(1) ਆਦਿ
(2) ਜੁਗਾਦਿ
(3) ਹੈ ਭੀ
(4) ਹੋਸੀ ਭੀ

'ਜੁਗਾਦਿ' ਭੂਤ, 'ਹੈ ਭੀ' ਵਰਤਮਾਨ 'ਹੋਸੀ ਭੀ' ਭਵਿਖ ਕਾਲ ਦੇ ਸੂਚਕ ਹਨ। 'ਆਦਿ' ਦਾ ਸੰਬੰਧ ਇਹਨਾਂ ਤਿੰਨਾਂ ਕਾਲਾਂ ਵਿਚੋਂ ਕਿਸੇ ਨਾਲ ਨਹੀਂ। ਆਦਿ ਸਰਬ ਕਾਲ, ਮਹਾਂ ਕਾਲ, ਕਾਲਾਂ ਸਿਰ ਕਾਲ, ਜਾਂ ਅਕਾਲ ਹੈ। ਸਾਰੇ ਕਾਲ ਆਦਿ ਦਾ ਜਾਂ ਅਕਾਲ ਦਾ, ਦ੍ਰਿਸ਼ਟਮਾਨ ਲੌਕਿਕ ਪ੍ਰਗਟਾਵਾ ਹਨ। 'ਅਕਾਲ' ਪਰਮ ਸੱਤਾ ਦਾ ਕੋਈ ਇਕ ਵਿਸ਼ੇਸ਼ ਨਾਮ ਨਹੀਂ। ਅਕਾਲ ਦਾ ਅਰਥ ਹੀ ਨਾਵਾਂ, ਥਾਵਾਂ, ਵਿਸ਼ੇਸ਼ਣਾਂ ਤੇ ਸੰਕਲਪਾਂ ਤੋਂ ਪਾਰਲੀ ਅਵਸਥਾ ਤੋਂ ਹੈ। ਬੇਸ਼ਕ ਅਕਾਲ ਦੇ ਕੁੱਝ ਨਾਮ ਗੁਣਾਂ ਦੇ ਆਧਾਰ ਤੇ ਰਖੇ ਗਏ ਹਨ ਪਰ ਉਹ ਇਨ੍ਹਾਂ ਵਿਚ ਸੀਮਿਤ ਨਹੀਂ। ਗੁਰੂ ਅਰਜਨ ਦੇਵ ਇਹਨਾਂ ਨਾਵਾਂ ਨੂੰ ਕਿਰਤਮ ਨਾਮ ਆਖਦੇ ਹਨ।[35] ਗੁਰੂ ਗੋਬਿੰਦ ਸਿੰਘ ਅਕਾਲ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ ਕਿ ਤੇਰੇ ਸਾਰੇ ਨਾਮ ਕੌਣ ਲੈ ਸਕਦਾ ਹੈ, ਸੂਝਵਾਨ ਵਿਅਕਤੀ ਕਰਮ ਨਾਵਾਂ ਦਾ ਵਰਨਨ ਹੀ ਕਰਦੇ ਹਨ[36] ਕਰਮ ਨਾਮ ਅਕਾਲੀ ਅਨੰਤਤਾ ਦੀ ਪ੍ਰਤੱਖਣਾ ਦਾ ਇਕ ਭਾਗ ਹਨ। ਅਕਾਲ ਲੌਕਕ ਤੇ ਅਲੌਕਕ ਗੁਣਾਂ, ਲੱਛਣਾਂ ਦਾ ਸਰੋਤ ਹੈ। ਸਾਰੇ ਨਾਮ ਉਸ ਦੀ ਸ਼ਕਤੀ, ਹੋਂਦ ਅਤੇ ਹਸਤੀ ਦੇ ਪ੍ਰਤੀਕ ਹਨ। ਫਿਰ ਅਕਾਲ ਦਾ ਵਾਸਤਵਿਕ ਨਾਮ ਕੀ ਹੋਇਆ? ਉੱਤਰ ਹੈ : ਉਸ ਦਾ ਕੋਈ ਜਾਤੀ ਨਾਮ ਨਹੀਂ। ਨਾਮ ਦੀ ਲੋੜ ਉਦੋਂ ਪੈਂਦੀ ਹੈ ਜਦੋਂ ਅਨੇਕਤਾ ਹੋਵੇ। ਜਦੋਂ ਉਹ ਹੈ ਹੀ ਇਕੱਲਾ, ਉਸ ਤੋਂ ਸਿਵਾ ਹੋਰ ਕੋਈ ਦੂਜਾ ਹੈ ਹੀ ਨਹੀਂ, ਫਿਰ ਉਸ ਦੇ ਨਾਮ ਦੀ ਕੀ ਜ਼ਰੂਰਤ ਹੋਈ? ਅਸੀਂ ਉਸ ਨੂੰ ਕਿਰਤਮ ਨਾਮ (ਸਿਫ਼ਾਤੀ ਨਾਵਾਂ) ਨਾਲ ਯਾਦ ਕਰਦੇ ਹਾਂ, ਪਰੰਤੂ ਉਸ ਨੂੰ ਆਪਣੇ ਆਪ ਨੂੰ ਕਿਸੇ ਵੀ ਨਾਮ ਨਾਲ ਸੰਬੋਧਨ ਕਰਨ ਦੀ ਲੋੜ ਨਹੀਂ।[37]

ਭਾਵੇਂ ਮਹਾਤਮਾ ਬੁੱਧ ਦੀ ਦਿਲਚਸਪੀ ਸਮਾਜ ਦੀਆਂ ਨੈਤਿਕ ਕਦਰਾਂ ਕੀਮਤਾਂ ਵਿਚ ਵਧੇਰੇ ਸੀ ਅਤੇ ਉਹਨਾਂ ਅਨੁਸਾਰ ਤੱਤ ਗਿਆਨ ਦੇ ਝਗੜੇ ਮਨੁੱਖ ਦੇ ਦੁੱਖਾਂ ਨੂੰ ਘਟਾ ਨਹੀਂ ਸਕਦੇ, ਜਿਸ ਕਾਰਨ ਉਹਨਾਂ ਨੇ ਆਤਮਾ, ਪਰਮਸੱਤਾ ਨਿਰਵਾਣ ਬਾਰੇ ਚੁੱਪ ਸਾਧੀ। ਪਰ ਬੁੱਧ ਦੀ ਚੁੱਪ ਦਾ ਅਰਥ ਇਹਨਾਂ ਦੀ ਹੋਂਦ ਤੋਂ ਇਨਕਾਰੀ ਹੋਣਾ ਨਹੀਂ ਲਿਆ ਜਾਂਦਾ। ਚੁੱਪ ਦਾ ਅਰਥ ਹੈ ਇਹ ਅਬੋਧ ਹਨ ਤੇ ਅਕਾਲ ਹਨ, ਲੌਕਿਕ ਬੋਲੀ ਦੀ ਪਕੜਨ ਸਮਰੱਥਾ ਤੋਂ ਦੂਰ ਹਨ। ਬੁੱਧ ਮਤ ਵਿਚ 'ਨਿਰਵਾਣ' ਦੇ ਅਰਥ ਪਰਮਤੱਤ, ਸਤ, ਪਰਮਆਨੰਦ, ਸੁੰਨ, ਸਹਜ ਅਤੇ ਅਕਾਲ ਦੇ ਹੀ ਲਏ ਜਾਂਦੇ ਹਨ।

ਕਾਲ ਕਿਉਂਕਿ ਗਤੀ ਦਾ ਹੀ ਪਰਿਆਇ ਹੈ, ਇਸ ਕਰਕੇ ਵਿਸ਼ਵ ਦੀ ਉਸਾਰੀ ਕਾਲ ਅਧੀਨ ਹੈ। ਵਿਕਾਸ, ਕ੍ਰਮਵਿਕਾਸ, ਵਿਸ਼ਵ ਦਾ ਫੈਲਾਉ, ਆਕਰਖਣ, ਉਦਕਰਖਣ ਆਦਿ ਸਾਰੀਆਂ ਸੰਕਲਪਨਾਵਾਂ ਕਾਲਗਤ ਧਾਰਨਾਵਾਂ ਹਨ। ਅਕਾਲ ਵਿਕਾਸ ਤੋਂ ਸੁਤੰਤਰ ਹੈ, ਸਰਬ ਭਰਪੂਰ ਹੈ। ਗੁਰੂ ਗੋਬਿੰਦ ਸਿੰਘ ਦਾ ਕਥਨ ਹੈ :

*ਜਿਮੀ ਜ਼ਮਾਨ ਕੇ ਬਿਖੈ, ਸਮਸਤ ਏਕ ਜੋਤਿ ਹੈ।*
*ਨ ਘਾਟ ਹੈ, ਨ ਬਾਢ ਹੈ, ਨ ਘਾਟ ਬਾਢ ਹੋਤ ਹੈ।*
*ਨ ਹਾਨ ਹੈ ਨ ਬਾਨ ਹੈ, ਸਮਾਨ ਰੂਪ ਜਾਨੀਐ।*
*ਮਕੀਨ ਅਉ ਮਕਾਨਿ, ਅਪ੍ਰਮਾਨ ਤੇਜ ਮਾਨੀਐ।*[38]

ਅਕਾਲ ਕੇਵਲ ਨਾਂਹ ਵਾਚਕ ਸੁੰਨਤਾ ਨਹੀਂ, ਕਿਉਂਕਿ ਇਹ ਮੂਰਤਿ ਵੀ ਹੈ। ਇਸੇ ਕਰਕੇ ਡਾ. ਵਜ਼ੀਰ ਸਿੰਘ ਲਿਖਦੇ ਹਨ, "ਇਹ ਕਾਲ ਅਤੇ ਸਦੀਵਤਾ ਦੋਵੇਂ ਹੈ, ਵਿਕਾਸਸ਼ੀਲ ਵੀ ਹੈ, ਵਿਕਾਸ ਤੋਂ ਉੱਪਰ ਵੀ ਹੈ, ਜਾਂ ਵਾਈਟਹੈਡ ਦੀ ਸ਼ਬਦਾਵਲੀ ਵਿਚ ਪ੍ਰਕਿਰਿਆ ਅਤੇ ਸਤਿ ਦੋਵੇਂ ਹੈ।"[39]

'ਅਕਾਲ ਮੂਰਤਿ' ਵਿਚ ਅਕਾਲ ਸਦੀਵਤਾ ਹੈ, ਜਿਸ ਦਾ ਕੋਈ ਰੂਪ, ਰੰਗ, ਆਕਾਰ ਚਿਤਵਿਆ ਨਹੀਂ ਜਾ ਸਕਦਾ। ਮੂਰਤਿ ਕਾਲ ਗਤ ਸਥਾਪਨਾ ਹੈ। ਜੋ ਨਾਮ ਰੂਪ ਸੰਸਾਰ ਦੁਆਰਾ ਵਿਅਕਤ ਹੈ। ਸਿੱਖ ਚਿੰਤਨ ਦਾ ਕਾਲ ਅਨੁਭਵ ਕਰਤਾਰੀ ਸ਼ਕਤੀ ਦਾ ਸੂਚਕ ਹੈ ਜੋ ਮੂਰਤ ਰੂਪੀ ਸੰਸਾਰ ਨੂੰ ਸਿਰਜਦੀ ਹੈ। ਰਚਨਾਤਮਿਕਤਾ

(creativity) ਨੂੰ ਕਾਲ ਤੋਂ ਨਿਖੇੜ ਕੇ ਚਿਤਵਿਆ ਨਹੀਂ ਜਾ ਸਕਦਾ, ਸਗਲ ਸੰਸਾਰ ਕਾਲ ਦਾ ਹੀ 'ਤਮਾਸ਼ਾ' ਹੈ, ਖੇਲ ਹੈ ਲੀਲ੍ਹਾ ਹੈ। ਕਰਤਾਰੀ ਸ਼ਕਤੀ ਕਾਲ ਦੇ ਵਸੀਲੇ ਰਾਹੀਂ ਘਾੜਤਾਂ ਘੜ੍ਹਦੀ ਹੈ। ਜੇਕਰ ਅਕਾਲ 'ਅਕਾਲ' ਹੀ ਰਹਿੰਦਾ ਤਾਂ ਕੁੱਝ ਵੀ ਹੋਂਦ ਵਿਚ ਨਾ ਆਉਂਦਾ। ਅਕਾਲ ਦਾ ਕਾਲ ਪੱਖ ਰਚਨਾਤਮਿਕ ਪੱਖ ਹੈ। ਇਹ ਅਫੁਰ ਅਕਾਲ ਦੀ ਸਫੁਰ ਅਵਸਥਾ ਹੈ, ਜਿਸ ਵਿਚ ਉਹ ਕਰਤਾ ਪੁਰਖ ਹੋ ਕੇ ਵਿਚਰਦਾ ਹੈ।

'ਦਸਮ ਗ੍ਰੰਥ' ਦੀ ਬਾਣੀ ਵਿਚ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਸਭ ਨੂੰ ਕਾਲ ਨਾਲ ਸੰਬੰਧਿਤ ਦਰਸਾਇਆ ਗਿਆ ਹੈ। ਇਹ ਮਹਾਂ ਸ਼ਕਤੀ ਦੇ ਪ੍ਰਤੀਕ ਰਚਨਾਤਮਿਕ ਕਿਰਿਆ ਅਥਵਾ ਕਾਲ ਦੀ ਉਪਜ ਹਨ। ਇਸੇ ਦਲੀਲ ਅਨੁਸਾਰ, ਸੰਸਾਰ ਦੇ ਸਮੂਹ ਪੈਗੰਬਰ, ਅਧਿਆਤਮਿਕ ਰਹਿਬਰ ਦੇ ਭਗਤ ਜਨ ਕਾਲ ਦੀ ਰਚਨਾਤਮਿਕ ਸ਼ਕਤੀ ਰਾਹੀਂ ਮਨੁੱਖੀ ਰੂਪ ਵਿਚ ਪ੍ਰਗਟੇ ਹਨ। ਕਾਲ ਇਹਨਾਂ ਨੂੰ ਉਪਜਾਂਦਾ ਹੀ ਨਹੀਂ, ਇਹਨਾਂ ਰਾਹੀਂ ਵਿਕਾਸ ਦੀ ਕਿਰਿਆ ਨੂੰ ਅੱਗੇ ਤੋਰਦਾ ਹੈ। ਸੰਸਾਰ ਦੇ ਕੁੱਲ ਯੋਧੇ, ਮਹਾਂਬਲੀ, ਸੂਰਮੇ ਕਾਲ ਅਨੁਭਵ ਦੇ ਆਧਾਰ ਉੱਤੇ ਰਚਨਾਤਮਿਕ ਕਾਰਜ ਕਰਦੇ ਹਨ। ਜਿੰਨਾ ਮਹਾਨ ਕੋਈ ਵਿਅਕਤੀ ਹੈ, ਉਨ੍ਹਾਂ ਹੀ ਮਹਾਨ ਉਸ ਦਾ ਸਿਰਜਨਾਤਮਿਕ ਕਾਰਜ ਹੈ। ਇਸ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇਵ ਕਰਤਾਰੀ ਸ਼ਕਤੀ ਦਾ ਮੁਜੱਸਮਾ ਸਨ। ਉਹਨਾਂ ਦਾ ਸਮੁੱਚਾ ਜੀਵਨ ਰਚਨਾਤਮਿਕਤਾ ਦਾ ਜੀਵਨ ਸੀ। ਮਨੁੱਖਤਾ ਨੂੰ ਨਵੀਂ ਸੇਧ ਦੇਣ ਵਾਲੀ ਇਹ ਦੈਵੀ ਸ਼ਕਤੀ ਮਨੁੱਖਤਾ ਦੀ ਨਾਇਕ ਸਿੱਧ ਹੋਈ। ਗੁਰੂ ਗੋਬਿੰਦ ਸਿੰਘ ਦਾ ਰਚਨਾਤਮਿਕ ਕਾਰਜ ਕਿਸੇ ਵਿਆਖਿਆ ਦਾ ਮੁਥਾਜ ਨਹੀਂ।

ਸਿੱਖ ਚਿੰਤਨ ਵਿਚ ਕਾਲ ਅਨੁਭਵ ਦਾ ਕਰਤਾਰੀ ਸ਼ਕਤੀ ਨਾਲ ਇਹ ਸੰਬੰਧ 'ਨਾਇਕ' ਵਿਅਕਤੀਆਂ ਦੇ ਆਗਮਨ ਦਾ ਸੂਚਕ ਹੈ। ਅਕਾਲ ਵਿਚ ਜੋ ਰਚਨਾਤਮਿਕਤਾ ਉਸ ਦੇ ਕਾਲ ਪੱਖ ਰਾਹੀਂ ਵਿਅਕਤੀ ਹੁੰਦੀ ਹੈ, ਉਹੀ ਦੈਵੀ ਨਾਇਕਾਂ ਦੇ (ਮਨੁੱਖੀ) ਰੂਪ ਵਿਚ ਪ੍ਰਗਟਾਵਾ ਲੈਂਦੀ ਹੈ ਅਤੇ ਉਹੀ ਯੋਧੇ, ਸੂਰਮਿਆਂ, ਭਗਤਾਂ, ਕਲਾਕਾਰਾਂ, ਬਾਣੀਕਾਰਾਂ, ਦਾਰਸ਼ਨਿਕਾਂ, ਤੇ ਚਿੰਤਕਾਂ ਦਾ ਪ੍ਰੇਰਨਾ ਸਰੋਤ ਬਣਦੀ ਹੈ। ਗੁਰਮੁਖ ਵਿਅਕਤੀ ਗੁਰੂ ਜੀ ਦੀ ਸਿੱਖਿਆ ਤੋਂ ਪ੍ਰੇਰਿਤ ਰਚਨਾਤਮਿਕ ਕਾਰਜ ਕਰਨ ਵਾਲਾ ਮਨੁੱਖ ਹੈ, ਜਿਸ ਦਾ ਕਾਲ ਅਨੁਭਵ ਉਸ ਨੂੰ ਕਰਤਾਰੀ ਸੇਧ ਪ੍ਰਦਾਨ ਕਰਦਾ ਹੈ।

## ਟਿੱਪਣੀਆਂ/ਹਵਾਲੇ

1. *ਬਾਈਬਲ (ਨਵਾਂ ਨੇਮ)*, ਜਾਹਨ 38 : 10
2. *ਜਾ ਤਿਸੁ ਭਾਨਾ ਗੁਣ ਪਰਗਟ ਹੋਏ ਸਤਿਗੁਰ ਆਪਿ ਸਵਾਰੇ ॥*
   *ਸੇ ਜਨ ਪਰਵਾਣੁ ਹੋਏ ਜਿਨੀ ਇਕੁ ਨਾਮੁ ਦ੍ਰਿੜਿਆ ਦੁਤੀਆ ਭਾਉ ਚੁਕਾਇਆ ॥*

   *ਆਦਿ ਗ੍ਰੰਥ*, ਪੰਨਾ 441
3. *ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥*
   *ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰ ਧਰਿਆ ॥*

   *ਉਹੀ*, ਪੰਨਾ 10
4. *ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ ਰਸੁ ਖਾਈ ॥*

   *ਆਦਿ ਗ੍ਰੰਥ*, ਰਾਮਕਲੀ ਮ. 1, ਪੰਨਾ 944
5. *ਉਹੀ*, ਪੰਨਾ 403
6. ਹਰਮਨ ਹੈਸ ਦੇ ਨਾਵਲ *'ਸਿਧਾਰਥ'* ਦਾ ਨਾਇਕ ਮਹਾਤਮਾ ਬੁੱਧ ਨੂੰ ਸੰਬੋਧਨ ਕਰਦਿਆਂ ਆਖਦਾ ਹੈ : ".....ਆਪ ਉਸ ਚੋਟੀ ਦੀ ਅਵਸਥਾ ਤੇ ਟੀਚੇ ਉੱਤੇ ਪੁੱਜ ਚੁੱਕੇ ਹੋ ਜਿੱਥੇ ਕਈ ਹਜ਼ਾਰਾਂ ਬ੍ਰਾਹਮਣ ਤੇ ਉਨ੍ਹਾਂ ਦੇ ਪੁੱਤਰ ਪੁੱਜਣ ਲਈ ਹਿੰਮਤ ਕਰ ਰਹੇ ਹਨ। ਇਹ ਆਪ ਜੀ ਨੇ ਆਪਣੀ ਢੂੰਡ ਤੇ ਆਪਣੇ ਹੀ ਢੰਗ ਨਾਲ, ਸੋਚਾਂ, ਤਪੱਸਿਆ, ਗਿਆਨ ਤੇ ਅੰਤਰ ਬੋਧ ਰਾਹੀਂ ਪ੍ਰਾਪਤ ਕੀਤਾ ਹੈ। ਆਪ ਜੀ ਨੇ ਉਪਦੇਸ਼ਾਂ ਰਾਹੀਂ ਕੁੱਝ ਨਹੀਂ ਸਿੱਖਿਆ। ਇਸ ਲਈ ਮੇਰਾ ਖ਼ਿਆਲ ਹੈ ਕਿ ਉਪਦੇਸ਼ਾਂ ਰਾਹੀਂ ਕਿਸੇ ਨੂੰ ਮੁਕਤੀ ਨਹੀਂ ਲੱਭਦੀ।" ਹਰਮਨ ਹੈਸ, *'ਸਿਧਾਰਥ'*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969, ਪੰਨਾ 21
7. *ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੁਆਨੀ ॥*
   *ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈ ਆਨੀ ॥*
   *ਆਗੈ ਦਰਗਹਿ ਕਾਮਿ ਨ ਆਵੈ ਛੋਡਿ ਚਲੈ ਅਭਿਮਾਨੀ ॥*

   *ਆਦਿ ਗ੍ਰੰਥ*, ਆਸਾ ਮ. 5, ਪੰਨਾ 379
8. *ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥*

ਚੰਦੁ ਸੂਰਜੁ ਦੁਇ ਗੁਫੇ ਨ ਦੇਖਾ ਸੁਪਨੈ ਸਉਣ ਨ ਥਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥

ਉਹੀ, ਸਿਰੀ ਰਾਗ ਮ. 1, ਪੰਨਾ 14

9. ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ ॥
ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ ॥
ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥
ਧੁਨਿ ਮਹਿ ਧਿਆਨ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥
ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥
ਨਾਨਕ ਤਿਨ ਕੇ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥

ਆਦਿ ਗ੍ਰੰਥ, ਰਾਮਕਲੀ ਮ. 1, ਪੰਨਾ 879

10. ਆਪਿ ਮਰੈ ਮਾਰੇ ਭੀ ਆਪਿ ॥ ਆਪਿ ਉਪਾਏ ਥਾਪਿ ਉਥਾਪਿ ॥
ਸ੍ਰਿਸਟਿ ਉਪਾਈ ਜੋਤੀ ਤੂ ਜਾਤਿ ॥ ਸਬਦੁ ਵੀਚਾਰਿ ਮਿਲਣੁ ਨਹੀਂ ਭ੍ਰਾਤਿ ॥

ਆਦਿ ਗ੍ਰੰਥ, ਆਸਾ ਮ. 1, ਪੰਨਾ 413

11. ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ ॥

ਉਹੀ, ਰਾਮਕਲੀ ਮ. 1, ਪੰਨਾ 940

12. (ੳ) ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥

ਆਦਿ ਗ੍ਰੰਥ, ਸਿਰੀ ਰਾਗ ਮ. 1, ਪੰਨਾ 53

(ਅ) ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥
ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ ॥

ਉਹੀ, ਪੰਨਾ 64

13. ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥
ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥
ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ ॥
ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ ॥
ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥
ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥

ਆਦਿ ਗ੍ਰੰਥ, ਗਉੜੀ ਮ. 9, ਪੰਨਾ 220

14. Man has no nature, what he has is........history.

Ernest Cassirer, *An Essay on Man*, New York. 1984. p. 172

15. ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥

ਆਦਿ ਗ੍ਰੰਥ, ਭੈਰਉ ਰਵਿਦਾਸ, ਪੰਨਾ 1167

ਭਾਈ ਨੰਦ ਲਾਲ ਦਾ ਕਥਨ ਹੈ :
ਮਾ ਨਮੀ ਲਾਫ਼ੇਮ ਅਜ਼ ਜ਼ੁਹਦੋ ਰਿਆ ॥
ਗਰ ਗੁਨਾਹਗਾਰੇਮ ਹੱਕ ਬਖ਼ਸ਼ਿੰਦਾ ਅਸਤ ॥
(ਅਸੀਂ ਕਦੀ ਆਪਣੀ ਭਗਤੀ ਅਤੇ ਪਾਖੰਡ ਦੀ ਡੀਗ ਨਹੀਂ ਮਾਰਦੇ। ਜੇਕਰ ਅਸੀਂ ਗੁਨਾਹਗਾਰ ਹਾਂ, ਤਾਂ ਰੱਬ ਬਖ਼ਸ਼ਣਹਾਰ ਹੈ) ਗੰਡਾ ਸਿੰਘ (ਸੰਪਾ.) 'ਭਾਈ ਨੰਦ ਲਾਲ ਗ੍ਰੰਥਾਵਲੀ', ਮਲਕਾ-ਮਲੇਸ਼ੀਆ, 1968, ਪੰਨਾ 8

16. ਐਲ.ਐਮ. ਜੋਸ਼ੀ (ਸੰਪਾ.), 'ਧੱਮਪਦ', ਮਲੱਵਗੋ 18.238, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1973, ਪੰਨਾ 131
17. ਡਾ. ਜਸਵੰਤ ਸਿੰਘ ਨੇਕੀ, 'ਗੁਰਮਤਿ ਵਿਚ ਕਾਲ ਤੇ ਅਉਸਰ ਦਾ ਸੰਕਲਪ', ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1973, ਪੰਨਾ 8
18. ਅੱਤਾ ਹਿ ਅੱਤਨੋ ਨਾਥੋ ਅੱਤਾ ਹਿ ਅੱਤਨੋ ਗਤਿ ॥
ਅੱਤਵੱਗੋ 12.160

ਐਲ. ਐਮ. ਜੋਸ਼ੀ (ਸੰਪਾ.), 'ਧੱਮਪਦ', ਪੰਨਾ 111

19. ਆਦਿ ਗ੍ਰੰਥ, ਆਸਾ ਮ. 4, ਪੰਨਾ 11
20. ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਆਦਿ ਗ੍ਰੰਥ, ਪੰਨਾ 378

21. *ਅਵਿਨਾਸੀ ਅਵਿਗਤੁ ਅਗੋਚਰੁ ਸਦਾ ਸਲਾਮਤਿ ਖਸਮੁ ਹਮਾਰਾ ॥*

*ਉਹੀ*, ਪੰਨਾ 376

22. *ਰਿਗਵੇਦ*, 10.129.3
23. *ਅਰਬਦ ਨਰਬਦ ਧੁੰਧੂਕਾਰਾ । ਧਰਣਿ ਨ ਗਗਨਾ ਹੁਕਮੁ ਅਪਾਰਾ ॥*
*ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥*

*ਆਦਿ ਗ੍ਰੰਥ*, ਮਾਰੂ ਮ. 1, ਪੰਨਾ 1035

24. *ਰਿਗਵੇਦ*, 6.24.5
25. *'ਸ਼ਤਪਥ ਬ੍ਰਾਹਮਣ ਗ੍ਰੰਥ'* 10.5, 2.4
26. A. A. Macdonell, *A Vedic Reader,* Oxford University Press, London, 1960, p. 209
27. J. Muir, *Original Sanskrit Texts,* Vol. V, Trubner and Company, London, 1869-70, p. 360.
28. *ਰਿਗਵੇਦ*, 10.60.10
29. *ਉਹੀ*, 4. 26. 1
30. *ਉਹੀ*, 6. 66. 16
31. *ਉਹੀ*, 10. 14. 7 ਤੇ 10
32. *ਆਦਿ ਗ੍ਰੰਥ*, ਪੰਨਾ 176
33. *ਆਦਿ ਗ੍ਰੰਥ*, ਗਉੜੀ ਸੁਖਮਨੀ ਮ. 5, ਪੰਨਾ 276
34. Braham here is *sat*, not *sat* (i) *nam* (u) as it is in *Gurbani.* Brahman in Vedantic thought is *sat* (consciousness), but not self-consciousness. J. S. Ahluwalia, *Sikh Concept of the Divine,* ed. Pritam Singh, Guru Nanak Dev Uni., Amritsar, 1985, p. 90
35. *ਕਿਰਤਮ ਨਾਮ ਕਥੇ ਤੇਰੇ ਜਿਹਬਾ......*

*ਆਦਿ ਗ੍ਰੰਥ*, ਪੰਨਾ 1083

36. *ਤਵ ਸਰਬ ਨਾਮ ਕੱਥ ਕਵਨ*
*ਕਰਮ ਨਾਮ ਬਰਣਤ ਸੁਮਤਿ ॥*
ਭਾਈ ਰਣਧੀਰ ਸਿੰਘ, *'ਸ਼ਬਦਾਰਥ ਦਸਮ ਗ੍ਰੰਥ ਸਾਹਿਬ'*, ਪੋਥੀ ਪਹਿਲੀ, *ਜਾਪੁ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1973, ਪੰਨਾ 1
37. *ਕਹਾ ਨਾਮ ਤਾ ਕੋ, ਕਹਾ ਕੈ ਕਹਾਵੈ ॥*
*ਕਹਾ ਕੈ ਬਖਾਨੋ, ਕਤੈ ਮੋਨ ਆਵੇ ॥*

*'ਸ਼ਬਦਾਰਥ ਦਸਮ ਗ੍ਰੰਥ ਸਾਹਿਬ' ਅਕਾਲ ਉਸਤਤਿ*, ਛੰਦ 93, ਪੰਨਾ 30

38. *ਉਹੀ*, ਛੰਦ 166, ਪੰਨਾ 36
39. It is both time and eternity developing and beyond development; or in whitehead's terminology, process and Reality. Dr. Wazir Singh, Sikh Concept of the Divine, *op. cit.,* ed. Pritam Singh, p. 148

# ਜਾਪੁ ਸਾਹਿਬ ਦੀ ਅਧਿਆਤਮਿਕਤਾ

ਧਰਮਪਾਲ ਸਿੰਗਲ

---

ਜਾਪੁ, ਜਪ, ਨਾਮ-ਜਪ, ਨਾਮ-ਸਿਮਰਨ ਅਧਿਆਤਮ ਦਾ ਮੂਲਕ ਸਿਧਾਂਤ ਹੈ। ਜਪ ਇਕ ਪੌੜੀ ਹੈ ਜਿਸ ਰਾਹੀਂ ਸਾਧਕ ਇਕ ਇਕ ਡੰਡਾ ਉੱਤੇ ਚੜ੍ਹਦਾ ਖੁਦ ਵੀ ਸ਼ਬਦ ਰੂਪ ਹੋ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਬਾਰੇ ਇਕ ਉਪਾਧੀ 'ਸੰਤ ਸਿਪਾਹੀ' ਵਰਤੀ ਜਾਂਦੀ ਹੈ। ਜਿਸ ਦਾ ਮਤਲਬ ਹੈ ਕਿ ਆਪ ਪਹਿਲਾਂ ਸੰਤ ਤੇ ਫੇਰ ਸਿਪਾਹੀ ਸਨ। 'ਕ੍ਰਿਸ਼ਨਾਵਤਾਰ' ਵਿਚ ਗੁਰੂ ਜੀ ਫਰਮਾਉਂਦੇ ਹਨ ਕਿ ਜੱਗ ਵਿਚ ਉਸੇ ਬੰਦੇ ਦਾ ਜੀਵਨ ਸਫ਼ਲ ਹੈ ਜੋ ਮੂੰਹ ਤੇ ਸਦਾ ਹਰਿ ਦਾ ਨਾਂ ਉਚਾਰਦਾ ਹੈ ਅਤੇ ਚਿੱਤ ਵਿਚ ਯੁੱਧ ਦਾ ਵਿਚਾਰ ਦ੍ਰਿੜ੍ਹ ਕਰਕੇ ਚੱਲਦਾ ਹੈ। ਮਨੁੱਖਾ ਸਰੀਰ ਨਾਸ਼ਵਾਨ ਹੈ, ਨਿੱਤ ਪ੍ਰਤਿ ਰਹਿਣ ਵਾਲਾ ਨਹੀਂ ਹੈ, ਕੇਵਲ ਪ੍ਰਭੂ ਦੀ ਜਸ-ਕੀਰਤ ਰੂਪੀ ਕਿਸ਼ਤੀ ਤੇ ਸਵਾਰ ਹੋ ਕੇ ਹੀ ਇਹ ਸੰਸਾਰ ਰੂਪੀ ਸਾਗਰ ਤਰਿਆ ਜਾ ਸਕਦਾ ਹੈ। ਇਸ ਲਈ ਇਸ ਦੇਹ ਨੂੰ ਧੀਰਜ ਦਾ ਟਿਕਾਣਾ ਬਣਾਉ, ਜਿਸ ਕਰਕੇ ਆਪ ਦੀ ਮਨ ਤੇ ਬੁੱਧੀ ਕੇਵਲ ਇਸੇ ਨਾਮ-ਜਾਪ ਕਾਰਨ ਹੀ ਦੀਪਕ ਵਾਂਗ ਸਦਾ ਪ੍ਰਜਵਲਿਤ ਰਹੇਗੀ। ਗਿਆਨ ਦੇ ਇਸੇ ਪਾਸਾਰ (ਬੱਤੀ) ਨੂੰ ਹੱਥ ਵਿਚ ਲੈ ਕੇ ਹੀ ਕਾਇਰਤਾ ਜਾਂ ਬੁਜ਼ਦਿਲੀ ਨੂੰ ਹੂੰਝਾ ਫੇਰਿਆ ਜਾ ਸਕਦਾ ਹੈ :

*ਧੰਨਿ ਜੀਓ, ਤਿਹ ਕੋ ਜਗ ਮੈਂ, ਮੁਖ ਸੇ ਹਰਿ ਚਿੱਤ ਮੈਂ ਜੁੱਧੁ ਬਿਚਾਰੈ।*
*ਦੇਹ ਅਨਿੱਤ ਨ ਨਿੱਤ ਰਹੈ, ਜਸ-ਨਾਵਿ ਚੜ੍ਹੈ ਭਵ ਸਾਗਰ ਤਾਰੈ।*
*ਧੀਰਜ-ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉਂ ਉਜਿਆਰੈ।*
*ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥*

ਵਿਚਾਰ ਕਰਨ ਵਾਲੀ ਗੱਲ ਇਹ ਹੈ ਕਿ ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲੀ ਰਚਨਾ 'ਜਪੁਜੀ' ਹੈ, ਉਸੇ ਤਰ੍ਹਾਂ 'ਦਸਮ ਗ੍ਰੰਥ' ਦੀ ਪਹਿਲੀ ਰਚਨਾ 'ਜਾਪੁ' ਸਾਹਿਬ ਹੈ। ਇਹ ਗੱਲ ਇਸ ਤੱਥ ਦੀ ਲਖਾਇਕ ਹੈ ਕਿ ਸਾਰੇ ਹੀ ਗੁਰੂ ਸਾਹਿਬ ਜਪੁ ਜਾਂ ਨਾਮ ਜਪ ਨੂੰ ਆਪਣੇ ਅਧਿਆਤਮਿਕ ਮਾਰਗ ਵਿਚ ਸਰੋਵਰ ਥਾਂ ਦਿੰਦੇ ਸਨ। ਨਾਮ ਸਿਮਰਨ ਸਮੁੱਚੀ ਬਾਣੀ ਦੀ ਮੂਲ ਚੂਲ ਹੈ। ਜਾਪੁ ਸਾਹਿਬ ਇਕ ਲਘੂ ਰਚਨਾ ਹੈ, ਮਾਤਰ 198 ਛੰਦਾਂ ਵਿਚ ਸਮੁੱਚੇ ਭਾਰਤੀ ਅਧਿਆਤਮ ਦਰਸ਼ਨ ਨੂੰ ਸਮੇਟ ਕੇ ਰਖ ਦਿੱਤਾ ਗਿਆ ਹੈ। ਜਪੁਜੀ ਸਾਹਿਬ ਦੇ ਮੂਲ ਮੰਤਰ ਵਾਂਗ ਹੀ ਭਾਵੇਂ ਸੂਤਰ ਰੂਪ ਵਿਚ ਤਾਂ ਨਹੀਂ, ਪਰ ਭਾਵਨਾਤਮਿਕ ਪੱਧਰ ਤੇ ਬ੍ਰਹਮ ਜਾਂ ਈਸ਼ਵਰ ਦੇ ਉਸੇ ਸਰੂਪ ਦਾ ਵਰਨਨ ਕੀਤਾ ਗਿਆ ਹੈ ਜੋ ਸਾਨੂੰ ਮੂਲਮੰਤਰ ਵਿਚ ਮਿਲਦਾ ਹੈ। ਜਿਸ ਅਧਿਆਤਮ ਪੁਰਸ਼, ਪਾਰਬ੍ਰਹਮ ਦੀ ਉਸਤਤ ਕੀਤੀ ਜਾਣੀ ਹੈ ਪਹਿਲਾਂ ਉਸ ਦੇ ਸਰੂਪ ਤੇ ਗੁਣਾਂ ਦਾ ਗੁਣ-ਗਾਣ ਤਾਂ ਹੋਣਾ ਹੀ ਚਾਹੀਦਾ ਹੈ, ਇਸ ਲਈ ਆਪ ਗੁਰਮਤਿ ਆਸ਼ੇ ਦੀ ਅਤਿਅੰਤ ਸੁੰਦਰ ਵਿਆਖਿਆ ਕਰਦੇ ਹੋਏ ਪ੍ਰਭੂ ਬਾਰੇ ਇਨ੍ਹਾਂ ਸ਼ਬਦਾਂ ਵਿਚ ਵਿਚਾਰ ਪੇਸ਼ ਕਰਦੇ ਹਨ :

*ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ।*
*ਰੂਪ ਰੰਗ ਅਰੁ ਰੇਖ ਭੇਖ, ਕੋਊ ਕਹਿ ਨ ਸਕਤ ਕਿਹ।*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿੱਤੋਜ ਕਹਿੱਜੈ।*
*ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿੱਜੈ।*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ।*
*ਤ੍ਵ ਸਰਬ ਨਾਮ ਕਥੈ ਕਵਨ ਕਰਮ-ਨਾਮ ਬਰਣਤ ਸੁਮੱਤਿ ॥੧॥*

ਉਸ ਮਾਲਕ ਦਾ ਨਾਮ ਜਪਿਆ ਜਾਵੇ ਤਾਂ ਕਿਹੜਾ ਨਾਮ ਜਪਿਆ ਜਾਵੇ, ਕੀ ਕੋਈ ਨਾਮ ਹੈ ਜੋ ਉਸ ਦੇ ਸਰੂਪ ਨੂੰ ਸਾਡੀਆਂ ਅੱਖਾਂ ਅੱਗੇ ਸਾਵਾਂ ਦਾ ਸਾਵਾਂ ਖੜ੍ਹਾ ਕਰ ਸਕੇ। ਕੀ ਕੋਈ ਗੁਣ ਹੈ ਜਿਸ ਨਾਲ ਉਸ ਗੁਣਾਤੀਤ ਪਾਰਬ੍ਰਹਮ ਦੀ ਉਸਤਤ ਕੀਤੀ ਜਾ ਸਕੇ? ਨਹੀਂ, ਉਹ ਤਾਂ ਨਾਮ ਤੇ ਗੁਣ ਤੋਂ ਰਹਿਤ ਹੈ। ਕੀ ਕੋਈ ਰੂਪ ਨਿਸ਼ਚਿਤ ਕੀਤਾ ਜਾ ਸਕਦਾ ਹੈ ਉਸ ਪਾਰਬ੍ਰਹਮ ਦਾ, ਉਹ ਬ੍ਰਹਮ ਨਾਮ, ਗੁਣ ਤੇ ਰੂਪ ਤੋਂ ਪਰੇ ਹੈ, ਇਸੇ ਲਈ ਨਾਮਾਤੀਤ, ਗੁਣਾਤੀਤ ਅਤੇ ਰੂਪਾਤੀਤ ਕਰਕੇ ਵੀ ਵਖਾਣਿਆ ਜਾਂਦਾ ਹੈ। 'ਕਿਰਤਮ ਨਾਮ ਜਪੇ ਤਿਰੀ ਜਿਹਬਾ' ਵਾਂਗ ਇੱਥੇ ਵੀ ਫੁਰਮਾਇਆ ਹੈ 'ਤਵ ਸਰਬ ਨਾਮ ਕੱਥੈ ਕਵਨ, ਕਰਮ ਨਾਮ ਬਰਣਤ ਸੁਮਤ'। ਉਸ ਦਾ ਕੋਈ ਨਾਂ ਨਹੀਂ, ਥਾਂ ਨਹੀਂ, ਨਾ ਕੋਈ ਚਿਨ੍ਹ-ਚਕ੍ਰ ਹੀ ਹੈ, ਕੋਈ ਵਰਣ ਨਹੀਂ, ਨਾ ਹੀ ਜਾਤ ਜਾਂ ਪਾਤ ਹੈ, ਉਸ ਦਾ ਰੂਪ ਕੀ ਹੈ? ਰੰਗ ਕੀ ਹੈ? ਉਸ ਦੀ ਰੇਖ ਬਾਰੇ ਜਾਂ ਉਸ ਦੇ ਭੇਖ ਬਾਰੇ ਵੀ ਕੌਣ ਕੀ ਕਹਿ ਸਕਦਾ ਹੈ? ਕਰੋੜਾਂ ਦੇਵੀ ਦੇਵਤੇ, ਇੰਦਰ ਇੰਦ੍ਰਾਣੀ, ਤਿੰਨਾਂ ਲੋਕਾਂ ਦੇ ਰਾਜੇ, ਸੁਰ, ਨਰ ਤੇ ਦੈਤ ਉਸ ਦੇ ਨਾਮ-ਰੂਪ ਤੇ ਗੁਣ ਦੀ ਥਾਹ ਨਹੀਂ ਪਾ ਸਕਦੇ ਤੇ ਆਖਰ 'ਨੇਤ ਨੇਤ', ਇਹ ਵੀ ਨਹੀਂ ਹੈ, ਇਹ ਵੀ ਨਹੀਂ ਹੈ, ਕਹਿ ਕੇ ਵਣ ਤੇ ਤ੍ਰਿਣ ਸਭ ਵਿਚ ਸਮਾਈ ਸ਼ਕਤੀ ਕਹਿ ਕੇ ਹੀ ਚੁੱਪ ਹੋ ਜਾਂਦੇ ਹਨ। ਆਪ ਫਰਮਾਉਂਦੇ ਹਨ :

*ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ।*
*ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗੁ ਅਰੁ ਰੇਖ।*
*ਪਰਮ ਬੇਦ ਪੁਰਾਣ ਜਾਕਹਿ ਨੇਤ ਭਾਖਤ ਨਿੱਤ।*
*ਕੋਟਿ ਸਿੰਮ੍ਰਿਤਿ ਪੁਰਾਨ ਸਾਸਤ੍ਰ, ਨ ਆਵਈ ਵਹੁ ਚਿੱਤਿ ॥੮੬॥*

ਸਾਡੇ ਸ੍ਰੇਸ਼ਟ ਸ਼ਾਸਤਰ, ਵੇਦ, ਪੁਰਾਣ ਤੇ ਸਿਮਰਤੀਆਂ ਉਸ ਬਾਰੇ ਵਿਚਾਰ ਕਰਦੀਆਂ ਹਨ, ਪਰ ਉਸ ਦਾ ਕੋਈ ਰੂਪ, ਰੰਗ ਤੇ ਰੇਖ ਚਿੱਤ ਵਿਚ ਆਉਂਦਾ ਹੀ ਨਹੀਂ ਹੈ, ਜਦਕਿ ਉਹ ਸਭ ਥਾਂ ਜਾ ਸਕਦਾ ਹੈ, ਸਭ ਦਾ ਅੰਤ ਕਰਨ ਵਾਲਾ ਹੈ ਅਤੇ ਕਿਸੇ ਨਾਲ ਵੀ ਉਸ ਦਾ ਭੇਖ ਨਹੀਂ ਮਿਲਦਾ ਹੈ। ਜਿਵੇਂ :

*ਦੇਵ ਭੇਵ ਨ ਜਾਨ ਹੀਂ, ਜਿਹ ਬੇਦ ਅਉਰ ਕਤੇਬ।*
*ਰੂਪ ਰੰਗ ਨ ਜਾਤਿ ਪਾਤਿ, ਸੁ ਜਾਨਈ ਕਿਹ ਜੇਬ।*
*ਤਾਤ ਮਾਤ ਨ ਜਾਤ ਜਾ ਕਰ, ਜਨਮ ਮਰਨ ਬਿਹੀਨ।*
*ਚੱਕ੍ਰ ਬੱਕ੍ਰ ਫਿਰੈ ਚਤੁਰ ਚੱਕਿ, ਮਾਨ ਹੀ ਪੁਰ ਤੀਨ ॥੮੨॥*

ਉਹ ਰੂਪ ਰੰਗ, ਜਾਤ ਪਾਤ ਤੋਂ ਪਰ੍ਹੇ ਹੈ, ਉਸ ਦੀ ਨਾ ਕੋਈ ਮਾਤਾ ਹੈ ਨਾ ਪਿਤਾ ਹੈ, ਜੋ ਜਨਮ ਤੇ ਮਰਨ ਤੋਂ ਰਹਿਤ ਹੈ। ਇਸ ਦੇ ਬਾਵਜੂਦ ਵੀ ਉਹ ਚਹੁ ਚੱਕ ਪ੍ਰਿਥਵੀ ਤੇ ਟੇਢਾ ਮੇਢਾ ਭੌਂਦਾ ਹੈ ਤੇ ਤਿੰਨਾਂ ਲੋਕਾਂ ਦਾ ਸੁਆਮੀ ਮੰਨਿਆ ਜਾਂਦਾ ਹੈ। ਦੇਵਤੇ ਅਤੇ ਵੇਦ ਜਾਂ ਕੁਰਾਨ ਵੀ ਜਿਸਦਾ ਭੇਦ ਨਹੀਂ ਜਾਣ ਸਕਦੇ, ਉਸ ਨੂੰ ਪਾਉਣ ਲਈ, ਉਸ ਤੀਕ ਪੁੱਜਣ ਲਈ, ਉਸ ਦਾ ਅਨੁਮਾਨ ਕਰਨ ਲਈ, ਆਭਾਸ ਕਰਨ ਲਈ ਸਾਡੇ ਕੋਲ ਕੇਵਲ ਇਕ ਇਕ ਸਾਧਨ ਜਾਪ ਜਾਂ ਸਿਮਰਨ ਹੀ ਰਹਿ ਜਾਂਦਾ ਹੈ, ਉਸ ਸਵੈ ਭੂ (ਸੈਭੰ) ਕਰਤਾ ਤੇ ਹਰਤਾ ਨੇ ਸਾਰੇ ਵਿਸ਼ਵ ਦੀ ਰਚਨਾ ਕੀਤੀ ਹੈ, ਉਹ ਪਰਮ ਰੂਪਵਾਨ ਹੈ, ਪੁਨੀਤ ਹੈ, ਮੂਰਤ ਰੂਪ ਹੈ, ਪੂਰਨ ਪੁਰਖ ਹੈ, ਉਸ ਦੀ ਲੀਲ੍ਹਾ ਅਪਰੰਪਾਰ ਹੈ। ਸਾਰੀ ਸ੍ਰਿਸ਼ਟੀ ਦੀ ਥਾਪਣਾ ਕਰਨ ਵਾਲਾ ਉਹ ਆਪ ਹੀ ਆਪ ਹੈ, ਚੌਦਾਂ ਲੋਕਾਂ ਵਿਚ ਲੋਕ ਉਸ ਦਾ ਹੀ ਜਾਪ ਕਰ ਰਹੇ ਹਨ, ਹੋਰ ਕੋਈ ਸਾਧਨ ਨਹੀਂ, ਕੋਈ ਰਸਤਾ ਨਹੀਂ :

*ਲੋਕ ਚਉਦਹ ਕੇ ਬਿਖੈ ਜਗ ਜਾਪ ਹੀ ਜਿਹ ਜਾਪੁ।*
*ਆਦਿ ਦੇਵ ਅਨਾਦਿ ਮੂਰਤਿ, ਥਾਪਿਓ ਸਬੈ ਜਿਹ ਥਾਪੁ ॥*
*ਪਰਮ ਰੂਪ ਪੁਨੀਤ ਮੂਰਤਿ, ਪੂਰਨ ਪੁਰਖੁ ਅਪਾਰ।*
*ਸਰਬ ਬਿਸ੍ਵ ਰਚਿਓ ਸੁਯੰਭਵ, ਗੜ੍ਹਨ ਭੰਜਨ ਹਾਰ ॥੮੩॥*

ਮੁੱਢ ਵਿਚ ਪ੍ਰਭੂ ਦੇ ਸਰੂਪ ਬਾਰੇ ਜੀਵ ਦੀ ਅਗਵਾਈ ਕਰਨ ਪਿਛੋਂ ਉਸ ਪ੍ਰਭੂ ਦੇ ਨਾਮ ਦਾ ਜਾਪ, ਸਰਬ ਪ੍ਰਥਮ ਨਮਸਕਾਰ ਤੋਂ ਪ੍ਰਾਰੰਭ ਕੀਤਾ ਗਿਆ ਹੈ। ਛੰਦ ਨੰਬਰ 2 ਤੋਂ ਲੈ ਕੇ 28 ਤੱਕ ਭੁਜੰਗ ਪ੍ਰਯਾਤ ਛੰਤ ਵਿਚ ਪ੍ਰਭੂ ਦੇ ਵਿਵਿਧ ਕਰਮ ਨਾਮ ਜਾਂ ਕਿਰਤਮ ਨਾਮ ਲੈ ਕੇ ਉਸ ਨੂੰ ਨਮੋ ਬੰਦਨਾ, ਪੂਜਾ-ਅਰਚਨਾ ਤੇ ਜਸ-ਕੀਰਤ ਕੀਤੀ ਗਈ ਹੈ। ਨਮਸਕਾਰ ਪ੍ਰਭੂ ਨੂੰ ਕੀਤਾ ਗਿਆ ਹੈ ਪਰ ਹਰ ਸੰਬੋਧਨ ਪ੍ਰਭੂ ਦੇ ਇਕ ਜਾਂ ਦੂਜੇ ਸੰਸਾਰੀ ਸਰੂਪ ਬਾਰੇ

ਪ੍ਰਕਾਸ਼ ਪਾਉਂਦਾ ਹੈ। ਜੇ ਸੋਖ ਲਈ ਨਮਸਤੇ ਜਾਂ ਨਮਸੱਤਸਤ, ਜਾਂ ਨਮੋ ਨਾਲ ਆਏ ਸਾਰੇ ਵਿਸ਼ੇਸ਼ਣ ਤੇ ਸੰਬੋਧਨ ਵੱਖ ਕਰਕੇ ਰਖੇ ਜਾਣ ਤਾਂ ਸਭ ਤੋਂ ਪਹਿਲਾਂ 'ਨੇਤ' ਰੂਪ ਵਾਲੇ ਸੰਬੋਧਨ ਹੀ ਵਰਤੇ ਗਏ ਹਨ, ਅਕਾਲੇ, ਅਰੂਪੇ, ਅਨੂਪ, ਅਭੇਖੇ, ਅਲੇਖੇ, ਅਨਾਏ, ਅਜਾਏ, ਅਗੰਦੇ, ਅਭੰਜੇ, ਅਨਾਮੇ, ਅਕਰਮੰ, ਅਧਰਾਤੰ, ਅਨਾਮੰ, ਅਧਾਮੰ, ਅਜੀਤੇ, ਅਭੀਤੇ, ਅਬਾਹੇ, ਅਢਾਹੇ, ਅਨੀਲੇ, ਅਨਾਦੇ, ਲਾਂਹ ਮੁਖੀ ਜਾਂ ਨੇਤ ਬਚਨਾਂ ਦਾ ਇਹ ਸਿਲਸਿਲਾ ਛੰਤ 18 ਤਕ ਬਰਾਬਰ ਚਲ ਰਿਹਾ ਹੈ। ਦੂਜੇ ਛੰਦ ਵਿਚ ਆਇਆ ਸੰਬੋਧਨ 'ਕ੍ਰਿਪਾਲੇ' ਇਸ ਦਾ ਅਪਵਾਦ ਹੀ ਹੈ। 12ਵੇਂ ਛੰਦ ਤੋਂ 22 ਤਕ ਹਾਂ-ਮੁਖੀ ਸੰਬੋਧਨ ਵੀ ਦੇਖਣ ਵਾਲੇ ਹਨ। ਨਮੋ ਨੂੰ ਪਾਸੇ ਰਖ ਕੇ ਇਹ ਸੰਬੋਧਨ ਹਨ—ਸਰਬਕਾਲੇ, ਸਰਬ ਦਿਆਲੇ, ਸਰਬ ਰੂਪੇ, ਸਰਬ ਭੂਪੇ, ਸਰਬ ਥਾਪੇ, ਸਰਬ ਕਾਲੇ, ਸਰਬ ਪਾਲੇ, ਅੱਗੇ 28 ਤੱਕ ਦੋਵਾਂ ਕਿਸਮ ਦੇ ਸੰਬੋਧਨਾਂ ਨਾਂਹ ਮੁਖੀ ਤੇ ਹਾਂ ਮੁਖੀ—ਦਾ ਮਿਲਵਾਂ ਜੁਲਵਾਂ ਰੂਪ ਸਾਮ੍ਹਣੇ ਆਇਆ ਹੈ। ਅਗਲੇ ਛੰਦਾਂ ਵਿਚ 'ਨਮੋ' ਨਾਲ ਆਏ ਭਾਵ ਸੰਬੋਧਨ ਇੱਥੇ ਇਸ ਲਈ ਦੇ ਰਹੇ ਹਾਂ ਤਾਂ ਜੋ ਪਤਾ ਲੱਗ ਸਕੇ ਕਿ ਗੁਰੂ ਗੋਬਿੰਦ ਸਿੰਘ ਦੀ ਬ੍ਰਹਮ ਦੀ ਅਵਧਾਰਨਾ ਕਿੰਨੀ ਵਿਸ਼ਾਲ, ਬਹੁ ਪਰਤੀ, ਬਹੁ ਪਾਸਾਰੀ ਅਤੇ ਸਰਬ ਧਰਮ ਸਮਨੋਵਕਾਰੀ ਹੈ।

—ਨਮੋ ਕਾਲ ਕਾਲੇ  
—ਨਮੋ ਦੇਵ ਦੇਵੇ  
—ਨਮੋ ਚੰਦ੍ਰ ਚੰਦ੍ਰੇ। ਨਮੋ ਭਾਨ ਭਾਨੇ,  
—ਨਮੋ ਨ੍ਰਿਤ ਨ੍ਰਿਤੇ। ਨਮੋ ਨਾਦ ਨਾਦੇ,  
—ਨਮੋ ਪਰਮ ਗਿਆਤਾ। ਨਮੋ ਲੋਕ ਮਾਤਾ।  
—ਸਦਾ ਸਿੱਧਿਦਾ ਬੁੱਧਿਦਾ ਬ੍ਰਿਧਿ ਕਰਤਾ,  
—ਨਮੋ ਗੀਤ ਗੀਤੇ। ਨਮੋ ਪ੍ਰੀਤਿ ਪ੍ਰੀਤੇ,  
—ਨਮੋ ਸਰਬ ਰੋਗੇ। ਨਮੋ ਸਰਬ ਭੋਗੇ।

ਉਹ ਦੇਵਾਂ ਦਾ ਦੇਵ, ਚੰਦਾਂ ਦਾ ਚੰਦ ਤੇ ਸੂਰਜਾਂ ਦਾ ਸੂਰਜ ਹੈ। ਉਸ ਨੂੰ ਮੇਰੀ ਨਮੋ ਹੈ। ਉਹ ਨਿਰਤ ਕਰਦਾ ਨਿਰਤ ਰੂਪ ਹੋਇਆ ਹੋਇਆ ਹੈ, ਉਸ ਦਾ ਹੀ ਨਾਦ ਸਗਲ ਸ੍ਰਿਸ਼ਟੀ ਵਿਚ ਗੁੰਜਾਇਮਾਨ ਹੋ ਰਿਹਾ ਹੈ, ਉਹ ਨਿਰਤਦਾਰੀ ਨਾਦਕਾਰੀ, ਪਰਮ ਗਿਆਤਾ ਤੇ ਲੋਕ-ਮਾਤਾ ਨੂੰ ਮੇਰਾ ਪ੍ਰਣਾਮ ਪੁੱਜੇ। ਉਹ ਸਦਾ ਰਹਿਣ ਵਾਲਾ ਹੈ, ਸਿੱਧੀਆਂ ਪ੍ਰਦਾਨ ਕਰਨ ਵਾਲਾ ਹੈ, ਬੁੱਧੀ ਦੇਣ ਵਾਲਾ ਹੈ ਅਤੇ ਹਰ ਤਰ੍ਹਾਂ ਦੀ ਉੱਨਤੀ ਵਿਚ ਵਾਧਾ ਕਰਨ ਵਾਲਾ ਹੈ, ਗੀਤਾਂ ਦਾ ਗੀਤ, ਪ੍ਰੀਤਾਂ ਦਾ ਪ੍ਰੀਤ ਉਹ ਪ੍ਰਭੂ ਸਭ ਰੋਗਾਂ ਵਿਚ ਵੀ ਹੈ ਅਤੇ ਸਭ ਭੋਗਾਂ ਵਿਚ ਵੀ ਹੈ। ਇਹ ਸੰਸਾਰ ਦਵੈਤ ਤੋਂ ਬਣਿਆ ਹੈ, ਚੰਗਾ-ਮੰਦਾ, ਸੱਚਾ-ਝੂਠਾ, ਨਿਰੋਗ-ਰੋਗੀ, ਬ੍ਰਹਮਚਾਰੀ ਤੇ ਭੋਗੀ ਸਭ ਉਸ ਦੇ ਬਣਾਏ ਤੇ ਸਾਜੇ ਹਨ ਤੇ ਸਭਨਾਂ ਵਿਚ ਉਸ ਦੀ ਕਲਾ ਭਰਪੂਰ ਜਲਵੇ ਦਿਖਾ ਰਹੀ ਹੈ, ਪਰ ਕੁਝ ਨਾਸਮਝ ਲੋਕ ਸਮਝਦੇ ਹਨ ਕਿ ਉਹ ਚੰਗ ਵਿਚ ਤਾਂ ਹੈ, ਮੰਦ ਵਿਚ ਨਹੀਂ, ਸੱਚ ਵਿਚ ਤਾਂ ਹੈ ਪਰ ਝੂਠ ਵਿਚ ਨਹੀਂ, ਨਿਰੋਗਤਾ ਵਿਚ ਤਾਂ ਹੈ ਪਰ ਰੋਗ ਵਿਚ ਨਹੀਂ, ਬ੍ਰਹਮਚਰਯ ਵਿਚ ਤਾਂ ਹੈ ਪਰ ਭੋਗ ਵਿਚ ਨਹੀਂ। ਇੰਝ ਵਿਸਰਨ ਵਾਲੇ ਇਹ ਨਹੀਂ ਜਾਣਦੇ ਕਿ ਇਸ ਸੋਚ ਨਾਲ ਪ੍ਰਭੂ ਦਾ ਸਰਬੱਗ ਰੂਪ ਸੁੰਗੜ ਕੇ ਇਕਾਂਗੀ ਬ੍ਰਹਮ ਵਾਲਾ ਰਹਿ ਜਾਂਦਾ ਹੈ। ਇਸੇ ਲਈ ਗੁਰੂ ਦੇਵ ਨੇ ਇੱਥੇ ਸਰਬ ਰੋਗਾਂ ਦੇ ਨਾਲ ਹੀ ਸਰਬ ਭੋਗਾਂ ਨੂੰ ਵੀ ਨਮਸਕਾਰ ਕੀਤਾ ਹੈ ਕਿਉਂਕਿ ਉਨ੍ਹਾਂ ਦਾ ਪ੍ਰਭੂ ਤਾਂ ਸਰਬਤ ਰੂਪ ਵਾਲਾ ਹੈ ਜੋ ਹਰ ਥਾਂ ਰਹਿੰਦਾ ਹੈ, ਹਰ ਥਾਂ ਜਾਂਦਾ ਹੈ, ਹਰ ਕੰਮ ਕਰਦਾ ਹੈ ਤੇ ਫੇਰ ਵੀ ਇਸ ਸਭ ਤੋਂ ਅਤੀਤ, ਅਲੱਗ-ਥਲੱਗ ਬੈਠਾ ਤਮਾਸ਼ਾ ਵੇਖਦਾ ਰਹਿੰਦਾ ਹੈ। ਗੁਰੂ ਗੋਬਿੰਦ ਸਿੰਘ ਆਪਣੀ ਸਾਰੀ ਗੱਲ ਸਮੇਟਦੇ ਹੋਏ ਫਰਮਾਉਂਦੇ ਹਨ :

*ਨਾਮ ਠਾਮ ਨ ਜਾਤਿ ਜਾਕਰ, ਰੂਪ ਰੰਗ ਨ ਰੇਖ।*  
*ਆਦਿ ਪੁਰਖ ਉਦਾਰ ਮੂਰਤਿ, ਅਜੋਨਿ ਆਦਿ ਅਸੇਖ।*  
*ਦੇਸ ਅਉਰ ਨ ਭੇਸ ਜਾਕਰ, ਰੂਪ ਰੇਖ ਨ ਰਾਗ।*  
*ਜੱਤ੍ਰ ਤੱਤ੍ਰ ਦਿਸਾ ਵਿਸਾ, ਹੁਇ ਫੈਲਿਓ ਅਨੁਰਾਗ ॥੭੬॥*  
*ਨਾਮ ਕਾਮ ਬਿਹੀਨ ਪੇਖਤ, ਧਾਮ ਹੂੰ ਨਹਿ ਜਾਹਿ।*

ਸਰਬ ਮਾਨ ਸਰਬੱਤ੍ਰ ਮਾਨ, ਸਦੈਵ ਮਾਨਤ ਤਾਹਿਂ।
ਏਕ ਮੂਰਤਿ ਅਨੇਕ ਦਰਸਨ, ਕੀਨ ਰੂਪ ਅਨੇਕ।
ਖੇਲ ਖੇਲਿ ਅਖੇਲ ਖੇਲਨ, ਅੰਤ ਕੋ ਫਿਰਿ ਏਕ॥੮੮॥

ਹਰਿਬੋਲਮਨਾ ਛੰਦ ਵਿਚ ਉਨ੍ਹਾਂ ਨੇ ਪ੍ਰਭੂ ਦਾ ਇਕ ਨਵਾਂ ਰੂਪ ਲਿਆ ਹੈ ਜੋ ਤਤਕਾਲੀਨ ਭਾਰਤੀ ਸੰਦਰਭ ਨੂੰ ਮੁੱਖ ਰਖ ਕੇ ਸਾਮ੍ਹਣੇ ਲਿਆਂਦਾ ਗਿਆ ਜਾਪਦਾ ਹੈ। ਉਹ ਪ੍ਰਭੂ ਜੋ 'ਨ ਸਤ੍ਰੈ ਨ ਮਿਤ੍ਰੈ, ਨ ਭਰਮੰ, ਨ ਭਿਤ੍ਰੈ ਹੈ', ਇੱਥੇ ਆ ਕੇ ਉਹ 'ਕਿ ਧਰਮੰ ਧੁਜਾ ਹੈਂ' ਬਣ ਗਏ ਹਨ। ਕਰੁਣਾ ਜਾਂ ਦਇਆ ਦਾ ਸਾਗਰ ਹੁੰਦੇ ਹੋਏ ਵੀ ਦੁਸ਼ਮਣਾਂ ਦਾ ਘਾਣ ਕਰਨ ਵਾਲੇ, ਦੁਸ਼ਟਾਂ ਨੂੰ ਨਸ਼ਟ ਕਰਨ ਵਾਲੇ ਅਤੇ ਧਰਤੀ ਤਕ ਦੀ ਮਹਿਮਾ ਨੂੰ ਮੰਡਿਤ ਕਰਨ ਵਾਲੇ ਹੀ ਹਨ :

ਕਰੁਣਾਲਯ ਹੈਂ। ਅਰਿ ਘਾਲਯ ਹੈਂ।
ਖਲ ਖੰਡਨ ਹੈਂ। ਮਹਿ ਮੰਡਨ ਹੈਂ॥੧੬੭॥

ਪ੍ਰਭੂ ਦੇ ਵਿਵਿਧ ਨਾਵਾਂ ਤੇ ਗੁਣਾਂ ਦਾ ਬਿਰਦ ਕਰਦੇ ਹੋਏ ਗੁਰੂ ਜੀ ਖ਼ੁਦ ਵੀ ਅਜਪਾ ਜਾਪ ਹੀ ਹੋ ਗਏ ਹਨ। ਜਾਪ ਹੀ ਇਹ ਚਰਮ ਸੀਮਾ ਹੀ ਹੈ ਕਿ ਜਾਪਕ ਖ਼ੁਦ ਜਾਪ, ਸ਼ੁਧ ਜਪ ਹੀ ਹੋ ਗਿਆ ਹੈ। ਅਜਪਾ-ਜਾਪ ਉਸ ਨੂੰ ਕਹਿੰਦੇ ਹਨ ਜਿੱਥੇ ਬੁਲ੍ਹ ਨਹੀਂ ਹਿੱਲਦੇ, ਜ਼ਬਾਨ ਨਹੀਂ ਬੋਲਦੀ, ਕੋਈ ਪ੍ਰਯਤਨ ਨਹੀਂ, ਕੋਈ ਔਖ ਨਹੀਂ, ਸਹਿਜੇ ਹੀ ਨਾਮ ਦੀ ਰਟ ਅੰਦਰੇ ਅੰਦਰ ਸ਼ੁਰੂ ਹੋ ਜਾਂਦੀ ਹੈ, ਸ਼ਬਦ ਦੀ ਧੁਨਕਾਰ ਸ਼ੁਰੂ ਹੋ ਜਾਂਦੀ ਹੈ ਜਿੱਥੇ ਨਾਮ ਤੇ ਨਾਮੀ ਵਿਚ ਕੋਈ ਫ਼ਰਕ ਹੀ ਨਹੀਂ ਰਹਿ ਜਾਂਦਾ :

ਕਰੁਣਾਕਰ ਹੈਂ। ਬਿਸੁੰਭਰ ਹੈਂ।
ਸਰਬੇਸੁਰ ਹੈਂ। ਜਗਤੇਸੁਰ ਹੈਂ॥੧੭੧॥
ਬ੍ਰਹਮੰਡਸ ਹੈਂ। ਖਲ ਖੰਡਸ ਹੈਂ।
ਪਰ ਤੇ ਪਰ ਹੈਂ। ਕਰੁਣਾਕਰ ਹੈਂ॥੧੭੨॥
ਅਜਪਾ ਜਪ ਹੈਂ। ਅਥਪਾ ਥਪ ਹੈਂ।
ਅਕ੍ਰਿਤਾਕ੍ਰਿਤ ਹੈਂ। ਅੰਮ੍ਰਿਤਾਮ੍ਰਿਤ ਹੈਂ॥੧੭੩॥

ਉਹ ਪ੍ਰਭੂ ਕਰੁਣਾ ਦਾ ਭੰਡਾਰ ਹੈ, ਸਾਰੇ ਵਿਸ਼ਵ ਦਾ ਪਾਲਣ-ਪੋਸ਼ਣ ਕਰਨ ਵਾਲਾ ਹੈ, ਸਭ ਦਾ ਸੁਆਮੀ ਹੈ, ਸਾਰੇ ਜਗਤ ਦਾ ਮਾਲਕ ਹੈ। ਸਾਰੇ ਬ੍ਰਹਮੰਡ ਦਾ ਸਿਰਜਕ ਹੈ, ਦੁਸ਼ਟਾਂ ਨੂੰ ਖੰਡਨ ਕਰਨ ਵਾਲਾ ਹੈ, ਪ੍ਰਾਤਪਰ ਪ੍ਰਭੂ ਹੈ, ਕਰੁਣਾ ਦਾ ਭੰਡਾਰ ਹੈ, ਉਹ ਖ਼ੁਦ ਹੀ ਅਜਪਾ ਜਪ ਹੈ, ਬਿਨਾਂ ਥਾਪ ਦਿੱਤੇ ਸਹਿਜੇ ਹੀ ਅੰਦਰ ਫੁੱਟ ਕੇ ਵਗ ਟੁਰਨ ਵਾਲਾ ਅਨਹਦ ਨਾਦ ਹੈ। ਸਭ ਅਕਰਮਾਂ ਤੇ ਕਰਮਾਂ, ਅੰਮ੍ਰਿਤ ਤੇ ਮ੍ਰਿਤੂ ਦਾ ਮਾਲਕ ਹੈ।

ਜਾਪ ਦਾ ਲਖ਼ਸ਼ ਇਹ ਅਜਪਾ ਜਪ ਤੇ ਅਥਪਾ ਥਪ ਰੂਪ ਬਿਸੁੰਭਰ ਕਰੁਣਾਲਸ ਨੂੰ ਪ੍ਰਾਪਤ ਕਰਕੇ ਉਸ ਦੇ ਰੂਪ ਵਿਚ ਹੀ ਸਮਾ ਜਾਣਾ ਹੈ। ਇਹੋ ਗੱਲ ਆਪ ਮੁੜ ਦੁਹਰਾਉਂਦੇ ਹਨ :

ਭਵ ਭੰਜਨ ਹੈਂ। ਅਰਿ ਗੰਜਨ ਹੈਂ,
ਰਿਪੁ ਤਾਪਨ ਹੈਂ। ਜਪੁ ਜਾਪਨ ਹੈਂ॥੧੭੮॥

ਸਾਰੇ ਸੰਸਾਰ ਦਾ ਭੰਜਕ, ਦੁਸ਼ਮਨ ਦਾ ਹਰਤਾ, ਅਤੇ ਵੈਰੀਆਂ ਨੂੰ ਤਪਾਉਣ ਅਤੇ ਖਪਾਉਣ ਵਾਲਾ ਪ੍ਰਭੂ ਜਪ ਜਾਪਨ ਰੂਪ ਹੈ, ਖ਼ੁਦ ਹੀ ਜਪ ਰੂਪ ਹੋ ਕੇ 'ਜਾਪ ਸਾਹਿਬ' ਬਣ ਗਿਆ ਹੈ। ਅਗਲੇ ਛੰਦ ਵਿਚ ਕਿਹਾ ਹੈ, ਪਰਮਾਤਮਾ ਹੈਂ, ਸਰਬ ਆਤਮ ਹੈਂ, ਆਤਮ ਬਸ ਹੈਂ, ਜਸ ਕੋ ਜਸ ਹੈਂ। 'ਹਮ ਇਹ ਕਾਜ ਜਗਤ ਮੋ ਆਏ' ਵਾਲਾ ਆਪਣਾ ਪ੍ਰਿਯ ਵਿਸ਼ਾ ਲੈ ਕੇ ਹੀ ਆਪ ਇਹ ਜਾਪ ਧੁਨ ਸਥਾਪਿਤ ਕਰਦੇ ਹਨ ਅਤੇ ਦੁਕਾਨ ਜਾਂ ਭੈੜੇ ਸਮੇਂ ਦਾ ਨਾਸ ਕਰਨ ਦੀ ਮੰਗ ਕਰਦੇ ਹਨ। ਅਰਥਾਤ ਆਪ ਦਾ ਜਾਪ ਦਾ ਲਖ਼ਸ਼ ਆਤਮ ਕਲਿਆਣ ਜਾਂ ਮੁਕਤੀ ਪ੍ਰਾਪਤ ਕਰਨਾ ਨਹੀਂ ਹੈ, ਸਗੋਂ ਲੋਕ-ਕਲਿਆਣ ਲਈ ਕਾਮਨਾ ਕਰਦੇ ਹੋਏ ਇਹੋ ਵਰ ਮੰਗਦੇ ਹਨ ਕਿ ਦੁਸ਼ਮਣ ਦਾ ਨਾਸ ਹੋਵੇ ਤੇ ਦੇਸ ਤੇ ਪਈ ਭੀੜ ਮਿਟੇ :

ਚਤ੍ਰ ਚੱਕ੍ਰ ਵਰਤੀ, ਚਤ੍ਰ ਚੱਕ੍ਰ ਭੁਗਤੇ। ਸੁਯੰਭਵ ਸੁਭੰ, ਸਰਬਦਾ ਸਰਬ ਜੁਗਤੇ।
ਦੁਕਾਲੰ ਪ੍ਰਣਾਸੀ, ਦਿਆਲੰ ਸਰੂਪੇ। ਸਦਾ ਅੰਗ ਸੰਗੇ ਅਭੰਗੰ ਬਿਭੂਤੇ॥੧੯੯॥

# ਜ਼ਫ਼ਰਨਾਮਾ : ਜਿੱਤ ਦਾ ਪ੍ਰਚੰਡ ਰੂਪ

ਤਾਰਿਕ ਕਿਫ਼ਾਇਤਉੱਲ੍ਹਾ

ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਫ਼ਾਰਸੀ ਰਚਨਾ ਹੈ। 'ਜ਼ਫ਼ਰਨਾਮਾ' ਫ਼ਾਰਸੀ ਦੇ ਦੋ ਸ਼ਬਦਾਂ 'ਜ਼ਫ਼ਰ' ਅਤੇ 'ਨਾਮਾ' ਨਾਲ ਮਿਲਕੇ ਬਣਿਆ ਹੈ। ਜ਼ਫ਼ਰ ਦਾ ਅਰਥ ਹੈ ਜਿੱਤ, ਕਾਮਯਾਬੀ, ਤਕਮੀਨ ਅਤੇ ਨਾਮਾ ਦਾ ਅਰਥ ਹੈ ਲਿਖਤ, ਕਿਰਤ, ਚਿੱਠੀ, ਪੱਤਰ, ਪੁਸਤਕ ਆਦਿ। ਸਟੀਨਗੈਸ (Steingass) ਦੁਆਰਾ ਜ਼ਫ਼ਰਨਾਮਾ ਦੇ ਇੰਦਰਾਜ ਅਧੀਨ ਲਿਖਿਆ ਗਿਆ ਹੈ : A congertulatoey Letter on a victory; Title of a Book on Politics and Morals.[1]

'ਜ਼ਫ਼ਰਨਾਮਾ' ਦਾ ਜਿਹੜਾ ਪਾਠ 'ਦਸ਼ਮ ਗ੍ਰੰਥ' ਵਿਚ ਦਰਜ ਹੈ, ਉਸ ਵਿਚ ਕੇਵਲ 111 ਤੋਂ 115 ਬੈਂਤ ਜਾਂ ਸ਼ਿਅਰ ਸ਼ਾਮਲ ਹਨ।[2] ਕੁਝ ਖੋਜੀਆਂ ਦਾ ਵਿਚਾਰ ਹੈ ਕਿ ਇਹ 'ਜ਼ਫ਼ਰਨਾਮਾ' ਦਾ ਸੰਪੂਰਨ ਪਾਠ ਨਹੀਂ ਹੈ ਸਗੋਂ ਜ਼ਫ਼ਰਨਾਮਾ ਦੇ ਮੂਲ ਪਾਠ ਦਾ ਕੇਵਲ ਇਕ ਭਾਗ ਹੈ।[3] 'ਜ਼ਫ਼ਰਨਾਮਾ' ਦੇ ਸ਼ੀਰਸ਼ਕ ਅਧੀਨ ਛਪੀਆਂ ਪੁਸਤਕਾਂ ਵਿਚ ਅਕਸਰ 861-867 ਸ਼ਿਅਰ ਮਿਲਦੇ ਹਨ।[4] ਕਿਸੇ ਵੀ ਉਪਲਬਧ ਪ੍ਰਕਾਸ਼ਨ ਵਿਚ ਸ਼ਿਅਰਾਂ ਦੀ ਗਿਣਤੀ 904 ਤੋਂ ਵੱਧ ਨਹੀਂ ਹੈ।[5] 'ਦਸ਼ਮ ਗ੍ਰੰਥ' ਵਿਚ ਸ਼ਾਮਲ ਸ਼ਿਅਰਾਂ ਤੋਂ ਵੀ ਇਹ ਪ੍ਰਤੀਤ ਹੁੰਦਾ ਹੈ ਕਿ ਮਜ਼ਮੂਨ ਦੇ ਲਿਹਾਜ਼ ਨਾਲ ਲੜੀ ਵਿਚ ਜ਼ਰੂਰ ਕਿਤੇ ਵਿਘਨ ਪਿਆ ਹੈ। ਸਾਰੇ ਸ਼ਿਅਰ ਆਪਣੀ ਅਸਲੀ ਤਰਤੀਬ ਤੇ ਸਰੂਪ ਵਿਚ ਉਪਲੱਬਧ ਹੋ ਸਕਦੇ ਹਨ ਤਾਂ ਗੁਰੂ ਸਾਹਿਬ ਦੇ ਕਾਵਿ ਕੋਸ਼ਲ ਦਾ ਮੁਨੱਵਰ ਜਲਵਾ ਅਤੇ ਰਯਾਤੀਅਤਾ ਕਰਨ ਵਾਲੇ ਜਜ਼ਬਾਤ ਦਾ ਪ੍ਰਗਟਾਵਾ ਆਪਣੇ ਪੂਰੇ ਸ਼ਬਾਬ ਤੇ ਵੇਖਣ ਨੂੰ ਮਿਲਦਾ। ਇਹ ਫਾਰਸੀ ਸਾਹਿਤ ਦਾ ਇਕ ਨਿਵੇਕਲਾ ਨਮੂਨਾ ਹੋਣਾ ਸੀ। ਇਸ ਦਾ ਕੁੱਝ ਅੰਦਾਜ਼ਾ ਉਨ੍ਹਾਂ ਰਕਾਯਤਾਂ ਦੇ ਸ਼ਿਅਰਾਂ ਤੋਂ ਲਾਇਆ ਜਾ ਸਕਦਾ ਹੈ ਜਿਨ੍ਹਾਂ ਨੂੰ ਕਈ ਪ੍ਰਕਾਸ਼ਕਾਂ ਵਲੋਂ 'ਜ਼ਫ਼ਰਨਾਮਾ' ਦੇ ਹਿੱਸੇ ਵਜੋਂ ਹੀ ਪ੍ਰਕਾਸ਼ਤ ਕੀਤਾ ਗਿਆ ਹੈ[6] ਅਤੇ ਪੁਰਾਤਨ ਬੀੜਾਂ ਵਿਚ ਇਹ 'ਜ਼ਫ਼ਰਨਾਮਾ' ਤੋਂ ਪਿਛੋਂ ਸ਼ਾਮਲ ਕੀਤੀਆਂ ਗਈਆਂ ਹਨ ਪਰ ਇਨ੍ਹਾਂ ਦਾ ਵਿਸ਼ਾ 'ਜ਼ਫ਼ਰਨਾਮਾ' ਤੋਂ ਵੱਖਰਾ ਹੈ। ਇਨ੍ਹਾਂ ਨੂੰ ਇਕੱਠਿਆਂ ਕਰਨ ਦਾ ਕਾਰਨ ਇਹ ਜਾਪਦਾ ਹੈ ਕਿ ਸਾਰੇ ਫ਼ਾਰਸੀ ਕਲਾਮ ਨੂੰ ਸੁਰੱਖਿਅਤ ਕਰ ਲਿਆ ਜਾਵੇ।[7] ਫਿਰ ਇਨ੍ਹਾਂ ਸਭ ਦੀ ਬਹਿਰ 'ਮੁਰਕਾਰਿਬ ਮੁਸੱਮਨ ਮਹਿਜ਼ੂਫ਼ (ਮਕਸੂਰ)' ਅਰਥਾਤ ਫਊਲਨ ਫਊਲਨ ਫਊਲਨ ਫਊਲ ਹੈ, ਉਹੀ ਬਹਿਰ ਜਿਸ ਵਿਚ ਫਾਰਸੀ ਦੀਆਂ ਸ਼ਾਹਨਾਮਾ-ਏ- ਫਿਰਦੋਸੀ ਵਰਗੀਆਂ ਪ੍ਰਸਿੱਧ ਰਜ਼ਮੀਆਂ ਮਸਨਵੀਆਂ ਲਿਖੀਆਂ ਗਈਆਂ ਹਨ। ਇਨ੍ਹਾਂ ਦੇ ਕਥਾ ਪੱਖ ਨੂੰ ਛੱਡ ਕੇ ਇਨ੍ਹਾਂ ਦਾ ਜੋਸ਼, ਇਨ੍ਹਾਂ ਦਾ ਵਲਵਲਾ, ਇਨ੍ਹਾਂ ਦੀ ਕਾਟ, ਇਨ੍ਹਾਂ ਦੀ ਤੜਪ, ਹਰੇਕ ਜਜ਼ਬਾ ਸੀਨੇ ਵਿਚ ਅੱਗ ਬਾਲਦਾ ਨਜ਼ਰ ਆਉਂਦਾ ਹੈ। ਵਿਸ਼ੇਸ਼ ਕਰਕੇ ਹਰੇਕ ਹਕਾਯਤ ਦੇ ਅਖ਼ੀਰ ਵਿਚ ਸਾਕੀਨਾਮੇ ਦੇ ਸ਼ਿਅਰ ਮੁਰਦਿਆਂ ਨੂੰ ਵੀ ਜੀਵਨ ਦਾਨ ਕਰਕੇ ਜੰਗ ਦੇ ਮੈਦਾਨ ਵਿਚ ਕੁੱਦ ਜਾਣ ਦਾ ਹੌਂਸਲਾ ਦਿੰਦੇ ਪ੍ਰਤੀਤ ਹੁੰਦੇ ਹਨ ਜਿਵੇਂ ਕਿ :

ਬ ਦਿਹ ਸਾਕੀਆ ਸਾਗਰ-ਏ-ਕੋਕਨਾਰ — ਕਿ ਦਰ ਦਰ ਵਕਤ-ਏ ਜੰਗਸ਼ ਬਆਯਦਬਕਾਰ
ਕਿ ਖ਼ੂਬ ਅਸਤ ਦਰ ਵਕਤ-ਏ ਖ਼ਸਮ ਅਫ਼ਗਨੀ — ਕਿ ਯਕ ਕਤਰਾ-ਅਸ਼ ਫ਼ੀਲ ਰਾ ਪੈ ਕੁਨੀ
ਬ ਦਿਹ ਸਾਕੀਆ ਸਾਗਰ-ਏ-ਸਬਜ਼ਗੂੰ — ਕਿ ਮਾਰਾ ਬਕਾਰ ਅਸਤ ਜੰਗ ਅੰਦਰੂੰ
ਲਬਾਲਬ ਬਕੁਨ ਦਮ-ਬ-ਦਮ ਨੋਸ਼ ਕੁਨ — ਗ਼ਮ-ਏ-ਦਰਦੋਆਨਮ ਫ਼ਰਾਮੋਸ਼ ਕੁਨ

ਇਸ ਅਧਿਐਨ ਲਈ ਸਿਰਫ਼ ਉਸ ਪਾਠ ਨੂੰ ਹੀ ਆਧਾਰ ਬਣਾਇਆ ਗਿਆ ਹੈ ਜਿਹੜਾ 'ਦਸ਼ਮ ਗ੍ਰੰਥ' ਵਿਚ ਸ਼ਾਮਲ ਹੈ ਅਤੇ ਜਿਸ ਦੀ ਪ੍ਰਮਾਣਿਕਤਾ ਨਿਸ਼ਚਿਤ ਹੈ। ਭਾਵੇਂ ਕੁੱਝ ਵਿਦਵਾਨਾਂ ਦਾ ਵਿਚਾਰ ਹੈ ਕਿ

'ਜ਼ਫ਼ਰਨਾਮਾ' ਇਕ ਪੱਤਰ ਨਾ ਹੋ ਕੇ ਇਕ ਮਸਨਵੀਂ ਦੇ ਰੂਪ ਵਿਚ ਲਿਖਿਆ ਗਿਆ ਸੀ। ਇਸੇ ਲਈ ਇਸ ਵਿਚ ਮਸਨਵੀ ਦੀ ਪਰੰਪਰਾ ਨੂੰ ਸਨਮੁੱਖ ਰਖਿਆ ਗਿਆ ਹੈ।[8] ਪਰ ਸਾਡੇ ਵਿਚਾਰ ਅਨੁਸਾਰ ਫ਼ਾਰਸੀ ਵਿਚ ਪੱਤਰ ਲਿਖਣ ਲਈ ਵੀ ਕਈ ਰਵਾਇਤਾਂ ਨੂੰ ਸਾਹਮਣੇ ਰੱਖਿਆ ਜਾਂਦਾ ਸੀ। ਇਸ ਵਿਚ ਵੀ ਹਮਦ, ਮੁਨਾਮਾਤ, ਨਾਅਤ ਆਦਿ ਦੇ ਸ਼ਿਅਰ ਉਸੇ ਤਰ੍ਹਾਂ ਸ਼ੁਰੂ ਵਿਚ ਆਉਂਦੇ ਸਨ ਜਿਵੇਂ ਕਿ ਮਸਨਵੀ ਵਿਚ ਰਖੇ ਜਾਂਦੇ ਸਨ। 'ਜ਼ਫ਼ਰਨਾਮਾ' ਜੇ ਹਮਦ ਨਾਲ ਸ਼ੁਰੂ ਹੋਇਆ ਹੈ ਅਤੇ ਇਸ ਵਿਚ ਨਾਅਤ ਦੇ ਸ਼ਿਅਰ ਵੀ ਹਨ ਤਾਂ ਇਸ ਤੋਂ ਇਹ ਗੱਲ ਸਾਬਿਤ ਹੁੰਦੀ ਕਿ ਇਸ ਨੂੰ ਪੱਤਰ ਰੂਪ ਵਿਚ ਨਹੀਂ, ਮਸਨਵੀਂ ਰੂਪ ਵਿਚ ਰਚਿਆ ਗਿਆ ਸੀ। ਫਿਰ ਇਹ ਵੀ ਕੋਈ ਪਾਬੰਦੀ ਨਹੀਂ ਕਿ ਪੱਤਰ ਲਈ ਮਸਨਵੀ ਦਾ ਕਾਵਿ-ਰੂਪ ਵਰਤਿਆ ਨਹੀਂ ਜਾ ਸਕਦਾ।

'ਜ਼ਫ਼ਰਨਾਮਾ' ਜਿਵੇਂ ਕਿ ਸਿਰਨਾਵਾਂ ਦੱਸਦਾ ਹੈ ਕਿ ਜਿੱਤ ਦਾ ਪ੍ਰਤੀਕ ਹੈ। ਇਹ ਜਿੱਤ ਗੁਰੂ ਸਾਹਿਬ ਨੂੰ ਕਿਵੇਂ ਅਤੇ ਕਿਹੜੀਆਂ ਕਿਹੜੀਆਂ ਕੁਰਬਾਨੀਆਂ ਦੇ ਸਿੱਟੇ ਵਿਚ ਪ੍ਰਾਪਤ ਹੋਈ, ਇਸ ਜਿੱਤ ਲਈ ਗੁਰੂ ਸਾਹਿਬ ਦੇ ਕਿਹੜੇ ਚਹੇਤੇ ਸ਼ਹੀਦ ਹੋਏ, ਕਿਹੜੇ ਵੈਰੀ ਫ਼ਨ੍ਹਾ ਜਾਂ ਜ਼ਲੀਲ ਹੋਏ, ਇਹ ਸਭ ਇਤਿਹਾਸ ਵਿਚ ਅੰਕਿਤ ਹੈ ਅਤੇ ਅਸੀਂ ਸਾਰੇ ਉਸ ਤੋਂ ਭਲੀ ਭਾਂਤ ਜਾਣੂ ਹਾਂ। ਔਰੰਗਜ਼ੇਬ, ਜਿਸ ਨੂੰ ਇਸ 'ਜ਼ਫ਼ਰਨਾਮੇ' ਰਾਹੀਂ ਸੰਬੋਧਿਤ ਕੀਤਾ ਗਿਆ ਸੀ ਕਿਵੇਂ ਮਾਨਿਸਕ ਤੋਰ 'ਤੇ ਪ੍ਰੇਸ਼ਾਨੀ ਦਾ ਸ਼ਿਕਾਰ ਹੋਇਆ, ਉਸ ਦੀ ਵਿਸ਼ਾਲ ਸਲਤਨਤ (ਮੁਗ਼ਲ ਰਾਜ) ਦੀ ਕੀ ਬੁਰੀ ਹਾਲਤ ਹੋਈ ਇਹ ਵੀ ਦੁਨੀਆਂ ਵੇਖ ਚੁੱਕੀ ਹੈ। ਇਸ ਤਾਰੀਖ਼ੀ ਪੱਖ ਨੂੰ ਛੱਡਦਿਆਂ ਅਸੀਂ ਤਾਂ 'ਜ਼ਫ਼ਰਨਾਮਾ' ਦੇ ਰੂਹਾਨੀ ਪੱਖ 'ਤੇ ਝਾਤ ਮਾਰਨੀ ਚਾਹੁੰਦੇ ਹਾਂ ਅਤੇ ਇਹ ਵੇਖਣਾ ਚਾਹੁੰਦੇ ਹਾਂ ਕਿ ਕੀ 'ਜ਼ਫ਼ਰਨਾਮਾ' ਇਸ ਪੱਖੋਂ ਵੀ ਆਪਣੇ ਸਿਰਨਾਵੇਂ ਅਨੁਸਾਰ ਵਾਕਈ ਜਿੱਤ ਦਾ ਰੂਪ ਹੈ।

ਹਾਰ ਅਤੇ ਜਿੱਤ ਦੋ ਪ੍ਰਕਾਰ ਦੀ ਹੁੰਦੀ ਹੈ। ਆਮ ਲੋਕ ਫ਼ੌਜਾਂ ਅਤੇ ਹਥਿਆਰਾਂ ਦੇ ਬਲਬੂਤੇ ਹਾਸਲ ਕੀਤੇ ਭੂਇ ਦੇ ਟੁੱਕੜੇ ਜਾਂ ਵੈਰੀ ਕੋਲੋਂ ਖੋਹੇ ਗਏ ਮਾਲ ਨੂੰ ਹੀ ਜਿੱਤ ਸਮਝਦੇ ਹਨ, ਪਰ ਇਹ ਜਿੱਤ ਕੇਵਲ ਜ਼ਾਹਰੀ ਤੇ ਆਰਜ਼ੀ ਹੁੰਦੀ ਹੈ। ਇਹ ਜਿੱਤ ਤਬਾਹੀ, ਬਰਬਾਦੀ ਅਤੇ ਨਫ਼ਰਤ ਲਿਆਉਂਦੀ ਹੈ। ਇਸ ਜਿੱਤ ਨਾਲ ਲੋਕਾਂ ਦੇ ਸ਼ਰੀਰਾਂ ਨੂੰ ਆਪਣੇ ਅਧੀਨ ਕਰਕੇ ਉਨ੍ਹਾਂ 'ਤੇ ਰਾਜ ਕੀਤਾ ਜਾ ਸਕਦਾ ਹੈ, ਪਰ ਉਨ੍ਹਾਂ ਦੇ ਮਨਾਂ ਉੱਤੇ ਜੇਤੂ ਦਾ ਕੋਈ ਵੱਸ ਨਹੀਂ ਹੁੰਦਾ। ਇਸ ਦੇ ਮੁਕਾਬਲੇ ਵਿਚ ਦੂਜੀ ਤਰ੍ਹਾਂ ਦੀ ਜਿੱਤ ਰੂਹਾਨੀ ਹੁੰਦੀ ਹੈ, ਜਿਸ ਵਿਚ ਮਨਾਂ ਨੂੰ ਜਿੱਤਿਆ ਜਾਂਦਾ ਹੈ। ਇਸ ਜਿੱਤ ਦਾ ਪ੍ਰਭਾਵ ਕਿਤੇ ਲਮੇਰਾ ਹੁੰਦਾ ਹੈ। ਇਹ ਜਿੱਤ ਹੀ ਅਸਲ ਜਿੱਤ ਹੈ ਅਤੇ ਇਸ ਦੇ ਹਥਿਆਰ ਈਮਾਨ, ਅਖ਼ਲਾਕ, ਖ਼ੁਦਾ-ਪ੍ਰਸਤੀ ਤੇ ਨਿਮਰਤਾ ਭਾਵ ਆਦਿ ਹੁੰਦੇ ਹਨ। ਇਸ ਜਿੱਤ ਦੇ ਸਿੱਟੇ ਵਜੋਂ ਪਿਆਰ ਮੁਹੱਬਤ ਤੇ ਭਾਈਚਾਰੇ ਦੀ ਫ਼ਸਲ ਪੁੰਗਰਦੀ ਹੈ। 'ਜ਼ਫ਼ਰਨਾਮਾ' ਪਹਿਲੀ ਤਰ੍ਹਾਂ ਦੀ ਜਿੱਤ ਦਾ ਸੂਚਕ ਹੈ ਜਾਂ ਨਹੀਂ? ਇਹ ਗੱਲ ਬਾਅਦ ਦੀ ਹੈ, ਪਰ ਨਿਰਸੰਦੇਹ ਇਹ ਦੂਜੀ ਪ੍ਰਕਾਰ ਦੀ ਜਿੱਤ ਦਾ ਪ੍ਰਤੀਕ ਜ਼ਰੂਰ ਹੈ। ਇਹ ਧਰਮ ਤੇ ਮਨੁੱਖਤਾ ਦੇ ਉੱਚੇ ਆਦਰਸ਼ਾਂ ਦਾ ਅਲਮਬਰਦਾਰ ਹੈ ਅਤੇ ਉਨ੍ਹਾਂ ਦੀ ਪਾਲਨਾ ਕਰਨ ਲਈ ਪ੍ਰੇਰਦਾ ਹੈ। 'ਜ਼ਫ਼ਰਨਾਮਾ' ਇਸ ਗੱਲ ਦੀ ਸਾਖੀ ਭਰਦਾ ਹੈ ਕਿ ਧਰਮ ਦੀ ਪਾਲਨਾ ਇਕ ਸ਼ਹਿਨਸ਼ਾਹ ਲਈ ਵੀ ਉਂਨੀ ਹੀ ਜ਼ਰੂਰੀ ਹੈ ਜਿੰਨੀ ਇਕ ਸਾਧਾਰਨ ਮਨੁੱਖ ਲਈ, ਸਗੋਂ ਇਕ ਸ਼ਾਸ਼ਕ ਲਈ ਤਾਂ ਧਰਮ ਦਾ ਪਾਲਣ ਵਧੇਰੇ ਜ਼ਰੂਰੀ ਹੈ ਕਿਉਂ ਜੋ 'ਯਥਾ ਰਾਜਾ ਤਥਾ ਪਰਜਾ' ਅਤੇ 'ਐਨਾਸੁਅਲਾ ਦੀਨਿ ਮਲੂਕਿਹੁਮਾ' (ਪਰਜਾ ਉਸੇ ਧਰਮ ਨੂੰ ਅਪਨਾਉਂਦੀ ਹੈ ਜਿਹੜਾ ਰਾਜੇ ਦਾ ਹੁੰਦਾ ਹੈ) ਅਨੁਸਾਰ ਕਿਸੇ ਸ਼ਾਸ਼ਕ ਦਾ ਕੋਈ ਕਸਬ, ਜਾਤੀ ਜਾਂ ਵਿਅਕਤੀਗਤ ਨਹੀਂ ਰਹਿੰਦਾ ਸਗੋਂ ਸਮੂਹਕ ਹੋ ਜਾਂਦਾ ਹੈ ਅਤੇ ਇਸੇ ਕਾਰਨ ਜੇ ਰਾਜੇ ਨੂੰ ਵੇਖ ਕੇ ਪਰਜਾ ਵਿਗੜਦੀ ਹੈ ਤਾਂ ਉਸ ਦਾ ਗੁਨਹਗਾਰ ਵੀ ਰਾਜਾ ਹੀ ਹੁੰਦਾ ਹੈ। ਗੁਰੂ ਸਾਹਿਬ ਨੇ ਇਨ੍ਹਾਂ ਹੀ ਆਦਰਸ਼ਾਂ ਨੂੰ ਸਾਹਮਣੇ ਰਖਦਿਆਂ ਹੋਇਆਂ ਆਪਣਾ ਫਰਜ ਅਦਾ ਕਰਦੇ ਹੋਏ ਔਰੰਗਜ਼ੇਬ ਨੂੰ ਆਪਣੀ ਜ਼ੁੰਮੇਵਾਰੀ ਸਮਝਾਉਣ ਲਈ ਇਹ ਪੱਤਰ ਲਿਖਿਆ। ਨੇਕ ਮਕਸਦ ਲਈ ਆਪਣੀ ਥਾਂ 'ਤੇ ਅਟੱਲ ਤੇ ਅਹਿੱਲ ਰਹਿਣਾ ਭਾਵੇਂ ਇਸ ਲਈ ਕਿੱਡੀ ਵੱਡੀ ਕੁਰਬਾਨੀ, ਜਾਂ ਤਿਆਗ ਦੀ ਲੋੜ ਪਵੇ। ਨਿਡਰਤਾ ਤੇ ਦਲੇਰੀ ਨਾਲ, ਨੰਗੀ ਤਲਵਾਰ ਵਾਂਗ, ਜ਼ਾਲਮ ਸ਼ਾਸਕ ਨੂੰ ਉਸ ਦੇ ਮੂੰਹ 'ਤੇ ਜ਼ਾਲਮ ਕਹਿਣਾ ਅਤੇ ਜ਼ੁਲਮ ਤੋਂ ਬਾਜ਼ ਆਉਣ ਲਈ ਤਾੜਨਾ ਕਰਨੀ ਅਤੇ ਸਭ ਤੋਂ ਵੱਧ ਇਹ ਕਿ ਹਰ ਹਾਲ ਵਿਚ ਆਪਣੇ ਰੱਬ ਦੀ ਰਜ਼ਾ ਵਿਚ ਰਹਿਣਾ, ਹਰ ਥਾਂ, ਹਰ ਸਮੇਂ ਉਸ ਦੇ ਨਾਮ ਦਾ ਸਿਮਰਨ ਅਤੇ ਉਸ ਦੀ ਉਸਤਤੀ ਦੇ ਨਾਲ ਉਸ ਦਾ ਸ਼ੁਕਰ ਕਰਨਾ, ਇਹ ਸਾਰੇ ਮਹਾਨ ਆਦਰਸ਼ ਗੁਰੂ ਸਾਹਿਬ ਦੇ ਆਪਣੇ ਮਹਾਨ ਚਰਿੱਤਰ ਦਾ ਹਿੱਸਾ ਹਨ, ਇਸੇ ਕਰਕੇ 'ਜ਼ਫ਼ਰਨਾਮੇ' ਵਿਚ ਵੀ ਪ੍ਰਗਟ ਹੋਏ ਹਨ। ਗੁਰੂ ਸਾਹਿਬ ਦਾ ਇਨ੍ਹਾਂ ਉੱਤੇ

ਕਿੰਨਾਂ ਦ੍ਰਿੜ੍ਹ ਵਿਸ਼ਵਾਸ ਸੀ ਇਸ ਦਾ ਅਨੁਮਾਨ 'ਜ਼ਫ਼ਰਨਾਮੇ' ਦੇ ਸ਼ਿਅਰਾਂ ਤੋਂ ਭਲੀ ਭਾਂਤ ਲੱਗਦਾ ਹੈ।

'ਜ਼ਫ਼ਰਨਾਮਾ' ਜਿਸ ਬੁਨਿਆਦੀ ਨਜ਼ਰੀਏ ਨੂੰ ਸਭ ਤੋਂ ਵਧੇਰੇ ਉਘਾੜਦਾ ਹੈ ਉਹ ਹੈ ਗੁਰੂ ਸਾਹਿਬ ਦਾ ਆਪਣੇ ਵਾਹਿਗੁਰੂ ਪ੍ਰਤਿ ਅਹਿਲ ਵਿਸ਼ਵਾਸ ਅਤੇ ਉਸ ਦੀ ਮਦਦ ਬਾਰੇ ਬੇ-ਜੋੜ ਯਕੀਨ। ਗੁਰੂ ਸਾਹਿਬ ਵਲੋਂ ਇਸ ਸਦੀਵੀ ਹਕੀਕਤ ਨੂੰ ਪੂਰੇ ਜ਼ੋਰ ਨਾਲ ਬਿਆਨ ਕੀਤਾ ਗਿਆ ਹੈ ਕਿ ਮਨੁੱਖ ਜੇ ਕਿਸੇ ਸਹਾਰੇ ਉੱਤੇ ਅੱਖਾਂ ਬੰਦ ਕਰਕੇ ਭਰੋਸਾ ਕਰ ਸਕਦਾ ਹੈ ਤਾਂ ਉਹ ਹੈ ਰੱਬੀ ਤਾਕਤ ਜਿਹੜੀ ਰੱਬ ਦੇ ਉਨ੍ਹਾਂ ਬੰਦਿਆਂ ਨੂੰ ਜ਼ਰੂਰ ਰਸਤਾ ਵਿਖਾਉਂਦੀ ਹੈ ਜਿਹੜੇ ਉਸ 'ਤੇ ਯਕੀਨ ਰੱਖਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਸਾਹਿਬ ਦਾ ਇਹ ਵਿਸ਼ਵਾਸ, ਉਸ ਦਰਜੇ 'ਤੇ ਪਹੁੰਚਿਆ ਹੋਇਆ ਹੈ ਜਿਸ ਨੂੰ 'ਐਨ-ਉਲ-ਯਕੀਨ' ਦਾ ਨਾਂ ਦਿੱਤਾ ਗਿਆ ਹੈ ਅਤੇ ਜਿਸ ਨੂੰ ਇਕਬਾਲ ਵਲੋਂ ਆਪਣੇ ਨਿਮਨ ਦਰਜ ਸ਼ਿਅਰ ਰਾਹੀਂ ਚਿਤਰਿਆ ਗਿਆ ਹੈ :

*ਗੁਮਾਂ-ਆਬਾਦ-ਏ ਹਸਤੀ ਮੇਂ ਯਕੀਂ ਮਰਦ-ਏ-ਮੁਸਲਮਾਂ ਕਾ*
*ਬਯਾਬਾਂ ਕੀ ਸ਼ਬ-ਏ-ਤਾਰੀਕ ਮੇਂ ਕਿੰਦੀਨ-ਏ-ਰੱਬਾਨੀ*

ਵੈਰੀ ਕਿੰਨਾ ਵੀ ਜ਼ੋਰਾਵਰ ਹੋਵੇ, ਰੱਬ ਤੇ ਭਰੋਸਾ ਰੱਖਣ ਵਾਲੇ ਬੰਦੇ ਨੂੰ ਉਸ ਤੋਂ ਕੋਈ ਡਰ ਨਹੀਂ ਹੁੰਦਾ। ਉਹ ਉਸ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ। ਰੱਬੀ ਮਦਦ ਸਾਹਮਣੇ ਦੁਸ਼ਮਣ ਦੇ ਸਾਰੇ ਹਥਿਆਰ, ਸਾਰੇ ਲਸ਼ਕਰ, ਸਾਰੇ ਸਾਜ-ਸਾਮਾਨ ਅਰਥਹੀਨ ਹੋ ਜਾਂਦੇ ਹਨ। ਗੁਰੂ ਸਾਹਿਬ ਫ਼ਰਮਾਉਂਦੇ ਹਨ :

*ਚੁ ਹੱਕ ਯਾਰ ਬਾਸ਼ਦ ਚਿਹ ਦੁਸ਼ਮਨ ਕੁਨਦ।*
*ਅਗਰ ਦੁਸ਼ਮਨੀ ਰਾ ਬਸਦ ਤਨ ਕੁਨਦ*

(ਜਦੋਂ ਅਕਾਲ ਪੁਰਖ ਦੀ ਸਰਪ੍ਰਸਤੀ ਹਾਸਲ ਹੋਵੇ ਤਾਂ ਵੈਰੀ ਭਾਵੇਂ ਪੂਰਾ ਜ਼ੋਰ ਲਾ ਲਵੇ ਕੁੱਝ ਵੀ ਨਹੀਂ ਵਿਗਾੜ ਸਕਦਾ)

*ਚਿਹ ਦੁਸ਼ਮਨ ਕੁਨਦ ਮਿਹਰਬਾਨ ਅਸਤ ਦੋਸਤ।*
*ਕਿ ਬਖ਼ਸ਼ਿੰਦਗੀ ਕਾਰ-ਬਖ਼ਸ਼ਿੰਦਹ ਓਸਤ*

(ਦੁਸ਼ਮਨ ਕੀ ਕਰ ਸਕਦਾ ਜਦੋਂ ਮੇਰਾ ਯਾਰ ਮੇਰੇ ਉੱਤੇ ਮਿਹਰਬਾਨ ਹੈ ਅਤੇ ਕਿਸੇ ਨੂੰ ਵੀ ਸ਼ਕਤੀ ਪ੍ਰਦਾਨ ਕਰਨਾ ਜਾਂ ਨਿਰਬਲ ਬਣਾ ਦੇਣਾ ਉਸੇ ਦੇ ਵੱਸ ਹੈ)

ਰੱਬ ਸੱਚੇ 'ਤੇ ਗਾਮਿਲ ਭਰੋਸਾ ਹੀ ਇਸ ਤੁੱਛ ਜਿਹੇ ਮਨੁੱਖ ਨੂੰ ਉਹ ਬਲ, ਉਹ ਸ਼ਕਤੀ ਪ੍ਰਦਾਨ ਕਰਦਾ ਹੈ ਕਿ ਉਹ ਹੋਣੀ ਨੂੰ ਅਣਹੋਣੀ ਅਤੇ ਅਸੰਭਵ ਕਰ ਵਿਖਾਉਣ ਤੇ ਸਮਰਥ ਹੋ ਜਾਂਦਾ ਹੈ। 'ਸਵਾ ਲਾਖ ਸੇ ਏਕ ਲੜਾਊ' ਕਹਿਣ ਦਾ ਹੀਆ ਉਹੀ ਸਿਦਕੀ ਮਹਾਂ ਪੁਰਸ਼ ਕਰ ਸਕਦਾ ਹੈ ਜਿਸ ਨੂੰ ਆਪਣੇ ਕਾਦਰ-ਏ-ਮੁਲਤਕ (ਸਰਬ ਸ਼ਕਤੀਮਾਨ) ਰੱਬ ਉੱਤੇ ਕਾਮਿਲ ਈਮਾਨ ਹੋਵੇ ਜਿਸ ਦੀ ਮੌਜੂਦਗੀ ਬੰਦੇ ਨੂੰ ਸ਼ੇਰ ਬਣਾ ਦਿੰਦੀ ਹੈ ਕਿ ਉਹ ਇਕੱਲਾ ਹੀ ਹਜ਼ਾਰਾਂ ਲੱਖਾਂ ਨਾਲ ਟੱਕਰ ਲੈਣ ਅਤੇ ਉਨ੍ਹਾਂ ਦਾ ਸਰਵਨਾਸ਼ ਕਰਨ ਦਾ ਯਕੀਨ ਰਖਦਾ ਹੈ, ਕਿਉਂਜੋ ਉਸ ਦਾ ਈਮਾਨ ਹੈ ਕਿ ਉਸ ਨੂੰ ਉਸ ਰੱਬ ਦੀ ਹਮਾਇਤ ਪ੍ਰਾਪਤ ਹੈ ਜਿਹੜਾ ਸਭ ਸ਼ਕਤੀਆਂ ਦਾ ਸੋਮਾ ਹੈ :

*ਅਗਰ ਬਰ ਯਕ ਆਯਦ ਦਹੋ ਦਹ ਹਜ਼ਾਰ*
*ਨਿਗਾਹਬਾਨ ਊ ਰਾ ਸ਼ਵਦ ਕਿਰਦਗਾਰ*

(ਜਦੋਂ ਮੇਰਾ ਯਾਰ ਮੇਰੇ ਉੱਤੇ ਮਿਹਰਬਾਨ ਹੈ ਤੇ ਮੇਰਾ ਸਾਥ ਦੇ ਰਿਹਾ ਹੈ ਤਾਂ ਮੈਂ ਉਸ ਦੀ ਮਿਹਰ ਸਦਕੇ ਹਜ਼ਾਰਾਂ ਲੱਖਾਂ ਨਾਲ ਲੜ ਸਕਦਾ ਹਾਂ)

ਇਸੇ ਤੱਥ ਨੂੰ ਇਕ ਹੋਰ ਥਾਂ ਗੁਰੂ ਸਾਹਿਬ ਇੰਜ ਬਿਆਨ ਕਰਦੇ ਹਨ :

*ਬਬੀਂ ਕੁਦਰਤਿ ਨੇਕ ਯਜ਼ਦਾਨਿ ਪਾਕ*
*ਕਿ ਅਜ਼ ਯਕ ਬ ਦਹ ਲੱਕ ਰਸਾਨਦ ਹਲਾਕ*

(ਪਵਿੱਤਰ ਅਕਾਲ ਪੁਰਖ ਦੀ ਅਪਰਮਪਾਰ ਮਹਿਮਾ ਨੂੰ ਵੇਖ ਉਸ ਦੀ ਸ਼ਕਤੀ ਦਾ ਇਕ ਪ੍ਰਗਟਾਵਾ ਇਵੇਂ ਹੀ ਹੁੰਦਾ ਹੈ ਕਿ ਜਦੋਂ ਉਹ ਚਾਹੁੰਦਾ ਹੈ ਤਾਂ ਆਪਣੇ ਕਿਸੇ ਇਕ ਬੰਦੇ ਨੂੰ ਉਹ ਦੈਵੀ ਸ਼ਕਤੀ ਬਖ਼ਸ਼ ਦਿੰਦਾ ਹੈ ਜਿਸ ਨਾਲ ਉਹ ਦਸ ਲੱਖਾਂ ਫ਼ੌਜਾਂ ਨੂੰ ਫ਼ਨਾ ਕਰ ਛੱਡਦਾ ਹੈ)

ਇਕ ਨਾਸਤਕ ਅਤੇ ਖ਼ੁਦਾ ਪ੍ਰਸਤ ਬੰਦੇ ਵਿਚ ਇਹੀ ਫ਼ਰਕ ਹੈ ਕਿ ਰੱਬ ਤੋਂ ਮੁਨਕਰ ਜ਼ਾਹਰੀ ਵਸੇਬਿਆਂ

ਉੱਤੇ ਨਿਰਭਰ ਕਰਦਾ ਹੈ। ਉਸ ਦੀ ਨਿਗਾਹ ਧਨ ਦੌਲਤ, ਹਥਿਆਰਾਂ ਤੇ ਲੜਾਕਿਆਂ ਦੀ ਗਿਣਤੀ 'ਤੇ ਹੁੰਦੀ ਹੈ। ਜਦੋਂ ਕਿ ਆਪਣੇ ਰੱਬ ਵਿਚ ਆਸਥਾ ਰੱਖਣ ਵਾਲਾ ਮਨੁੱਖ ਕੇਵਲ ਯਕੀਨ-ਏ-ਕਾਮਿਲ ਨੂੰ ਆਪਣਾ ਅਸਲਾ ਸਮਝਦਾ ਹੈ ਅਤੇ ਬਿਨਾਂ ਕੁੱਝ ਹੁੰਦਿਆਂ ਵੀ ਵੱਡੀ ਤੋਂ ਵੱਡੀ ਤਾਕਤ ਨਾਲ ਟਕਰਾ ਜਾਂਦਾ ਹੈ। ਇਕਬਾਲ ਨੇ ਕਿਹਾ ਸੀ :

*ਕਾਫ਼ਿਰ ਹੋ ਤੋ ਤਲਵਾਰ ਪੇ ਕਰਤਾ ਹੈ ਭਰੋਸਾ*
*ਮੋਮਿਨ ਹੋ ਤੋ ਬੇਤੇਗ ਭੀ ਲੜਤਾ ਹੈ ਸਿਪਾਹੀ।*

ਇਹੀ ਸਦੀਵੀ ਹਕੀਕਤ ਗੁਰੂ ਸਾਹਿਬ ਦੇ ਮੂੰਹੋਂ ਇਸ ਪ੍ਰਕਾਰ ਅਦਾ ਹੋਈ ਹੈ :

*ਕਿ ਊ ਰਾ ਗ਼ਰੂਰ ਅਸਤ ਬਰ ਮੁਲਕੁ ਮਾਨ*
*ਵ ਮਾ ਰਾ ਪਨਾਹ ਅਸਤ ਯਜ਼ਦਾਂ ਅਕਾਲ*

(ਉਸ ਨੂੰ ਆਪਣੇ ਮਾਨ ਤੇ ਮੁਲਕ ਦਾ ਘਮੰਡ ਹੈ ਤਾਂ ਅਸਾਨੂੰ ਇਹ ਇਤਮੀਨਾਨ ਹੈ ਕਿ ਅਸੀਂ ਆਪਣੇ ਅਕਾਲ ਪੁਰਖ ਦੀ ਸ਼ਰਣ ਵਿਚ ਹਾਂ)

ਇਹ ਤੱਥ ਉਹ ਔਰੰਗਜ਼ੇਬ ਨੂੰ ਸਮਝਾਉਣ ਦਾ ਜਤਨ ਕਰਦੇ ਹਨ ਕਿ ਉਹ ਇਸ ਫ਼ਰਕ ਨੂੰ ਆਪਣੇ ਸਾਹਮਣੇ ਰਖੇ।

*ਤੁਰਾ ਗਰ ਨਜ਼ਰ ਹਸਤ ਬਰ ਫ਼ੌਜੋ ਜ਼ਰ*
*ਕਿ ਮਾ ਰਾ ਨਿਗਾਹ ਅਸਤ ਯਜ਼ਦਾਂ ਸ਼ੁਕਰ*

(ਤੈਨੂੰ ਆਪਣੀਆਂ ਫ਼ੌਜਾਂ ਅਤੇ ਧਨ ਦਾ ਅਭਿਮਾਨ ਮਾਰੀ ਜਾਂਦਾ ਹੈ ਅਤੇ ਸਾਡਾ ਹਥਿਆਰ ਸਿਰਫ਼ ਆਪਣੇ ਵਾਹਿਗੁਰੂ ਦਾ ਸ਼ੁਕਰ ਹੈ ਜਿਸ ਦੇ ਆਸਰੇ ਦੁਨੀਆਂ ਦੀ ਵੱਡੀ ਤੋਂ ਵੱਡੀ ਫ਼ੌਜ ਅਤੇ ਮਹਾਨ ਤੋਂ ਮਹਾਨ ਉੱਤੇ ਜਿੱਤ ਪ੍ਰਾਪਤ ਕਰਨ ਦਾ ਸਮਰੱਥ ਸਾਨੂੰ ਹਾਸਲ ਹੈ)

ਵੈਰੀ ਕਿੰਨਾ ਵੀ ਜ਼ੋਰਾਵਰ ਜਾਂ ਕਹਿਰਵਾਨ ਕਿਉਂ ਨਾ ਹੋਵੇ, ਸੱਚੇ ਪਾਤਸ਼ਾਹ ਦੀ ਸ਼ਰਣ ਵਿਚ ਆਏ ਹੋਏ ਬੰਦੇ ਦਾ ਉਹ ਵਾਲ ਵੀ ਵਿੰਗਾ ਨਹੀਂ ਕਰ ਸਕਦਾ। ਇਸੇ ਤੱਥ ਨੂੰ ਗੁਰੂ ਸਾਹਿਬ ਵਲੋਂ 'ਹੁਮਾ' ਅਤੇ 'ਸ਼ੇਰ-ਏ-ਨਰ' ਰੂਪਕਾਂ ਦੇ ਵਸੀਲੇ ਨਾਲ (ਜਿਹੜੇ ਪ੍ਰਮਾਤਮਾ ਲਈ ਵਰਤੇ ਗਏ ਹਨ) ਬੜੇ ਮਨਮੋਹਣੇ ਅੰਦਾਜ਼ ਵਿਚ ਬਿਆਨ ਕੀਤੇ ਗਿਆ ਹੈ :

*ਹੁਮਾਂ ਰਾ ਕਸੇ ਸਾਯਹ ਆਯਦ ਬਜ਼ੇਰ।*
*ਬਰੋ ਦਸਤ ਦਾਰਦ ਨ ਜ਼ਾਗੇ ਦਿਲੇਰ।*
*ਕਸੇ ਪੁਸ਼ਤ ਉਫ਼ਤਦ ਪਸੇ ਸ਼ੇਰਿ ਨਰ।*
*ਨ ਗੀਰਦ ਬੁਜ਼ੋ ਮੇਸ਼ ਆਹੂ ਗੁਜ਼ਰ।*

(ਜਿਹੜਾ ਕੋਈ ਹੁਮਾ [ਇਕ ਕਾਲਪਨਿਕ ਪੰਛੀ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਦੀ ਛਾਂ ਜਿਸ ਉੱਤੇ ਪੈ ਜਾਵੇ ਉਹ ਬਾਦਸ਼ਾਹ ਬਣ ਜਾਂਦਾ ਹੈ] ਦੀ ਛਾਂ ਥੱਲੇ ਆ ਗਿਆ, ਕਾਵਾਂ ਇੱਲ੍ਹਾਂ ਦੀ ਕੀ ਮਜਾਲ ਕਿ ਉਸ ਨੂੰ ਹੱਥ ਪਾ ਸਕਨ ਅਤੇ ਜਿਹੜਾ ਕੋਈ ਬੱਬਰ ਸ਼ੇਰ ਦੀ ਸਰਪ੍ਰਸਤੀ ਵਿਚ ਆ ਗਿਆ ਹੋਵੇ, ਛੋਟੇ ਜਾਨਵਰ ਤਾਂ ਉਸ ਦੇ ਨੇੜਿਓਂ ਲੰਘਣ ਦੀ ਵੀ ਹਿੰਮਤ ਨਹੀਂ ਕਰ ਸਕਦੇ)

ਇਸ ਲਈ ਕਿ ਸਰਬ ਸਮਰਥ ਰੱਬ ਭਲੀ ਭਾਂਤ ਜਾਣਦਾ ਹੈ ਕਿ ਆਪਣੇ ਵਫ਼ਾਦਾਰ ਨੇਕ ਬੰਦੇ ਨੂੰ ਉਸ ਦੇ ਵੈਰੀਆਂ ਤੋਂ ਕਿਵੇਂ ਸੁਰੱਖਿਅਤ ਰੱਖਣਾ ਹੈ। ਕਿਸੇ ਵੀ ਮਨੁੱਖ ਦੇ ਵੱਸ ਨਹੀਂ ਕਿ ਰੱਬ ਦੀ ਇਸ ਸਮਰਥਾ 'ਤੇ ਕਿੰਤੂ ਕਰ ਸਕੇ ਜਾਂ ਉਸ ਨੂੰ ਵੰਗਾਰ ਸਕੇ। ਵੰਗਾਰਨਾ ਤਾਂ ਇਕ ਪਾਸੇ ਰਿਹਾ ਬੰਦੇ ਲਈ ਰੱਬੀ ਸਾਧਨਾ ਨੂੰ ਸਮਝਣਾ ਵੀ ਅਸੰਭਵ ਹੈ, ਜਿਨ੍ਹਾਂ ਰਾਹੀਂ ਉਹ ਆਪਣੀ ਮਰਜ਼ੀ ਨੂੰ ਲਾਗੂ ਕਰਾਉਂਦਾ ਹੈ। ਮਨੁੱਖਾਂ ਦੀਆਂ ਸਾਰੀਆਂ ਜੁਗਤਾਂ ਰੱਬੀ ਫ਼ੈਸਲਿਆਂ ਸਾਹਮਣੇ ਧਰੀਆਂ ਦੀਆਂ ਧਰੀਆਂ ਹੀ ਰਹਿ ਜਾਂਦੀਆਂ ਹਨ। ਕਈ ਵਾਰੀ ਤਾਂ ਉਸ ਦੇ ਆਪਣੇ, ਉਸ ਦੇ ਸਰੀਰ ਦੇ ਅੰਗ ਵੀ ਉਸ ਦੀ ਪਾਲਣਾ ਨਹੀਂ ਕਰਦੇ।

*ਖ਼ਸਮ ਦੁਸ਼ਮਨੀ ਗਰ ਹਜ਼ਾਰ ਆਵੁਰਦ।*
*ਨ ਯਕ ਮੂਇ-ਊ ਰਾ ਆਜ਼ਾਰ ਆਵੁਰਦ।*

ਖ਼ਸਮ ਰਾ ਚੁ ਕੋਰ ਊ ਕੁਨਦ ਵਕਤਿ ਕਾਰ ।
ਚਸ਼ਮ ਰਾ ਬਕੋਰ ਊ ਕੁਨਦ ਵਕਤ-ਏ-ਕਾਰ ।
ਯਤੀਮਾਂ ਬਿਰੂੰ ਬੁਰਦ ਬੇ-ਜ਼ਖ਼ਮਿ ਖ਼ਾਰ ।
ਜ਼ਿ ਪੈਮਾਂਨ ਬੈਰੂ ਬੁਰਦ ਬੇ ਅਜ਼ਾਰ ।

(ਦੁਸ਼ਮਨ ਕਿੰਨਾ ਵੀ ਜ਼ੋਰ ਲਾ ਲਵੇ, ਉਹ ਰੱਬ ਦੀ ਸ਼ਰਣ ਆਏ ਬੰਦੇ ਦਾ ਕੁਝ ਨਹੀਂ ਵਿਗਾੜ ਸਕਦਾ। ਰੱਬ ਜਦੋਂ ਆਪਣੇ ਬੰਦੇ ਦੀ ਸੁਰੱਖਿਆ ਕਰਨੀ ਚਾਹੁੰਦਾ ਹੈ ਤਾਂ ਉਹ ਦੁਸ਼ਮਣ ਨੂੰ ਅੰਨ੍ਹਾ ਕਰ ਦਿੰਦਾ ਹੈ ਅਤੇ ਨਿਆਸਰਿਆਂ ਨੂੰ ਉਸ ਦੇ ਘੇਰੇ ਵਿਚੋਂ ਸਾਫ਼, ਬਿਨਾਂ ਕਿਸੇ ਹਾਨੀ ਤੋਂ, ਬਚਾ ਕੇ, ਕੱਢ ਲੈ ਜਾਂਦਾ ਹੈ)

ਪਰ ਸੱਚੇ ਪਾਤਸ਼ਾਹ ਦੀ ਮਦਦ ਦਾ ਪਾਤਰ ਉਹੀ ਸ਼ਖ਼ਸ਼ ਹੋ ਸਕਦਾ ਹੈ ਜਿਹੜਾ ਉਸ ਉੱਤੇ ਕਾਮਿਲ ਈਮਾਨ ਰਖਦਾ ਹੀ ਹੋਵੇ, ਕਾਰ-ਵਿਹਾਰ ਵਿਚ ਵੀ ਸੱਚੇ-ਸੁੱਚੇ ਚਰਿੱਤਰ ਦਾ ਮਾਲਕ ਹੋਵੇ। ਵੱਡੀ ਤੋਂ ਵੱਡੀ ਮੁਸੀਬਤ ਦੇ ਮੁਕਾਬਲੇ ਵਿਚ ਵੀ ਉਹ ਆਪਣੇ ਆਦਰਸ਼ਾਂ 'ਤੇ ਅਡੋਲ ਤੇ ਅਹਿਲ ਚੱਟਾਨ ਬਣ ਜਾਵੇ। 'ਜ਼ਫ਼ਰਨਾਮਾ' ਭਾਵੇਂ ਧਾਰਮਿਕ ਪ੍ਰਚਾਰ ਦੇ ਉਦੇਸ਼ ਨੂੰ ਸਾਹਮਣੇ ਰਖ ਕੇ ਨਹੀਂ ਰੱਚਿਆ ਗਿਆ ਪਰ ਜੇ ਇਸ ਪਖੋਂ ਵੇਖੀਏ ਤਾਂ ਇਹ ਇਕ ਅਦੁੱਤੀ ਤੇ ਬੇਜੋੜ ਕਿਰਤ ਹੈ, ਜਿਸ ਵਿਚ ਸੱਚੀਆਂ-ਸੁੱਚੀਆਂ ਕੀਮਤਾਂ ਦੀ ਮਹਾਨਤਾ ਨੂੰ ਉਜਾਗਰ ਕੀਤਾ ਗਿਆ ਹੈ ਅਤੇ ਜਿਸ ਰਾਹੀਂ ਇਨ੍ਹਾਂ ਨੂੰ ਆਪਣਾ ਜੀਵਨ ਆਧਾਰ ਬਣਾਉਣ ਲਈ ਪ੍ਰੇਰਨਾ ਤੇ ਅਗਵਾਈ ਪ੍ਰਾਪਤ ਹੁੰਦੀ ਹੈ। ਇਹ ਉਹ ਆਦਰਸ਼ ਹਨ ਜਿਹੜੇ ਗੁਰੂ ਸਾਹਿਬ ਨੇ ਖ਼ੁਦ ਅਪਣਾਏ ਹਨ। ਇਹ ਉਨ੍ਹਾਂ ਦੀ ਨੇਕ ਨੀਯਤੀ ਦਾ ਸਬੂਤ ਹੈ ਕਿ ਉਹ ਔਰੰਗਜ਼ੇਬ ਜਿਹੇ ਜਾਨੀ ਦੁਸ਼ਮਣ ਨੂੰ ਵੀ ਇਨ੍ਹਾਂ 'ਤੇ ਚੱਲ ਕੇ ਆਪਣਾ ਜੀਵਨ ਸਫ਼ਲ ਤੇ ਸਾਕਾਰ ਬਣਾ ਲੈਣ ਦਾ ਮੌਕਾ ਦੇਣਾ ਚਾਹੁੰਦੇ ਹਨ ਜਿਵੇਂ ਕਿ :

ਹਰੇਕ ਕੰਮ ਨੂੰ ਸ਼ੁਰੂ ਕਰਨ ਲੱਗਿਆਂ ਬੰਦੇ ਲਈ ਆਪਣੇ ਵਿਧਾਤਾ ਨੂੰ ਸੱਚੇ ਮਨੋਂ ਯਾਦ ਰੱਖਣਾ ਜ਼ਰੂਰੀ ਹੈ ਸਗੋਂ ਆਪਣੇ ਮਨ ਵਿਚ ਰੱਬ ਨੂੰ ਇੰਜ ਵਸਾ ਲੈਣਾ ਚਾਹੀਦਾ ਹੈ ਕਿ ਸਦਾ ਉਸ ਦੇ ਅੰਗ ਸੰਗ ਰਹੇ। ਰੱਬ ਦਾ ਜ਼ਿਕਰ ਜਾਂ ਨਾਮ ਸਿਮਰਨ ਹੀ ਦੂਜੀਆਂ ਸਾਰੀਆਂ ਨੇਕੀਆਂ ਦਾ ਆਧਾਰ ਹੈ। ਇਸੇ ਵਿਚ ਦੀਨ ਦੁਨੀਆਂ ਦੀ ਭਲਾਈ ਨਿਹਿਤ ਹੈ :

ਕਿ ਈਂ ਕਾਰਿ ਨੇਕ ਅਸਤ ਦੀਂ ਪਰਵਰੀ ।
ਚੁ ਯਜ਼ਦਾਂ ਸ਼ਨਾਸੀ ਬ ਜਾਂ ਬਰਤਰੀ ।

(ਇਹੀ ਸਰਬ ਉੱਚ ਨੇਕੀ ਹੈ ਤੇ ਸਭ ਤੋਂ ਵੱਡਾ ਧਰਮ ਹੈ ਕਿ ਤੂੰ ਰੱਬ ਨੂੰ ਪਛਾਣ ਕੇ ਆਪਣੇ ਮਨ ਵਿਚ ਵਸਾ ਲਵੇ)

ਜਦੋਂ ਵੀ ਬੰਦਾ ਰੱਬ ਦੀ ਯਾਦ ਮਨ ਵਿਚ ਵਸਾ ਕੇ, ਉਸ ਦੇ ਆਦੇਸ਼ਾਂ ਦੀ ਪਾਲਨਾ ਨੂੰ ਆਪਣਾ ਵਤੀਰਾ ਬਣਾ ਲੈਂਦਾ ਹੈ ਤਾਂ ਪ੍ਰਭੂ ਵੀ ਉਸ ਦੀ ਬਾਂਹ ਜ਼ਰੂਰ ਫੜ੍ਹਦਾ ਹੈ, ਉਸ ਨੂੰ ਕਦੀ ਨਿਰਾਸ਼ ਨਹੀਂ ਹੋਣ ਦਿੰਦਾ, ਨਾ ਹੀ ਉਸ ਨੂੰ ਆਪਣੀ ਮਿਹਰ ਦੀ ਛਾਂ ਤੋਂ ਮਹਿਰੂਮ ਕਰਦਾ ਹੈ, ਉਸ ਨੂੰ ਕੁਰਾਹੇ ਤੋਂ ਚੁੱਕ ਕੇ ਸਿੱਧੇ ਸਰਲ ਰਸਤੇ ਤੋਰਨ ਦਾ ਬੰਦੋਬਸਤ ਕਰਦਾ ਹੈ :

ਹਰਾਂ ਕਸ ਬ ਕਉਲਿ ਕੁਰਾਂ ਆਯਦਸ਼ ।
ਕਿ ਯਜ਼ਦਾਂ ਬਰੋ ਰਹਨੁਮਾ ਆਯਦਸ਼ ।

ਕਸੇ ਖ਼ਿਦਮਤ ਆਯਦ ਬਸੇ ਦਿਲੋ ਜਾਂ ।
ਬ ਬਖ਼ਸ਼ਦ ਖ਼ੁਦਾਵੰਦ ਬਰ ਵੈ ਅਮਾਂ ।

(ਜਿਹੜਾ ਵੀ ਕੋਈ ਕੁਰਆਨ ਅਨੁਸਾਰ ਚਲਦਾ ਹੈ ਖ਼ੁਦਾ ਉਸ ਨੂੰ ਅਗਵਾਈ ਬਖ਼ਸ਼ਦਾ ਹੈ ਅਤੇ ਜਿਹੜਾ ਸੁਹਿਰਦਤਾ ਨਾਲ ਉਸ ਦੀ ਭਗਤੀ ਵਿਚ ਲੀਨ ਹੁੰਦਾ ਹੈ ਖ਼ੁਦਾ ਹਰ ਤਰ੍ਹਾਂ ਉਸ ਨੂੰ ਸਲਾਮਤੀ ਤੇ ਸੁਰੱਖਿਆ ਦੀ ਦਾਤ ਅਦਾ ਕਰਦਾ ਹੈ)

ਇਸ ਦੇ ਵਿਪਰੀਤ ਜਿਹੜਾ ਕੋਈ ਰੱਬ ਨੂੰ ਵਿਸਾਰ ਦਿੰਦਾ ਹੈ ਤਾਂ ਰੱਬ ਵਲੋਂ ਵੀ ਉਹ ਵਿਸਾਰਿਆ ਜਾਂਦਾ ਹੈ :

ਵਗਰਨਹ ਤੂ ਈਂ ਰਹ ਫ਼ਰਾਮੁਸ਼ ਕੁਨਦ ।

*ਤੁਰਾ ਹਮ ਫਰਾਮੋਸ਼ ਯਜ਼ਦਾਂ ਕੁਨਦ ।*

(ਜੇ ਤੂੰ ਇਹ ਰਸਤਾ ਭੁੱਲ ਜਾਵੇਂ ਤਾਂ ਪ੍ਰਮਾਤਮਾ ਵੀ ਤੈਨੂੰ ਭੁੱਲ ਜਾਵੇਗਾ)

ਨੇਕ ਬੰਦੇ ਦਾ ਇਹ ਵਸਫ਼ ਹੋਣਾ ਚਾਹੀਦਾ ਹੈ ਕਿ ਉਸ ਦਾ ਜ਼ਾਹਿਰ ਅਤੇ ਬਾਤਿਨ ਇਕੋ ਹੋਵੇ, ਇਨ੍ਹਾਂ ਵਿਚ ਕੋਈ ਅੰਤਰਵਿਰੋਧ ਨਾ ਹੋਵੇ ।

*ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ ।*
*ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ ।*

(ਅਸਲ ਮਰਦ ਅਖਵਾਉਣ ਦਾ ਹੱਕਦਾਰ ਉਹੀ ਹੈ, ਜਿਸ ਦੇ ਮਨ ਅਤੇ ਹੋਠਾਂ 'ਤੇ ਇਕੋ ਹੀ ਗੱਲ ਹੋਵੇ)

ਅਜਿਹਾ ਮਹਾਂ ਪੁਰਖ ਹਮੇਸ਼ਾਂ ਆਪਣੇ ਬਚਨਾਂ ਦਾ ਪਾਬੰਦ ਰਹਿੰਦਾ ਹੈ । ਪ੍ਰਾਣ ਦੇ ਕੇ ਵੀ ਉਹ ਆਪਣੇ ਵਚਨ ਦਾ ਪਾਲਣ ਕਰਦਾ ਹੈ :

*ਹਰਾਂ ਕਸ ਕਿ ਈਮਾਂ ਪਰਸਤੀ ਕੁਨੱਦ ।*
*ਨ ਪੈਮਾਂ ਖ਼ੁਦਸ਼ ਪੇਸ਼ੋ ਪਸਤੀ ਕੁਨੱਦ ।*

(ਜਿਹੜਾ ਵੀ ਕੋਈ ਮੋਮਿਨ ਹੈ ਉਹ ਕਦੇ ਵੀ ਆਪਣੇ ਇਕਰਾਰ ਤੋਂ ਨਹੀਂ ਫਿਰਦਾ)

ਇਹ ਇਸ ਲਈ ਕਿ ਇਹ ਸੰਸਾਰ ਤਾਂ ਇਕ ਆਰਜ਼ੀ ਟਿਕਾਣਾ ਹੈ ਅਸਲੀ ਮੰਜ਼ਿਲ ਤਾਂ ਆਖ਼ਰਤ ਦਾ ਘਰ ਹੈ । ਜੇ ਕੋਈ ਇੱਥੇ ਆਪਣੇ ਕੌਲ ਦਾ ਪਾਸ ਨਹੀਂ ਕਰੇਗਾ ਤਾਂ ਉਸ ਨੂੰ ਆਖ਼ਰਤ ਵਿਚ ਆਪਣੇ ਮਾਲਕ ਸਾਹਮਣੇ ਜਵਾਬਦੇਹੀ ਕਰਨੀ ਪਵੇਗੀ ।

*ਤੂ ਗ਼ਾਫ਼ਿਲ ਮਸ਼ਉ ਜ਼ੀਂ ਸਿਪੰਜੀ ਸਰਾਇ ।*
*ਕਿ ਆੱਲਮ ਬਿਗੁਜ਼ਰਦ ਸਰੇ ਜਾ ਬਜਾਇ ।*

(ਤੂੰ ਇਕ ਹਕੀਕਤ ਨੂੰ ਨਾ ਭੁੱਲ, ਇਹ ਦੁਨੀਆਂ ਚਾਰ ਦਿਨਾਂ ਦੀ ਹੈ ਅਤੇ ਇੱਥੇ ਸਭ ਨੂੰ ਚਲ-ਚਲਾਓ ਲੱਗ ਰਿਹਾ ਹੈ)

ਗੁਰੂ ਸਾਹਿਬ ਵੱਲੋਂ 'ਜ਼ਫ਼ਰਨਾਮੇ' ਰਾਹੀਂ ਇਕ ਹੋਰ ਅਹਿਮ ਅਖ਼ਲਾਕੀ ਨੁਕਤੇ 'ਤੇ ਚਾਨਣਾ ਪਾਇਆ ਗਿਆ ਹੈ ਉਹ ਇਹ ਕਿ ਬੰਦੇ ਨੂੰ ਜੋਸ਼ ਵਿਚ ਵੀ ਧੀਰਜ ਤੋਂ ਕੰਮ ਲੈਣਾ ਚਾਹੀਦਾ ਹੈ । ਦੁਸ਼ਮਣੀ ਵਿਚ ਵੀ ਪਹਿਲੀ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਮਾਮਲਾ ਗੱਲ ਬਾਤ ਰਾਹੀਂ ਨਜਿੱਠ ਲਿਆ ਜਾਵੇ ਪਰ ਜੇ ਗੱਲਬਾਤ ਰਾਹੀਂ ਕੋਈ ਹੱਲ ਸੰਭਵ ਨਾ ਹੋਵੇ ਤਾਂ ਪੂਰੀ ਦਲੇਰੀ ਤੇ ਮਰਦਾਨਗੀ ਨਾਲ ਕੰਮ ਲੈਂਦੇ ਹੋਏ ਜੰਗ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਇਸ ਵਿਚ ਕੋਈ ਢਿੱਲ ਨਹੀਂ ਕਰਨੀ ਚਾਹੀਦੀ ।

*ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ।*
*ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ ।*

(ਜਦੋਂ ਗੱਲ ਬਾਤ ਤੇ ਵਾਰਤਾ ਦੇ ਸਾਰੇ ਉਪਾਅ ਅਸਫ਼ਲ ਹੋ ਜਾਣ ਤਾਂ ਫੇਰ ਤਲਵਾਰ ਚੁੱਕਣਾ ਜਾਇਜ਼ [ਜ਼ਰੂਰੀ] ਹੋ ਜਾਂਦਾ ਹੈ)

ਜ਼ੁਲਮ ਕਰਨਾ ਬੁਰਾ ਹੈ ਤਾਂ ਜ਼ੁਲਮ ਨੂੰ ਚੁੱਪਚਾਪ ਸਹਿੰਦੇ ਜਾਣਾ ਵੀ ਜ਼ੁਲਮ ਕਰਨ ਦੇ ਬਰਾਬਰ ਹੀ ਬੁਰਾ ਹੈ । ਇਸਲਾਮੀ ਵਿਚਾਰਧਾਰਾ ਅਨੁਸਾਰ ਤਕਵਾ(ਨੇਕੀ) ਦੇ ਤਿੰਨ ਦਰਜੇ ਹਨ । ਸਰਬ ਸ੍ਰੇਸ਼ਟ ਤਕਵਾ ਇਹ ਹੈ ਕਿ ਤੁਸੀਂ ਜੇ ਕੋਈ ਜ਼ੁਲਮ ਹੁੰਦਾ ਵੇਖੋ ਤਾਂ ਆਪਣੀ ਪੂਰੀ ਸ਼ਕਤੀ ਤੇ ਸਮਰੱਥਾ ਨਾਲ ਜ਼ਾਲਮ ਨੂੰ ਉਸ ਜ਼ੁਲਮ ਤੋਂ ਰੋਕਣ ਦਾ ਜਤਨ ਕਰੋ । ਮਧਿਅਮ ਦਰਜੇ ਦਾ ਤੱਕਵਾ ਇਹ ਹੈ ਕਿ ਮੂੰਹੋਂ ਉਸ ਜ਼ੁਲਮ ਨੂੰ ਭੈੜਾ ਆਖੋ ਅਤੇ ਜ਼ਾਲਮ ਦੀ ਨਿਖੇਧੀ ਖੁੱਲ੍ਹੇ ਆਮ ਕਰੋ, ਜੇ ਇਹ ਵੀ ਨਹੀਂ ਕਰ ਸਕਦੇ ਤਾਂ ਘੱਟੋ ਘੱਟ ਦਿਲ ਵਿਚ ਇਸ ਜ਼ੁਲਮ ਨੂੰ ਬੁਰਾ ਸਮਝੋ ਅਤੇ ਜ਼ਾਲਮ ਨਾਲ ਨਫ਼ਰਤ ਕਰੋ, ਪਰ ਇਹ ਸਭ ਤੋਂ ਨੀਵੇਂ ਦਰਜੇ ਦਾ ਤਕਵਾ ਹੈ । 'ਜ਼ਫ਼ਰਨਾਮਾ' ਦੇ ਰਚੈਤਾ ਗੁਰੂ ਸਾਹਿਬ ਨੇ ਉੱਚਤਮ ਦਰਜ਼ੇ ਦੇ ਤੱਕਵੇ ਦਾ ਸਬੂਤ ਦਿੱਤਾ ਹੈ । 'ਜ਼ਫ਼ਰਨਾਮਾ' ਇਸ ਕਰਕੇ ਵੀ ਬੇਮਿਸਾਲ ਹੈ ਕਿ ਇਹ ਅਮਲੀ ਰੂਪ ਵਿਚ ਇਸ ਹਦੀਸ ਦਾ ਪਾਤਰ ਬਣਦਾ ਹੈ ਜਿਸ ਅਨੁਸਾਰ 'ਜ਼ਾਲਮ ਹੁਕਮਰਾਨ ਸਾਹਮਣੇ ਸੱਚੀ ਗੱਲ ਆਖਣਾ ਜਿਹਾਦ ਹੈ।' 'ਜ਼ਫ਼ਰਨਾਮਾ' ਦਾ ਪ੍ਰੇਖਣ ਇਸ ਤੱਥ ਨੂੰ ਸਪਸ਼ਟ ਕਰਦਾ ਹੈ ਕਿ ਇਸ ਦੀ ਰਚਨਾ ਦਾ ਅਸਲ ਉਦੇਸ਼ ਤਾਂ ਇਹੀ ਹੈ । ਏਨੇ ਵੱਡੇ ਤੇ ਵਿਸ਼ਾਲ ਸਾਮਰਾਜ (ਮੁਗ਼ਲ ਸਾਮਰਾਜ) ਨੂੰ ਵੰਗਾਰਨਾ,

ਉਸ ਦੇ ਸਮਰਾਟ ਅਤੇ ਦੂਜੇ ਉੱਚ ਅਧਿਕਾਰੀਆਂ ਦੀ ਅਧਰਮੀ ਹਵਸ਼ ਦਾ ਪਰਦਾ ਫ਼ਾਸ਼ ਕਰਨਾ ਬੇਮਿਸਾਲ ਮਰਦਾਨਗੀ ਅਤੇ ਉੱਚ ਕੋਟੀ ਦੀ ਅਖ਼ਲਾਕੀ ਬਰਤਰੀ ਦਾ ਪ੍ਰਤੱਖ ਸਬੂਤ ਹੈ। ਗੁਰੂ ਸਾਹਿਬ ਨੇ 'ਜ਼ਫ਼ਰਨਾਮੇ' ਰਾਹੀਂ ਇਸ ਸਾਮਰਾਜ ਦੇ ਅਨੇਕਾਂ ਕਾਰਿੰਦਿਆਂ ਤੇ ਫ਼ੌਜੀ ਆਹੁਦੇਦਾਰਾਂ ਦੀ ਬੁਜ਼ਦਿਲੀ ਤੇ ਬਦ-ਕਿਰਦਾਰੀ ਦਾ ਵਰਨਨ ਤਾਂ ਕੀਤਾ ਹੀ ਹੈ (ਜਿਹੜਾ ਇਸ ਰਚਨਾ ਦਾ ਪੁਰਜਨਾਲ ਭਾਗ ਹੈ) ਪਰ ਸਭ ਤੋਂ ਮਹਾਨ ਦਲੇਰੀ ਇਹ ਹੈ ਕਿ ਖ਼ੁਦ ਸ਼ਹਿਨਸ਼ਾਹ, ਦੇ ਇਸਲਾਮ-ਵਿਰੋਧੀ ਕੁਕਰਮਾਂ ਵਿਰੁੱਧ ਆਵਾਜ਼ ਉਠਾਉਂਦੇ ਹੋਏ ਉਸ ਨੂੰ ਉਨ੍ਹਾਂ ਦੇ ਭੈੜੇ ਅੰਜਾਮ ਤੋਂ ਬਾਖ਼ਬਰ ਕੀਤਾ ਹੈ। ਥਾਂ ਦੀ ਘਾਟ ਕਾਰਨ ਉਹ ਸਾਰੇ ਸ਼ਿਅਰਾਂ ਨੂੰ ਦਰਜ ਕਰਨਾ ਔਖਾ ਹੈ ਪਰ ਇੱਥੇ ਨਮੂਨੇ ਵਜੋਂ ਕੁਝ ਸ਼ਿਅਰ ਦਰਜ ਕੀਤੇ ਗਏ ਹਨ ਜੋ ਗੁਰੂ ਸਾਹਿਬ ਦੀ ਸ਼ੁਅਲਾ ਬਿਆਨੀ ਦਾ ਅਨੁਮਾਨ ਲਗਾਉਣ ਲਈ ਕਾਫ਼ੀ ਹਨ। ਸ਼ਹਿਨਸ਼ਾਹ ਦੀਆਂ ਵਧੀਕੀਆਂ, ਉਸ ਦੀ ਦੁਨੀਆਂ ਪ੍ਰਸਤੀ, ਨਸੀਹਤ ਅਤੇ ਤਾੜਨਾ ਸਭ ਕੁਝ ਇਨ੍ਹਾਂ ਵਿਚ ਮੌਜੂਦ ਹੈ :

ਤੁਰਾ ਮਨ ਨ ਦਾਨਮ ਕਿ ਯਜ਼ਦਾਂ ਸ਼ਨਾਸ।
ਬਰਾਮਦ ਜ਼ਿ ਤੂ ਕਾਰਹਾ ਪੁਰਖ਼ਰਾਸ਼।

(ਤੇਰੇ ਵਰਗੇ ਬੰਦੇ ਨੂੰ, ਜਿਸ ਦੇ ਹੱਥੋਂ ਇੰਨੇ ਜ਼ੁਲਮ ਹੋਏ ਹੋਣ ਮੈਂ ਕਿਵੇਂ ਵੀ ਖ਼ੁਦਾ ਸ਼ਨਾਸ ਨਹੀਂ ਸਮਝ ਸਕਦਾ)

ਤੂ ਮਸਨਦ ਨਸ਼ੀਂ ਸਰਵਰਿ ਕਾਇਨਾਤ।
ਕਿ ਅੱਜਬ ਅਸਤ ਇਨਸਾਫ਼ ਈਂ ਹਮ ਸਿਫ਼ਾਤ।
ਕਿ ਅੱਜਬ ਅਸਤ ਇਨਸਾਫ਼ ਦੀਂ ਪਰਵਰੀ।
ਕਿ ਹੈਫ਼ ਅਸਤ ਸਦ ਹੈਫ਼ ਈਂ ਸਰਵਰੀ।

(ਤੂੰ ਇੱਡਾ ਮਹਾਨ ਸ਼ਹਿਨਸ਼ਾਹ ਬਣਿਆ ਫਿਰਦਾ ਹੈਂ ਅਤੇ ਦੀਨਦਾਰੀ ਦਾ ਦਾਅਵਾ ਕਰਦਾ ਹੈਂ, ਤੇਰਾ ਇਨਸਾਫ਼ 'ਤੇ ਤੇਰੀ ਦੀਨਦਾਰੀ ਬਸ ਇਹੀ ਹੈ? ਲਾਅਨਤ ਹੈ, ਇਸ 'ਤੇ)

ਕਿ ਅੱਜਬ ਅਸਤੂ ਅੱਜਬ ਫਤੂਵਾ ਸ਼ੁਮਾ।
ਬਜੁਜ਼ ਰਾਸਤੀ ਸੁਖ਼ਨ ਗੁਫਤਨ ਜ਼ਯਾਂ।
ਨ ਦਾਨਮ ਕਿ ਈਂ ਮਰਦਿ ਪੈਮਾਂ ਸ਼ਿਕੱਨ।
ਕਿ ਦੌਲਤ ਪਰਸੱਤ ਅਸਤ ਈਮਾਂ ਫ਼ਿਕੱਨ।

(ਕੀ ਇਹੀ ਤੇਰੀ ਨੇਕੀ ਹੈ ਕਿ ਤੂੰ ਝੂਠ ਬੋਲਦਾ ਹੈ, ਮੈਂ ਨਹੀਂ ਜਾਣਦਾ ਸਾਂ ਇਹ ਵਾਅਦਾ ਫ਼ਰਾਮੋਸ਼ ਆਦਮੀ ਬੇਈਮਾਨ ਤੇ ਦੁਨੀਆਂ ਦਾ ਲੋਭੀ ਹੈ)

ਚਿਹ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ।
ਕਿ ਆਤਸ਼ ਦਮਾਂ ਰਾ ਬ ਦੌਰਾਂ ਕੁਨੀ।
ਬ ਬਾਯਦ ਕਿ ਯਜ਼ਦਾਂ ਪ੍ਰਸਤੀ ਕੁਨੀ।
ਨ ਗੁਫ਼ਤਾਹ ਕਸਾਂ ਕਸ ਖ਼ਰਾਸ਼ੀ ਕੁਨੀ।

(ਇਹ ਕੀ ਮਰਦਾਨਗੀ ਹੈ ਕਿ ਸੱਚ ਬੋਲਣ ਵਾਲਿਆਂ ਨੂੰ ਚੁੱਪ ਕਰਾ ਦਿੱਤਾ ਜਾਵੇ। ਤੈਨੂੰ ਚਾਹੀਦਾ ਹੈ ਕਿ ਰੱਬ ਤੋਂ ਡਰੇਂ ਅਤੇ ਐਵੇਂ ਕਿਸੇ ਦੇ ਆਖੇ ਲੱਗ ਕੇ ਨਿਆਸਰਿਆਂ ਤੇ ਜ਼ੁਲਮ ਨਾ ਕਮਾਵੇ)

ਮਜ਼ਨ ਤੇਗ਼ ਬਰ ਖ਼ੂਨਿ ਕਸ ਬੇ ਦਰੇਗ਼।
ਤੁਰਾ ਨੀਜ਼ ਖ਼ੂੰ ਚਰਖ ਰੇਜ਼ਦ ਬ-ਤੇਗ਼।

(ਕਿਸੇ ਬੇਗੁਨਾਹ ਦਾ ਖ਼ੂਨ ਵਗਾਉਣ ਲਈ ਤਲਵਾਰ ਨਾ ਚਲਾ, ਨਹੀਂ ਤਾਂ ਇਕ ਦਿਨ ਸਮਾਂ ਤੈਨੂੰ ਵੀ ਇਸੇ ਤਰ੍ਹਾਂ ਮਾਰ ਕੇ ਖ਼ਤਮ ਕਰ ਦੇਵੇਗਾ)

ਗੁਰੂ ਸਾਹਿਬ ਦੀ ਅਖ਼ਲਾਕੀ ਫ਼ਤਹ, ਜਿਸ ਦਾ ਪ੍ਰਤੀਕ 'ਜ਼ਫ਼ਰਨਾਮਾ' ਹੈ, ਦਾ ਇਸ ਤੋਂ ਵੱਡਾ ਸਬੂਤ ਹੋਰ ਕੀ ਹੋਵੇਗਾ ਕਿ ਆਪਣੇ ਦੁਸ਼ਮਣ ਜਿਸ ਦੇ ਕਾਰਿੰਦਿਆਂ ਵਲੋਂ ਗੁਰੂ ਸਾਹਿਬ ਨੂੰ ਸਤਾਉਣ ਵਿਚ ਕੋਈ ਕਸਰ ਨਹੀਂ ਛੱਡੀ ਗਈ, ਜਿਸ ਦੀਆਂ ਫ਼ੌਜਾਂ ਨੇ ਗੁਰੂ ਸਾਹਿਬ ਨੂੰ ਮਾਰ ਮੁਕਾਉਣ ਲਈ ਆਪਣੀ ਪੂਰੀ ਵਾਹ ਲਾ ਦਿੱਤੀ,

ਅਜਿਹੇ ਦੁਸ਼ਮਣ ਨੂੰ ਵੀ ਜਦੋਂ ਗੁਰੂ ਸਾਹਿਬ ਸੰਬੋਧਨ ਕਰਦੇ ਹਨ ਤਾਂ ਸ਼ਿਸ਼ਟਾਚਾਰ ਤੇ ਤਹਿਜ਼ੀਬ ਦੇ ਤਕਾਜ਼ਿਆਂ ਨੂੰ ਅੱਖੋਂ ਪਰੋਖੇ ਨਹੀਂ ਕਰਦੇ ਜਿਸ ਦਾ ਪ੍ਰਮਾਣ ਇਹੋ ਜਿਹੇ ਸ਼ਿਅਰ ਹਨ :

*ਖ਼ੁਸ਼ਸ਼ ਸ਼ਾਹਿ ਸ਼ਾਹਾਨ 'ਅਉਰੰਗਜ਼ੇਬ'।*
*ਕਿ ਚਾਲਾਕ ਦਸਤ ਅਸਤੁ ਚਾਬੁਕ ਰਕੇਬ।*
*ਕਿ ਤਰਤੀਬ ਦਾਨਿਸ਼ ਬਤਦਬੀਰਿ ਤੇਗ।*
*ਖ਼ੁਦਾਵੰਦਿ ਦੇਗਉ ਖ਼ੁਦਾਵੰਦਿ ਤੇਗ।*
*ਚਿ ਹੁਸਨੁਲ ਜਮਾਲ ਅਸਤ ਰੌਸ਼ਨ ਜ਼ਮੀਰ।*
*ਖ਼ੁਦਾਵੰਤ ਮੁਲਕ ਅਸਤੁ ਸਾਹਿਬਿ ਅਮੀਰ।*

ਉਪਰੋਕਤ ਅਧਿਐਨ ਸਮੇਂ ਸਾਡੀ ਨਜ਼ਰ 'ਜ਼ਫ਼ਰਨਾਮੇ' ਦੇ ਕੇਵਲ ਦਾਰਸ਼ਨਿਕ ਤੇ ਨੈਤਿਕ ਪੱਖਾਂ ਤੇ ਹੀ ਰਹੀ ਹੈ। ਭਾਵੇਂ ਅਜਿਹਾ ਕਰਨ ਲੱਗਿਆਂ ਅਨੇਕਾਂ ਇਤਿਹਾਸਿਕ ਤੇ ਜੰਗੀ ਘਟਨਾਵਾਂ ਤੋਂ ਜਿਨ੍ਹਾਂ ਦਾ ਜ਼ਿਕਰ ਇਸ ਅਜ਼ੀਮ ਕਿਰਤ ਵਿਚ ਮੌਜੂਦ ਹੈ, ਸਾਨੂੰ ਆਪਣੇ ਆਪ ਨੂੰ ਲਾਂਭਿਆਂ ਕਰਨਾ ਬਹੁਤ ਔਖਾ ਲੱਗਾ ਹੈ। ਪਰ ਇੱਥੇ ਇਹ ਅਰਜ਼ ਕਰਨੀ ਜ਼ਰੂਰੀ ਹੈ ਕਿ 'ਜ਼ਫ਼ਰਨਾਮਾ' ਆਪਣੇ ਆਪ ਵਿਚ ਸੱਚਾਈ, ਹੌਸਲਾ, ਦਲੇਰੀ, ਮਰਦਾਨਗੀ ਜਾਹੋ-ਜਲਾਲ ਦਾ ਪ੍ਰਗਟਾਵਾ ਤਾਂ ਹੈ ਹੀ ਸੀ, ਆਪਣੇ ਯੁੱਗ ਦੀ ਭਵਿਖਬਾਣੀ ਵੀ ਸਾਬਿਤ ਹੋਇਆ ਕਿਉਂ ਜੋ ਉਹ ਮੁਗ਼ਲ ਸਾਮਰਾਜ ਜਿਹੜਾ ਆਪਣੀ ਵਿਸ਼ਾਲਤਾ ਵਿਚ ਆਪਣੀ ਮਿਸਾਲ ਆਪ ਸੀ, 'ਜ਼ਫ਼ਰਨਾਮੇ' ਦੀ ਸਿਆਹੀ ਹਾਲੇ ਸੁੱਕੀ ਵੀ ਨਹੀਂ ਸੀ ਕਿ ਉਹ ਪਿੰਜੀ ਹੋਈ ਰੂੰ ਦੀ ਢੇਰੀ ਵਾਂਗ ਖੇਰੂੰ ਖੇਰੂੰ ਹੁੰਦਾ ਦੁਨੀਆਂ ਨੇ ਆਪਣੀ ਅੱਖੀਂ ਵੇਖ ਲਿਆ। ਉਸ ਦੇ ਮੁਕਾਬਲੇ ਵਿਚ 'ਜ਼ਫ਼ਰਨਾਮਾ' ਅਤੇ ਉਸ ਦੇ ਮਹਾਨ ਰਚੈਤਾ ਦਾ ਨਾਂ ਅੱਜ ਵੀ ਹਾਫ਼ਿਜ਼ ਦੇ ਇਸ ਸ਼ਿਅਰ ਦੀ ਤਫ਼ਸੀਰ ਬਣਿਆ ਜ਼ਿੰਦਾ ਤੇ ਤਾਬਿੰਦਾ ਹੈ ਕਿ

*ਹਰਗਿਜ਼ ਨ ਮੀਰਦ ਆਂ ਕਿ ਦਿਲਸ਼ ਜ਼ਿੰਦਾ ਸੁਦ ਬ-ਇਸ਼ਕ*
*ਸਬਤ ਅਸਤ ਬਰ ਜਰੀਦਾ-ਏ-ਆਲਮ ਦਵਾਮ-ਏ-ਮਾ*

## ਹਵਾਲੇ/ਟਿੱਪਣੀਆਂ

1. F. Steingass : *A Comprehensive Persian-English Dictionary*, ਪੰਨਾ 826
2. *ਜ਼ਫ਼ਰਨਾਮਾ ਗੋਸ਼ਟੀ* (ਸੋਵੀਨਰ) 1969 ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਪੰਨਾ 2 ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਤ *'ਜ਼ਫ਼ਰਨਾਮਾ'* (1973) ਵਿਚ 112 ਸ਼ਿਅਰ ਸ਼ਾਮਲ ਹਨ। ਗਿਣਤੀ ਦਾ ਫ਼ਰਕ ਵੱਖੋ ਵੱਖਰੀਆਂ ਬੀੜਾਂ ਦੇ ਪਾਠਾਂਤ੍ਰ ਕਾਰਨ ਹੈ।
3. *ਜ਼ਫ਼ਰਨਾਮਾ ਗੋਸ਼ਟੀ* (ਉਪਰੋਕਤ) ਵਿਚ ਭਾਈ ਕੇਸਰ ਸਿੰਘ ਛਿਬਰ ਦੇ ਹਵਾਲੇ ਨਾਲ ਸ਼ਿਅਰਾਂ ਦੀ ਕੁੱਲ ਗਿਣਤੀ 1400 ਲਿਖੀ ਗਈ ਹੈ। *'ਜ਼ਫ਼ਰਨਾਮਾ'* ਮਨਜ਼ੂਮ ਉਰਦੂ ਤਰਜੁਮਾ ਅਨੁਵਾਦਕ : ਗੁਰਦਿਆਲ ਸਿੰਘ ਭੋਲਾ, ਅੰਮ੍ਰਿਤਸਰ, 1967 ਪੰਨਾ 21
4. *ਉਹੀ*, ਪੰਨਾ 3
5. *ਉਹੀ*, ਪੰਨਾ 22
6. *श्री दसम गुरू ग्रंथ साहिब*, प्रकाशक भुवन वाणी ट्रस्ट, लखनऊ। *ਜ਼ਫ਼ਰਨਾਮਾ ਸਟੀਕ* : ਛਾਪਕ : ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ, ਅੰਮ੍ਰਿਤਸਰ 1930 *ਜ਼ਫ਼ਰਨਾਮਾ* (ਮਅ ਤਰਜੁਮਾ ਜ਼ਬਾਨ-ਏ-ਉਰਦੂ) ਛਾਪਕ : ਭਾਈ ਗੁਰਦਿਆਲ ਸਿੰਘ ਲਾਹੌਰ *ਜ਼ਫ਼ਰਨਾਮਾ* (ਫ਼ਾਰਸੀ ਅਖਰਾਂ ਵਿਚ) ਛਾਪਕ ਲਾਲਾ ਖ਼ੁਸ਼ੀ ਰਾਮ ਆਰਿਫ਼, ਲਾਹੌਰ ਆਦਿ
7. *ਜ਼ਫ਼ਰਨਾਮਾ ਗੋਸ਼ਟੀ*, ਪੰਨਾ 2
8. ਗੁਰਦਿਆਲ ਸਿੰਘ ਭੋਲਾ, ਐਡਵੋਕੇਟ, *ਜ਼ਫ਼ਰਨਾਮਾ ਮਨਜ਼ੂਮ ਉਰਦੂ ਤਰਜੁਮਾ*, ਦਿੱਲੀ 1967 ਪੰਨਾ 29 *ਇਸ਼ਰਤ*, ਅੰਮ੍ਰਿਤ ਲਾਲ, *ਸ੍ਰੀ ਗੁਰੂ ਗੋਬਿੰਦ ਸਿੰਘ ਕਾ ਜ਼ਫ਼ਰਨਾਮਾ* (ਲੇਖ) ਮਾਸਕ *'ਪਾਸਬਾਨ'* ਚੰਡੀਗੜ੍ਹ, ਫ਼ਰਵਰੀ 1966 ਪੰਨਾ 31

# ਹਿੰਦੂ ਸਾਮੀ ਧਰਮ ਪਰਿਪੇਖ ਵਿਚ ਅਕਾਲ ਉਸਤਤਿ ਦੀ ਮਹੱਤਤਾ

ਪਰਮਜੀਤ ਸਿੰਘ ਸਿੱਧੂ

'ਦਸਮ ਗ੍ਰੰਥ' ਸਿੱਖ ਸਾਹਿਤ ਅਤੇ ਪੰਜਾਬੀ ਭਾਸ਼ਾ ਦੀ ਗੌਰਵਮਈ ਪ੍ਰਾਪਤੀ ਹੈ। ਇਹ ਉਹ ਮਹੱਤਵਪੂਰਨ ਸਰੋਤ ਹੈ ਜਿਸ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਨਾਲ ਦੇ ਧਾਰਮਿਕ, ਦਾਰਸ਼ਨਿਕ ਅਤੇ ਮਿਥਿਹਾਸਿਕ ਵਿਚਾਰ ਮੰਡਲਾਂ ਦਾ ਪਰਤੱਖਣ ਕੀਤਾ ਜਾ ਸਕਦਾ ਹੈ। ਪੰਜਾਬੀ ਭਾਸ਼ਾ ਦੇ ਇਤਿਹਾਸਿਕ ਵਿਕਾਸ ਵਿਚ ਵੀ, ਇਸ ਕਲਾਸਿਕੀ ਕਿਰਤ ਦਾ ਪਛਾਣਨਯੋਗ ਸਥਾਨ ਹੈ। ਪੰਜਾਬ ਦੇ ਸਮਾਜਿਕ ਇਤਿਹਾਸ ਦੇ ਉਸ ਕ੍ਰਾਂਤੀਕਾਰੀ ਪੜਾਅ 'ਤੇ, ਇਸ ਸਿਰਜਣਾ ਨੇ ਪੰਜਾਬੀ ਭਾਸ਼ਾ ਨੂੰ ਸੰਭਾਲਣ ਅਤੇ ਸੰਚਾਰਨ ਦਾ ਕਾਰਜ ਕੀਤਾ ਹੈ। ਇਸ ਦੀਆਂ ਸਤਾਰਾਂ ਰਚਨਾਵਾਂ ਵਿਚੋਂ ਛੇ ਧਾਰਮਿਕ ਅਤੇ ਦਾਰਸ਼ਨਿਕ ਪ੍ਰਕਿਰਤੀ ਵਾਲੀਆਂ ਹਨ। ਇਨ੍ਹਾਂ ਵਿਚੋਂ 'ਅਕਾਲ ਉਸਤਤਿ' ਨੂੰ ਪ੍ਰਾਪਤ ਅਧਿਐਨ ਅਤੇ ਖੋਜ ਵਿਚ (ਜੱਗੀ, 1966) ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਸਵੀਕਾਰਿਆ ਗਿਆ ਹੈ। ਅਕਾਲ ਉਸਤਤਿ ਦੇ ਟੀਕੇ ਤੇ ਸਟੀਕਾਂ ਤੋਂ ਇਲਾਵਾ, ਇਸ ਰਚਨਾ ਉੱਤੇ ਕੁੱਝ ਖੋਜ ਕਾਰਜ (ਸਿੱਧੂ, 1977, ਮਨਮੋਹਨ 1998) ਵੀ ਮਿਲਦਾ ਹੈ। ਇਸ ਰਚਨਾ ਨੂੰ ਸਿੱਖ ਧਰਮ ਅਤੇ ਦਰਸ਼ਨ ਵਿਚ ਸਤਿਕਾਰਯੋਗ ਸਥਾਨ ਪ੍ਰਾਪਤ ਹੈ। ਹੱਥਲੇ ਖੋਜ ਪੱਤਰ ਵਿਚ ਹਿੰਦੂ-ਸਾਮੀ ਧਰਮ ਪਰਿਪੇਖ ਵਿਚ ਇਸ ਰਚਨਾ ਦੇ ਮਹੱਤਵ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਨਿਰਧਾਰਤ ਮਨੋਰਥ ਦੀ ਪ੍ਰਾਪਤੀ ਲਈ ਰਚਨਾ ਦੀ ਤਹਿ ਵਿਚ ਪਏ ਭਾਵਾਂ ਨੂੰ ਸਮਝਣਾ ਜ਼ਰੂਰੀ ਹੈ। ਇਸ ਲਈ ਇਸ ਸਿਰਜਣਾ ਦੇ ਸੁਨੇਹੇ ਤੱਕ ਪਹੁੰਚਣ ਲਈ ਅਸੀਂ ਇਸ ਦੇ ਸੀਮੀਐਟਿਕ ਸਟਰਕਚਰ ਨੂੰ ਆਧਾਰ ਬਣਾਵਾਂਗੇ।

ਸਾਹਿਤਕ ਕਿਰਤ ਭਾਸ਼ਾਈ ਵਰਤੋਂ ਦਾ ਅਤੀ ਉੱਤਮ ਨਮੂਨਾ ਹੁੰਦੀ ਹੈ। ਇਸ ਦੀ ਔਰਥੋਗਰਾਫ਼ੀ, ਸ਼ਬਦ ਬਣਤਰ, ਸ਼ਬਦਾਵਲੀ, ਵਾਕੰਸ਼ ਤੇ ਵਾਕ ਜੁਗਤ, ਸਿਰਜਕ ਦੇ ਸੁਨੇਹੇ ਨੂੰ ਦਿੱਖ ਪੱਧਰ 'ਤੇ ਮੂਰਤੀਮਾਨ ਕਰਦੇ ਹਨ। ਭਾਸ਼ਾ ਦੇ ਇਹ ਸਾਰੇ ਤੱਤ ਨਿਸ਼ਚਤ ਤੇ ਨਿਰਧਾਰਤ ਨੇਮਾਂ ਅਨੁਸਾਰ ਵਿਚਰਦੇ ਹਨ ਪਰ ਸਿਰਜਕ ਦੇ ਸੋਚ ਮੰਡਲ ਰਾਹੀਂ ਗੁਜ਼ਰਨ ਮਗਰੋਂ ਜਦੋਂ ਇਹ ਸਿਰਜਣਾ ਦੇ ਜਿਸਮ ਦਾ ਅੰਗ ਬਣਦੇ ਹਨ ਤਾਂ ਇਹ ਉਸ ਰਚਨਾ ਨੂੰ ਸੁਤੰਤਰ ਸਮੁੱਚ ਦਾ ਰੂਪ ਪ੍ਰਦਾਨ ਕਰ ਦਿੰਦੇ ਹਨ। ਰਚਨਾ ਪਾਠ ਦੇ ਸ਼ਬਦਾਂ, ਵਾਕੰਸ਼ਾਂ ਤੇ ਵਾਕਾਂ ਨੂੰ ਅੰਤਰ ਸੰਬੰਧਿਤ ਕਰਕੇ ਰਚਨਾ ਪਾਠ ਵਿਚ ਪੇਸ਼ ਵਿਚਾਰਾਂ ਨੂੰ ਪ੍ਰਤੱਖਣ ਪ੍ਰਵਾਹ ਵਿਚ ਬੰਨਿਆ ਜਾ ਸਕਦਾ ਹੈ। ਇਸ ਕਾਰਜ ਲਈ ਸਾਨੂੰ ਸੀਮੀਐਟਿਕ ਸਟਰਕਚਰ ਨੂੰ ਆਧਾਰ ਬਣਾਉਣਾ ਪਵੇਗਾ। ਰਚਨਾ ਪਾਠ ਦੇ ਸਾਰੇ ਭਾਸ਼ਾਈ ਵੇਰਵੇ ਜਦੋਂ ਪ੍ਰਤੱਖਣ ਪ੍ਰਵਾਹ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ ਤਾਂ ਅਸੀ ਰਚਨਾ ਦੀ ਤਹਿ ਵਿਚ ਪਏ ਸੁਨੇਹੇ ਨੂੰ ਗ੍ਰਹਿਣ ਕਰਨ ਯੋਗ ਹੋ ਜਾਂਦੇ ਹਾਂ। ਅਸੀਂ ਇੱਥੇ ਇਹ ਟੀਚਾ ਮਿੱਥ ਕੇ ਚੱਲੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਅਕਾਲ ਉਸਤਤਿ' ਦੀ ਮਹੱਤਤਾ ਨੂੰ ਵਿਸ਼ੇਸ਼ ਪ੍ਰਸੰਗ (ਹਿੰਦੂ-ਸਾਮੀ-ਧਰਮ ਪਰਿਪੇਖ) ਵਿਚ ਉਜਾਗਰ ਕਰਨਾ ਹੈ। ਇਸ ਲਈ 'ਅਕਾਲ ਉਸਤਤਿ' ਦੀ ਮਹੱਤਤਾ ਦੇ ਪ੍ਰਤੱਖਣ ਲਈ ਸਾਨੂੰ ਇਸ ਕਿਰਤ ਦੀ ਤਹਿ ਵਿਚ ਪਏ ਵਿਚਾਰਾਂ ਨੂੰ ਪ੍ਰਤੱਖਣ ਪ੍ਰਵਾਹ ਵਿਚ ਬੰਨ੍ਹਣਾ ਪਵੇਗਾ। ਇਸ ਨਾਲ ਰਚਨਾ ਵਿਚ ਪੇਸ਼ ਵਰਨਨ ਨੂੰ ਹਿੰਦੂ-ਸਾਮੀ ਧਰਮ ਪਰਿਪੇਖ ਵਿਚ ਪਰਖਣ ਦੇ ਸਮਰੱਥ ਹੋ ਸਕਣ ਦੀ ਸੰਭਾਵਨਾ ਵੱਧ ਜਾਵੇਗੀ। ਇਸ ਤਰ੍ਹਾਂ ਹਥਲੇ ਵਿਸ਼ੇ ਨੂੰ ਤਿੰਨ ਪੱਖਾਂ ਤੋਂ ਵਿਚਾਰਿਆ ਜਾ ਸਕਦਾ ਹੈ। ਹਿੰਦੂ ਤੇ ਸਾਮੀ ਧਰਮ ਪਰਿਪੇਖ, ਅਕਾਲ ਉਸਤਤਿ ਵਿਚ ਸੰਚਾਰਤ ਸੁਨੇਹੇ ਦੀ ਜੁਗਤ ਅਤੇ ਹਿੰਦੂ ਸਾਮੀ ਧਰਮ ਪਰਿਪੇਖ ਵਿਚ ਅਕਾਲ ਉਸਤਤਿ ਦੇ ਸੁਨੇਹੇ ਦੀ ਮਹੱਤਤਾ ਅਧਿਐਨ ਅਧੀਨ ਸਮੱਸਿਆ 'ਤੇ ਕੇਂਦਰਿਤ ਰਹਿਣ ਲਈ ਅਸੀਂ ਹਿੰਦੂ ਸਾਮੀ ਧਰਮ ਪਰਿਪੇਖ ਦੇ ਵਿਸਤ੍ਰਿਤ ਤੇ ਵੱਖਰੇ ਵਰਨਨ ਤੋਂ ਸੰਕੋਚ ਕਰਾਂਗੇ। ਇਸ ਦੀ ਥਾਂ ਅਸੀਂ ਹਿੰਦੂ ਸਾਮੀ ਧਰਮ ਬਾਰੇ ਸਾਹਿਤ ਕੋਸ਼ੀ ਵੇਰਵਿਆਂ ਨੂੰ ਬਾਕੀ

ਦੋਹਾਂ ਪੱਖਾ ਦੇ ਵਿਸ਼ਲੇਸ਼ਣਾਤਮਿਕ ਵਰਨਨ ਸਮੇਂ ਸਮੱਗਰੀ ਵਜੋਂ ਵਰਤਣ ਦਾ ਯਤਨ ਕਰਾਂਗੇ।

ਪ੍ਰਾਪਤ ਤੇ ਪ੍ਰਵਾਨਿਤ ਪਰੰਪਰਾ ਅਨੁਸਾਰ ਅਕਾਲ ਉਸਤਤਿ ਦਾ ਸਿੱਖ ਧਰਮ ਤੇ ਸਿੱਖ ਸਾਹਿਤ ਵਿਚ ਵਿਸ਼ੇਸ਼ ਸਥਾਨ ਹੈ। ਜਦੋਂ ਅਸੀਂ ਇਸ ਨੂੰ ਹਿੰਦੂ-ਸਾਮੀ ਪਰਿਪੇਖ ਵਿਚ ਸਮਝਣ ਦਾ ਯਤਨ ਕਰਦੇ ਹਾਂ ਤਾਂ ਸਾਡੇ ਸਾਹਮਣੇ ਦੋ ਦਿਸ਼ਾਵਾਂ ਉੱਘੜਦੀਆਂ ਹਨ। ਇਕ ਦਿਸ਼ਾ ਵਿਚ ਅਸੀਂ ਇਸ ਨੂੰ ਹਿੰਦੂ ਜਾਂ ਸਾਮੀ ਧਰਮ ਦੇ ਮੁਕਾਬਲੇ ਸਿੱਖ ਧਰਮ ਦੇ ਦਾਰਸ਼ਨਿਕ ਸੰਕਲਪਾਂ ਨੂੰ ਸੰਚਾਰਤ ਕਰਨ ਵਾਲੀ ਸਿਰਜਣਾ ਸਮਝ ਸਕਦੇ ਹਾਂ। ਦੂਜੀ ਦਿਸ਼ਾ ਵਿਚ ਅਕਾਲ ਉਸਤਤਿ ਦੇ ਸਿਰਜਕ ਦੁਆਰਾ ਸੰਚਾਰਤ ਧਾਰਮਿਕ ਦਰਸ਼ਨ ਤੇ ਦ੍ਰਿਸ਼ਟੀ ਦੇ ਸਨਮੁੱਖ, ਹਿੰਦੂ ਤੇ ਸਾਮੀ ਧਰਮਾਂ ਦੇ ਦਾਰਸ਼ਨਿਕ, ਮਿਥਿਹਾਸਿਕ ਅਤੇ ਅਨੁਸ਼ਨਾਨੀ ਸੰਕਲਪਾਂ ਤੇ ਪ੍ਰਕਿਰਿਆਵਾਂ ਦੀ ਸਮਾਨਤਾ ਅਤੇ ਸਮਾਨਾਂਤਰਤਾ ਨੂੰ ਉਲੀਕਿਆ ਜਾ ਸਕਦਾ ਹੈ। ਇੱਥੇ ਅਸੀਂ ਇਸ ਦੋ ਦਿਸ਼ਾਵੀ ਪ੍ਰਯਤਨ ਨੂੰ ਅੰਤਰ ਸੰਬੰਧਿਤ ਕਰਕੇ ਵੇਖਣ ਦਾ ਯਤਨ ਕਰਾਂਗੇ।

ਅਕਾਲ ਉਸਤਤਿ ਛੰਦ-ਬੱਧ ਰਚਨਾ ਹੈ। ਇਸ ਦੇ ਕੁੱਲ 271 ਅੰਕਿਤ ਛੰਦ ਹਨ ਅਤੇ ਅੰਤ 'ਤੇ ਦੋ ਸਤਰਾਂ ਹਨ ਜਿਨ੍ਹਾਂ ਨੂੰ ਅੰਕ ਨਹੀਂ ਦਿੱਤਾ ਗਿਆ। ਇਸ ਰਚਨਾ ਨੂੰ ਸਤਾਰਾਂ ਭਾਗਾਂ ਅਤੇ ਬਾਰਾਂ ਛੰਦਾਂ ਵਿਚ ਸਿਰਜਿਆ ਗਿਆ ਹੈ। ਇਸ ਦਾ ਆਰੰਭ "ੴ ਸਤਿਗੁਰ ਪ੍ਰਸਾਦਿ ॥ ਸ੍ਰੀ ਭਗਉਤੀ ਜੀ ਸਹਾਏ ॥ ਸ੍ਰੀ ਅਕਾਲ ਜੀ ਕੀ ਉਸਤਤਿ ॥ ਉਤਾਰੇ ਖਾਸੇ ਦਸਖਤ ਕਾ ॥ ਪਾਤਸ਼ਾਹੀ ੧੦॥" ਨਾਲ ਹੁੰਦਾ ਹੈ। ਇਸ ਦੇ ਆਰੰਭ ਦੀ ਪਹਿਲੀ ਸਤਰ 'ੴ ਸਤਿਗੁਰ ਪ੍ਰਸਾਦਿ' ਇਸ ਨੂੰ ਸਿੱਖਾਂ ਦੀ ਧਾਰਮਿਕ ਅਤੇ ਸਾਹਿਤਕ ਵਿਰਾਸਤ ਨਾਲ ਸੰਬੰਧਿਤ ਕਰਦੀ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਰੰਭ ਤੋਂ ਅੰਤ ਤਕ ਇਹ ਵਾਕੰਸ਼ ਹਰੇਕ ਪਾਠ ਦੇ ਸ਼ੁਰੂ ਵਿਚ ਆਉਂਦਾ ਹੈ। ਇੱਥੇ ਵੀ ਇਹ ਇਸ ਪਰੰਪਰਾ ਦੇ ਨਿਭਾਹ ਅਤੇ ਦਾਰਸ਼ਨਿਕ ਲਗਾਤਾਰਤਾ ਨੂੰ ਅੰਕਤ ਕਰਦਾ ਹੈ। ਹਰੇਕ ਛੰਦ ਤੋਂ ਪਹਿਲਾਂ 'ਤਵ ਪ੍ਰਸਾਦਿ' ਅੰਕਤ ਕੀਤਾ ਹੋਇਆ ਹੈ। ਪਹਿਲੇ ਛੰਦ (ਚਉਪਈ) ਅਧੀਨ ਅੰਕਿਤ ਪਹਿਲੀਆਂ ਦੋ ਸਤਰਾਂ ਨੂੰ ਇਕ ਅੰਕ ਦਿੱਤਾ ਗਿਆ ਹੈ, ਪਰ ਰਚਨਾ ਦਾ ਅਰੰਭ ਇਸ ਤੋਂ ਵੀ ਪਹਿਲਾਂ ਅੰਕਿਤ ਚਾਰ ਸਤਰਾਂ ਤੋਂ ਹੁੰਦਾ ਹੈ, ਜਿਨ੍ਹਾਂ ਨੂੰ ਕੋਈ ਵੀ ਅੰਕ ਨਹੀਂ ਦਿੱਤਾ ਗਿਆ। ਇਨ੍ਹਾਂ ਦੇ ਅੰਤ 'ਤੇ "ਆਗੇ ਲਿਖਾਰੀ ਕੇ ਦਸਖਤ ॥" ਅੰਕਿਤ ਕੀਤਾ ਹੋਇਆ ਮਿਲਦਾ ਹੈ। ਅਸੀਂ ਸਮਝਦੇ ਹਾਂ ਕਿ ਇਹ ਅਣਅੰਕਿਕ, ਚਾਰ ਸਤਰਾਂ ਇਸ ਰਚਨਾ ਦੇ ਮੁੱਖ ਵਿਸ਼ੇ ਦਾ ਸੂਤਰ ਰੂਪ ਕਹੀਆਂ ਜਾ ਸਕਦੀਆਂ ਹਨ :

> ਅਕਾਲ ਪੁਰਖ ਕੀ ਰੱਛਾ ਹਮ ਨੈ ॥
> ਸਰਬ ਲੋਹ ਕੀ ਰੱਛਿਆ ਹਮ ਨੈ ॥
> ਸਰਬ ਕਾਲ ਜੀ ਕੀ ਰੱਛਿਆ ਹਮ ਨੈ ॥
> ਸਰਬ ਲੋਹ ਜੀ ਦੀ ਸਦਾ ਰੱਛਿਆ ਹਮ ਨੈ ॥

ਅਕਾਲ ਉਸਤਤਿ ਦੀਆਂ ਇਨ੍ਹਾਂ ਪਹਿਲੀਆਂ ਚਾਰ ਸਤਰਾਂ ਵਿਚ ਪੰਜ ਸੰਕਲਪਕ ਮੱਦਾਂ ਆਈਆਂ ਹਨ: ਅਕਾਲ ਪੁਰਖ, ਸਰਬ ਲੋਹ, ਸਰਬ ਕਾਲ, ਰਛਾ/ਰਛਿਆ ਅਤੇ ਹਮ ਨੇ। ਇਨ੍ਹਾਂ ਚਾਰਾਂ ਵਿਚੋਂ 'ਅਕਾਲ ਪੁਰਖ' ਮੁੱਖ ਮਦ ਹੈ ਕਿਉਂਕਿ ਇਸ ਕਿਰਤ ਦੀ ਸਿਰਜਣਾ ਅਕਾਲ ਦੀ ਉਸਤਤਿ ਲਈ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ 'ਜਪੁਜੀ ਸਾਹਿਬ' ਦੇ ਅਰੰਭ ਵਿਚ ਆਈਆਂ ਸਤਰਾਂ ਵਿਚ ਅਕਾਲ ਪੁਰਖ ਨਾਲ ਮਿਲਦੇ ਦੋ ਸੰਕਲਪ ਆਏ ਹਨ। 'ਕਰਤਾ ਪੁਰਖ' ਅਤੇ 'ਅਕਾਲ ਮੂਰਤਿ'। ਜਦੋਂ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਉਸਤਤਿ ਦੇ ਅਰੰਭ ਵਿਚ ਅੰਕਿਤ 'ਅਕਾਲ ਪੁਰਖ' ਨੂੰ ਇਨ੍ਹਾਂ ਨਾਲ ਮੇਲ ਕੇ ਵੇਖਦੇ ਹਾਂ ਤਾਂ ਸਾਨੂੰ ਜਾਪਦਾ ਹੈ ਕਿ ਸਿੱਖ ਦਰਸ਼ਨ ਦੇ ਇਤਿਹਾਸ ਵਿਚ ਇਨ੍ਹਾਂ ਦੋਹਾਂ ਪੜਾਵਾਂ ਦੇ ਇਨ੍ਹਾਂ ਸੰਕਲਪਾਂ ਨੂੰ ਅੰਤਰ ਸੰਬੰਧਿਤ ਕਰਕੇ ਵਿਚਾਰਨ ਦੀ ਲੋੜ ਹੈ। ਕਰਤਾ ਪੁਰਖ ਤੇ ਅਕਾਲ ਮੂਰਤਿ ਤੋਂ 'ਅਕਾਲ ਪੁਰਖ' ਤੱਕ ਦਾ ਸੰਕਲਪਕ ਵਿਕਾਸ ਸਿੱਖ ਧਰਮ ਅਤੇ ਸਮਾਜ ਦੇ ਵਿਕਾਸ ਦੇ ਸਮਾਨਾਂਤਰ ਚੱਲਦਾ ਜਾਪਦਾ ਹੈ। ਪਰ ਇੱਥੇ ਇਹ ਸਾਡਾ ਮੁੱਖ ਵਿਸ਼ਾ ਨਹੀਂ। ਅਕਾਲ ਉਸਤਤਿ ਦੇ ਸ਼ੁਰੂ ਵਿਚ ਆਈਆਂ ਸਤਰਾਂ ਨੇ ਸੰਕਲਪਾਂ ਨੂੰ ਅੰਤਰ ਸੰਬੰਧਿਤ ਕਰਕੇ ਵੇਖੀਏ ਤਾਂ ਪਤਾ ਚੱਲਦਾ ਹੈ ਕਿ ਰਚਨਾ ਦੇ ਸਿਰਜਕ ਤੇ ਪਾਠਕ (ਹਮ ਨੇ) ਨੂੰ ਅਕਾਲ ਪੁਰਖ, ਸਰਬ ਲੋਹ ਅਤੇ ਸਰਬ ਕਾਲ ਜੀ ਦੀ ਰੱਖਿਆ (ਰਛਾ) ਪ੍ਰਾਪਤ ਹੈ। ਉਹ ਇਨ੍ਹਾਂ ਤਿੰਨਾਂ ਵਿਸ਼ੇਸ਼ਣੀ ਵਾਕੰਸ਼ਾਂ ਨਾਲ ਅੰਕਿਤ ਤੇ ਸੰਚਾਰਤ ਹੋਣ ਵਾਲੀ ਸਰਵਉੱਚ ਸ਼ਕਤੀ ਤੇ ਕਿਰਪਾ ਪਾਤਰ ਹਨ। ਉਨ੍ਹਾਂ ਨੂੰ ਰੱਖਿਆ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਗਿਆਨ ਹੈ ਕਿ ਉਨ੍ਹਾਂ

ਨੂੰ ਹਰੇਕ ਤਰ੍ਹਾਂ ਦੇ ਦੁੱਖਾਂ ਤੇ ਕਸ਼ਟਾਂ ਤੋਂ ਮੁਕਤੀ, ਸਰਬ ਕਾਲ ਅਕਾਲ ਪੁਰਖ ਰਾਹੀਂ ਹੀ ਮਿਲਣੀ ਹੈ। ਟੀਕਾਕਾਰੀ ਅਤੇ ਸਿੱਖ ਪਰੰਪਰਾ ਦੇ ਆਧਾਰ ਤੇ 'ਸਰਬ ਲੋਹ' ਨੂੰ ਖੰਡਾ ਤੇ ਤਲਵਾਰ (ਸਸ਼ਤਰ) ਅਤੇ ਸਰਬ ਕਾਲ ਨੂੰ ਸਰਬ ਵਿਆਪਕ ਜਾਂ ਸਾਰਿਆਂ ਦਾ ਕਾਲ ਦੇ ਰੂਪ ਵਿਚ ਲਿਆ ਜਾ ਸਕਦਾ ਹੈ। ਇਸ ਤਰ੍ਹਾਂ ਅਕਾਲ ਪੁਰਖ ਤੇ ਸਰਬ ਲੋਹ 'ਹਮ ਨੇ' ਦੀ ਰੱਖਿਆ ਲਈ ਸਮ ਤੇ ਸਮਾਨ ਰੂਪ ਜਾਪਦੇ ਹਨ। ਪਰ ਰਚਨਾ ਪਾਠ ਵਿਚ 'ਸਰਬ ਲੋਹ' ਦੀ ਥਾਂ 'ਅਕਾਲ ਪੁਰਖ' ਨਾਲ ਸੰਬੰਧਿਤ ਵਰਨਨ ਹੀ ਮਿਲਦਾ ਹੈ। ਇਸ ਲਈ ਇੱਥੇ ਅਸੀਂ 'ਅਕਾਲ ਪੁਰਖ' ਮੱਦ 'ਤੇ ਹੀ ਕੇਂਦਰਤ ਰਹਾਂਗੇ।

'ਅਕਾਲ ਪੁਰਖ' ਵਾਕੰਸ਼ ਵਿਚ ਦੋ ਸ਼ਬਦ ਹਨ ਅਕਾਲ+ਪੁਰਖ। ਅਕਾਲ ਵਿਸ਼ੇਸ਼ਣ ਤੇ ਪੁਰਖ ਨਾਂਵ ਹੈ। ਪੁਰਖ (ਮਨੁੱਖ) ਦੇ ਮੁਕਾਬਲੇ ਸਰਵੁੱਚ ਸ਼ਕਤੀ ਅਕਾਲ ਪੁਰਖ ਹੈ। ਇੱਥੇ ਸਰਵਉੱਚ ਸ਼ਕਤੀ ਦਾ ਪ੍ਰਤੱਖਣ ਪੁਰਖ ਦੇ ਪ੍ਰਸੰਗ ਵਿਚ ਹੀ ਕੀਤਾ ਗਿਆ ਹੈ। ਪੁਰਖ ਨਾਲ ਅਕਾਲ ਵਿਸ਼ੇਸ਼ਣ ਮਗਰੋਂ ਇਕ ਨਵੇਂ ਭਾਵ ਦਾ ਸੰਚਾਰ ਹੁੰਦਾ ਹੈ। ਟੀਕਾਕਾਰੀ ਅਤੇ ਪਰੰਪਰਾ ਦੇ ਆਧਾਰ 'ਤੇ ਅਕਾਲ ਦੇ ਅਰਥ ਹਨ : ਕਾਲ ਰਹਿਤ, ਕਾਲ ਦੀਆਂ ਸੀਮਾਵਾਂ ਵਿਚ ਨਾ ਆਉਣ ਵਾਲਾ। ਸਾਨੂੰ ਜਾਪਦਾ ਹੈ ਕਿ ਅਕਾਲ ਨੂੰ ਕਾਲ ਰਹਿਤ (ਮੌਤ ਰਹਿਤ) ਸਮਝ ਕੇ ਅਸੀਂ ਸੀਮਿਤ ਅਰਥ ਘੇਰਾ ਪ੍ਰਦਾਨ ਕਰ ਰਹੇ ਹੋਵਾਂਗੇ। ਮੌਤ ਰਹਿਤ ਸੰਕਲਪ ਇਹ ਮੰਨ ਕੇ ਚੱਲਦਾ ਹੈ ਕਿ ਉਹ ਜਨਮ ਸਹਿਤ ਹੈ। ਜੇ ਉਹ ਮੌਤ ਰਹਿਤ ਹੈ ਤਾਂ ਸਾਨੂੰ ਮੰਨਣਾ ਪਵੇਗਾ ਕਿ ਉਹ ਜਨਮਿਆ ਹੈ ਪਰ ਅਕਾਲ ਪੁਰਖ ਤਾਂ ਜਨਮ ਮਰਨ ਬਿਹੀਨ ਹੈ। ਕਾਲ ਰਹਿਤ ਦਾ ਅਰਥ ਬਣਦਾ ਹੈ ਸਮਾਂ ਰਹਿਤ, ਅਰਥਾਤ ਸਮੇਂ ਦੀਆਂ ਸੀਮਾਵਾਂ ਤੋਂ ਮੁਕਤ।

ਹੁਣ ਅਸੀਂ ਵੇਖਦੇ ਹਾਂ ਕਿ ਵਿਸ਼ੇਸ਼ਣ, ਅਕਾਲ, ਅਰਥਾਤ ਕਾਲ-ਰਹਿਤ, ਭਾਵ ਸਮੇਂ ਦੀਆਂ ਸੀਮਾਵਾਂ ਤੋਂ ਮੁਕਤ ਕਿਹੋ ਜਿਹੇ ਪੁਰਖ ਦਾ ਪ੍ਰਤੱਖਣ ਸਾਡੇ ਲਈ ਸਿਰਜਦਾ ਹੈ। ਵਿਗਿਆਨਿਕ ਤੱਥ ਹੈ ਕਿ ਮਾਦਾ (ਮੈਟਰ) ਦੇ ਤਿੰਨ ਪ੍ਰਤੱਖ ਪਾਸਾਰ (ਡਾਇਮੈਨਸ਼ਨਜ਼) ਹੁੰਦੇ ਹਨ : ਲੰਬਾਈ, ਚੌੜਾਈ ਅਤੇ ਉਚਾਈ। ਇਕ ਚੌਥਾ ਅਪ੍ਰਤੱਖ ਪਾਸਾਰ ਹੁੰਦਾ ਹੈ : ਸਮਾਂ। ਇਸ ਤੋਂ ਭਾਵ ਹੈ ਕਿ ਦਿੱਖ ਜਗਤ ਦੇ ਸਾਰੇ ਮਾਦਾ-ਰੂਪ ਵਜੂਦਾਂ ਦੀ ਹੋਂਦ, ਲੰਬਾਈ, ਚੌੜਾਈ, ਉਚਾਈ ਅਤੇ ਸਮੇਂ ਵਿਚ ਵਿਚਰਦੀ ਹੈ। ਮਾਦੇ ਦੀ ਲਘੂਤਮ (ਐਟਮ/ਨਿਊਟਰੋਨ, ਇਲੈਕਟਰੋਨ, ਪ੍ਰੋਟੋਨ) ਅਤੇ ਵਿਰਾਟਤਮ ਇਕਾਈਆਂ (ਬ੍ਰਹਿਮੰਡ) ਇਨ੍ਹਾਂ ਪਰਿਭਾਸ਼ਕ ਗੁਣਾਂ ਦੀਆਂ ਧਾਰਨੀ ਹਨ। ਜਗਤ ਪ੍ਰਾਣੀ ਦੇ ਰੂਪ ਵਿਚ ਮਨੁੱਖੀ ਵਜੂਦ ਵੀ ਇਸੇ ਮਾਦੇ ਦਾ ਅੰਗ ਹੈ। ਉਸ ਦਾ ਵਜੂਦ ਪ੍ਰਤੱਖ ਪੱਧਰ 'ਤੇ ਮਾਦੇ ਦੇ ਗੁਣਾਂ ਦਾ ਧਾਰਨੀ ਹੈ। ਪਰ ਜਦੋਂ ਅਸੀਂ ਉਸ ਪੁਰਖ ਦਾ ਪ੍ਰਤੱਖਣ ਕਰਦੇ ਹਾਂ ਜੋ ਅਕਾਲ ਹੈ ਜੋ ਸਮੇਂ ਦੀ ਸੀਮਾ ਤੋਂ ਵੀ ਮੁਕਤ ਹੈ ਤਾਂ ਅਸੀਂ ਅਜਿਹੇ ਵਜੂਦ ਦਾ ਪ੍ਰਤੱਖਣ ਕਰਨ ਦਾ ਜਤਨ ਕਰਦੇ ਹਾਂ ਜੋ ਮਾਦਾ ਜਗਤ ਦੇ ਲੰਬਾਈ, ਚੌੜਾਈ ਅਤੇ ਉਚਾਈ ਵਾਲੇ ਵਜੂਦੀ ਗੁਣਾਂ ਵਿਚ ਨਹੀਂ ਵਿਚਰਦਾ। ਇਸ ਤੋਂ ਭਾਵ ਹੈ ਕਿ ਅਕਾਲ ਪੁਰਖ ਦੇ ਵਜੂਦ ਨੂੰ ਬਿਆਨ ਕਰਨ ਲਈ ਉਹ ਕੋਈ ਵਿਸ਼ੇਸ਼ਣ ਨਹੀਂ ਵਰਤਿਆ ਜਾ ਸਕਦਾ ਜੋ ਮਨੁੱਖੀ ਵਜੂਦ ਦੇ ਵਰਨਨ ਲਈ ਵਰਤਿਆ ਜਾਂਦਾ ਹੈ ਪਰ ਪੁਰਖ ਤੇ ਅਕਾਲ ਪੁਰਖ ਵਿਚ ਇਕ ਸਾਂਝ ਜ਼ਰੂਰੀ ਜਾਪਦੀ ਹੈ। ਪੁਰਖ ਦੋਹਾਂ ਵਿਚ ਸਾਂਝੀ ਤੇ ਮੁੱਖ ਮੱਦ ਹੈ। ਦਿੱਖ ਪੱਧਰ ਤੇ ਪੁਰਖ ਨਾਲ ਕੋਈ ਵਿਸ਼ੇਸ਼ਣ ਨਹੀਂ ਲੱਗਿਆ ਜਦ ਕਿ ਸਰਵੁੱਚ ਸ਼ਕਤੀ ਲਈ 'ਅਕਾਲ' ਵਿਸ਼ੇਸ਼ਣ ਲਗਾਇਆ ਗਿਆ ਹੈ ਪਰ ਅਦਿੱਖ ਪੱਧਰ ਤੇ ਦੋਵੇਂ ਭਾਸ਼ਾਈ ਇਕਾਈਆਂ ਕਾਲ (ਕਾਲ ਸੀਮਾ ਵਿਚ ਵਿਚਰਦਾ) ਪੁਰਖ ਤੇ ਅਕਾਲ ਪੁਰਖ ਦੇ ਮੇਲ ਤੇ ਵਿਰੋਧ ਵਿਚ ਵਿਚਰਦੀਆਂ ਹਨ। ਇਸ ਲਈ ਸਾਰੀ ਰਚਨਾ ਵਿਚ ਅਕਾਲ ਪੁਰਖ ਦੀ ਉਸਤਤਿ ਕਰਨ ਲਈ 'ਕਾਲ ਪੁਰਖ ਦੇ ਪ੍ਰਸੰਗ ਵਿਚਲੇ ਗੁਣਾਂ ਪ੍ਰਕਿਰਤੀਆਂ, ਲੱਛਣਾਂ, ਵਿਸ਼ੇਸ਼ਤਾਵਾਂ, ਵਤੀਰਿਆਂ, ਪ੍ਰਾਪਤੀਆਂ, ਅਪ੍ਰਾਪਤੀਆਂ, ਭਾਵਾਂ, ਭਾਵਨਾਵਾਂ ਆਦਿ ਨੂੰ ਮਨਫ਼ੀ ਰੂਪ ਵਿਚ ਅੰਕਿਤ ਕੀਤਾ ਗਿਆ ਹੈ।

'ਅਕਾਲ ਉਸਤਤਿ' ਰਾਹੀਂ ਜਿਸ ਅਕਾਲ ਪੁਰਖ ਦਾ ਪ੍ਰਤੱਖਣ ਹੁੰਦਾ ਹੈ, ਉਹ 'ਇੱਕ' ਹੈ, ਜਿਸ ਨੂੰ ਰਚਨਾਕਾਰ ਪ੍ਰਣਾਮ ਕਰਦਾ ਹੈ :

*ਪ੍ਰਣਵੋ ਆਦਿ ਏਕੰਕਾਰਾ।*

ਪਰ ਇਹ ਅਕਾਲ ਪੁਰਖ ਜਲ, ਥਲ ਅਤੇ ਆਕਾਲ ਵਿਚ ਪਸਰਿਆ ਹੋਇਆ ਹੈ :

*ਜਲ ਥਲ ਮਹੀਅਲ ਕੀਓ ਪਸਾਰਾ।*

ਇਹ ਆਦਿ ਪੁਰਖ ਹੈ ਜੋ ਨਾ ਪੈਦਾ ਹੁੰਦਾ ਹੈ ਅਤੇ ਨਾ ਨਾਸ ਹੁੰਦਾ ਹੈ ਅਤੇ ਉਹ ਦੀ 'ਜੋਤ ਦਾ ਪ੍ਰਕਾਸ਼' ਚੋਦਾਂ ਲੋਕਾਂ ਵਿਚ ਹੁੰਦਾ ਹੈ :

*ਆਦਿ ਪੁਰਖ ਅਬਗਤਿ ਅਬਿਨਾਸੀ*
*ਲੋਕ ਚਤ੍ਰ ਦਸਿ ਜੋਤਿ ਪ੍ਰਕਾਸੀ।*

ਮਨੁੱਖ ਦੇ ਪਰਤੱਖਣ ਵਿਚ ਮਾਦਾ ਵਜੂਦ (ਕਾਲ-ਸੀਮਿਤ) ਜਲ, ਥਲ, ਅਕਾਸ਼, ਚੋਦਾ ਲੋਕਾਂ ਵਿਚ ਕਿਸੇ ਇਕ ਥਾਂ ਵਿਚਰ ਸਕਦਾ ਹੈ, ਪਰ ਅਕਾਲ ਪੁਰਖ ਅਜਿਹਾ ਪਹਿਲਾ (ਆਦ) ਪੁਰਖ ਹੈ ਜੋ ਇਨ੍ਹਾਂ ਸਾਰਿਆਂ ਵਿਚ ਇਕ ਰੂਪ (ਜੋਤ) ਹੋ ਕੇ ਵਿਚਰ ਰਿਹਾ ਹੈ ਕਿ ਜਿਸ ਦੀ ਹਾਜ਼ਰੀ ਦਾ ਪਰਕਾਸ਼ ਇਹਨ੍ਹਾਂ ਸਾਰਿਆਂ ਵਿਚ ਵੇਖਿਆ ਜਾ ਸਕਦਾ ਹੈ ਅਕਾਲ ਪੁਰਖ 'ਇਕ' ਹੈ ਅਤੇ ਉਸ ਦਾ ਵਿਚਰਨ ਦਾ ਘੇਰਾ ਅਨੇਕਾਂ ਵਿਚ ਹੈ। ਉਹ ਛੋਟੇ ਤੋਂ ਛੋਟੇ, ਅਤੇ ਵੱਡੇ ਤੋਂ ਵੱਡੇ ਵਜੂਦ ਵਿਚ ਵੀ ਹੈ। ਪਰ ਉਸ ਦਾ ਕੋਈ ਰੂਪ, ਰੰਗ ਜਾਂ ਆਕਾਰ ਨਹੀਂ। ਉਸ ਦਾ ਕੋਈ ਵਰਨ ਨਹੀਂ, ਕੋਈ ਜਾਤ ਨਹੀਂ, ਉਸ ਦਾ ਨਾ ਪਿਤਾ ਹੈ ਨਾ ਮਾਤਾ। ਨਾ ਦੋਸਤ ਹੈ ਨਾ ਦੁਸ਼ਮਣ। ਅਕਾਲ ਪੁਰਖ ਨੂੰ ਇਨ੍ਹਾਂ ਗੁਣਾਂ ਨਾਲ ਨਾ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਉਸ ਦਾ ਪਰਤੱਖਣ ਕੀਤਾ ਜਾ ਸਕਦਾ ਹੈ। ਜਦ ਕਿ ਕਾਲ ਪੁਰਖ ਦੇ ਇਹ ਸਾਰੇ ਹੀ ਗੁਣ ਹਨ। ਰਚਨਾਕਾਰ ਅਨੁਸਾਰ ਅਕਾਲ ਪੁਰਖ ਸੈਵ-ਵਿਰੋਧੀ ਜਾਪਦੇ ਸਾਰੇ ਵਰਤਾਰਿਆਂ (ਚੇਤੰਨ/ਅਚੇਤ, ਦਾਨੀ/ਭਿਖਾਰੀ, ਵੇਦ-ਰੀਤ/ਵਿਪਰੀਤ, ਦੇਵ/ਅਦੇਵ, ਜੱਛ/ਗੰਧਰਭ, ਦੇਵਤਿਆਂ ਦੇ ਦੀਵਾਨ ਵਿਚ ਹੈ/ਦਾਨਵਾਂ ਨੂੰ ਗੁਮਾਨ ਮੱਤ ਦਿੰਦਾ ਹੈ, ਕਦੇ ਇੰਦਰ ਨੂੰ ਰਾਜ ਦਿੰਦਾ ਹੈ/ਕਦੇ ਖੋਹ ਲੈਂਦਾ ਹੈ ਆਦਿ) ਵਿਚ ਵਿਚਰ ਰਿਹਾ ਹੈ। ਗੁਰੂ ਸਾਹਿਬ ਨੂੰ ਅਜਿਹੇ ਅਕਾਲ ਪੁਰਖ ਬਾਰੇ ਜਾਪਦਾ ਹੈ ਕਿ ਉਹ "ਸਰਬ ਕਾਲ ਸਰਬ ਠੌਰ ਏਕ ਸੇ ਲਗਤ ਹੋ।"

'ਅਕਾਲ ਉਸਤਤਿ' ਅਨੁਸਾਰ ਕਾਲ ਪੁਰਖ ਸਾਹਮਣੇ ਸਾਰੇ ਮਨੁੱਖਾਂ ਦਾ ਵਜੂਦ ਕਾਲ-ਸੀਮਿਤ ਹੈ। ਭੂਤ, ਭਵਿਖ ਤੇ ਭਵਾਨ ਦੇ ਭੂਪ, ਮਹਾਂਬਲੀ, ਸਿਪਾਹੀ, ਦਾਨਵ, ਦੇਵ, ਫਨਿੰਦ, ਨਿਸਾਚਰ, ਜੀਵ (ਜਲ ਤੇ ਥਲ ਦੇ) ਮਾਨਵ, ਇੰਦਰ, ਗਜਿੰਦਰ, ਨਰਾਧਖ ਸਾਰੇ ਹੀ ਅੰਤ ਨੂੰ 'ਨਾਂਗੇ ਪਾਇ ਪਧਾਰੇ', 'ਅੰਤ ਕੋ ਅੰਤ ਕੇ ਧਾਮ ਸੁਧਾਰੇ' ਅਤੇ 'ਫਿਰ ਨਾ ਦੇਹ ਧਰੈਗੇ'। ਪਰ ਮਨੁੱਖ ਲਈ ਸਭ ਤੋਂ ਵਧੇਰੇ ਚਿੰਤਾ ਦਾ ਵਿਸ਼ਾ ਉਸ ਦਾ ਆਪਣਾ ਹੀ ਅੰਤ ਹੈ। ਗੁਰੂ ਗੋਬਿੰਦ ਸਿੰਘ ਜੀ ਇਸ ਰਚਨਾ ਰਾਹੀਂ ਮਨੁੱਖ ਦੀ ਇਸ ਸੋਚ ਨੂੰ ਬਦਲ ਦਿੰਦੇ ਹਨ। ਉਨ੍ਹਾਂ ਦੇ ਬਚਨ ਹਨ ਕਿ ਜੋ ਜੰਮਿਆ ਹੈ ਉਸ ਦਾ ਅੰਤ ਅਵੱਸ਼ਕ ਹੈ ਭਾਵੇਂ ਉਹ ਕਿਸੇ ਵੀ ਮਿਲਦੇ ਮਨੁੱਖਾਂ ਵਜੂਦ (ਰਾਜਾ, ਬਲੀ) ਵਿਚ ਹੈ ਜਾਂ ਮਿਥਿਹਾਸਿਕ ਵਜੂਦ (ਦਾਨਵ, ਦੇਵ) ਵਿਚ। ਇਸ ਲਈ ਅੱਖਾਂ ਮੀਟ ਕੇ ਕੀਤੀ ਤਪੱਸਿਆ, ਤੀਰਥ ਇਸ਼ਨਾਨ, ਦਿਸ਼ਾਵਾਂ ਦੀ ਪੂਜਾ, ਪੱਥਰਾਂ ਦੀ ਪੂਜਾ, ਹਵਨ, ਯੱਗ, ਸੰਨਿਆਸ, ਯੋਗ, ਵੇਦ-ਰੀਤ ਜਾਂ ਵਿਪਰੀਤ, ਜੰਗਲਾਂ ਵਿਚ ਘੁੰਮਣ ਆਦਿ ਕੂੜ ਕਿਰਿਆਵਾਂ ਹਨ। ਇਨ੍ਹਾਂ ਨਾਲ ਸ੍ਰੀ ਭਗਵਾਨ ਦਾ ਭੇਦ ਨਹੀਂ ਪਾਇਆ ਜਾ ਸਕਦਾ :

*ਕੋਊ ਬੁਤਾਨ ਕੋ ਪੂਜਤ ਹੈ ਪਸੁ;*
*ਕੋਊ ਮ੍ਰਿਤਾਨ ਕੋ ਪੂਜਨ ਧਾਇਓ।*
*ਕੂਰ ਕ੍ਰਿਆ ਉਰਝਿਓ ਸਭ ਹੀ ਜਗੁ;*
*ਸ੍ਰੀ ਭਗਵਾਨ ਕੋ ਭੇਦੁ ਨਾ ਪਾਇਓ। (੩੦)*
*ਸਭ ਕਰਮ ਫੋਕਟ ਜਾਨ।*
*ਸਭ ਧਰਮ ਨਿਹਫਲ ਮਾਨ।*
*ਬਿਨੁ ਏਕ ਨਾਮ ਆਧਾਰ।*
*ਸਭ ਕਰਮ, ਭਰਮ ਬਿਚਾਰ। (੫੦)*

'ਕੂਰ ਕਿਰਿਆਵਾਂ' ਅਤੇ 'ਫੋਕਟ ਕਰਮਾਂ' ਵਿਚ ਉਲਝੇ ਮਨੁੱਖ ਅਸਲ ਵਿਚ ਗਿਆਨ ਤੋਂ ਸੱਖਣੇ ਹਨ। ਉਨ੍ਹਾਂ ਨੂੰ ਆਪਣੇ ਹੀ ਵਜੂਦ ਦੀ ਪ੍ਰਕਿਰਤੀ ਦੀ ਚੇਤਨਾ ਨਹੀਂ। ਉਹ ਆਪਣੇ ਸ਼ਰੀਰ ਦੇ ਗੁਣਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਵਿਚ ਉੱਲਝੇ ਹੋਏ ਸਰੀਰ ਨੂੰ ਬਚਾਉਣ ਲਈ ਕਰਮ ਕਾਂਡੀ ਬਣੇ ਰਹਿੰਦੇ ਹਨ :

*ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ;*

*ਏਕ ਗਿਆਨ ਕੇ ਬਿਹੀਨ, ਛੀਨ ਕੈਸੇ ਕੈ ਤਰਤ ਹੈ। (੭੧)*
*ਗਿਆਨ ਕੇ ਬਿਹੀਨ, ਕੈਸੇ ਬ੍ਰਹਮ ਲੋਕ ਪਾਵਈ। (੮੨)*
*ਡੂਬੇ ਨਰਕ ਧਾਰਿ, ਮੂੜ ਗਿਆਨ ਕੇ ਬਿਨਾ ਬਿਚਾਰ;*
*ਭਾਵਨਾ ਬਿਹੀਨ, ਕੈਸੇ ਗਿਆਨ ਕੋ ਬਿਚਾਰ ਹੀਂ। (੮੩)*

ਮਨੁੱਖ ਨੂੰ ਆਪਣੀਆਂ ਕਾਲ-ਸੀਮਾਵਾਂ ਦਾ ਗਿਆਨ ਹੀ ਉਸ ਲਈ ਅਕਾਲ ਪੁਰਖ ਦੇ ਪਰਤੱਖਣ ਰਾਹ ਖੋਹਲੇਗਾ। ਜੇ ਉਹ ਸਮਝਦਾ ਰਿਹਾ ਕਿ ਦੇਵੀਆਂ ਦੇਵਤਿਆਂ ਨੇ ਸਨਮੁੱਖ ਕੀਤੀਆਂ ਅਨੁਸ਼ਠਾਨੀ ਕਿਰਿਆਵਾਂ ਉਸ ਨੂੰ ਮੁਕਤੀ ਦੇ ਦੇਣਗੀਆਂ ਤਾਂ ਇਹ ਸਿਰਫ਼ ਉਸ ਦੀ ਅਗਿਆਨਤਾ ਦਾ ਹੀ ਪ੍ਰਦਰਸ਼ਨ ਬਣ ਕੇ ਰਹਿ ਜਾਣਗੀਆਂ। ਕਿਉਂਕਿ ਇਹ ਸਾਰੇ ਸ਼ਿਵ, ਬ੍ਰਹਮਾ, ਵਿਸ਼ਨੂੰ, ਰਾਮ, ਕ੍ਰਿਸ਼ਨ ਦੇ ਅਵਤਾਰ ਆਪ ਸੀਮਾ-ਯੁਕਤ ਮਿਥਿਹਾਸਿਕ ਹੋਂਦਾਂ ਹਨ। ਇਹ ਸਮੇਂ ਨਾਲ ਪੈਦਾ ਹੋਈਆਂ ਅਤੇ ਆਪਣੀਆਂ ਕਾਲ-ਸੀਮਾਂ ਤੇ ਪਹੁੰਚ ਕੇ ਸਮਾਪਤ ਹੋ ਗਈਆਂ :

*ਏਕ ਸਿਵ ਭਏ, ਏਕ ਗਏ ਏਕ ਫੇਰ ਭਏ;*
*ਰਾਮਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈਂ;*
... ... ...
*ਪੀਰ ਔ ਪਿਕਾਂਬਰ ਕੇਤੇ ਗਨੇ ਨਾ ਪਰਤ ਏਤੇ;*
*ਭੂਮਿ ਹੀ ਤੇ ਹੋਇ ਕੈ, ਫਿਰ ਭੂਮਿ ਹੀ ਮਿਲਏ ਹੈ। (੭੭)*

ਇਸ ਲਈ ਜਿਨ੍ਹਾਂ ਦੇ ਸਨਮੁੱਖ ਹੋਮ (ਹਵਨ) ਯੱਗ, ਪ੍ਰੇਮ, ਵਰਤ, ਗਾਨ, ਵਿਖਿਆਨ ਕੀਤਾ ਜਾਂਦਾ ਹੈ, ਉਹ ਆਪ ਜਨਮ ਮਰਨ ਦੇ ਚੱਕਰ ਤੋਂ ਮੁਕਤ ਨਹੀਂ ਹਨ। ਇਸ ਲਈ ਇਨ੍ਹਾਂ ਪਵਿੱਤਰ ਹੋਂਦਾਂ ਦੀ ਪੂਜਾ-ਅਰਾਧਨਾ ਨਾਲ ਵੀ ਅਕਾਲ ਪੁਰਖ ਦਾ ਪਰਤੱਖਣ ਨਹੀਂ ਹੋ ਸਕਦਾ :

*ਕਈ ਅਗਨਿਹੋਤ੍ਰ ਕਈ ਦੇਵ ਕਰਮ।*
*ਕਈ ਕਰਤ ਬੀਰ-ਬਿਦਿਆ ਬਿਚਾਰ।*
*ਨਹੀਂ ਤਦਿਪਿ ਤਾਸੁ, ਪਾਇ ਤਨਿ ਪਾਰ। (੧੩੪)*

ਇਸ ਲਈ ਬਿਨਾਂ ਇਕ ਅਕਾਲ ਪੁਰਖ ਦੇ ਪਰਤੱਖਣ ਦੇ ਸਾਰੇ ਧਰਮ ਕਰਮ ਬਿਰਥਾ ਹੋ ਜਾਂਦੇ ਹਨ :

*ਬਹੁ ਕਰਤ ਹੋਮ; ਅਰੁ ਜੱਗ ਦਾਨ।*
*ਬਿਨੁ ਏਕ ਨਾਮੁ, ਇਕ ਚਿੱਤ ਲੀਨ*
*ਫੋਕਟੋ ਸਰਬ, ਧਰਮਾ ਬਿਹੀਨ। (੧੪੦)*

ਰਚਨਾ ਅਨੁਸਾਰ ਅਕਾਲ ਪੁਰਖ ਆਪ 'ਦੇਹ ਬਿਹੀਨ' ਹੈ ਪਰ ਉਹ 'ਸਨੇਹ ਸਬੋ ਤਨ' ਕਰਦਾ ਹੈ (247)। ਇਸ ਦੇ ਬਾਵਜੂਦ ਉਹ ਦੀਨਾਂ (ਦੁਖੀਆਂ) ਦੀ ਪਾਲਣਾ ਕਰਨ ਵਾਲਾ ਹੈ, ਸੰਤਾ ਨੂੰ ਉਭਾਰਨ ਅਤੇ ਗਨੀਮਨ (ਦੁਸ਼ਟਾਂ ਗਾਰਨ (ਗਰਕਾਉਣ) ਵਾਲਾ ਹੈ। ਰਚਨਾ ਦਾ ਅਰੰਭ ਅਕਾਲ ਪੁਰਖ ਦੀ ਰੱਖਿਆ ਤੇ ਸਰਬ ਲੋਹ ਦੀ ਰੱਖਿਆ ਵਾਲੀਆਂ ਸਤਰਾਂ ਨਾਲ ਹੋਇਆ ਸੀ। ਅੰਤਲੇ ਛੰਦ (ਤ੍ਵ ਪ੍ਰਸਾਦਿ ਸ੍ਵੈਯੇ 241-271) ਵਿਚ ਅਕਾਲ ਪੁਰਖ ਦੇ ਕਾਲ ਪੁਰਖ ਨਾਲ ਇਨ੍ਹਾਂ ਸੰਬੰਧਾਂ ਦੇ ਵਰਨਨ ਨਾਲ ਹੁੰਦਾ ਹੈ। ਇਸੇ ਲਈ :

*ਦੀਨਿਨ ਕੀ ਪ੍ਰਤਿਪਾਲ ਕਰੈ ਨਿਤ,*
*ਸੰਤ ਉਬਾਰਿ ਗਨੀਮਨ ਗਾਰੈ। (੨੪੩)*
*ਦਾਹਤ ਹੈ ਦੁਖ ਦੋਖਨ ਕੋ,*
*ਦਲ ਦੁਜਨ ਕੇ ਪਲ ਮੈ ਦਲਿ ਡਾਰੈ। (੨੪੪)*
*ਲੋਗਨ ਕੋ ਕਰਤਾ ਹਰਤਾ, ਜਲ ਮੈ ਥਲ ਮੈ ਭਰਤਾ ਪ੍ਰਭ ਵੈ ਹੈ। (੨੪੬)*
*ਰੋਗਨ ਤੇ ਅਰੁ ਸੋਗਨ ਤੇ, ਜਲ ਜੋਗਨ ਤੇ ਬਹੁ ਭਾਂਤ ਬਚਾਵੈ।*
*ਸੱਤ੍ਰ ਅਨੇਕ ਚਲਾਵਤ ਘਾਵ, ਤਊ ਤਨਿ ਏਕੁ ਨ ਲਾਗਨ ਪਾਵੈ।*
*ਰਾਖਤ ਹੈ ਅਪਨੋ ਕਰੁ ਦੈ ਕਰਿ, ਪਾਪ ਸਬੂਹ ਨਾ ਭੇਟਨੇ ਪਾਵੈ।*

*ਔਰ ਕੀ ਬਾਤ ਕਹਾ ਕਹੌਂ ਤੋ ਸੋ, ਸੁ ਪੇਟ ਹੀ ਕੇ ਪਟ ਬੀਚ ਬਚਾਵੈ। (੨੪੮)*
*ਕਾਲ ਹੂੰ ਕੇ ਕਾਲ ਹੈ, ਕਿ ਸਤ੍ਰੂਨ ਕੇ ਸਾਲ ਹੈ;*
*ਕਿ ਮਿੱਤ੍ਰਨ ਕੋ ਪੋਖਤ ਹੈ, ਕਿ ਬ੍ਰਿਧਤਾ ਕੇ ਬਾਸੀ ਹੈ। (੨੬੦)*
*ਜਾਨ ਕੋ ਬਚੱਯਾ ਹੈ, ਇਮਾਨ ਕੋ ਦਿਵੱਯਾ ਹੈ;*
*ਜਮਜਾਲ ਕੋ ਕਟੱਯਾ ਹੈ, ਕਿ ਕਾਮਨਾ ਕੋ ਕਰੁ ਹੈ।*
*ਤੇਜ ਕੋ ਪ੍ਰਚੰਡ ਹੈ, ਅਖੰਡਣ ਕੋ ਖੰਡ ਹੈ;*
*ਮਹੀਪਨ ਕੋ ਮੰਡ ਹੈ। ਕਿ ਇਸਤ੍ਰੀ ਹੈ ਨ ਨਰੁ ਹੈ (੨੬੧)*

ਰਚਨਾਕਾਰ 'ਰੱਛਾ' ਦੀ ਵਰਤੋਂ ਜਦੋਂ ਰਚਨਾ ਦੀਆਂ ਪਹਿਲੀਆਂ ਚਾਰ ਸਤਰਾਂ ਵਿਚ ਕਰਦਾ ਹੈ ਤਾਂ ਸਵਾਲ ਪੈਦਾ ਹੁੰਦਾ ਕਿ ਰੱਖਿਆ ਕਿਸ ਤੋਂ? (ਕੋਣ ਦੁਸ਼ਮਣ/ਵੈਰੀ/ਦੋਖੀ ਹੈ?) ਜਦੋਂ ਅਕਾਲ ਪੁਰਖ ਦੀ ਮਰਜ਼ੀ ਨਾਲ ਦੇਵਤੇ ਤੇ ਦੈਂਤ ਆਪੋ ਆਪਣੀ ਪ੍ਰਕਿਰਤੀ ਵਿਚ ਕਰਮਸ਼ੀਲ ਹਨ, ਜਦੋਂ ਉਹ ਹਸਤ ਤੇ ਕੀਟ ਵਿਚ ਸਮਾਇਆ ਹੋਇਆ ਹੈ, (ਜੋ ਉਹ ਗਾਇਤਰੀ ਦੇ ਗੁਪਤ ਮੰਤਰ ਕਰਨ ਵਾਲਿਆਂ ਵਿਚ ਵੀ ਹੈ ਅਤੇ ਉੱਚੀ ਉੱਚੀ ਬਾਂਗ ਦੇਣ ਵਾਲਿਆਂ ਵਿਚ ਹੈ ਆਦਿ) ਰਚਨਾ ਦੇ ਅੰਤਲੇ ਹਿੱਸੇ ਵਿਚ ਅੰਕਿਤ ਵੇਰਵਿਆਂ ਅਨੁਸਾਰ ਉਹ ਦੀਨਾਂ ਤੇ ਸੰਤਾਂ ਦੀ ਪਾਲਣਾ ਕਰਨ ਲਈ ਗਨੀਮਨਾ ਨੂੰ ਗਾਰਦਾ ਹੈ; ਦੁੱਖ ਪੈਦਾ ਕਰਨ ਵਾਲੇ ਸਰੋਤਾਂ ਨੂੰ ਖਤਮ ਕਰਦਾ ਹੈ; ਰੋਗਾਂ, ਸੋਗਾਂ ਤੇ ਜਲਜੋਗਨਾਂ ਤੋਂ ਬਚਾਉਂਦਾ ਹੈ; ਦੁਸ਼ਮਣਾਂ ਤੇ ਪਾਪਾਂ ਤੋਂ ਬਚਾਉਂਦਾ ਹੈ; ਪੇਟ ਵਿਚ ਪੜਦਿਆਂ (ਪਟਾਂ) ਵਿਚ ਪਲਦੇ ਜੀਵ ਦੀ ਕਈ ਤਰ੍ਹਾਂ ਰੱਖਿਆ ਕਰਦਾ ਹੈ; ਉਹ ਕਾਲ ਦਾ ਵੀ ਕਾਲ ਹੈ; ਜਾਨ ਨੂੰ ਬਚਾਉਣ ਵਾਲਾ; ਜਮਜਾਲ ਨੂੰ ਕੱਟਣ ਵਾਲਾ ਹੈ; ਅਖੰਡਣ ਨੂੰ ਵੀ ਖੰਡਣ ਵਾਲਾ ਹੈ। ਇਨ੍ਹਾਂ ਵੇਰਵਿਆਂ ਤੋਂ ਸਪਸ਼ਟ ਹੈ ਕਿ ਮਨੁੱਖ ਨੂੰ 'ਰੱਛਾ' ਕਿਸ ਤੋਂ ਚਾਹੀਦੀ ਹੈ। ਜਨਮ ਤੋਂ ਮਰਨ ਤੱਕ ਦੇ ਕਾਲ (ਸਮੇਂ) ਵਿਚਲੇ ਸਾਰੇ ਕਸ਼ਟਾਂ ਨੂੰ ਹਰਨ ਦੀ ਸਮਰੱਥਾ ਅਕਾਲ ਪੁਰਖ ਕੋਲ ਹੈ। ਇਥੋਂ ਤਕ ਕਿ ਕਾਲ ਦਾ ਕਾਲ, ਜਮਜਾਲ ਨੂੰ ਕੱਟਣ ਵਾਲਾ ਅਤੇ ਅਖੰਡ ਨੂੰ ਵੀ ਖੰਡਣ ਵਾਲਾ ਹੈ ਅਕਾਲ ਪੁਰਖ। ਜਦੋਂ ਅਸੀਂ ਇਨ੍ਹਾਂ ਵੇਰਵਿਆਂ ਨੂੰ ਰਚਨਾ ਦੇ ਛੰਦ (21-30) ਅਧੀਨ ਅੰਕਿਤ 'ਅੰਤ ਕੋ ਅੰਤ ਕੇ ਧਾਮ ਸਧਾਰੇ' ਨਾਲ ਵੇਖਦੇ ਹਾਂ ਤਾਂ ਸਤਹੀ ਪੱਧਰ ਤੇ ਵਿਰੋਧ ਜਾਪਦਾ ਹੈ। ਜੇ ਸਾਰੇ ਵਜੂਦਾਂ ਨੂੰ ਜਨਮ ਲੈ ਕੇ ਅੰਤ ਨੂੰ ਖਤਮ ਹੋ ਜਾਂਦਾ ਹੈ ਤਾਂ ਜਮਜ਼ਾਲ, ਕਾਲ, ਅਖੰਡ ਨੂੰ ਖੰਡਣ ਵਾਲੇ ਦੀ ਮਨੁੱਖ ਲਈ ਕੀ ਮਹੱਤਤਾ ਹੈ। ਅਸਲ ਵਿਚ ਇਹ ਵਿਰੋਧ ਨਹੀਂ। ਮਨੁੱਖ ਦੀ ਸਮਝ ਤੇ ਗਿਆਨ ਨੂੰ ਪ੍ਰਚੰਡ ਕਰਨ ਲਈ ਗੁਰੂ ਸਾਹਿਬ ਅਕਾਲ ਪੁਰਖ ਦੀ ਉਸਤਤਿ ਕਰਦਿਆਂ ਉਸ ਦੇ ਪਰਤੱਖਣ ਨੂੰ ਸਹਿਜ ਕਰਨ ਲਈ ਉਸ ਦੀਆਂ ਸ਼ਕਤੀਆਂ ਦੇ ਅਸੀਮ ਘੇਰੇ ਦਾ ਵਰਨਨ ਕਰਦੇ ਹਨ। ਮਨੁੱਖ ਤਾਂ ਕਾਲ ਸੀਮਾਵਾਂ ਵਿਚ ਵਿਚਰਦਾ ਹੈ ਪਰ ਅਕਾਲ ਪੁਰਖ ਕਾਲ ਦਾ ਸਿਰਜਕ ਤੇ ਨਾਸ ਕਰਨ ਵਾਲਾ ਹੈ ਉਹ ਜਮਜਾਲ ਨੂੰ ਤੇ ਅਖੰਡ ਨੂੰ ਵੀ ਖੰਡ ਖੰਡ ਕਰਨ ਵਾਲਾ ਹੈ। ਇਸ ਦੇ ਬਾਵਜੂਦ ਉਹ ਵਿਧੀ-ਵਿਧਾਨ ਤੋਂ ਬਾਹਰਾ ਕੋਈ ਕਾਰਜ ਨਹੀਂ ਕਰਦਾ। ਇਹ ਉਸ ਦੀ ਸਮਰੱਥਾ ਹੈ ਪਰ ਅਜਿਹਾ ਕਰਕੇ ਉਹ ਇਸ ਦੀ ਦੁਰ ਵਰਤੋਂ ਨਹੀਂ ਕਰਦਾ। ਉਹ ਤਾਂ 'ਲੋਗਨ ਕੋ ਕਰਤਾ ਹਰਤਾ ਜਲ ਮੇ ਥਲ ਮੇ ਭਰਤਾ ਵੇ ਹੈ' (246)। ਉਸ ਲਈ ਸਿਰਜਣਾ, ਪਾਲਣਾ ਤੇ ਨਾਸ ਕਰਨਾ ਅੰਤਰ ਸੰਬੰਧਿਤ ਕਿਰਿਆਵਾਂ ਹਨ ਇਸ ਲਈ ਇਹ ਸਰਿਸ਼ਟੀ ਨੂੰ ਸੰਤੁਲਤ ਰੂਪ ਵਿਚ ਚਲਦੇ ਰੱਖਣ ਲਈ ਜ਼ਰੂਰੀ ਹਨ। ਅਕਾਲ ਪੁਰਖ ਦੀ ਉਸਤਤਿ ਕਰਦੇ ਸਮੇਂ ਗੁਰੂ ਸਾਹਿਬ ਉਸ ਨੂੰ ਕਾਲ ਪੁਰਖ ਦੇ ਸੀਮਤ ਵਜੂਦ ਸਾਹਮਣੇ ਅਸੀਮ ਪ੍ਰਕਾਸ਼ ਰੂਪ ਸਰਵੁਚ ਸ਼ਕਤੀ ਵਜੋਂ ਬਿਆਨ ਕਰਦੇ ਹਨ। "ਮਨੁੱਖ ਨੂੰ ਨਾ-ਮੁਮਕਿਨ ਜਾਪਣ ਵਾਲੇ ਕਾਰਜ ਜਦੋਂ ਅਕਾਲ ਪੁਰਖ ਨਾਲ ਜੋੜ ਕੇ ਵੇਖੇ ਜਾਂਦੇ ਹਨ ਤਾਂ ਮੁਮਕਿਨ ਹੋ ਜਾਂਦੇ ਹਨ। ਉਸ ਲਈ ਕੁਝ ਵੀ ਅਸੰਭਵ ਨਹੀਂ।" ਇਹ ਭਾਵ ਹੀ ਮਨੁੱਖ ਲਈ ਸਰਵੁਚ ਸ਼ਕਤੀ ਅਕਾਲ ਪੁਰਖ ਦੇ ਸੰਕਲਪ ਨੂੰ ਗ੍ਰਹਿਣ ਕਰਨ ਦਾ ਰਾਹ ਸਿਰਜਦੇ ਹਨ।

ਅਕਾਲ ਉਸਤਤਿ ਦੇ ੨੭੧ਛੰਦਾਂ ਵਿਚ ਅਕਾਲ ਪੁਰਖ ਦੀ ਉਸਤਤਿ ਦਾ ਵਰਨਨ ਹੈ। ਇਸ ਦੇ ਮੁੱਖ ਭਾਵ ਨੂੰ ਸੰਖੇਪ ਰੂਪ ਵਿਚ ਸਪੱਸ਼ਟ ਕਰਨ ਦਾ ਜਤਨ ਕੀਤਾ ਗਿਆ ਹੈ। ਸਾਡਾ ਟੀਚਾ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਰਚਨਾ ਦੀ ਮਹੱਤਤਾ ਨੂੰ ਉਜਾਗਰ ਕਰਨਾ ਹੈ। ਹੁਣ ਇਸ ਰਚਨਾ ਰਾਹੀਂ ਅੰਕਿਤ ਸੁਨੇਹੇ ਨੂੰ ਸਥਾਪਤ ਧਾਰਮਿਕ ਤੇ ਸਭਿਆਚਾਰਿਕ ਪ੍ਰਸੰਗਾ ਦੇ ਪਰਿਪੇਖ ਵਿਚ ਰੱਖ ਕੇ ਵੇਖਦੇ ਹਾਂ। ਤਤਕਾਲਕ ਇਤਿਹਾਸਿਕ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਸਮੇਂ, ਦੋ ਧਰਮ ਦਰਸ਼ਨ ਪਰਚਲਿਤ ਸਨ। 'ਹਿੰਦੂ' ਤੇ ਸਮਾਜਿਕ

ਪਰਿਵਰਤਨ ਦੀਆਂ ਸੰਭਾਵਨਾਵਾਂ ਰਹਿਤ ਤਾਕਤਵਾਰ 'ਇਸਲਾਮ' (ਸਾਮੀ)। ਸਮੁੱਚੇ ਹਿੰਦੁਸਤਾਨ ਉੱਤੇ ਸਾਮੀ ਮੂਲ ਵਾਲੇ ਭੇਦ ਭਾਵ ਵਾਲੇ ਇਸਲਾਮ ਦਾ ਜਬਰੀ ਪਰਚਾਰ ਤੇ ਪਾਸਾਰ ਹੋ ਰਿਹਾ ਸੀ। ਇਸ ਦੀ ਸਰਪ੍ਰਸਤੀ ਕਰਨ ਵਾਲੀ ਰਾਜਨੀਤਕ ਸੱਤਾ ਦੇ ਰੂਪ ਵਿਚ ਆਲਮਗੀਰ ਔਰੰਗਜ਼ੇਬ ਕਰ ਰਿਹਾ ਸੀ। ਇਸ ਜ਼ੋਰ-ਜਰਬਦਸਤੀ ਦੀ ਪਾਸਾਰਵਾਦੀ ਰੁਚੀ ਦਾ ਸ਼ਿਕਾਰ ਬਲਹੀਣ ਤੇ ਕਮਜ਼ੋਰ ਪਰ ਅਮੀਰ ਧਾਰਮਿਕ ਦਾਰਸ਼ਨਿਕ ਵਿਰਾਸਤ ਵਾਲੀ ਹਿੰਦੂ ਪਰਜਾ ਸੀ। ਖੇਤਰੀ ਪੱਧਰ 'ਤੇ ਕੁਝ ਹਿੰਦੂ ਰਾਜੇ ਸੱਤਾਧਾਰੀ ਸਨ ਪਰ ਹਿੰਦੂ, ਘੱਟ, ਰਾਜੇ ਵਧੇਰੇ ਸਨ। ਇਸ ਸਮਾਜਿਕ ਤੇ ਧਾਰਮਿਕ ਪ੍ਰਸੰਗ ਵਿਚ ਗੁਰੂ ਸਾਹਿਬ ਵਿਚਰੇ। ਉਨ੍ਹਾਂ ਨੇ ਮੁੱਖ ਰੂਪ ਵਿਚ ਹਿੰਦੂ ਧਰਮ, ਦਰਸ਼ਨ ਤੇ ਮਿਥਿਹਾਸ ਨੂੰ ਆਪਣੇ ਸਿਧਾਂਤ ਸਿਰਜਣਾ ਦੀ ਭੂਮੀ ਬਣਾਇਆ। ਇਸ ਲਈ ਅਕਾਲ ਉਸਤਤਿ ਦੇ ਸਮੁੱਚੇ ਵਰਨਨ ਵਿਚ ਹਿੰਦੂ ਧਰਮ, ਦਰਸ਼ਨ ਤੇ ਮਿਥਿਹਾਸ ਨਾਲ ਸੰਬੰਧਿਤ ਸ਼ਬਦਾਵਲੀ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ। ਵੈਦਿਕ ਸਾਹਤ ਵਿਚ ਨਿਰਗੁਣ ਬ੍ਰਹਮ ਦੇ ਸੰਕਲਪ ਲਈ ਵਰਤੀ ਸ਼ਬਦਾਵਲੀ ਮੁਖ ਰੂਪ ਵਿਚ ਨਾਂਹ-ਵਾਚੀ ਹੈ। ਇਹ ਮਨੁੱਖ ਦੇ ਪ੍ਰਸੰਗ ਵਿਚ ਹਾਂ ਵਾਚੀ ਹੈ ਪਰ ਬ੍ਰਹਮ ਲਈ ਨਾਹ ਵਾਚੀ। ਉਦਾਹਰਨ ਵਜੋਂ ਮਨੁੱਖ ਦਾ ਰੂਪ ਹੈ, ਰੰਗ ਹੈ, ਆਕਾਰ ਹੈ ਪਰ ਬ੍ਰਹਮ ਦਾ ਨਾ ਰੂਪ ਹੈ, ਨਾ ਰੰਗ ਹੈ, ਨਾ ਆਕਾਰ ਹੈ। ਮਨੁੱਖ ਨਾਸ ਹੁੰਦਾ ਹੈ ਬ੍ਰਹਮ ਅਬਨਾਸ਼ੀ ਹੈ। ਇਸ ਤਰ੍ਹਾਂ ਦੀ ਵਿਸ਼ੇਸ਼ਣੀ ਸ਼ਬਦਾਵਲੀ ਗੁਰੂ ਸਾਹਿਬ ਅਕਾਲ ਪੁਰਖ ਲਈ ਵੀ ਵਰਤਦੇ ਹਨ। ਅਕਾਲ ਪੁਰਖ ਅਬਗਤ, ਅਬਨਾਸੀ, ਅਲੇਖ, ਅਭੇਖ, ਅਦੋਖ, ਅਦ੍ਵੈਖ, ਅਪਾਲ, ਅਛੇਦ, ਅਭੇਦ, ਅਜੰਤ੍ਰ, ਅਤੰਤ੍ਰ, ਅਜਾਤ, ਅਪਾਤ, ਅਮ੍ਰਿਤ, ਅਮਾਤ, ਅਰੋਗ, ਅਲੋਕ, ਅਭਰਮ, ਅਕਰਮ, ਅਖੰਡ, ਅਭੰਡ, ਅਡੰਡ, ਅਤੇਵ, ਅਭੇਵ, ਅਜੇਵ, ਅਛੇਵ ਆਦਿ ਹੈ। ਨਿਰਗੁਣ ਬ੍ਰਹਮ ਦੇ ਮੁਕਾਬਲੇ ਹਿੰਦੂ ਮਿਥਿਹਾਸ ਵਿਚ ਸਰਗੁਣ ਸਰੂਪ ਮਿਥਿਹਾਸਿਕ, ਹੋਂਦਾ/ਅਵਤਾਰਾਂ ਦਾ ਵਰਨਨ ਆਉਂਦਾ ਹੈ। ਗੁਰੂ ਸਾਹਿਬ ਆਪਣੇ ਸਿਧਾਤਕ ਸੰਕਲਪ ਨੂੰ ਹਿੰਦੂ ਮਿਥਿਹਾਸਿਕ ਪ੍ਰਸੰਗ ਵਿਚ ਰੱਖ ਕੇ, ਅਕਾਲ ਪੁਰਖ ਦੀ ਅਕਾਲਤਾ ਤੇ ਮਿਥਿਹਾਸਿਕ ਹੋਂਦਾ ਦੀ ਕਾਲ ਯੁਕਤਤਾ ਨੂੰ ਸਪੱਸ਼ਟ ਕਰਦੇ ਹਨ :

ਕੋਟਿ ਇੰਦ੍ਰ ਉਪਇੰਦ੍ਰ ਬਨਾਏ।
ਬ੍ਰਹਮ ਰੁੱਦ੍ਰ ਉਪਾਇ ਖਪਾਏ। (੬)
ਬ੍ਰਹਮ ਮਹੇਸੁਰ ਬਿਸਨੁ ਸਚੀ ਪਤਿ,
ਅੰਤਿ ਫਸੇ ਜਮ-ਫਾਸਿ ਪਰੈਂਗੇ। (੨੮)

ਜਿਹ ਕੋਟਿ ਇੰਦ੍ਰ ਨ੍ਰਿਪਾਰ।
ਕਈ ਬ੍ਰਹਮ ਬਿਸਨ ਬਿਚਾਰ। (੩੮)
ਕੋਈ ਸਿੰਧ ਬਿੰਧ ਨਗਿੰਦ੍ਰ।
ਕਈ ਮੱਛ ਕੱਛ ਫਨਿੰਦ੍ਰ।
ਕਈ ਦੇਵਿ ਆਦਿ ਕੁਮਾਰਿ।
ਕਈ ਕ੍ਰਿਸ਼ਨ ਬਿਸ਼ਨ ਅਵਤਾਰ। (੩੯)

ਮਿਥਿਹਾਸਿਕ ਹੋਂਦਾਂ ਨਾ ਸਿਰਫ਼ ਕਾਲ ਚੱਕਰ ਵਿਚ ਹੀ ਫਸੀਆਂ ਹੋਈਆਂ ਹਨ ਬਲਕਿ ਯੁੱਗਾਂ ਯੁੱਗਾਂ ਵਿਚ ਕਈ ਇੰਦਰ, ਬ੍ਰਹਮ, ਬਿਸ਼ਨ, ਦੇਵ, ਕ੍ਰਿਸ਼ਨ ਦੇ ਅਵਤਾਰ ਪੈਦਾ ਹੋਏ ਤੇ ਖਤਮ ਹੋ ਗਏ। ਇਨ੍ਹਾਂ 'ਕਈਆਂ' ਕਾਲ-ਸੀਮਤ ਹੋਂਦਾ ਦੇ ਮੁਕਾਬਲੇ ਗੁਰੂ ਸਾਹਿਬ ਅਨੁਸਾਰ ਅਕਾਲ ਪੁਰਖ 'ਇਕ' ਹੈ (ਪ੍ਰਣਵੋ ਆਦਿ ਏਕੰਕਾਰਾ) ਅਤੇ ਕਾਲ ਸੀਮਾ ਵਿਚ ਨਹੀਂ ਆਉਂਦਾ।

ਗੁਰੂ ਗੋਬਿੰਦ ਸਿੰਘ ਜੀ ਅਕਾਲ ਉਸਤਤਿ ਵਿਚ ਅਕਾਲ ਪੁਰਖ ਦੀ ਉਸਤਤਿ ਕਰਨ ਸਮੇਂ ਹਿੰਦੂ ਧਰਮ ਅਤੇ ਮਿਥਿਹਾਸ ਤੋਂ ਇਲਾਵਾ ਵੈਦਿਕ ਦਰਸ਼ਨ ਦੇ ਕਰਮ ਕਾਂਡਾਂ ਤੇ ਅਨੁਸ਼ਠਾਨਾਂ ਨੂੰ ਵੀ ਆਪਣੇ ਸਿੱਧਾਂਤਕ ਸੰਕਲਪ ਦੀ ਸਪੱਸ਼ਟਤਾ ਅਤੇ ਅਕਾਲ ਪੁਰਖ ਦੀ ਉਸਤਤਿ ਦੇ ਪ੍ਰਸੰਗ ਵਿਚ ਵਰਤਦੇ ਹਨ।

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ,
ਦੇਖਿ ਫਿਰਿਓ ਘਰ ਜੋਗਿ ਜਤੀ ਕੇ। (੨੧)
ਤੀਰਥ ਨ੍ਹਾਨ ਦਇਆ ਦਮ ਦਾਨ, ਸੁ ਸੰਜਮ ਨੇਮ ਅਨੇਕ ਬਿਸੇਖੈ।

*ਪਉਨ ਅਹਾਰ ਜਤੀ ਜਤਧਾਰਿ, ਸਬੈ ਸੁਬਿਚਾਰ ਹਜਾਰਕ ਦੇਖੇ। (੨੪)*
*ਕਈ ਅਗਨ ਹੋਤ੍ਰ ਕਰੰਤ।*
*ਕਈ ਉਰਧ ਤਾਪ ਦੁਰੰਤ।*
*ਕਈ ਉਰਧ-ਬਾਹੁ ਸੰਨਿਆਸ। (੪੨)*
*ਕਹੂੰ ਪਉਨ-ਅਹਾਰ ਦੁਰੰਤ*
*ਕਹੂੰ ਤੀਰਥ ਦਾਨ ਅਪਾਰ*
*ਕਹੂੰ ਜੱਗ ਕਰਮ ਉਦਾਰ। (੪੩)*
*ਕਈ ਏਕ ਠੋਰ ਇਸਥੰਤ।*
*ਕਹੂੰ ਕਰਤ ਜਲ ਮਹਿ ਜਾਪ। (੪੫)*

ਗੁਰੂ ਸਾਹਿਬ ਕੋਲ ਪ੍ਰਾਪਤ ਅਮੀਰ ਧਰਮ ਤੇ ਦਾਰਸ਼ਨਿਕ ਵਿਰਸੇ ਦੀ ਵਾਰਸ ਪਰਜਾ ਉਪਰੋਕਤ ਕਰਮਕਾਂਡਾਂ ਵਿਚ ਫਸੀ ਹੋਈ ਸੀ। ਕੋਈ ਬੋਧੀ, ਜੈਨੀ ਬਣਿਆ ਹੋਇਆ ਹੈ, ਕੋਈ ਤੀਰਥ ਇਸ਼ਨਾਨ ਤੇ ਦਾਨ ਕਰਦਾ ਫਿਰਦਾ ਹੈ, ਕੋਈ ਬ੍ਰਹਮਚਾਰੀ ਤੇ ਸੰਜਮੀ ਹੋ ਗਿਆ ਹੈ, ਕਿਸੇ ਨੇ ਜਟਾਂ ਧਾਰ ਲਈਆਂ ਹਨ, ਕੋਈ ਪਉਣ ਅਹਾਰੀ ਹੋ ਗਿਆ ਹੈ, ਕੋਈ ਹਵਨ ਕਰ ਰਿਹਾ, ਕੋਈ ਜਲ ਵਿਚ ਖੜ੍ਹ ਕੇ, ਪੁੱਠਾ ਹੋ ਕੇ ਤੱਪ ਕਰ ਰਿਹਾ ਹੈ। ਗੁਰੂ ਸਾਹਿਬ ਅਨੁਸਾਰ ਇਹ ਸਾਰੇ ਲੋਕ ਫੋਕਟ ਕਰਮਾਂ ਵਿਚ ਫਸੇ ਹੋਏ ਹਨ। ਇਹ ਗਿਆਨ ਤੋਂ ਸੱਖਣੇ ਲੋਕ ਵਹਿਮਾਂ ਭਰਮਾਂ ਦਾ ਸ਼ਿਕਾਰ ਹਨ। ਇਨ੍ਹਾਂ ਨੂੰ ਇਕ ਅਕਾਲ ਪੁਰਖ ਦੇ ਨਾਂ ਦਾ ਆਸਰਾ ਲੈਣਾ ਚਾਹੀਦਾ ਹੈ। ਫਿਰ ਇਹ ਜਾਣ ਲੈਣਗੇ ਕਿ ਸਾਰੇ ਕਰਮਕਾਂਡ ਫੋਕੇ ਹਨ ਇਸ ਤਰ੍ਹਾਂ ਦੇ ਅਨੁਸ਼ਠਾਨੀ ਧਰਮ ਨਿਹਫਲ ਹੋ ਜਾਣ ਤੇ ਇਹ ਵਹਿਮ ਭਰਮ ਲੱਗਣ ਲੱਗ ਜਾਣਗੇ।

ਉਪਰੋਕਤ ਵੇਰਵਿਆਂ ਤੋਂ ਸਪੱਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅਕਾਲ ਉਸਤਤਿ ਰਾਹੀਂ ਅਕਾਲ ਪੁਰਖ ਦੇ ਸੰਕਲਪ ਨੂੰ ਸੰਚਾਰਨ ਲਈ ਮੁੱਖ ਰੂਪ ਵਿਚ ਹਿੰਦੂ ਧਰਮ, ਦਰਸ਼ਨ ਤੇ ਮਿਥਿਹਾਸ ਨੂੰ ਹੀ ਆਧਾਰ ਬਣਾਉਂਦੇ ਹਨ ਪਰ ਕੁਝ ਸਤਰਾਂ ਵਿਚ ਹਿੰਦੂ ਸੰਕਲਪਾਂ ਤੇ ਅਨੁਸ਼ਠਾਨਾਂ ਦੇ ਨਾਲ ਨਾਲ ਇਸਲਾਮੀ ਸੰਕਲਪਾਂ ਤੇ ਅਨੁਸ਼ਠਾਨਾਂ ਦਾ ਵੇਰਵਾ ਵੀ ਮਿਲਦਾ ਹੈ। ਸਮੁੱਚੀ ਰਚਨਾ ਅਕਾਲ ਉਸਤਤਿ ਦੇ 271 ਛੰਦਾਂ ਵਿਚੋਂ ਕੇਵਲ ਅਠਾਰਾਂ ਛੰਦਾਂ ਦੀਆਂ ਕੁਲ 53 ਸਤਰਾਂ ਵਿਚ ਹਿੰਦੂ ਤੇ ਇਸਲਾਮੀ ਸੰਕਲਪਾਂ, ਕਰਮਕਾਂਡਾਂ ਤੇ ਅਨੁਸ਼ਠਾਨਾਂ ਦੀ ਸੰਯੁਕਤ ਰੂਪ ਵਿਚ ਵਰਤੋਂ ਕੀਤੀ ਹੋਈ ਮਿਲਦੀ ਹੈ। ਮਸਲਨ

*ਕਹੂੰ ਹੋਇ ਕੈ ਹਿੰਦੂਆਂ, ਗਾਇਤ੍ਰੀ ਕੋ ਗੁਪਤ ਜਪਿਓ;*
*ਕਹੂੰ ਹੋਇ ਕੈ ਤੁਰਕਾ, ਪੁਕਾਰੇ ਬਾਂਗ ਦੇਤ ਹੋ। (੧੨)*

ਇਸ ਤੋਂ ਸਪਸ਼ਟ ਹੈ ਕਿ ਤਤਕਾਲ ਸਮਾਜ ਵਿਚ ਹਿੰਦੂ ਦੇ ਤੁਰਕ ਦੋ ਧਾਰਮਿਕ ਫਿਰਕੇ ਸਨ। ਹਿੰਦੂ ਦਬੇ ਹੋਏ, ਜਬਰ ਜ਼ੁਲਮ ਦੇ ਰਾਜ ਦੀ ਪਸਾਰਵਾਦੀ ਰੁਚੀ ਦਾ ਸ਼ਿਕਾਰ ਸਨ। ਇਸ ਲਈ ਗਾਇਤ੍ਰੀ ਦਾ ਗੁਪਤ ਜਾਪ ਕਰਦੇ ਸਨ ਜਾਂ ਫਿਰ ਉਨ੍ਹਾਂ ਦੀ ਅਨੁਸ਼ਠਾਨੀ ਕਿਰਿਆ ਗੁਪਤ ਜਾਪ ਕਰਨ ਦਾ ਵਿਧਾਨ ਦਿੰਦੀ ਹੈ ਅਤੇ ਉਹ ਆਪਣੇ ਧਰਮ ਦਾ ਪਾਲਣ ਹੀ ਕਰਦੇ ਹਨ। ਦੂਜੇ ਪਾਸੇ ਤੁਰਕ ਉੱਚੀ ਆਵਾਜ਼ ਵਿਚ ਬਾਂਗ ਦਿੰਦੇ ਹਨ। ਤੁਰਕ ਸੱਤਾ ਵਰਗ ਨਾਲ ਸੰਬੰਧਿਤ ਹਨ। ਇਸ ਲਈ ਉਨ੍ਹਾਂ ਨੂੰ ਗੁਪਤ ਰਹਿ ਕੇ ਅਨੁਸ਼ਠਾਨ ਨਿਭਾਉਣ ਦੀ ਲੋੜ ਨਹੀਂ ਜਾਂ ਫਿਰ ਇਹੋ ਹੀ ਉਨ੍ਹਾਂ ਲਈ ਧਾਰਮਿਕ ਵਿਧਾਨ ਹੈ। ਇਸੇ ਤਰ੍ਹਾਂ :

*ਕਹੂੰ ਕੋਕ ਕਾਬਿ ਹੁਇ ਕੈ, ਪੁਰਾਨ ਕੋ ਪੜ੍ਹਤ ਮਤਿ;*
*ਕਤਹੂੰ ਕੁਰਾਨ ਕੋ, ਨਿਦਾਨ ਜਾਨ ਲੇਤ ਹੋ। (੧੨)*
*ਕਈ ਬ੍ਰਹਮ ਬੇਦ ਰਟੰਤ।*
*ਕਈ ਸੇਖ ਨਾਮ ਉਚਰੰਤ। (੪੯)*
*ਕਹੂੰ ਪਰਮ ਪੁਰਾਨ ਕੋ, ਪਾਰ ਪਾਵੈ*
*ਕਹੂੰ ਬੈਠਿ ਕੁਰਾਨ ਕੇ ਗੀਤ ਗਾਵੈ। (੧੧੩)*
*ਕਈ ਸਿਮ੍ਰਿਤ ਸਾਸਤ੍ਰ ਉਚਰੰਤ ਬੇਦ।*

*ਕਈ ਕੋਕ ਕਬਿ ਕੱਥਤ ਕਤੇਬ। (੧੩੦)*
*ਪੁਰਾਨ ਔ ਕੁਰਾਨ; ਨੇਤਿ। ਨੇਤਿ ਕੈ ਬਤਾਵਈ। (੧੬੫)*
*ਪਰੇ ਹੈ, ਪਵਿੱਤ੍ਰ ਹੈ; ਪੁਨੀਤ ਹੈ, ਪੁਰਾਨ ਹੈ।*
*ਅਗੰਜ ਹੈ, ਅਭੰਜ ਹੈ; ਕਰੀਮ ਹੈ, ਕੁਰਾਨ ਹੈ। (੧੭੧)*
*ਬੇਦ ਪੁਰਾਨ ਕਤੇਬ ਕੁਰਾਨ; ਹਸੇਬ ਥਕੇ ਕਰਿ ਹਾਥਿ ਨ ਆਏ। (੨੪੫)*
*ਬੇਦ ਪੁਰਾਨ ਕਤੇਬ ਕੁਰਾਨ, ਅਭੇਦ ਨ੍ਰਿਪਾਨ ਸਭੈ ਪਚਿਹਾਰੇ। (੨੫੧)*

ਪਰ ਗੁਰੂ ਗੋਬਿੰਦ ਸਿੰਘ ਨੂੰ ਤਾਂ ਸਾਰੇ ਲੋਕ ਅਕਾਲ ਪੁਰਖ ਦਾ ਰੂਪ ਹੀ ਦਿੱਸਦੇ ਸਨ ਕਿਉਂਕਿ ਅਕਾਲ ਪੁਰਖ ਉਨ੍ਹਾਂ ਨੂੰ ਸਰਬ ਕਾਲ ਸਰਬ ਤੌਰ ਏਕ ਸੇ ਲਗਤ ਹੋ (20)। ਉਨ੍ਹਾਂ ਲਈ ਹਿੰਦੂ ਤੁਰਕ ਬਰਾਬਰ ਸਨ। ਵੇਦ, ਸਿਮ੍ਰਿਤੀਆਂ ਤੇ ਪੁਰਾਣ ਹਿੰਦੂ ਧਰਮ ਦੇ ਪਵਿੱਤਰ ਗ੍ਰੰਥ ਹਨ, ਜਦਕਿ ਕੁਰਾਨ ਇਸਲਾਮ ਦਾ। ਹਿੰਦੂ ਆਪਣੇ ਗ੍ਰੰਥਾਂ ਨੂੰ ਪਵਿਤਰ ਸਮਝਦੇ ਹਨ ਅਤੇ ਮੁਸਲਮਾਨ ਆਪਣਿਆਂ ਨੂੰ। ਵੇਦਾਂ ਨੂੰ ਰਟਣ ਵਾਲਾ ਬ੍ਰਾਹਮਣ ਅਤੇ ਕੁਰਾਨ ਪੜ੍ਹਨ ਵਾਲਾ ਸ਼ੇਖ ਆਪੋ ਆਪਣੇ ਗ੍ਰੰਥਾਂ ਦੇ ਗੀਤ ਗਾਉਂਦੇ ਹਨ। ਪਰ ਇਨ੍ਹਾਂ ਦੇ ਗ੍ਰੰਥ ਸਰਵੁੱਚ ਸ਼ਕਤੀ ਬਾਰੇ 'ਨੇਤ ਨੇਤ' (ਨਾ-ਇਤੀ) ਹੀ ਕਹਿੰਦੇ ਹਨ। ਉਨ੍ਹਾਂ ਅਨੁਸਾਰ ਉਸ ਦਾ ਵਰਨਨ ਨਹੀਂ ਹੋ ਸਕਦਾ। ਉਹ ਉਸ ਦਾ ਹਿਸਾਬ ਲਾ ਕੇ ਥੱਕ ਗਏ ਹਨ। ਪਰ ਇਹ ਸਾਰੇ ਪਵਿੱਤਰ ਗ੍ਰੰਥ ਹਨ। ਇਹ ਕਲਿਆਣਕਾਰੀ ਹਨ। ਰਚਨਾ ਅਨੁਸਾਰ, ਹਿੰਦੂ ਤੇ ਮੁਸਲਮਾਨ ਆਪੋ ਆਪਣੇ ਅਨੁਸ਼ਠਾਨਾਂ ਵਿਚ ਰੁੱਝੇ ਹੋਏ ਹਨ। ਇਨ੍ਹਾਂ ਦੇ ਪੀਰ ਤੇ ਪੈਗੰਬਰ ਇਨ੍ਹਾਂ ਨੂੰ ਤੀਰਥ ਇਸ਼ਨਾਨਾਂ, ਦਾਨ ਧਰਮ, ਸੰਜਮ, ਜਮੀਨ, ਅਸਮਾਨ ਤੇ ਪੂਰਬ ਜਾਂ ਪੱਛਮ ਦੀ ਪੂਜਾ ਕਰਨ ਲਈ ਪਰੇਰਦੇ ਹਨ ਪਰ ਆਪ ਭੂਮੀ ਤੋਂ ਪੈਦਾ ਹੋ ਕੇ ਭੂਮੀ ਵਿਚ ਹੀ ਸਮਾਅ ਗਏ ਹਨ। ਕੋਇ. ਗੰਗਾ ਦਾ ਰਹਿਣ ਵਾਲਾ ਹੈ (ਹਿੰਦੂ) ਅਤੇ ਕੋਈ ਮਦੀਨੈ ਦਾ (ਮੁਸਲਮਾਨ), ਪਰ ਕਈ ਕਿਸੇ ਇਕ ਥਾਂ ਨਾਲ ਜੁੜੇ ਹੋਏ ਨਹੀਂ, ਉਹ ਉਦਾਸ ਰੂਪ ਵਿਚ ਭਰਮਦੇ ਰਹਿੰਦੇ ਹਨ। ਕਈ ਮੂਰਖ ਪਿੱਤਰਾਂ ਨੂੰ ਪੂਜੀ ਜਾਂਦੇ ਹਨ। ਕੁਝ ਸਿੱਧ ਸਾਧ ਸੂਰਜ ਨੂੰ ਸੇਵਦੇ ਹਨ :

*ਤੀਰਥ ਨ੍ਹਾਨ ਦਇਆ ਦਮ ਦਾਨ, ਸੁ ਸੰਜਮ ਨੇਮ ਅਨੇਕ ਬਿਸੇਖੈ।*
*ਬੇਦ ਪੁਰਾਨ ਕਤੇਬ ਕੁਰਾਨ, ਜ਼ਿਮੀਨ ਜ਼ਮਾਨ ਸਬਾਨ ਕੇ ਪੇਖੇ। (੨੪)*
*ਕਾਹੂੰ ਲਖਿਓ ਹਰ ਅਵਾਚੀ ਦਿਸਾ ਮਹਿ,*
*ਕਾਹੂੰ ਪਛਾਹ ਕੋ ਸੀਸ ਨਿਵਾਇਓ। (੩੦)*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ;*
*ਭੂਮਿ ਹੀ ਤੇ ਹੋਇ ਕੈ, ਫੇਰਿ ਭੂਮਿ ਹੀ ਮਿਲਾਏ ਹੈਂ (੭੭)*
*ਕੇਤੇ ਗੰਗਬਾਸੀ, ਕੇਤੇ ਮਦੀਨਾ ਮੱਕਾ ਨਿਵਾਸੀ;*
*ਕੇਤਕ ਉਦਾਸੀ ਕੇ, ਭ੍ਰਮਾਏ ਈ ਫਿਰਤ ਹੈਂ। (੮੯)*
*ਕਹੂੰ ਸੁੱਧ ਸੇਖੰ ਕਹੂੰ ਬ੍ਰਹਮਧਰਮੰ। (੧੧੪)*
*ਕਈ ਮੂੜ੍ਹ ਪਿਤ੍ਰ ਪੂਜਾ ਕਰੰਤ।*
*ਕਈ ਸਿੱਧ ਸਾਧੂ ਸੂਰਜ ਸ਼ਿਵੰਤ। (੨੩੪)*

ਅਕਾਲ ਉਸਤਤਿ ਵਿਚ ਗੁਰੂ ਗੋਬਿੰਦ ਸਿੰਘ ਇਨ੍ਹਾਂ ਪ੍ਰਸੰਗਾ ਰਾਹੀਂ ਹਿੰਦੂਆਂ ਤੇ ਮੁਸਲਮਾਨਾਂ ਨੂੰ ਸਾਂਝੇ ਤੌਰ ਤੇ ਮੁਖਾਤਬ ਹੁੰਦੇ ਹਨ। ਉਨ੍ਹਾਂ ਲਈ ਅਤੇ ਅਕਾਲ ਪੁਰਖ ਸਾਹਮਣੇ ਹਿੰਦੂ ਤੇ ਤੁਰਕ ਦੋਵੇਂ ਹੀ ਅਕਾਲ ਪੁਰਖ ਦਾ ਰੂਪ ਹਨ। ਦੋਵੇਂ ਹੀ 'ਮਾਨਸ ਕੀ ਜਾਤ' ਨਾਲ ਸੰਬੰਧਿਤ ਹਨ। ਪਰ ਇਹ ਦਿਸਦਾ ਨਹੀਂ, ਪਹਿਚਾਨਣਾ ਪਵੇਗਾ।

*ਹਿੰਦੂ ਤੁਰਕ ਕੋਊ, ਰਾਫਿਜ਼ੀ ਇਮਾਮ ਸ਼ਾਫੀ;*
*ਮਾਨਸ ਕੀ ਜਾਤਿ, ਸਬੈ ਏਕੈ ਪਹਚਾਨਬੋ। (੮੫)*

ਦਿਸਦੇ ਵਖਰੇਵੇਂ ਪਿੱਛੇ ਮਨੁੱਖੀ ਏਕਤਾ ਦਾ ਜਲਵਾ ਵਿਖਾਉਣ ਲਈ ਗੁਰੂ ਸਾਹਿਬ ਕਹਿੰਦੇ ਹਨ ਕਿ ਹਿੰਦੂ ਤੇ ਤੁਰਕ ਦੋਵੇਂ ਵਖੋ ਵੱਖਰੇ ਨਜ਼ਰ ਆਉਂਦੇ ਹਨ ਕਿਉਂਕਿ ਇਹ ਵੱਖੋ ਵੱਖਰੇ ਦੇਸਾਂ ਨਾਲ ਸੰਬੰਧਿਤ ਹਨ। ਇਨ੍ਹਾਂ ਦੇਸਾਂ ਦਾ ਆਪੋ ਆਪਣੇ ਭੇਸ (ਪਹਿਰਾਵਾ, ਭਾਸ਼ਾ, ਧਰਮ , ਸਭਿਆਚਾਰ, ਰਹੁ ਰੀਤਾਂ ਕਰਮ ਕਾਂਡ) ਇਨ੍ਹਾਂ ਦੇ

ਵੱਖਰੇ ਹੋਣ ਦਾ ਭਰਮ ਪੈਦਾ ਕਰਦੇ ਹਨ। ਗੁਰੂ ਸਾਹਿਬ ਆਪਣੀ ਇਸ ਕਿਰਤ ਰਾਹੀਂ ਇਸ ਭਰਮ ਨੂੰ ਦੂਰ ਕਰ ਦਿੰਦੇ ਹਨ। ਉਨ੍ਹਾਂ ਦਾ ਪ੍ਰਵਚਨ ਹੈ ਕਿ ਦੇਹਰਾ (ਮੰਦਰ) ਤੇ ਮਸੀਤ ਇਕ ਅਕਾਲ ਪੁਰਖ ਦੀ ਅਰਾਧਨਾ ਦੇ ਸਥਾਨ ਹਨ। ਇਨ੍ਹਾਂ ਵਿਚ ਕ੍ਰਮਵਾਰ ਪੂਜਾ ਤੇ ਨਿਵਾਜ ਵੀ ਉਸੇ ਇਕ ਅਕਾਲ ਪੁਰਖ ਦੀ ਹੀ ਕੀਤੀ ਜਾ ਰਹੀ ਹੈ। ਪੁਰਾਨ ਤੇ ਕੁਰਾਨ ਵੀ ਇਕੋ ਜਿਹੇ ਸਤਿਕਾਰ ਦੇ ਗ੍ਰੰਥ ਹਨ ਕਿਉਂਕਿ ਇਕੋ ਅਕਾਲ ਪੁਰਖ ਦੀ ਉਸਤਤਿ ਕਰਦੇ ਹਨ। ਸਾਰੇ ਮਨੁੱਖ ਭਾਵੇਂ ਉਹ ਹਿੰਦੂ ਹਨ ਜਾਂ ਤੁਰਕ ਇਕ ਦਾ ਹੀ ਸਰੂਪ ਹਨ ਅਤੇ ਉਸ ਇਕ ਦੀ ਹੀ ਸਿਰਜਣਾ ਹਨ।

*ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ;*
*ਮਾਨਸ ਸਬੈ ਏਕ, ਪੈ ਅਨੇਕ ਕੋ ਭ੍ਰਮਾਉ ਹੈ।*
*ਦੇਵਤਾ ਅਦੇਵ, ਜੱਛ ਗੰਧ੍ਰਬ ਤੁਰਕ ਹਿੰਦੂ;*
*ਨਿਆਰੇ ਨਿਆਰੇ ਦੇਸਨ ਕੇ, ਭੇਸ ਕੋ ਪ੍ਰਭਾਉ ਹੈ।*
× × ×
*ਅੱਲਹ ਅਭੇਖ ਸੋਈ, ਪੁਰਾਨ ਅਉ ਕੁਰਾਨ ਓਈ;*
*ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ। (੮੬)*

ਕਿਉਂਕਿ ਉਹ ਆਪ ਇਕ ਹੈ। ਕਰਤਾ ਹੈ। ਰਾਜਕ ਹੈ। ਰਹੀਮ ਹੈ। ਉਹ ਵੰਡਿਆ ਨਹੀਂ ਜਾ ਸਕਦਾ।

*ਕਰਤਾ ਕਰੀਮ ਸੋਈ, ਰਾਜਿਕ ਰਹੀਮ ਓਈ;*
*ਦੂਸਰੋ ਨਾ ਭੇਦ ਕੋਈ, ਭੂਲਿ ਭ੍ਰਮ ਮਾਨਬੋ (੮੫)*
*ਪ੍ਰਭ ਏਕ ਰੂਪ ਦ੍ਵੈ ਕੈ ਲਖਾਇ (੨੩੪)*

ਉਸ ਨੂੰ ਵੰਡ ਕੇ ਵੇਖਣਾ, ਉਸ ਨੂੰ ਆਪਣੇ (ਦੇਸ਼, ਫਿਰਕੇ, ਭਾਸ਼ਾ, ਭੇਸ, ਖੇਤਰ, ਸਥਾਨ, ਦਿਸ਼ਾ) ਤੱਕ ਸੀਮਿਤ ਕਰਨਾ ਭੁੱਲ ਕਰਨਾ ਹੈ ਅਤੇ ਭਰਮ ਵਿਚ ਪੈਣਾ ਹੈ।

ਉਪਰੋਕਤ ਵਰਨਨ ਤੋਂ ਸਪੱਸ਼ਟ ਹੈ ਕਿ ਅਕਾਲ ਉਸਤਤਿ ਵਿਚ ਗੁਰੂ ਗੋਬਿੰਦ ਸਿੰਘ ਅਕਾਲ ਪੁਰਖ ਦੀ ਉਸਤਤਿ ਕਰਦੇ ਹਨ। ਮਨੁੱਖਾਂ ਨੂੰ ਅਕਾਲ ਪੁਰਖ ਦੇ ਪਰਤੱਖਣ ਕਰਵਾਉਣ ਲਈ ਉਹ ਇਸ ਰਚਨਾ ਦੀ ਸਿਰਜਣਾ ਕਰਦੇ ਹਨ। ਉਹ ਮੁੱਖ ਰੂਪ ਵਿਚ ਹਿੰਦੂ ਧਰਮ ਦਰਸ਼ਨ ਤੇ ਮਿਥਿਹਾਸ ਨਾਲ ਸੰਬੰਧਿਤ ਸ਼ਬਦਾਵਲੀ ਤੇ ਸੰਕਲਪਾਂ ਦੀ ਵਰਤੋਂ ਇਸ ਰਚਨਾ ਵਿਚ ਕਰਦੇ ਹਨ। ਉਨ੍ਹਾਂ ਦਾ ਇਹ ਵਰਨਨ ਇਕ ਅਕਾਲ ਪੁਰਖ ਦੀ ਧਾਰਨਾ ਨੂੰ ਸਿਰਜਦਾ ਹੈ। ਉਹ ਵਖਰੇਵਿਆਂ ਵਿਚ ਵਿਚਰਦੇ ਧਰਮ ਦਰਸ਼ਨ ਅਤੇ ਮਿਥਿਹਾਸ ਨੂੰ ਇਕ (ਏਕੰਕਾਰ, ੧ਓ) ਅਕਾਲ ਪੁਰਖ ਦੇ ਰੂਪ ਵਿਚ ਸਿਰਜਦੇ ਹਨ। ਜੇ ਇਹ ਇਕ ਹੈ ਤਾਂ ਇਹ ਕੇਵਲ ਹਿੰਦੂਆਂ ਲਈ ਹੀ ਨਹੀਂ ਹੋ ਸਕਦਾ। ਤਤਕਾਲਕ ਸਥਿਤੀਆਂ ਵਿਚ ਇਸਲਾਮ ਵੀ ਵਿਚਰ ਰਿਹਾ ਸੀ। ਇਸ ਲਈ ਜੇ ਅਕਾਲ ਪੁਰਖ ਇਕ ਹੈ ਤਾਂ ਉਹ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਲਈ ਇਕ ਹੈ। ਗੁਰੂ ਗੋਬਿੰਦ ਸਿੰਘ ਦਾ ਅਕਾਲ ਉਸਤਤਿ ਰਾਹੀਂ ਇਹ ਸੁਨੇਹਾ ਕਿ ਅਕਾਲ ਪੁਰਖ ਹਿੰਦੂਆਂ ਤੇ ਮੁਸਲਮਾਨਾਂ ਲਈ ਇਕ ਹੈ ਉਨ੍ਹਾਂ ਨੂੰ ਵਿਸ਼ਵ ਦੇ ਧਾਰਮਿਕ ਦਰਸ਼ਨ ਦੇ ਇਤਿਹਾਸ ਵਿਚ ਸ਼੍ਰੋਮਣੀ ਸਥਾਨ ਪ੍ਰਦਾਨ ਕਰਦਾ ਹੈ। ਇਸ ਰਾਹੀਂ ਉਨ੍ਹਾਂ ਦੀ ਵਿਸ਼ਵ ਚੇਤਨਾ, ਮਾਨਵਵਾਦ ਅਤੇ ਸਰਬੱਤ ਦੇ ਭਲੇ ਦੀ ਭਾਵਨਾ ਉਜਾਗਰ ਹੁੰਦੀ ਹੈ। ਗੁਰੂ ਸਾਹਿਬ ਭਾਵੇਂ ਮੁੱਖ ਰੂਪ ਵਿਚ ਹਿੰਦੂ ਧਾਰਮਿਕ ਮੰਡਲਾਂ ਦੀ ਸ਼ਬਦਾਵਲੀ ਵਰਤਦੇ ਹਨ, ਪਰ ਜਦੋਂ ਅਸੀਂ ਰਚਨਾ ਦੇ ਸੀਮੀਔਟਿਕ ਸਟਰੱਕਚਰ ਨੂੰ ਵੇਖਦੇ ਹਾਂ ਤਾਂ ਸਾਨੂੰ ਤਹਿ ਵਿਚ ਪਏ ਗੁਰੂ ਸਾਹਿਬ ਦੇ ਸੰਦੇਸ਼ ਦੇ ਦਰਸ਼ਨ ਹੁੰਦੇ ਹਨ। ਭਾਸ਼ਾਈ ਪਿੰਡੇ ਤਕ ਸੀਮਿਤ ਰਹਿਣ ਨਾਲ ਰਚਨਾ ਦੀਆਂ ਤੈਹਾਂ ਵਿਚ ਪਈਆਂ ਭਾਵ ਪਰਤਾਂ ਤਕ ਨਹੀਂ ਪਹੁੰਚਿਆ ਜਾ ਸਕਦਾ। ਇਥੋਂ ਤਾਂ ਇਵੇਂ ਜਾਪੇਗਾ ਕਿ ਗੁਰੂ ਸਾਹਿਬ ਵੈਦਿਕ ਬ੍ਰਹਮ ਦੇ ਸੰਕਲਪ ਨੂੰ ਸੁਰਜੀਤ ਕਰ ਰਹੇ ਹਨ। ਇਸੇ ਸਤਹੀ ਪੱਧਰ ਦੀ ਪਹੁੰਚ ਵਿਚ ਵਿਚਰਦੇ ਵਿਦਵਾਨ 'ਨਿਰਗੁਣ ਤੇ ਸਰਗੁਣ' ਦੇ ਪਰੰਪਰਾਈ ਸੰਕਲਪਾਂ ਵਿਚ ਉਲਝ ਜਾਂਦੇ ਹਨ ਜਾਂ ਆਪਣੀ ਮਨਮਰਜ਼ੀ ਦੀਆਂ ਤੁਕਾਂ ਚੁਣ ਕੇ ਅਗਾਊਂ ਸੋਚੇ ਆਸ਼ੇ ਦੀ ਪੁਸ਼ਟੀ ਕਰਦੇ ਰਹਿੰਦੇ ਹਨ। ਸੀਮੀਔਟਿਕ ਸਟਰੱਕਚਰ ਰਾਹੀਂ ਸਮੁੱਚੀ ਰਚਨਾ ਦੇ ਸਤਹੀ ਪੱਧਰ ਤੋਂ ਤਹਿ ਤਕ ਜਾਇਆ ਜਾ ਸਕਦਾ ਹੈ। ਅਸੀਂ ਉੱਪਰ ਵੇਖਿਆ ਹੈ ਕਿ ਅਕਾਲ ਉਸਤਤਿ ਵਿਚ ਉਹ ਅਕਾਲ ਪੁਰਖ ਦੀ ਉਸਤਤਿ ਹਿੰਦੂ ਧਰਮ ਦੇ ਦਾਰਸ਼ਨਿਕ ਭਾਸ਼ਾਈ ਸਭਿਆਚਾਰ ਰਾਹੀਂ ਕਰਦੇ ਹਨ ਪਰ ਅਸਲ ਵਿਚ ਉਹ ਇਕ ਵਿਰਾਟ, ਵਿਸ਼ਵਵਿਆਪਕ ਤੇ ਬ੍ਰਹਿਮੰਡੀ ਪ੍ਰਕਿਰਤੀ ਵਾਲੇ

ਅਧਿਆਤਮਿਕ ਸੰਕਲਪ ਨੂੰ ਸੰਚਾਰਤ ਕਰ ਰਹੇ ਹਨ।

**ਸਹਾਇਕ ਪੁਸਤਕਾਂ**


*ਦਸਮ ਗ੍ਰੰਥ* (ਪਦ ਵੰਡ ਤੇ ਪ੍ਰਜਾਵਾਂ ਸਹਿਤ), ਸੋਧਕ ਗਯਾਨੀ ਮਹਿੰਦਰ ਸਿੰਘ, ਭਾਈ ਜਵਾਹਰ ਸਿੰਘ, ਕ੍ਰਿਪਾਲ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1952 ਬਿਕ੍ਰਮੀ।

ਪਰਮਜੀਤ ਸਿੰਘ ਸਿੱਧੂ, *ਸੀਮੀਐਲੋਜੀਕਲ ਸਟਰਕਚਰ ਆਫ ਅਕਾਲ ਉਸਤਤਿ* (ਪੀ. ਐਚ. ਡੀ. ਖੋਜ ਪ੍ਰਬੰਧ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977 (ਅਪ੍ਰਕਾਸ਼ਿਤ)

ਰਤਨ ਸਿੰਘ ਜੱਗੀ, *ਦਸਮ ਗ੍ਰੰਥ ਦਾ ਕਰਤ੍ਰਿਤਵ*, ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ, 1966

ਮਨਮੋਹਨ ਸਿੰਘ, *ਦਸਮ ਗ੍ਰੰਥ ਵਿਚ ਮਿਥ ਰੂਪਾਂਤਰਣ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1998



## ਪੰਜਾਬ ਦੇ ਸੁਤੰਤਰਤਾ ਸੰਗਰਾਮੀ

| | | |
|---|---|---|
| 1. | ***ਭਾਈ ਮਹਾਰਾਜ ਸਿੰਘ*** : ਐਮ. ਐਲ. ਆਹਲੂਵਾਲੀਆ | 50-00 ਰੁਪਏ |
| 2. | ***ਸ਼ਹੀਦ ਊਧਮ ਸਿੰਘ*** : ਗੁਰਚਰਨ ਸਿੰਘ | 45-00 ਰੁਪਏ |
| 3. | ***ਵੀਰ ਨਾਇਕ ਕਰਤਾਰ ਸਿੰਘ ਸਰਾਭਾ*** : ਗੁਰਚਰਨ ਸਿੰਘ | 48-00 ਰੁਪਏ |
| 4. | ***ਭਾਈ ਕਿਸ਼ਨ ਸਿੰਘ ਗੜਗਜ*** : ਸੁਰਜੀਤ ਸਿੰਘ ਗਾਂਧੀ | 80-00 ਰੁਪਏ |
| 5. | ***ਮਾਸਟਰ ਤਾਰਾ ਸਿੰਘ*** : ਬਿਮਲਾ ਆਨੰਦ | 70-00 ਰੁਪਏ |
| 6. | ***ਜ਼ਿੰਦਾ ਸ਼ਹੀਦ ਭਾਈ ਤਖ਼ਤ ਸਿੰਘ*** : ਕੁਲਬੀਰ ਸਿੰਘ ਕਾਂਗ | 48-00 ਰੁਪਏ |
| 7. | ***ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ*** : ਗੰਡਾ ਸਿੰਘ | 30-00 ਰੁਪਏ |
| 8. | ***ਕਰਤਾਰ ਸਿੰਘ ਝੱਬਰ*** : ਜਗਜੀਵਨ ਮੋਹਨ ਵਾਲੀਆ | 50-00 ਰੁਪਏ |
| 9. | ***ਬੰਦਾ ਬਹਾਦਰ-ਇਕ ਜੀਵਨੀ*** ; ਗੁਰਦੇਵ ਸਿੰਘ ਦਿਉਲ | 22-00 ਰੁਪਏ |
| 10. | ***ਸ਼ੇਰੇ-ਏ-ਪੰਜਾਬ ਲਾਲਾ ਲਾਜਪਤ ਰਾਇ*** : ਐਮ. ਐਲ. ਖੋਸਲਾ | 22-00 ਰੁਪਏ |
| 11. | ***ਰਾਜਾ ਪੋਰਸ*** : ਬੁੱਧ ਪ੍ਰਕਾਸ਼ | 22-50 ਰੁਪਏ |
| 12. | ***ਸੀਹਰ ਿਆਂ ਹਰੀ ਸਿੰਘ ਨਲੂਆ*** : ਕਾਦਰਯਾਰ (ਸੰਪਾ. ਗੰਡਾ ਸਿੰਘ) | 9-00 ਰੁਪਏ |
| 13. | ***ਖ਼ੁਸ਼ਹਾਲ ਖ਼ਾਨ ਖਟਕ*** : ਪ੍ਰੀਤਮ ਸਿੰਘ | 7-50 ਰੁਪਏ |
| 14. | ***ਰਾਣੀ ਸਾਹਿਬ ਕੌਰ*** : ਗਿਆਨੀ ਆਤਮਾ ਸਿੰਘ ਰੰਧਾਵਾ | 56-00 ਰੁਪਏ |
| 15. | ***ਜੱਸਾ ਸਿੰਘ ਰਾਮਗੜ੍ਹੀਆ*** : ਗੁਰਨਾਮ ਸਿੰਘ ਰਾਏ | 32-00 ਰੁਪਏ |
| 16. | ***ਸ਼ਹੀਦ ਮਦਨ ਲਾਲ ਢੀਂਗਰਾ*** : ਪ੍ਰੀਤਮ ਸੈਣੀ | 20-50 ਰੁਪਏ |
| 17. | ***ਸ਼ਾਮ ਸਿੰਘ ਅਟਾਰੀਵਾਲਾ*** : ਕ੍ਰਿਪਾਲ ਸਿੰਘ | 50-00 ਰੁਪਏ |
| 18. | ***ਵੀਰ ਨਾਇਕ ਸਰਦਾਰ ਹਰੀ ਸਿੰਘ ਨਲੂਆ*** : ਸ਼ਮਸ਼ੇਰ ਸਿੰਘ ਅਸ਼ੋਕ | 25-00 ਰੁਪਏ |
| 19. | ***ਜਰਨੈਲ ਜ਼ੋਰਾਵਰ ਸਿੰਘ*** : ਬ੍ਰਿਗੇਡੀਅਰ ਜੀ ਐਸ. ਬਲ | 50-00 ਰੁਪਏ |
| 20. | ***ਹਰਸ਼*** : ਫੌਜਾ ਸਿੰਘ | 12-75 ਰੁਪਏ |
| 21. | ***ਸਰਦਾਰ ਅਜੀਤ ਸਿੰਘ*** : ਗੁਰਦੇਵ ਸਿੰਘ ਦਿਓਲ | 27-50 ਰੁਪਏ |

ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਇਤਿਹਾਸ ਪਰੰਪਰਾ ਤੇ ਬਿਚਿਤ੍ਰ ਨਾਟਕ

ਸਵਰਨ ਸਿੰਘ ਸਨੇਹੀ

ਇਤਿਹਾਸਿਕ ਪੁਸਤਕਾਂ ਵਾਰਤਕ ਵਿਚ ਹੋਣ ਕਰਕੇ ਇਹ ਧਾਰਨਾ ਬਣ ਗਈ ਹੈ ਕਿ ਕਾਵਿ ਰਚਨਾ ਇਤਿਹਾਸ ਨਹੀਂ ਹੋ ਸਕਦੀ। ਸਾਡੀ ਜਾਚੇ ਇਤਿਹਾਸ ਕਵਿਤਾ ਤੇ ਵਾਰਤਕ ਦੋਹਾਂ ਰੂਪਾਂ ਵਿਚ ਹੀ ਲਿਖਿਆ ਜਾ ਸਕਦਾ ਹੈ। ਹਾਂ ਕਵਿਤਾ ਵਿਚ ਇਤਿਹਾਸ ਲਿਖਣਾ ਕਵੀ ਵਲੋਂ ਵਿਦਵਤਾ ਦੇ ਜੌਹਰ ਦਿਖਾਉਣ ਵਾਲੀ ਗੱਲ ਬਣ ਜਾਂਦੀ ਹੈ। ਜਿਵੇਂ 'ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ'[1] ਵਾਲੀ ਗੁਰੂ ਨਾਨਕ ਦੇਵ ਦੀ ਉਚਾਰੀ ਸਤਰ ਦਾ ਹਰ ਕੋਈ ਵਿਦਵਾਨ ਆਪੋ ਆਪਣੀ ਬੁਧੀ ਤੇ ਮਾਨਸਿਕ ਝੁਕਾਉ ਅਨੁਸਾਰ ਵੱਖ-ਵੱਖ ਅਰਥ ਕੱਢ ਲੈਂਦਾ ਹੈ।

ਵਿਦਵਾਨਾਂ ਦਾ ਮਤ ਹੈ ਕਿ ਪਹਿਲਾਂ ਕਾਵਿ ਸਾਹਿਤ ਦੀ ਉਤਪਤੀ ਹੁੰਦੀ ਹੈ। ਵਾਰਤਕ ਦੇ ਜਨਮ ਤਕ ਕਵਿਤਾ ਪ੍ਰੋੜ੍ਹ ਰੂਪ ਧਾਰਨ ਕਰ ਚੁਕਦੀ ਹੈ।[2] ਕਵੀ ਆਪਣੀ ਕਾਵਿ ਯੋਗਤਾ ਅਨੁਸਾਰ ਕਠਨ ਤੋਂ ਕਠਨ ਵਿਸ਼ੇ ਵੀ ਕਾਵਿ ਮਾਧਿਅਮ ਰਾਹੀਂ ਨਿਭਾਉਣ ਦੇ ਸਮਰਥ ਹੁੰਦਾ ਹੈ ਜਾਂ ਦੂਸਰੇ ਸ਼ਬਦਾਂ ਵਿਚ, ਇਉਂ ਕਹਿ ਲੈਣਾ ਵਧੇਰੇ ਯੋਗ ਹੋਵੇਗਾ ਕਿ ਇਹ ਕਿਸੇ ਕਵੀ ਦੀ ਯੋਗਤਾ ਤੇ ਨਿਰਭਰ ਕਰਦਾ ਹੈ ਕਿ ਉਹ ਕਿਹੋ ਜਿਹੇ ਵਿਸ਼ਿਆਂ ਨੂੰ ਸਫਲਤਾ ਨਾਲ ਨਿਭਾ ਸਕਦਾ ਹੈ।

ਇਹ ਕਹਿਣਾ ਅਨਿਆਇ ਹੋਵੇਗਾ ਕਿ ਪ੍ਰਾਚੀਨ ਸਮੇਂ ਦੇ ਭਾਰਤੀਆਂ ਨੂੰ ਇਤਿਹਾਸ ਦੀ ਨਾ ਤਾਂ ਸੂਝ ਬੂਝ ਸੀ ਤੇ ਨਾ ਹੀ ਕਦਰ ਕੀਮਤ।[3] ਸਹੀ ਗੱਲ ਤਾਂ ਇਹ ਹੈ ਕਿ ਇਤਿਹਾਸ ਵੱਲੋਂ ਉਹ ਅਵੇਸਲੇ ਨਹੀਂ ਸਨ। ਸਗੋਂ ਇਤਿਹਾਸ ਨੂੰ ਪ੍ਰਾਚੀਨ ਭਾਰਤ ਵਿਚ ਪੰਜਵੇ ਵੇਦ ਦਾ ਦਰਜਾ ਪ੍ਰਾਪਤ ਸੀ।[4] ਜਿਸ ਤੋਂ ਇਹ ਅਨੁਮਾਨ ਲਾ ਸਕਣਾ ਔਖੀ ਗੱਲ ਨਹੀਂ ਕਿ ਸਾਡੇ ਬਜ਼ੁਰਗਾਂ ਨੇ ਇਤਿਹਾਸ ਨੂੰ ਉਚ ਦਰਜੇ ਦਾ ਸਮਝ ਕੇ ਉਸ ਦਾ ਸਤਿਕਾਰ ਕਾਇਮ ਰਖਿਆ। ਫਿਰ ਵੀ ਉਨ੍ਹਾਂ ਨੂੰ ਕਈ ਕਾਰਨਾਂ ਕਰਕੇ ਇਤਿਹਾਸ ਵੱਲੋਂ ਅਵੇਸਲੇਪਨ ਦੇ ਦੋਸ਼ ਦਾ ਭਾਗੀ ਬਣਨਾ ਪੈ ਗਿਆ ਹੈ। "ਸਭ ਤੋਂ ਪੁਰਾਣੀ ਸਭਿਅਤਾ ਦੇ ਮਾਲਕ ਅਤੇ ਇਤਿਹਾਸ ਵਿਚ ਸਭ ਤੋਂ ਪਹਿਲੇ ਜਾਗ੍ਰਤ ਵਿਚ ਆਏ ਹੋਣ ਤੇ ਵੀ ਪਿਛਲੀਆਂ ਸਮੇਂ ਦੀਆਂ ਡੂੰਘਾਈਆਂ ਦਾ ਕੋਈ ਸਿਲਸਿਲੇਵਾਰ ਵਿਗਿਆਨਿਕ ਇਤਿਹਾਸ ਨਹੀਂ ਮਿਲਦਾ ਪਰ ਜੋ ਕੁਝ ਤੇ ਜਿਸ ਤਰ੍ਹਾਂ ਦਾ ਮਿਲਦਾ ਹੈ, ਉਸ ਵਿਚੋਂ ਉਹਨਾ ਦਾ ਨੁਕਤਾ ਖ਼ਿਆਲ ਨਾ ਸਮਝਣ ਕਰਕੇ ਹੀ ਉਹ ਤ੍ਰਿਸਕਾਰਿਤ ਹੁੰਦਾ ਹੈ।"[5]

ਭਾਰਤੀ ਤੇ ਪੰਜਾਬੀ ਸਾਹਿਤ ਵਿਚ ਪਹਿਲਾਂ ਕਾਵਿ ਸਿਰਜਣਾ ਹੋਈ। ਭਾਰਤੀ ਕਵੀਆਂ ਨੇ ਇਤਿਹਾਸ ਜਿਹੇ ਖ਼ੁਸ਼ਕ ਵਿਸ਼ੇ ਨੂੰ ਰੋਚਕ ਬਣਾ ਕੇ ਕਵਿਤਾ ਵਿਚ ਸਫ਼ਲਤਾ ਨਾਲ ਨਿਭਾਉਣ ਦੀ ਪੂਰੀ ਚੇਸ਼ਟਾ ਕੀਤੀ। ਇਹੋ ਕਾਰਨ ਹੈ ਕਿ ਭਾਰਤ ਵਿਚ, ਪਹਿਲੇ ਸਮਿਆਂ ਵਿਚ ਲਿਖਿਆ ਗਿਆ ਇਤਿਹਾਸ ਕਾਵਿ ਰੂਪ ਵਿਚ ਹੀ ਮਿਲਦਾ ਹੈ। "ਆਪਣੇ ਦੇਸ਼ ਦੇ ਜਿਹੜੇ ਲੰਮੇ ਇਤਿਹਾਸ ਮਿਲਦੇ ਹਨ ਤੇ ਜਿਨ੍ਹਾਂ ਵਿਚ ਬਹੁਤ ਕੁਝ ਵਿਗਿਆਨਿਕ ਇਤਿਹਾਸ ਵਾਂਗ ਵੀ ਮਿਲਦਾ ਹੈ, ਉਹ ਕਵਿਤਾ ਵਿਚ ਹਨ ਤੇ ਅਲੰਕਾਰਕ ਸਾਹਿਤ ਵਿਚ ਵਰਣਿਤ ਹਨ ਜਿਨ੍ਹਾਂ ਨਾਲ ਇਨਸਾਨੀ ਆਚਰਣ ਤੇ ਚੰਗੇ ਅਸਰ ਪੈਂਦੇ ਹਨ।"[6] ਜੇ ਸਾਡੇ ਪੂਰਵਜ, ਇਤਿਹਾਸਿਕ ਮਹੱਤਵ ਵਾਲੀ ਕਿਸੇ ਘਟਨਾ ਦੇ ਵਰਨਨ ਨੂੰ ਕਾਵਿ ਰੂਪ ਵਿਚ ਲਿਖਿਆ ਹੋਣ ਕਾਰਨ ਹੀ ਇਤਿਹਾਸ ਦੇ ਖੇਤਰ ਵਿਚੋਂ ਖਾਰਜ ਕਰ ਦਿੰਦੇ ਤਾਂ ਵਾਰਤਕ ਇਤਿਹਾਸਕਾਰੀ ਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਜਾਣਾ ਵੱਡੀ ਗੱਲ ਨਹੀਂ ਸੀ।

ਭਾਰਤੀ ਇਤਿਹਾਸ ਦੇ ਪ੍ਰਸਿੱਧ ਸੋਮਿਆਂ ਵਿਚ ਚੰਦ ਬਰਦਾਈ ਰਚਿਤ 'ਪ੍ਰਿਥਵੀ ਰਾਜ ਰਾਇਸੋ' ਅਤੇ ਕਲਹਣ ਦੀ 'ਰਾਜ ਤ੍ਰੰਗਣੀ' ਦੇ ਨਾਂ ਬੜੇ ਮਾਣ ਨਾਲ ਲਏ ਜਾਂਦੇ ਹਨ।[7] ਇਹ ਦੋਵੇਂ ਇਤਿਹਾਸਿਕ ਗ੍ਰੰਥ ਕਵਿਤਾ

ਵਿਚ ਹਨ ਤੇ ਭਾਰਤ ਦੇ ਮਹਾਨ ਕਵੀਆਂ ਦੀ ਮਿਹਨਤ ਦੇ ਸਿੱਟੇ ਹਨ। ਇਤਿਹਾਸ ਵਿਦਵਾਨਾਂ ਅਨੁਸਾਰ 'ਪ੍ਰਿਥਵੀ ਰਾਜ ਰਾਇਸੋ' ਭਾਰਤ ਦੇ ਇਤਿਹਾਸ ਨੂੰ ਵਰਨਨ ਕਰਨ ਵਾਲਾ ਸਭ ਤੋਂ ਪਹਿਲਾ ਗ੍ਰੰਥ ਹੈ ਕਿਉਂਕਿ ਇਸ ਤੋਂ ਪਹਿਲਾਂ ਕੀਤੀ ਗਈ ਅਜਿਹੇ ਮਹੱਤਵ ਦੀ ਕਿਸੇ ਰਚਨਾ ਦਾ ਅਜੇ ਤਕ ਕੋਈ ਸੁਰਾਗ ਨਹੀਂ ਮਿਲਦਾ। 'ਪ੍ਰਿਥਵੀ ਰਾਜ ਰਾਇਸੋ' ਦੇ ਕਰਤਾ ਚੰਦ ਬਰਦਾਈ ਨੇ ਆਪਣੇ ਇਸ ਗ੍ਰੰਥ ਦਾ ਮੁਢ, ਪ੍ਰਿਥਵੀ ਰਾਜ ਚੋਹਾਨ ਦੇ ਪਿਤਾਮਿਆਂ ਦੇ ਇਤਿਹਾਸ ਤੋਂ ਬੰਨ੍ਹਿਆ ਹੈ। ਭਾਵੇਂ ਇਸ ਗ੍ਰੰਥ ਵਿਚ ਸੰਸਕ੍ਰਿਤ ਭਾਸ਼ਾ ਦੇ ਸ਼ਲੋਕਾਂ ਅਤੇ ਫ਼ਾਰਸੀ, ਪੰਜਾਬੀ ਭਾਸ਼ਾ ਦੇ ਸ਼ਬਦਾਂ ਦਾ ਪ੍ਰਯੋਗ ਹੋਇਆ ਵੀ ਮਿਲਦਾ ਹੈ ਫਿਰ ਵੀ ਇਸ ਦੀ ਭਾਸ਼ਾ ਤਦਵਕਤੀ ਹਿੰਦੀ ਹੀ ਮੰਨੀ ਗਈ ਹੈ।[8] ਇਸ ਗ੍ਰੰਥ ਦੀ ਕਾਵਿ ਪੱਧਰ ਅਜਿਹੀ ਹੈ ਕਿ ਵਿਦਵਾਨ ਇਸ ਦੇ ਅਰੰਭ ਵਿਚ ਕਵੀ ਵਲੋਂ ਲਿਖੇ ਗਏ ਮੰਗਲਾਚਰਨ ਦੇ ਛੰਦ ਦਾ ਹੀ ਸਹੀ ਨਿਰਨਾ ਨਹੀਂ ਕਰ ਸਕੇ।

ਦੂਸਰਾ ਪ੍ਰਸਿੱਧ ਇਤਿਹਾਸ ਸ੍ਰੋਤ ਮਹਾਂਕਵੀ ਕਲਹਣ ਰਚਿਤ 'ਰਾਜਤ੍ਰੰਗਣੀ' ਹੈ ਜਿਸ ਵਿਚ ਕਸ਼ਮੀਰ ਦਾ ਇਤਿਹਾਸ ਵਰਨਨ ਕੀਤਾ ਹੋਇਆ ਹੈ। ਕਲਹਣ, ਚੰਪਕ ਮਹਾਂਮੰਤਰੀ ਦਾ ਪੁਤਰ ਸੀ। ਪਿਤਾ ਦੇ ਮਹਾਰਾਜ ਹਰਸ਼ਦੇਵ ਦੇ 1089 ਤੋਂ 1101 ਤਕ ਪ੍ਰਧਾਨ ਮੰਤਰੀ ਰਹਿ ਚੁਕਣ ਕਾਰਨ ਕਲਹਣ ਦਾ ਇਤਿਹਾਸ ਗਿਆਨ ਕਾਫੀ ਸੀ। ਵਿਦਵਾਨਾਂ ਨੇ 'ਰਾਜਤ੍ਰੰਗਣੀ' ਦਾ ਰਚਨਾ ਕਾਲ 1148 ਤੋਂ 1150 ਈਸਵੀ ਦੇ ਵਿਚਕਾਰ ਦਾ ਮੰਨਿਆ ਹੈ।[9] "ਸਮੁਚੇ ਪ੍ਰਾਚੀਨ ਭਾਰਤੀ ਇਤਿਹਾਸ ਵਿਚ ਵਿਗਿਆਨਿਕ ਲੀਹਾਂ ਉੱਤੇ ਇਤਿਹਾਸ ਲਿਖਣ ਦਾ ਜੇ ਕੋਈ ਉਪਰਾਲਾ ਕੀਤਾ ਗਿਆ ਹੈ ਤਾ ਇਹ ਕਲਹਣ ਦੀ 'ਰਾਜਤ੍ਰੰਗਣੀ' ਹੈ।"[10] ਅਜਿਹੇ ਕਈ ਹੋਰ ਇਤਿਹਾਸਾਂ ਦੇ ਲਿਖੇ ਜਾਣ ਦੀ ਸੂਹ ਵੀ ਲਗਦੀ ਹੈ, ਜਿਨ੍ਹਾਂ ਵਿਚ 12000 ਸਲੋਕਾਂ ਵਿਚ, ਹੇਲਾਰਾਜ ਵਿਪਰ ਰਚਿਤ 'ਪਾਰਥਾਵਲੀ' ਤੇ ਖੇਮੇਂਦਰ ਰਚਿਤ 'ਤ੍ਰਿਪਾਵਲੀ' ਦੇ ਨਾਂ ਗਿਣੇ ਜਾ ਸਕਦੇ ਹਨ। ਭਾਈ ਵੀਰ ਸਿੰਘ ਨੇ ਇਕ ਅਜਿਹੇ ਪ੍ਰਾਚੀਨ ਇਤਿਹਾਸ 'ਮੰਜੁਸਰੀ ਮੂਲਾ ਕਲਪ :' ਦੀ ਦੱਸ ਵੀ ਪਾਈ ਹੈ ਜਿਸ ਵਿਚ ਈਸਾ ਪੂਰਵ 600 ਤੋਂ ਲੈ ਕੇ 700 ਈਸਵੀ ਤਕ ਦੇ ਹਾਲਾਤ ਦਰਜ ਹਨ ਤੇ ਜਿਸ ਨੂੰ ਟ੍ਰਾਵਨਕੋਰ ਰਿਆਸਤ ਨੇ ਪ੍ਰਕਾਸ਼ਿਤ ਕਰਵਾਇਆ ਸੀ।

ਇਸ ਤਰ੍ਹਾਂ ਦੇ ਕਾਵਿ ਇਤਿਹਾਸਾਂ ਵਿਚ ਸਾਨੂੰ ਸੰਖੇਪ ਤੇ ਵਿਸਤਰਿਤ ਦੋਹਾਂ ਤਰ੍ਹਾਂ ਦੇ ਇਤਿਹਾਸ ਮਿਲਦੇ ਹਨ। ਭਾਈ ਵੀਰ ਸਿੰਘ ਨੇ 'ਰਾਜਤ੍ਰੰਗਣੀ ਤੇ ਮੰਜੁਸਰੀ ਮੂਲਾ ਕਲਪ' ਨੂੰ ਵਿਗਿਆਨਿਕ ਇਤਿਹਾਸਾਂ ਦੀਆਂ ਵੰਨਗੀਆਂ ਮੰਨਦਿਆਂ ਲਿਖਿਆ ਹੈ ਕਿ "ਆਮ ਤੌਰ ਤੇ ਹਿੰਦ ਦੇ ਪਿਛਲਿਆਂ ਦੇ ਲਿਖੇ ਇਤਿਹਾਸ ਇਸ ਤਰ੍ਹਾਂ ਦੇ ਨਹੀਂ ਮਿਲਦੇ।"

ਵਿਗਿਆਨਿਕ ਲੀਹਾਂ ਤੇ ਲਿਖੇ ਜਾਂਦੇ ਅੱਜ ਦੇ ਇਤਿਹਾਸਾਂ ਦੇ ਮੁਕਾਬਲੇ ਪੁਰਾਤਨ ਸਮੇਂ ਦੀਆਂ ਇਤਿਹਾਸਿਕ ਕਿਸਮ ਦੀਆਂ ਭਾਰਤੀ ਰਚਨਾਵਾਂ ਵਿਚ ਵਰਣਤ ਘਟਨਾਵਾਂ ਦੇ ਵਾਪਰਨ ਦੀਆਂ ਮਿਤੀਆਂ ਦਾ ਦਰਜ ਨਾ ਹੋਣਾ, ਵਰਤਮਾਨ ਸਮੇਂ ਦੇ ਇਤਿਹਾਸ ਵਿਦਿਆਰਥੀਆਂ ਲਈ ਔਕੜਾਂ ਪੇਸ਼ ਕਰਦਾ ਹੈ ਤੇ ਰੜਕਦਾ ਵੀ ਹੈ। ਇਤਿਹਾਸ ਵਿਦਵਾਨ ਇਸ ਨੂੰ ਪੂਰਵਜਾਂ ਦੀ ਊਣਤਾਈ ਖ਼ਿਆਲ ਕਰਦੇ ਹਨ। ਕਈ ਵਿਦਵਾਨਾਂ ਨੇ ਇਸ ਰੀਤੀ ਨੂੰ 'ਅਨੇਕ ਜੂਨੀਏ ਹਿੰਦੂਆਂ' ਦਾ ਇਤਿਹਾਸ ਵੱਲੋਂ ਅਵੇਸਲਾਪਨ ਵੀ ਗਰਦਾਨਿਆ ਹੈ। ਉਨ੍ਹਾਂ ਅਨੁਸਾਰ "ਪ੍ਰਾਚੀਨ ਭਾਰਤੀ ਲੋਕ ਜੂਨ ਕਟੀ ਕਰਦੇ ਸਨ, ਜਿਉਂਦੇ ਨਹੀਂ ਸਨ। ਅਜਿਹੇ ਵਿਚਾਰਧਾਰੀਆਂ ਲਈ ਜ਼ਿੰਦਗੀ ਦੀ ਯਾਦ ਕਾਇਮ ਰੱਖਣਾ ਇਕ ਵਿਅਰਥ ਗੱਲ ਸੀ...ਇਸੇ ਕਰ ਕੇ ਇਨ੍ਹਾਂ ਵਿਚ ਸਮੇਂ ਦੀ ਬਹੁਤੀ ਕਦਰ ਕੀਮਤ ਭੀ ਨਹੀਂ ਕਾਇਮ ਹੋ ਸਕੀ।"[13] ਸਾਡਾ ਖ਼ਿਆਲ ਹੈ ਕਿ ਮਿਤੀਆਂ ਦਰਜ ਨਾ ਕਰਨ ਦੀ ਇਹ ਕਿਰਿਆ ਓਨੀ ਉਨ੍ਹਾ ਪੂਰਵਜਾਂ ਦੀ ਅਣਗਹਿਲੀ ਦਾ ਸਿੱਟਾ ਨਹੀਂ ਸੀ ਜਿੰਨਾ ਉਨ੍ਹਾਂ ਸਮਿਆਂ ਵਿਚ ਪ੍ਰਚਲਿਤ ਰੀਤੀ ਦੇ ਅਨੁਸਰਣ ਦਾ। ਜਮਾਨੇ ਦੀ ਅਫਰਾ-ਤਫਰੀ ਵਿਚ ਪਿਛਲੇ ਇਤਿਹਾਸ ਸਾੜੇ ਫੂਕੇ ਵੀ ਗਏ ਪਰ ਜੋ ਕੁੱਛ ਵੀ ਮਿਲਦਾ ਹੈ "ਉਸ ਵੱਲ ਨਜ਼ਰ ਮਾਰੀਏ ਤਾਂ ਜਾਪਦਾ ਹੈ ਕਿ ਲੇਖਕਾਂ ਦਾ ਖ਼ਿਆਲ ਇਤਿਹਾਸ ਦੇ ਅਸਰ ਵੱਲ ਵਧੇਰੇ ਗਿਆ ਹੈ। ਇਸ ਨੂੰ ਖੋਜਿਆਂ ਐਉਂ ਜਾਪਦਾ ਹੈ ਕਿ ਉਨ੍ਹਾਂ ਨੇ ਵਾਕਯਾਤ ਵਿੱਚੋਂ ਅਨੋਖੀਆਂ ਗੱਲਾਂ ਛਾਣਪੁਣ ਕੇ ਰੱਖ ਲਈਆਂ ਹਨ ਤੇ ਅਕਸਰ ਵਾਕਯਾਤ ਦੇ ਵਰਨਨ ਲਈ ਕਵਿਤਾ ਨੂੰ ਵਰਤਿਆ ਹੈ। ਇਸੇ ਸ਼ਕਲ ਵਿਚ ਵਾਕਯਾਤ ਤਾਂ ਚੁਣ ਕੇ ਸੰਭਾਲੇ ਹਨ ਪਰ ਉਨ੍ਹਾਂ ਦੀ ਤਫਸੀਲ ਦੀ ਦਰੁਸਤੀ ਦੀ ਪਰਵਾਹ ਨਹੀਂ ਕੀਤੀ ਤੇ ਨਾ ਹੀ ਸਾਰੀ ਤਫਸੀਲ ਰੱਖਣੀ ਲੋੜੀਂਦੀ ਸਮਝੀ ਹੈ। ਇਥੋਂ ਤਾਈਂ ਕਿ ਤਾਰੀਖ਼ਾਂ ਤੇ ਸਮੇਂ ਵੀ ਪੂਰੀ ਤਰ੍ਹਾਂ ਨਹੀਂ ਲਿਖੇ।"[14] ਜ਼ਰੂਰੀ ਨਹੀਂ ਕਿ ਸਾਰਿਆਂ ਨੇ ਇਸੇ ਲੀਹ ਨੂੰ ਵੀ ਅਪਣਾਇਆ ਹੋਵੇ। ਕਈ ਇਤਿਹਾਸਾਂ ਵਿਚ ਕਈ ਘਟਨਾਵਾਂ ਦੀਆਂ ਮਿਤੀਆਂ ਦਰਜ ਹੋਈਆਂ

ਮਿਲਦੀਆਂ ਵੀ ਹਨ ਪਰ ਕਿਉਂਕਿ ਇਹ ਗ੍ਰੰਥ ਕਵਿਤਾ ਵਿਚ ਰਚੇ ਗਏ ਹਨ ਤੇ ਮਹਾਂਕਵੀ ਤਿਥੀ ਮਿਤੀ ਵੀ ਸੰਖਿਆ ਕੋਸ਼ ਵਿਚ ਦਿਤੀ ਗਈ ਗਿਣਤੀ ਅਨੁਸਾਰ ਸ਼ਬਦਾਵਲੀ ਵਿਚ ਹੀ ਦਰਜ ਕਰਦੇ ਸਨ ਜੋ ਜਨ ਸਾਧਾਰਨ ਲਈ ਸਮਝਣੀ ਸਹਿਲ ਨਹੀਂ ਸੀ ਹੁੰਦੀ। ਕਈ ਘਟਨਾਵਾਂ ਦੀਆਂ ਮਿਤੀਆਂ ਇਤਿਹਾਸਿਕ ਗ੍ਰੰਥਾਂ ਵਿਚ ਦਰਜ ਹੋਣ ਦੇ ਬਾਵਜੂਦ ਵੀ, ਵਿਦਵਾਨਾਂ ਵੱਲੋਂ ਉਨ੍ਹਾਂ ਦੇ ਵੱਖ ਵੱਖ ਅਰਥ ਕਢੇ ਜਾਣ ਦੇ ਫਲਸਰੂਪ, ਮੂਲ ਲਿਖਤ ਵਿਚ ਦਰਜ ਤਾਰੀਖਾਂ ਵਿਚ ਭੁਲੇਖੇ ਪੈਂਦੇ ਗਏ। ਉਦਾਹਰਨ ਵਜੋਂ ਪ੍ਰਿਥਵੀ ਰਾਜ ਰਾਇਸੋ ਵਿਚ ਪ੍ਰਿਥਵੀਰਾਜ ਚੋਹਾਨ ਦਾ ਜਨਮ ਸੰਮਤ ਚੰਦਬਰਦਾਈ ਨੇ ਦਰਜ ਤਾਂ ਕੀਤਾ ਹੈ ਪਰ ਲਿਖਆ ਇਸ ਤਰ੍ਹਾਂ ਦੀ ਕਾਵਿਮਈ ਗੂੜ੍ਹ ਭਾਸ਼ਾ ਵਿਚ ਹੈ ਕਿ ਵਿਦਵਾਨਾਂ ਨੇ ਕਾਵਿ ਪਦ ਦੇ ਸਹੀ ਅਰਥ ਆਪੋ ਆਪਣੇ ਹਿਸਾਬ ਅਨੁਸਾਰ ਕਰ ਕੇ ਜਨਮ ਸੰਮਤ ਹੀ ਇਕ ਤੋਂ ਅਨੇਕ ਬਣਾ ਦਿੱਤੇ ਹਨ। ਚੰਦਬਰਦਾਈ ਨੇ ਲਿਖਿਆ ਹੈ :

*ਏਕਾਦਸ ਸੇ ਪੰਚਦਹ, ਅਨੰਦ ਬਿਕ੍ਰਮ ਸਾਲ।*[15]

ਅਰਥਾਤ 1115 ਦਾ ਅਨੰਦ ਸ਼ਕ ਸੰਮਤ ਜਿਸ ਵਿਚ ਦੁਸ਼ਮਣਾਂ ਨੂੰ ਜਿਤਣ ਤੇ ਨਗਰ ਅਥਵਾ ਦੇਸ਼ ਦੇਸਾਤਰਾਂ ਨੂੰ ਹਰਨ ਕਰਨ ਲਈ ਪ੍ਰਿਥਵੀਰਾਜ ਨਰਿੰਦਰ (ਮਹਾਰਾਜ ਉਤਪੰਨ ਹੋਏ। ਅਨੰਦ ਸ਼ਕ ਦੇ 90-91 ਵਰ੍ਹੇ ਜੋੜ ਕੇ 1205 ਬਿਕ੍ਰਮੀ ਸੰਮਤ ਬਣਦਾ ਸੀ।[16] ਪਰ ਅਨੰਦ ਸ਼ਬਦ ਦੇ ਅਰਥ ਸਹੀ ਨਾ ਲਏ ਜਾਣ ਦੇ ਕਾਰਨ ਪ੍ਰਿਥਵੀਰਾਜ ਦਾ ਜਨਮ ਕਿਸੇ ਨੇ ਕਿਸੇ ਸੰਮਤ ਵਿਚ ਤੇ ਕਿਸੇ ਨੇ ਕਿਸੇ ਸੰਮਤ ਵਿਚ ਲਿਖ ਦਿੱਤਾ ਹੈ।[17]

ਕਿਸੇ ਗ੍ਰੰਥ ਦੇ ਰਚਨਾ, ਜਾਂ ਸਮਾਪਤੀ ਕਾਲ ਦਰਜ ਕਰਨ, ਉਸ ਦੇ ਛੰਦਾਂ ਦੀ ਗਿਣਤੀ ਦਰਜ ਕਰਨ ਦੀ ਪਰੰਪਰਾ ਦਾ ਅਨੁਸਰਣ ਵੀ ਬਹੁਤ ਗ੍ਰੰਥਾਂ ਵਿਚ ਕੀਤਾ ਮਿਲਦਾ ਹੈ। ਜਿਵੇਂ :

*ਨਭ ਨਾਗ ਸਿਧੀ ਸਸਿ ਸਾਵਣ ਸੰਬਤ ਮੰਗਨ ਥਿਤ ਛਟੀ ਪਖ ਸਿਯਾਮਾ।*
*ਚੂਹਣੀ ਪੁਰ ਮਾਹਿ ਅਰੰਭ ਕਰਯੋ ਇਤਿ ਸ੍ਰੀ ਲਵਧਾਮ ਸਭਾਜਿਤ ਠਾਮਾ।*[18]

ਅਰਥਾਤ ਚੂਹਣੀਆਂ (ਤਹਿਸੀਲ ਲਾਹੌਰ) ਵਿਚ ਅਰੰਭ ਕੀਤਾ ਗ੍ਰੰਥ ਸਾਵਣ ਵਦੀ ਛੇਵੀਂ ਸੰਮਤ 1990 ਨੂੰ ਲਾਹੌਰ ਵਿਚ ਸੰਪੂਰਨ ਹੋਇਆ।

*ਸੰਬਤ ਸਸਿ ਰਸ ਵਾਰ ਸਸਿ ਕਾਤਕ ਸਵਿਵਾਰ,*
*ਤਾਂ ਤੈ ਢਾਕੇ ਸਹਰ ਮੈ ਉਪਜਯੋ ਪੁਰਪ ਪ੍ਰਚਾਰ।*[19]

ਸਸਿ 1, ਰਸ 6, ਵਾਰ 7, ਸਸਿ 1 1671 ਬਿ: ਕਤਕ ਦੇ ਮਹੀਨੇ ਵ੍ਰਿੰਦ ਸਤਸਈ ਢਾਕੇ ਸ਼ਹਿਰ ਵਿਚ ਸੰਪੂਰਨ ਹੋਇਆ।

ਭਾਰਤੀ ਇਤਿਹਾਸ ਪਰੰਪਰਾ ਦੇ ਇਸ ਸੰਦਰਭ ਵਿਚ ਗੁਰੂ ਗੋਬਿੰਦ ਸਿੰਘ ਰਚਿਤ 'ਬਿਚਿਤ੍ਰ ਨਾਟਕ' ਦਾ ਅਧਿਐਨ ਕਰਨ ਤੋਂ ਪਹਿਲਾਂ ਦਸਮੇਸ਼ ਜੀ ਦੇ ਪੂਰਵਾਧਿਕਾਰੀ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਵਿਚ ਵਿਦਮਾਨ ਇਤਿਹਾਸ ਦੀ ਇਤਿਹਾਸਕਾਰੀ ਉਪਰ ਝਾਤ ਪਾ ਲੈਣੀ ਜ਼ਰੂਰੀ ਭਾਸਦੀ ਹੈ ਕਿਉਂਕਿ ਗੁਰੂ ਤੇਗ਼ ਬਹਾਦਰ ਜੀ ਤੋਂ ਗੁਰੂ ਪਰੰਪਰਾ ਨੂੰ ਅੱਗੇ ਤੋਰਦਿਆਂ ਗੁਰੂ ਗੋਬਿੰਦ ਸਿੰਘ ਨੇ ਪੂਰਵ ਗੁਰੂ ਸਾਹਿਬਾਨ ਵੱਲੋਂ ਅਪਣਾਈ ਗਈ ਇਤਿਹਾਸ ਪਰੰਪਰਾ ਦਾ ਅਨੁਸਰਣ ਕਰਨ ਦੇ ਨਾਲ-ਨਾਲ ਉਸ ਵਿਚ ਕੁਝ ਵਾਧਾ ਵੀ ਕੀਤਾ ਤੇ ਉਸ ਨੂੰ ਕੁਝ ਵਖਰੇਵਾਂ ਵੀ ਪਰਦਾਨ ਕੀਤਾ।

ਗੁਰੂ ਗੋਬਿੰਦ ਸਿੰਘ ਤੋਂ ਪਹਿਲੇ, ਸਭ ਗੁਰੂ ਸਾਹਿਬਾਨ ਨੇ ਵੀ ਇਤਿਹਾਸਿਕ ਘਟਨਾਵਾਂ ਗੁਰਬਾਣੀ ਵਿਚ ਦਰਜ ਕੀਤੀਆਂ ਹਨ ਪਰ ਵਡੇ ਪੈਮਾਨੇ ਦਾ ਉਦਮ ਗੁਰੂ ਨਾਨਕ ਤੇ ਗੁਰੂ ਅਰਜਨ ਦੇਵ ਵੱਲੋਂ ਕੀਤਾ ਗਿਆ ਜਾਪਦਾ ਹੈ। ਇਸ ਕਿਸਮ ਦੇ ਵਰਨਨਾਂ ਵਿਚ ਵਿਸਥਾਰ ਨਾਲੋਂ ਸੰਖੇਪਤਾ ਵਧੇਰੇ ਨਜ਼ਰ ਆਉਂਦੀ ਹੈ। ਬਾਬਰ ਦੇ ਭਾਰਤ ਉੱਤੇ ਹਮਲੇ ਦੇ ਸੰਬੰਧ ਵਿਚ ਰਚੀ ਬਾਣੀ ਵਿਚ ਭਾਵੇਂ ਗੁਰੂ ਨਾਨਕ ਦੇ ਸਥਾਨਕ ਜਨਤਾ ਵਿਚ ਉਸ ਦੇ ਪ੍ਰਤੀਕਰਮ ਤੇ ਜਨ-ਸਾਧਾਰਣ ਉਪਰ ਪਏ ਉਸਦੇ ਪ੍ਰਭਾਵ ਨੂੰ ਕਾਫੀ ਵਿਸਥਾਰ ਨਾਲ ਬਿਆਨਿਆ ਹੈ,[20] ਫਿਰ ਵੀ ਵੀਹਵੀਂ ਸਦੀ ਦੇ ਜਗਿਆਸੂ ਪਾਠਕ ਦੀ ਭੁੱਖ ਇਸ ਨਾਲ ਪੂਰੀ ਹੁੰਦੀ ਨਹੀਂ ਜਾਪਦੀ ਕਿਉਂਕਿ ਬਾਬਰ ਦੇ ਹਮਲੇ ਦੇ ਚਸ਼ਮਦੀਦ ਗਵਾਹ ਅਤੇ ਹਮਲੇ ਦੇ ਫਲਸਰੂਪ ਪੈਦਾ ਹੋਈਆਂ ਪ੍ਰਸਥਿਤੀਆਂ ਵਿਚ ਵਿਚਰਨ ਵਾਲਾ ਅਨੁਭਵੀ 'ਸਾਇਰ' ਇਸ ਤੋਂ ਵੀ ਬਹੁਤ ਕੁੱਛ ਵੱਧ ਦੱਸ ਸਕਦਾ ਸੀ। ਦੂਜੇ ਪਾਸੇ, ਗੁਰੂ ਨਾਨਕ ਨੇ ਤਾਂ ਕਈ ਵਾਰੀ ਇਕ ਇਕ ਸਤਰ ਵਿਚ ਵੀ ਘਟਨਾ ਦਾ ਸੰਕੇਤਕ ਵਰਨਨ ਕੀਤਾ ਹੈ। "ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ"[21]

ਦੀ ਇਕ ਸਤਰੀ ਉਦਾਹਰਨ ਇਸ ਦਾ ਢੁਕਵਾਂ ਪ੍ਰਮਾਣ ਹੋ ਸਕਦਾ ਹੈ। ਇਤਿਹਾਸਕਾਰਾਂ ਅਨੁਸਾਰ ਇਹ ਸਤਰ ਬਾਬਰ ਵਲੋਂ ਭਾਰਤ ਉਪਰ 1524 ਵਿਚ ਕੀਤੇ ਗਏ ਹਮਲੇ ਸਮੇਂ ਲਾਹੌਰ ਵਿਚ ਹਮਲਾਵਰਾਂ ਦੇ ਅਤਿਆਚਾਰਾਂ ਦੀ ਮੂੰਹ ਬੋਲਦੀ ਤਸਵੀਰ ਹੈ।[22] ਇਸ ਸਤਰ ਵਿਚੋਂ ਹੋਰ ਕਿੰਨੇ ਹੀ ਪ੍ਰਸ਼ਨ ਪੈਦਾ ਹੁੰਦੇ ਹਨ ਜਿਵੇਂ ਹਮਲਾ ਜਦੋਂ ਹੋਇਆ? ਕਹਿਰ ਕਿਸ ਰੂਪ ਵਿਚ ਵਾਪਰਿਆ? ਉਸ ਬਾਰੇ ਲੋਕਾਂ ਦਾ ਪ੍ਰਤੀਕਰਮ ਕੀ ਸੀ? ਉਸ ਨੇ ਆਮ ਲੋਕਾਂ ਨੂੰ ਕਿਸ ਤਰ੍ਹਾਂ ਪ੍ਰਭਾਵਤ ਕੀਤਾ? ਆਦਿ। ਇਸ ਵਰਨਨ ਵਿਚ ਵਰਤੀ ਗਈ ਸੰਵੇਪਤਾ ਕਾਰਨ ਅੱਜ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਲੱਭਣ ਲਈ ਸਾਨੂੰ ਹੋਰਨਾਂ ਇਤਿਹਾਸਾਂ ਦਾ ਆਸਰਾ ਲੈਣਾ ਪੈਂਦਾ ਹੈ।

ਇਸੇ ਤਰ੍ਹਾਂ ਗੁਰੂ ਅਰਜਨ ਦੇਵ ਦੇ ਕਈ ਸ਼ਬਦ ਵਿਚਾਰੇ ਜਾ ਸਕਦੇ ਹਨ। ਉਦਾਹਰਨ ਵਜੋਂ "ਗਰੀਬਾ ਉਪਰਿਜਿ ਖਿੰਜੈ ਦਾੜ੍ਹੀ। ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ"[23] ਵਾਲਾ ਸ਼ਬਦ ਹੀ ਲਿਆ ਜਾ ਸਕਦਾ ਹੈ ਜਿਸ ਵਿਚ ਗੁਰੂ ਸਾਹਿਬ ਨੇ ਕਿਸੇ ਵਿਅਕਤੀ ਦੀ ਮੌਤ ਵਲ ਸੰਕੇਤ ਕਰਦਿਆਂ ਉਸ ਲਈ ਅਕਾਲਪੁਰਖ ਦਾ ਸ਼ੁਕਰ ਗੁਜ਼ਾਰਿਆ ਹੈ। ਪਰ ਇਸ ਘਟਨਾ ਦੇ ਅੱਗੇ ਪਿਛੇ ਤੇ ਖਲਨਾਇਕ ਦੀ ਪਛਾਣ ਸ਼ਬਦ ਵਿਚੋਂ ਨਹੀਂ ਹੁੰਦੀ। ਅਸਲ ਗੱਲ ਇਉਂ ਸੀ ਕਿ ਗੁਰੂ ਅਰਜਨ ਦੇਵ ਜੀ ਦੇ ਵਡੇ ਭਰਾ ਪਿਰਥੀਏ ਵਲੋਂ ਉਕਸਾਇਆ ਗਿਆ ਸਰਕਾਰੀ ਅਹਿਲਕਾਰ ਸੁਲਹੀਖਾਨ-ਦਾੜ੍ਹੀ ਉਪਰ ਹਥ ਫੇਰ ਕੇ ਦਿਲੀਉਂ ਇਹ ਪ੍ਰਣ ਕਰ ਕੇ ਤੁਰਿਆ ਸੀ ਕਿ ਉਹ ਗੁਰੂ ਅਰਜਨ ਦੇਵ ਜੀ ਨੂੰ ਗਦੀਉਂ ਲਾਹ ਕੇ ਬਾਬਾ ਪ੍ਰਿਥੀਚੰਦ ਨੂੰ ਗੁਰੂ ਬਣ ਕੇ ਆਵੇਗਾ ਪਰ ਗਰੀਬਾਂ ਉਪਰ ਖਿਝਣ ਵਾਲੀ ਦਾੜ੍ਹੀ ਆਵੇ ਦੀ ਅੱਗ ਵਿਚ ਸੜੀ।[24] ਇਸ ਘਟਨਾ ਨਾਲ ਹੋਰ ਵੀ ਕਈ ਪ੍ਰਸ਼ਨ ਜੁੜੇ ਹੋਏ ਹਨ ਅਰਥਾਤ ਸੁਲਹੀਖਾਨ ਕੌਣ ਸੀ? ਉਹ ਗੁਰੂ ਜੀ ਤੇ ਕਿਉਂ ਤੇ ਕਦੋਂ ਚੜ੍ਹ ਕੇ ਆਇਆ? ਕਿਥੇ ਮਰਿਆ? ਉਸ ਦੀ ਮੌਤ ਦਾ ਸਿਖਾਂ ਅਤੇ ਸਿਖੀ ਉਪਰ ਕੀ ਪ੍ਰਭਾਵ ਪਿਆ? ਆਦਿ। ਇਹ ਹਿਤਿਹਾਸ ਸੰਖੇਪ ਹੈ।

ਅੱਜ ਕਲ੍ਹ ਇਤਿਹਾਸਕਾਰ, ਵਿਗਿਆਨਿਕ ਲੀਹਾਂ ਉੱਤੇ ਲਿਖੀ ਗਈ ਲਿਖਤ ਤੋਂ ਬਿਨਾਂ ਹੋਰ ਕਿਸੇ ਲਿਖਤ ਨੂੰ ਇਤਿਹਾਸ ਮੰਨਣ ਨੂੰ ਤਿਆਰ ਨਹੀਂ। ਡਾਕਟਰ ਗੰਡਾ ਸਿੰਘ ਦਾ ਵਿਚਾਰ ਹੈ ਕਿ ਹਿੰਦੁਸਤਾਨੀ ਲੋਕਾਂ ਨੂੰ ਇਤਿਹਾਸ ਦੀ ਸੂਝ ਹੀ ਮੁਸਲਮਾਨਾਂ ਦੇ ਆਗਮਨ ਤੋਂ ਪਿਛੋਂ ਆਈ।[25] ਸਰਦਾਰ ਕਪੂਰ ਸਿੰਘ ਦਾ ਕਹਿਣਾ ਹੈ ਕਿ ਵਿਗਿਆਨਿਕ ਇਤਿਹਾਸ ਲਿਖੇ ਜਾਣ ਦਾ ਮੁਢ ਕਰੀਬ ਇਕ ਸਦੀ ਪਹਿਲਾਂ ਹੀ ਬਝਾ ਜਿਸ ਦੀਆਂ ਮੋਢੀ ਯੂਰਪੀਨ ਕੌਮਾਂ ਸਨ।

ਵਿਗਿਆਨਿਕ ਇਤਿਹਾਸਕਾਰ ਦਾ ਆਦਰਸ਼ ਹੁੰਦਾ ਹੈ ਬਿਆਨ ਦੀ ਸਚਾਈ ਤੇ ਭਰੋਸਾ ਬਣਾਈ ਰੱਖਣਾ। ਗੁਰਵੁਡ ਦਾ ਕਹਿਣਾ ਹੈ ਕਿ "ਇਤਿਹਾਸ ਵਿਚ ਸਚ ਹੋਣਾ ਚਾਹੀਦਾ ਹੈ, ਸਚ ਤੋਂ ਬਿਨਾ ਹੋਰ ਕੁਝ ਵੀ ਨਹੀਂ।"[27] ਪ੍ਰਾਚੀਨ ਭਾਰਤੀ ਇਤਿਹਾਸਕਾਰਾਂ ਦੀ ਪਰੰਪਰਾ ਹੀ ਸਚ ਤੇ ਪਹਿਰਾ ਦੇਣ ਦੀ ਰਹੀ ਹੈ। ਉਨ੍ਹਾਂ ਨੇ ਕਿਸੇ ਲੋਭ ਲਾਲਚ ਖਾਤਰ ਆਪਣੇ ਇਤਿਹਾਸ ਨਹੀਂ ਲਿਖੇ। ਇਸ ਸਬੰਧ ਵਿਚ ਕਲਹਣ ਦੀ ਉਦਾਹਰਨ ਉਚੇਚੇ ਤੌਰ ਤੇ ਦਿੱਤੀ ਜਾ ਸਕਦੀ ਹੈ। ਜਿਸ ਨੇ ਇਹ ਇਤਿਹਾਸਿਕ 'ਮਹਾਂਕਾਵਿ' ਕਿਸੇ ਰਾਜੇ ਤੋਂ ਪੁਰਸਕਾਰ ਪ੍ਰਾਪਤ ਕਰਨ ਲਈ ਨਹੀਂ ਲਿਖਿਆ ਸੀ; ਸਗੋਂ ਵਿਸ਼ਵ ਸਾਹਮਣੇ ਇਤਿਹਾਸਿਕ ਤਥ ਰੱਖਣ ਲਈ ਹੀ ਉਸ ਨੇ ਇਹ ਭਗੀਰਥ ਜਤਨ ਕੀਤਾ।...[28] ਇਸ ਕਾਵਿ ਗ੍ਰੰਥ ਵਿਚ ਮਹਾਂਕਵੀ ਨੇ ਇਕ ਨਿਰਪੱਖ ਇਤਿਹਾਸਕਾਰ ਦਾ ਫਰਜ਼ ਨਿਭਾਇਆ ਹੈ...ਜਿਸ ਰਾਜੇ ਵਿਚ ਜੋ ਗੁਣ ਸਨ, ਉਨ੍ਹਾਂ ਨੂੰ ਖੁਲ੍ਹ ਕੇ ਬਿਆਨਿਆ ਹੈ ਤੇ ਜੋ ਔਗੁਣ ਸਨ ਉਨ੍ਹਾਂ ਨੂੰ ਡੰਕੇ ਦੀ ਚੋਟ ਨਾਲ ਜਨ ਸਾਧਾਰਨ ਸਾਹਮਣੇ ਪ੍ਰਗਟ ਕਰ ਦਿੱਤਾ, ਉਹ ਵੀ ਪ੍ਰਮਾਣਾਂ ਤੇ ਤਿਥੀ ਸੰਮਤ ਸਮੇਤ।[29] ਕਲਹਣ ਨੇ ਲਿਖਿਆ, "ਪੂਰਵਕਾਲ ਦੇ ਇਤਿਹਾਸਕਾਰਾਂ ਨੇ ਰਾਜਿਆਂ ਦੇ ਜੋ ਇਤਿਹਾਸ ਲਿਖੇ ਹਨ, ਉਨ੍ਹਾਂ ਨੂੰ ਦੇਖ ਕੇ ਅਤੇ ਉਨ੍ਹਾਂ ਦੀ ਸਚਾਈ ਤੇ ਅਸੱਤ ਨੂੰ ਪਰਖ ਕੇ ਸਚੇ ਇਤਿਹਾਸ ਨੂੰ ਜਨਸਧਾਰਣ ਦੇ ਸਨਮੁਖ ਰੱਖਣਾ ਹੀ ਨਿਪੁੰਨਤਾ ਦਾ ਕਾਰਜ ਹੈ? ਨਹੀਂ, ਇਸ ਲਈ ਪੂਰਨ ਨਿਰਦੋਸ਼ ਤੇ ਸਚੇ ਇਤਿਹਾਸ ਨੂੰ ਪ੍ਰਗਟ ਕਰਨ ਲਈ ਹੀ ਮੈਂ ਇਹ ਉਦਮ ਕਰ ਰਿਹਾਂ ਹਾਂ।"[30]

ਗੁਰੂ ਅਰਜਨ ਦੇਵ ਵਲੋਂ ਸਥਾਪਿਤ "ਸੰਤਨ ਕੀ ਸੁਣਿ ਸਾਚੀ ਸਾਖੀ। ਸੋ ਬੋਲਹਿ ਜੋ ਪੇਖਹਿ ਆਖੀ।"[31] ਦਾ ਆਦਰਸ਼ ਸਿਧਾਂਤ ਵੀ ਵਿਗਿਆਨਿਕ ਇਤਿਹਾਸਕਾਰੀ ਦਾ ਮੁਢਲਾ ਸਿਧਾਂਤ ਮੰਨਿਆ ਜਾਂਦਾ ਹੈ।

ਭਾਰਤੀ ਇਤਿਹਾਸ ਪਰੰਪਰਾ ਸੰਬੰਧੀ ਉਕਤ ਵਿਚਾਰ ਦੇ ਦ੍ਰਿਸ਼ਟੀਕੋਣ ਤੋਂ ਗੁਰੂ ਗੋਬਿੰਦ ਸਿੰਘ ਰਚਿਤ ਬਿਚਿਤ੍ਰ ਨਾਟਕ ਦਾ ਆਲੋਚਨਾਤਮਿਕ ਅਧਿਐਨ ਵਰਤਮਾਨ ਸਮੇਂ ਦੀ ਲੋੜ ਹੈ। 'ਬਿਚਿਤ੍ਰ ਨਾਟਕ', 'ਸ੍ਰੀ ਦਸਮ

ਗ੍ਰੰਥ ਸਾਹਿਬ' ਵਿਚ ਦਰਜ ਇਤਿਹਾਸਿਕ ਰਚਨਾ ਹੈ ਜਿਸ ਦਾ ਬਹੁਤਾ ਹਿੱਸਾ ਗੁਰੂ ਸਾਹਿਬ ਦੇ ਵਡੇ ਵਡੇਰਿਆਂ ਤੇ ਆਪਣੇ ਜੀਵਨ ਨੂੰ ਸਮਰਪਤ ਹੈ। ਇਸ ਦੇ ਪਹਿਲੇ ਅਧਿਆਇ ਵਿਚ ਕਾਲ ਜੂ ਕੀ ਉਸਤਤ, ਦੂਜੇ ਵਿਚ ਕਵਿ ਵੰਸ ਕਰਨਣ, ਤੀਜੇ ਵਿਚ ਨਵੀਂ ਕੁਸ਼ੀ ਜੁਧ, ਚੌਥੇ ਵਿਚ ਬੇਦੀ ਕੁਲ ਤੇ ਰਾਜ ਭਾਗ ਸਾਂਭਣ ਤਕ ਦਾ ਇਤਿਹਾਸ ਦਰਜ ਹੈ। ਪੰਜਵੇਂ ਅਧਿਆਇ ਵਿਚ ਗੁਰੂ ਪਾਤਸ਼ਾਹੀ ਕਰਨਣ ਨਾਲ ਸਿੱਖ ਇਤਿਹਾਸ ਦਾ ਅਰੰਭ ਹੋ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਜੀਵਨ ਵਿਥਿਆ ਛੇਵੇਂ ਅਧਿਆਇ ਤੋਂ ਸ਼ੁਰੂ ਹੁੰਦੀ ਹੈ। ਸਤਵਾਂ ਅਧਿਆਇ ਬਹੁਤ ਹੀ ਸੰਖੇਪ ਹੈ ਜਿਸ ਵਿਚ ਗੁਰੂ ਸਾਹਿਬ ਨੇ ਆਪਣੇ ਜਨਮ ਦਾ ਇਤਿਹਾਸ ਵਰਨਨ ਕੀਤਾ ਹੈ। ਗੁਰੂ ਜੀ ਨੇ ਜੀਵਨ ਭਰ ਵਿਚ 20 ਯੁੱਧ ਲੜੇ ਜਿਨ੍ਹਾਂ ਵਿਚੋਂ 9 ਖਾਲਸਾ ਸਾਜੇ ਜਾਣ ਤੋਂ ਪਹਿਲਾਂ ਤੇ ਬਾਕੀ ਦੇ ਪਿਛੋਂ ਲੜੇ ਗਏ ਸਨ। ਅਠਵੇਂ ਅਧਿਆਇ ਤੋਂ ਯੁੱਧਾਂ ਦਾ ਹਾਲ ਅਰੰਭ ਹੁੰਦਾ ਹੈ। ਜੋ ਤੇਰਵੇਂ ਅਧਿਆਇ ਤਕ ਚਲਦਾ ਹੈ। ਚੋਧਵੇਂ ਅਧਿਆਇ ਵਿਚ ਸਰਬ ਕਾਲ ਕੀ ਬੇਨਤੀ ਨਾਲ 'ਬਿਚਿਤ੍ਰ ਨਾਟਕ' ਦਾ ਇਤਿਹਾਸ ਵਰਨਨ ਭਾਗ ਸਮਾਪਤ ਹੋ ਜਾਂਦਾ ਹੈ। ਇਸ ਰਚਨਾ ਦੇ ਰਚਨਕਾਲ ਦਾ ਬਾਣੀ ਦੇ ਅੰਦਰੋਂ ਕੋਈ ਸੰਕੇਤ ਨਹੀਂ ਮਿਲਦਾ ਪਰ ਇਤਿਹਾਸ ਦੇ ਵਿਦਵਾਨਾ ਨੇ ਕਿਆਸ ਜ਼ਰੂਰ ਲਾਏ ਹਨ। 'ਬਿਚਿਤ੍ਰ ਨਾਟਕ' ਦੀ ਕਹਾਣੀ ਵੱਧ ਤੋਂ ਵੱਧ 1697 ਤਕ ਆਉਂਦੀ ਹੈ। 1696 ਈ : ਵਿਚ ਸ਼ਾਹਜ਼ਾਦਾ ਮੁਅੱਜ਼ਮ ਦੀ ਫ਼ੌਜ ਨੇ ਪਹਾੜੀ ਰਿਆਸਤਾਂ ਉੱਤੇ ਹਮਲਾਂ ਕੀਤਾ। ਇਸ ਸਾਲ ਦੇ ਅਖੀਰ 'ਤੇ ਜਾਂ ਅਗਲੇ ਸਾਲ ਦੇ ਸ਼ੁਰੂ ਵਿਚ ਕੁਝ ਮੁਗ਼ਲ ਅਹਿਦੀਆਂ ਨੇ ਉਸੇ ਥਾਂ ਤੇ ਹਮਲੇ ਕੀਤੇ। ਇਨ੍ਹਾਂ ਹਮਲਿਆਂ ਦੇ ਵਰਨਨ ਨਾਲ ਹੀ 'ਬਿਚਿਤ੍ਰ ਨਾਟਕ' ਦਾ ਅੰਤ ਹੋ ਜਾਂਦਾ ਹੈ।[32] ਸਰਦਾਰ ਕਪੂਰ ਸਿੰਘ ਨੇ ਇਸ ਨੂੰ 1695 ਤੋਂ 1699 ਈ. ਦੇ ਵਿਚਕਾਰਲੀ ਰਚਨਾ ਮੰਨਿਆ ਹੈ[33] ਜਦ ਕਿ ਸਰਦਾਰ ਰਣਧੀਰ ਸਿੰਘ ਨੇ ਇਸ ਦਾ ਰਚਨਾ ਕਾਲ 1685 ਤੋਂ 1699 ਈ : ਦੇ ਵਿਚਾਰਲੀ ਕਲਪਿਆ ਹੈ।[34]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਲਿਖਤੀ ਕਾਰਗੁਜ਼ਾਰੀ ਵਿਚ ਇਤਿਹਾਸਿਕ ਤਤ ਸ਼ਾਮਲ ਕਰ ਕੇ ਇਤਿਹਾਸ ਪ੍ਰਤੀ ਆਪਣੀ ਦਿਲਚਸਪੀ ਦਾ ਪ੍ਰਗਟਾਵਾ ਕੀਤਾ ਹੈ। ਸਮੁਚੇ ਗੁਰੂ ਕਾਲ ਵਿਚ ਇਹ ਕੇਵਲ "ਗੁਰੂ ਗੋਬਿੰਦ ਸਿੰਘ ਸਬੰਧੀ ਕਿਹਾ ਜਾ ਸਕਦਾ ਹੈ ਜਦੋਂ ਕਿ ਉਨ੍ਹਾ ਦਾ ਮੁਨਸ਼ੀਖਾਨਾ ਬਾਕਾਇਦਾ ਕੰਮ ਕਰਦਾ ਜਾਪਦਾ ਹੈ। ਸੰਮਤ 1748 ਬਿਕਰਮੀ (ਸੰਨ 1691 ਈ:) ਤੋਂ ਉਨ੍ਹਾਂ ਦੇ ਸਾਰੇ ਹੁਕਮਨਾਮਿਆਂ ਪੁਰ ਤਾਰੀਖਾਂ, ਸੰਮਤ ਅਤੇ ਮਹੀਨੇ ਦਿਤੇ ਹੋਏ ਹਨ...ਇਹੋ ਹੀ ਨਹੀਂ; ਇਨ੍ਹਾਂ ਵਿਚ ਲਿਖਾਰੀ ਦੀ ਲਿਖਤ ਦੀਆਂ ਸਤਰਾਂ ਭੀ ਅੰਤ ਵਿਚ ਦਿਤੀਆਂ ਹੋਈਆਂ ਹਨ ਤਾਂ ਕਿ ਬਾਅਦ ਵਿਚ ਕੁਝ ਵਾਧਾ ਘਾਟਾ ਨਾ ਕੀਤਾ ਜਾ ਸਕੇ। ਬਹੁਤ ਸਾਰੇ ਹੁਕਮਨਾਮਿਆਂ ਪਰ ਤਾਂ ਮੁਨਸ਼ੀਖਾਨੇ ਦੇ ਰਜਿਸਟਰ (ਖਾਤੇ) ਦਾ ਨੰਬਰ ਵੀ ਦਿੱਤਾ ਹੋਇਆ ਹੈ।"[35] ਇਸ ਤੋਂ ਬਿਨਾਂ ਕਈਆਂ ਬਾਣੀਆਂ ਦਾ ਰਚਨਾ ਜਾਂ ਸਮਾਪਤੀਕਾਲ ਤੇ ਸਥਾਨ ਵੀ ਲਿਖਣ ਦਾ ਵਾਧਾ ਸਾਨੂੰ ਕੇਵਲ ਦਸਮੇਸ਼ ਦੀ ਰਚਨਾ ਵਿਚ ਹੀ ਮਿਲਦਾ ਹੈ। ਜਿਵੇਂ : ਚਰਿਤ੍ਰੋਪਖਯਾਨ ਦੀ ਸਮਾਪਤੀ ਦਾ ਸਮਾਂ

*ਸੰਮਤ ਸਤਰਹ ਸਹਸ ਪਚਾਵਨ। ਭਣਿਜੈ। ਅਰਧ ਸਹਸ ਫੁਨਿ ਤੀਨ ਕਹਜੈ।*
*ਭਾਦਵ ਸੁਦੀ ਅਸਟਮੀਰਵਿਵਾਰਾ। ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ।*[36]

ਅਰਥਾਤ ਇਹ ਰਚਨਾ ਸਤਿਲੁਜ ਦਰਿਆ ਦੇ ਕਿਨਾਰੇ, ਭਾਦੋ ਸੁਦੀ ਅਠਵੀ ਸੰਮਤ 1753 ਬਿ: ਦਿਨ ਐਤਵਾਰ ਨੂੰ ਸੰਪੂਰਨ ਹੋਈ। ਵਾਧਾ ਇਹ ਵੀ ਹੈ ਕਿ ਕਿਉਂਕਿ ਗੁਰੂ ਸਹਿਬ ਨੇ ਕੋਈ ਕਲਪਤ ਨਹੀਂ ਸਗੋਂ ਅਸਲ ਤੇ ਸਹੀ ਤਾਰੀਖ਼ ਦਰਜ ਕੀਤੀ ਹੈ ਇਸ ਲਈ ਇਹ ਜੰਤਰੀ ਦੇ ਹਿਸਾਬ ਵੀ ਠੀਕ ਬੈਠਦੀ ਹੈ ਜਿਸ ਅਨੁਸਾਰ ਭਾਦੋਂ ਸੁਦੀ ਅਠਵੀ ਐਤਵਾਰ ਨੂੰ 15 ਭਾਦੋ ਤੇ 15 ਅਗਸਤ ਆਉਂਦਾ ਹੈ।[37]

ਸਾਧਨਾਂ ਦੇ ਸੀਮਿਤ ਹੁੰਦਿਆਂ ਹੋਇਆਂ ਵੀ ਅਜ ਤੋਂ ਤਿੰਨ ਸਦੀਆਂ ਪਹਿਲਾਂ ਇਤਿਹਾਸ ਲਿਖਣ ਲਈ ਲੋੜੀਂਦੇ ਤਥ, ਉਹ ਵੀ ਦੁਸ਼ਮਣ ਨਾਲ ਸੰਬੰਧਿਤ, ਇਕਤਰ ਕਰਨ ਵਿਚ ਗੁਰੂ ਗੋਬਿੰਦ ਸਿੰਘ ਨੂੰ ਕਿੰਨੀ ਔਖਿਆਈ ਦਾ ਸਾਹਮਣਾ ਕਰਨਾ ਪਿਆ ਹੋਵੇਗਾ ਇਸ ਦਾ ਅਨੁਮਾਨ ਲਾ ਸਕਣਾ ਕੋਈ ਬਹੁਤੀ ਔਖੀ ਗਲ ਨਹੀਂ। ਜਾਪਦਾ ਇਉਂ ਹੈ ਜਿਵੇਂ ਆਪ ਨੇ ਗੁਪਤਚਰ ਵਿਭਾਗ ਸੰਗਠਤ ਕੀਤਾ ਹੋਇਆ ਹੋਵੇ ਜਿਸ ਰਾਹੀਂ ਆਪ ਨੂੰ ਸਰਕਾਰੀ ਕਾਰਵਾਈਆਂ ਵਿਉਂਤਬੰਦੀਆਂ ਤੇ ਰਾਜਦਰਬਾਰ ਦੀਆਂ ਮਸਲਹਤਾਂ ਦਾ ਪਤਾ ਲਗਦਾ ਰਿਹਾ ਹੋਵੇ। ਰਾਜ ਦਰਬਾਰ ਵਿਚ ਹੋਈਆਂ ਕਈ ਭੇਦਭਰੀਆਂ ਗੱਲਾਂ ਦਾ ਪਰਮਾਣੀਕ ਜ਼ਿਕਰ ਇਸ ਗੱਲ ਦੀ ਪ੍ਰੋੜਤਾ ਕਰਦਾ ਹੈ। ਉਦਾਹਰਨ ਵਜੋਂ ਇਹ ਤਥ ਕਿ ਆਲਿਫ ਖਾਂ ਨੂੰ ਪਹਾੜੀ ਰਾਜਿਆਂ ਉਪਰ ਚਾੜ੍ਹਨ ਵਾਲਾ, ਜੰਮੂ ਦਾ ਵਾਇਸਰਾਇ

ਮੀਆਂ ਖਾਨ ਸੀ :

*ਮੀਆ ਖਾਨ ਜੰਮੂ ਕਹ ਆਯੋ ।*
*ਅਲਿਫਖਾਨ ਨਾਦੌਣ ਪਠਾਵਾ । ਭੀਮਚੰਦ ਤਨ ਬੈਰ ਬਢਾਵਾ ।...*[38]

ਗੁਰੂ ਸਾਹਿਬ ਕੋਲੋਂ ਹਾਰ ਖਾ ਕੇ ਦਿਲਾਵਰ ਖਾਂ ਦਾ ਪੁਤਰ ਵਾਪਸ ਆਪਣੇ ਪਿਤਾ ਕੋਲ ਜਾਂਦਾ ਹੈ ਪਰ ਸ਼ਰਮ ਦਾ ਮਾਰਾ ਦੱਸ ਕੁਝ ਨਹੀਂ ਸਕਿਆ । ਉਸ ਦੇ ਪਿਟਣ ਦੇ ਫਲਸਰੂਪ ਹੀ ਹੁਸੈਨ ਖਾਂ ਚੜ੍ਹਿਆ :

*ਗਯੋ ਖਾਨਜ਼ਾਦਾ, ਪਿਤਾ ਪਾਸ ਭੱਜੰ । ਸਕੈ ਜੁਾਬੁ ਦੇ ਨਾ ਹਨੇ ਸੂਰ ਲੱਜੰ ॥*
*ਤਹਾਂ ਠੋਕਿ ਬਾਹਾ, ਹੁਸੈਨੀ ਗਰੱਜਿਯੰ ।...*[39]

ਗੁਰੂ ਸਾਹਿਬ ਹਥੋਂ ਹੋਈਆਂ ਹਾਰਾਂ ਕਾਰਨ ਔਰੰਗਜ਼ੇਬ ਨੇ ਗੁਸੇ ਵਿਚ ਆ ਕੇ ਆਪਣੇ ਪੁਤਰ ਸ਼ਾਹਜ਼ਾਦਾ ਮੁਹੰਮਦ ਮੁਅਜ਼ਮ ਸ਼ਾਹ ਨੂੰ ਪੰਜਾਬ ਤੇ ਚਾੜ੍ਹਿਆ । ਮੁਆਸਰੇ ਆਲਿਮਗੀਰੀ ਅਨੁਸਾਰ ਉਹ 2 ਜੁਲਾਈ 1697 ਸ਼ੁਕਰਵਾਰ ਨੂੰ ਮੁਲਤਾਨ ਵੱਲ ਨੂੰ ਰਵਾਨਾ ਹੋ ਚੁਕਾ ਸੀ ।[40] ਇਥੇ ਹੀ ਬਸ ਨਹੀਂ, ਰੋਹ ਵਿਚ ਆ ਕੇ ਹੀ ਔਰੰਗਜ਼ੇਬ ਨੇ ਇਕ ਕਰਮਚਾਰੀ ਗੁਰੂ ਸਾਹਿਬ ਦੇ ਸਥਾਨ ਅਨੰਦਪੁਰ ਵੀ ਭੇਜਿਆ ।

*ਤਬ ਅਉਰੰਗ ਮਨ ਮਾਹਿ ਰਿਸਾਵਾ । ਮਦ੍ਰ ਦੇਸ ਕੋ ਪੂਤ ਪਠਾਵਾ ।*
*ਤਿੱਹ ਆਵਤ ਸਭ ਲੋਕ ਡਰਾਨੇ । ਬਡੇ ਬਡੇ ਗਿਰਿ ਹੇਰਿ ਲੁਕਾਨੇ ।...*
*ਤਬ ਅਉਰੰਗ ਜੀਅ ਮਾਂਝ ਰਿਸਾਏ । ਏਕ ਅਹਦੀਆ ਈਹਾਂ ਪਠਾਏ ।...*[41]

ਇਹ ਹੀ ਨਹੀਂ, ਹਿੰਦੂ ਰਾਜਿਆਂ ਦੀਆਂ ਅੰਦਰੂਨੀ ਗੱਲਾਂ ਦੇ ਭੇਦ ਵੀ ਗੁਰੂ ਸਾਹਿਬ ਕੋਲ ਪੁਜਦੇ ਸਨ । ਨਦੌਣ ਯੁੱਧ ਸਮੇਂ ਦੁਸ਼ਮਣ ਦੀਆਂ ਫੌਜਾਂ ਸਾਹਮਣੇ ਡਟੀਆਂ ਖੜ੍ਹੀਆਂ ਸਨ ਪਰ ਇਹ ਰਾਜੇ ਅਫਸੋਸ ਵਿਚ ਡੁਬੇ ਖੜ੍ਹੇ ਸਨ ਤਕ ਜਿਤ ਦਾ ਪ੍ਰਬੰਧ ਕਰਨ ਲਈ ਭੀਮਚੰਦ ਹਨੂਮਾਨ ਮੰਤਰ ਦਾ ਜਾਪ ਕਰ ਰਿਹਾ ਸੀ :

*ਉਤੈ ਵੈ ਖਰੇ ਬੀਰ ਬੰਬੈ ਬਜਾਵੈ । ਤਰੇ ਭੂਪ ਠਾਢੇ ਬਡੋ ਸੋਕੁ ਪਾਵੈ ।*
*ਤਬੈ ਭੀਮਚੰਦੰ ਕੀਯੋ ਕੋਪ ਆਪੰ । ਹਨੂੰਮਾਨ ਕੇ ਮੰਤ੍ਰ ਕੋ ਮੁਖਿ ਜਾਪੇ ।*[42]

ਫਿਰ ਜਦੋਂ ਯੁੱਧ ਖੇਤਰ ਵਿਚ ਜ਼ਖਮੀ ਹੋਏ ਡਿਗੇ ਹਿੰਮਤ ਨੂੰ ਦੇਖ ਕੇ ਰਾਮ ਸਿੰਘ ਨੇ ਗੋਪਾਲ ਨੂੰ ਕਿਹਾ ਕਿ ਸਾਰੇ ਕਲੇਸ਼ ਦੀ ਜੜ੍ਹ ਹੁਣ ਜ਼ਖਮੀ ਹਾਲਤ ਵਿਚ ਸਾਡੇ ਹੱਥ ਲਗਾ ਹੈ ਤਾਂ ਇਹ ਸੁਣ ਕੇ ਹੀ ਗੋਪਾਲ ਨੇ ਹਿੰਮਤ ਨੂੰ ਮਾਰ ਮੁਕਾਇਆ :

*...ਰਾਮ ਸਿੰਘ, ਗੋਪਾਲ ਸਿਉਂ ਕਹਾ ।*
*ਜਿਨਿ ਹਿੰਮਤ ਅਸ ਕਲਹ ਬਢਾਯੋ ।*
*ਘਾਇਲ ਆਜੁ ਹਾਥ ਵਹ ਆਯੋ ।*
*ਜਬ ਗੁਪਾਲ ਐਸੇ ਸੁਨਿ ਪਾਵਾ ।*
*ਮਾਰਿ ਦੀਯੋ ਜੀਅਤ ਨ ਉਠਾਵਾ ।...*[43]

ਵਾਪਰੀ ਹੋਈ ਘਟਨਾ ਨੂੰ ਇੰਨ ਬਿੰਨ ਤੇ ਬਿਨਾਂ ਕਿਸੇ ਝੇਪ ਦੇ ਦਰਜ ਕਰਨਾ ਗੁਰੂ ਗੋਬਿੰਦ ਸਿੰਘ ਦਾ ਆਦਰਸ਼ ਸੀ ।[44] ਇਸ ਆਦਰਸ਼ ਪ੍ਰਤੀ ਬਚਨਬਧਿਤਾ ਆਪਨੇ 'ਬਿਚਿਤ੍ਰ ਨਾਟਕ' ਵਿਚ ਹੀ ਕਈ ਥਾਈ ਪ੍ਰਗਟਾਈ ਹੈ :

*ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋ । ਮ੍ਰਿਤ ਲੋਗ ਤੇ ਮੋਨਿ ਨ ਰਹਿ ਹੋ ।*[45]
*ਕਹਯੋ ਪ੍ਰਭੂ ਸੁ ਭਾਖ ਹੋਂ । ਕਿਸੂ ਨ ਕਾਨ ਰਾਖਿ ਹੋ ।*[46]
*ਜੋ ਨਿਜ ਪ੍ਰਭ ਮੋ ਸੋ ਕਹਾ, ਸੋ ਕਹਿਹੋ ਜਗ ਮਾਹਿ ।*[47]
*ਜੋ ਤਿਨ ਕਹਾ ਸੁ ਸਭਨ ਉਚਰੋਂ । ਡਿੰਭ ਵਿੰਭ ਕਛੁ ਨੈਕ ਨ ਕਰੋ ।*[48]

ਗੁਰੂ ਗੋਬਿੰਦ ਸਿੰਘ ਆਪਣੀ ਇਤਿਹਾਸ ਰਚਨਾ ਵਿਚ ਬੇਲੋੜੇ ਵਿਸਥਾਰ ਦਾ ਭਾਰ ਪਾਉਣ ਦੇ ਪੱਖ ਵਿਚ ਨਹੀਂ ਸਨ । ਇਕ ਸੂਰਬੀਰ ਕਵੀ ਹੋਣ ਦੇ ਨਾਤੇ ਜੰਗਾਂ ਯੁੱਧਾਂ ਦੇ ਵਰਨਨਾਂ ਵਿਚ ਯੁੱਧ ਖੇਤਰ ਦੇ ਦ੍ਰਿਸ਼ ਵਰਨਨ ਵਿਚ ਆਪ ਨੇ ਖੁੱਲ੍ਹ ਜ਼ਰੂਰ ਲਈ ਹੈ । ਆਮ ਕਰ ਕੇ ਸੰਖੇਪਤਾ ਤੋਂ ਹੀ ਕੰਮ ਲੈਣ ਦਾ ਜਤਨ ਕੀਤਾ ਹੈ :

*ਅਬ ਮੈ ਕਥਾ ਸੰਛੇਪ ਤੇ, ਸਭਹੂੰ ਕਹਤ ਸੁਨਾਇ ।*[49]

*ਜੋ ਤਿਨ ਕੇ ਕਹਿ ਨਾਮ ਸੁਨਾਊ । ਕਥਾ ਬਢਨ ਤੇ ਅਧਿਕ ਡਰਾਊ ।*[50]

*ਕਹਾ ਲਗੇ ਕਰਿ ਕਥਾ ਸੁਨਾਊ । ਗ੍ਰੰਥ ਬਢਨ ਤੇ ਅਧਿਕ ਡਰਾਊ ।*[51]

'ਬਿਚਿਤ੍ਰ ਨਾਟਕ' ਵਿਚ ਆਪ ਨੇ ਆਪਣੇ ਵੰਸ਼ ਦਾ ਪਿਛੋਕੜ ਵਰਨਨ ਕਰਦਿਆਂ ਬੇਦੀ ਤੇ ਸੋਢੀ ਖਾਨਦਾਨਾਂ ਦੇ ਮੁੱਢਲੇ ਇਤਿਹਾਸਾਂ ਤੇ ਵੀ ਰੋਸ਼ਨੀ ਪਾਈ ਹੈ, ਜਿਸ ਵਿਚ ਆਪਣੇ ਪੂਰਵਜ਼ਾਂ ਤੇ ਉਚ ਕਾਰਨਾਮਿਆਂ ਦੇ ਹਵਾਲੇ ਤਾਂ ਦਿੱਤੇ ਹਨ ਪਰ ਮਾਣ ਕਰਨ ਯੋਗ ਹੁੰਦਿਆਂ ਵੀ ਉਨ੍ਹਾਂ ਦੀਆਂ ਪਰਾਪਤੀਆਂ ਦੇ ਬਹੁਤੇ ਸੋਹਿਲੇ ਨਹੀਂ ਗਾਏ ਕਿਉਂਕਿ ਗੁਰੂ ਸਾਹਿਬ ਇਸ ਗੱਲੋਂ ਸਾਵਧਾਨ ਸਨ। ਉਹ ਲਿਖਦੇ ਹਨ :

*ਕਹਾ ਲਗੈ ਵਹ ਕਥੋ ਲਰਾਈ ।*

*ਆਪਨ ਪ੍ਰਭਾ ਨ ਬਰਨੀ ਜਾਈ ।*[52]

ਇਤਿਹਾਸ ਵਰਨਨ ਕਰਦਿਆਂ ਆਪ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਬਿਆਨ ਕੀਤਾ ਹੈ। ਗਿਣਵੇ-ਚੁਣਵੇ ਸ਼ਬਦਾਂ ਵਿਚ, ਆਪਣੇ ਗੁਰੂ ਜੀ ਦਾ ਉੱਚ ਚਰਿਤਰ, ਸ਼ਹੀਦੀ ਦਾ ਕਾਰਨ, ਦਰਜਾ, ਸ਼ਹੀਦੀ ਲਈ ਜ਼ਿੰਮੇਵਾਰ ਵਿਅਕਤੀ ਤੇ ਅਲੋਕਿਕ ਕਾਰਨਾਮੇ ਪ੍ਰਤੀ ਲੋਕਾਂ ਦੇ ਪ੍ਰਤੀਕਰਮ ਦਾ ਜ਼ਿਕਰ ਵੀ ਕੀਤਾ ਹੈ :

*ਤਿਲਕ-ਜੰਞੂ ਰਾਖਾ ਪ੍ਰਭ ਤਾਕਾ । ਕੀਨੋ ਬਡੋ ਕਲੂ ਮਹਿ ਸਾਕਾ ।*

*ਸਾਧਨ ਹੇਤਿ ਇਤੀ ਜਿਨਿ ਕਰੀ । ਸੀਸੁ ਦੀਯਾ ਪਰੁ ਸੀ ਨ ਉਚਰੀ ।*

*ਧਰਮ ਹੇਤ ਸਾਕਾ ਜਿਨਿ ਕੀਆ । ਸੀਸੁ ਦੀਆ ਪਰੁ ਸਿਰਰੁ ਨ ਦੀਆ ।...*

*ਠੀਕਰ ਫੋਰਿ ਦਿਲੀਸ ਸਿਰਿ, ਪ੍ਰਭਪੁਰਿ ਕੀਯਾ ਪਯਾਨ ।*

*ਤੇਗਬਹਾਦੁਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨਿ ।*

*ਤੇਗ ਬਹਾਦੁਰ ਕੇ ਚਲਤ, ਭਯੋ ਜਗਤ ਕੋ ਸੋਕ ।*

*ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕਿ ।*[53]

ਦੂਜੇ ਸ਼ਬਦਾਂ ਵਿਚ, 'ਬਿਚਿਤ੍ਰ ਨਾਟਕ' ਗੁਰੂ ਜੀ ਦੀ ਸਵੈਜੀਵਨੀ ਹੈ। ਸਾਹਿਤ ਦਾ ਇਹ ਰੂਪ ਇਤਿਹਾਸ ਦਾ ਭਰੋਸੇਯੋਗ ਅੰਗ ਮੰਨਿਆ ਜਾਂਦਾ ਹੈ ਕਿਉਂਕਿ ਇਤਿਹਾਸਕਾਰੀ ਤੇ ਅਦਾਲਤੀ ਕਾਰਵਾਈ ਵਿਚ ਚਸ਼ਮਦੀਦ ਗਵਾਹ ਤੋ ਇਹ ਆਸ ਕੀਤੀ ਜਾਂਦੀ ਹੈ ਕਿ ਉਹਨੇ ਅੱਖਾਂ ਨਾਲ ਦੇਖੀ ਘਟਨਾ ਨੂੰ ਇੰਨ ਬਿੰਨ ਬਿਆਨ ਕਰ ਦੇਣਾ ਹੁੰਦਾ ਹੈ ਤੇ ਉਹ ਬਿਆਨ ਅਸਲੀਅਤ ਜਾਂ ਸਚਾਈ ਦੇ ਵਧ ਤੋਂ ਵੱਧ ਨੇੜੇ ਹੁੰਦਾ ਹੈ।

ਮੁਢਲਾ ਸਿੱਖ ਇਤਿਹਾਸ ਸਾਖੀ ਰੂਪ ਵਿਚ ਲਿਖਿਆ ਮਿਲਦਾ ਹੈ। ਬਹੁਤੇ ਵਰਤਮਾਨ ਇਤਿਹਾਸਕਾਰਾਂ ਨੇ ਜਨਮਸਾਖੀ ਜਾਂ ਸਾਖੀ ਸਾਹਿਤ ਨੂੰ ਇਕ ਤਰ੍ਹਾਂ ਨਾਲ ਇਤਿਹਾਸ ਖੇਤਰ ਵਿਚੋਂ ਬੇਦਖਲ ਕੀਤਾ ਹੈ।[54] ਪਰ ਸਿੱਖ ਵਿਦਵਾਨ ਸਾਖੀ ਤੋਂ ਚਸ਼ਮਦੀਦ ਗਵਾਹੀ ਦਾ ਅਰਥ ਲੈ ਕੇ ਇਸ ਨੂੰ ਪੂਰਨ ਭਰੋਸੇਯੋਗ ਇਤਿਹਾਸ ਦਾ ਦਰਜਾ ਦਿੰਦੇ ਹਨ। "ਸਾਖੀ ਦਾ ਅਰਥ ਹੈ ਸ-ਅਕਸ਼ੀ=ਅਖੀਂ ਦੇਖਣਾ ਯਾ ਅਖੀਂ ਦੇਖੀ ਹੋਈ ਬਾਤ। ਇਸ ਦਾ ਦੂਸਰਾ ਅਰਥ ਹੈ ਅਖੀਂ ਦੇਖਣ ਵਾਲਾ ਉਗਾਹ। ਸੋ ਜਨਮ ਸਾਖੀ ਦਾ ਅਰਥ ਇਕ ਤਾਂ ਹੈ 'ਜਨਮ ਦੀ ਵਿਥਿਆ ਨੂੰ ਅਖੀਂ ਦੇਖਣ ਵਾਲਾ' ਤੇ ਦੂਸਰਾ ਅਰਥ ਹੈ 'ਜਨਮ ਦੀ ਅਖੀਂ ਡਿਠੀ ਉਗਾਹੀ।' ਇਥੇ ਉਗਾਹੀ ਦੇ ਅਰਥ ਬਣ ਗਏ 'ਵਿਥਿਆ'...ਉਹ ਬਣ ਗਈ ਜਨਮ ਸਾਖੀ... "ਇਉਂ ਜਨਮ ਸਾਖੀ ਦਾ ਅਰਥ ਬਣਿਆ ਜਨਮ ਤੇ ਬਾਲਪਨ ਦੇ ਹਾਲਾਤ ਦੀ ਵਿਥਿਆ।...ਤੇ ਅੱਜ ਅਸੀਂ ਇਸ ਪਦ 'ਜਨਮਸਾਖੀ' ਦੇ ਅਰਥ 'ਜੀਵਨ ਵਿਥਿਆ' ਸਮਝਦੇ ਹਾਂ।"[55]

ਸਵੈਜੀਵਨੀ ਜੀਵਨ ਵਿਥਿਆ ਤੋਂ ਅਗਲੀ ਵਸਤੂ ਹੈ। ਇਸ ਹਿਸਾਬ ਸਵੈਜੀਵਨੀ ਨੂੰ ਇਤਿਹਾਸ ਦੀ ਉਤਮ ਵੰਨਗੀ ਕਹਿ ਲੈਣਾ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਇਸ ਵਿਚ ਦਰਜ ਘਟਨਾਵਾਂ ਲੇਖਕ ਵਲੋਂ ਕੀਤਾ ਕੇਵਲ ਚਸ਼ਮਦੀਦ ਵਰਨਨ ਹੀ ਨਹੀਂ ਹੁੰਦਾ ਸਗੋਂ ਉਸ ਤੋਂ ਵੀ ਅਗਾਂਹ ਦੀ ਹੱਡਬੀਤੀ ਹੋਣ ਕਾਰਨ ਉਸ ਦਾ ਅਨੁਭਵੀ ਵਰਨਨ ਵੀ ਹੁੰਦਾ ਹੈ ਜਿਸ ਵਿਚ ਕਰਤਾ ਕਈ ਵਾਰੀ ਕਿਸੇ ਘਟਨਾ ਦਾ ਪ੍ਰਭਾਵ ਜਾਂ ਮੁਲਾਂਕਣ ਵੀ ਸਹਿਜ ਸੁਭਾਉ ਹੀ ਕਰ ਗਿਆ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਵਲੋਂ 'ਬਿਚਿਤ੍ਰ ਨਾਟਕ' ਵਿਚਲੀ 'ਅਪਨੀ ਕਥਾ' ਵਿਚ ਵਰਨਨ ਘਟਨਾਵਾਂ ਦੀ ਤਰਤੀਬ ਇੰਨੀ ਨਿਯਮਿਤ ਤੇ ਲੜੀਬਧ ਹੈ ਕਿ ਇਹ ਰਚਨਾ ਆਪਣੀ ਕਿਸਮ ਦਾ

ਪਹਿਲਾ ਜਤਨ ਹੋਣ ਦੇ ਬਾਵਜੂਦ ਵੀ, ਲੇਖਕ ਜਾਂ ਕਵੀ ਦੀ ਉਚ ਦਰਜੇ ਦੀ ਇਤਿਹਾਸਿਕ ਸੂਝ-ਬੂਝ ਤੇ ਗੁਰੂ ਕਾਲ ਦੀ ਇਤਿਹਾਸ ਪਰੰਪਰਾ ਤੋਂ ਵਖਰੇਵੇਂ ਦਾ ਪ੍ਰਦਰਸ਼ਨ ਕਰਦੀ ਹੈ। "ਹਿੰਦੁਸਤਾਨ ਦੇ ਗੈਰ ਮੁਸਲਮ ਮਹਾਂਪੁਰਖਾਂ ਵਿਚੋਂ ਗੁਰੂ ਗੋਬਿੰਦ ਸਿੰਘ ਸਭ ਤੋਂ ਪਹਿਲੇ ਹਨ ਜਿਨ੍ਹਾਂ ਨੇ ਕਿ ਆਪਣੀ ਕਥਾ ਲਿਖਣ ਦੀ ਰੀਤ ਤੋਰੀ। ਸੰਸਕ੍ਰਿਤ, ਬ੍ਰਜਭਾਖਾ, ਹਿੰਦੀ ਜਾਂ ਹੋਰ ਬੋਲੀ ਵਿਚ ਗੁਰੂ ਗੋਬਿੰਦ ਸਿੰਘ ਤੋਂ ਪਹਿਲਾਂ ਕਿਸੇ ਨੇ 'ਅਪਨੀ ਕਥਾ' ਨਹੀਂ ਲਿਖੀ।..."[56] ਇਸ ਦ੍ਰਿਸ਼ਟੀਕੋਣ ਤੋਂ ਗੁਰੂ ਗੋਬਿੰਦ ਸਿੰਘ ਨੂੰ ਸਤਾਰਵੀਂ ਸਦੀ ਦੇ ਉਚ ਇਤਿਹਾਸਕਾਰਾਂ ਵਿਚ ਗਿਣਿਆ ਜਾਣਾ ਕਿਸੇ ਵੀ ਤਰ੍ਹਾਂ ਅਨੁਚਿਤ ਨਹੀਂ ਹੋਵੇਗਾ।

'ਬਿਚਿਤ੍ਰ ਨਾਟਕ' ਵਿਚਲੀ ਵਚਿਤ੍ਰਤਾ ਦੇ ਅੰਤ੍ਰੀਵ ਭਾਵ ਦਾ ਅਨੁਮਾਨ ਲਾ ਸਕਣਾ ਔਖਾ ਹੈ ਪਰ ਕਿਆਸ ਕੀਤਾ ਜਾ ਸਕਦਾ ਹੈ ਕਿ ਆਪਣੀ ਕਿਸਮ ਦੀ ਪਹਿਲੀ ਤੇ ਉਹ ਵੀ ਕਾਵਿ-ਰਚਨਾ ਹੋਣ ਕਰਕੇ ਹੀ ਇਸ ਦਾ ਇਹ ਨਾਂ ਰਖਿਆ ਗਿਆ ਹੋਵੇ; ਜਾਂ ਫਿਰ ਇਸ ਵਿਚ ਪਰਲੋਕਿਕ ਘਟਨਾਵਾਂ ਦਾ ਵਰਨਨ ਜੋ ਇਸ ਰੂਪ ਵਿਚ ਪਹਿਲਾਂ ਕਦੇ ਨਹੀਂ ਸੀ ਹੋਇਆ, ਹੋਣ ਕਰਕੇ ਇਸ ਨੂੰ ਵਚਿਤ੍ਰ ਸਮਝਿਆ ਗਿਆ ਹੋਵੇ। ਇਸ ਸਵੈਜੀਵਨੀ ਦਾ ਮੁਢ ਗੁਰੂ ਜੀ ਦੇ ਪੂਰਬਲੇ ਜਨਮ ਅਤੇ ਸਦੀਆਂ ਪਹਿਲਾਂ ਹੋ ਗੁਜ਼ਰੇ ਆਪਦੇ ਖਾਨਦਾਨੀ ਵਡੇ ਵਡੇਰਿਆਂ ਦੇ ਇਤਿਹਾਸ ਦੇ ਵਰਨਨ ਨਾਲ ਬਝਦਾ ਹੈ :

*ਅਬ ਮੈਂ ਆਪਨੀ ਕਥਾ ਬਖਾਨੋ।*
*ਤਪ ਸਾਧਤ ਜਿਹ ਬਿਧਿ ਮੁਹਿ ਆਨੋ।...*
*ਤਿਨ ਪ੍ਰਭ ਜਬ ਆਇਸੁ ਮੁਹਿ ਦੀਆ।*
*ਤਬ ਹਮ ਜਨਮ ਕਲੂ ਮਹਿ ਲੀਆ।*
*ਚਿਤ ਨ ਭਯੋ ਹਮਰੋ ਆਵਨ ਕਹ।*
*ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹਿ।*
*ਜਿਉ ਤਿਉ ਪ੍ਰਭ ਹਮ ਕੋ ਸਮਝਾਯੋ।*
*ਇਮ ਕਹਿ ਕੈ ਇਹ ਲੋਕਿ ਪਠਾਯੋ।*[57]

'ਬਿਚਿਤ੍ਰ ਨਾਟਕ' ਵਿਚੋਂ ਸਮਾਜ ਦੇ ਚਰਿਤਰ ਦਾ ਚਿਤਰਣ ਵੀ ਮਿਲਦਾ ਹੈ। ਇਸ ਅਨੁਸਾਰ ਹਿੰਦੂ ਰਾਜਿਆਂ ਦਾ ਉਸ ਸਮੇਂ ਕੋਈ ਦੀਨ ਇਮਾਨ ਨਹੀਂ ਸੀ ਤੇ ਨਾ ਹੀ ਉਨ੍ਹਾਂ ਨੂੰ ਅਣਖ ਇਜਤ ਨਾਲ ਕੋਈ ਸਰੋਕਾਰ ਸੀ। ਮਤਲਬ ਕਢਣ ਲਈ ਉਹ ਕਿਸੇ ਨਾਲ ਵੀ ਮਿਤਰਚਾਰਾ ਗੰਢ ਸਕਦੇ ਸਨ। ਪੀਰ ਬੁਧੂ ਸ਼ਾਹ ਵਲੋਂ ਗੁਰੂ ਜੀ ਕੋਲ ਭਰਤੀ ਕਰਵਾਏ 500 ਪਠਾਣਾਂ ਵਿਚੋਂ 400 ਦਾ ਆਪਣੇ ਆਗੂ ਭੀਖਣ ਖਾਂ ਦੀ ਅਗਵਾਈ ਵਿਚ ਗੁਰੂ ਜੀ ਦਾ ਸਾਥ ਛਡ ਕੇ ਸੰਕਟ ਸਮੇਂ ਦੁਸ਼ਮਣਾਂ ਨਾਲ ਜਾ ਰਲਣਾ ਇਸ ਦੀ ਪ੍ਰਮੁਖ ਉਦਾਹਰਨ ਆਖੀ ਜਾ ਸਕਦੀ ਹੈ :

*ਫਤੇ ਸ਼ਾਹ ਕੋਪਾ ਤਬਿ ਰਾਜਾ।*
*ਲੋਹ ਪਰਾ ਹਮਸੋ ਬਿਨੁ ਕਾਜਾ।...*[58]
*ਹਨਿਯੋ ਏਕ ਖਾਨੰ, ਖਿਆਲੰ ਖਤੰਗੰ।*
*ਡਸਿਯੋ ਸਤ੍ਰ ਕੋ ਜਾਨੁ ਸਯਾਮੰ ਭੁਜੰਗ।*
*ਗਿਰਿਯੋ ਭੂਮਿ ਸੋ, ਬਾਣ ਦੂਜੋ ਸੰਭਾਰਯੋ।*
*ਮੁਖੰ ਭੀਖਨੰ ਖਾਨ ਕੇ, ਤਾਨਿ ਮਾਰਿਯੋ।*[59]

'ਬਚਿਤ੍ਰ ਨਾਟਕ' ਗੁਰੂ ਸਾਹਿਬ ਦੇ ਪੂਰਵਜਾਂ ਤੇ ਉਨ੍ਹਾਂ ਦੀ ਆਪਣੀ ਜੀਵਨ ਯਾਤਰਾ ਦੇ ਮੁਢਲੇ ਸਮੇਂ ਦਾ ਇਤਿਹਾਸ ਹੋਣ ਦੇ ਨਾਲ ਨਾਲ ਪੰਜਾਬ ਦੇ ਸਿੱਖ ਇਤਿਹਾਸ ਦਾ ਦੁਰਲਭ ਸ੍ਰੋਤ ਵੀ ਹੈ ਜਿਸ ਵਿਚ ਕਵੀ ਨੇ ਪ੍ਰਮਾਣੀਕ ਤਥਾਂ ਦਾ ਉਲੇਖ ਕੀਤਾ ਹੈ।

ਭੰਗਾਣੀ ਦੇ ਯੁੱਧ ਵਿਚ ਸੂਰਮੇ ਆਹਮੋ ਸਾਹਮਣੇ ਜੁਟੇ ਹੋਏ ਹਨ। ਗੁੱਸੇ ਵਿਚ ਆ ਕੇ ਹਰੀਚੰਦ ਨੇ ਪਹਿਲਾ ਤੀਰ ਗੁਰੂ ਜੀ ਦੇ ਘੋੜੇ ਨੂੰ ਸ਼ਾਇਦ ਇਸ ਵਿਚਾਰ ਨਾਲ ਮਾਰਿਆ ਹੋਵੇ ਕਿ ਘੋੜਾ ਜ਼ਖਮੀ ਹੋਣ ਤੇ ਗੁਰੂ ਸਾਹਿਬ ਦਾ ਮੈਦਾਨੋ ਭੱਜਣਾ ਅਸੰਭਵ ਬਣਾ ਦਿੱਤਾ ਜਾਇ। ਉਸ ਤੋਂ ਅਗਲਾ ਤੀਰ ਗੁਰੂ ਸਾਹਿਬ ਵੱਲ ਛੱਡਿਆ। ਇਹ

ਤੀਰ ਗੁਰੂ ਸਾਹਿਬ ਦੇ ਕੰਨ ਨੂੰ ਛੋਹ ਕੇ ਅੱਗੇ ਲੰਘ ਗਿਆ। ਯੁੱਧ ਦੇ ਬਿਆਨ ਦੀ ਇਹ ਬਾਰੀਕੀ ਹੋਰ ਕਿਸ ਇਤਿਹਾਸਿਕ ਸ੍ਰੋਤ ਤੋਂ ਨਹੀਂ ਮਿਲ ਸਕਦੀ।

*ਹਰੀਚੰਦ ਕੋਪੇ ਕਮਾਣੰ ਸੰਭਾਰੰ।*
*ਪ੍ਰਥਮ ਬਾਜੀਯੰ, ਤਾਣ ਬਾਣੰ ਪ੍ਰਹਾਰੰ।*
*ਦੁਤੀਯ ਤਾਕ ਕੈ ਤੀਰ ਮੋ ਕੋ ਚਲਾਯੰ।*
*ਰਖਿਓ ਦਈਵ ਮੈ, ਕਾਨਿ ਛ੍ਵੈਕੈ ਸਿਧਾਯੰ।*[60]

ਭੀਖਨ ਖਾਨ ਗੁਰੂ ਜੀ ਨਾਲ ਲੜਦਾ ਹੋਇਆ ਮੈਦਾਨ ਵਿਚੋਂ ਭੱਜ ਜਾਂਦਾ ਹੈ ਪਰ ਉਹ ਘੋੜਾ ਮੈਦਾਨ ਵਿਚ ਹੀ ਛੱਡ ਜਾਂਦਾ ਹੈ। ਘੋੜਾ ਇੰਨਾਂ ਬਲਵਾਨ ਹੈ ਕਿ ਉਸ ਨੂੰ ਦੋ ਤੀਰ ਵੱਜਣ ਨਾਲ ਕਿਸੇ ਨੁਕਸਾਨ ਦਾ ਪਤਾ ਹੀ ਨਹੀਂ ਲਗਦਾ। ਤੀਜੇ ਤੀਰ ਨਾਲ ਉਹ ਧਰਤੀ ਤੇ ਡਿਗ ਪੈਂਦਾ ਹੈ :

*ਭਜਿਯੋ ਖਾਨ ਖ਼ੂਨੀ ਰਹਿਯੋ ਖੇਤਿ ਤਾਜੀ।*
*ਤਜੇ ਪ੍ਰਾਣ ਤੀਜੇ, ਲਗੇ ਬਾਣ ਬਾਜੀ।*[61]
*ਹਨਯੋ ਏਕ ਖਾਨੰ, ਖਿਆਲੰ ਖਤੰਗੰ।*
*ਡਸਿਯੋ ਸਤ੍ਰ ਕੋ ਜਾਨੁ ਸਯਾਮੰ ਭੁਜੰਗੰ।*
*ਗਿਰਿਯੋ ਭੂਮਿ ਸੋ, ਬਾਣ ਦੂਜੋ ਸੰਭਾਰਯੋ।*
*ਮੁਖੰ ਭੀਖੰਨ ਖਾਨ ਕੇ, ਤਾਨਿ ਮਾਰਯੋ।*

ਹੁਸੈਨੀ ਯੁੱਧ ਕਿਉਂ ਛਿੜਿਆ? ਇਸ ਦੇ ਅਸਲ ਕਾਰਨ ਦਾ ਭੇਦ ਗੁਰੂ ਜੀ ਖੋਲ੍ਹਦੇ ਹਨ। ਰੌਲਾ ਦਸ ਹਜ਼ਾਰ ਰੁਪਏ ਬਟੋਰਨ ਦਾ ਸੀ। ਜਦੋਂ ਦਿਲਾਵਰ ਖਾਂ ਦਾ ਚਾੜ੍ਹਿਆ ਹੁਸੈਨ ਖਾਨ ਇਧਰ ਪਹਾੜਾਂ ਵੱਲ ਪੁੱਜਾ ਤਾਂ ਉਸ ਨੇ ਬੜਾ ਉਪੱਦਰ ਮਚਾਇਆ। ਕਾਇਰ ਰਾਜੇ ਅਧੀਨਗੀ ਮੰਨਦੇ ਗਏ। ਰਾਜਾ ਰਾਮ ਸਿੰਘ ਨੂੰ ਨਾਲ ਲੈ ਕੇ ਗੁਆਲੇਰੀਏ ਰਾਜੇ ਨੇ ਦਸ ਹਜ਼ਾਰ ਰੁਪਿਆ ਦੇ ਕੇ ਦਿਨ ਦੇ ਚੌਥੇ ਪਹਿਰ ਹੁਸੈਨ ਖਾਨ ਨੂੰ ਮਿਲ ਕੇ ਸੰਧੀ ਕਰਨ ਦੀ ਵਿਉਂਤ ਬਣਾਈ ਪਰ ਕਹਿਲੂਰੀਏ ਤੇ ਕਟੋਚ ਰਾਜਿਆਂ ਦੀ ਮਦਦ ਹੋਣ ਕਾਰਨ ਹੁਸੈਨ ਖਾਨ ਨੂੰ ਰਬ ਵੀ ਦਿਸਣੋ ਹਟ ਗਿਆ। ਉਹਨੇ ਗੁਆਲੇਰੀਏ ਦੀ ਪੇਸ਼ਕਸ਼ ਠੁਕਰਾ ਦਿੱਤੀ। ਫਿਰ ਉਸੇ ਧਨ ਬਦਲੇ ਉਨ੍ਹਾਂ ਨੂੰ ਮਾਰਨ ਦੀ ਧਮਕੀ ਦੇਣ ਲਗਾ। ਇਸ ਸਾਰੇ ਭੇਦ ਤੋਂ ਗੁਰੂ ਜੀ ਨੇ ਹੀ ਪਰਦਾ ਚੁੱਕਿਆ ਹੈ। ਆਪ ਲਿਖਦੇ ਹਨ ਕਿ ਆਪ ਜੀ ਵਲੋਂ ਭੇਜਿਆ ਸੰਗਤੀਆਂ, ਗੋਪਾਲ ਨੂੰ ਨਾਲ ਲਿਜਾ ਕੇ ਹੁਸੈਨ ਨਾਂਲ ਸਾਲਸੀ ਕਰਨ ਦਾ ਜਤਨ ਕਰਦਾ ਹੈ ਤਾਂ ਰਾਜਾ ਕ੍ਰਿਪਾਲਚੰਦ ਹੋਰਾਂ ਰਲ ਕੇ ਗੋਪਾਲ ਨੂੰ ਕੈਦ ਕਰ ਲੈਣ ਜਾਂ ਮਾਰ ਦੇਣ ਦੀ ਸਾਜ਼ਸ਼ ਰਚੀ ਜਿਸ ਦਾ ਪਤਾ ਲਗ ਜਾਣ ਤੇ ਗੋਪਾਲ ਦੇ ਭਜ ਜਾਣ ਦੇ ਫਲਸਰੂਪ ਹੀ ਯੁੱਧ ਸ਼ੁਰੂ ਹੋਇਆ।

*ਕਹਲੂਰੀਯਾ ਕਟੋਚ ਸੰਗਿ ਲਹਿ। ਜਾਨਾ ਆਨ ਨ ਮੋ ਸਰਿ ਮਹਿ ਮਹਿ।*
*ਤਿਨ ਜੋ ਧਨ ਆਨੋ ਥਾ ਸਾਥਾ। ਤੇ ਦੇ ਰਹੇ ਹੁਸੈਨੀ ਹਾਥਾ।*
*ਦੇਤ ਲੇਤ ਆਪਨ ਕੁਰਰਾਨੇ। ਤੇ ਧੰਨਿ ਲੈ ਨਿਜਿ ਧਾਮ ਸਿਧਾਨੇ।*
*ਚੇਰੋ ਤਬੈ ਤੇਜ ਤਨ ਤਯੋ। ਭਲਾ ਬੁਰਾ ਕਛੁ ਲਖਤ ਨ ਭਯੋ।*
*ਪੰਦ੍ਰਹ ਪਹਰਿ ਗਿਰਦ ਤਿਹ ਕੀਯੋ। ਖਾਨਿ ਪਾਨਿ ਤਿਨ ਜਾਨ ਨ ਦੀਯੋ। ੧੧*
*ਦਾਸ ਨਿਰਖਿ ਸੰਗ ਸੈਨ ਪਠਾਨੀ। ਫੂਲਿ ਗਯੋ ਤਿਨ ਕੀ ਨਹੀ ਮਾਨੀ।*
*ਦਸ ਸਹੰਸ੍ਰ ਅਬ ਹੀ ਕੈ ਦੈਹੂ। ਨਾਤਰ ਮੀਚ ਮੂੰਡ ਪਰ ਲੈਹੂ।...*
*ਗੋਪਾਲੈ ਸੁ ਅਬੈ ਗਹਿ ਲੀਜੈ। ਕੈਦ ਕੀਜੀਐ ਕੈ ਬਧ ਕੀਜੈ।*
*ਤਨਿਕ ਭਨਕ ਜਬ ਤਿਨ ਸੁਨਿ ਪਾਈ। ਨਿਜ ਦਲ ਜਾਤ ਭਯੋ ਭਟ ਰਾਈ।*[62]

ਯੁੱਧਾਂ ਦੇ ਬਿਆਨ ਵਿਚ ਅਕਸਰ ਯੁੱਧ ਲੜੇ ਜਾਣ ਦਾ ਸਮਾਂ ਨਹੀਂ ਲਿਖਿਆ ਮਿਲਦਾ। ਗੁਰੂ ਜੀ ਦੀ ਸਵੈਜੀਵਨੀ ਵਿਚ ਕਈ ਯੁੱਧਾਂ ਦੇ ਸਮਿਆਂ ਦਾ ਵਰਨੰਨ ਇਕ ਅਨੋਖੀ ਗੱਲ ਹੈ। ਇਹ ਸਮੇਂ ਹਮਲਾਵਰਾਂ ਨੇ ਆਪਣੀ ਰਣਨੀਤੀ ਦੀ ਯੋਜਨਾ ਵਿਚ ਉਸ ਸਮੇਂ ਲਿਆਂਦੇ ਵੀ ਹੋਣ ਤਦ ਹੁਣ ਮਿਲ ਸਕਣੇ ਅਸੰਭਵ ਹਨ। ਭਵਿਖ ਦੇ ਇਤਿਹਾਸਕਾਰਾਂ ਲਈ ਗੁਰੂ ਸਾਹਿਬ ਨੇ ਇਹ ਮੁਸ਼ਕਲ ਹੱਲ ਕਰ ਦਿਤੀ ਹੋਈ ਹੈ। ਜੁਝਾਰ ਸਿੰਘ ਯੁੱਧ

ਵਰਨਨ ਵਿਚ ਆਪ ਨੇ ਲਿਖਿਆ ਹੈ ਕਿ ਜੁਝਾਰ ਸਿੰਘ ਤੇ ਹਮਲਾ ਸਵੇਰੇ ਤੜਕਸਾਰ ਹੋਇਆ :

*ਰਿਸ ਤਨ ਖਾਨ ਦਿਲਾਵਰ ਤਏ। ਇਤੈ ਸਊਰ ਪਠਾਵਤ ਭਏ।*
*ਉਤੈ ਪਠਿਓ ਉਨਿ ਸਿੰਘ ਜੁਝਾਰਾ। ਤਿੱਹ ਭਲਾਨ ਤੇ ਖੇਦਿ ਨਿਕਾਰਾ।*
*ਇਤਿ ਗਜ ਸਿੰਘ, ਪੰਮਾਂ ਦਲ ਜੋਰਾ। ਧਾਇ ਪਰੇ ਤਿਨ ਉਪਰ ਭੋਰਾ।*[63]

ਨਦੋਣ ਯੁੱਧ ਵਿਚ ਸ਼ਾਹੀ ਫੌਜ ਨੂੰ ਸ਼ਰਮਨਾਕ ਹਾਰ ਖਾ ਕੇ ਭੱਜਣਾ ਪਿਆ। ਇਸ ਬੇਇਜ਼ਤੀ ਦਾ ਬਦਲਾ ਲੈਣ ਲਈ ਦਿਲਾਵਰ ਖਾਂ ਨੇ ਗੁਰੂ ਸਾਹਿਬ ਤੇ ਖਿਰਾਜ ਉਗਰਾਹੁਣ ਦੇ ਬਹਾਨੇ ਆਪਣਾ ਪੁਤਰ ਅਨੰਦਪੁਰ ਵਲ ਚਾੜ੍ਹਿਆ। ਮੈਕਾਲਿਫ ਅਨੁਸਾਰ, ਔਰੰਗਜ਼ੇਬ ਦੇ ਦਖਣ ਵੱਲ ਰੁਝੇ ਰਹਿਣ ਦੇ ਸਮੇਂ ਪੰਜਾਬ ਵਿਚ ਤਾਕਤ ਫੜ ਲੈਣ ਵਾਲੇ ਦਿਲਾਵਰ ਖਾਂ ਨੇ, ਗੁਰ ਸਾਹਿਬ ਦੀ ਸਫਲਤਾ ਤੇ ਪਰਸਿੱਧੀ ਕਾਰਨ ਖਾਰ ਖਾ ਕੇ ਇਹ ਕਦਮ ਚੁਕਿਆ ਸੀ।[64] ਗੁਰੂ ਸਾਹਿਬ ਦੇ ਹਿਸਾਬ ਇਹ ਇਕ ਹੋਰ ਹਮਲਾ ਸੀ ਕਿਉਂਕਿ ਆਪ ਇਸ ਵੇਲੇ ਬਿਰਾਜੇ ਹੋਏ ਸਨ ਤੇ ਸੇਵਾਦਾਰ ਵੱਲੋਂ ਅਚਾਨਕ ਉਨ੍ਹਾਂ ਨੂੰ ਜਗਾਇਆ ਗਿਆ। ਇਸ ਹਮਲੇ ਦਾ ਦੋ ਘੜੀਆਂ ਬੀਤੀ ਰਾਤ ਦਾ ਸਮਾਂ, ਗੁਰੂ ਜੀ ਦੇ ਬਿਰਾਜੇ ਹੋਣਾ, ਉਨ੍ਹਾਂ ਨੂੰ ਜਗਾਉਣ ਵਾਲੇ ਸੇਵਾਦਾਰ 'ਆਲਿਮ' ਦਾ ਨਾਂ ਆਦਿ ਗੱਲਾਂ ਅਸੀਂ 'ਬਿਚਿਤ੍ਰ ਨਾਟਕ' ਵਿਚੋਂ ਹੀ ਜਾਣ ਸਕਦੇ ਹਾਂ। ਇਸ ਹਮਲੇ ਸਮੇ ਅਨੰਦਪੁਰ ਦੇ ਵਸਨੀਕਾਂ ਦੀ ਚੜ੍ਹਦੀ ਕਲਾ ਦਾ ਵਰਨਨ ਬਿਆਨ ਨੂੰ ਹੋਰ ਵੀ ਚਾਰ ਚੰਨ ਲਾਉਂਦਾ ਹੈ :

*ਤਬ ਲੋ ਖਾਨ ਦਿਲਾਵਰ ਆਏ। ਪੂਤ ਆਪਨ ਹਮ ਓਰਿ ਪਠਾਏ।*
*ਦ੍ਵੈਕ ਘਰੀ ਬੀਤੀ ਨਿਸਿ ਜਬੈ। ਚੜ੍ਹਤ ਕਰ ਹੀ ਖਾਨਨ ਮਿਲਿ ਤਬੈ।*
*ਜਬ ਦਲ ਪਾਰ ਨਦੀ ਕੇ ਆਯੋ। ਆਨਿ ਆਲਮੈ ਹਮੈ ਜਗਾਯੋ।*
*ਸੋਰੁ ਪੁਰਾ ਸਭ ਹੀ ਨਰ ਜਾਗੇ। ਗਹਿ ਗਹਿ ਸਸਤ੍ਰ ਬੀਰ ਰਿਸ ਪਾਗੇ।*
*ਛੂਟਨ ਲਗੀ ਤੁਫੰਗੈਂ ਤਬਹੀ। ਗਹਿ ਗਹਿ ਸਸਤ੍ਰ ਰਿਸਾਨੇ ਸਬਹੀ।*
*ਕ੍ਰੂਰ ਭਾਂਤਿ ਤਿਨ ਕਰੀ ਪੂਕਾਰਾ। ਸੋਰੁ ਸੁਨਾ ਸਰਤਾ ਕੇ ਪਾਰਾ।*[65]

ਆਲਿਫ ਖਾਂ ਦੀ ਰਣਨੀਤੀ ਦਾ ਪਤਾ ਵੀ ਸਾਨੂੰ 'ਬਿਚਿਤ੍ਰ ਨਾਟਕ' ਵਿਚੋਂ ਹੀ ਲਗਦਾ ਹੈ। ਯੁੱਧ ਮੈਦਾਨ ਵਿਚ ਗੁਰੂ ਸਾਹਿਬ ਦਾ ਸਾਹਮਣਾ ਨਾ ਕਰ ਸਕਣ ਤੇ ਆਲਿਫ ਖਾਂ ਤੇ ਉਸ ਦੇ ਸਾਥੀ ਭੱਜ ਉਠਦੇ ਹਨ। ਦਿਨੇ ਭੱਜਦਿਆਂ ਨੂੰ ਜਿਵੇਂ ਸ਼ਰਮ ਆਉਂਦੀ ਹੋਵੇ ਇਸ ਲਈ ਰਾਤ ਦਾ ਅੱਧਾ ਪਹਿਰ ਬੀਤਣ ਪਿੱਛੋਂ ਉਹ ਮੈਦਾਨ ਛੱਡਦੇ ਹਨ। ਜਾਣ ਤੋਂ ਪਹਿਲਾਂ ਨਗਾਰਚੀਆਂ ਨੂੰ ਨਗਾਰਾ ਨਿਰੰਤਰ ਵਜਾਉਂਦੇ ਰਹਿਣ ਦਾ ਹੁਕਮ ਦੇ ਜਾਂਦੇ ਹਨ ਤਾਂ ਕਿ ਦੁਸ਼ਮਣ ਨੂੰ ਫੌਜ ਦੇ ਮੈਦਾਨ ਵਿਚ ਮੌਜੂਦ ਹੋਣ ਦਾ ਸੰਦੇਹ ਬਣਿਆ ਰਹੇ। ਆਲਿਫ ਖਾਂ ਨੂੰ ਭੱਜਣ ਵੇਲੇ ਭੋਜਨ ਦਾ ਵੀ ਖਿਆਲ ਨਾ ਰਿਹਾ। ਇਹ ਬਾਰੀਕਬੀਨੀ ਤੇ ਤਥ ਬਿਆਨੀ 'ਬਿਚਿਤ੍ਰ ਨਾਟਕ' ਵਿਚੋਂ ਹੀ ਪਰਾਪਤ ਹੁੰਦੀ ਹੈ :

*ਲੀਯੋ ਜੀਤਿ ਬੈਰੀ, ਕੀਆ ਆਨਿ ਡੇਰੰ। ਤੇਊ ਜਾਇ ਪਾਰੰ, ਰਹੇ ਬਾਰਿ ਕੇਰੰ।*
*ਭਈ ਰਾਤ੍ਰਿ ਗੁਬਾਰ ਕੇ, ਅਰਧ ਜਾਮੰ। ਤਬੈ ਛੋਰਿਗੇ ਬਾਰ ਦੇ ਵੈ ਦਮਾਮੰ।*
*ਸਬੈ ਰਾਤ੍ਰਿ ਬੀਤੀ, ਉਦਯੋ ਦਿਉ ਸਰਾਣੰ। ਚਲੇ ਬੀਰ ਚਾਲਾਕ, ਖੱਗ ਖਿਲਾਣੰ।*
*ਭੱਜਯੋ ਅਲਿਫ ਖਾਨੰ, ਨ ਖਾਨਾ ਸੰਭਾਰਿਯੋ। ਭਜੇ ਔਰ ਬੀਰੰ ਨ ਧੀਰੰ ਬਿਚਾਰਯੋ।*[66]

ਭੰਗਾਣੀ ਦੇ ਯੁੱਧ ਦੀ ਗੁਪਤ ਤੱਥੀ ਗੱਲ ਇਹ ਹੈ ਕਿ ਨਿਜਾਬਤ ਖਾਨ ਨੂੰ ਮਾਰਨ ਪਿਛੋਂ ਸੰਗੋਸ਼ਾਹ ਸ਼ਹੀਦ ਹੋ ਜਾਂਦਾ ਹੈ ਤੇ ਉਸ ਨੂੰ ਸ਼ਹੀਦ ਹੋਇਆ ਦੇਖ ਕੇ ਹੀ ਗੁਰੂ ਸਾਹਿਬ ਨੇ ਆਪਣਾ ਤੀਰ ਕਮਾਨ ਸੰਭਾਲਿਆ ਤੇ ਭੀਖਨ ਖਾਨ ਦੇ ਮੂੰਹ ਵਿਚ ਤੀਰ ਮਾਰਿਆ। ਉਹ ਤੀਰ ਮੂੰਹ ਵਿਚ ਹੀ ਲੈ ਕੇ ਮੈਦਾਨੋ ਭੱਜ ਤੁਰਿਆ ਤਾਂ ਬਾਕੀ ਸਾਰੇ ਵੀ ਨਸ ਉਠੇ :

*ਮਾਰਿ ਨਿਜਾਬਤ ਖਾਨ ਕੋ, ਸੰਗੋ ਜੁਝੈ ਜੁਝਾਰ।*
*ਹਾ ਹਾ ਇਹ ਲੋਕ ਭਇਓ, ਸੁਰਗ ਲੋਕ*[67] *ਜੈਕਾਰ।*
*ਲਖੇ ਸਾਹ ਸੰਗ੍ਰਾਮ ਜੁੱਝੇ ਜੁਝਾਰੰ, ਤਵੰ ਕੀਟ ਬਾਣੰ ਕਮਾਣੰ ਸੰਭਾਰੰ।*[68]

ਗੁਰੂ ਜੀ ਦੀ ਇਸ ਰਚਨਾ ਤੋਂ ਸਾਨੂੰ ਇਹ ਪਤਾ ਲਗਦਾ ਹੈ ਕਿ ਪਹਾੜੀ ਰਾਜੇ ਸਲਾਹ ਮਸ਼ਵਰੇ ਲਈ ਆਪ ਨੂੰ ਬੁਲਾ ਲਿਆ ਕਰਦੇ ਸਨ ਤੇ ਜਦੋਂ ਭੀੜ ਬਣਦੀ ਸੀ ਤਦ ਵੀ ਗੁਰੂ ਜੀ ਤੋਂ ਮਦਦ ਮੰਗਦੇ ਸਨ :

*ਜੁੱਧ ਕਾਜ ਨ੍ਰਿਪ ਹਮੈ ਬੁਲਾਯੋ ।...*
*ਸਭੈ ਬੀਰ ਬੋਲੇ ਹਮੈ ਭੀ ਬੁਲਾਯੰ ।*[69]

ਗੁਰੂ ਗੋਬਿੰਦ ਸਿੰਘ ਦੇ ਜੀਵਨ ਅਤੇ ਸਿੱਖ ਇਤਿਹਾਸ ਦੇ ਕੁੱਛ ਪੱਖ ਅਜਿਹੇ ਵੀ ਹਨ ਜੋ 'ਬਿਚਿਤ੍ਰ ਨਾਟਕ' ਵਿਚ ਘੱਟ ਉਜਾਗਰ ਹੋਏ ਹਨ, ਜਿਨ੍ਹਾਂ ਬਾਰੇ ਸਿੱਖ ਵਿਦਵਾਨ ਤੇ ਇਤਿਹਾਸਕਾਰ ਸਹਿਮਤ ਨਹੀਂ ਤੇ ਜਿਨ੍ਹਾਂ ਬਾਰੇ ਵਿਵਾਦ ਨੂੰ ਨਜਿਠਣ ਵਿਚ ਬਿਚਿਤ੍ਰ ਵਿਚਲੇ ਸੰਕੇਤਕ ਇਤਿਹਾਸਿਕ ਤਥ ਬਹੁਤ ਸਹਾਈ ਹੋ ਸਕਦੇ ਹਨ। ਇਨ੍ਹਾਂ ਵਿਚੋਂ ਇਕ ਹੈ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਲਈ ਜ਼ਿੰਮੇਵਾਰ ਵਿਅਕਤੀ ਬਾਰੇ ਵਿਵਾਦ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਮਿਤੀ 11 ਮਘਰ 1732, ਮਘਰ ਸੁਦੀ ਪੰਜਵੀਂ ਦਿਨ ਵੀਰਵਾਰ ਬਾਰੇ ਤਾਂ ਲਗਪਗ ਸਭ ਇਤਿਹਾਸਕਾਰ ਸਹਿਮਤ ਹਨ ਪਰ ਇਕ ਗੱਲ ਸੰਬੰਧੀ ਵਿਵਾਦ ਹੈ ਕਿ ਗੁਰੂ ਜੀ ਦੀ ਸ਼ਹੀਦੀ ਸਮੇਂ ਬਾਦਸ਼ਾਹ ਔਰੰਗਜ਼ੇਬ ਦਿੱਲੀ ਵਿਚ ਮੌਜੂਦ ਸੀ ਜਾਂ ਨਹੀਂ। ਪੁਰਾਤਨ ਸਿਖ ਇਤਿਹਾਸਿਕ ਗ੍ਰੰਥਾਂ ਵਿਚ ਇਹ ਗੱਲ ਸਪਸ਼ਟ ਹੈ ਕਿ ਗੁਰੂ ਜੀ ਦਾ ਔਰੰਗਜ਼ੇਬ ਨਾਲ ਸੰਵਾਦ ਹੋਇਆ ਤੇ ਉਸ ਨੇ ਆਪ ਨੂੰ ਕੋਈ ਕਰਾਮਾਤ ਦਿਖਾਉਣ ਲਈ ਵੀ ਆਖਿਆ ਪਰ ਗੁਰੂ ਜੀ ਦੇ ਨਾ ਮੰਨਣ ਤੇ ਆਪ ਨੂੰ ਸ਼ਹੀਦ ਕਰ ਦਿੱਤਾ ਗਿਆ। ਦੂਜੇ ਬੰਨੇ ਨਵੀ ਖੋਜ ਵਿਚ ਵਿਸ਼ਵਾਸ ਰਖਣ ਵਾਲੇ ਕੁਝ ਇਤਿਹਾਸਕਾਰਾਂ ਦਾ ਮਤ ਹੈ ਕਿ ਸੰਵਾਦ ਵਾਲੀ ਕਹਾਣੀ ਕਲਪਤ ਹੈ ਕਿਉਂਕਿ ਔਰੰਗਜ਼ੇਬ ਉਨ੍ਹੀ ਦਿਨੀ ਦਿੱਲੀ ਵਿਚ ਹੈ ਹੀ ਨਹੀਂ ਸੀ। ਉਹ ਹਸਨਅਬਦਾਲ ਤੋਂ ਕਿਤੇ ਪਿਛੋਂ ਜਾ ਕੇ ਪਰਤਿਆ। ਇਸ ਗੱਲ ਦਾ ਨਿਰਨਾ 'ਬਿਚਿਤ੍ਰ ਨਾਟਕ' ਦੀ ਲਿਖਤ ਦੇ ਆਧਾਰ ਤੇ ਕੀਤਾ ਜਾ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ :

*ਨਾਟਕ ਚੇਟਕ ਕੀਏ ਕੁਕਾਜਾ। ਪ੍ਰਭ ਲੋਗਨ ਕਹ ਆਵਤ ਲਾਜਾ*
× × ×
*ਠੀਕਰ ਫੋਰਿ ਦਿਲੀਸ ਸਿਰਿ ਪ੍ਰਭਪੁਰਿ ਕੀਯਾ ਪਯਾਨ ।...*[70]

ਇਹ ਲਿਖਤ ਗੁਰੂ ਜੀ ਦੀ ਸ਼ਹੀਦੀ ਦੀ ਨਿਕਟਤਮ ਗਵਾਹੀ ਹੈ ਜਿਸ ਤੇ ਕਿਸੇ ਕਿੰਤੂ ਪ੍ਰੰਤੂ ਦੀ ਗੁੰਜਾਇਸ਼ ਨਹੀਂ ਕਿਉਂਕਿ ਆਪ ਨੇ ਦਿੱਲੀ ਵਿਚ ਵਾਪਰੀ ਘਟਨਾ ਦੇ ਸੱਜਰੇ ਸਮਾਚਾਰ ਤੇ ਗੁਰੂ ਜੀ ਦਾ ਸੀਸ ਪਰਾਪਤ ਕਰਨ ਉਪਰੰਤ ਦਹ ਸੰਸਕਾਰ ਕੀਤਾ ਸੀ ਤੇ ਇਨ੍ਹਾਂ ਸਮਾਚਾਰਾਂ ਦੀ ਗੰਭੀਰਤਾ ਹੀ ਬਹੁਤ ਹਦ ਤੱਕ ਖਾਲਸਾ ਸਾਜਨ ਦੀ ਮਹਾਨ ਘਟਨਾ ਲਈ ਜ਼ਿੰਮੇਵਾਰ ਸਮਝੀ ਜਾਂਦੀ ਹੈ।

ਪਰੰਪਰਾਗਤ ਇਤਿਹਾਸ ਦਾ ਵਿਰੋਧ ਕਰਨ ਵਾਲਿਆਂ ਦਾ ਆਧਾਰ ਕੁਝ ਮੁਸਲਮਾਨੀ ਸਮਕਾਲੀ ਜਾਂ ਨਿਕਟ ਸਮਕਾਲੀ ਲਿਖਤਾਂ ਹਨ ਜਿਨ੍ਹਾਂ ਤੋਂ ਔਰੰਗਜ਼ੇਬ ਦੇ ਦਿਲੀਉਂ ਬਾਹਰ ਹੋਣ ਦੇ ਆਸਾਰ ਬਣਦੇ ਹਨ। ਨਵੀਂ ਖੋਜ ਨੂੰ ਲੰਮੇ ਹੱਥੀਂ ਲੈਂਦਿਆਂ ਸਰਦਾਰ ਕਪੂਰ ਸਿੰਘ ਦਾਅਵਾ ਕਰਦੇ ਹਨ ਕਿ ਔਰੰਗਜ਼ੇਬ ਵਲੋਂ ਉਨ੍ਹਾਂ ਦਿਨਾਂ ਵਿਚ ਇਤਿਹਾਸ ਲਿਖਣ ਤੇ ਸਰਕਾਰੀ ਪਾਬੰਦੀ ਲਾ ਦਿੱਤੇ ਜਾਣ ਕਾਰਨ ਮੁਸਲਮ ਲਿਖਤਾਂ ਵਿਚ ਬਹੁਤ ਵਾਧੇ ਘਾਟੇ ਕੀਤੇ ਗਏ ਮਿਲਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਰ ਜਾਦੂ ਨਾਥ ਸਰਕਾਰ ਵਲੋਂ ਮੁਸਲਮ ਇਤਿਹਾਸ ਬਾਰੇ ਦਿੱਤੀਆਂ ਤਾਰੀਖਾਂ ਕਾਰਨ ਹੀ ਉਕਤ ਵਿਵਾਦ ਪੈਦਾ ਹੋਇਆ ਹੈ ਪਰ ਉਹ ਤਾਰੀਖਾਂ ਸਹੀ ਨਹੀਂ। ਸਤਨਾਮੀਆਂ ਦੀ ਬਗਾਵਤ ਦਬਾਏ ਜਾਣ ਦਾ ਵਰ੍ਹਾ ਸਰ ਸਰਕਾਰ ਨੇ 1673 ਦਿੱਤਾ ਹੈ ਜਦ ਕਿ ਇਕ ਸਮਕਾਲੀ ਪੁਰਤਗੇਜ਼ ਪਰਮਾਣੀਕ ਪੁਰਸ਼ ਓਮੇਜ਼ ਨੇ ਇਹ ਘਟਨਾ ਅਪਰੈਲ 1674 ਦੇ ਆਲੇ ਦੁਆਲੇ ਦੀ ਲਿਖੀ ਹੈ। ਇਸ ਓਮੇਜ਼ ਦੀਆਂ ਦਿੱਤੀਆਂ ਤਾਰੀਖਾਂ ਬਹੁਤ ਕਰ ਕੇ ਖਫੀ ਖਾਂ ਵੱਲੋਂ ਦਿੱਤੀਆਂ ਮਿਤੀਆਂ ਨਾਲ ਮੇਲ ਖਾਂਦੀਆਂ ਹਨ। ਇਕ ਹੋਰ ਪੁਰਤਗੇਜ਼ ਡਾਕਟਰ ਫਰਾਇਰ ਵੇਲ ਸਤੰਬਰ 1674 ਤੇ ਜਨਵਰੀ 1675 ਵਿਚਕਾਰ ਲਿਖੇ ਗਏ ਆਪਣੇ ਇਕ ਪੱਤਰ ਵਿਚ ਲਿਖਦਾ ਹੈ ਕਿ ਔਰੰਗਜ਼ੇਬ ਨੇ ਉਨ੍ਹਾਂ ਸਭਨਾਂ ਨੂੰ ਆਪਣੇ ਦੀਨ ਵਿਚ ਲਿਆਉਣ ਦੀ ਮੁਹਿੰਮ ਅਰੰਭੀ ਹੋਈ ਹੈ। ਸਰਦਾਰ ਕਪੂਰ ਸਿੰਘ ਹੋਰੀਂ ਇਕ ਲੰਮੀ ਚੌੜੀ ਵਿਚਾਰ ਪਿਛੋਂ ਇਸ ਸਿਟੇ ਤੇ ਪੁੱਜਦੇ ਹਨ ਕਿ ਔਰੰਗਜ਼ੇਬ ਹਸਨ ਅਬਦਾਲ ਤੋਂ ਮਾਰਚ 1675 ਵਿਚ ਵਾਪਸ ਆ ਚੁੱਕਾ ਸੀ ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਉਹ ਦਿੱਲੀ ਵਿਚ ਮੌਜੂਦ ਸੀ।[71] ਦਸਮੇਸ਼ ਵੱਲੋਂ ਦਿੱਤਾ ਗਿਆ ਸੰਕੇਤ ਕਿ ਦਿੱਲੀ ਦੇ ਬਾਦਸ਼ਾਹ ਦੇ ਸਿਰ ਭਾਂਡਾ ਭੰਨ ਕੇ ਗੁਰੂ ਸਾਹਿਬ ਸਵਰਗ ਸਿਧਾਰੇ ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿਣ ਦਿੰਦਾ। ਜੇ ਔਰੰਗਜ਼ੇਬ ਰਾਜਧਾਨੀ ਵਿਚ ਮੌਜੂਦ ਨਾ ਹੁੰਦਾ ਤਦ ਇਹ ਭਾਂਡਾ ਉਸ ਦੇ ਸਿਰ ਨਹੀਂ ਸੀ ਭੰਨਿਆ ਜਾਣਾ।

ਇਕ ਹੋਰ ਗੱਲ। ਗੁਰੂ ਜੀ ਦੀ ਸ਼ਹੀਦੀ ਨੇ ਸਿੱਖਾਂ ਵਿਚ ਇੰਨਾ ਰੋਹ ਪੈਦਾ ਕਰ ਦਿੱਤਾ ਕਿ ਉਨ੍ਹਾਂ ਨੇ ਇਸ ਅਨਿਆਇ ਦਾ ਬਦਲਾ ਲੈਣ ਲਈ ਆਪਣੀ ਜਾਨ ਦੀ ਪਰਵਾਹ ਨਹੀਂ ਕੀਤੀ ਤੇ ਔਰੰਗਜ਼ੇਬ ਵਰਗੇ ਸ਼ਹਿਨਸ਼ਾਹ ਦੇ ਕਤਲ ਤੇ ਉਤਰ ਆਏ। ਔਰੰਗਜ਼ੇਬ ਦੇ ਰਾਜ ਦੇ ਤੀਹ ਸਾਲ ਦੇ ਰੋਜ਼ਨਾਮਚੇ ਮੁਆਸਰੇ ਆਲਮਗੀਰੀ ਅਨੁਸਾਰ ਗੁਰੂ ਜੀ ਦੀ ਸ਼ਹੀਦੀ ਦੇ ਇਕ ਸਾਲ ਦੇ ਵਿਚ ਵਿਚ ਹੀ, 27 ਅਕਤੂਬਰ 1676 ਦਿਨ ਵੀਰਵਾਰ ਨੂੰ "ਸ਼ਹਿਨਸ਼ਾਹ ਦੀ ਸਵਾਰੀ ਜਾਮਿ-ਮਸਜਿਦ ਤੋਂ ਵਾਪਸ ਆ ਰਹੀ ਸੀ। ਜਦ ਸ਼ਹਿਨਸ਼ਾਹ ਕਿਸ਼ਤੀ ਤੋਂ ਉਤਰ ਕੇ ਤਖਤਿ-ਰਵਾਂ ਤੇ ਸਵਾਰ ਹੋ ਰਹੇ ਸਨ ਤਾਂ ਇਕ ਵਿਅਕਤੀ ਨੇ, ਜੋ ਗੁਰੂ ਤੇਗ ਸਿੰਘ (ਬਹਾਦਰ) ਦਾ ਚੇਲਾ ਸੀ, ਦੋ ਇੱਟਾਂ ਸੁੱਟੀਆਂ ਜਿਨ੍ਹਾਂ ਵਿਚੋਂ ਇਕ ਤਖ਼ਤ ਉੱਤੇ ਡਿਗੀ। ਜਲੌ ਦੇ ਪਿਆਦਿਆਂ ਨੇ ਉਸ ਮੰਦ-ਭਾਗੇ ਨੂੰ ਫੜ ਕੇ ਕੁਤਵਾਲ ਦੇ ਹਵਾਲੇ ਕਰ ਦਿੱਤਾ।[72] ਜੇ ਇਕ ਪਲ ਲਈ ਇਹ ਮੰਨ ਲਿਆ ਜਾਵੇ ਕਿ ਸ਼ਹਿਨਸ਼ਾਹ ਦੀ ਗੈਰਹਾਜ਼ਰੀ ਵਿਚ ਉਸ ਦੇ ਹੁਕਤ ਨਾਲ ਅਹਿਲਕਾਰਾਂ ਨੇ ਗੁਰੂ ਜੀ ਨੂੰ ਸ਼ਹੀਦ ਕੀਤਾ ਤਾਂ ਉਪਰੋਕਤ ਸਿੱਖ ਵਰਗੇ ਸਿੱਖਾਂ ਲਈ ਕਿਸੇ ਅਹਿਲਕਾਰ ਨੂੰ ਕਤਲ ਕਰਨਾ ਸਗੋਂ ਕਿਤੇ ਸੌਖਾ ਸੀ। ਔਰੰਗਜ਼ੇਬ ਉਪਰ ਕੀਤੇ ਹਮਲੇ ਦਾ ਕਾਰਨ ਹੀ ਇਹ ਸੀ ਕਿ ਸ਼ਹੀਦੀ ਔਰੰਗਜ਼ੇਬ ਦੀ ਮੌਜੂਦਗੀ ਵਿਚ ਹੋਈ ਸੀ।

ਦੂਸਰਾ ਵਿਵਾਦ ਗੁਰੂ ਸਾਹਿਬ ਦੇ ਅਵਤਾਰ ਧਾਰਨ ਦੀ ਮਿਤੀ ਬਾਰੇ ਹੈ।[73] ਆਮ ਧਾਰਨਾ ਹੈ ਕਿ ਗੁਰੂ ਜੀ ਨੇ ਪੋਹ ਸੁਦੀ ਸਤਵੀ 1723 ਬਿ: ਨੂੰ ਪਟਨੇ ਵਿਚ ਅਵਤਾਰ ਧਾਰਿਆ ਤੇ ਇਹੋ ਮਿਤੀ ਪ੍ਰਚਲਤ ਹੈ। ਦੂਜੇ ਬੰਨੇ ਭਾਈ ਰਣਧੀਰ ਸਿੰਘ ਜੀ ਇਕ ਲਿਖਤੀ ਬੀੜ ਦੇ ਪੰਨੇ ਉਪਰ ਇਹ ਮਿਤੀ ਦਿਨ ਐਤਵਾਰ ਪੋਹ ਸੁਦੀ ਸਤਿਉਂ ਸੰਮਤ 1726 ਲਿਖੀ ਹੋਈ ਦੇਖੇ ਜਾਣ ਦਾ ਦਾਅਵਾ ਕਰਦੇ ਹਨ।[74] ਗੁਰੂ ਗੋਬਿੰਦ ਸਿੰਘ ਜੀ 'ਬਿਚਿਤ੍ਰ ਨਾਟਕ' ਵਿਚ ਇਸ ਮਹਾਨ ਘਟਨਾ ਬਾਰੇ ਸੰਕੇਤ ਦਿੰਦੇ ਲਿਖਦੇ ਹਨ :

*ਮੁਰਪਿਤ ਪੂਰਬਿ ਕਿਯਸਿ ਪਯਾਨਾ।*
*ਭਾਂਤਿ ਭਾਂਤਿ ਕੇ ਤੀਰਥਿ ਨ੍ਹਾਨਾ।*
*ਜਬ ਹੀ ਜਾਤਿ ਤ੍ਰਿਬੇਣੀ ਭਏ।*
*ਪੁੰਨ ਦਾਨ ਦਿਨ ਕਰਤ ਬਿਤਏ।*
*ਤਹੀ ਪ੍ਰਕਾਸ਼ ਹਮਾਰਾ ਭਯੋ।*
*ਪਟਨਾ ਸ਼ਹਰ ਬਿਖੈ ਭਵ ਲਯੋ।*[75]

ਇਸ ਅਨੁਸਾਰ ਗੁਰੂ ਤੇਗ ਬਹਾਦਰ ਜੀ ਜਦੋਂ ਪਰਵਾਰ ਸਮੇਤ ਯਾਤਰਾ ਕਰਦੇ ਕਰਦੇ ਪ੍ਰਯਾਗ ਪੁਜੇ ਤਦ ਦਸਮੇਸ਼ ਜੋਤਿ ਨੇ ਮਾਤਾ ਜੀ ਦੇ ਉਦਰ ਨੂੰ ਭਾਗ ਲਾਇਆ। ਸਰੀਰਕ ਤੌਰ ਤੇ ਪ੍ਰਗਟ ਉਹ ਪਟਨੇ ਹੋਏ। ਗੁਰੂ ਸਾਹਿਬ ਦੇ ਪ੍ਰਯਾਗ ਦੌਰੇ ਜਾਂ ਕਿਆਮ ਦੀ ਮਿਤੀ ਮਿਲ ਜਾਣ ਨਾਲ ਹੀ ਇਹ ਵਿਵਾਦ ਦੂਰ ਹੋ ਸਕਦਾ ਹੈ। ਪਰ ਇਹ ਤਾਰੀਖ ਕਿਸੇ ਪ੍ਰਮਾਣੀਕ ਸਿੱਖ ਗ੍ਰੰਥ ਵਿਚੋਂ ਪ੍ਰਮਾਣੀਕ ਰੂਪ ਵਿਚ ਨਾ ਮਿਲਦੀ ਹੋਣ ਕਰ ਕੇ ਸਾਨੂੰ ਹੋਰ ਲਿਖਤਾਂ ਦਾ ਆਸਰਾ ਲੈਣਾ ਪਵੇਗਾ।

ਸਭ ਸਿੱਖ ਇਤਿਹਾਸਕਾਰ ਇਸ ਗੱਲੇ ਸਰਬਸੰਮਤ ਹਨ ਕਿ ਗੁਰੂ ਤੇਗ ਬਹਾਦਰ ਜੀ ਪੂਰਬ ਦੀ ਯਾਤਰਾ ਦੌਰਾਨ ਰਾਜਾਰਾਮ ਸਿੰਘ[76] ਦੀ ਕਾਮਰੂਪ ਦੀ ਮੁਹਿੰਮ ਵਿਚ ਸਹਾਇਤਾ ਵਾਸਤੇ ਉਸ ਦੇ ਨਾਲ ਗਏ ਸਨ। ਮੁਆਸ਼ਰੇ ਆਲਮਗੀਰੀ ਅਨੁਸਾਰ, ਗੁਹਾਟੀ ਉੱਤੇ ਦੁਸ਼ਮਣ ਦੇ ਕਬਜ਼ੇ ਦੀ ਖ਼ਬਰ ਸੁਣ ਕੇ ਔਰੰਗਜ਼ੇਬ ਨੇ ਫ਼ੈਸਲਾ ਕੀਤਾ ਕਿ ਦਰਬਾਰ ਦੇ ਕਿਸੇ ਉੱਘੇ ਅਮੀਰ ਨੂੰ ਦੁਸ਼ਮਣ ਦੀ ਤਬਾਹੀ ਦਾ ਕੰਮ ਸੌਂਪਿਆ ਜਾਇ।...ਇਸ ਫ਼ੈਸਲੇ ਅਨੁਸਾਰ ਇਸ ਕੰਮ ਲਈ ਰਾਜਾ ਰਾਮ ਸਿੰਘ ਨੂੰ ਚੁਣਿਆ ਗਿਆ ਤੇ ਰਜਬ ਦੀ 21 ਤਾਰੀਖ ਦਿਨ ਸ਼ੁਕਰਵਾਰ 1077 ਹਿਜਰੀ ਨੂੰ ਇਸ ਮੁਹਿੰਮ ਤੇ ਚੜ੍ਹਨ ਦਾ ਉਸ ਨੂੰ ਹੁਕਮ ਹੋਇਆ।[77] ਇਹ ਬਿਕ੍ਰਮੀ ਸੰਮਤ 1724 ਦੇ ਪੋਹ 28 ਦਿਨ ਬਣਦੇ ਹਨ।[78] ਡਾ. ਤਾਰਨ ਸਿੰਘ ਅਨੁਸਾਰ ਗੁਰੂ ਜੀ ਕੁਰੂਕਸ਼ੇਤਰ, ਹਰਦੁਵਾਰ ਆਦਿ ਥਾਵਾਂ ਦੀਆਂ ਸੰਗਤਾਂ ਨੂੰ ਤਾਰਦੇ ਹੋਏ ਮਾਰਚ 1669 ਵਿਚ ਪ੍ਰਯਾਗ ਜਾਂ ਬਿਰਾਜੇ। ਚੰਦ ਤੇ ਸੂਰਜ ਗ੍ਰਹਿਦ ਨੇੜੇ ਨੇੜੇ ਹੋਣ ਕਾਰਨ ਗੁਰੂ ਜੀ ਨੇ ਇਥੇ ਕਰੀਬ ਇਕ ਮਹੀਨਾ ਦਰਸ਼ਨ ਦਿੱਤੇ।[79] ਮੈਕਾਲਿਫ ਇਹ ਸਮਾਂ ਛੇ ਮਹੀਨੇ ਲਿਖਦਾ ਹੈ।[80]

ਪ੍ਰਯਾਗ ਤੋਂ ਅਗਲੀ ਯਾਤਰਾ ਤੇ ਤੁਰਨ ਤੋਂ ਪਹਿਲਾਂ ਆਪ ਨੇ ਪਰਵਾਰ ਪਟਨੇ ਭੇਜ ਦਿੱਤਾ। ਪਟਨੇ ਦੀ ਸੰਗਤ ਵੱਲ ਲਿਖੇ ਇਕ ਹੁਕਮਨਾਮੇ ਵਿਚ ਆਪ ਨੇ ਲਿਖਿਆ ਸੀ "ਅਸੀਂ ਪਰੇ ਰਜੇ ਜੀ ਕੇ ਸਾਥ ਗਏ ਹਾਂ। ਕਬੀਲਾ ਹਮੇ ਪਟਣੇ ਮੇ ਛੋਡਾ ਹੈ।"[81] ਇਸ ਪਿੱਛੋਂ ਲਿਖੇ ਇਕ ਹੋਰ ਹੁਕਮਨਾਮੇ ਵਿਚ ਪਟਨੇ ਦੀ ਸੰਗਤ ਨੂੰ ਹੀ

ਆਪਨੇ ਸੂਚਨਾ ਦਿੱਤੀ ਹੈ ਕਿ ਆਪ ਰਾਜੇ ਤੋਂ ਚਾਰ ਦਿਨ ਪਿੱਛੋਂ ਸਫਰ ਤੇ ਤੁਰੇ ਹਨ। ਆਸਾਮ ਬਰੁੰਜੀ ਅਨੁਸਾਰ ਰਾਜਾ ਰਾਮ ਸਿੰਘ (ਤੇ ਗੁਰੂ ਜੀ) ਕਾਮਰੂਪ ਤੋਂ 2 ਮਾਰਚ 1670 ਨੂੰ ਰੰਗਾਮਾਟੀ ਪੁੱਜ ਗਏ ਸਨ।[82] ਡਾ. ਤਰਲੋਚਨ ਸਿੰਘ ਅਨੁਸਾਰ ਆਪ ਉਧਰ ਕੇਵਲ ਅੱਠ ਮਹੀਨੇ ਹੀ ਠਹਿਰੇ।[83] ਸ੍ਰੀ ਦਸਮੇਸ਼ ਦੇ ਜਨਮ ਦੀ ਖ਼ਬਰ ਆਪ ਨੂੰ ਧੁਬੜੀ ਦੇ ਸਥਾਨ ਤੇ ਪਹੁੰਚੀ ਹੋਣ ਦੇ ਕਿਆਸ ਇਤਿਹਾਸਕਾਰਾਂ ਨੇ ਲਾਏ ਹਨ। ਇਹ ਗੱਲ ਨਿਸਚੇ ਹੈ ਕਿ ਇਹ ਖ਼ਬਰ ਆਪ ਨੂੰ ਕਿਸੇ ਦੁਰੇਡੇ ਸਥਾਨ ਤੇ ਹੀ ਪਹੁੰਚੀ ਕਿਉਂਕਿ ਇਕ ਹੋਰ ਹੁਕਮਨਾਮੇ ਵਿਚ ਆਪ ਨੇ ਲਿਖਿਆ ਹੈ "ਗੋਬਿੰਦ ਦਾਸ ਕੀ ਬਧਾਈ ਉਪਰਿ" ਪਟਨੇ ਦੀ ਸੰਗਤ ਵਲੋਂ ਕੀਤਾ ਗਿਆ ਖਰਚ 'ਗੁਰੂ ਕੀ ਦਰਗਹ ਥਾਇ ਪਇਆ' ਤੇ 'ਪਿਛੇ ਸੇਵਾ ਕੀਤੀ ਸੋ ਥਾਇ ਪਈ।'[84] ਗੁਰੂ ਜੀ ਰਾਜੇ ਨੂੰ ਉੱਧਰ ਹੀ ਛੱਡ ਕੇ, ਭਟ ਵਹੀ ਤਲੋਡਾ ਅਨੁਸਾਰ, 22 ਹਾੜ੍ਹ 1729 ਬਿ: ਅਨੁਸਾਰ 22 ਜੂਨ 1670 ਨੂੰ ਦਿੱਲੀ ਭਾਈ ਕਲਿਆਣੇ ਦੀ ਧਰਮਸਾਲਾ ਆ ਵਿਰਾਜਦੇ ਹਨ ਤੇ ਉੱਥੋਂ ਲਖਨੌਰ ਹੁੰਦੇ ਹੋਏ ਮਦਰ ਦੇਸ (ਮਾਝਾ-ਪੰਜਾਬ) ਪੱਜਦੇ ਹਨ।[85] ਇਸ ਹਿਸਾਬ ਉਸ ਰੱਬੀ ਜੋਤਿ ਦਾ ਮਾਤਾ ਜੀ ਦੇ ਉਦਰ ਪ੍ਰਵੇਸ਼ ਕਰਨਾ ਮਾਰਚ 1669 ਸਹੀ ਸਿੱਧ ਹੁੰਦਾ ਹੈ। ਪਟਨੇ ਵਿਚ ਆਪ ਦੇ ਪ੍ਰਗਟ ਹੋਣ ਦਾ ਦਿਨ ਪੋਹ ਸੁਦੀ ਸਤਵੀਂ ਐਤਵਾਰ 20 ਪੋਹ 1726 ਬਣਦਾ ਹੈ ਜਾਂ 19 ਦਸੰਬਰ 1669। ਡਾਕਟਰੀ ਨਿਯਮ ਅਨੁਸਾਰ ਵੀ ਦੇਖਿਆ ਜਾਇ ਤਾਂ 19 ਦਸੰਬਰ ਨੂੰ ਸਰੀਰਕ ਤੌਰ ਤੇ ਪ੍ਰਗਟ ਹੋਣ ਵਾਲੀ ਆਤਮਾ ਦਾ ਉਦਰ ਪ੍ਰਵੇਸ਼ ਮਾਰਚ ਦੇ ਦੂਜੇ ਸਪਤਾਹ ਦੇ ਇਰਦ ਗਿਰਦ ਹੋਣਾ ਬਣਦਾ ਹੈ।[86] ਦਸਮੇਸ਼ ਰਚਨਾ ਦੇ ਚਾਨਣ ਵਿਚ 1723 ਬਿ. ਅਵਤਾਰ ਦਿਨ ਸਹੀ ਸਿੱਧ ਨਹੀਂ ਹੁੰਦਾ ਕਿਉਂਕਿ ਉਦੋਂ ਨਾ ਤਾਂ ਰਾਮ ਸਿੰਘ ਨੂੰ ਰਾਜੇ ਦੀ ਉਪਾਧੀ ਮਿਲੀ ਸੀ ਜੋ ਉਸ ਦੇ ਬਾਪ ਮਿਰਜ਼ਾ ਰਾਜਾ ਜੈ ਸਿੰਘ ਦੇ ਚਲਾਣੇ ਪਿਛੋਂ ਮਿਲੀ, ਨਾ ਹੀ ਕਾਮਰੂਪ ਵੱਲ ਮੁਹਿੰਮ ਭੇਜਣ ਵਾਲੇ ਕਾਰਨ ਪੈਦਾ ਹੋਏ ਸਨ ਤੇ ਨਾ ਹੀ ਗੁਰੂ ਤੇਗ ਬਹਾਦਰ ਜੀ ਦਾ ਪੂਰਬ ਦੀ ਯਾਤਰਾ ਅਰਥਾਤ ਪ੍ਰਯਾਗ ਜਾਣਾ ਸਹੀ ਸਿੱਧ ਹੁੰਦਾ ਹੈ। ਦਸਮੇਸ਼ ਜੀ ਦੇ ਆਪਣੇ ਲਿਖੇ ਸੰਕੇਤਾਂ ਨੂੰ ਅਸੀਂ ਕਿਸੇ ਤਰ੍ਹਾਂ ਵੀ ਝੁਠਲਾ ਨਹੀਂ ਸਕਦੇ। ਇਸ ਲਈ ਉਨ੍ਹਾਂ ਦੇ ਜਨਮ ਸੰਮਤ ਦਾ ਨਿਰਨਾ ਉਨ੍ਹਾਂ ਦੀ ਲਿਖਤ ਦੇ ਆਧਾਰ ਤੇ ਹੀ ਹੋ ਜਾਂਦਾ ਹੈ।

ਤੀਜਾ ਵਿਵਾਦ ਹੈ ਇਤਿਹਾਸ-ਮਿਥਿਹਾਸ ਦਾ। ਭਾਵੇਂ ਇਸ ਬਾਰੇ ਆਮ ਵਿਦਵਾਨਾਂ ਵਿਚਕਾਰ ਕੋਈ ਵਿਵਾਦ ਨਹੀਂ ਹੈ ਪਰ 'ਬਿਚਿਤ੍ਰ ਨਾਟਕ' ਦੀ ਲਿਖਤ ਅਨੁਸਾਰ ਬਣ ਵੀ ਸਕਦਾ ਹੈ। ਸਾਹਮਣੇ ਬੈਠੇ ਕਿਸੇ ਵਿਅਕਤੀ ਦੀ ਹੋਂਦ ਤੋਂ ਮੁਨਕਰ ਹੋਣਾ ਕਿਸੇ ਲਈ ਵੀ ਸੌਖਾ ਨਹੀਂ; ਪਰ ਸਦੀਆਂ ਪਹਿਲਾਂ ਹੋ ਗੁਜ਼ਰੇ ਪੂਰਵਜਾਂ ਦਾ ਤਾਂ ਉਨ੍ਹਾਂ ਦੇ ਵਾਰਸਾਂ ਨੂੰ ਵੀ ਪਤਾ ਨਹੀਂ ਹੁੰਦਾ, ਹੋਰ ਕਿਸੇ ਦੀ ਤਾਂ ਗੱਲ ਹੀ ਕੀ ਕਰਨੀ ਹੋਈ? ਗੁਰੂ ਗੋਬਿੰਦ ਸਿੰਘ ਜੀ ਨੇ ਇਸ ਗੱਲ ਨੂੰ ਵੀ ਆਪਣੀ ਰਚਨਾ ਦਾ ਵਿਸ਼ਾ ਬਣਾਇਆ ਹੈ। ਭਗਵਾਨ ਰਾਮ ਤੇ ਕ੍ਰਿਸ਼ਨ ਨੂੰ ਮਿਥਿਹਾਸਕ ਹੋਂਦਾਂ ਮੰਨਿਆ ਜਾਂਦਾ ਹੈ।[87] 'ਬਿਚਿਤ੍ਰ ਨਾਟਕ' ਦਾ ਆਰੰਭ ਆਪਣੇ ਕੁਰਸੀਨਾਮੇ ਜਾਂ ਬੰਸਾਵਲੀ ਤੋਂ ਸ਼ੁਰੂ ਕਰਦਿਆਂ, ਮਿਥਿਹਾਸਕ ਮੰਨੀਆਂ ਜਾਂਦੀਆਂ ਆਤਮਾਵਾਂ ਨੂੰ ਆਪਣੀ ਪੀੜ੍ਹੀ ਨਾਲ ਜੋੜ ਕੇ ਦਸਮੇਸ਼ ਜੀ ਨੇ ਇਤਿਹਾਸਿਕ ਰੁਤਬਾ ਪ੍ਰਦਾਨ ਕੀਤਾ ਹੈ। ਇਹ ਬੰਸਾਵਲੀ ਕਾਫ਼ੀ ਲੰਮੀ ਹੈ ਪਰ ਕਿਤੇ ਕਿਤੇ ਵਿਸਥਾਰ ਦੇ ਭੈ ਤੋਂ ਬਹੁਤ ਸੰਖੇਪ ਵਿਚ ਵੀ ਗੱਲ ਨਬੇੜੀ ਗਈ ਹੈ :

*ਅਬ ਮੈ ਕਹੋਂ ਸੁ ਅਪਨੀ ਕਥਾ। ਸੋਢੀ ਬੰਸ ਉਪਜਿਯਾ ਜਥਾ।...*
*ਤਾਤੇ ਸੂਰਜ ਰੂਪ ਕੋ ਧਰਾ। ਜਾਤੇ ਬੰਸ ਪ੍ਰਚੁਰ ਰਵਿ ਕਰਾ।...*
*ਜਬ ਤਿਨ ਭੇਸ ਜੋਗ ਕੋ ਲਯੋ। ਰਾਜ ਪਟ ਦਸਰਥ ਕੋ ਦਯੋ।...*
*ਪ੍ਰਿਥਮ ਜਯੋ ਤਿਹ ਰਾਮੁ ਕੁਮਾਰਾ। ਭਰਥ ਲੱਛਮਨ ਸਤ੍ਰੁ ਬਿਦਾਰਾ।...*
*ਤਿਨ ਤੇ ਪੁਤ੍ਰ ਪੌਤ੍ਰ ਜੇ ਵਏ। ਰਾਜ ਕਰਤ ਇਹ ਜਗ ਕੋ ਭਏ।...*
*ਕਹਾਂ ਲਗੇ ਤੇ ਬਰਨ ਸੁਨਾਊਂ ਤਿਨ ਕੇ ਨਾਮ ਨ ਸੰਖਿਆ ਪਾਊਂ।*
*ਤਾਂ ਤੇ ਪੁਤ੍ਰ ਪੌਤ੍ਰ ਹੁਇ ਆਇ। ਤੇ ਸੋਢੀ ਸਭ ਜਗਤਿ ਕਹਾਏ।...*[88]
*ਜਿਨੈ ਬੇਦ ਪੱਠਿਯੋ, ਸੁ ਬੇਦੀ ਕਹਾਏ। ਤਿਨੈ ਧਰਮ ਕੈ ਕਰਮ, ਨੀਕੇ ਚਲਾਏ।*[89]
*ਤਿਨ ਬੇਦੀਯਨ ਕੇ ਕੁਲ ਬਿਖੇ, ਪ੍ਰਗਟੇ ਨਾਨਕ ਰਾਇ।*
*ਸਭ ਸਿੱਖਨ ਕੋ ਸੁਖ ਦਏ, ਜੱਤ ਤੱਤ ਭਏ ਸਹਾਇ।...*
*ਹਰੀ ਕ੍ਰਿਸਨਿ ਤਿਨ ਕੇ ਸੁਤ ਵਏ। ਤਿਨ ਤੇ ਤੇਗ ਬਹਾਦੁਰ ਭਏ।*[90]

ਇਸ ਬੰਸਾਵਲੀ ਅਨੁਸਾਰ ਗੁਰੂ ਗੋਬਿੰਦ ਸਿੰਘ ਨੇ ਆਪਣੀ ਪੀੜ੍ਹੀ ਰਘੁਕੁਲ ਦੇ ਰਾਮ ਨਾਲ ਜੋੜ ਕੇ ਅਗੋਂ

ਸੋਢੀ-ਬੇਦੀ ਬੰਸਾਂ ਤੇ ਲੈ ਆਂਦਾ ਹੈ। ਸੋਢੀ ਬੰਸ ਵਿਚੋਂ ਆਪ ਸਨ ਹੀ।

ਇਕ ਨਿਰਨਾ ਗੁਰੂ ਸਾਹਿਬ ਨੇ ਹੋਰ ਵੀ ਕੀਤਾ ਹੈ। ਅਨੰਦਪੁਰ ਦੇ ਬੰਨ੍ਹੇ ਜਾਣ ਜਾਂ ਉਸ ਦੀ ਨੀਂਹ ਰੱਖੇ ਜਾਣ ਬਾਰੇ ਵੀ ਇਤਿਹਾਸਕਾਰਾਂ ਵਿਚ ਮਤਭੇਦ ਹਨ। ਇਹ ਠੀਕ ਹੈ ਕਿ ਅਨੰਦਪੁਰ ਵਾਲੀ ਜਗ੍ਹਾ ਖਰੀਦ ਕੇ ਗੁਰੂ ਤੇਗ ਬਹਾਦੁਰ ਜੀ ਨੇ ਉੱਥੇ ਵਸੇਬਾ ਸ਼ੁਰੂ ਕਰ ਦਿੱਤਾ ਸੀ ਪਰ ਇਸ ਸਥਾਨ ਦਾ ਨਾ ਮਾਖੋਵਾਲ ਹੀ ਰਿਹਾ। ਦੂਜੇ ਪਾਸੇ ਮੈਕਾਲਿਫ ਕਹਿੰਦਾ ਹੈ ਕਿ ਅਨੰਦਪੁਰ ਦੀ ਨੀਂਹ ਗੁਰੂ ਤੇਗ ਬਹਾਦਰ ਜੀ ਨੇ 1665 ਈ: ਵਿਚ ਰਖੀ।[91] ਕਨਿੰਘਮ ਦਾ ਵਿਚਾਰ ਹੈ ਕਿ ਗੁਰੂ ਤੇਗ ਬਹਾਦਰ ਜੀ ਦੇ ਰਹਾਇਸ਼ੀ ਸਥਾਨ ਤੇ ਹੀ ਆਪਣੀ ਵੱਖਰੀ ਰਹਾਇਸ਼ਗਾਹ ਨੂੰ ਹੀ ਗੁਰੂ ਦਸਮੇਸ਼ ਨੇ ਅਨੰਦਪੁਰ ਦਾ ਨਾਂ ਦਿੱਤਾ ਸੀ।[92] ਇਕ ਹੋਰ ਇਤਿਹਾਸਕਾਰ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਪੌਂਟੇ ਜਾਣ ਤੋਂ ਪਹਿਲਾਂ ਹੀ ਅਨੰਦਪੁਰ ਕਾਇਮ ਹੋ ਚੁੱਕਾ ਸੀ।[93] ਮੈਕਲੋਡ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਅਨੰਦਪੁਰ ਨੂੰ ਪੁਨਰਸਥਾਪਨ ਜਾਂ ਪੁਨਰ ਆਬਾਦ ਕੀਤਾ।[94] ਇਕ ਸਿੱਖ ਇਤਿਹਾਸਕਾਰ ਗੁਰੂ ਜੀ ਦੀ ਪੌਂਟੇ ਤੋਂ ਵਾਪਸੀ ਜਨਵਰੀ 1687 ਅਨੁਸਾਰ 1744 ਬਿ: ਵਿਚ ਹੋਈ ਲਿਖਦਾ ਹੈ।[95] ਜਦ ਕਿ ਗੁਰੂ ਜੀ ਦੇ ਆਪਣੇ ਲਿਖਣ ਅਨੁਸਾਰ ਆਪ 1745 ਵਿਚ ਪੌਂਟੇ ਵਿਚ ਹੀ ਸਾਹਿਤ ਰਚਨਾ ਕਰ ਰਹੇ ਸਨ।[96] ਇਸ ਵਿਵਾਦ ਨੂੰ ਗੁਰੂ ਜੀ ਆਪਣੀ ਸਵੈਜੀਵਨੀ ਵਿਚ ਨਜਿੱਠਦੇ ਹੋਏ ਲਿਖਦੇ ਹਨ ਕਿ ਭੰਗਾਣੀ ਦਾ ਯੁੱਧ ਜਿੱਤਣ ਪਿੱਛੋਂ ਅਨੰਦਪੁਰ ਦੀ ਨੀਂਹ ਰੱਖੀ ਗਈ। ਇਸ ਯੁੱਧ ਵਿਚ ਕਾਇਰਤਾ ਦਿਖਾ ਕੇ ਨਾ ਲੜਨ ਵਾਲਿਆਂ ਨੂੰ ਉੱਥੋਂ ਕੱਢ ਦਿੱਤਾ ਗਿਆ ਤੇ ਬੀਰਤਾ ਦਿਖਾਉਣ ਵਾਲਿਆਂ ਦੀ ਪ੍ਰਤਿਪਾਲਨਾ ਕੀਤੀ ਗਈ:

*ਜੁੱਧ ਜੀਤ ਆਇ ਜਬੈ ਟਿਕੈ ਨ ਤਿਨ ਪੁਰ ਪਾਵ।*
*ਕਾਹਲੂਰ ਮੈ ਬਾਂਧਿਓ, ਆਨਿ ਅਨੰਦ ਪੁਰ ਗਾਂਵ।*
*ਜੇ ਜੇ ਨਰ ਤੱਰ ਨਾ ਭਿਰੇ, ਦੀਨੇ ਨਗਰ ਨਿਕਾਰ।*
*ਜੇ ਤਿਹ ਠਉਰ ਭਲੇ ਭਿਰੇ, ਤਿਨੈ ਕਰੀ ਪ੍ਰਤਿਪਾਰ।*[97]

ਉੱਤਮ ਸਾਹਿੱਤਕ ਰਚਨਾ ਵਾਂਗ ਇਤਿਹਾਸਕਾਰੀ ਵੀ ਅਮਲ ਸ਼ਾਂਤੀ ਦੇ ਵਾਤਾਵਰਨ ਵਿਚ ਪਰਾਪਤ ਸੁਖਾਵੇ ਵਿਹਲ ਵਿਚਲੀ ਮਾਨਸਕ ਇਕਾਗ੍ਰਤਾ ਦੇ ਫਲਸਰੂਪ ਹੀ ਕੀਤੀ ਜਾ ਸਕਦੀ ਹੈ। ਗੁਰੂ ਗੋਬਿੰਦ ਸਿੰਘ ਦੇ ਭਾਗਾਂ ਵਿਚ ਸ਼ਾਂਤ ਜੀਵਨ ਨਹੀਂ ਸੀ। ਉਨ੍ਹਾਂ ਦਾ ਅਵਤਾਰ ਸੰਘਰਸ਼ ਵਿਚ ਹੋਇਆ, ਉਨ੍ਹਾਂ ਦੇ ਜੀਵਨ ਦਾ ਅੰਤ ਵੀ ਸੰਘਰਸ਼ ਵਿਚ ਹੋਇਆ। ਸੰਘਰਸ਼ ਉਨ੍ਹਾਂ ਉੱਪਰ ਪ੍ਰਸਿਥਿਤੀ ਸ਼ਕਤੀ ਵਲੋਂ ਠੋਸਿਆ ਗਿਆ ਸੀ ਤੇ ਇਹ ਉਨ੍ਹਾਂ ਨੂੰ ਭਰਪੂਰ ਮਾਤਰਾ ਵਿਚ ਪਰਾਪਤ ਹੋਇਆ। ਇਹ ਇਕ ਪਵਿੱਤਰ ਸੰਘਰਸ਼ ਸੀ...।[98]

ਗੁਰੂ ਗੋਬਿੰਦ ਸਿੰਘ ਜਾ ਇਤਿਹਾਸ ਗਿਆਨ ਵਿਸ਼ਾਲ ਸੀ। ਪ੍ਰਾਚੀਨ ਭਾਰਤੀ ਇਤਿਹਾਸ ਪਰੰਪਰਾ ਨੂੰ ਕਾਇਮ ਰੱਖਦਿਆਂ ਉਸ ਵਿਚ ਸਵੈ ਜੀਵਨੀ ਸਾਹਿਤ ਦਾ ਵਾਧਾ ਕਰਨ ਨਾਲ ਆਪ ਗੁਰੂ ਕਾਲ ਦੀ ਇਤਿਹਾਸ ਪਰੰਪਰਾ ਤੋਂ ਵੀ ਕਿਤੇ ਅੱਗੇ ਲੰਘ ਗਏ ਤੇ ਭਾਰਤੀ ਸਾਹਿਤ ਵਿਚ ਪਹਿਲੇ ਸਵੈਜੀਵਨੀਕਾਰ ਹੋਣ ਦਾ ਮਾਣ ਆਪ ਨੂੰ ਪ੍ਰਾਪਤ ਹੋਇਆ। "ਕੋਈ ਮਹਾਂ ਪੁਰਖ ਵਿਅਰਥ ਜੀਵਨ ਨਹੀਂ ਜਿਉਂਦਾ।" ਕਾਰਲਾਈਲ ਦਾ ਕਹਿਣਾ ਹੈ, "ਕੇਵਲ ਮਹਾਂਪੁਰਖਾਂ ਦੀਆਂ ਜੀਵਨੀਆਂ ਹੀ ਵਿਸ਼ਵ ਇਤਿਹਾਸ ਹਨ।"[99] ਇਸ ਪੱਖੋਂ 'ਬਿਚਿਤ੍ਰ ਨਾਟਕ' ਨੂੰ ਉੱਘਾ ਸਥਾਨ ਪਰਾਪਤ ਹੈ।

## ਹਵਾਲੇ/ਟਿੱਪਣੀਆਂ

1. *ਆਦਿ ਗ੍ਰੰਥ*, ਪੰਨਾ 723
2. ਪ੍ਰੋ. ਕਿਰਪਾਨ ਸਿੰਘ ਕਸੇਲ, *ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ*, ਲੁਧਿਆਣਾ, 1954, ਪੰਨਾ 225
3. ਡਾ. ਗੰਡਾ ਸਿੰਘ, *ਗੁਰ ਸੋਭਾ*, ਪਟਿਆਲਾ, ਪੰਨਾ 5, 6
4. ਇਤਿਹਾਸ ਪੁਰਾਣਾ, ਪੰਚਮ ਬੇਦਨਾ ਵੇਕਹਿਤਿ-ਨਿਆਇ ਦਰਸ਼ਨ ਪ. ਸੂਤ੍ਰਫਟ.
5. ਭਾਈ ਵੀਰ ਸਿੰਘ, *ਪ੍ਰਸਤਾਵਨਾ*, *ਗੁਰ ਪ੍ਰਤਾਪ ਸੂਰਜ ਗ੍ਰੰਥ*, ਪਟਿਆਲਾ, 1989, ਪੰਨਾ 59
6. *ਉਹੀ*, ਪੰਨਾ 58
7. ਪੰਡਤ ਵਿਸ਼ਵਨਾਥ, *ਗੋਲਡਨ ਇਤਿਹਾਸ ਭਾਰਤਵਰਸ਼*, ਜਲੰਧਰ, 1955, ਪੰਨਾ 18
8. ਮੋਹਨਲਾਲ, ਵਿਸ਼ਨੂਲਾਲ, ਸੰਪਾ. *ਪ੍ਰਿਥਵੀਰਾਜ ਰਾਇਸੋ*, ਬਨਾਰਸ, 1904
9. ਪਾਂਡੇ ਰਾਮਤੇਲ ਸ਼ਾਸਤਰੀ ਸੰਪਾ. (ਭੂਮਿਕਾ) *ਰਾਜਤ੍ਰੰਗਣੀ ਕਾਸ਼ੀ*, 1960

10. *ਪੰਜਾਬੀ ਵਿਸ਼ਵ ਕੋਸ਼*, ਪਟਿਆਲਾ, ਜਿਲਦ ਸੱਤਵੀਂ, ਪੰਨਾ 85
11. *ਪ੍ਰਸਤਾਵਨਾ, ਗੁਰ ਪ੍ਰਤਾਪ ਸੂਰਜ*, ਪੰਨਾ 57
12. *ਉਹੀ*, ਪੰਨਾ 57, 58
13. ਡਾ. ਗੰਡਾ ਸਿੰਘ, (ਸੰਪਾ.) *ਗੁਰ ਸੋਭਾ*, ਪਟਿਆਲਾ, 1967, ਪੰਨਾ 6,7
14. ਭਾਈ ਵੀਰ ਸਿੰਘ, *ਪ੍ਰਸਾਤਵਨਾ*, ਪੰਨਾ 58
15. *ਪ੍ਰਿਥਵੀਰਾਜ ਰਾਇਸੋ*, ਛੰਦ 355, ਸਰਗ ਪਹਿਲਾ।
16. ਮੋਹਨ ਲਾਲ ਵਿਸ਼ਨੂ ਲਾਲ, *ਪ੍ਰਿਥਵੀਰਾਜ ਰਾਇਸੋ*, ਪੰਨਾ 136, 139, 140
17. *ਉਹੀ*, ਪੰਨਾ 139, 140
18. *ਸਾਰੁਕਤਾਵਲੀ*, ਪੰਨਾ 50
19. *ਕਵਿ ਵ੍ਰਿੰਦ*, ਵ੍ਰਿੰਦ ਸਤਸਈ
20. *ਆਦਿ ਗ੍ਰੰਥ*, ਪੰਨਾ 417, 722, 723
21. *ਉਹੀ*, ਪੰਨਾ 1210
22. *ਸ਼ਬਦਾਰਥ ਆਦਿ ਗ੍ਰੰਥ*, ਅੰਮ੍ਰਿਤਸਰ, ਪੰਨਾ 1210
23. *ਆਦਿ ਗ੍ਰੰਥ*, ਪੰਨਾ 199
24. *ਸ਼ਬਦਾਰਥ*, ਪੰਨਾ 199
25. ਡਾ. ਗੰਡਾ ਸਿੰਘ *ਗੁਰ ਸੋਭਾ*, ਪੰਨਾ 6
26. ਸ. ਕਪੂਰ ਸਿੰਘ, *ਸਿਖ ਰਿਵਿਊ*, ਕਲਕੱਤਾ, ਜਨਵਰੀ 1976, ਪੰਨਾ 104
27. ਬਖਸ਼ੀਸ਼ ਸਿੰਘ ਨਿਝਰ, *ਹਿਸਟੋਰੀਅਨਜ਼, ਐਡ ਹਿਸਟੋਗ੍ਰੀਓਗਰਾਫੀ*, ਕਲਕੱਤਾ, 1973, ਪੰਨਾ 427
28. ਰਾਮਤੇਲ ਸ਼ਾਸਤਰੀ, *ਰਾਜਤ੍ਰੰਗਣੀ*, ਪੰਨਾ 3
29. *ਉਹੀ*
30. ਕਲਹਣ, *ਰਾਜਤ੍ਰੰਗਣੀ*, ਪੰਨਾ 2
31. *ਆਦਿ ਗ੍ਰੰਥ*, ਪੰਨਾ 894
32. ਡਾ. ਫੌਜਾ ਸਿੰਘ, (ਭੂਮਿਕਾ) *ਗੁਰ ਬਿਲਾਸ* ਕੁਇਰ ਸਿੰਘ, ਪਟਿਆਲਾ, 1968, ਪੰਨਾ 7
33. ਸ. ਕਪੂਰ ਸਿੰਘ, *ਪ੍ਰਾਸ਼ਰ ਪ੍ਰਸ਼ਨਾ* (ਅੰਗ੍ਰੇਜ਼ੀ) ਅੰਮ੍ਰਿਤਸਰ, ਪੰਨਾ 204
34. ਭਾਈ ਰਣਧੀਰ ਸਿੰਘ, *ਗੁਰਪ੍ਰਣਾਲੀਆਂ*, ਅੰਮ੍ਰਿਤਸਰ, 1977 ਪੰਨਾ 41
35. ਡਾ. ਗੰਡਾ ਸਿੰਘ, *ਗੁਰ ਸੋਭਾ*, ਪੰਨਾ 8
36. *ਦਸਮ ਗ੍ਰੰਥ*, ਪੰਨਾ 1388
37. ਮੈਕਾਲਿਫ, *ਸਿਖ ਰਿਲੀਜਨ*, ਜਿ: 5, ਪੰਨਾ 51
38. *ਬਿਚਿਤ੍ਰ ਨਾਟਕ*, ਅਧਿਆਇ ਨੌਵਾਂ
39. *ਉਹੀ*, ਅਧਿਆਇ ਗਿਆਰਵਾਂ
40. *ਮੁਆਸਰੇ ਆਲਿਮਗੀਰੀ*, ਪੰਨਾ 349
41. *ਬਿਚਿਤ੍ਰ ਨਾਟਕ*, ਅਧਿਆਇ ਤੇਰਵਾਂ
42. *ਉਹੀ*, ਅਧਿਆਇ ਨੌਵਾਂ
43. *ਉਹੀ*, ਅਧਿਆਇ ਗਿਆਰਵਾਂ
44. *ਪੰਜ ਸੌ ਸਾਲਾ ਜੰਤਰੀ*
45. *ਬਿਚਿਤ੍ਰ ਨਾਟਕ*, ਅਧਿਆਇ ਛੇਵਾਂ, ਛੰਦ 33
46. *ਉਹੀ*, ਛੰਦ 34
47. *ਉਹੀ*, ਛੰਦ 59
48. *ਉਹੀ*, ਛੰਦ 50
49. *ਉਹੀ*, ਛੰਦ 64
50. *ਉਹੀ*, ਛੰਦ 63
51. *ਉਹੀ*, ਛੰਦ 69
52. *ਉਹੀ*, ਅਧਿਆਇ ਤੀਜਾ
53. *ਉਹੀ*, ਅਧਿਆਇ ਪੰਜਵਾਂ
54. ਮੈਕਲੋਡ, *ਗੁਰੂ ਨਾਨਕ ਐਡ ਸਿਖ ਰਿਲੀਜਨ*, ਆਕਸਫੋਰਡ, 1968 (ਅ) *ਸਿਖ ਰੀਵੀਊ*, ਕਲਕੱਤਾ, ਮਈ 1996, ਪੰਨਾ 24

55. ਭਾਈ ਵੀਰ ਸਿੰਘ, *ਪ੍ਰਸਤਾਵਨਾ ਗੁਰ ਪ੍ਰਤਾਪ ਸੂਰਜ*, ਪੰਨਾ 54
56. ਡਾ. ਗੰਡਾ ਸਿੰਘ, *ਗੁਰ ਸੋਭਾ*, ਪਟਿਆਲਾ, ਪੰਨਾ 8
57. *ਬਿਚਿਤ੍ਰ ਨਾਟਕ*, ਅਧਿਆਇ ਛੇਵਾਂ
58. *ਉਹੀ*, ਅਧਿਆਇ ਅਠਵਾਂ
59. *ਉਹੀ*
60. *ਉਹੀ*, ਅਧਿਆਇ ਅਠਵਾਂ
61. *ਉਹੀ*
62. *ਉਹੀ*, ਅਧਿਆਇ ਗਿਆਰ੍ਹਵਾਂ
63. *ਉਹੀ*, ਅਧਿਆਇ ਬਾਰ੍ਹਵਾਂ
64. ਮੈਕਾਲਿਫ, *ਸਿਖ ਰਿਲੀਜਨ*, ਆਕਸਫੋਰਡ, 1909, ਜਿਲਦ ਪੰਜਵੀਂ, ਪੰਨਾ 55
65. *ਬਚਿਤ੍ਰ ਨਾਟਕ*, ਅਧਿਆਇ ਦਸਵਾਂ
66. *ਉਹੀ*, ਅਧਿਆਇ ਨੋਵਾਂ
67. *ਉਹੀ*, ਅਧਿਆਇ ਅਠਵਾਂ
68. *ਉਹੀ*
69. *ਉਹੀ*, ਅਧਿਆਇ ਨੋਵਾਂ
70. *ਬਿਚਿਤ੍ਰ ਨਾਟਕ*, ਅਧਿਆਇ ਪੰਜਵਾਂ
71. ਸ੍ਰ. ਕਪੂਰ ਸਿੰਘ, *ਸਿਖ ਰਿਵੀਊ*, ਕਲਕੱਤਾ, 1976, ਪੰਨਾ 104
72. *ਮੁਆਸਰੇ ਆਲਮਗੀਰੀ*, ਪੰਨਾ 135
73. ਭਾਈ ਰਣਧੀਰ ਸਿੰਘ, *ਆਲੋਚਨਾ ਮਾਸਕ*, ਲੁਧਿਆਣਾ, ਜੁਲਾਈ-ਸਤੰਬਰ, 1965, ਪੰਨਾ 10
74. ਭਾਈ ਰਣਧੀਰ ਸਿੰਘ, *ਗੁਰ ਪ੍ਰਣਾਲੀਆਂ*, ਅੰਮ੍ਰਿਤਸਰ, ਪੰਨਾ 115, 166
75. *ਬਚਿਤ੍ਰ ਨਾਟਕ*, ਅਧਿਆਇ ਸਤਵਾਂ
76. ਇਸ ਰਾਜੇ ਦੇ ਨਾਂ ਇਤਿਹਾਸਾਂ ਵਿਚ ਵੱਖ ਵੱਖ ਲਿਖੇ ਹਨ ਪਰ ਮੁਆਸਰੇ ਆਲਮਗੀਰੀ ਅਨੁਸਾਰ ਇਹ ਠੀਕ ਨਾਂ ਹੈ।
77. *ਮੁਆਸਰੇ ਆਲਮਗੀਰੀ*, ਪੰਨਾ 56
78. *ਪੰਜ ਸੌ ਸਾਲਾ ਜੰਤਰੀ*
79. ਡਾ. ਤਾਰਨ ਸਿੰਘ, *ਸ਼ਬਦਾਰਥ ਦਸਮ ਗ੍ਰੰਥ*, ਹਿੱਸਾ ਪਹਿਲਾ, ਪੰਨਾ 76
80. ਮੈਕਾਲਿਫ, *ਸਿੱਖ ਰਿਲੀਜਨ*, ਜਿ. 4, ਪੰਨਾ 344
81. ਡਾ. ਗੰਡਾ ਸਿੰਘ, *ਹੁਕਮਨਾਮੇ*, ਪਟਿਆਲਾ, 1993, ਪੰਨਾ 86
82. ਸ੍ਰੀ ਸੁਰਤਿ ਕੁਮਾਰ ਦਤ, *ਆਸਾਮ ਬੁਰੰਜੀ*
83. ਡਾ. ਤਰਲੋਚਨ ਸਿੰਘ, *ਸਿੱਖ ਰੀਵੀਊ*, ਕਲਕੱਤਾ, ਜਨਵਰੀ, 1976, ਪੰਨਾ 39
84. ਸ਼ਮਸ਼ੇਰ ਸਿੰਘ ਅਸ਼ੋਕ, *ਹੁਕਮਨਾਮੇ*, ਅੰਮ੍ਰਿਤਸਰ, 1967, ਪੰਨਾ 35
85. ਡਾ. ਫੌਜਾ ਸਿੰਘ, *ਭਟ ਵਹੀਜ਼*, *ਸਿੱਖ ਰਿਵੀਊ*, ਕਲਕੱਤਾ , ਜਨਵਰੀ 1976, ਪੰਨਾ 82
86. *ਹਿੰਦੂ ਮਿਥਿਹਾਸ ਕੋਸ਼*, ਪਟਿਆਲਾ, 1973, ਪੰਨੇ 185, 465-67
87. *ਨਰਸਿੰਗ ਗਾਈਡ*
88. *ਬਚਿਤ੍ਰ ਨਾਟਕ*, ਅਧਿਆਇ ਦੂਜਾ
89. *ਉਹੀ*, ਅਧਿਆਇ ਚੋਥਾ
90. *ਉਹੀ*, ਅਧਿਆਇ, ਪੰਜਵਾਂ
91. ਮੈਕਾਲਿਫ, *ਸਿਖ ਰਿਲੀਜਨ*, ਜਿ: 4, ਪੰਨਾ 338
92. ਕਨਿੰਘਮ, *ਹਿਸਟਰੀ ਆਫ ਦੀ ਸਿਖਸ*, ਦਿੱਲੀ, 1972, ਪੰਨਾ 69
93. ਕਰਤਾਰ ਸਿੰਘ, *ਗੁਰੂ ਗੋਬਿੰਦ ਸਿੰਘ*, ਲੁਧਿਆਣਾ, 1962, ਪੰਨਾ 180
94. ਮੈਕਲੋਡ, *ਸਿਖਇਜ਼ਮ*, ਮਾਨਚੈਸਟਰ, 1984, ਪੰਨਾ 62
95. ਸਤਬੀਰ ਸਿੰਘ, *ਸਾਡਾ ਇਤਿਹਾਸ*, ਜਲੰਧਰ, 1971, 284
96. ਸਤ੍ਹ ਸੈ ਪੈਤਾਲ ਮਹਿ ਸਾਵਨ ਸੁਦਿ ਥਿਤਿ ਦੀਪ। ਨਗਰ ਥਾਵਟਾ ਸੁਭ ਕਰਨ, ਜਮਨਾ ਬਹੈ ਸਮੀਪ। (ਦਸਤਮ ਗ੍ਰੰਥ, ਕ੍ਰਿਸ਼ਨਾਵਤਾਰ)
97. *ਬਿਚਿਤ੍ਰ ਨਾਟਕ*, ਅਧਿਆਇ ਅਠਵਾਂ
98. ਡਾ. ਹੀਰਾਲਾਲ ਚੋਪੜਾ, *ਸਿੱਖ ਰਿਵੀਊ* ਕਲਕੱਤਾ, ਦਸਬੰਰ 1995, ਪੰਨਾ 19
99. ਥਾਮਸ ਕਾਰਨਾਇਲ, *ਹੀਰੋਜ਼, ਐਂਡ ਹੀਰੋ ਵਰਸ਼ਿਪ*

# ਬਿਚਿਤ੍ਰ ਨਾਟਕ ਦਾ ਮਿੱਥ ਰੂਪਾਂਤਰਣ

ਗੁਲਜ਼ਾਰ ਸਿੰਘ ਕੰਗ

---

ਮਿੱਥ ਦਾ ਸ਼ਬਦੀ ਅਰਥ ਮਿਥਿਆ ਜਾਂ ਕਲਪਿਤ ਹੈ। ਸਾਹਿਤ ਵਿਚ ਮਿੱਥ ਨੂੰ ਦੇਵ ਕਥਾ ਦੀ ਸੰਗਿਆ ਦਿੱਤੀ ਜਾਂਦੀ ਹੈ। ਭਾਵੇਂ ਕਿ ਮਿੱਥ ਨਿਰੋਲ ਦੇਵਤਿਆਂ ਦੀ ਕਥਾ ਨਹੀਂ ਹੁੰਦੀ। ਡਾ. ਖਿੰਦ[1] ਪੁਰਾਣ ਕਥਾ ਸ਼ਬਦ ਨੂੰ ਮਿੱਥ ਦਾ ਸਮਾਨਾਰਥੀ ਸ਼ਬਦ ਪਰਵਾਨ ਕਰਦਾ ਹੈ। ਵੇਖਿਆ ਜਾਵੇ ਤਾਂ ਪੁਰਾਣ ਕਥਾ ਵੀ ਮਿੱਥ ਤੇ ਵਿਸਤ੍ਰਿਤ ਅਰਥਾਂ ਨੂੰ ਪ੍ਰਗਟ ਕਰਨ ਤੋਂ ਅਸਮਰਥ ਹੈ। ਮਿੱਥ ਤੋਂ ਭਾਵ ਇਕ ਮੌਲਿਕ, ਪੌਰਾਣਿਕ, ਕਲਪਤ ਅਤੇ ਅਲੌਕਿਕ ਕਥਾ ਹੈ ਜੋ ਲੋਕ ਮਾਨਸ ਵਿਚ ਧਾਰਮਿਕ ਸੰਕਲਪਾਂ ਦੇ ਆਧਾਰ ਉੱਤੇ ਦੈਵੀ ਪ੍ਰਭਾਵ ਰੱਖਦੀ ਹੈ। ਪੌਰਾਣਿਕ ਕਥਾਵਾਂ ਦਾ ਆਧਾਰ ਪੂਰਨ ਇਤਿਹਾਸ ਵਿਚ ਦੇਵੀ ਦੇਵਤਿਆਂ, ਦੈਵੀ ਸ਼ਕਤੀਆਂ, ਸੂਰਬੀਰਾਂ, ਨਾਇਕਾਂ ਅਤੇ ਕਬੀਲਿਆਂ ਦੇ ਰਾਜਿਆਂ ਨਾਲ ਸੰਬੰਧਿਤ ਕਿਸੇ ਘਟਨਾ ਅਤੇ ਕਾਲਪਨਿਕ ਪਾਸਾਰ ਨਾਲ ਹੁੰਦਾ ਹੈ। ਇਸੇ ਕਰਕੇ ਪੁਰਾਣ ਕਥਾਵਾਂ ਮਿਥਿਹਾਸ ਕਰਕੇ ਜਾਣੀਆਂ ਜਾਂਦੀਆਂ ਹਨ। ਇੱਥੇ ਇਸ ਗੱਲ ਦਾ ਵੀ ਧਿਆਨ ਰੱਖਣ ਦੀ ਲੋੜ ਹੈ ਕਿ ਪੁਰਾਣ ਕਥਾਵਾਂ ਤੋਂ ਬਾਹਰ ਜੋ ਲੌਕਿਕ ਪੱਧਰ 'ਤੇ ਮਿੱਥਾਂ ਸਿਰਜੀਆਂ ਜਾਂਦੀਆਂ ਹਨ, ਉਹ ਵੀ ਇਸੇ ਘੇਰੇ ਵਿੱਚ ਆਉਂਦੀਆਂ ਹਨ। ਇਵੇਂ ਕੇਵਲ ਪੁਰਾਣ ਕਥਾ ਹੀ ਮਿੱਥ ਨਹੀਂ ਹੁੰਦੀ ਸਗੋਂ ਉਹ ਹਰ ਕਥਾ ਜੋ ਗਲਪੀ ਮਿਆਰਾਂ ਕਰਕੇ ਸਰਬ ਸਮਿਆਂ ਲਈ ਪਰਵਾਨਤ ਹੋ ਜਾਂਦੀ ਹੈ, ਉਹ ਮਿੱਥ ਹੀ ਹੁੰਦੀ ਹੈ। ਇਹੀ ਕਾਰਨ ਹੈ ਕਿ ਪੁਰਾਤਨ ਸਾਹਿਤ ਵਿਚ 'ਕਥਾ' ਸ਼ਬਦ ਵਧੇਰੇ ਕਰਕੇ ਮਿੱਥ ਦੇ ਅਰਥਾਂ ਵਿਚ ਹੀ ਵਰਤਿਆਂ ਜਾਂਦਾ ਰਿਹਾ ਹੈ।

ਮਿੱਥ ਵਿਚ ਬ੍ਰਹਿਮੰਡ, ਪ੍ਰਕ੍ਰਿਤੀ ਅਤੇ ਪਰਾਣੀ ਜਗਤ ਦੇ ਰਹੱਸਾਂ ਨੂੰ ਕਲਪਨਾ ਦੀ ਪੱਧਰ ਉੱਪਰ ਸਮਝਣ ਵਿਚਾਰਨ ਦੀ ਚੇਸ਼ਟਾ ਕੀਤੀ ਜਾਂਦੀ ਹੈ। ਇਹ ਲੋਕ ਮਨ ਦੀ ਅਭਿਵਿਅਕਤੀ ਹੋਣ ਕਰਕੇ ਇਸ ਵਿਚ ਕਲਪਨਾ, ਯਥਾਰਥ ਅਤੇ ਇਤਿਹਾਸ ਬਿਨਾਂ ਕਿਸੇ ਨਿਖੇੜ ਦੇ ਮਿਲਵੇਂ ਰੂਪ ਵਿਚ ਗੁਨ੍ਹਿਆ, ਗਿਆ ਹੁੰਦਾ ਹੈ। ਡਾ. ਵਣਜਾਰਾ ਬੇਦੀ[2] ਅਨੁਸਾਰ, ਮਿੱਥ ਵਿਚ ਅਮੂਰਤ ਭਾਵਨਾ, ਕਲਪਤ ਵਸਤੂਆਂ, ਜੜ੍ਹ ਬਨਸਪਤੀ ਅਤੇ ਦ੍ਰਿਸ਼ਟਮਾਨ ਆਦਿ ਸਮੂਰਤ ਅਤੇ ਪ੍ਰਾਣਧਾਰੀ ਰੂਪ ਵਿਚ ਵਿਚਰਦੇ ਹਨ। ਇਵੇਂ ਮਿੱਥ ਵਿਚ ਸਿਰਜਿਆ ਕਲਾਤਮਿਕ ਜਗਤ ਬੜਾ ਅਨੂਠਾ ਅਤੇ ਅਲੌਕਿਕ ਹੋਣ ਤੋਂ ਇਲਾਵਾ ਦੇਸ਼ ਕਾਲ ਦੀਆਂ ਹੱਦਾਂ ਵਿਚ ਵੀ ਸੀਮਿਤ ਨਹੀਂ ਹੁੰਦਾ।

ਕਾਵਿਕ ਸੰਦਰਭ ਵਿਚ ਮਿੱਥ ਦੀ ਪ੍ਰਤੀਕਾਤਮਕ ਸਾਰਥਕਤਾ ਹੁੰਦੀ ਹੈ ਜੋ ਮਾਨਵ ਜੀਵਨ ਵਿਚ ਆਪਣੀ ਵਿਸੇਸ਼ ਮਹੱਤਤਾ ਰੱਖਦੀ ਹੈ। ਇਕ ਵਿਦਵਾਨ ਮਿੱਥ ਨੂੰ ਭਾਸ਼ਾ ਦੀ ਵੱਡੀ ਭੈਣ ਪਰਵਾਨ ਕਰਦਾ ਹੋਇਆ ਇਸ ਤੋਂ ਬਿਨਾ ਸਾਹਿਤਕਾਰ ਦਾ ਗੁਜ਼ਾਰਾ ਮੁਸ਼ਕਲ ਸਮਝਦਾ ਹੈ।[3] ਇਹ ਗੱਲ ਕਾਫ਼ੀ ਹੱਦ ਤਕ ਠੀਕ ਹੈ। ਮਿੱਥ ਦਾ ਜਦੋਂ ਮਨੋਵਿਗਿਆਨਿਕ ਦਾਰਸ਼ਨਿਕ, ਸਮਾਜ ਵਿਗਿਆਨਿਕ ਅਤੇ ਅਧਿਆਤਮਿਕ ਪੱਖ ਤੋਂ ਅਧਿਐਨ ਕੀਤਾ ਜਾਵੇ ਤਾਂ ਇਹ ਗੱਲ ਸਹਿਜੇ ਹੀ ਨਿਖਰ ਕੇ ਸਾਹਮਣੇ ਆਉਂਦੀ ਹੈ ਕਿ ਮਿੱਥ ਮਨੁੱਖ ਦਾ ਪਹਿਲਾ ਵਿਗਿਆਨ ਹੈ ਅਤੇ ਕਾਵਿ ਵਿਵੇਕ ਮਿੱਥ ਦੀ ਸਿਰਜਣਾ ਦਾ ਮੂਲ ਆਧਾਰ ਹੈ। ਇਸੇ ਧਾਰਨਾ ਨੂੰ ਮੁੱਖ ਰੱਖਦੇ ਹੋਏ ਇਤਾਲਵੀ ਚਿੰਤਕ ਵੀਕੋ[4] ਮਿੱਥ ਨੂੰ ਮਨੁੱਖ ਦੀ ਅਰਥ ਵਿਹੂਣੀ ਪਰਾਪਤੀ ਦੀ ਬਜਾਏ, ਮਨੁੱਖੀ ਗਿਆਨ ਦਾ ਭਰਪੂਰ ਸੰਸਾਰ ਪਰਵਾਨ ਕਰਦਾ ਹੈ।

ਮਿੱਥ ਭਾਵੇਂ ਪੂਰਵ-ਇਤਿਹਾਸ ਵਿਚ ਵਾਪਰੀ ਘਟਨਾ ਵਜੋਂ ਹੀ ਸਾਕਾਰ ਹੁੰਦੀ ਹੈ ਪਰ ਇਹ ਮਹਿਜ਼ ਇਕ ਕਾਲਪਨਿਕ ਸੰਕਲਪਾਂ ਦੀ ਬਿਰਤਾਂਤਕ ਕਥਾ ਹੀ ਨਹੀਂ ਹੁੰਦੀ, ਸਗੋਂ ਆਦਿ ਕਾਲ ਤੋਂ ਲੈ ਕੇ ਹੁਣ ਤਕ ਮਾਨਵ ਜੀਵਨ ਦੇ ਅਨੇਕ ਪੱਖਾਂ ਨੂੰ ਸਮਝਣ ਸਮਝਾਉਣ ਦੀ ਗਾਥਾ ਰਹੀ ਹੈ। ਜਿੰਦਗੀ ਦੇ ਵਿਕਾਸ ਨੂੰ ਦਰਸਾਉਣ ਵਾਲੀ ਇਹ ਕਥਾ ਸਮਗਰੀ ਜਿੱਥੇ ਜੀਵਨ ਦੇ ਮੂਲ ਤੱਤਾਂ ਦੀ ਯਥਾਰਥਕ ਸਚਾਈ ਨੂੰ ਬਿਆਨ ਕਰਦੀ ਹੈ, ਉੱਥੇ

ਅਧਿਆਤਮਿਕ ਜਗਤ ਦੀ ਪ੍ਰਤੀਕਾਤਮਕ ਤਸਵੀਰ ਵੀ ਪੇਸ਼ ਕਰਦੀ ਹੈ। ਇਹੀ ਕਾਰਨ ਹੈ ਕਿ ਮਿੱਥ ਤੋਂ ਮੈਟਾਫਿਜ਼ਕਸ ਅਤੇ ਪੁਰਾਣ ਤੋਂ ਦਰਸ਼ਨ ਸ਼ਾਸਤਰ ਤਕ ਦਾ ਸਫਰ ਕਰਦੀ ਇਹ ਸਦਾ ਸਮੇਂ ਦੀ ਹਾਣੀ ਰਹੀ ਹੈ।

ਪ੍ਰੋ. ਪੂਰਨ ਸਿੰਘ[5] ਮਿੱਥ ਨੂੰ ਰੂਹ ਦੇ ਦੇਸ਼ ਦਾ ਅਲੰਕਾਰ ਕਹਿੰਦਾ ਹੈ। ਬਿਚਿਤ੍ਰ ਨਾਟਕ ਵਿਚ ਮਿੱਥ ਦਾ ਜੋ ਰੂਪਾਤ੍ਰਣ ਹੋਇਆ ਹੈ, ਉਹ ਅਧਿਆਤਮਕ ਗਹਿਰ ਗੰਭੀਰਤਾ ਨੂੰ ਪਰਤੀਕਮਈ ਰੂਪ ਵਿਚ ਉਜਾਗਰ ਕਰਦਾ ਹੈ।

'ਬਿਚਿਤ੍ਰ ਨਾਟਕ', ਦਸਮ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਰਚਨਾਂ ਹੈ। ਇਸ ਵਿਚ ਰਚੀ ਗਈ ਪਹਿਲੀ ਮਿੱਥ ਬੇਦੀ ਅਤੇ ਸੋਢੀ ਬੰਸ ਦੀ ਬੰਸਾਵਲੀ ਨਾਲ ਸੰਬੰਧਿਤ ਹੈ। ਇਸ ਰਚਨਾ ਦੇ ਦੂਜੇ ਅਧਿਆਇ (ਤੁਤੀਯਾ ਧਿਆਇ) ਵਿਚ ਗਰੂ ਜੀ ਨੇ ਸ੍ਰਿਸ਼ਟੀ ਦੀ ਰਚਨਾ ਦਾ ਪੌਰਾਣਕ ਬਿਰਤਾਂਤ ਪੇਸ਼ ਕਰਦਿਆਂ ਮਾਨਵ ਜਾਤੀ ਦੀਆਂ ਚਾਰ ਮੁੱਢ ਕਦੀਮ ਦੀਆਂ ਮਾਵਾਂ ਕਾਲਸੈਣ, ਕਾਲਕੇਤੁ, ਕ੍ਰੂਰਬਰਸ ਅਤੇ ਕਾਲਧੁਜ ਦਾ ਜ਼ਿਕਰ ਕੀਤਾ ਹੈ। ਕਾਲਸੈਣ ਨਿਰੰਕਾਰ ਦੇ ਫੁਰਨੇ ਤੋਂ ਪਰਗਟ ਹੋਏ 'ਤੇਜ' (ਭਵਾਨੀ ਸ਼ਕਤੀ) ਦਾ ਇਕ ਗੁਣ ਸਤੁ (ਹਰਾਰਤ) ਹੈ, ਜਿਸ ਨੂੰ ਵਿਸ਼ਨੂੰ ਦਾ ਨਾਮ ਦਿੱਤਾ ਜਾਂਦਾ ਹੈ। ਕਾਲਕੇਤੂ 'ਸ਼ਕਤੀ ਮਈ' ਦਾ ਦੂਜਾ ਚੇਲਾ ਹੈ। ਇਸ ਦਾ ਗੁਣ ਰੁਜ਼ ਹੈ ਅਤੇ ਇਸ ਨੂੰ ਬ੍ਰਹਮਾ ਦਾ ਨਾਂ ਦਿੱਤਾ ਗਿਆ ਹੈ। ਕ੍ਰੂਰਬਰਸ 'ਏਕਾ ਮਾਈ' ਦਾ ਤੀਜਾ ਗੁਣ 'ਤਮ' (ਖਿੱਚ/ਕਸ਼ਿਸ਼) ਹੈ ਜੋ ਸ਼ਿਵ ਰੂਪ ਹੈ। ਕਾਲਧੁਜ ਪੁਰਖ ਅਤੇ ਪ੍ਰਕ੍ਰਿਤਿ (ਸ਼ਿਵ ਸ਼ਕਤੀ) ਦਾ ਸਾਂਝਾ ਸਰੂਪ ਹੈ ਜਿਸ ਨੂੰ 'ਕਾਲ ਪੁਰਖ' 'ਮਹਾਂ ਵਿਸ਼ਨੂੰ' ਜਾਂ 'ਹਿਰਣਯ ਗਰਭ' ਕਿਹਾ ਜਾਂਦਾ ਹੈ:

*ਪ੍ਰਿਥਮ ਕਾਲ ਜਬ ਕਰਾ ਪਸਾਰਾ। ਓਅੰਕਾਰ ਤੇ ਸ੍ਰਿਸਟਿ ਉਪਾਰਾ।*
*ਕਾਲਸੈਣ ਪ੍ਰਥਮੈ ਭਇਓ ਭੂਪਾ। ਅਧਿਕ ਅਤੁਲ ਬਲਿ ਰੂਪ ਅਨੂਪਾ।*
*ਕਾਲਕੇਤੁ ਦੂਸਰ ਭੂਅ ਭਇਓ। ਕ੍ਰੂਰਬਰਸ ਤੀਸਰ ਜਗਿ ਠਯੋ।*
*ਕਾਲਧੁਜ ਚਤੁਰਥ ਨ੍ਰਿਪ ਸੋਹੈ। ਜਿਹ ਤੇ ਭਯੋ ਜਗਤ ਸਭ ਕੋ ਹੈ।*[6]

'ਅਕਾਲ ਉਸਤਿਤ' ਜਿੱਥੇ ਨਿਰੰਕਾਰ ਦੀ ਉਸਤਤੀ ਦੀ ਰਚਨਾ ਹੈ, ਉੱਥੇ 'ਬਿਚਿਤ੍ਰ ਨਾਟਕ' 'ਕਾਲ ਪੁਰਖ' (ਕਾਲ ਦੇ ਦਾਇਰੇ ਵਿਚ ਆਉਣ ਵਾਲੀ) ਦੀ ਵਿਚਿਤ੍ਰਤਾ ਦਾ ਬਿਆਨ ਹੈ। ਉਪਰੋਕਤ ਬਿਆਨ ਤਿੰਨ ਦਵਤਿਆਂ ਦੇ ਅਵਤਾਰ ਰੂਪ ਇਸ ਰਚਨਾ ਨਾਲ ਹੀ ਸੰਬੰਧਿਤ ਹਨ ਜਿਸ ਦਾ ਬਿਆਨ ਅੱਗੇ ਕੀਤਾ ਜਾਵੇਗਾ। ਕਾਲਧੁਜ ਦਾ ਹੁਲੀਆ (ਰੂਪ ਰੇਖਾ) ਗੁਰੂ ਜੀ ਨੇ ਧਨਾਸਰੀ ਮਹਲਾ ਪਹਿਲਾ ਦੀ ਆਰਤੀ 'ਗਗਨ ਮੈ ਥਾਲ' ਵਾਲੇ ਸੋਹਿਲੇ ਦੇ ਅਨੁਰੂਪ ਹੀ ਬਿਆਨ ਕੀਤਾ ਹੈ। ਇਸ ਦੇ ਸਰੀਰ ਤੇ ਹਜਾਰਾਂ ਅੱਖਾਂ ਅਤੇ ਪੈਰ ਹਨ। ਇਹ ਸ਼ੇਸ਼ਨਾਗ ਉੱਪਰ ਬਿਰਾਜਮਾਨ ਹੈ। ਇਸਨੇ ਆਪਣੇ ਇਕ ਕੰਨ ਵਿਚੋਂ ਮੈਲ ਕੱਢ ਕੇ ਮਧੁ ਕੰਟਭ ਦੈਂਤ ਨੂੰ ਪੈਦਾ ਕੀਤਾ ਅਤੇ ਦੂਜੇ ਕੰਨ ਵਿਚੋਂ ਮੈਲ ਕੱਢ ਕੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ। ਮਧੂ ਕੀਟਭੂ ਦੈਤ ਦਾ ਬਧ (ਕਤਲ) ਕਰਨ ਨਾਲ ਇਸ ਦੀ ਮਿੱਝ (ਚਰਬੀ) ਤੋਂ ਸਮੁੰਦਰ ਹੋਂਦ ਵਿਚ ਆਇਆ। ਇਸ ਦੀ ਥਿੰਧਿਆਈ (ਚਿਕਨਾਹਟ) ਜਦ ਪਾਣੀ ਉੱਪਰ ਤਰੀ ਇਸ ਨੂੰ ਮੇਦਨੀ (ਧਰਤੀ) ਕਿਹਾ ਗਿਆ। ਇਸ ਧਰਤੀ ਉਪਰ ਜੋ ਜੀਵ ਪੈਦਾ ਹੋਏ ਉਨ੍ਹਾਂ ਵਿਚੋਂ ਚੰਗੇ ਕਰਮ ਕਰਨ ਵਾਲੇ ਅਸੁਰ ਕਹਿਲਾਏ। ਇਨ੍ਹਾਂ ਤੋਂ ਦਸ ਹਜ਼ਾਰ ਕੰਨਿਆਵਾਂ ਪੈਦਾ ਹੋਈਆਂ ਜੋ ਰਾਜਿਆਂ ਨਾਲ ਵਿਆਹੀਆਂ ਗਈਆਂ। ਇਵੇਂ ਹੀ ਕਾਲਧੁਜਾ ਤੋਂ ਰੀਂਗਣ ਵਾਲੇ ਜੀਵ (ਸੱਪ ਆਦਿ, ਨਾਗਾਂ ਦੇ ਵੈਰੀ ਗਰੜ ਤੋਂ ਪੰਛੀ ਅਤੇ ਹੋਰ ਦੇਵਤੇ) ਉਤਪੰਨ ਹੋਏ।

ਕਾਲਧੁਜਾ ਦੇ ਪੁੱਤਰ ਸੂਰਜ ਤੋਂ ਸੂਰਜ ਬੰਸ ਦਾ ਅਰੰਭ ਹੋਇਆ। ਸਮਾਂ ਪਾ ਕੇ ਸੂਰਜ ਬੰਸ ਵਿਚ ਰਘੂ (ਰਾਮ ਚੰਦਰ ਜੀ) ਹੋਏ। ਰਾਮ ਚੰਦ੍ਰ ਦੇ ਦੋ ਪੁੱਤਰ ਲਵ ਅਤੇ ਕੁਸ਼ ਹੋਏ ਜਿਨ੍ਹਾਂ ਨੇ ਕ੍ਰਮਵਾਰ ਮਦ੍ਰ ਦੇਸ (ਪੰਜਾਬ) ਵਿਚ ਲਾਹੌਰ ਅਤੇ ਕਸੂਰ ਨਗਰਾਂ ਦੀ ਨੀਂਹ ਰੱਖੀ। ਕੁਸ਼ ਨੇ ਬੰਸ ਵਿਚੋਂ ਕਾਲਕੇਤ ਅਤੇ ਲਵ ਦੇ ਬੰਸ ਵਿਚੋਂ ਕਲਰਾਇ ਪੈਦਾ ਹੋਇਆ। ਕਾਲਕੇਤ ਨੇ ਕਾਲ ਰਾਇ ਨੂੰ ਮਦ੍ਰ ਦੇਸ ਵਿਚੋਂ ਕੱਢ ਦਿੱਤਾ ਅਤੇ ਉਹ ਨੱਸ ਕੇ ਸਨੌਢ ਚਲਾ ਗਿਆ। ਉੱਥੇ ਉਸ ਨੇ ਇਕ ਰਾਜੇ ਦੀ ਲੜਕੀ ਨਾਲ ਵਿਆਹ ਕਰਵਾ ਲਿਆ। ਉਸ ਦੀ ਲੜਕੀ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ, ਜਿਸ ਦਾ ਨਾਂ ਸੋਢੀ ਰਾਇ ਰੱਖਿਆ ਗਿਆ:

*ਕਾਲ ਕੇਤੁ ਭਯੋ ਬਲੀ ਅਪਾਰਾ। ਕਾਲਰਾਇ ਜਿਨਿ ਨਗਰ ਨਿਕਾਰਾ।*
*ਭਾਜਿ ਸਨੌਢ ਦੇਸਿ ਤੇ ਗਏ। ਤਹੀ ਭੂਪਜਾ ਬਿਆਹਤ ਭਏ।*
*ਤਿਹ ਤੇ ਪੁੱਤ੍ਰ ਭਯੋ ਜੋ ਧਾਮਾ। ਸੋਢੀਰਾਇ ਧਰਾ ਤਿਹਿ ਨਾਮਾ।*

*ਬੰਸ ਸਨੌਢ ਤਦਿਨ ਤੇ ਥੀਆ। ਪਰਮ ਪਵਿਤ੍ਰ ਪੁਰਖੁ ਜੂ ਕੀਆ।*[7]

ਸੋਢੀ ਰਾਏ ਦੇ ਪੁੱਤਰ ਪੋਤਰੇ ਸੋਢੀ ਬੰਸ ਨਾਲ ਪੁਕਾਰੇ ਗਏ। ਇਹਨਾਂ ਨੇ ਬਹੁਤ ਸਾਰੇ ਦੇਸਾਂ ਨੂੰ ਆਪਣੇ ਅਧੀਨ ਕਰਕੇ ਰਾਜ ਕਾਜ ਚਲਾਇਆ ਅਤੇ ਰਾਜਸੀ ਛੱਤਰ ਛਾਇਆ ਪਰਾਪਤ ਕੀਤੀ।

ਤੀਜੇ ਅਧਿਆਇ (ਤ੍ਰਿਤੀਯਾ ਧਿਆਇ) ਵਿਚ ਕਾਲਕੇਤ (ਕੁਸ਼ ਬੰਸੀ) ਅਤੇ ਕਾਲ ਰਾਇ (ਲਵ ਬੰਸੀ) ਦੇ ਬੰਸ ਦੀ ਲੰਮੀ ਚੌੜੀ ਲੜਾਈ ਬਿਆਨ ਕੀਤੀ ਗਈ ਹੈ। ਇਸ ਲੜਾਈ ਦੀ ਤਹਿ ਵਿਚ ਹੰਕਾਰ, ਈਰਖਾ, ਲੋਭ ਤੇ ਵੈਰ ਵਿਰੋਧ ਦੀਆਂ ਭਾਵਨਾਵਾਂ ਕੰਮ ਕਰਦੀਆਂ ਹਨ। ਇਸ ਲੜਾਈ ਦਾ ਨਤੀਜਾ ਇਹ ਨਿਕਲਦਾ ਹੈ ਕਿ ਲਵ ਬੰਸੀ ਜਿੱਤ ਜਾਂਦੇ ਹਨ ਅਤੇ ਕੁਸ਼ ਬੰਸੀ ਹਾਰ ਜਾਂਦੇ ਹਨ। ਕੁਸ਼ ਬੰਸੀ ਜੋ ਬਚ ਜਾਂਦੇ ਹਨ, ਉਹ ਕਾਸ਼ੀ ਜਾ ਵੱਸਦੇ ਹਨ ਅਤੇ ਚਾਰ ਵੇਦਾਂ ਦਾ ਅਧਿਐਨ ਕਰਨ ਵਿਚ ਲੱਗ ਜਾਂਦੇ ਹਨ :

*ਲਵੀ ਸਰਬ ਜੀਤੇ ਕੁਸੀ ਸਰਬਹਾਰੇ। ਬਚੇ ਜੋ ਬਲੀ, ਪ੍ਰਾਨ ਲੈ ਕੇ ਸਿਧਾਰੇ।*
*ਚਤੁਰ ਬੇਦ ਪਠਿਯੰ, ਕੀਯੋ ਕਾਸਿ ਬਾਸੰ। ਘਨੇ ਬਰਖ ਕੀਨੇ ਤਹਾਂ ਹੀ ਨਿਵਾਸੰ।*[8]

ਇਵੇਂ ਸੋਢੀਆਂ ਨੇ ਮਦ੍ਰ ਦੇਸ਼ ਉੱਤੇ ਰਾਜ ਕਰ ਰਹੇ ਕੁਸ਼ ਬੰਸੀਆਂ ਨੂੰ ਇੱਥੋਂ ਕੱਢ ਦਿੱਤਾ ਅਤੇ ਸੋਢੀ ਪੰਜਾਬ ਦੇ ਰਾਜੇ ਬਣ ਗਏ। ਕੁਸ਼ ਬੰਸੀ ਕਾਸ਼ੀ ਜਾ ਟਿਕੇ।

ਚੌਥੇ ਅਧਿਆਇ (ਚਤੁਰਥ ਧਿਆਇ) ਵਿਚ ਆਉਂਦਾ ਹੈ ਕਿ ਕੁਸ਼ ਬੰਸੀ ਚਾਰੇ ਵੇਦਾਂ ਦਾ ਪਠਨ-ਪਾਠ ਕਰਕੇ ਬੇਦੀ ਕਹਾਏ ਗਏ : 'ਜਿਨੈ ਬੇਦ ਪੜ੍ਹਿਯੋ ਸੁ ਬੇਦੀ ਕਹਾਏ'। ਇਵੇਂ ਕੁਸ਼-ਬੰਸੀ ਜੋ ਮਦ੍ਰ ਦੇਸ ਉੱਪਰ ਰਾਜ ਕਰਦੇ ਸਮੇਂ ਪਤਿਤ ਹੋ ਗਏ ਸਨ, ਉਹ ਵੇਦ ਪਾਠ ਅਤੇ ਧਰਮ ਕਰਮ ਰਾਹੀਂ ਨੇਕ ਪੁਰਸ਼ ਬਣ ਗਏ। ਕੁਝ ਚਿਰ ਪਿੱਛੋਂ ਹੀ ਮਦ੍ਰ ਦੇਸ ਦਾ ਸੁਹਿਰਦ ਸੋਢੀ ਪਤੀ ਬੇਦੀਆਂ ਨੂੰ ਭਰਾਤਰੀ ਭਾਵਨਾ ਅਧੀਨ ਆਪਣੇ ਪੁਰਾਣੇ ਦੇਸ਼ ਵਿਚ ਆਉਣ ਦਾ ਪਿਆਰ ਸੁਨੇਹਾ ਭੇਜਦਾ ਹੈ। ਇਵੇਂ ਬੇਦੀ ਤੇ ਸੋਢੀ ਜਿਹੜੇ ਸ੍ਰੀ ਰਾਮ ਚੰਦਰ ਜੀ ਦੀ ਅੰਸ਼ ਵਿਚੋਂ ਸਨ, ਪਿਆਰ ਨਾਲ ਮਿਲ ਬੈਠਦੇ ਸਨ। ਬੇਦੀ ਸੋਢੀ ਬੰਸ ਦੇ ਰਾਜੇ ਨੂੰ ਚਾਰੇ ਵੇਦ ਪੜ੍ਹ ਕੇ ਸੁਣਾਉਂਦੇ ਹਨ। ਰਾਜੇ ਦੇ ਮਨ ਵਿਚੋਂ ਵੈਰ ਵਿਰੋਧ ਅਤੇ ਹੰਕਾਰ ਮਿਟ ਜਾਂਦਾ ਹੈ ਅਤੇ ਉਹ ਖੁਸ਼ ਹੋ ਕੇ ਵੇਦੀਆਂ ਨੂੰ ਰਾਜ ਦੇ ਦਿੰਦਾ ਹੈ ਬੇਦੀਆਂ ਦਾ ਵਡੇਰਾ ਰਾਜ ਪਾ ਕੇ ਬਹੁਤ ਪ੍ਰਸੰਨ ਹੁੰਦਾ ਹੈ ਅਤੇ ਉਹ ਸੋਢੀਆਂ ਨੂੰ ਇਹ ਵਰਦਾਨ ਦਿੰਦਾ ਹੈ ਕਿ ਜਦੋਂ ਕਲਜੁਗ ਵਿਚ ਬੇਦੀ ਰਾਜੇ ਦਾ ਬੰਸ ਗੁਰੂ ਨਾਨਕ ਪ੍ਰਗਟਾਵੇਗਾ ਤਾਂ ਸੋਢੀਆਂ ਨੂੰ ਵੀ ਜਗਤ ਵਿਚ ਪੂਜਣ ਯੋਗ ਪਦਵੀ ਮਿਲੇਗੀ :

*ਬੇਦੀ ਭਯੋ ਪ੍ਰਸੰਨ, ਰਾਜ ਕਹ ਪਾਇਕੈ। ਦੇਤ ਭਯੋ ਬਰਦਾਨ ਹੀਐ ਹੁਲਸਾਇਕੈ।*[9]

ਇਸ ਵਰਦਾਨ ਦਾ ਸਪਸ਼ਟੀ ਕਰਣ ਇਸ ਅਧਿਆਇ ਦੀ ਅੰਤਲੀ ਚਉਪਈ ਵਿਚ ਵਿਸਥਾਰ ਵਿਚ ਦਿੱਤਾ ਗਿਆ ਹੈ ਕਿ ਜਿਵੇਂ ਤਿੰਨ ਵੇਦ ਸੁਣਕੇ ਤੁਹਾਡੇ ਮਨ ਮਿਹਰ ਪਈ ਅਤੇ ਚੌਥਾ ਵੇਦ ਸੁਣਨ ਉਪਰੰਤ ਤੁਸਾਂ ਨੇ ਰਾਜ ਭਾਗ ਦੇ ਦਿੱਤਾ ਹੈ, ਇਵੇਂ ਹੀ ਤਿੰਨ ਜਨਮ ਜਦੋਂ ਅਸੀਂ (ਬੇਦੀ) ਧਾਰ ਲਵਾਂਗੇ ਤਾਂ ਚੌਥੇ ਜਨਮ ਵਿਚ ਗੁਰੂ ਪਦ ਤੁਹਾਨੂੰ (ਸੋਢੀਆਂ) ਨੂੰ ਦੇ ਦਿੱਤਾ ਜਾਵੇਗਾ।

*ਤ੍ਰਿਤੀਯ ਬੇਦ ਸੁਨਥ ਤੁਮ ਕੀਆ। ਚਤੁਰ ਬੇਦ ਸੁਨਿ ਭੂਅ ਕੋ ਦੀਆ।*
*ਤੀਨ ਜਨਮ ਹਮਹੂੰ ਜਬ ਧਰਿ ਹੈ। ਚੌਥੇ ਜਨਮ 'ਗੁਰੂ' ਤੁਹਿ ਕਰਿ ਹੈ।*[10]

ਇਸ ਮਿੱਥ ਅਨੁਸਾਰ ਬੇਦੀ, ਰਾਜ ਪਰਾਪਤ ਕਰਨ ਉਪਰੰਤ ਫਿਰ ਝਗੜੇ ਵਿਚ ਪੈ ਗਏ ਤਾਂ ਇਨ੍ਹਾਂ ਦਾ ਵਿਦਵਾਨਾਂ ਵਾਲਾ ਕਾਰ ਵਿਹਾਰ ਲਾਗੀਆਂ ਵਾਲੇ ਕਾਰ ਵਿਹਾਰ ਵਿਚ ਬਦਲ ਗਿਆ : *'ਬ੍ਰਿਪ ਕਰਤ ਭਏ ਸੂਦ੍ਰ ਬ੍ਰਿਤਿ'*। ਜਦੋਂ ਇਹ ਰਾਜ ਘਟਦਾ ਘਟਦਾ ਸਿਰਫ ਵੀਹ ਪਿੰਡਾ ਦਾ ਰਹਿ ਗਿਆ ਤਾਂ ਇਹ ਵੈਸ਼ਾਂ ਵਾਂਗ ਖੇਤੀ ਕਰਨ ਲਗੇ। ਇਸ ਹਾਲਤ ਵਿਚ ਹੀ ਗੁਰੂ ਨਾਨਕ ਦੇਵ ਜੀ ਦਾ ਜਨਮ ਹੁੰਦਾ ਹੈ :

*ਬਹੁਤ ਕਾਲ ਇਹ ਭਾਂਤਿ ਬਿਤਾਯੋ।*
*ਮੀਆ ਖਾਨ ਜੰਮੂ ਕਹ ਆਯੋ।*
*ਤਿਨ ਬੇਦੀਯਨ ਕੇ ਕੁਲ ਬਿਖੇ ਪ੍ਰਗਟੇ ਨਾਨਕ ਰਾਇ।*
*ਸਭ ਸਿੱਖਨ ਕੋ ਸੁਖ ਦਏ ਜੱਤ ਤੱਹ ਭਏ ਸਹਾਇ।*[11]

ਇਵੇਂ ਇਸ ਮਿੱਥ ਅਨੁਸਾਰ ਚੌਥੇ ਗੁਰੂ ਸਾਹਿਬਾਨ ਤੋਂ ਦਸਵੇਂ ਗੁਰੂ ਸਾਹਿਬ ਤਕ ਦੀ ਗੁਰਿਆਈ ਉਸ

ਵਰਦਾਨ ਦਾ ਸਿੱਟਾ ਹੈ ਜੋ ਪਹਿਲੇ ਜਨਮ ਵਿਚ ਬੇਦੀਆਂ ਨੇ ਸੋਢੀਆਂ ਨੂੰ ਦਿੱਤਾ ਸੀ। ਭਾਵੇਂ ਇਹ ਮਿੱਥ ਗੁਰਮਤਿ ਦੇ ਗੁਰਿਆਈ ਸਿਧਾਂਤ ਅਨੁਸਾਰ ਤਰਕ ਸੰਗਤ ਨਹੀਂ ਹੈ ਅਤੇ ਇਸ ਨਾਲ ਇਸ ਰਚਨਾ ਬਾਰੇ ਵੀ ਕਈ ਸੰਦੇਹ ਉਤਪੰਨ ਹੁੰਦੇ ਹਨ ਪਰ ਇਸ ਪਿੱਛੇ ਭਾਵਨਾ ਇਹੀ ਉਜਾਗਰ ਹੁੰਦੀ ਹੈ ਕਿ ਤਪੋ ਰਾਜ ਪਰਾਪਤ ਹੁੰਦਾ ਹੈ ਅਤੇ ਇਹੀ ਤਪ 'ਗੁਰੂ' ਪਦ ਤੱਕ ਲੈ ਜਾਂਦਾ ਹੈ। ਇਸ ਦੀ ਅਗਲੀ ਪਰਤ ਇਸੇ ਰਚਨਾ ਦੀ ਅਗਲੀ ਮਿੱਥ ਸਪਤ ਸ੍ਰਿੰਗ ਵਾਲੀ 'ਅਪਨੀ ਕਥਾ' ਵਿਚ ਖੁਲ੍ਹਦੀ ਹੈ।

'ਅਪਨੀ ਕਥਾ' ਵਾਲੀ ਮਿੱਥ 'ਬਿਚਿਤ੍ਰ ਨਾਟਕ' ਦੇ ਛੇਵੇਂ ਅਧਿਆਇ (ਖਸਟਮੇ ਧਿਆਇ) ਵਿਚ ਬਿਆਨ ਕੀਤੀ ਗਈ ਹੈ। ਇਸ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੇ ਜਨਮ ਵਿਚ 'ਹੇਮ ਕੁੰਟ' ਪਰਬਤ ਉੱਤੇ ਕਠਨ ਤਪੱਸਿਆ ਕੀਤੀ ਸੀ :

*ਤਹ ਹਮ ਅਧਿਕ ਤਪੱਸਿਆ ਸਾਧੀ। ਮਹਾਂਕਾਲ-ਕਾਲਕਾ ਅਰਾਧੀ।*
*ਇਹ ਬਿਧਿ ਕਰਤ ਤਪੱਸਿਆ ਭਯੋ। ਦ੍ਵੈ ਤੇ ਏਕ ਰੂਪ ਹ੍ਵੈ ਗਯੋ।*[12]

ਇਸ ਤਪੱਸਿਆ ਦੇ ਸਿੱਟੇ ਵਜੋਂ ਉਹ ਦੋ ਤੋਂ ਏਕ ਰੂਪ ਨਿਰੰਕਾਰ ਨਾਲ ਅਭੇਦ ਹੋ ਗਏ। ਉਧਰ ਮਾਤ ਲੋਕ ਵਿਚ ਗੁਰੂ ਸਾਹਿਬ ਦੇ ਹੋਣ ਵਾਲੇ ਮਾਤਾ ਪਿਤਾ ਨੇ ਬਹੁ ਬਿਧਿ ਜੋਗ ਸਾਧਨਾ ਸਾਧੀ ਸੀ, ਜਿਸ ਤੋਂ ਪਰਸੰਨ ਹੋ ਕੇ ਇਸ਼ਟ ਨੇ ਗੁਰੂ ਜੀ (ਗੁਰੂ ਗੋਬਿੰਦ ਸਿੰਘ ਜੀ) ਨੂੰ ਕਲਜੁਗ ਵਿਚ ਮਨੁੱਖ ਜਾਮੇ ਵਿਚ ਆਉਣ ਦਾ ਹੁਕਮ ਦਿੱਤਾ :

*ਤਿਨ ਕੋ ਕਰੀ ਅਲਖ ਕੀ ਸੇਵਾ। ਤਾ ਤੇ ਭੇ ਪ੍ਰਸੰਨਿ ਗੁਰਦੇਵਾ।*
*ਤਿੰਨ ਪ੍ਰਭ ਜਬ ਆਇਸੁ ਮੁਹਿ ਦੀਆ। ਤਬ ਹਮ ਜਨਮ ਕਲੂ ਮਹਿ ਲੀਆ।*[13]

'ਚਿਤ ਨ ਭਯੋ ਹਮਰੋ ਆਵਨ ਕਹ। ਚਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹਿ' ਅਨੁਸਾਰ ਤਪੱਸਵੀ (ਪਹਿਲੇ ਜਨਮ ਦੇ ਗੁਰੂ ਸਾਹਿਬ) ਨੂੰ ਪਰਮਾਤਮਾ ਨੇ ਕਿਸੇ ਨਾ ਕਿਸੇ ਤਰ੍ਹਾਂ ਪ੍ਰੇਮ ਮਈ ਧਿਆਨ ਦੀ ਡੂੰਘੀ ਅਵੱਸਥਾ ਵਿਚੋਂ ਜਗਾਇਆ ਅਤੇ ਉਸ ਅੱਗੇ ਸੰਸਾਰ ਦੇ ਗੁਮਰਾਹ ਧਰਮ-ਆਗੂਆਂ ਦੇ ਧਾਰਮਿਕ ਪਾਖੰਡਾਂ ਦਾ ਇਕ ਪੂਰਾ ਬਿਓਰਾ ਬਿਆਨ ਕੀਤਾ। ਇਸ ਦਾ ਵਿਸਤ੍ਰਿਤ ਵਰਨਨ ਗੁਰੂ ਜੀ 'ਚਉਬੀਸ ਅਵਤਾਰ', 'ਬ੍ਰਹਮਾ ਅਵਤਾਰ' ਅਤੇ 'ਰੁਦ੍ਰ ਅਵਤਾਰ' ਵਿਚ ਬਿਆਨ ਕਰਦੇ ਹਨ। ਇਨ੍ਹਾਂ ਸਾਰੇ ਹੀ ਧਾਰਮਿਕ ਆਗੂਆਂ ਨੇ ਆਪਣਾ ਨਾਮ ਹੀ ਜਪਾਇਆ ਸੀ, ਸਤਿਨਾਮ ਨੂੰ ਕਿਸੇ ਨੇ ਦ੍ਰਿੜ ਨਾ ਕਰਵਾਇਆ :

*ਸਭ ਤੇ ਅਪਨਾ ਨਾਮੁ ਜਪਾਯੋ। ਸਤਿ ਨਾਮੁ ਕਾਹੂੰ ਨ ਦ੍ਰਿੜਾਯੋ।*
*ਸਭ ਅਪਨੀ ਅਪਨੀ ਉਰਝਾਨਾ। ਪਾਰਬ੍ਰਹਮ ਕਾਹੂੰ ਨ ਪਛਾਨਾ।*[14]

ਇਸ ਮਿੱਥ ਦਾ ਮਨੋਰਥ 'ਜਾਹਿ ਤਹਾਂ ਤੇ ਧਰਮ ਚਲਾਇ, ਕਬੁਧਿ ਕਰਨ ਤੇ ਲੋਕ ਹਟਾਇ' ਹੈ। ਇਸ ਦੀ ਪਾਲਣਾ ਗੁਰੂ ਜੀ ਇਹ ਬਚਨ ਕਹਿ ਕੇ ਕਰਦੇ ਹਨ :

*ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਯਾਇ।*
*ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ।*[15]

'ਅਪਨੀ ਕਥਾ' ਦਾ ਅਗਲਾ ਭਾਗ ਇਸ ਬਚਨ ਦੀ ਪਾਲਣਾ ਹਿੱਤ ਉਨ੍ਹਾਂ ਦੇ ਆਪਣੇ ਜੀਵਨ ਦਾ ਬ੍ਰਿਤਾਂਤ ਹੈ। 'ਬਿਚਿਤ੍ਰ ਨਾਟਕ' ਦੀ ਰਚਨਾ 'ਅਪਨੀ ਕਥਾ' ਨਾਲ ਚੌਧਵੇਂ ਅਧਿਆਇ ਉੱਪਰ ਸਮਾਪਤ ਨਹੀਂ ਹੋ ਜਾਦੀ, ਸਗੋਂ ਇਸ ਸੰਸਾਰ ਉੱਤੇ ਵੱਖ ਵੱਖ ਯੁਗਾਂ ਵਿਚ ਪਰਗਟ ਹੋਏ ਨਾਇਕਾ ਅਤੇ ਅਵਤਾਰਾਂ ਦੀਆਂ ਮਿੱਥ-ਕਥਾਵਾਂ ਰਾਹੀਂ ਅੱਗੇ ਵੀ ਚਲਦੀ ਹੈ। ਇਸ ਦਾ ਸਪਸ਼ਟੀਕਰਨ 'ਅਪਨੀ ਕਥਾ' ਦੀ ਅੰਤਲੀ ਚਉਪਈ ਤੋਂ ਵੀ ਹੋ ਜਾਂਦਾ ਹੈ ਕਿ 'ਚੰਡੀ ਚਰਿਤ੍ਰ' ਦੀ ਰਚਨਾ ਵੀ ਇਸ ਦਾ ਹੀ ਭਾਗ ਹੈ, ਜੋ ਇਉਂ ਸ਼ੁਰੂ ਹੁੰਦਾ ਹੈ :

*ਜਿਹ ਜਿਹ ਬਿਧਿ ਜਨਮਨ ਸੁਧਿ ਆਈ। ਤਿਮ ਤਿਮ ਕਹੇ ਗਿਰੰਥ ਬਨਾਈ।*
*ਪ੍ਰਥਮੇ ਸਤਿਜੁਗ ਜਿਹ ਬਿਧਿ ਲਹਾ। ਪ੍ਰਥਮੇ ਦੇਬਿ ਚਰਿੱਤ੍ਰ ਕੋ ਕਹਾ।*
*ਪਹਿਲੇ ਚੰਡੀ ਚਰਿਤ੍ਰ ਬਣਾਯੋ। ਨਖ ਸਿਖ ਤੇ ਕ੍ਰਮ ਭਾਖ ਸੁਨਾਯੋ।*
*ਛੋਰ ਕਥਾ ਤਬ ਪ੍ਰਥਮ ਸੁਨਾਈ। ਅਬ ਚਾਹਤ ਫਿਰਿ ਕਰੋ ਬੜਾਈ।*[16]

ਇਉਂ 'ਬਿਚਿਤ੍ਰ ਨਾਟਕ' ਦੀ ਰਚਨਾ 'ਕਾਲ ਪੁਰਖ' ਦੀ ਮਹਿਮਾ ਹੈ। ਇਸ ਵਿਚ ਕਾਲ ਦੇ ਦਾਇਰੇ ਵਿਚ

ਆਉਂਦੇ ਉਹ ਸਾਰੇ ਦੇਵਤਾ ਅਤੇ ਅਵਤਾਰ ਆ ਜਾਂਦੇ ਹਨ ਜੋ ਆਪਣੀ ਹੀ ਹਉਮੈ ਦਾ ਸ਼ਿਕਾਰ ਹੋ ਕੇ ਕਾਲ ਦੀਆਂ ਜਾੜ੍ਹਾਂ ਥੱਲੇ ਆ ਜਾਂਦੇ ਹਨ। ਵਿਸ਼ਨੂੰ ਦੇ 'ਚਉਬੀਸ ਅਵਤਾਰ', ਬ੍ਰਹਮਾ ਦੇ 'ਸਤ ਅਵਤਾਰ' ਅਤੇ ਸ਼ਿਵਜੀ ਦੇ 'ਰੁਦ੍ਰ ਅਵਤਾਰ' ਦੀਆਂ ਰਚਨਾਵਾਂ 'ਬਿਚਿਤ੍ਰ ਨਾਟਕ' ਦਾ ਹੀ ਭਾਗ ਹਨ। ਇਸ ਦਾ ਸਪਸ਼ਟੀਕਰਨ ਇਨ੍ਹਾਂ ਰਚਨਾਵਾਂ ਦੇ ਅੰਤ ਵਿਚ ਦਿੱਤੀਆਂ ਸਮਾਪਨ-ਸੂਚਕ ਉਕਤੀਆਂ ਤੋਂ ਹੋ ਜਾਂਦਾ ਹੈ ਜਿਵੇਂ :

*—ਇਤਿ ਸ੍ਰੀ ਬਿਚਿਤ੍ਰ ਨਾਟਕੇ, ਚੰਡੀ ਚਰਿਤ੍ਰੇ ਮਹਿਖਾਸੁਰ ਬਧਹ ਪ੍ਰਥਮ ਧਿਆਇ ਸੰਪੂਰਣ ਮਸਤੁ ਸੁਭ-ਮਸਤ।*[17]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਮੱਛ ਪ੍ਰਥਮ ਅਵਤਾਰ। ਸੰਖਾਸੁਰ ਬਧਹ।*[18]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਕੱਛ ਤਥਾ ਨਰ ਨਰਾਇਣ, ਦਵੈ ਰੂਪ ਧਾਰਤ ਭਏ, ਅਵਤਾਰ ਚਤਰਥੋਂ ਸਮਾਪਤਮ।*[19]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, 'ਮਹਾਮੋਹਨੀ' ਪੰਚਮੋ ਅਵਤਾਰ ਸਮਾਪਤਮ।*[20]

*—ਇਤਿ ਸ੍ਰੀ ਬਿਚਿਤ੍ਰ ਨਾਟਕ ਬੈਰਾਹ ਖਸਟਮ ਅਵਤਾਰ ਸਮਾਪਤਮ।*[21]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਨਰਸਿੰਘ ਸੁਪਤਮੋ ਅਵਤਾਰ ਸਮਾਪਤ 'ਮਸਤੁ ਸੁਭਮ' ਸਤੁ।*[22]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਬਾਵਨ, ਅਸ਼ਟਮੋ ਅਵਤਾਰ, ਬਲਿ ਛਲਨ, ਸਮਾਪਤ 'ਮਸਤੁ ਸੁਭਮ' ਸਤੁ।*[23]

*—ਇਤਿ ਸ੍ਰੀ ਬਿਚਿਤ੍ਰ ਨਾਟਕੇ, ਨਵਮੋਂ ਅਵਤਾਰ ਪਰਸਰਾਮ ਸਮਾਪਤਮਸਤੁ ਸੁਭਮਸਤੁ।*[24]

*—ਇਤਿ ਸ੍ਰੀ ਬਿਚਿਤ੍ਰ ਨਾਟਕੇ, ਬ੍ਰਹਮਾ ਦਸਮੋਂ ਅਵਤਾਰ ਸਮਾਪਤਮ।*[25]

*—ਇਤਿ ਸ੍ਰੀ ਬਿਚਿਤ੍ਰ ਨਾਟਕੇ, ਪਿਨਾਕਿ ਪ੍ਰਬੰਧਹਿ ਅੰਧਕ ਬਧਹਿ, ਰੁਦ੍ਰੋਸਤਤਿ ਪ੍ਰਥਮ ਧਜਾਇ ਸਮਾਪਤਮ।*[26]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਦੱਛ ਬਧਹੁ, ਰੁਦ੍ਰ ਮਹਾਤਮੇ ਗਉਰ ਬਧਹ ਧਿਆਇ ਗਿਆਰ੍ਹਵੋਂ ਅਵਤਾਰ ਸੰਪੂਰਨਮ।*[27]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਜਲੰਧਰ ਅਵਤਾਰ ਬਾਰਵਾਂ ਸਮਾਪਤਮ।*[28]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਮਧੁ ਕੈਟਭ ਬਧਹ ਚਤੁਰਦਸਵੋਂ ਅਵਤਾਰ ਬਿਸ਼ਨੁ ਸਮਾਪਤਮ 'ਸਤੁ ਸੁਭਮ' ਸਤੁ।*[29]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਅਰਹੰਤ ਪੰਦ੍ਰਸਵੋਂ ਅਵਤਾਰ ਸਮਾਪਤਮ।*[30]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਮਨੁ ਰਾਜਾ ਅਵਤਾਰ ਸੋਲ੍ਹਵਾਂ, ਸਮਾਪਤਮ 'ਸਤੁ ਸੁਭਮ' ਸਤੁ।*[31]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਧੰਨੰਤ੍ਰ ਅਵਤਾਰ ਸਤਾਰਵਾਂ ਸਮਾਪਤਮ।*[32]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਸੂਰਜ ਅਸਟਦਸਮੋ ਅਵਤਾਰ ਸਮਾਪਤਮ।*[33]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਚੰਦ੍ਰ ਅਵਤਾਰ ਉੱਨੀਸਵੋਂ ਸਮਾਪਤਮ।*[34]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਰਾਮਾਵਤਾਰ ਕਥਾ, ਸੁਬਾਹੁ, ਮਰੀਚ ਬਧਹੁ ਜੱਗ ਸੰਪੂਰਨ ਕਰਨੰ ਸਮਾਪਤਹਿ।*[35]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਰਾਮਾਇਣ ਸਮਾਪਤਮ।*[36]

*—ਇਤਿ ਸ੍ਰੀ ਦਸਮ ਸਕੰਧ ਪੁਰਾਣੇ ਬਿਚਿਤ੍ਰ ਨਾਟਕ ਗ੍ਰੰਥੇ ਕ੍ਰਿਸ਼ਨਾਵਤਾਰੇ ਧਜਾਇ ਇਕਸਵੇਂ ਸਮਾਪਤਮ।*[37]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਬਊਧ ਅਵਤਾਰ ਤੇਈਸਵੇਂ ਸਮਾਪਤਮ।*[38]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਚਤੁਰ ਬਿਸਤਿ ਕਲਕੀ ਅਵਤਾਰ, ਪੰਚਮੋਧਿਆਇ ਸਮਾਪਤਮ।*[39]

*—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਮਹਿਦੀ ਅਵਤਾਰ ਸਮਾਪਤਮ।*[40]

—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਪੰਚਮੋਵਤਾਰ ਬ੍ਰਹਮਾ ਬਿਆਸ ਰਾਜਾ ਅਜ ਕੋ ਰਾਜ ਸਮਾਪਤਮ ।[41]

—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਸਪਤਮੋ ਅਵਤਾਰ ਬ੍ਰਹਮਾ ਕਾਲਿਦਾਸ ਸਮਾਪਤਮ ।[42]

—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਦੱਤ ਮਹਾਤਮੇ, ਰੁਦ੍ਰਵਤਾਰ ਪ੍ਰਬੰਧ ਸਮਾਪਤੰ ਸੁਭੰ ਭਵੇਤ ਗੁਰੂ ਚਉਬੀਸ ।[43]

—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਪਾਰਸ, ਮਛੰਦ੍ਰ ਸੰਬਾਦੇ, ਨ੍ਰਿਪ ਅਬਿਬੇਕ ਆਗਮਨ, ਨਾਮ ਸੁਭਟ ਬਰਨੰਨ ਨਾਮ, ਧਿਆਇ ਸਮਾਪਤਮ ।[44]

—ਇਤਿ ਸ੍ਰੀ ਬਿਚਿਤ੍ਰ ਨਾਟਕ ਗ੍ਰੰਥੇ, ਉਪ ਅਵਤਾਰ ਰੁਦ੍ਰ ਦੂਜਾ ਪਾਰਸਨਾਥ ਸਮਾਪਤਮਸਤੁ ਸੁਭਮਸਤੁ ।[45]

ਉਪਰੋਕਤ ਸਮਾਪਤ ਸੂਚਕਾਵਾਂ ਦੇ ਆਧਾਰ ਤੇ 'ਬਿਚਿਤ੍ਰ ਨਾਟਕ' 'ਦਸਮ ਗ੍ਰੰਥ' ਵਿਚ ਸਭ ਤੋਂ ਲੰਮੇਰੀ ਰਚਨਾ ਹੈ ਜੋ 'ਦਸਮ ਗ੍ਰੰਥ' ਦੇ 634 ਪੰਨਿਆਂ ਉੱਤੇ ਫੈਲੀ ਹੋਈ ਹੈ। ਇਸੇ ਕਰਕੇ 'ਬਿਚਿਤ੍ਰ ਨਾਟਕ' ਨੂੰ 'ਦਸਮ ਗ੍ਰੰਥ' ਦਾ ਪ੍ਰਯਾਯਵਾਚੀ ਸਮਝਿਆ ਜਾਂਦਾ ਹੈ। 'ਚੰਡੀ ਚਰਿਤ੍ਰ', 'ਚਉਬੀਸ ਅਵਤਾਰ', 'ਬ੍ਰਹਮਾ ਅਵਤਾਰ', 'ਰੁਦ੍ਰ ਅਵਤਾਰ', ਰਚਨਾਵਾਂ ਇਸੇ ਦਾ ਹੀ ਭਾਗ ਹਨ। ਇਸ ਅਵਤਾਰ ਵਰਨਨ ਵਿਚ ਅਨੇਕਾਂ ਮਿੱਥਾਂ ਬਿਆਨ ਕੀਤੀਆਂ ਗਈਆਂ ਹਨ। ਸੰਖੇਪ ਵਿਚ 'ਚੰਡੀ ਚਰਿਤ੍ਰ' ਮਾਰਕੰਡੇ ਪੁਰਾਣ ਉੱਪਰ ਆਧਾਰਤ ਦੁਰਗਾ ਦੇਵੀ ਅਤੇ ਦੈਂਤਾਂ ਦੀ ਲੜਾਈ ਸੰਬੰਧੀ ਮਿਥਿਹਾਸਿਕ ਗਾਥਾ ਹੈ ਜਿਸ ਰਾਹੀਂ ਸਾਧਾਰਨ ਲੋਕਾਂ ਅੰਦਰ ਜ਼ੁਲਮ ਜਬਰ ਦੇ ਖਿਲਾਫ 'ਧਰਮ ਯੁੱਧ ਦਾ ਚਾਅ' ਪੈਦਾ ਕਰਨ ਲਈ ਪ੍ਰੇਰਨਾ ਦਿੱਤੀ ਗਈ ਹੈ। ਚਉਬੀਸ ਅਵਤਾਰ ਵਿਚ ਮੱਛ ਦੀ ਮਿੱਥ ਸੰਖਾਸੁਰ ਨਾਂ ਦੇ ਦੈਂਤ ਨੂੰ ਨਸ਼ਟ ਕਰਨ ਲਈ ਘੜੀ ਗਈ ਹੈ। ਇਸ ਵਿਚ ਵਿਸ਼ਨੂੰ ਮੱਛ ਦਾ ਅਵਤਾਰ ਧਾਰਕੇ ਸਮੁੰਦਰ ਦੇ ਹੇਠਾਂ ਬੈਠਾ ਪਾਣੀ ਨੂੰ ਜ਼ੋਰ ਨਾਲ ਹਿਲਾਉਂਦਾ ਹੈ। ਜਦ ਉਹ ਆਪਣਾ ਰੂਪ ਵਿਸਥਾਰਦਾ ਹੈ ਤਾਂ ਸੰਖਾਸੁਰ ਕਰੋਧਵਾਨ ਹੋ ਕੇ ਚਾਰੇ ਵੇਦਾਂ ਨੂੰ ਚੁਕ ਕੇ ਸਮੁੰਦਰ ਵਿਚ ਸੁੱਟ ਦਿੰਦਾ ਹੈ। ਵੇਦਾਂ ਦੀ ਰੱਖਿਆ ਲਈ ਮੱਛ ਸੰਖਾਸੁਰ ਨਾਲ ਯੁੱਧ ਕਰਦਾ ਹੈ ਅਤੇ ਉਹਨੂੰ ਮਾਰ ਮੁਕਾਉਂਦਾ ਹੈ। ਕੱਛ ਅਵਤਾਰ ਦੀ ਮਿੱਥ ਵਿਚ ਸਮੁੰਦਰ ਨੂੰ ਰਿੜਕਨ ਲਈ ਦੇਵ ਅਤੇ ਦੈਂਤ ਇਕੱਠੇ ਹੁੰਦੇ ਹਨ। ਮੰਦਰਾਚਲ (ਮਧਾਣੀ) ਦਾ ਭਾਰ ਨਾ ਸੰਭਾਲੇ ਜਾਣ ਕਰਕੇ ਵਿਸ਼ਨੂੰ ਕਛਪ ਦਾ ਰੂਪ ਧਾਰਦਾ ਹੈ। ਨਰ ਨਾਰਾਇਣ ਅਤੇ ਮਹਾ ਮੋਹਨੀ ਅਵਤਾਰਾ ਦੀ ਮਿੱਥ ਕਥਾ ਸਮੁੰਦਰ ਤੋਂ ਪੈਦਾ ਹੋਏ ਚੋਦਾਂ ਰਤਨਾਂ ਦੀ ਵੰਡ ਪ੍ਰਤੀ ਦੇਵਾਂ ਅਤੇ ਦੈਤਾਂ ਦੇ ਝਗੜੇ ਨਾਲ ਸੰਬੰਧਿਤ ਹੈ। ਵਿਸ਼ਨੂੰ ਨਰ ਨਰਾਇਣੀ ਦਾ ਰੂਪ ਧਾਰਕੇ ਦੈਤਾਂ ਨਾਲ ਯੁੱਧ ਕਰਦਾ ਹੈ। ਅੰਮ੍ਰਿਤ ਦੀ ਪਰਾਪਤੀ ਲਈ ਉਸ ਨੂੰ ਮਹਾ ਮੋਹਨੀ ਦਾ ਰੂਪ ਧਾਰਨਾ ਪੈਂਦਾ ਹੈ ਬੈਰਾਹ ਅਵਤਾਰ ਦੀ ਮਿੱਥ ਕਥਾ ਵਿਚ ਹਿਰਿਨਯੋ (ਹਿਰਣਾਯਕਸ਼) ਅਤੇ ਹਿਰੰਨਾਛਸ (ਹਿਰਣਾਯਕਸ਼ਿਪ) ਨਾਲ ਦੇ ਦੈਂਤ ਭਾਰੂ ਹੋਣ ਜਾਣ ਕਰਕੇ ਧਰਤੀ ਅਤੇ ਵੇਦ ਰਸਾਤਲ ਵਿਚ ਚਲੇ ਜਾਦੇ ਹਨ। ਵਿਸ਼ਨੂੰ ਬੈਰਾਹ ਦਾ ਰੂਪ ਧਾਰਨ ਕਰਕੇ ਇਹਨਾਂ ਦੈਂਤਾਂ ਨੂੰ ਖਤਮ ਕਰਦਾ ਹੈ ਅਤੇ ਧਰਤੀ ਤੇ ਵੇਦਾਂ ਦਾ ਉਧਾਰ ਕਰਦਾ ਹੈ। ਨਰ ਸਿੰਘ ਅਵਤਾਰ ਦੀ ਮਿੱਥ ਵਿਚ ਦੈਤਾਂ ਦਾ ਰਾਜਾ ਹਿਨਾਯਾਕਸ਼ਿਪ ਦੀ ਪਤਨੀ ਦੇ ਗਰਭ ਤੋਂ ਪ੍ਰਹਿਲਾਦ ਭਗਤ ਦਾ ਜਨਮ ਹੁੰਦਾ ਹੈ। ਉਸਦੇ ਪਾਠਸ਼ਾਲਾ ਵਿਚ ਗੋਪਾਲ ਦਾ ਨਾਮ ਜਪਣ ਕਰਕੇ ਰਾਜਾ ਕਰੋਧਵਾਨ ਹੋ ਕੇ ਉਸਨੂੰ ਤਪਦੇ ਥੰਮ ਨਾਲ ਬੰਨ੍ਹ ਦਿੰਦਾ ਹੈ। ਇਸ ਸਮੇਂ ਨਰ ਸਿੰਘ ਅਵਤਾਰ ਪ੍ਰਗਟ ਹੁੰਦਾ ਹੈ ਜੋ ਹਿਰਨਾਕਸ਼ਿਪ ਦਾ ਸੰਘਾਰ ਕਰਦਾ ਹੈ। ਨਰ ਸਿੰਘ ਅਵਤਾਰ ਤੋਂ ਬਾਅਦ ਕੁਝ ਸਮਾਂ ਬੀਤਣ ਪਿੱਛੋਂ ਫਿਰ ਪਾਪ ਵੱਧ ਜਾਂਦਾ ਹੈ ਅਤੇ ਦੈਤਾਂ ਦਾ ਰਾਜਾ ਬਲੀ ਇੰਦਰ ਦੀ ਰਾਜਧਾਨੀ ਨਸ਼ਟ ਕਰ ਦਿੰਦਾ ਹੈ। ਰਾਜੇ ਬਲੀ ਨੂੰ ਖਤਮ ਕਰਨ ਲਈ ਵਿਸ਼ਨੂੰ ਨਿਰਧਨ ਬ੍ਰਾਹਮਣ ਬਾਵਨ ਦਾ ਅਵਤਾਰ ਧਾਰਦਾ ਹੈ ਜੋ ਰਾਜੇ ਬਲੀ ਦੇ ਦੁਆਰ ਤੇ ਵੇਦ ਪਾਠ ਦਾ ਉਚਾਰਣ ਕਰਦਾ ਹੈ। ਇਸ ਧਰਮ ਕਰਮ ਲਈ ਬਾਵਨ ਬਲੀ ਰਾਜੇ ਪਾਸੋਂ ਢਾਈ ਕਦਮ ਭੂਮੀ ਦਾਨ ਮੰਗਦਾ ਹੈ ਜਿਸ ਨਾਲ ਉਹ ਧਰਤ, ਅਕਾਸ਼ ਅਤੇ ਰਾਜੇ ਬਲੀ ਦੇ ਸਰੀਰ ਨੂੰ ਵੀ ਮਾਪ ਲੈਂਦਾ ਹੈ। ਪਰਸ ਰਾਮ ਦੀ ਮਿੱਥ ਕਥਾ ਵਿਚ ਛਤ੍ਰੀਆਂ ਦੇ ਅਤਿਆਚਾਰ ਨੂੰ ਖਤਮ ਕੀਤਾ ਗਿਆ ਹੈ। ਇਹਨਾ ਸਾਰੀਆਂ ਮਿੱਥਾਂ ਰਾਹੀਂ ਜਿਥੇ ਇਕ ਪਾਸੇ ਹਉਮੈਂ ਕਾਰਨ ਪੈਦਾ ਹੋਏ ਅਤਿਆਚਾਰਾਂ ਤੇ ਪਾਪਾਂ ਨੂੰ ਖਤਮ ਕਰਨ ਲਈ ਦੈਵ ਸ਼ਕਤੀਆਂ ਦੇ ਉਤਪੰਨ ਹੋਣ ਦਾ ਇਸ਼ਾਰਾ ਹੈ, ਉੱਥੇ ਦੂਜੇ ਪਾਸੇ 'ਧਰਮ ਚਲਾਵਨ ਸੰਤ ਉਬਾਰਨ ਦੁਸ਼ਟ ਸਭਨ ਕੋ ਮੂਲ ਉਪਾਰਨਿ'[46] ਅਤੇ 'ਧਰਮ ਯੁੱਧ ਦੇ ਚਾਇ'[47] ਮਨੋਰਥ ਦੀ ਪੂਰਤੀ ਹੁੰਦੀ ਵਖਾਈ ਗਈ ਹੈ।

ਨਿਰਕਲੰਕ ਅਤੇ ਮੀਰ ਮਹਿੰਦੀ ਅਵਤਾਰਾਂ ਦੀਆਂ ਮਿੱਥਾਂ ਵੀ ਰਾਜ ਤਮ ਸਤ ਦੇ ਤ੍ਰੈਗੁਣੀ ਸੁਭਾਅ ਨੂੰ

ਉਭਾਰਦੀਆਂ ਹਨ। ਨਿਹਕਲੰਕ ਅਵਤਾਰ ਕਲਜੁਗ ਦੇ ਅੰਤ ਤੇ ਆਵੇਗਾ। ਜਦ ਧਰਤੀ ਉਪਰ ਪਾਪ ਹੱਦੋਂ ਵੱਧ ਜਾਵੇਗਾ ਤਾਂ ਇਸ ਸਥਿਤੀ ਵਿਚ ਸੁਧਾਰ ਕਰਨ ਲਈ ਇਹ ਅਵਤਾਰ ਪੈਦਾ ਹੋਵੇਗਾ :

*ਪਾਪ ਸੰਬੂਹ ਬਿਨਾਸਨ ਕਉ; 'ਕਲਿਕੀ' ਅਵਤਾਰ ਕਹਾਵਹਿੰਗੇ।*
*ਤਰਕੁੱਛਿ ਤੁਰੰਗ ਸਪੱਛ ਬਡੋ; ਕਰਿ ਕਾਢਿ ਕ੍ਰਿਪਾਨ ਕੰਪਾਵਹਿੰਗੇ।*
*ਨਿਕਸੇ ਜਿਮ ਕੇਹਰਿ ਪਰਬਤ ਤੇ; ਤਸ ਸੋਭ ਦਿਵਾਲਯ ਪਾਵਹਿੰਗੇ।*
*ਭਲੁ ਭਾਗ ਭਯਾ ਇਹ 'ਸੰਭਲ' ਕੇ, ਹਰਿ ਜੂ, ਹਰਿ ਮੰਦਰ ਆਵਹਿੰਗੇ।*[48]

ਕਲਕੀ ਦਾ ਸਮਾਂ 10 ਲੱਖ ਵੀਹ ਵਰ੍ਹੇ ਹੋਵੇਗਾ। ਕਲਕੀ ਨੂੰ ਵੀ ਆਪਣੇ ਅਵਤਾਰ ਹੋਣ ਦਾ ਅਭਿਮਾਨ ਹੋ ਜਾਵੇਗਾ ਅਤੇ ਉਹ ਸੰਪੂਰਨ ਸੰਸਾਰ ਨੂੰ ਆਪਣਾ ਸੇਵਕ ਬਣਾ ਕੇ ਆਪਣਾ ਹੀ ਨਾਮ ਜਪਾਵੇਗਾ। ਇਸ ਸਮੇਂ 'ਕਾਲ ਪੁਰਖ' ਨਾਰਾਜ਼ ਹੋ ਕੇ ਇਕ ਹੋਰ ਪੁਰਸ਼ 'ਮੀਰ ਮਹਿੰਦੀ' ਨੂੰ ਜਨਮ ਦੇਵੇਗਾ ਜੋ ਕਲਕੀ ਦਾ ਬੱਧ (ਕਤਲ) ਕਰੇਗਾ :

*ਨਹੀਂ 'ਕਾਲ ਪੁਰਖ' ਜਪੰਤ। ਨਹਿ ਦੇਵਿ ਜਾਪੁ ਭਣੰਤ।*
*ਤਬ 'ਕਾਲ ਦੇਵ' ਰਿਸਾਇ। ਇਕ ਅਉਰ ਪੁਰਖ ਬਨਾਇ।*
*ਰੱਚਿਅਸੁ ਮਹਿਦੀ ਮੀਰ। ਰਿਸਵੰਤ ਹਾਠ ਹਮੀਰ।*
*ਤਿਹ ਤਉਨ ਕੋ ਬਧੁ ਕੀਨ। ਪੁਨਿ ਆਪ ਮੋ ਕੀਅ ਲੀਨ।*[49]

ਬ੍ਰਹਮਾ ਦੇ ਸੱਤ ਅਵਤਾਰ, ਬਾਲਮੀਕ, ਕਸ਼ਪ, ਸੁੱਕ੍ਰ, ਬਾਚੇਸ (ਬ੍ਰਹਸਪਤਿ), ਬਿਆਸ, ਸਾਸਤ੍ਰੋਧਾਰਕ ਅਤੇ ਕਾਲੀਦਾਸ ਹਨ। ਬ੍ਰਹਮਾ ਅਵਤਾਰ ਦੀ ਮਿੱਥ ਦੀ ਪ੍ਰਤੀਕਾਤਮਿਕਤਾ ਇਹ ਹੈ ਕਿ 'ਕਾਲ ਪੁਰਖ' ਦੀ ਆਗਿਆ ਨਾਲ ਬ੍ਰਹਮਾ ਨੇ ਵੇਦਾਂ ਦੀ ਜੋ ਰਚਨਾ ਕੀਤੀ, ਉਸ ਨਾਲ ਉਹ ਹੰਕਾਰੀ ਹੋ ਗਿਆ। ਕਾਲ ਪੁਰਖ ਨੇ ਉਸ ਨੂੰ ਧਰਤੀ ਉੱਪਰ ਭੇਜ ਦਿੱਤਾ ਅਤੇ ਉਸਨੇ ਲੱਖਾਂ ਵਰ੍ਹੇ ਸੇਵਾ ਕਰਕੇ ਮੁੜ 'ਕਾਲ ਪੁਰਖ' ਨੂੰ ਪ੍ਰਸੰਨ ਕੀਤਾ। ਇਸ ਪ੍ਰਸੰਨਤਾ ਦਾ ਫਲ ਇਹ ਹੋਇਆ ਕਿ ਕਾਲ ਪੁਰਖ ਨੇ ਵਰਦਾਨ ਦਿੱਤਾ ਕਿ ਤੇਰੀ ਗਤੀ ਤਾਂ ਹੋਵੇਗੀ ਜੇਕਰ ਤੂੰ ਸੱਤ ਜਨਮ ਧਾਰਕੇ ਸ੍ਰਿਸ਼ਟੀ ਉੱਪਰ ਆਵੇਗਾ :

*ਧਰਿ ਸਪਤ ਭੂਮਿ ਵਤਾਰ, 'ਤਬ ਹੋਇ ਤੋਹਿ ਤੋਰ ਉਧਾਰਿ'।*
*ਸੋਈ ਮਾਨ ਬ੍ਰਹਮਾ ਲੀਨ, ਧਰਿ ਜਨਮ ਜਗਤਿ ਨਵੀਨ।*[50]

ਰੁਦ੍ਰ ਸ਼ਿਵਜੀ ਦਾ ਰੂਪ ਹੈ। ਰੁਦ੍ਰ ਦੇ ਦਤਾਤ੍ਰੇਯ ਅਤੇ ਪਾਰਸ ਨਾਥ ਅਵਤਾਰ ਹਨ। ਇਸ ਦੇ ਅਵਤਾਰ ਧਾਰਨ ਦਾ ਕਾਰਨ ਵੀ ਹੰਕਾਰ ਹੈ। ਅਧਿਕ ਜੋਗ ਸਾਧਨਾ ਕਰਨ ਕਰਕੇ ਰੁਦ੍ਰ ਨੂੰ ਹੰਕਾਰ ਹੋ ਗਿਆ ਅਤੇ ਉਹ ਆਪਣੇ ਆਪ ਨੂੰ ਸਰਬ ਸ੍ਰੇਸ਼ਠ ਮੰਨਣ ਲੱਗ ਪਿਆ। ਉਸਦੇ ਹੰਕਾਰ ਕਾਰਨ 'ਕਾਲ ਪੁਰਖ' ਨਾਰਾਜ਼ ਹੋ ਗਿਆ। ਉਸ ਨੇ ਦਸਿਆ ਕਿ ਜੋ ਲੋਕ ਹੰਕਾਰ ਕਰਦੇ ਹਨ, ਉਨ੍ਹਾਂ ਦੀ ਸਥਿਤੀ ਖ਼ੂਹ ਵਿਚ ਡਿੱਗਣ ਵਰਗੀ ਹੁੰਦੀ ਹੈ :

*ਅਬ ਕਹੌਂ ਤਉਨ ਸੁਧਾਰਿ। ਜੇ ਧਰੇ 'ਰੁਦ੍ਰ' ਅਵਤਾਰ।*
*ਅਤਿ ਜੋਗ ਸਾਧਨ ਕੀਨ। ਤਬ ਗਰਬ ਕੇ ਰਸਿ ਭੀਨ।*
*ਸਰਿ ਆਪ ਜਾਨ ਨ ਅਉਰ। ਸਬ ਦੇਸ ਮੋ ਸਬ ਠੌਰ।*
*ਤਬ ਕੋਪ ਕੈ ਇਮ 'ਕਾਲ'। ਇਮ ਭਾਖਿ ਬੈਣ ਉਤਾਲ।*
*ਜੇ ਗਰਬ ਲੋਕ ਕਰੰਤ। ਤੇ ਜਾਨ ਕੂਪ ਪਰੰਤ।*
*ਮੁਰ ਨਾਮ ਗਰਬ-ਪ੍ਰਹਾਰ। ਸੁਨ ਲੇਹੁ 'ਰੁਦ੍ਰ' ਬਿਚਾਰ।*[51]

ਉਪਰੋਕਤ ਸਾਰੀਆਂ ਮਿੱਥਾਂ ਪ੍ਰਤੀਕਮਈ ਰੂਪ ਵਿਚ ਇਹੀ ਦਰਸਾਉਂਦੀਆਂ ਹਨ ਕਿ ਜੇਕਰ ਮਾਨਵ ਮੰਦੇ ਕਰਮ ਕਰਦਾ ਹੈ ਤਾਂ ਦਾਨਵ ਰੂਪ ਹੈ। ਜੇਕਰ ਸ਼ੁਭ ਕਰਮ ਕਰਦਾ ਹੈ ਤਾਂ ਦੇਵਤਾ ਰੂਪ ਹੈ ਸ਼ੁਭ ਕਰਮਾਂ ਦਾ ਹੰਕਾਰ ਵੀ ਮਾਨਵ ਨੂੰ ਪਰਮ ਪੁਰਖ ਦੀ ਪਹਿਚਾਣ ਭੁਲਾ ਦਿੰਦਾ ਹੈ ਅਤੇ ਉਹ ਆਪਣੇ ਹਉਮੈ ਵੱਸ ਆਪ ਭਾਵ ਦਾ ਪ੍ਰਗਟਾਵਾ ਕਰਨ ਲੱਗ ਪੈਂਦਾ ਹੈ। ਇਹ ਮਾਨਵ ਅੰਦਰਲੇ 'ਰਜ ਤਮ ਸਤ' ਦੇ ਤ੍ਰੈਗੁਣਾਂ ਦੀ ਖੇਡ ਹੈ। ਸਾਰੀ ਰਚਨਾ ਤ੍ਰੈਗੁਣਾਂ ਦੀ ਉਪਜ ਹੈ। ਅਕਾਲ ਪੁਰਖ ਦੀ ਪਹਿਚਾਣ ਇਹਨਾ ਤਿੰਨ ਗੁਣਾਂ ਤੋਂ ਉਪਰ ਉੱਠ ਕੇ ਚਉਥੇ ਪਦ ਵਿਚ ਪਹੁੰਚ ਕੇ ਹੁੰਦੀ ਹੈ। ਜੀਵ ਇਹਨਾ ਤਿੰਨਾਂ ਗੁਣਾਂ ਵਿਚ ਉਲਝ ਕੇ 'ਕਾਲ ਪੁਰਖ' ਦੇ ਹੁਕਮ ਅਧੀਨ ਜਨਮਾਂ

ਦੇ ਗੇੜੇ ਕੱਢਦਾ ਰਹਿੰਦਾ ਹੈ। 'ਬਿਚਿਤ੍ਰ ਨਾਟਕ' ਦੇ 'ਅਪਨੀ ਕਥਾ' ਦੀਆਂ 13 ਤੋਂ 28 ਤੱਕ ਦੀਆਂ ਚਉਪਈਆਂ ਵਿਚ ਇਸ ਦਾ ਵਿਸਥਾਰ ਵਰਨਨ ਹੈ। ਜਿਨ੍ਹਾਂ ਜਿਨ੍ਹਾਂ ਵੀ ਪੀਰ ਪੈਗੰਬਰਾਂ ਅਤੇ ਅਵਤਾਰਾਂ ਨੇ ਆਪਣਾ ਆਪਣਾ ਪੰਥ ਚਲਾ ਕੇ ਆਪਣਾ ਆਪਣਾ ਨਾਮ ਜਪਾਇਆ ਹੈ, ਉਹ ਸਾਰੇ ਕਾਲ ਦੇ ਦਾਇਰੇ ਅੰਦਰ ਹਨ ਅਤੇ ਅਕਾਲ ਪੁਰਖ ਦੀ ਉਨ੍ਹਾਂ ਨੂੰ ਕੋਈ ਸਾਰ ਨਹੀਂ ਹੈ :

*ਜਬ ਪ੍ਰਭ ਕੋ ਨ ਤਿਨੈ ਪਹਿਚਾਨਾ। ਤਬ ਹਰਿ ਇਨ ਮਨੁਛਨ ਠਹਰਾਨਾ।*
*ਤੇ ਭੀ ਬਸਿ ਮਮਤਾ ਹੁਇ ਗਏ। ਪਰਮੇਸੁਰ ਪਾਹਨ ਠਹਰਏ।*
*ਤਬ ਹਰਿ ਸਿੱਧ ਸਾਧ ਠਹਿਰਾਏ। ਤਿਨ ਭੀ ਪਰਮ ਪੁਰਖ ਨਹਿ ਪਾਏ।*
*ਜੇ ਕੋਈ ਹੋਤਿ ਭਜੋ ਜਗਿ ਸਿਆਨਾ। ਤਿਨ ਤਿਨ ਅਪਨੋ ਪੰਥੁ ਚਲਾਨਾ।*
*ਪਰਮਪੁਰਖ ਕਿਨ ਹੂੰ ਨਹ ਪਾਯੋ। ਬੈਰ ਬਾਦ ਹੰਕਾਰ ਬਢਾਯੋ।*[52]

ਸੋ ਇਕ ਪ੍ਰਕਾਰ 'ਬਿਚਿਤ੍ਰ ਨਾਟਕ' ਵਿਚ ਭਾਰਤੀ ਮਿੱਥਾਂ ਦਾ ਪੂਰਨ ਰੂਪਾਂਤ੍ਰਣ ਹੁੰਦਾ ਹੈ।

## ਟਿੱਪਣੀਆਂ/ਹਵਾਲੇ

1. ਕਰਨੈਲ ਸਿੰਘ ਥਿੰਦ (ਡਾ.) *ਲੋਕਯਾਨ ਤੇ ਮਧਕਾਲੀਨ ਪੰਜਾਬੀ ਸਾਹਿਤ* ਪੰਨਾ 54
2. ਸ: ਸ: ਵਣਜਾਰਾ ਬੇਦੀ (ਡਾ.) *ਮਧਕਾਲੀਨ ਪੰਜਾਬੀ ਕਥਾ : ਰੂਪ ਤੇ ਪਰੰਪਰਾ*, ਪੰਨਾ 126
3. Mythology as a matter of fact is a elder sister of speech and both are meant to clarify and glarify the Grace of Truth. Without the instrument of mythology and figures of speech no one on earth is able to praise anyone what to speak of praising the Al mighty God.'
   (Dharmanant Singh Dr., *Shri Guru Nanak to or on,* p. 344)
4. Vico, Giambattista, 'The New Science', New York 1948, p. 104-8.
5. ਮਹਿੰਦਰ ਸਿੰਘ ਰੰਧਾਵਾ (ਸੰਪਾ.), *ਪੂਰਨ ਸਿੰਘ ਦੀ ਵਾਰਤਕ*, ਪੰਨਾ 17
6. *ਸਬਦਾਰਥ ਦਸਮ ਗ੍ਰੰਥ ਸਾਹਿਬ*, ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੋਥੀ ਪਹਿਲੀ) ਪੰਨਾ 62
7. *ਉਹੀ*, ਪੰਨਾ 64
8. *ਉਹੀ*, ਪੰਨਾ 68
9. *ਉਹੀ*
10. *ਉਹੀ*, ਪੰਨਾ 69
11. *ਉਹੀ*
12. *ਉਹੀ*, ਪੰਨਾ 71
13. *ਉਹੀ*
14. *ਉਹੀ*, ਪੰਨਾ 72
15. *ਉਹੀ*
16. *ਉਹੀ*, ਪੰਨਾ 91
17. *ਉਹੀ*, ਪੰਨਾ 131
18. *ਉਹੀ*, ਪੰਨਾ 174
19. *ਉਹੀ*, ਪੰਨਾ 177
20. *ਉਹੀ*, ਪੰਨਾ 179
21. *ਉਹੀ*, ਪੰਨਾ 181
22. *ਉਹੀ*, ਪੰਨਾ 186
23. *ਉਹੀ*, ਪੰਨਾ 189
24. *ਉਹੀ*, ਪੰਨਾ 192
25. *ਉਹੀ*, ਪੰਨਾ 193
26. *ਉਹੀ*, ਪੰਨਾ 197
27. *ਉਹੀ*, ਪੰਨਾ 202
28. *ਉਹੀ*, (ਪੋਥੀ ਦੂਜੀ), ਪੰਨਾ 205

29. *ਉਹੀ*, ਪੰਨਾ 206
30. *ਉਹੀ*, ਪੰਨਾ 208
31. *ਉਹੀ*, ਪੰਨਾ 209
32. *ਉਹੀ*
33. *ਉਹੀ*, ਪੰਨਾ 212
34. *ਉਹੀ*, ਪੰਨਾ 214
35. *ਉਹੀ*, ਪੰਨਾ 224
36. *ਉਹੀ*, ਪੰਨਾ 304
37. *ਉਹੀ*, ਪੰਨਾ 798
38. *ਉਹੀ*, (ਪੋਥੀ ਤੀਜੀ) ਪੰਨਾ 800
39. *ਉਹੀ*, ਪੰਨਾ 862
40. *ਉਹੀ*, ਪੰਨਾ 863
41. *ਉਹੀ*, ਪੰਨਾ 901
42. *ਉਹੀ*, ਪੰਨਾ 902
43. *ਉਹੀ*, ਪੰਨਾ 958
44. *ਉਹੀ*, ਪੰਨਾ 1001
45. *ਉਹੀ*, ਪੰਨਾ 1020
46. *ਉਹੀ*, (ਪੋਥੀ ਪਹਿਲੀ) ਪੰਨਾ 74
47. *ਉਹੀ*, (ਪੋਥੀ ਦੂਜੀ) ਪੰਨਾ 798
48. *ਉਹੀ*, (ਪੋਥੀ ਤੀਜੀ) ਪੰਨਾ 815
49. *ਉਹੀ*, ਪੰਨਾ 862
50. *ਉਹੀ*, ਪੰਨਾ 866
51. *ਉਹੀ*, ਪੰਨਾ 903
52. *ਉਹੀ*, (ਪੋਥੀ ਪਹਿਲੀ) ਪੰਨਾ 72

# ਖਾਲਸੇ ਦੇ ਬੋਲਿਆਂ ਦੀਆਂ ਕੁਝ ਸੁਰਾਂ : ਇਕ ਭਾਖ਼ਾਈ ਝਾਤ

ਜੋਗਾ ਸਿੰਘ

1. **ਸਾਰ ਤੱਤ** : 'ਖਾਲਸੇ ਦੇ ਬੋਲੇ' ਜਿਨ੍ਹਾਂ ਨੂੰ 'ਗੜਗੱਜ ਬੋਲੇ' ਵੀ ਕਿਹਾ ਜਾਂਦਾ ਹੈ, ਪੰਜਾਬੀ ਭਾਖਾ ਦੇ ਸ਼ਬਦ-ਭੰਡਾਰ ਵਿਚ ਵਿਲੱਖਣ ਸ਼ਬਦਾਵਲੀ ਹਨ। ਮਹਾਨ ਕੋਸ਼ ਅਨੁਸਾਰ ਇਹ "ਪ੍ਰਾਚੀਨ ਸਿੰਘਾਂ ਦੇ ਸੰਕੇਤ ਕੀਤੇ ਵਾਕ" ਹਨ। ਇਸ ਸ਼ਬਦਾਵਲੀ ਦਾ ਕੋਈ ਪੁਰਾਣਾ ਲਿਖਤੀ ਸਬੂਤ ਹਾਸਲ ਨਹੀਂ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਲੋਕਾਂ ਦੀ ਯਾਦਦਾਸ਼ਤ ਦੇ ਆਧਾਰ 'ਤੇ ਜੋ ਅਜਿਹੇ ਸ਼ਬਦ ਹਾਸਲ ਹੋ ਸਕਦੇ ਹਨ ਉਨ੍ਹਾਂ ਦਾ ਸੰਕਲਨ ਉਪਰੋਕਤ ਮਹਾਨ ਕੋਸ਼ ਵਿਚ ਪੇਸ਼ ਕੀਤਾ ਹੈ। ਇਸ ਲੇਖ ਵਿਚ ਇਸ ਸ਼ਬਦਾਵਲੀ 'ਤੇ ਭਾਸ਼ਾ ਦੇ ਸਮਾਜਕ-ਚਿੰਨ੍ਹਕ ਵਰਤਾਰੇ ਦੇ ਦ੍ਰਿਸ਼ਟੀਕੋਣ ਤੋਂ ਇਕ ਸੰਖੇਪ ਝਾਤ ਪਾਈ ਗਈ ਹੈ।

2. **ਭੂਮਿਕਾ : ਭਾਖਾ ਦਾ ਸਮਾਜਿਕ-ਚਿੰਨ੍ਹਕ ਸੁਭਾਅ** : ਭਾਖਾ ਇਕ ਬਹੁਕਾਰਜੀ ਪਾਸਾਰਾ ਹੈ। ਇਹ ਮਨੁੱਖੀ ਵਿਚਾਰ ਪਰ-ਕਿਰਿਆ ਦੀ ਵੀ ਵਾਹਕ ਹੈ ਅਤੇ ਇਸ ਵਿਚਾਰ ਪਰਕਿਰਿਆ ਦੇ ਸੰਚਾਰ ਦੀ ਵੀ। ਇਹ ਸਮਾਜ ਵਿਚ ਮਾਨਵੀ ਸੰਬੰਧ ਸਥਾਪਤ ਕਰਨ ਲਈ ਮਾਧਿਅਮ ਵੀ ਹੈ ਅਤੇ ਇਹਨਾਂ ਸਮਾਜਿਕ ਸਬੰਧਾਂ ਅਤੇ ਇਹਨਾਂ ਸਬੰਧਾਂ ਵਿਚ ਬੱਝੇ ਮਨੁੱਖਾਂ ਨੂੰ ਪਰਭਾਵਿਤ/ਪਰੇਰਿਤ ਕਰਨ ਦਾ ਸੰਦ ਵੀ। ਇਹ ਵਸਤੂਗਤ ਸੰਸਾਰ ਨੂੰ ਚਿੰਨ੍ਹਤ ਵੀ ਕਰਦੀ ਹੈ ਅਤੇ ਭਾਸ਼ਾਈ ਚਿੰਨ੍ਹ ਵਸਤੂਗਤ ਉਤਪਾਦਨ ਦੇ ਰੂਪ ਵਿਚ ਵੀ ਸਾਹਮਣੇ ਆਉਂਦੇ ਹਨ। (ਅਜਿਹਾ ਵਸਤੂਗਤ ਉਤਪਾਦਨ ਸਾਹਿਤਕ ਕਿਰਤਾਂ ਹਨ)। ਸੋ ਕਿਸੇ ਵੀ ਭਾਖਾਈ ਸੰਗਠਨ ਜਾਂ ਪਰਣਾਲੀ ਦੀ ਵਿਆਖਿਆ ਜਾਂ ਵਿਸ਼ਲੇਸ਼ਣ ਭਾਸ਼ਾ ਦੇ ਇਸ ਬਹੁ-ਪਾਸਾਰੀ ਸੁਭਾਅ ਨੂੰ ਦਰਿਸ਼ਟੀਗੋਚਰ ਰੱਖ ਕੇ ਹੀ ਕੀਤੀ ਜਾ ਸਕਦੀ ਹੈ।

ਜਿਵੇਂ ਕਿ ਹੇਲੀਡੇ (1973, 1975, 1978) ਨੇ ਆਪਣੀਆਂ ਕਿਰਤਾਂ ਵਿਚ ਦਰਸਾਇਆ ਹੈ, ਭਾਖਾ ਵਿਵਹਾਰ ਪੱਖੋਂ ਹੀ ਨਹੀਂ ਸੰਰਚਨਾ ਪੱਖੋਂ ਵੀ ਇੱਕ ਸਮਾਜਕ ਵਰਤਾਰਾ ਹੈ। ਪਰ ਭਾਖਾ ਅਤੇ ਸਮਾਜ ਦਾ ਸੰਬੰਧ ਦੁੰਦਾਵੀ ਹੈ। ਇਕ ਪਾਸੇ ਭਾਖਾ ਸਮਾਜ ਦੀ ਹੋਂਦ ਲਈ ਅਵੱਸ਼ਕ ਪਾਸਾਰਾ ਹੈ ਪਰ ਦੂਜੇ ਪਾਸੇ ਭਾਖਾ ਤੋਂ ਲਏ ਜਾਣ ਵਾਲੇ ਸਮਾਜਿਕ ਕਾਰਜ ਭਾਖਾ ਦੇ ਰੂਪ ਨੂੰ ਨਿਰਧਾਰਤ ਕਰਦੇ ਹਨ। ਮਿਸਾਲ ਲਈ ਵਾਕ ਵਿਚ 'ਵਿਸ਼ੇ' ਅਤੇ 'ਵਿਧੇਅ' ਦੀ ਹੋਂਦ ਸੰਚਾਰ ਪਰਸੰਗ ਦੀ ਇਸ ਸਥਿਤੀ ਕਰਕੇ ਹੈ ਕਿ ਭਾਖਾ ਦੇ ਸੰਚਾਰੀ ਕਾਰਜ ਵਿਚ 'ਕਿਸੇ' ਬਾਰੇ 'ਕੁਝ' ਕਿਹਾ ਜਾਦਾ ਹੈ। ਇਵੇਂ ਹੀ ਭਾਖਾ ਵਿਚ 'ਉੱਤਮ', 'ਮਧਿਅਮ', ਅਤੇ 'ਅਨੰਪੁਰਖ' ਪੜਨਾਵਾਂ ਦੀ ਹੋਂਦ ਇਸ ਕਰਕੇ ਹੈ ਕਿ ਸੰਚਾਰ ਸਥਿਤੀ ਵਿਚ ਇਕ 'ਬੁਲਾਰਾ' ਹੁੰਦਾ ਹੈ, ਇਕ 'ਸਰੋਤਾ' ਹੁੰਦਾ ਹੈ, ਅਤੇ ਇਕ ਉਹ 'ਧਿਰ' ਜਿਸ ਬਾਰੇ ਬੁਲਾਰੇ ਅਤੇ ਸਰੋਤੇ ਵਿਚਕਾਰ ਸੰਚਾਰ ਹੁੰਦਾ ਹੈ। ਕਿਹਾ ਜਾ ਸਕਦਾ ਹੈ ਕਿ ਵਾਕ-ਬਣਤਰ ਵਿਚ ਅੰਤਰਵਾਦੀ ਸਬੰਧਾ ਨੂੰ ਛੱਡ ਕੇ ਭਾਸ਼ਾ ਦੇ ਦੂਜੇ ਸੰਰਚਨਾਵੀ ਪੱਖ ਮੁੱਖ ਰੂਪ ਵਿਚ ਉਹਨਾਂ ਭਾਖਾਈ ਕਾਰਜਾਂ ਦਾ ਪਰਿਣਾਮ ਹਨ ਜਿਨ੍ਹਾਂ ਲਈ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ। ਸੋ, ਕਿਸੇ ਵੀ ਭਾਖਾਈ ਪਾਸਾਰੇ ਦੀ ਵਿਆਖਿਆ ਲਈ ਉਸ ਵਰਤਾਰੇ ਨੂੰ ਨਜ਼ਰ ਵਿਚ ਰੱਖਣਾ ਜ਼ਰੂਰੀ ਹੈ ਜਿਸ ਵਰਤਾਰੇ ਨੂੰ ਕੋਈ ਵਿਸ਼ੇਸ਼ ਭਾਖਾਈ ਪਾਸਾਰ ਚਿੰਨ੍ਹਤ ਕਰਦਾ ਹੈ।

ਪਰ ਉਪਰੋਕਤ ਤੋਂ ਵਿਪਰੀਤ ਦੀ ਸਥਿਤੀ ਵੀ ਹੋ ਸਕਦੀ ਹੈ। ਕਿਸੇ ਭਾਖਾਈ ਪਾਸਾਰੇ ਦੀ ਪੜਚੋਲ ਵੀ ਕਿਸੇ ਵਿਸ਼ੇਸ਼ ਸਮਾਜਿਕ ਵਰਤਾਰੇ ਦੇ ਵਿਸ਼ਲੇਸ਼ਣ/ਵਿਆਖਿਆ ਲਈ ਲੋੜੀਂਦੀ ਹੋ ਸਕਦੀ ਹੈ। ਇਸ ਦੀ ਸਭ ਤੋਂ ਬਿਹਤਰੀਨ ਮਿਸਾਲ ਸਰ ਵਿਲੀਅਮ ਜੋਨਜ਼ ਦੀ 1786 ਵਿਚ ਏਸ਼ੀਆਟਿਕ ਸੋਸਾਇਟੀ ਕਲਕੱਤਾ ਵਿਖੇ ਕੀਤੀ ਗਈ ਇਕ ਭਾਸ਼ਾਈ ਸਥਾਪਨਾ ਸੀ ਕਿ ਸੰਸਕ੍ਰਿਤ, ਲਾਤੀਨੀ, ਅਤੇ ਯੂਨਾਨੀ ਆਦਿ ਭਾਖਾਵਾਂ ਦੀਆਂ ਸਮਾਂਤਰਤਾਵਾਂ

ਦਰਸਾਉਂਦੀਆਂ ਹਨ ਕਿ ਇਹਨਾਂ ਭਾਸ਼ਾਵਾਂ ਦੀ ਕੋਈ ਸਾਂਝੀ ਪਿਤਰੀ-ਭਾਖਾ ਰਹੀ ਹੈ। ਸਰ ਵਿਲੀਅਮ ਜੋਨਜ਼ ਦੀ ਇਸ ਭਾਖਾਈ ਸਥਾਪਨਾ ਨੇ ਭਾਰਤੀ ਆਰੀਆਂ ਦਾ ਇਤਿਹਾਸ ਲੱਭਣ ਵਿਚ ਇਕ ਮੀਲ-ਪੱਥਰ ਦਾ ਕੰਮ ਕੀਤਾ। ਸੋ ਭਾਖਾਈ ਵਿਸ਼ਲੇਸ਼ਣ ਲਈ ਜਿਥੇ ਭਾਸ਼ਾ ਦੇ ਸਮਾਜਕ ਆਧਾਰਾਂ ਦੀ ਪੜਚੋਲ ਰਾਹ ਵਿਖਾ ਸਕਦੀ ਹੈ, ਉਥੇ ਕਿਸੇ ਸਮਾਜਿਕ ਵਰਤਾਰੇ ਦੇ ਵਿਸ਼ਲੇਸ਼ਣ ਲਈ ਭਾਖਾਈ ਪਰਮਾਣਾਂ ਦੀ ਘੋਖ ਅਤਿਅੰਤ ਸਹਾਈ ਹੋ ਸਕਦੀ ਹੈ। ਇਹ ਲੇਖ ਉਪਰੋਕਤ ਦੋਹਾਂ ਸਥਾਪਨਾਵਾਂ ਦੇ ਹੱਕ ਵਿਚ ਪਰਮਾਣ ਵੀ ਪੇਸ਼ ਕਰਦਾ ਹੈ।

### 3. ਬੋਲੀਆਂ ਦੀ ਭਾਖਾ ਦੇ ਵਿਸ਼ੇਸ਼ ਲੱਛਣ

#### (ੳ) ਵਿਲੱਖਣਤਾ

ਬੋਲੀਆਂ ਦੀ ਭਾਖਾ ਦੀ ਸਭ ਤੋਂ ਅਹਿਮ ਲੱਛਣ ਇਸ ਸ਼ਬਦਾਵਲੀ ਦਾ ਵਿਲੱਖਣ ਹੋਣਾ ਹੈ। ਇਹ ਸ਼ਬਾਦਵਲੀ ਪਰਚੱਲਤ ਸ਼ਬਦਾਵਲੀ ਤੋਂ ਬੜੇ ਉਘੜਵੇਂ ਢੰਗ ਨਾਲ ਵੱਖਰੀ ਹੈ। ਇਸ ਵਿਚਲੇ ਬਹੁਤੇ ਸ਼ਬਦ ਪਰਚੱਲਤ ਪੰਜਾਬੀ ਤੋਂ ਨਿਵੇਕਲੇ ਵੀ ਹਨ ਅਤੇ ਨਵੇਂ ਵੀ ਘੜੇ ਗਏ ਹਨ। ਮਿਸਾਲ ਲਈ, ਰਾਤ ਲਈ 'ਅੰਜਨੀ', ਮੁਰਤੀਪੁਜਨ ਹਿੰਦੂ ਲਈ 'ਅੰਨ੍ਹਾਂ', ਦੁੱਧ ਲਈ 'ਸਮੁੰਦਰ', ਦਾਤਣ ਲਈ 'ਮੁਖਮਾਂਜਣਾ', ਕਮਾਦ ਲਈ 'ਬ੍ਰਹਮਰਸ' ਆਦਿ ਸ਼ਬਦਾਂ ਦੀ ਵਰਤੋਂ ਨੂੰ ਲਿਆ ਜਾ ਸਕਦਾ ਹੈ। ਇਹ ਸ਼ਬਦ ਪਰਚੱਲਤ ਸ਼ਬਦਾਂ ਤੋਂ ਨਿਵੇਕਲੇ ਹੀ ਨਹੀਂ ਹਨ ਬਲਕਿ ਨਵੇਂ ਵੀ ਘੜੇ ਗਏ ਹਨ।

ਬੋਲਿਆਂ ਦੀ ਭਾਖਾ ਦੀ ਵਿਲੱਖਣਤਾ ਜਾਂ ਨਿਵੇਕਲੇਪਨ ਦੇ ਦੋ ਕਾਰਨ ਹੋ ਸਕਦੇ ਹਨ। ਇਕ ਤਾਂ ਇਹ ਕਿ ਖਾਲਸਾ ਸਮਕਾਲੀ ਸਮਾਜਿਕ ਧਾਰਵਾਂ (ਹਿੰਦੂ ਅਤੇ ਇਸਲਾਮ ਧਾਰਾਵਾਂ) ਨਾਲੋਂ ਆਪਣੀ ਨਿਵੇਕਲੀ ਪਛਾਣ ਪ੍ਰਤੀ ਜਾਗਰੂਕ ਸੀ ਅਤੇ ਇਸ ਨਿਵੇਕਲੇਪਨ ਨੂੰ ਜਨਮਾਨਸ ਵਿਚ ਹੋਰ ਡੂੰਘਿਆਂ ਕਰਨ ਲਈ ਆਪਣੀ ਭਾਖਾ ਅਤੇ ਚਿੰਨ੍ਹਾਂ ਪ੍ਰਤੀ ਬਹੁਤ ਸੁਚੇਤ ਸੀ। ਇਸ ਲਈ ਖਾਲਸਾ ਆਪਣੇ ਪੂਰੇ ਵਿਵਹਾਰ ਵਿਚ ਇਹ ਸਥਾਪਤ ਕਰਨਾ ਚਾਹੁੰਦਾ ਸੀ ਕਿ ਖਾਲਸਾ ਸਮੂਹ ਇਕ ਵਿਲੱਖਣ ਸਮੂਹ ਹੈ ਅਤੇ ਇਸਦੇ ਸਮਾਜਕ ਟੀਚੇ ਵੀ ਵਿਲੱਖਣ ਹਨ। ਵਿਲੱਖਣਤਾ ਪ੍ਰਤੀ ਇਹ ਚੇਤਨਾ ਇਕ ਕਾਰਨ ਹੋ ਸਕਦਾ ਹੈ ਜਿਸ ਕਰਕੇ ਖਾਲਸੇ ਨੇ ਆਪਣੀ ਭਾਖਾ ਨੂੰ ਵੀ ਵਿਲੱਖਣ ਰੰਗਤ ਦਿੱਤੀ।

ਬੋਲਿਆਂ ਦੀ ਇਹ ਵਿਲੱਖਣਤਾ ਖਾਲਸੇ ਦੀ ਸਮਾਜਿਕ ਪਰਿਵਰਤਨ ਦੀ ਪ੍ਰਕਿਰਿਆ ਬਾਰੇ ਚੇਤੰਨ ਹੋਣ ਦਾ ਪਰਮਾਣ ਵੀ ਹੈ। ਖਾਲਸਾ ਇਸ ਤੱਥ ਤੋਂ ਸੁਚੇਤ ਲੱਗਦਾ ਹੈ ਕਿ ਕਿਸੇ ਵਿਲੱਖਣ ਵਿਚਾਰਧਾਰਕ ਟੀਚੇ ਨੂੰ ਜਨ-ਮਾਨਸ ਤੱਕ ਲਏ ਜਾਣ ਅਤੇ ਇਸਨੂੰ ਜਨ-ਮਾਨਸ ਦੇ ਸੰਕਲਪ ਸੰਸਾਰ ਦਾ ਹਿੱਸਾ ਬਨਾਉਣ ਲਈ ਅਵੱਸ਼ਕ ਹੈ ਕਿ ਇਸ ਵਿਚਾਰਧਾਰਕ ਟੀਚੇ ਦੀ ਵਾਹਕ ਭਾਖਾ ਅਤੇ ਚਿੰਨ੍ਹ-ਪਰਣਾਲੀ ਵੀ ਵਿਲੱਖਣ ਹੀ ਹੋਵੇ ਤਾਂ ਕਿ ਪਰਸੰਗਕ ਵਿਚਾਰਧਾਰਕ ਟੀਚਾ ਸਿਰਫ਼ ਨਿੱਖੜਵੇ ਹੀ ਨਹੀਂ ਉੱਘੜਵੇਂ ਢੰਗ ਨਾਲ ਵੀ ਜਨ-ਮਾਨਸ ਸਾਹਵੇਂ ਪਰਗਟ ਹੋਵੇ।

ਬੋਲਿਆਂ ਦੀ ਭਾਖਾ ਦੇ ਵਿਲੱਖਣ ਹੋਣ ਦਾ ਸੈਨਿਟ ਕਾਰਨ ਵੀ ਹੋ ਸਕਦਾ ਹੈ। ਖਾਲਸਾ ਕਿਉਂਕਿ ਸਿੱਖ ਸੈਨਾ ਸੀ ਅਤੇ ਹਮੇਸ਼ਾਂ ਦੁਸ਼ਮਣ ਦੀ ਨਜ਼ਰ ਹੇਠ ਸੀ, ਇਸ ਲਈ ਇਹ ਸੈਨਾ ਆਪਣੇ ਸੰਚਾਰ ਨੂੰ ਗੁਪਤ ਰੱਖਣਾ ਚਾਹੁੰਦੀ ਸੀ। ਏਸੇ ਕਰਕੇ ਅਨੇਕਾਂ ਵਸਤਾਂ ਅਤੇ ਸੰਕਲਪਾਂ ਲਈ ਨਵੇਂ ਸ਼ਬਦ ਘੜੇ ਗਏ।

ਪਰ ਸੈਨਿਕ ਕਾਰਨ ਹੋਣ ਦੀ ਵਿਆਖਿਆ ਦਾ ਕੋਈ ਠੋਸ ਆਧਾਰ ਨਹੀਂ ਲੱਗਦਾ। ਜੇ ਬੋਲਿਆਂ ਦੀ ਸ਼ਬਦਾਵਲੀ ਨੂੰ ਗਹੁ ਨਾਲ ਵਾਚੀਏ ਤਾਂ ਇਸਦੇ ਸ਼ਬਦ ਵਿਸ਼ਿਸ਼ਟ ਸੈਨਿਕ ਸ਼ਬਦਾਵਲੀ ਨਹੀਂ ਲੱਗਦੇ। ਬਲਕਿ, ਸੈਨਿਕ ਸੰਕਲਪਾਂ ਨਾਲ ਸੰਬੰਧਿਤ ਸ਼ਬਦ ਬਹੁਤ ਹੀ ਘੱਟ ਹਨ। ਮਿਸਾਲ ਲਈ, ਸ਼ਸਤਰਾਂ ਅਤੇ ਸੈਨਿਕ ਸੰਗਠਨਾਂ ਨਾਲ ਸੰਬੰਧਿਤ ਸ਼ਬਦਾਵਲੀ ਦੀ ਲਗਭਗ ਅਣਹੋਂਦ ਹੀ ਹੈ। ਇਸ ਕਰਕੇ, ਬੋਲਿਆਂ ਦੀ ਵਿਲੱਖਣਤਾ ਦੀ ਵਿਆਖਿਆ ਸੈਨਿਕ ਆਧਾਰ 'ਤੇ ਕਰਨੀ ਉਚਿਤ ਨਹੀਂ ਜਾਪਦੀ।

#### (ਅ) ਕਟਾਖ਼ਮਈ ਸੁਰ

ਬੋਲਿਆਂ ਦੀ ਭਾਖਾ ਦਾ ਦੂਜਾ ਵਿਸ਼ੇਸ਼ ਲੱਛਣ ਇਹਨਾਂ ਦੀ ਕਟਾਖ਼ਮਈ ਸੁਰ ਹੈ। ਮਿਸਾਲ ਲਈ, ਬੱਕਰੀ ਲਈ, 'ਅਕਾਸ਼ਪਰੀ', ਭੰਗ ਲਈ 'ਸ਼ਹੀਦੀ ਦੇਗ', ਗਾਜਰਾਂ ਲਈ 'ਗੁਬਿੰਦੀਆਂ', ਗੋਲ੍ਹਾਂ ਲਈ 'ਲਾਖਾਂ', ਸ਼ਰਾਬ ਲਈ 'ਗੰਗਾਜਲ', ਟੁੰਡੇ ਲਈ 'ਲਖਬਾਹਾ', ਚੱਕੀ ਲਈ 'ਫਿਰਨੀ', ਛੋਲਿਆਂ ਲਈ 'ਬਾਦਾਮ'

ਆਦਿ ਸ਼ਬਦਾਂ ਦੀ ਵਰਤੋਂ ਨੂੰ ਲਿਆ ਜਾ ਸਕਦਾ ਹੈ।

ਬੋਲਿਆਂ ਵਿਚਲੀ ਕਟਾਖ਼ਮਈ ਸੁਰ ਵਿਭਿੰਨ ਭਾਵਾਂ ਦੀ ਚਿੰਨ੍ਹਕ ਹੈ। ਇਸ ਸੁਰ ਦਾ ਇਕ ਭਾਵ ਖਾਲਸੇ ਦੀ ਚੜ੍ਹਦੀ-ਕਲਾ ਦਾ ਹੈ। ਬਹੁਤ ਹੀ ਪ੍ਰਤੀਕੂਲ ਪਰਸਥਿਤੀਆਂ ਵਿਚ ਵੀ ਹਾਸ-ਰਉਂ ਵਿਚ ਰਹਿ ਸੱਕਣਾ ਚੜ੍ਹਦੀ-ਕਲਾ ਦਾ ਹੀ ਪ੍ਰਤੀਕ ਹੈ। ਇੰਜ ਬੋਲਿਆਂ ਦੀ ਕਟਾਖ਼-ਸੁਰ ਜਿੱਥੇ ਖਾਲਸੇ ਦੀ ਚੜ੍ਹਦੀਕਲਾ ਦਾ ਪਰਤੀਕ ਹੈ ਉੱਥੇ ਖਾਲਸੇ ਨੂੰ ਚੜ੍ਹਦੀਕਲਾ ਵਿਚ ਰੱਖਣ ਲਈ ਇਕ ਭਾਖਾਈ ਬਿੰਬਾਤਮਕ ਵਿਉਂਤ ਵੀ ਹੈ।

ਬੋਲਿਆਂ ਦੀ ਕਟਾਖ਼-ਸੁਰ ਦਾ ਦੂਜਾ ਭਾਵ ਖਾਲਸੇ ਦੀ ਹਮਲਾਵਰ (ਹਾਂ ਪੱਖੀ ਅਰਥਾਂ ਵਿਚ) ਅਵਸਥਾ ਹੈ। ਕਟਾਖ਼ ਰੱਖਿਆਤਮਕ ਬਿਰਤੀ ਦੇ ਵਿਪਰੀਤ ਹਮਲਾਵਰ ਬਿਰਤੀ ਨੂੰ ਚਿੰਨ੍ਹਤ ਕਰਦਾ ਹੈ। ਕਟਾਖ਼ਮਈ ਸੁਰ ਖਾਲਸੇ ਦੀ ਸਮਾਜਕ ਖਹਿ ਦੇ ਤੱਥ ਨੂੰ ਵੀ ਭਾਖਾਈ ਰੂਪ ਵਿਚ ਚਿੰਨ੍ਹਤ ਕਰਦੀ ਹੈ।

ਤੀਜੇ, ਬੋਲਿਆਂ ਵਿਚਲੀ ਕਟਾਖ਼-ਸੁਰ ਖਾਲਸੇ ਦੀ ਨਿਰਵੈਰ, ਭਾਵ ਘਿਰਣਾ-ਰਹਿਤ ਬਿਰਤੀ ਨੂੰ ਵੀ ਚਿੰਨ੍ਹਤ ਕਰਦੀ ਹੈ। ਖਾਲਸੇ ਦਾ ਵਿਰੋਧ ਤਾਂ ਹੋ ਸਕਦਾ ਹੈ ਪਰ ਵਿਰੋਧੀ ਪ੍ਰਤੀ ਘਿਰਣਾ ਦੀ ਭਾਵਨਾ ਨਹੀਂ। ਕਟਾਖ਼ ਦੀ ਸੁਰ ਜਿੰਨ੍ਹਾਂ ਤੀਖਣ ਆਲੋਚਨਾ ਨੂੰ ਚਿੰਨ੍ਹਤ ਕਰਦੀ ਹੈ ਉਨ੍ਹਾਂ ਘਿਰਨਾ ਨੂੰ ਨਹੀਂ।

ਬੋਲਿਆਂ ਵਿਚਲੀ ਕਟਾਖ਼-ਸੁਰ ਖਾਲਸੇ ਵਿਚਲੇ ਜਨਤੰਤਰ ਅਤੇ ਸੁਤੰਤਰਤਾ ਦੇ ਅਨੁਭਵ ਦੀ ਪਰਤੀਕ ਵੀ ਹੈ। ਬੋਲਿਆਂ ਵਿਚ ਅਨੇਕਾਂ ਕਟਾਖ਼ਮਈ ਸ਼ਬਦ ਅਜਿਹੇ ਹਨ ਜੋ ਖਾਲਸੇ ਦੇ ਆਪਣੇ ਜੀਵਨ ਜਾਂ ਵਿਵਹਾਰ ਨਾਲ ਸਬੰਧਤ ਹਨ। ਗਾਜਰਾਂ ਨੂੰ 'ਗੁਬਿੰਦੀਆਂ', ਭੰਗ ਨੂੰ 'ਸ਼ਹੀਦੀ ਦੇਗ', ਖਰਬੂਜਿਆਂ ਨੂੰ 'ਗੁਬਿੰਦੇ', ਮੋਟੀ ਰੋਟੀ ਨੂੰ 'ਗੁਰਮੁਖੀ ਪ੍ਰਸਾਦਾ' ਆਦਿ ਕਹਿਣਾ ਪ੍ਰਗਟਾਉ ਅਤੇ ਵਿਵਹਾਰ ਦੀ ਸੁਤੰਤਰਤਾ ਅਤੇ ਸਮਾਨਤਾ ਨੂੰ ਵੀ ਚਿੰਨ੍ਹਤ ਕਰਦਾ ਹੈ ਅਤੇ ਇਸ ਗੱਲ ਦਾ ਵੀ ਚਿੰਨ੍ਹਕ ਹੈ ਕਿ ਖਾਲਸੇ ਦੀ ਆਪਣੇ ਮਤ ਪ੍ਰਤੀ ਧਾਰਨਾ ਕੇਵਲ ਸ਼ਰਧਾਮਈ ਹੀ ਨਹੀਂ ਤਾਰਕਿਕ ਵੀ ਹੈ। ਕਿਉਂਕਿ ਸ਼ਰਧਾ ਦੀ ਭਾਵਨਾ ਵਿਚੋਂ ਉਪਾਸਨਾ ਦੇ ਰੂਪ ਪਰਗਟ ਹੁੰਦੇ ਹਨ ਕਟਾਖ਼ ਦੇ ਨਹੀਂ। ਕਟਾਖ਼ ਅਸਿੱਧੇ ਰੂਪ ਵਿਚ ਤਾਰਕਿਕ ਆਲੋਚਨਾ ਜਾਂ ਨਿਖੇਧ ਦਾ ਸ਼ੈਲੀਗਤ ਪ੍ਰਗਟਾਉ ਹੈ।

### 3. ਸਾਕਾਰਮਈ ਸੁਰ

ਬੋਲਿਆਂ ਦਾ ਇਕ ਹੋਰ ਅਹਿਮ ਲੱਛਣ ਇਹਨਾਂ ਦੇ ਭਾਵਾਂ ਦਾ ਹਾਂ-ਪੱਖੀ ਹੋਣਾ ਹੈ। ਬੋਲਿਆਂ ਵਿਚ ਆਲੋਚਨਾਮਈ ਸੁਰ ਭਾਵੇਂ ਬਹੁਤ ਭਾਰੂ ਹੈ ਪਰ ਆਲੋਚਨਾ ਦਾ ਭਾਵ ਛੁਟਿਆਉਣ ਵਾਲੇ ਪ੍ਰਗਟਾਵਾਂ ਦੀ ਵਰਤੋਂ ਕਰਕੇ ਨਹੀਂ ਬਲਕਿ ਵਡਿਆਉਣ ਵਾਲੇ ਪ੍ਰਗਟਾਵਾਂ ਦੀ ਵਰਤੋਂ ਕਰਕੇ ਬਿੰਬਤ ਕੀਤਾ ਗਿਆ ਹੈ। ਚਿਤਾ ਲਈ 'ਅੰਗੀਠਾ', ਬੈਂਗਣ ਲਈ 'ਬਟੇਰਾ' , ਕਿੱਕਰ ਲਈ 'ਸਦਾ ਗੁਲਾਬ', ਥੋੜੇ ਲਈ 'ਸਵਾਇਆ', ਗੱਡੇ ਲਈ 'ਜਹਾਜ਼', ਭਾਜੀ ਲਈ 'ਭਾਜਾ', ਦਾਲ ਲਈ 'ਦਾਲਾ' ਆਦਿ ਸ਼ਬਦ ਖਾਲਸੇ ਦੀ ਵਡਿਆਉਣ ਅਤੇ ਹਾਂ-ਪੱਖੀ ਮਾਨਸਿਕਤਾ ਨੂੰ ਚਿਤਰਦੇ ਹਨ। ਬੋਲਿਆਂ ਦੀ ਪੂਰੀ ਸ਼ਬਦਾਵਲੀ ਵਿਚ ਕੋਈ ਇੱਕਾ-ਦੁੱਕਾ ਸ਼ਬਦ ਹੀ ਹਨ ਜੋ ਨਾਕਾਰਾਤਮਕ ਰੁਚੀ ਨੂੰ ਬਿੰਬਤ ਕਰਦੇ ਹਨ (ਜਿਵੇਂ ਰੰਬੀ ਲਈ 'ਚਲਾਕਣ')। ਬੋਲਿਆਂ ਵਿਚਲੀ ਸਕਾਰਾਤਮਕ ਜਾਂ ਵਡਿਆਉਣ ਦੀ ਸੁਰ ਖਾਲਸੇ ਦੀ ਸੰਤੋਖੀ ਬਿਰਤੀ ਨੂੰ ਵੀ ਪਰਗਟ ਕਰਦੀ ਹੈ।

ਉਪਰੋਕਤ ਵਡਿਆਉਣ ਦੀ ਸੁਰ ਦਾ ਇਕ ਭਾਖਾਈ ਪ੍ਰਗਟਾਵਾ ਬੋਲਿਆਂ ਦੀ ਸ਼ਬਦਾਵਲੀ ਦਾ ਪੁਲਿੰਗਮੁਖੀ ਝੁਕਾਉ ਹੈ। ਕਿਸੇ ਇਸਤਰੀਲਿੰਗ ਸ਼ਬਦ ਦਾ ਪੁਲਿੰਗ ਪਰਤਾਉ ਉਸ ਸ਼ਬਦ ਨਾਲ ਸੰਬੰਧਿਤ ਅਰਥ ਨੂੰ ਹੋਰ ਵਡੇਰਾ ਕਰਨਾ ਹੈ। ਇਥੇ ਇਹ ਵੀ ਕਿਹਾ ਜਾ ਸਕਦਾ ਹੈ ਇਸਤਰੀ ਲਿੰਗ ਸ਼ਬਦਾਂ ਦੇ ਪੁਲਿੰਗ ਪਰਤਾਵਾਂ ਦੀ ਰੁਚੀ ਇਸਤਰੀ ਵਰਗ ਨੂੰ ਛੁਟਿਆਉਂਦੀ ਹੈ ਪਰ ਅਜਿਹਾ ਅਰਥ ਕੱਢਣਾ ਬੋਲਿਆਂ ਦੀ ਭਾਖਾ ਦੀ ਵਿਆਖਆ ਵਰਤਮਾਨ ਦੇ ਪਰਸੰਗ ਵਿਚ ਰੱਖ ਕੇ ਕਰਨੀ ਹੋਵੇਗੀ, ਜੋ ਉਚਿਤ ਨਹੀਂ ਹੈ। ਕਿਸੇ ਵਰਤਾਰੇ ਦੀ ਵਿਆਖਿਆ ਉਸ ਦੇ ਇਤਿਹਾਸਿਕ ਪਰਸੰਗ ਵਿਚ ਹੀ ਹੋ ਸਕਦੀ ਹੈ।

ਬੋਲਿਆਂ ਦਾ ਪੁਲਿੰਗ ਪਰਧਾਨ ਹੋਣਾ ਖਾਲਸੇ ਦੀ ਵਿਸ਼ਾਲ ਮਾਨਸਿਕ ਬਿਰਤੀ ਨੂੰ ਵੀ ਪਰਗਟ ਕਰਦਾ ਹੈ।

### 4. ਬਹੁਖੇਤਰੀ

ਬੋਲਿਆਂ ਦਾ ਇਕ ਹੋਰ ਅਹਿਮ ਲੱਛਣ ਇਹਨਾਂ ਦੀ ਸ਼ਬਦਾਵਲੀ ਦਾ ਜੀਵਨ ਦੇ ਬਹੁਤ ਸਾਰੇ ਖੇਤਰਾਂ ਨਾਲ ਸੰਬੰਧਿਤ ਹੋਣਾ ਹੈ। ਇਸ ਵਿਚ ਸਿਰਫ਼ ਧਾਰਮਿਕ ਜੀਵਨ ਨਾਲ ਸੰਬੰਧਿਤ ਸ਼ਬਦ ਹੀ ਨਹੀਂ ਬਲਕਿ ਅਜਿਹੇ ਸ਼ਬਦ ਵੀ ਹਨ ਜੋ ਬਹੁਤ ਹੀ ਸੰਕੋਚੀ ਪਰਸੰਗਾ ਵਿਚ ਵਰਤੇ ਜਾਂਦੇ ਹਨ। ਮਿਸਾਲ ਲਈ, ਇੰਦਰੀ ਲਈ

'ਘੋੜਾ', ਕਣਕ ਲਈ 'ਭਗਮੁਖੀ', ਸੌਣ ਲਈ 'ਧਰਮਰਾਜ ਦੀ ਧੀ ਨਾਲ ਯੁੱਧ ਕਰਨਾ', ਯੋਨੀ ਲਈ 'ਹਿਰਨਖੁਰੀ' ਆਦਿ ਪ੍ਰਗਟਾਉ ਦਰਸਾਉਂਦੇ ਹਨ ਕਿ ਬੋਲਿਆਂ ਦੀ ਭਾਖਾ ਇਕ ਧਾਰਮਿਕ ਰਾਜਿਸਟਰ (ਜੀਵਨ ਦੇ ਕਿਸੇ ਇਕ ਖੇਤਰ ਨਾਲ ਸੰਬੰਧਤ ਸ਼ਬਦਾਵਲੀ ਜਾਂ ਭਾਖਾ) ਨਹੀਂ ਬਲਕਿ ਇਕ ਬਹੁਪਾਸਾਰੀ ਭਾਖਾ ਹੈ। ਜਿਸਨੂੰ ਸ਼ਾਇਦ ਉਸ ਸਮੇਂ ਦੀ ਪੰਜਾਬੀ ਭਾਖਾ ਦੀ ਇਕ ਉਪਭਾਖਾ ਦਾ ਦਰਜਾ ਦਿੱਤਾ ਜਾ ਸਕਦਾ ਹੈ।

**ਸਾਰ**

ਬੋਲਿਆਂ ਦੀ ਭਾਖਾ 'ਤੇ ਇਸ ਸੰਖੇਪ ਸਮਾਜਿਕ-ਚਿੰਨਕ ਝਾਤ ਤੋਂ ਪਤਾ ਚਲਦਾ ਹੈ ਕਿ ਖਾਲਸਾ ਜਾਂ ਖਾਲਸੇ ਦੇ ਸੂਤਰਧਾਰ ਸਮਾਜਿਕ ਕਾਰਜਾਂ ਅਤੇ ਭਾਖਾ ਦੇ ਅੰਤਰਸਬੰਧਾਂ ਬਾਰੇ ਪੂਰੀ ਤਰ੍ਹਾਂ ਸੁਚੇਤ ਸਨ। ਬੋਲਿਆਂ ਦੀ ਭਾਖਾ ਵਿਚਲੀ ਵਿਲੱਖਣ ਸੁਰ ਉਪਰੋਕਤ ਕਥਨ ਦਾ ਪਰਮਾਣ ਹੈ। ਬੋਲਿਆਂ ਦੀ ਭਾਖਾ ਦੀ ਵਿਲੱਖਣ ਸੁਰ ਦਰਸਾਉਂਦੀ ਹੈ ਕਿ ਖਾਲਸੇ ਦੀ ਚੇਤਨਤਾ ਸੀ ਕਿ ਕਿਸੇ ਵਿਲੱਖਣ ਸਮਾਜਕ ਲਹਿਰ ਲਈ ਵਿਲੱਖਣ ਚਿੰਨ੍ਹਾਂ ਦਾ ਹੋਣਾ ਅਵੱਸ਼ਕ ਹੈ ਅਤੇ ਇਹਨਾਂ ਚਿੰਨ੍ਹਾਂ ਵਿਚ ਭਾਖਾਈ ਚਿੰਨ੍ਹ ਵੀ ਸ਼ਾਮਲ ਹਨ। ਬੋਲਿਆਂ ਵਿਚਲੀ ਕਟਾਖ਼ਮਈ ਸੁਰ ਖਾਲਸੇ ਦੀ ਚੜ੍ਹਦੀਕਲਾ, ਖਾਲਸੇ ਦੀ ਹਮਲਾਵਰ (ਹਾਂ-ਪੱਖੀ ਅਰਥਾਂ ਵਿਚ) ਮਾਨਸਿਕ ਬਿਰਤੀ, ਖਾਲਸੇ ਦੀ ਸਮਾਨਤਾ, ਸੁਤੰਤਰਤਾ ਅਤੇ ਤਾਰਕਿਕ ਆਧਾਰਾਂ ਵਾਲੀ ਮਾਨਸਿਕਤਾ ਅਤੇ ਖਾਲਸੇ ਦੀ ਸਮਾਜਿਕ ਖਹਿ ਨੂੰ ਚਿੰਨ੍ਹਤ ਕਰਦੀ ਹੈ। ਬੋਲਿਆਂ ਦੀ ਭਾਖਾ ਵਿਚਲੀ ਸਾਕਾਰਮਈ ਸੁਰ ਖਾਲਸੇ ਦੀ ਨਿਰਵੈਰ, ਸਵੈ-ਵਿਸ਼ਵਾਸ ਅਤੇ ਸੰਤੋਖੀ ਬਿਰਤੀ ਦੀ ਪਰਤੀਕ ਹੈ।

**ਹਵਾਲੇ/ਟਿੱਪਣੀਆਂ**


1. ਹੇਲੀਡੇ, ਐਮ. ਏ. ਕੇ. *ਐਕਸਪਲੋਰੇਸ਼ਨਜ਼ ਇਨ ਦ ਫੰਕਸ਼ਨਜ਼ ਆਫ ਲੈਂਗੁਏਜ਼* (ਐਕਸਪਲੋਰੇਸ਼ਨਜ ਇਨ ਲੈਂਗੁਏਜ ਸਟੱਡੀ), 1973, ਲੰਦਨ : ਐਡਵਰਡ ਆਰਨੋਲਡ
2. *ਉਹੀ*, ਲੈਂਗੁਏਜ ਸਟਰਕਚਰ ਐਂਡ ਲੈਂਗੁਏਜ ਫੰਕਸ਼ਨ, ਜੇ ਲਾਇਨਜ਼ ਸੰਪਾ. *ਨਿਊ ਹਰਾਈਜਨਜ਼ ਇਨ ਲਿੰਗੁਇਸਟਿਕਸ*, ਪੈਂਗੁਇਨ ਬੁਕਸ, 1975
3. *ਉਹੀ*, *ਲੈਂਗੁਏਜ ਐਜ਼ ਸੋਸ਼ਲ ਸੀਮੀਓਟਿਕ* ਲੰਦਨ : ਐਡਵਰਡ. ਆਰਨੋਲਡ, 1979
4. ਕਾਨ੍ਹ ਸਿੰਘ, ਨਾਭਾ, *ਮਹਾਨ ਕੋਸ਼*, ਪਟਿਆਲਾ : ਭਾਸ਼ਾ ਵਿਭਾਗ ਪੰਜਾਬ, 1930



*ਜੀਵਨ ਗੁਰੂ ਹਰਿਗੋਬਿੰਦ ਸਾਹਿਬ*

1. **ਗੁਰਬਿਲਾਸ ਪਾਤਸ਼ਾਹੀ ਛੇਵੀਂ (ਜੀਵਨ ਗੁਰੂ ਹਰਿ ਗੋਬਿੰਦ ਜੀ)**
   ਭਗਤ ਸਿੰਘ 400-00
2. **ਗੁਰ ਭਾਰੀ : ਜੀਵਨੀ ਗੁਰੂ ਹਰਿਗੋਬਿੰਦ ਜੀ**
   ਸਤਿਬੀਰ ਸਿੰਘ 70-00
3. **ਗੁਰੂ ਹਰਿਗੋਬਿੰਦ ਸਾਹਿਬ : ਜੀਵਨ ਤੇ ਪ੍ਰਤਿਭਾ**
   ਕੁਲਦੀਪ ਸਿੰਘ ਧੀਰ 65-00
4. **ਗੁਰੂ ਹਰਿਗੋਬਿੰਦ ਸਾਹਿਬ : ਜੀਵਨ, ਯੁੱਧ ਅਤੇ ਯਾਤਰਾਵਾਂ**
   ਸੁਖਦਿਆਲ ਸਿੰਘ 100-00

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗਿਆਨੀ ਸਰੂਪ ਸਿੰਘ ਕਵਿਸ਼ਰ
ਪੰਥਕ
ਢਾਡੀ ਜੱਥਾ
98150-03075
ਫਿਲੌਰ (ਜਲੰਧਰ)

# ਖਾਲਸਾ ਪੰਥ ਦੇ ਪੰਜ ਤਖ਼ਤ

ਸੁਖਦਿਆਲ ਸਿੰਘ

---

ਗੁਰਮਤਿ ਵਿਚ ਤਖ਼ਤ ਸ਼ਬਦ ਕਈ ਅਰਥਾਂ ਦੇ ਸੰਦਰਭ ਵਿਚ ਵਰਤਿਆ ਗਿਆ ਹੈ। ਇਸ ਦੇ ਅਰਥ ਉਹ ਹਨ ਜੋ ਅਕਾਲ ਪੁਰਖੁ ਜਾਂ ਪਰਮ ਸੱਚ ਦੀ ਸਰਬਉੱਚਤਾ ਅਤੇ ਸਰਬਵਿਆਪਕਤਾ ਨੂੰ ਦਰਸਾਉਂਦੇ ਹਨ ਜਿਵੇਂ ਕਿ :

— *ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ॥*
*ਸਿਰਿ ਸਾਹਾ ਪਾਤਸਾਹੁ ਨਿਹਚਲ ਚਉਰੁ ਛਤੁ॥*[1]
— *ਸਾਚੀ ਨਗਰੀ ਤਖਤੁ ਸੁਹਾਵਾ॥ ਗੁਰਮੁਖਿ ਸਾਚੁ ਮਿਲੈ ਸੁਖ ਪਾਵਾ॥*
*ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਣਾਈ ਹੇ॥*[2]

ਦੂਜੇ ਉਹ ਅਰਥ ਹਨ ਜਿਨ੍ਹਾਂ ਤੋਂ ਮੁਰਾਦ ਇਕ ਆਦਰਸ਼ਵਾਦੀ ਹਕੂਮਤ ਤੋਂ ਲਏ ਗਏ ਹਨ ਜਿਵੇਂ :

—*ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥*[3]
—*ਤਖਤਿ ਸਲਾਮੁ ਹੋਵੈ ਦਿਨ ਰਾਤੀ॥ ਇਹ ਸਾਚੁ ਵਡਾਈ ਗੁਰਮਤਿ ਲਿਵ ਜਾਤੀ॥*[4]
—*ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥*[5]

ਤੀਜੇ ਉਹ ਅਰਥ ਹਨ ਜਿਨ੍ਹਾਂ ਰਾਹੀਂ ਸਿੱਖ ਗੁਰੂ ਸਾਹਿਬਾਨ ਦੀ ਸਰਬਉੱਚਤਾ ਨੂੰ ਦਰਸਾਇਆ ਗਿਆ ਹੈ। ਇਹ ਸ਼ਬਦ ਗੁਰੂ ਸਾਹਿਬਾਨ ਦੇ ਸਮਕਾਲੀ ਭੱਟਾਂ ਨੇ ਵਰਤੇ ਹਨ। ਜਿਵੇਂ:

—*ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥*[6]
—*ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥*[7]
—*ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥*[8]
—*ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥*[9]

ਇਨ੍ਹਾਂ ਤੋਂ ਇਲਾਵਾ ਜੋ ਚੌਥੀ ਕਿਸਮ ਦੇ ਤਖ਼ਤ ਸ਼ਬਦ ਦੇ ਅਰਥ ਗੁਰਮਤਿ ਲਿਖਤਾਂ ਵਿਚ ਆਏ ਹਨ ਉਹ ਸਿੱਖ ਇਤਿਹਾਸ ਨਾਲ ਸੰਬੰਧਿਤ ਹਨ। ਇਹ ਖਾਲਸਾ ਪੰਥ ਦੇ ਪੰਜ ਤਖ਼ਤਾਂ ਦੇ ਸੰਦਰਭ ਵਿਚ ਵਰਤੇ ਗਏ ਹਨ। ਪੰਜ ਤਖ਼ਤਾਂ ਦਾ ਸੰਕਲਪ ਖਾਲਸਾ ਪੰਥ ਦੀ ਪ੍ਰਬੰਧਕੀ ਪਰਣਾਲੀ ਨਾਲ ਸੰਬੰਧਿਤ ਹੈ। ਇਨ੍ਹਾਂ ਤਖ਼ਤਾਂ ਦਾ ਜ਼ਿਕਰ ਗੁਰਬਾਣੀ ਵਿਚ ਨਹੀਂ ਹੈ ਸਗੋਂ ਸਿੱਖ ਇਤਿਹਾਸ ਵਿਚ ਹੈ। ਗੁਰਬਾਣੀ ਅਤੇ ਸਿੱਖ ਇਤਿਹਾਸ ਇਕ ਦੂਜੇ ਦੇ ਪੂਰਕ ਹਨ। ਗੁਰਬਾਣੀ, ਗੁਰੂ ਸਾਹਿਬ ਦੀ ਲਿਖਤੀ ਰੂਪ ਵਿਚ ਉਚਾਰੀ ਹੋਈ ਸਿੱਖਿਆ ਦਾ ਨਾਂ ਹੈ। ਸਿੱਖ ਇਤਿਹਾਸ, ਸਿੱਖ ਸਮਾਜ ਦੀਆਂ ਪ੍ਰਾਪਤੀਆਂ ਦਾ ਦਸਤਾਵੇਜ਼ ਹੈ। ਇਹ ਤੱਥਾਂ, ਪਰੰਪਰਾਵਾਂ ਅਤੇ ਲੋਕ-ਕਥਾਵਾਂ ਉਪਰ ਆਧਾਰਿਤ ਹੈ। ਰਵਾਇਤਾਂ ਜਾਂ ਪਰੰਪਰਾਵਾਂ ਵਿਸ਼ਵਾਸ ਵਿਚੋਂ ਪੈਦਾ ਹੁੰਦੀਆਂ ਹਨ ਅਤੇ ਵਿਸ਼ਵਾਸ ਸਿਧਾਂਤ ਵਿਚੋਂ ਉਗਮਦਾ ਹੈ। ਇਸ ਤਰ੍ਹਾਂ ਰਵਾਇਤਾਂ ਅਤੇ ਪਰੰਪਰਾਵਾਂ ਵਿਸ਼ਵਾਸ ਅਤੇ ਵਿਚਾਰਧਾਰਾ ਦਾ ਪ੍ਰਤੀਕ ਹੁੰਦੀਆਂ ਹਨ। ਵਿਸ਼ਵਾਸ ਅਤੇ ਵਿਚਾਰਧਾਰਾ ਦੀਆਂ ਪ੍ਰਤੀਕ ਹੋਣ ਕਰਕੇ ਹੀ ਰਵਾਇਤਾਂ ਜਾਂ ਪਰੰਪਰਾਵਾਂ ਇਤਿਹਾਸ ਦਾ ਸਰੋਤ ਹੋ ਨਿਬੜਦੀਆਂ ਹਨ। ਗੁਰਮਤਿ ਵਿਚ ਪੰਜ ਤਖ਼ਤਾਂ ਦਾ ਸੰਕਲਪ ਰਵਾਇਤਾਂ ਅਤੇ ਪਰੰਪਰਾਵਾਂ ਉਪਰ ਹੀ ਆਧਾਰਿਤ ਹੈ।

ਖਾਲਸਾ ਪੰਥ ਦੇ ਅੱਜ ਪੰਜ ਤਖ਼ਤ ਇਹ ਹਨ : ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ), ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ), ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ), ਤਖ਼ਤ ਸ੍ਰੀ ਦਮਦਮਾ ਸਾਹਿਬ

(ਤਲਵੰਡੀ ਸਾਬੋ), ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ (ਮਹਾਂਰਾਸ਼ਟਰ)।

**ਅਕਾਲ ਤਖ਼ਤ ਸਾਹਿਬ**

ਅਕਾਲ ਤਖ਼ਤ ਦੀ ਸਥਾਪਨਾ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਤੁਰੰਤ ਬਾਅਦ, ਉਨ੍ਹਾਂ ਦੇ ਛੇਵੇਂ ਉਤਰਾਧਿਕਾਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਹਾੜ੍ਹ ਸੁਦੀ ਪੰਚਮੀ, ਸੰਮਤ 1763 ਬਿ. ਨੂੰ ਕੀਤੀ ਸੀ।[9] ਇਸ ਦੀ ਅੰਗਰੇਜ਼ੀ ਮਿਤੀ ਜੂਨ 15, 1606 ਈ. ਬਣਦੀ ਹੈ। ਇਹ ਸਮਾਂ ਗੁਰੂ ਅਰਜਨ ਦੇਵ ਜੀ ਦੇ ਭੋਗ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਿਆਈ ਧਾਰਨ ਕਰਨ ਦਾ ਸੀ। ਦੂਜੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਅਕਾਲ ਤਖ਼ਤ ਦੀ ਸਥਾਪਨਾ ਗੁਰੂ ਅਰਜਨ ਦੇਵ ਜੀ ਦੇ ਡੁੱਲ੍ਹੇ ਪਵਿੱਤਰ ਖ਼ੂਨ ਵਿਚੋਂ ਹੋਈ ਸੀ ਜੋ ਸਿੱਖ ਰਾਸ਼ਟਰ ਲਈ ਆਤਮ ਨਿਰਣੇ ਦੀ ਭਾਵਨਾ ਨੂੰ ਖੁਲ੍ਹੇ ਰੂਪ ਵਿਚ ਐਲਾਨ ਕੇ ਸੰਸਾਰ ਦੇ ਸਾਹਮਣੇ ਲੈ ਕੇ ਆਇਆ ਸੀ। ਇਸ ਤਰ੍ਹਾਂ ਅਕਾਲ ਤਖ਼ਤ ਸਿੱਖ ਰਾਸ਼ਟਰ ਦੇ ਰੋਸ ਭਰੇ ਵਰਤਾਓ ਦਾ ਪ੍ਰਤੀਕ ਬਣ ਗਿਆ। ਇਹ ਪ੍ਰਤੀਕ ਬਣ ਗਿਆ ਸਿੱਖ ਰਾਸ਼ਟਰ ਦੀ ਅੰਦਰੂਨੀ ਤੌਰ ਤੇ ਸੁਤੰਤਰ ਹੋਂਦ ਅਤੇ ਹਥਿਆਰਬੰਦ ਤਾਕਤ ਅਤੇ ਰਾਜਨੀਤਿਕ ਤੌਰ ਤੇ ਆਈ ਜਾਗ੍ਰਿਤੀ ਦਾ ਜਿਸ ਨੂੰ ਮੀਰੀ ਪੀਰੀ ਦੇ ਸੰਕਲਪ ਨਾਲ ਧਾਰਨ ਕੀਤਾ ਗਿਆ ਸੀ। ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਝੂਲ ਰਹੇ ਦੋ ਕੇਸਰੀ ਨਿਸ਼ਾਨ ਪ੍ਰਤੀਕ ਸਨ ਧਰਮ ਅਤੇ ਰਾਜਨੀਤਕ ਦੋ ਸ਼ਕਤੀਆਂ ਦੇ ਜਿਨ੍ਹਾਂ ਨੇ ਇਕ ਦੂਜੀ ਦਾ ਸਹਾਇਕ ਜਾਂ ਪੂਰਕ ਬਣ ਕੇ ਵਿਚਰਨਾ ਸੀ।

ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨਾਲ ਸਿੱਖ ਰਾਸ਼ਟਰ ਵਿਚ ਇਕ ਨਵੀਂ ਸੋਚ ਅਤੇ ਇਕ ਨਵੀਂ ਇੱਛਾ-ਸ਼ਕਤੀ ਪੈਦਾ ਹੋਈ ਸੀ। ਇਹ ਐਸੀ ਤਾਕਤ ਸਥਾਪਨਾ ਕਰਨ ਦੀ ਸੋਚ ਸੀ ਜਿਸ ਦੇ ਰਾਹੀਂ ਗਰੀਬ ਅਤੇ ਮਜ਼ਲੂਮ ਲੋਕਾਂ ਦਾ ਦੀਨ-ਇਮਾਨ ਸੁਰੱਖਿਅਤ ਰੱਖਿਆ ਜਾ ਸਕੇ। ਇਹੀ ਵਜ੍ਹਾ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਿਆਈ ਧਾਰਨ ਕਰਦਿਆਂ ਹੀ ਜਾਂ ਅਕਾਲ ਤਖ਼ਤ ਦੀ ਸਥਾਪਨਾ ਦੇ ਤੁਰੰਤ ਬਾਅਦ ਹੀ ਅੰਮ੍ਰਿਤਸਰ ਦੀ ਸਾਰੀ ਸਥਿਤੀ ਹੀ ਬਦਲ ਗਈ ਸੀ। ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਕੀਤੇ ਜਾਣ ਦੀ ਥਾਂ ਬੀਰ-ਰਸ ਭਰਪੂਰ ਵਾਰਾਂ ਨੇ ਲੈ ਲਈ ਸੀ। ਮੰਜੀ ਦੀ ਥਾਂ ਤਖ਼ਤ ਨੇ ਲੈ ਲਈ ਸੀ। ਸ਼ਾਂਤਮਈ ਰਹਿਣ ਦੀ ਥਾਂ ਹਥਿਆਰਬੰਦ ਹੋ ਕੇ ਆਉਣ ਦੇ ਹੁਕਮਨਾਮੇ ਭੇਜੇ ਜਾਣੇ ਸ਼ੁਰੂ ਹੋ ਗਏ ਸਨ। ਬਾਦਸ਼ਾਹਾਂ ਵੱਲੋਂ ਗੁਰੂ ਘਰ ਦੇ ਦਰਸ਼ਨ ਕਰਨ ਆਉਣ ਦੀ ਥਾਂ ਬਾਦਸ਼ਾਹਾਂ ਉਪਰ ਚੜ੍ਹਾਈ ਕਰਨ ਦੀਆਂ ਗੱਲਾਂ ਹੋਣ ਲੱਗੀਆਂ ਸਨ[10] ਅਤੇ ਗੁਰੂ ਦੀ ਦਸਤਾਰ ਨੂੰ ਸਮੇਂ ਦੇ ਬਾਦਸ਼ਾਹ ਦੀ ਪੱਗ ਤੋਂ ਜ਼ਿਆਦਾ ਵਧੀਆ ਦੱਸਿਆ ਜਾਣਾ ਸ਼ੁਰੂ ਹੋ ਗਿਆ ਸੀ।

*...ਪੱਗ ਤੇਰੀ ਕੀ ਜਹਾਂਗੀਰ ਦੀ?*

ਇਹ ਸਭ ਗੁਰੂ ਅਰਜਨ ਦੇਵ ਜੀ ਦੇ ਡੁੱਲ੍ਹੇ ਪਵਿੱਤਰ ਖ਼ੂਨ ਦਾ ਪ੍ਰਤੀਕਰਮ ਸੀ ਜਾਂ ਸਿੱਖ ਧਰਮ ਦੇ ਵਿਕਾਸ ਦਾ ਇਕ ਪੜਾਅ ਸੀ। ਗੁਰੂ ਹਰਿਗੋਬਿੰਦ ਜਿੰਨਾ ਸਮਾਂ ਵੀ ਅਕਾਲ ਤਖ਼ਤ ਤੇ ਰਹੇ ਉਹ ਬਾਦਸ਼ਾਹਾਂ ਵਾਂਗ ਹੀ ਵਿਚਰਦੇ ਰਹੇ। ਮੁਗ਼ਲ ਹਕੂਮਤ ਦੇ ਅਧਿਕਾਰੀਆਂ ਜਾਂ ਸਥਾਨਕ ਹਾਕਮਾਂ ਨਾਲ ਹੋਈਆਂ ਲੜਾਈਆਂ, ਅਕਾਲ ਤਖ਼ਤ ਤੋਂ ਕੀਤੇ ਗਏ ਐਲਾਨਨਾਮਿਆਂ ਦੀ ਰੱਖਿਆ ਲਈ ਸਨ ਪਰ ਜਦੋਂ ਹਕੂਮਤ ਦਾ ਜ਼ੋਰ ਜ਼ਿਆਦਾ ਭਾਰੂ ਹੋ ਗਿਆ ਤਾਂ ਗੁਰੂ ਸਾਹਿਬ ਅੰਮ੍ਰਿਤਸਰ ਨੂੰ ਛੱਡ ਕੇ ਕੀਰਤਪੁਰ ਆ ਬਿਰਾਜੇ। ਗੁਰੂ ਸਾਹਿਬ ਦੇ ਹੁੰਦਿਆਂ ਗੁਰੂ ਹੀ ਸਭ ਸੰਸਥਾਵਾਂ ਤੋਂ ਸਿਰਮੌਰ ਸੀ। ਸੰਸਥਾਵਾਂ ਦੀ ਉੱਚਤਾ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਸਥਾਪਤ ਹੋਏ 'ਗ੍ਰੰਥ ਅਤੇ ਪੰਥ' ਦੇ ਸਿਧਾਂਤ ਵਿਚੋਂ ਪੈਦਾ ਹੋਈ ਹੈ। ਅਕਾਲ ਤਖ਼ਤ ਸਾਹਿਬ ਦੀ ਉੱਚਤਾ ਵੀ ਉਕਤ ਸਿਧਾਂਤ ਦੀ ਸਥਾਪਨਾ ਤੋਂ ਪਿੱਛੋਂ ਸਥਾਪਤ ਹੋਈ ਹੈ।

ਗੁਰੂ ਸਾਹਿਬ ਵੱਲੋਂ ਅੰਮ੍ਰਿਤਸਰ ਤੋਂ ਆਪਣਾ ਕੇਂਦਰ ਬਦਲ ਕੇ ਕੀਰਤਪੁਰ ਸਾਹਿਬ ਵਿਖੇ ਸਥਾਪਤ ਕਰ ਲੈਣ ਨਾਲ ਭਾਵੇਂ ਸਮੇਂ ਸਮੇਂ ਤੇ ਅਕਾਲ ਤਖ਼ਤ ਸਾਹਿਬ 'ਤੇ ਗੁਰੂ ਘਰ ਦੇ ਵਿਰੋਧੀ ਲੋਕ ਆ ਕਾਬਜ ਹੁੰਦੇ ਸਨ ਪਰ ਸਿੱਖ ਰਾਸ਼ਟਰ ਸਮਾਂ ਮਿਲਣ ਉੱਤੇ ਇਸ ਮਹਾਨ ਸਥਾਨ ਦਾ ਪ੍ਰਬੰਧ ਸੰਭਾਲ ਲੈਂਦਾ ਸੀ। ਭਾਵੇਂ ਗੁਰੂ ਹਰਿਗੋਬਿੰਦ ਥੋੜ੍ਹਾ ਸਮਾਂ ਹੀ ਅਕਾਲ ਤਖ਼ਤ ਉੱਪਰ ਰਹੇ ਪਰ ਸਿੱਖਾਂ ਦੀ ਜਜ਼ਬਾਤੀ ਸਾਂਝ ਇਸ ਨਾਲ ਇਤਨੀ ਗਹਿਰੀ ਹੋ ਚੁਕੀ ਸੀ ਕਿ ਅਕਾਲ ਤਖ਼ਤ ਉਨ੍ਹਾਂ ਲਈ ਇਮਾਰਤ ਘੱਟ ਅਤੇ ਇਕ ਸੰਕਲਪ, ਸਿਧਾਂਤ ਅਤੇ ਸੰਸਥਾ ਵਧੇਰੇ ਜਾਪਣ ਲੱਗ ਪਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਪਵਿੱਤਰ ਕਰ ਕਮਲਾਂ ਦੁਆਰਾ ਉਸਾਰੇ ਗਏ ਇਸ ਮਹਾਨ ਤਖ਼ਤ ਦਾ ਪਹਿਲਾ ਸੇਵਾਦਾਰ (ਜੱਥੇਦਾਰ ਸ਼ਬਦ ਅਜੇ ਪ੍ਰਚਲਿਤ ਨਹੀਂ ਹੋਇਆ ਸੀ) ਬਣਨ ਦਾ ਮਾਣ ਭਾਈ

ਗੁਰਦਾਸ ਨੂੰ ਪ੍ਰਾਪਤ ਹੋਇਆ।[11] ਭਾਈ ਸਾਹਿਬ ਗੁਰਬਾਣੀ ਦੇ ਮਹਾਨ ਵਿਆਖਿਆਕਾਰ ਵੀ ਸਨ। ਉਨ੍ਹਾਂ ਪਿੱਛੋਂ ਕਾਫ਼ੀ ਸਮੇਂ ਦੇ ਬਾਅਦ 1699 ਈ. ਵਿਚ ਗੁਰੂ ਗੋਬਿੰਦ ਸਿੰਘ ਵੱਲੋਂ ਭਾਈ ਮਨੀ ਸਿੰਘ ਨੂੰ ਜੱਥੇਦਾਰ ਥਾਪ ਕੇ ਅੰਮ੍ਰਿਤਸਰ ਭੇਜਿਆ ਗਿਆ।[12] ਭਾਈ ਸਾਹਿਬ ਵੀ ਗੁਰਬਾਨੀ ਦੇ ਮਹਾਨ ਵਿਆਖਿਆਕਾਰ ਸਨ। ਇਨ੍ਹਾਂ ਨੇ ਗਿਆਨੀਆਂ ਦੀ ਟਕਸਾਲ ਸਥਾਪਤ ਕੀਤੀ, ਜਿਥੇ ਗੁਰਬਾਣੀ ਦੇ ਸਰਲ ਅਰਥ ਕਰਕੇ ਪੜ੍ਹਾਇਆ ਜਾਂਦਾ ਸੀ। ਅਖੀਰ ਭਾਈ ਸਾਹਿਬ ਅਕਾਲ ਤਖ਼ਤ ਸਾਹਿਬ ਦੇ ਮਾਣ-ਸਨਮਾਨ ਨੂੰ ਕਾਇਮ ਰੱਖਦੇ ਹੋਏ 1734 ਈ. ਵਿਚ ਬੰਦ ਬੰਦ ਕਟਵਾ ਕੇ ਸ਼ਹੀਦ ਹੋ ਗਏ ਸਨ।[13]

1734 ਈ. ਤੋਂ ਪਿੱਛੋਂ 1765-66 ਤਕ ਪੰਜਾਬ ਦੇ ਹਾਲਾਤ ਬਹੁਤ ਹੀ ਮਾੜੇ ਸਨ। ਇਸ ਸਮੇਂ ਦੌਰਾਨ ਅਕਾਲ ਤਖ਼ਤ ਦੀ ਸੇਵਾ ਇਕਸਾਰ ਨਹੀਂ ਸੀ ਚੱਲ ਸਕੀ। ਸਮੁੱਚੇ ਤੌਰ ਉੱਤੇ ਵੇਲੇ/ਕੁਵੇਲੇ ਦਲ ਖਾਲਸਾ ਹੀ ਅਕਾਲ ਤਖ਼ਤ ਦੀ ਸੇਵਾ ਸੰਭਾਲ ਕਰਦਾ ਜਾਂ ਕਰਵਾਉਂਦਾ ਰਿਹਾ ਸੀ। ਸਿੱਖ ਮਿਸਲਾਂ ਵਿਚੋਂ ਸ਼ਹੀਦੀ ਮਿਸਲ ਸਿੱਖ ਧਾਰਮਿਕ ਸਥਾਨਾਂ ਦੀ ਸੇਵਾ ਸੰਭਾਲ ਕਰਦੀ ਸੀ। ਸ਼ਹੀਦੀ ਮਿਸਲ ਨੂੰ ਨਿਹੰਗ ਸਿੰਘਾਂ ਜਾਂ ਅਕਾਲੀਆਂ ਦੀ ਮਿਸਲ ਵੀ ਕਿਹਾ ਜਾਂਦਾ ਹੈ।[14] ਇਹ ਮਿਸਲ ਹੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਸੰਭਾਲਦੀ ਸੀ। ਇਸ ਵਿਚੋਂ ਅਕਾਲੀ ਨੈਣਾ ਸਿੰਘ, ਨਰਾਇਣ ਸਿੰਘ, ਅਕਾਲੀ ਫੂਲਾ ਸਿੰਘ ਅਤੇ ਅਕਾਲੀ ਸਾਧੂ ਸਿੰਘ ਵਰਗੇ ਨੇਤਾ ਪੈਦਾ ਹੋਏ ਜੋ ਕ੍ਰਮਵਾਰ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਬਣਦੇ ਰਹੇ ਸਨ।[15] ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਖਾਤਮੇ ਪਿੱਛੋਂ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਪੁਜਾਰੀ ਕਿਸਮ ਦੇ ਲੋਕਾਂ ਕੋਲ ਆ ਜਾਣ ਕਰਕੇ ਵਿਗੜਦਾ ਗਿਆ। ਅੰਗਰੇਜ਼ ਹਕੂਮਤ ਨੇ ਸਿੱਖ ਸਰਦਾਰਾਂ ਨਾਲ ਸਲਾਹ ਮਸ਼ਵਰਾ ਕਰਕੇ ਭਾਵੇਂ ਇਕ ਦੋ ਵਾਰ ਸਿੱਖ ਧਾਰਮਿਕ ਸੁਥਾਨਾਂ ਦਾ ਪ੍ਰਬੰਧ ਸੁਧਾਰਨ ਦੀ ਕੋਸ਼ਿਸ਼ ਕੀਤੀ ਪਰ ਇਹ ਗੁਰਦੁਆਰਾ ਸੁਧਾਰ ਲਹਿਰ ਦੇ ਸ਼ੁਰੂ ਹੋਣ ਤਕ ਠੀਕ ਨਾ ਹੋ ਸਕਿਆ।

ਗੁਰਦੁਆਰਾ ਸੁਧਾਰ ਲਹਿਰ ਦੀ ਪ੍ਰਾਪਤੀ ਪੰਜਾਬ ਸਿੱਖ ਗੁਰਦੁਆਰਾ ਐਕਟ ਸੀ ਅਰਥਾਤ ਹੁਣ ਸਮੇਤ ਅਕਾਲ ਤਖ਼ਤ ਸਾਹਿਬ ਦੇ ਸਾਰੇ ਸਿੱਖ ਇਤਿਹਾਸਿਕ ਗੁਰਦੁਆਰਿਆਂ ਦਾ ਪ੍ਰਬੰਧ ਗੁਰਦੁਆਰਾ ਐਕਟ ਦੇ ਅਧੀਨ ਆ ਗਿਆ ਸੀ। ਇਸ ਤਹਿਤ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਦੇ ਇਲਾਕਿਆਂ ਦੇ ਸਿੱਖ ਵੋਟਰਾਂ (1947 ਪਿਛੋਂ) ਰਾਹੀਂ ਚੁਣੀ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਪਤ ਹੋਈ। ਅਕਾਲ ਤਖ਼ਤ ਦਾ ਸਾਰਾ ਪ੍ਰਬੰਧ ਇਸ ਕਮੇਟੀ ਦੇ ਸਪੁਰਦ ਹੋਇਆ। ਵਰਤਮਾਨ ਸਮੇਂ ਸ਼੍ਰੋਮਣੀ ਕਮੇਟੀ ਹੀ ਜੱਥੇਦਾਰ ਦੀ ਨਿਯੁਕਤੀ ਕਰਦੀ ਹੈ। ਇਸ ਤਰ੍ਹਾਂ ਅਕਾਲ ਤਖ਼ਤ ਦਾ ਪ੍ਰਬੰਧ ਗੁਰਦੁਆਰਾ ਐਕਟ ਅਧੀਨ ਆ ਜਾਣ ਕਰਕੇ ਇਹ ਵਿਚਾਰ ਵੀ ਹੈ ਕਿ ਅਕਾਲ ਤਖ਼ਤ ਨੂੰ ਗੁਰਦੁਆਰਾ ਐਕਟ ਦੇ ਘੇਰੇ ਵਿਚੋਂ ਕੱਢ ਲੈਣਾ ਚਾਹੀਦਾ ਹੈ ਕਿਉਂਕਿ ਗੁਰਦੁਆਰਾ ਐਕਟ ਨਾਲ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਅਤੇ ਪ੍ਰਭੂਸੱਤਾ ਨੂੰ ਸੱਟ ਵਜੀ ਹੈ।[16] ਇਸ ਮਕਸਦ ਲਈ ਦਮਦਮੀ ਟਕਸਾਲ ਨੇ 26 ਜਨਵਰੀ, 1986 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਸਰਬੱਤ ਖਾਲਸਾ ਸਮਾਗਮ ਬੁਲਾ ਕੇ ਅਕਾਲ ਤਖ਼ਤ ਦਾ ਪ੍ਰਬੰਧ ਗੁਰਦੁਆਰਾ ਐਕਟ ਵਿਚੋਂ ਕੱਢ ਕੇ ਆਪਣੇ ਹੱਥਾਂ ਵਿਚ ਲੈਣ ਦਾ ਉਪਰਾਲਾ ਕੀਤਾ ਸੀ ਪਰ ਇਹ ਪ੍ਰਬੰਧ ਜਿਆਦਾ ਸਮਾਂ ਨਾ ਚੱਲ ਸਕਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰਹਿ ਚੁਕੇ ਜੱਥੇਦਾਰਾਂ ਵਿਚੋਂ ਪ੍ਰਸਿੱਧ ਨਾਂ ਇਹ ਹਨ : ਜੱਥੇਦਾਰ ਤੇਜਾ ਸਿੰਘ ਭੁੱਚਰ, ਜੱਥੇਦਾਰ ਤੇਜਾ ਸਿੰਘ ਅਕਰਪੁਰੀ, ਜੱਥੇਦਾਰ ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਜੱਥੇਦਾਰ ਮੋਹਨ ਸਿੰਘ ਨਾਗੋਕੇ, ਜੱਥੇਦਾਰ ਗਿਆਨੀ ਪ੍ਰਤਾਪ ਸਿੰਘ, ਜੱਥੇਦਾਰ ਮੋਹਨ ਸਿੰਘ ਤੁੜ, ਜੱਥੇਦਾਰ ਗਿਆਨੀ ਸਾਧੂ ਸਿੰਘ ਭੌਰਾ, ਜੱਥੇਦਾਰ ਭਾਈ ਜਸਬੀਰ ਸਿੰਘ ਰੋਡੇ, ਜੱਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਅਤੇ ਜੱਥੇਦਾਰ ਭਾਈ ਰਣਜੀਤ ਸਿੰਘ। ਪ੍ਰੋਫ਼ੈਸਰ ਮਨਜੀਤ ਸਿੰਘ ਜੀ ਵੀ ਕੁਝ ਸਮਾਂ (ਕੰਮ-ਚਲਾਊ) ਜੱਥੇਦਾਰ ਰਹੇ ਹਨ। ਅਕਾਲ ਤਖ਼ਤ ਕਿਉਂਕਿ ਖਾਲਸਾ ਪੰਥ ਦੀ ਸਰਬਉੱਚ ਸੰਸਥਾ ਹੈ, ਇਸ ਲਈ ਇਥੋਂ ਜਾਰੀ ਹੋਇਆ ਹੁਕਮਨਾਮਾ ਹਰ ਸਿੱਖ ਲਈ ਮੰਨਣਾ ਜ਼ਰੂਰੀ ਹੈ। ਨਾ ਮੰਨਣ ਦੀ ਸੂਰਤ ਵਿਚ ਉਹ ਤਨਖਾਹ ਦਾ ਭਾਗੀਦਾਰ ਹੁੰਦਾ ਹੈ।

### ਤਖ਼ਤ ਸ੍ਰੀ ਪਟਨਾ ਸਾਹਿਬ

ਤਖ਼ਤ ਸ੍ਰੀ ਪਟਨਾ ਬਿਹਾਰ ਦੀ ਰਾਜਧਾਨੀ ਪਟਨਾ ਸ਼ਹਿਰ ਵਿਚ ਸਥਿਤ ਹੈ। ਇਸ ਸਥਾਨ ਨੂੰ ਤਖ਼ਤ ਦਾ ਦਰਜਾ ਭਾਵੇਂ ਰਵਾਇਤੀ ਆਧਾਰ ਉਪਰ ਗੁਰੂ ਗੋਬਿੰਦ ਸਿੰਘ ਵੱਲੋਂ 'ਗ੍ਰੰਥ ਅਤੇ ਪੰਥ' ਦਾ ਸਿਧਾਂਤ ਸਿਰਜਣ ਤੋਂ

ਪਿਛੋਂ ਹੀ ਮਿਲਿਆ ਹੈ ਪਰ ਇਸ ਸਥਾਨ ਦੀ ਸਿੱਖ ਇਤਿਹਾਸ ਵਿਚ ਧਾਰਮਿਕ ਮਹੱਤਤਾ ਬਹੁਤ ਪਹਿਲਾਂ ਦੇ ਸਮੇਂ ਤੋਂ ਹੀ ਹੈ। ਇਹ ਸਥਾਨ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਹੀ ਸਿੱਖ ਸੰਗਤ ਦਾ ਕੇਂਦਰ ਸੀ। ਪਿਛੋਂ ਗੁਰੂ ਤੇਗ ਬਹਾਦਰ ਦਾ ਵੀ ਇਸ ਨਾਲ ਗਹਿਰਾ ਲਗਾਓ ਰਿਹਾ ਹੈ। ਗੁਰੂ ਗੋਬਿੰਦ ਸਿੰਘ ਦਾ ਇਹ ਜਨਮ ਸਥਾਨ ਹੈ। ਇਸ ਤਰ੍ਹਾਂ ਤਖ਼ਤ ਪਟਨਾ ਸਾਹਿਬ ਤਖ਼ਤ ਦਾ ਦਰਜਾ ਪ੍ਰਾਪਤ ਕਰ ਲੈਣ ਤੋਂ ਢੇਰ ਸਮਾਂ ਪਹਿਲੋਂ ਹੀ ਸਿੱਖ ਜਜ਼ਬਾਤਾਂ ਨਾਲ ਜੁੜਿਆ ਹੋਇਆ ਸੀ। ਪਟਨਾ ਸਾਹਿਬ ਦੀ ਸੰਗਤ ਨੂੰ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਵੱਲੋਂ ਭੇਜੇ ਗਏ ਹੁਕਮਨਾਮਿਆਂ ਤੋਂ ਇਹ ਗੱਲ ਭਲੀ ਭਾਂਤ ਸਾਬਤ ਹੋ ਜਾਂਦੀ ਹੈ।

ਪਟਨਾ ਸਾਹਿਬ ਦੀ ਸਭ ਤੋਂ ਪਹਿਲੀ ਸਿੱਖ ਸੰਗਤ ਦੇ ਮੁਖੀ ਸਿੱਖਾਂ ਵਿਚੋਂ ਭਾਈ ਜੈਤਾ ਸੇਠ, ਸਾਲਿਸ ਰਾਏ ਚੌਧਰੀ ਅਤੇ ਭਾਈ ਅਧਰਕਾ ਦੇ ਨਾਂ ਸਾਹਮਣੇ ਆਉਂਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਪਟਨਾ ਸਾਹਿਬ ਦੀ ਸੰਗਤ ਗੁਰੂ ਦਾ ਖਾਲਸਾ ਸੀ ਅਤੇ ਭਾਈ ਜਾਪ ਅਤੇ ਭਾਈ ਗੁਰਦਾਸ ਇਥੋਂ ਦੇ ਮੁਖ ਧਰਮ ਪਰਚਾਰਕ ਸਨ।[17] ਗੁਰੂ ਤੇਗ਼ ਬਹਾਦਰ ਦੇ ਸਮੇਂ ਭਾਈ ਦਿਆਲ ਦਾਸ ਅਤੇ ਭਾਈ ਜਵੇਹਰੀ ਮੱਲ ਮੁਖੀ ਸਿੱਖ ਸਨ।[18] ਗੁਰੂ ਗੋਬਿੰਦ ਸਿੰਘ ਦੇ ਸਮੇਂ ਭਾਈ ਗੁਰਦਾਸ ਜੀ, ਦੂਜੇ ਮੁਖੀ ਸਿੱਖ ਸਨ।[19] ਮਾਤਾ ਸੁੰਦਰੀ ਜੀ ਦੇ ਸਮੇਂ ਭਾਈ ਨੰਦ ਰੂਪ, ਭਾਈ ਭਾਗ ਸਿੰਘ, ਭਾਈ ਬਖ਼ਸ਼ੀ ਸਿੰਘ, ਭਾਈ ਸਾਹਿਬ ਸਿੰਘ, ਭਾਈ ਰਾਜਾ ਸਿੰਘ, ਭਾਈ ਨੈਣ ਸੁਖ ਅਤੇ ਭਾਈ ਫਤੇ ਆਦਿ ਮੁਖੀ ਸਿੱਖ ਸਨ।[20] 12 ਅਪ੍ਰੈਲ, 1759 ਈ. ਦਾ ਸੰਗਤ ਪਟਨਾ ਸਾਹਿਬ ਨੂੰ ਖ਼ਾਲਸਾ ਜੀ ਵੱਲੋਂ ਲਿਖਿਆ ਇਕ ਹੁਕਮਨਾਮਾ ਮਿਲਦਾ ਹੈ, ਉਸ ਵਿਚ ਭਾਈ ਆਇਆ ਸਿੰਘ, ਭਾਈ ਮਿਹਰ ਸਿੰਘ ਅਤੇ ਭਾਈ ਮਹਿਬੂਬ ਆਦਿ ਮੁਖੀ ਸਿੱਖਾਂ ਦੇ ਨਾਂ ਦਿੱਤੇ ਹੋਏ ਹਨ।[21]

1780-ਵਿਆਂ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਵਿਕਸਿਤ ਹੋਇਆ ਸਿੱਖ ਵਿਦਿਅਕ ਕੇਂਦਰ ਸੀ। ਇਸ ਗੱਲ ਦੀ ਗਵਾਹੀ ਇਕ ਯੂਰਪੀਅਨ ਲੇਖਕ ਚਾਰਲਸ ਵਿਲਕਿਨਜ਼ ਦੀ ਲਿਖਤ ਤੋਂ ਮਿਲਦੀ ਹੈ।[22] ਇਸ ਲਿਖਤ ਵਿਚ ਇਸ ਵਿਦਿਅਕ ਕੇਂਦਰ ਨੂੰ ਕਾਲਜ ਦਾ ਨਾਂ ਦਿੱਤਾ ਗਿਆ ਹੈ। ਇਹ ਸਮਾਂ ਪੰਜਾਬ ਵਿਚ ਸਿੱਖ ਮਿਸਲਾਂ ਦਾ ਸਮਾਂ ਸੀ। ਪੰਜਾਬ ਵਿਚਲੇ ਸਿੱਖ ਰਾਜ ਦਾ ਪ੍ਰਭਾਵ ਤਖ਼ਤ ਪਟਨਾ ਸਾਹਿਬ ਤੇ ਪੈਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਹੋਰਨਾਂ ਇਤਿਹਾਸਿਕ ਧਾਰਮਿਕ ਸਥਾਨਾਂ ਦੇ ਨਾਲ ਨਾਲ ਤਖ਼ਤ ਸ੍ਰੀ ਪਟਨਾ ਸਾਹਿਬ ਦੀਆਂ ਵਿਸ਼ਾਲ ਇਮਾਰਤਾਂ ਵੀ ਬਣੀਆਂ ਅਤੇ ਸੋਨੇ ਦੇ ਕਲਸ਼ ਲੱਗੇ। ਮਹਾਰਾਜਾ ਵੱਲੋਂ ਲਗਾਤਾਰ ਤਖ਼ਤ ਪਟਨਾ ਸਾਹਿਬ ਨਾਲ ਸੰਪਰਕ ਰਖਿਆ ਜਾਂਦਾ ਸੀ। ਇਸ ਸੰਪਰਕ ਨੂੰ ਪ੍ਰਗਟ ਕਰਨ ਵਾਲੇ ਸਾਡੇ ਪਾਸ ਅਨੇਕਾਂ ਸਬੂਤ ਹਨ। 1815 ਈ. ਵਿਚ ਤਖ਼ਤ ਸਾਹਿਬ ਵੱਲੋਂ ਮਹਾਰਾਜੇ ਨੂੰ ਮੁਲਤਾਨ ਫਤਿਹ ਹੋਣ ਦੀ ਅਸ਼ੀਰਵਾਦ ਵਜੋਂ ਇਕ ਹੁਕਮਨਾਮਾ ਭੇਜਿਆ ਗਿਆ ਸੀ। ਜਿਸ ਦੀ ਨਕਲ ਇਸ ਤਰ੍ਹਾਂ ਹੈ।

(ਤਖ਼ਤ ਸ੍ਰੀ ਪਟਨਾ ਸਾਹਿਬ ਦੀ ਮੋਹਰ)

ੴ ਸਤਿਗੁਰ ਪਰਸਾਦਿ॥

*"ੴ ਸਤਿਗੁਰ ਪਰਸਾਦਿ॥ ਸਿਰੀ ਵਾਹਿਗੁਰੂ ਜੀ ਕੇ ਪਿਆਰੇ॥ ਵਾਹਿਗੁਰੂ ਜੀ ਕੇ ਸੰਵਾਰੇ॥ ਸਿਰੀ ਵਾਹਿਗੁਰੂ ਜੀ ਕੇ ਮੰਨੇ॥ ਸਭ ਜਨਮ ਧੰਨ ਧੰਨੇ॥ ਪਰਉਪਕਾਰੀ॥ ਸਨਮੁਖ ਦਰਬਾਰੀ॥ ਉਜਲੇ ਮਸਤਕ॥ ਜਿਨਾ ਮਿਲਿਆਂ ਸਿਰੀ ਵਾਹਿਗੁਰੂ ਜੀ ਕਾ ਨਾਮ ਚਿਤ ਆਵੈ। ਸੋ ਸਿੰਘ ਸਾਹਿਬ ਪਾਤਸ਼ਾਹ ਰਣਜੀਤ ਸਿੰਘ ਜੀ ਪਾਸੇ ਲਿਖਤੁਮ ਸਿਰੀ ਪਟਨਾ ਸਾਹਿਬ ਤਖ਼ਤ ਬੁੰਗਾ ਜੀ ਕੀ ਖ਼ੁਸ਼ੀ ਵਾਚਣੀ ਹਕੀਕਤ ਇਹ ਹੈ...ਤੇ ਤੁਮਾਰੇ ਸਭ ਮਨੋਰਥ ਸਿਧ ਹੋਣਗੇ॥ ਔਰ ਸਭ ਮੁਹਿੰਮ ਫਤੇ ਹੋਵੇਗੀ॥ ਸਤਿਕਾਰ ਮੰਨਣਾ॥ ਸੰਮਤ 1872॥ ਅਰਦਾਸ ਲਿਖੀ॥ ਵੈਸਾਖ ਵਦੀ ਪੰਚਮੀ॥ ਮੁਲਤਾਨ ਫਤੇ ਹੋਇਗਾ॥[23]*

ਇਸ ਹੁਕਮਨਾਮੇ ਤੋਂ ਇਕ ਗੱਲ ਭਲੀ ਭਾਂਤ ਸਾਬਤ ਹੋ ਜਾਂਦੀ ਹੈ ਕਿ 1815 ਈ. ਤੋਂ ਪਹਿਲਾਂ ਪਟਨਾ ਸਾਹਿਬ ਇਕ ਤਖ਼ਤ ਦੇ ਤੌਰ ਤੇ ਜਾਣਿਆ ਜਾਂਦਾ ਸੀ। ਇਹ ਹੁਕਮਨਾਮਾ ਸਾਡੇ ਪਾਸ ਪਟਨਾ ਸਾਹਿਬ ਬਾਰੇ ਤਖ਼ਤ ਦੀ ਸੂਚਨਾ ਦੇਣ ਵਾਲਾ ਸਭ ਤੋਂ ਪਹਿਲਾ ਦਸਤਾਵੇਜ਼ ਹੈ। ਇਸ ਤੋਂ ਇਲਾਵਾ ਦੋ ਸ਼ਿਲਾਲੇਖ ਪਟਨਾ ਸਾਹਿਬ ਦੇ ਅਜਾਇਬ ਘਰ ਵਿਚ ਪਏ ਹਨ ਜਿਹੜੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਤਖ਼ਤ ਸਾਹਿਬ ਦੀ ਸੇਵਾ ਕਰਵਾਏ ਜਾਣ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚੋਂ ਇਕ ਦੀ ਇਬਾਰਤ ਇਸ ਤਰ੍ਹਾਂ ਹੈ :

*੧ੴ ਵਾਹਿਗੁਰੂ ਜੀ ਕੀ ਫਤਿਹ॥ ਸੰਮਤ 1896 ਮਿਤੀ ਹਾੜ॥ ਤਖ਼ਤ ਹਰਿਮੰਦਰ ਜੀ ਟਹਲ ਸਰਕਾਰ ਰਣਜੀਤ ਸਿੰਘ ਜੀ ਦੀ ਰਾਹੀਂ ਭਾਈ ਗੁਰਮੁਖ ਸਿੰਘ ਜੀ ਗਿਆਨੀ ਦੀ ਹਥੋਂ ਭਾਈ ਸ਼ਿਆਮ ਸਿੰਘ ਦਰੋਗਾ। ਰਾਜਾ ਭਾਈ ਰੂਪ ਸਿੰਘ ਕਾਰਖਾਨੀਏ॥ ਗੁਰਦੁਆਰੋਂ ਏਹ ਦਾਨ ਨਾਮ ਚਿਤ ਆਵੈ॥*[24]

ਦੂਜੇ ਸ਼ਿਲਾਲੇਖ ਦੀ ਇਬਾਰਤ ਇਸ ਤਰ੍ਹਾਂ ਹੈ। ਪਹਿਲਾਂ ਪੂਰਾ ਮੂਲ-ਮੰਤਰ ਲਿਖ ਕੇ ਫਿਰ ਅਸਲ ਗੱਲ ਲਿਖੀ ਹੈ :

*...ਸੰਬਤ 1722 ਮਿਤੀ ਜੇਠ ਸੁਦੀ 1 ਤਖ਼ਤ ਸਿਰੀ ਹਰਿਮੰਦਰ ਜੀ ਟਹਲ ਪਹਿਲੀ॥ ਟਹਲ ਦੂਸਰੀ ਸਰਕਾਰ ਰਣਜੀਤ ਸਿੰਘ ਬਹਾਦਰ ਦੀ॥ ਰਾਹੀਂ ਭਾਈ ਗੁਰਮੁਖ ਸਿੰਘ ਗਿਆਨੀ ਦੀ॥ ਦਸਤੀਂ ਭਾਈ ਸ਼ਯਾਮ ਸਿੰਘ ਜੀ॥ ਮੁਮਾਰ ਰੂਪ ਸਿੰਘ ਰਾਜਾ॥ ਸੰਬਤ 1898 ਮਿਤੀ ਚੇਤ ਸੁਦੀ 13-11।*[25]

ਮਹਾਰਾਜਾ ਰਣਜੀਤ ਸਿੰਘ ਵੱਲੋਂ ਤਿਆਰ ਕਰਵਾਈ ਗਈ ਇਮਾਰਤ 1934 ਈ. ਵਿਚ ਭਿਆਨਕ ਅੱਗ ਲੱਗ ਜਾਣ ਕਾਰਨ ਸੜ ਗਈ ਸੀ। ਵਰਤਮਾਨ ਇਮਾਰਤ ਸਮੁੱਚੀਆਂ ਪੰਥਕ ਸੰਸਥਾਵਾਂ ਦੇ ਮਿਲਵੇਂ ਸਹਿਯੋਗ ਨਾਲ ਬਣਾਈ ਗਈ ਹੈ। ਇਸ ਦਾ ਨੀਂਹ ਪੱਥਰ 10 ਨਵੰਬਰ, 1954 ਨੂੰ ਰਖਿਆ ਗਿਆ ਸੀ। ਕੁਲ ਖਰਚਾ 20 ਲੱਖ ਰੁਪਏ ਹੋਇਆ। ਇਸ ਇਮਾਰਤ ਦੇ ਵਿਸ਼ਾਲ ਹਾਲ ਦੀ ਉੱਚਾਈ 31 ਫੁੱਟ ਅਤੇ ਗੁੰਬਦ ਸਮੇਤ 108 ਫੁੱਟ ਹੈ। ਇਹ 1957 ਵਿਚ ਸੰਪੂਰਨ ਹੋਈ। ਇਸ ਦੇ ਹੇਠਾਂ ਇਕ ਜ਼ਮੀਨਦੋਜ਼ ਤਹਿਖਾਨਾ ਹੈ ਜਿਸ ਵਿਚ ਗੁਰੂ-ਪਰਿਵਾਰ ਨਾਲ ਸੰਬੰਧਿਤ ਕੁਝ ਵਸਤਾਂ ਸੰਭਾਲ ਕੇ ਰਖੀਆਂ ਹੋਈਆਂ ਹਨ। ਤਖ਼ਤ ਸਾਹਿਬ ਵੱਲੋਂ 4 ਫਰਵਰੀ, 1862 ਨੂੰ ਕੰਤ ਨਗਰ ਦੀ ਸੰਗਤ ਦੇ ਨਾਂ ਇਕ ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਇਸ ਦੀ ਇਬਾਰਤ ਕਾਫ਼ੀ ਲੰਮੀ ਹੈ ਪਰ ਹੇਠਾਂ ਸੰਖੇਪ ਰੂਪ ਵਿਚ ਦਿੱਤੀ ਜਾ ਰਹੀ ਹੈ।[26]

*ਲਿਖਤ ਤਖ਼ਤ ਦਰਬਾਰ ਹਜ਼ੂਰ ਸਿਰੀ ਹਰਿਮੰਦਰ ਜੀ ਸਾਹਿਬ ਤੇ॥...ਲਿ: ਸਿਰੀ ਦਰਬਾਰ ਜੀ ਸੇ ਪੁਜਾਰੀ ਮਹੰਤ ਭਾਈ ਦੀਦਾਰ ਸਿੰਘ ਜੀ॥ ਪੁਜਾਰੀ ਭਾਈ ਸਿਯਾਮ ਸਿੰਘ ਜੀ। ਗਰੰਥੀ ਭਾਈ ਚੜਤ ਸਿੰਘ ਜੀ ਸੇਵਾ ਸਿੰਘ ਜੀ॥ ਅਰਦਾਸੀਆ ਭਾਈ ਗੋਪਾਲ ਸਿੰਘ ਜੀ ਗੁਲਾਬ ਸਿੰਘ ਜੀ।...ਅਗੇ ਸਿਰੀ ਵਾਹਿਗੁਰੂ ਜੀ ਕੇ ਪਿਆਰੇ, ਸਰਬ ਉਪਮਾ ਯੋਗ ਸਿਰੀ ਸਰਬਤ ਖਾਲਸਾ ਜੀ॥ ਬਾਸੀ ਕੰਤ ਨਗਰ ਕੇ॥ ਬਹਰਖਾਲ ਕੇ॥ ਪੁਰੈਨਈਏ ਕੇ॥ ਸੰਬੂਹ ਖਾਲਸੇ ਜੀ ਯੋਗ॥...ਫਤਿਹ ਬੁਲਾਈ ਹੈ॥ ਬੁਲਾਵਣੀ ਜੀ॥ ਅੱਗੇ ਤਖ਼ਤ ਦਰਬਾਰ ਜੀ ਸਾਹਿਬ ਦਾ ਹੁਕਮ ਹੈ ਸਰਬਤਰ ਪਿਆਰੇ ਕੋ॥ ਜੇ ਹਮੇਸ਼ਾਂ ਆਪ ਸਭ ਪਿਆਰੇ ਆਪਨੀ ਕਿਰਤ ਭਾਵਨੀ ਤਨਖਾਹ ਮੰਨਤ ਗੁਰੂ ਕੇ ਨਮਿਤ ਦਾ ਏਕਠਾ ਕਰਕੇ ਭੇਜਤੇ ਰਹੇ ਹੋ। ਸੋ ਬਹੁਤ ਰੋਜ ਸੇ ਆਪ ਸਭ ਪਿਆਰੇ ਕੀ ਟਹਿਲ ਭਾਵਨੀ ਹਜ਼ੂਰ ਮੇ ਦਾਖ਼ਿਲ ਨਹੀਂ ਹੂਈ ਹੈ॥ ਇਸ ਵਾਸਤੇ ਹੁਕਮਨਾਮਾ ਜੀ ਸਰਬਤ ਕੇ ਨਾਮ ਸੇ ਭੇਜਾ ਹੈ॥...ਸਰਬ ਸੁਖ ਹੋਵੈ॥ ਸ਼ੁਭ ਸੰਮਤ 1918 ॥ ਮਾਘ ਸੁਕਲ ਪੱਖ॥ ਪੰਚਮੀ॥ ਮੰਗਲਵਾਰ॥*

ਲੁਧਿਆਣਾ ਜ਼ਿਲੇ ਦੇ ਪਿੰਡ ਮੁੱਲਾਂਪੁਰ ਵਿਖੇ ਕੀਤੀ ਜਾ ਰਹੀ ਕੂਕਾ ਕੁਫ਼ਰਤੋੜ ਕਾਨਫਰੰਸ ਲਈ ਵੀ ਤਖ਼ਤ ਪਟਨਾ ਸਾਹਿਬ ਵੱਲੋਂ ਇਕ ਪੱਤਰ 14.2.1942 (ਨੰ: 711) ਨੂੰ ਭੇਜਿਆ ਗਿਆ ਸੀ।[27]

ਤਖ਼ਤ ਸ੍ਰੀ ਪਟਨਾ ਸਾਹਿਬ ਦੇ ਨਾਂ ਵੱਖ ਵੱਖ ਸਿੱਖ ਹਾਕਮਾਂ, ਸਿੱਖ ਸਰਦਾਰਾਂ ਜਾਂ ਹੋਰ ਅਹਿਲਕਾਰਾਂ ਵੱਲੋਂ ਕਾਫ਼ੀ ਤਾਦਾਦ ਵਿਚ ਜ਼ਮੀਨ, ਜਾਇਦਾਦ ਅਤੇ ਸਾਲਾਨਾ ਆਮਦਨ ਲਗਵਾਈ ਗਈ ਸੀ। ਇਸ ਦਾ ਪੂਰਾ ਵੇਰਵਾ ਮਹਾਨ ਕੋਸ਼ ਵਿਚ ਦਿੱਤਾ ਹੋਇਆ ਹੈ।[28]

ਤਖ਼ਤ ਸਾਹਿਬ ਦਾ ਪਹਿਲਾ ਪ੍ਰਬੰਧ ਬੰਗਾਲ ਬੋਰਡ ਆਫ਼ ਰੈਵਿਨਿਊ ਰੈਗੂਲੇਸ਼ਨ ਨੰ: 19/1810 ਈ. ਅਨੁਸਾਰ ਈਸਟ ਇੰਡੀਆ ਕੰਪਨੀ ਦੇ ਅਧੀਨ ਸੀ। ਫਿਰ ਰਿਲੀਜਸ ਇੰਡੋਮੈਂਟ ਐਕਟ ਨੰ: 20/1863 ਦੇ ਅਧੀਨ ਮਿਤੀ 11 ਮਾਰਚ, 1865 ਨੂੰ ਇਕ ਹੋਰ ਮਹੰਤ ਗੰਡਾ ਸਿੰਘ ਨੂੰ ਦੇ ਦਿੱਤੇ ਗਏ। ਇਹ ਅਧਿਕਾਰ ਅਤੇ ਐਕਟ 1863 ਦੀ ਧਾਰਾ 4 ਦੇ ਅਧੀਨ ਬੋਰਡ ਆਫ ਮੈਨੇਜਮੈਂਟ, ਮਹੰਤ ਅਤੇ ਟਰਸਟੀ ਦੀ ਨਿਯੁਕਤੀ ਦੇ ਅਧਿਕਾਰ ਪਟਨਾ ਡਿਸਟਰਿਕਟ ਦੇ ਜੱਜ ਨੂੰ ਦੇ ਦਿੱਤੇ ਗਏ। 1930 ਤਕ ਇਸੇ ਅਧੀਨ ਗ੍ਰੰਥੀ ਅਤੇ ਮੈਨੇਜਰ ਨਿਯੁਕਤ ਹੁੰਦੇ

ਰਹੇ। 16 ਜੁਲਾਈ, 1932 ਨੂੰ ਬਿਹਾਰ ਦੀ ਹਾਈਕੋਰਟ ਨੇ ਬਾਬਾ ਕਰਤਾਰ ਸਿੰਘ ਬੇਦੀ ਨੂੰ ਤਖ਼ਤ ਸਾਹਿਬ ਦਾ ਸਰਬਰਾਹ ਬਣਾਇਆ। ਪਰ ਇਸ ਨਾਲ ਸਿੱਖ ਸੰਗਤਾਂ ਦੀ ਨਿਭ ਨਹੀਂ ਸਕੀ। ਸਿੱਟੇ ਵਜੋਂ ਉਸ ਦੇ ਖਿਲਾਫ ਦਰਜ ਹੋਏ ਇਕ ਮੁਕਦਮੇ ਸੂਟ ਨੰ: 3/8, 1943/51 ਅਨੁਸਾਰ ਇਸ ਨੂੰ ਸਰਬਰਾਹੀ ਤੋਂ ਹਟਾ ਦਿੱਤਾ ਗਿਆ ਸੀ। 12 ਅਕਤੂਬਰ, 1955 ਨੂੰ ਇਕ ਕਮੇਟੀ ਸਥਾਪਤ ਕੀਤੀ ਗਈ ਜਿਸ ਦੇ ਪੰਦਰਾਂ ਮੈਂਬਰ ਸਨ। ਇਹ ਪੰਦਰਾਂ ਮੈਂਬਰ ਵੱਖ ਵੱਖ ਹਲਕਿਆਂ ਵਿਚੋਂ ਲਏ ਜਾਣੇ ਸਨ। ਇਸ ਦੀ ਮਿਆਦ ਪੰਜ ਸਾਲਾਂ ਦੀ ਸੀ। ਇਨ੍ਹਾਂ ਵਿਚ ਇਕ ਮੈਂਬਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦਾ ਹੁੰਦਾ ਹੈ। ਅੱਜ ਕੱਲ੍ਹ ਇਹੀ ਕਮੇਟੀ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਪ੍ਰਬੰਧ ਕਰਦੀ ਹੈ। ਭਾਈ ਮਾਨ ਸਿੰਘ ਇਥੋਂ ਦੇ ਉਮਰ ਭਰ ਲਈ ਪੁਜਾਰੀ-ਜੱਥੇਦਾਰ ਹਨ।

## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ

ਤਖ਼ਤ ਸ੍ਰੀ ਕੇਸਗੜ੍ਹ ਆਨੰਦਪੁਰ ਸਾਹਿਬ (ਪੰਜਾਬ) ਸ਼ਿਵਾਲਿਕ ਪਹਾੜੀਆਂ ਦੀਆਂ ਜੜ੍ਹਾਂ ਅਤੇ ਸਤਲੁਜ ਦਰਿਆ ਦੇ ਖੱਬੇ ਕੰਢੇ ਉਪਰ ਸਥਿਤ ਹੈ। ਇਸ ਦੀ ਸਥਾਪਨਾ ਮਈ, 1765 (ਸੰਮਤ 1722 ਦੇ ਹਾੜ ਮਹੀਨੇ ਦੀ ਇੱਕੀ ਤਾਰੀਖ) ਨੂੰ ਨੌਵੇਂ ਗੁਰੂ ਤੇਗ ਬਹਾਦਰ ਜੀ ਰਾਹੀਂ ਕੀਤੀ ਗਈ ਸੀ।[29] ਇਸ ਦਾ ਪਹਿਲਾ ਨਾਂ ਚੱਕ ਨਾਨਕੀ ਸੀ। ਫਿਰ ਗੁਰੂ ਗੋਬਿੰਦ ਸਿੰਘ ਵੱਲੋਂ ਪਾਉਂਟਾ ਸਾਹਿਬ ਤੋਂ ਵਾਪਸ ਆ ਕੇ ਸੰਨ 1688-89 ਵਿਚ ਇਸ ਦਾ ਨਾਂ ਆਨੰਦਪੁਰ ਰਖਿਆ ਗਿਆ।[30] 1699 ਈ. ਵਿਚ ਖਾਲਸਾ ਪੰਥ ਦੀ ਸਾਜਨਾ ਕੀਤੇ ਜਾਣ ਕਰਕੇ ਇਸ ਮਹਾਨ ਸਥਾਨ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਾਂ ਨਾਲ ਪੁਕਾਰਿਆ ਜਾਣ ਲੱਗ ਪਿਆ। ਅਸਲ ਵਿਚ ਆਨੰਦਪੁਰ ਸਾਹਿਬ ਖਾਲਸਾ ਪੰਥ ਦਾ ਕੇਂਦਰ ਸੀ। ਇਥੇ ਰਹਿੰਦਿਆਂ ਗੁਰੂ ਗੋਬਿੰਦ ਸਿੰਘ ਅਤੇ ਖਾਲਸੇ ਨੂੰ ਕਹਿਲੂਰ ਦੀ ਸਟੇਟ ਨਾਲ ਅਤੇ ਹੋਰ ਗੁਆਂਢੀ ਰਿਆਸਤਾਂ ਨਾਲ ਅਨੇਕਾਂ ਲੜਾਈਆਂ ਲੜਨੀਆਂ ਪਈਆਂ ਸਨ। ਅਖ਼ੀਰ ਦੁਸ਼ਮਣਾਂ ਦੀ ਬੇਅੰਤ ਸੈਨਾ ਵੱਲੋਂ ਅਥਾਹ ਜੋਰ ਪੈ ਜਾਣ ਕਰਕੇ 1704-5 ਵਿਚ ਗੁਰੂ ਜੀ ਅਤੇ ਖਾਲਸੇ ਨੂੰ ਆਨੰਦਪੁਰ ਛੱਡਣਾ ਪਿਆ ਸੀ। ਕਵੀ ਸੈਨਾਪਤਿ ਜੋ ਗੁਰੂ ਜੀ ਦਾ ਦਰਬਾਰੀ ਵਿਦਵਾਨ ਸੀ, ਆਪਣੀ ਲਿਖਤ ਵਿਚ ਦੱਸਦਾ ਹੈ ਕਿ ਖਾਲਸੇ ਨੇ ਆਨੰਦਪੁਰ ਦੇ ਆਲੇ ਦੁਆਲੇ ਦੇ ਸਾਰੇ ਪਿੰਡ ਜਿੱਤ ਕੇ ਆਪਣੇ ਕਬਜ਼ੇ ਵਿਚ ਕਰ ਲਏ ਸਨ। ਇਸ ਨਾਲ ਆਨੰਦਪੁਰ ਸਾਹਿਬ ਇਕ ਕਿਸਮ ਦਾ ਖਾਲਸਈ ਗਣਰਾਜ ਬਣ ਗਿਆ ਸੀ ਜਿਸ ਨੂੰ ਕਹਿਲੂਰ ਦਾ ਰਾਜਾ ਸਹਿਣ ਨਹੀਂ ਕਰ ਸਕਿਆ।[31]

ਜਦੋਂ 1704-5 ਈ. ਵਿਚ ਆਨੰਦਪੁਰ ਸਾਹਿਬ ਨੂੰ ਛੱਡ ਦਿੱਤਾ ਗਿਆ ਸੀ ਤਾਂ ਪਹਾੜੀ ਰਾਜਿਆਂ ਨੇ ਇਸ ਨਗਰ ਨੂੰ ਬਿਲਕੁਲ ਹੀ ਢਹਿ ਢੇਰੀ ਕਰ ਦਿੱਤਾ ਸੀ। ਸਾਰੇ ਮਹਿਲ ਅਤੇ ਕਿਲ੍ਹੇ ਢਾਹ ਦਿੱਤੇ ਸਨ। ਸਿਰਫ਼ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸੰਸਕਾਰ ਕਰਨ ਵਾਲੀ ਥਾਂ (ਜਿਥੇ ਗੁਰਦੁਆਰਾ ਸੀਸ ਗੰਜ ਉਸਰਿਆ ਹੋਇਆ ਸੀ) ਹੀ ਬਚੀ ਸੀ। ਨਗਰ ਦੇ ਸਭ ਵਸਨੀਕ ਇਥੋਂ ਕੱਢ ਦਿੱਤੇ ਗਏ ਸਨ। ਸਿਰਫ਼ ਸੰਤ ਗੁਰਬਖ਼ਸ਼ ਰਾਇ ਉਦਾਸੀ ਹੀ ਗੁਰਦੁਆਰਾ ਸੀਸ ਗੰਜ ਵਿਚ ਛੁਪ ਕੇ ਬੈਠਾ ਰਿਹਾ ਸੀ। ਤਬਾਹੀ ਮਚਾ ਰਹੇ ਦੁਸ਼ਮਣ ਦੇ ਚਲੇ ਜਾਣ ਪਿਛੋਂ ਸੰਤ ਗੁਰਬਖਸ਼ ਰਾਏ ਇਸ ਸਥਾਨ ਦੀ ਸਾਂਭ-ਸੰਭਾਲ ਕਰਦਾ ਰਿਹਾ ਸੀ।[32] ਗੁਰੂ ਜੀ ਕਈ ਸਾਲ ਵਾਪਸ ਨਾ ਮੁੜ ਸਕੇ। ਅਖੀਰ ਗੁਰੂ ਜੀ ਅਕਤੂਬਰ, 1708 ਵਿਚ ਜੋਤੀ ਜੋਤਿ ਸਮਾ ਗਏ ਸਨ। ਇਸ ਤਰ੍ਹਾਂ ਕਾਫੀ ਅਰਸੇ ਬਾਅਦ ਨਾਹਨ ਸਟੇਟ ਵਿਚ ਗਏ ਹੋਏ ਦੋ ਸੋਢੀ ਭਰਾ ਗੁਲਾਬ ਰਾਏ ਸੋਢੀ ਅਤੇ ਸ਼ਾਮ ਸਿੰਘ ਸੋਢੀ ਨਾਹਨ ਤੋਂ ਵਾਪਸ ਕੀਰਤਪੁਰ ਆ ਗਏ। ਉਨ੍ਹਾਂ ਨੇ ਬਿਲਾਸਪੁਰ ਦੇ ਰਾਜੇ ਤੋਂ ਆਨੰਦਪੁਰ ਸਾਹਿਬ ਵਿਖੇ ਰਹਿਣ ਦੀ ਇਜ਼ਾਜਤ ਮੰਗੀ। ਰਾਜੇ ਨੇ ਇਕ ਘੁਮਾਅ ਜ਼ਮੀਨ ਪ੍ਰਤੀ ਹਜ਼ਾਰ ਰੁਪਏ ਵਿਚ ਮੁੱਲ ਖਰੀਦਣ ਲਈ ਕਿਹਾ। ਸਿੱਟੇ ਵਜੋਂ ਦੋਵੇਂ ਸੋਢੀ ਭਰਾ ਸੱਠ ਘੁਮਾਅ ਜਮੀਨ ਸੱਠ ਹਜ਼ਾਰ ਰੁਪਏ ਵਿਚ ਮੁੱਲ ਖਰੀਦ ਕੇ ਆਨੰਦਪੁਰ ਸਾਹਿਬ ਵਿਚ ਉਨ੍ਹਾਂ ਹੀ ਸਥਾਨਾਂ ਤੇ ਰਹਿਣ ਲਗ ਪਏ ਜਿਥੇ ਜਿਥੇ ਗੁਰੂ ਸਾਹਿਬ ਰਹਿੰਦੇ ਰਹੇ ਸਨ। ਸੋਢੀ ਗੁਲਾਬ ਰਾਇ ਹੌਲੀ ਹੌਲੀ ਆਪਣੇ ਆਪ ਨੂੰ ਗੁਰੂ ਜੀ ਦਾ ਉਤਰ ਅਧਿਕਾਰੀ ਅਖਵਾ ਕੇ ਗੁਰੂ ਦੇ ਤੌਰ ਤੇ ਵਿਚਰਨ ਲੱਗ ਪਿਆ। ਸੰਤ ਗੁਰਬਖਸ਼ ਰਾਏ ਉਦਾਸੀ ਨੇ ਇਸ ਗੱਲ ਦੀ ਵਿਰੋਧਤਾ ਕੀਤੀ। ਅਖੀਰ ਇਨ੍ਹਾਂ ਸੋਢੀਆਂ ਨੇ ਸੰਤ ਗੁਰਬਖ਼ਸ਼ ਰਾਏ ਨੂੰ ਕੁੱਟ ਮਾਰ ਕਰਕੇ ਇਥੋਂ ਕੱਢ ਦਿੱਤਾ। ਇਥੇ 1920 ਤੱਕ ਸੋਢੀ ਪਰਿਵਾਰ ਆਪਣੀ ਧਾਰਮਿਕ ਇਜ਼ਾਰੇਦਾਰੀ ਰੱਖਦੇ ਰਹੇ ਸਨ।[33] 1920 ਵਿਚ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਣ ਨਾਲ ਅਤੇ ਗੁਰਦੁਆਰਾ ਐਕਟ ਬਣ ਜਾਣ ਨਾਲ

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਅਧੀਨ ਆ ਗਿਆ।

ਗੁਰਦੁਆਰਾ ਐਕਟ ਹੇਠ ਪ੍ਰਬੰਧ ਆ ਜਾਣ ਬਾਅਦ ਬਾਕਾਇਦਾ ਰੂਪ ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਦੀ ਨਿਯੁਕਤੀ ਹੋਣੀ ਸ਼ੁਰੂ ਹੋਈ। ਇਸ ਤਰ੍ਹਾਂ ਹੁਣ ਤਕ ਰਹਿ ਚੁਕੇ ਮਹੱਤਵਪੂਰਨ ਜੱਥੇਦਾਰਾਂ ਦੇ ਨਾ ਇਸ ਪਰਕਾਰ ਹਨ : ਗਿਆਨੀ ਪਰਤਾਪ ਸਿੰਘ ਮੱਲੇਵਾਲ (ਹੁਸ਼ਿਆਰਪੁਰ), ਜੱਥੇਦਾਰ ਬੀਰ ਸਿੰਘ, ਮਾਸਟਰ ਅਜੀਤ ਸਿੰਘ ਅੰਬਾਲਵੀ। ਗਿਆਨੀ ਫੌਜਾ ਸਿੰਘ, ਗਿਆਨੀ ਬਚਿੱਤਰ ਸਿੰਘ (ਰਾਮਪੁਰ ਕਟਾਣੀ), ਗਿਆਨੀ ਸਾਧੂ ਸਿੰਘ ਭੌਰਾ, ਗਿਆਨੀ ਸ਼ਰਮ ਸਿੰਘ, ਗਿਆਨੀ ਮੱਘਰ ਸਿੰਘ, ਜੱਥੇਦਾਰ ਗੁਰਦਿਆਲ ਸਿੰਘ ਅਜਨੋਹਾ, ਜੱਥੇਦਾਰ ਹਰਿਚਰਨ ਸਿੰਘ ਮਹਾਲੋ, ਭਾਈ ਸ਼ਵਿੰਦਰ ਸਿੰਘ ਅਤੇ ਪ੍ਰੋਫੈਸਰ ਮਨਜੀਤ ਸਿੰਘ।

**ਤਖ਼ਤ ਸ੍ਰੀ ਦਮਦਮਾ ਸਾਹਿਬ**

ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਜਿਲਾ ਬਠਿੰਡਾ) ਪੰਜਾਬ ਵਿਚ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ 1705 ਈ. ਵਿਚ ਆਨੰਦਪੁਰ ਸਾਹਿਬ ਨੂੰ ਛੱਡ ਕੇ ਇਧਰ ਆਏ ਸਨ। ਤਲਵੰਡੀ ਸਾਬੋ ਬਰਾੜ ਜੱਟ ਕਬੀਲੇ ਦੇ ਇਕ ਧੜੇ ਡੱਲੇ ਬਰਾੜ ਦਾ ਪਿੰਡ ਸੀ। ਗੁਰੂ ਸਾਹਿਬ ਨੇ ਇਥੇ ਆਪਣਾ ਡੇਰਾ ਲਾਇਆ ਅਤੇ ਨੌਂ ਮਹੀਨਿਆਂ ਦੇ ਕਰੀਬ ਇਥੇ ਨਿਵਾਸ ਕੀਤਾ। ਇਥੇ ਆਉਣ ਤੋਂ ਪਹਿਲਾਂ ਗੁਰੂ ਸਾਹਿਬ ਧਾਲੀਵਾਲ ਜੱਟ ਕਬੀਲੇ ਦੇ ਪਿੰਡ ਦੀਨਾ ਕਾਂਗੜ ਵਿਖੇ ਕਾਫ਼ੀ ਸਮਾਂ ਰਹੇ ਸਨ। ਗੁਰੂ ਜੀ ਤਲਵੰਡੀ ਸਾਬੋ ਵਿਖੇ 1706 ਈ. ਦੇ ਸ਼ੁਰੂ ਵਿਚ ਅਤੇ ਇਸੇ ਸਾਲ ਦੇ ਅਕਤੂਬਰ ਦੇ ਅਖੀਰ ਤਕ ਠਹਿਰੇ ਸਨ। ਦਮਦਮਾ ਸਾਹਿਬ ਦਾ ਅੱਖਰੀ ਅਰਥ ਤਾਂ ਦਮ ਲੈਣ ਜਾਂ ਆਰਾਮ ਕਰਨ ਤੋਂ ਹੈ ਪਰ ਇਸ ਦਾ ਭਾਵਅਰਥ ਉਸ ਉੱਚੇ ਥੜ੍ਹੇ ਤੋਂ ਹੈ ਜਿਸ ਉਪਰ ਬੈਠ ਕੇ ਗੁਰੂ ਸਾਹਿਬ ਸਿੱਖ ਸੰਗਤਾਂ ਦੇ ਦਰਬਾਰ ਲਗਾਇਆ ਕਰਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਗੁਰੂ ਸਾਹਿਬ ਉਚੇ ਥਾਂ ਉਪਰ ਤਖ਼ਤ ਲਗਾ ਕੇ ਦਰਬਾਰ ਲਗਾਉਣ ਲੱਗ ਪਏ ਸਨ। ਦਮਦਮਾ ਸਾਹਿਬ ਦਾ ਅਸਲੀ ਤੇ ਸਿੱਧਾ ਅਰਥ ਉੱਚੇ ਥਾਂ ਉਪਰ ਤਖ਼ਤ ਲਗਾ ਕੇ ਦਰਬਾਰ ਲਗਾਉਣ ਤੋਂ ਹੀ ਹੈ। ਇਸ ਤਰ੍ਹਾਂ ਤਖ਼ਤ ਹੋਣ ਦੀ ਇਕ ਅਹਿਮ ਗਵਾਹੀ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਆਪਣੇ ਨਾਂ ਵਿਚੋਂ ਹੀ ਉਪਲਬਧ ਹੋ ਜਾਂਦੀ ਹੈ। ਇਥੇ ਰਹਿੰਦਿਆਂ ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਅਨੇਕਾਂ ਹੁਕਮਨਾਮੇ ਭੇਜੇ ਸਨ। ਜਿਨ੍ਹਾਂ ਵਿਚੋਂ ਕੁਝ ਕੁ ਇਸ ਸਮੇਂ ਵੀ ਉਪਲਬਧ ਹਨ।[34] ਇਥੇ ਆਉਣ ਤੋਂ ਪਹਿਲਾਂ ਗੁਰੂ ਜੀ ਨੇ ਦੀਨਾਂ ਕਾਂਗੜ ਤੋਂ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ ਸੀ। ਤਲਵੰਡੀ ਸਾਬੋ ਵਿਖੇ ਇਸ ਜ਼ਫ਼ਰਨਾਮੇ ਦਾ ਜਵਾਬ ਆ ਜਾਣ ਕਰਕੇ[35] ਗੁਰੂ ਸਾਹਿਬ ਦੱਖਣ ਨੂੰ ਬਾਦਸ਼ਾਹ ਨਾਲ ਮੁਲਾਕਾਤ ਕਰਨ ਲਈ ਰਵਾਨਾ ਹੋ ਗਏ ਸਨ। ਜਾਣ ਸਮੇਂ ਆਪਣੇ ਨਿਕਟ ਸਹਿਯੋਗੀ ਅਤੇ ਵਿਦਵਾਨ ਬਾਬਾ ਦੀਪ ਸਿੰਘ ਜੀ ਨੂੰ ਇਸ ਸਥਾਨ ਦੀ ਸੇਵਾ ਸੰਭਾਲ ਕਰਨ ਲਈ ਛੱਡ ਗਏ ਸਨ।

ਬਾਬਾ ਦੀਪ ਸਿੰਘ ਜੀ ਸੂਰਬੀਰ ਯੋਧੇ ਹੋਣ ਦੇ ਨਾਲ ਨਾਲ ਇਕ ਉੱਚ ਕੋਟੀ ਦੇ ਵਿਦਵਾਨ ਵੀ ਸਨ। ਪਹਿਲਾਂ ਉਨ੍ਹਾਂ ਨੇ ਗੁਰੂ ਜੀ ਨਾਲ ਬੈਠ ਕੇ ਗੁਰੂ ਗ੍ਰੰਥ ਸਾਹਿਬ ਨੂੰ ਮੁੜ ਤੋਂ ਸੰਪਾਦਿਤ ਕਰਨ ਸਮੇਂ ਲਿਖਿਆ ਸੀ। ਫਿਰ ਗੁਰੂ ਜੀ ਦੇ ਹੁੰਦਿਆਂ ਹੀ ਇਸ ਬੀੜ ਦੀਆਂ ਚਾਰ ਕਾਪੀਆਂ ਹੋਰ ਤਿਆਰ ਕੀਤੀਆਂ। ਪਿਛੋਂ ਵੀ ਗੁਰੂ ਜੀ ਦੇ ਹੁਕਮਾਂ ਮੁਤਾਬਕ ਬਾਬਾ ਜੀ ਬੀੜਾਂ ਦੇ ਉਤਾਰੇ ਕਰਨ ਦਾ ਕੰਮ ਕਰਦੇ ਰਹੇ ਸਨ। ਇਸ ਤਰ੍ਹਾਂ ਬਾਬਾ ਜੀ ਨੇ ਦਮਦਮੀ ਟਕਸਾਲ ਦੀ ਸਥਾਪਨਾ ਕੀਤੀ।[36] ਅਸੀਂ ਬਾਬਾ ਜੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਪਹਿਲਾ ਜੱਥੇਦਾਰ ਕਹਿ ਸਕਦੇ ਹਾਂ। ਬਾਬਾ ਜੀ 1764-65 ਈ. ਵਿਚ ਸ੍ਰੀ ਦਰਬਾਰ ਸਾਹਿਬ ਨੂੰ ਅਬਦਾਲੀ ਦੇ ਜਰਨੈਲਾਂ ਕੋਲੋਂ ਮੁਕਤ ਕਰਾਉਣ ਦੇ ਧਰਮ ਯੁੱਧ ਵਿਚ ਲੜਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ।

ਬਾਬਾ ਜੀ ਦਾ ਜੱਥਾ ਸਿੱਖ ਮਿਸਲਾਂ ਵਿਚ ਸ਼ਹੀਦੀ ਜੱਥਾ ਜਾਂ ਸ਼ਹੀਦੀ ਮਿਸਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਨੂੰ ਨਿਹੰਗ ਜਾਂ ਅਕਾਲੀ ਜੱਥਾ ਵੀ ਕਿਹਾ ਜਾਂਦਾ ਹੈ। ਬਾਬਾ ਜੀ ਦੀ ਸ਼ਹੀਦੀ ਪਿੱਛੋਂ ਉਨ੍ਹਾਂ ਦਾ ਇਕ ਪੈਰੋਕਾਰ ਭਾਈ ਸੁਧਾ ਸਿੰਘ ਇਸ ਜੱਥੇ ਦਾ ਆਗੂ ਬਣਿਆ। ਦੂਜੇ ਸ਼ਬਦਾਂ ਵਿਚ ਤਖ਼ਤ ਦਮਦਮਾ ਸਾਹਿਬ ਦਾ ਜੱਥੇਦਾਰ ਵੀ ਇਸ ਜੱਥੇ ਦਾ ਹੀ ਨੇਤਾ ਹੁੰਦਾ ਸੀ। ਭਾਈ ਸੁਧਾ ਸਿੰਘ ਵੀ ਛੇਤੀ ਹੀ ਅਕਾਲ ਚਲਾਣਾ ਕਰ ਗਏ ਸਨ। ਫਿਰ ਕਰਮ ਸਿੰਘ ਸੰਧੂ ਇਸ ਜੱਥੇ ਦਾ ਮੁਖੀ ਬਣਿਆ। ਕਰਮ ਸਿੰਘ ਸੰਧੂ ਦੂਰੋਂ ਨੇੜਿਓਂ ਬਾਬਾ ਦੀਪ ਸਿੰਘ ਦਾ ਕੋਈ ਸੰਬੰਧੀ ਸੀ। ਪਰ ਇਸ ਸਮੇਂ ਤਕ ਬਾਬਾ ਜੀ ਦੇ ਸ਼ਹੀਦੀ ਜੱਥੇ ਦੀ ਅਸਲ ਰੂਪ ਰੇਖਾ ਤਾਂ ਸਾਰੀ ਦੀ ਸਾਰੀ ਅੰਮ੍ਰਿਤਸਰ ਵਿਖੇ ਤਬਦੀਲ ਹੋ ਗਈ ਸੀ।[37] ਕਰਮ ਸਿੰਘ ਸੰਧੂ ਦਾ ਵਸੇਬਾ ਸ਼ਹਿਜ਼ਾਦਪੁਰ ਪਿੰਡ ਸੀ। ਤਖ਼ਤ ਸ੍ਰੀ

ਦਮਦਮਾ ਸਾਹਿਬ ਵੀ ਇਸੇ ਦੇ ਕਬਜ਼ੇ ਵਿਚ ਸੀ। ਕਰਮ ਸਿੰਘ ਦਾ ਉਤਰ ਅਧਿਕਾਰੀ ਜੀਵਣ ਸਿੰਘ ਸ਼ਹਿਜਾਦਪੁਰੀਆ ਬਣਿਆ। ਇਸ ਦੇ ਸਮੇਂ ਤਖ਼ਤ ਦਮਦਮਾ ਸਾਹਿਬ ਅਤੇ ਇਸ ਦੇ ਪ੍ਰਬੰਧਕਾਂ ਦਾ ਸਾਰਾ ਸੰਕਲਪ ਹੀ ਬਦਲ ਗਿਆ ਸੀ। ਜੀਵਨ ਸਿੰਘ ਮਹਾਰਾਜਾ ਰਾਜਿੰਦਰ ਸਿੰਘ ਪਟਿਆਲਾ ਦਾ ਨੇੜਲਾ ਰਿਸ਼ਤੇਦਾਰ ਸੀ। ਤਲਵੰਡੀ ਸਾਬੋ, ਸਮੇਤ ਤਖ਼ਤ ਸਾਹਿਬ ਦੇ ਸ਼ਹਿਜਾਦਪੁਰੀਆਂ ਦੀ ਜਾਗੀਰ ਵਿਚ ਸ਼ਾਮਿਲ ਸੀ। ਇਸ ਕਰਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਇਕ ਜਾਗੀਰਦਾਰ ਦੀ ਜਾਗੀਰ ਬਣ ਕੇ ਹੀ ਰਹਿ ਗਿਆ ਸੀ। ਇਸ ਨਾਲ ਇਸ ਸਥਾਨ ਦਾ ਤਖ਼ਤ ਹੋਣ ਦਾ ਰੁਤਬਾ ਹੌਲੀ ਹੌਲੀ ਖ਼ਤਮ ਹੁੰਦਾ ਗਿਆ। ਇਥੋਂ ਦੀ ਪਾਠ ਪੂਜਾ ਅਤੇ ਚੜ੍ਹਾਵਾ ਵਗੈਰਾ ਸਭ ਕੁਝ ਤਨਖ਼ਾਹਦਾਰ ਢਾਂਚੇ ਅਨੁਸਾਰ ਜਾਂ ਠੇਕੇਦਾਰੀ ਢਾਂਚੇ ਅਨੁਸਾਰ ਚਲਾਇਆ ਜਾਂਦਾ ਸੀ।[38]

1920 ਵਿਚ ਚੱਲੀ ਗੁਰਦੁਆਰਾ ਸੁਧਾਰ ਲਹਿਰ ਦਾ ਵੀ ਇਸ ਮਹਾਨ ਤਖ਼ਤ ਤੇ ਕੋਈ ਪ੍ਰਭਾਵ ਨਹੀਂ ਪਿਆ। 1923 ਵਿਚ ਸੰਤ ਅਤਰ ਸਿੰਘ ਜੀ ਮਸਤੂਆਣਾ ਨੇ ਇਸ ਸਥਾਨ ਦੀ ਕਾਰ ਸੇਵਾ ਕਰਵਾਉਣ ਦੀ ਇਜ਼ਾਜ਼ਤ ਮੰਗੀ। ਉਨ੍ਹਾਂ ਨੂੰ ਇਸ ਸ਼ਰਤ ਤੇ ਕਾਰ ਸੇਵਾ ਕਰਵਾਉਣ ਦੀ ਇਜ਼ਾਜ਼ਤ ਦਿੱਤੀ ਗਈ ਕਿ ਇਕ ਤਾਂ ਉਹ ਅਕਾਲੀਆਂ ਨਾਲ ਕੋਈ ਸੰਬੰਧ ਨਹੀਂ ਰੱਖਣਗੇ ਅਤੇ ਦੂਜਾ ਉਹ ਤਖ਼ਤ ਸਾਹਿਬ ਤੋਂ ਅਲੱਗ ਨਵੀਂ ਇਮਾਰਤ ਬਣਵਾਉਣਗੇ। ਫਲਸਰੂਪ ਨਵੀਂ ਇਮਾਰਤ ਬੁੰਗਾ ਮਸਤੂਆਣਾ ਬਣਿਆ। ਇਹ ਪਹਿਲੇ ਤਖ਼ਤ ਸਾਹਿਬ ਨਾਲੋਂ ਜ਼ਿਆਦਾ ਵਧੀਆ ਦਿਸਣ ਲਗਿਆ। ਇਲਾਕੇ ਦੀਆਂ ਸੰਗਤਾਂ ਨੇ ਸੰਤ ਜੀ ਨੂੰ ਤਖ਼ਤ ਸਾਹਿਬ ਦੀ ਇਮਾਰਤ ਬਣਾਉਣ ਦੀ ਵੀ ਬੇਨਤੀ ਕੀਤੀ। ਸੰਤ ਜੀ ਨੇ ਕਿਹਾ ਕਿ ਉਹ ਬਣਾਉਣ ਲਈ ਤਿਆਰ ਹਨ ਪਰ ਉਹ ਇਸ ਵਿਚ ਕਿਸੇ ਕਿਸਮ ਦਾ ਸਰਕਾਰੀ ਦਖ਼ਲ ਨਹੀਂ ਸਹਿਣ ਕਰਨਗੇ। ਸਿੱਟੇ ਵਜੋਂ ਗੱਲ ਵਿਚੇ ਹੀ ਟੁੱਟ ਗਈ।[39]

ਸਮੇਂ ਸਮੇਂ ਤੇ ਤਖ਼ਤ ਦਮਦਮਾ ਸਾਹਿਬ ਦੇ ਮਾੜੇ ਪ੍ਰਬੰਧ ਬਾਰੇ ਸੰਗਤਾਂ ਵੱਲੋਂ ਆਵਾਜ਼ ਉਠਾਈ ਜਾਂਦੀ ਸੀ। 26 ਮਈ, 1940 ਨੂੰ ਮਾਲਵਾ ਸੈਂਟਰਲ ਸਿੱਖ ਬੋਰਡ ਵੱਲੋਂ ਤਖ਼ਤ ਦਾ ਦਰਜ਼ਾ ਮੁੜ ਤੋਂ ਬਹਾਲ ਕਰਨ ਦੀ ਮੰਗ ਕੀਤੀ ਗਈ। ਇਕ ਗੁਰਚਰਨ ਸਿੰਘ ਨਾਮੀ ਵਿਅਕਤੀ ਵੱਲੋਂ 3.4.1942 ਨੂੰ ਇਕ ਲੰਮੀ ਚਿੱਠੀ ਮਹਾਰਾਜਾ ਪਟਿਆਲਾ ਨੂੰ ਲਿਖੀ ਗਈ, ਜਿਸ ਵਿਚ ਤਖ਼ਤ ਸਾਹਿਬ ਦੇ ਮਾੜੇ ਪ੍ਰਬੰਧ ਬਾਰੇ ਵਿਸਥਾਰ ਵਿਚ ਲਿਖਿਆ ਗਿਆ ਸੀ। 1947 ਦੀ ਵੰਡ ਪਿਛੋਂ ਪੈਪਸੂ ਬਣਿਆ। ਫਿਰ 1956-57 ਵਿਚ ਪੈਪਸੂ ਦਾ ਪੰਜਾਬ ਵਿਚ ਰਲੇਵਾਂ ਹੋ ਗਿਆ। ਇਸ ਨਾਲ ਪੈਪਸੂ ਦੇ ਸਾਰੇ ਇਤਿਹਾਸਿਕ ਗੁਰਦੁਆਰੇ ਪੰਜਾਬ ਸਿੱਖ ਗੁਰਦੁਆਰਾ ਐਕਟ ਦੇ ਅਧੀਨ ਆ ਗਏ। 1960 ਵਿਚ ਸ਼੍ਰੋਮਣੀ ਕਮੇਟੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਪਿਛੋਕੜ ਦਾ ਅਧਿਐਨ ਕਰਨ ਲਈ ਸਿੱਖ ਵਿਦਵਾਨਾਂ ਦੀ ਇਕ ਕਮੇਟੀ ਬਣਾਈ। ਇਸ ਕਮੇਟੀ ਨੇ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਅਪ੍ਰੈਲ, 1964 ਵਿਚ ਸੌਂਪ ਦਿੱਤੀ ਅਤੇ ਤਖ਼ਤ ਦਮਦਮਾ ਸਾਹਿਬ ਦਾ ਪਹਿਲਾ ਦਰਜਾ ਬਹਾਲ ਕਰਨ ਦੀ ਸਿਫਾਰਸ਼ ਕੀਤੀ। 25 ਅਪ੍ਰੈਲ 1964 ਨੂੰ ਸ਼੍ਰੋਮਣੀ ਕਮੇਟੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਦਰਜਾ ਬਹਾਲ ਕਰਨ ਦਾ ਫ਼ੈਸਲਾ ਕਰ ਦਿੱਤਾ ਸੀ। ਉਕਤ ਪੇਸ਼ ਕੀਤੀ ਕਮੇਟੀ ਰਿਪੋਰਟ ਸ਼੍ਰੋਮਣੀ ਕਮੇਟੀ ਵੱਲੋਂ ਨਵੰਬਰ, 1965 ਦੇ ਮਾਸਕ ਗੁਰਦੁਆਰਾ ਗਜ਼ਟ ਵਿਚ ਛਾਪੀ ਗਈ। ਇਉਂ ਤਖ਼ਤ ਸ੍ਰੀ ਦਮਦਮਾ ਸਾਹਿਬ ਫਿਰ ਤੋਂ ਖਾਲਸੇ ਦੇ ਪੰਜਾਂ ਤਖਤਾਂ ਵਿਚ ਸ਼ਾਮਿਲ ਹੋ ਗਿਆ। ਸੰਤ ਹਰਚੰਦ ਸਿੰਘ ਲੌਂਗੋਵਾਲ ਇਸ ਦੇ ਪਹਿਲੇ ਜੱਥੇਦਾਰ ਥਾਪੇ ਗਏ ਸਨ। ਇਨ੍ਹਾਂ ਪਿਛੋਂ ਸੰਤ ਲੱਖਾ ਸਿੰਘ ਜੱਥੇਦਾਰ ਬਣਾਏ ਗਏ। 26 ਜਨਵਰੀ, 1986 ਨੂੰ ਸਰਬੱਤ ਖਾਲਸਾ ਵੱਲੋਂ ਗਿਆਨੀ ਜਸਵੰਤ ਸਿੰਘ ਨੂੰ ਇਸ ਤਖ਼ਤ ਦਾ ਜੱਥੇਦਾਰ ਥਾਪਿਆ ਗਿਆ ਸੀ। ਵਰਤਮਾਨ ਸਮੇਂ ਗਿਆਨੀ ਕੇਵਲ ਸਿੰਘ ਇਸ ਦੇ ਜੱਥੇਦਾਰ ਹਨ।

ਕੁਝ ਲੋਕਾਂ ਵੱਲੋਂ ਸ਼੍ਰੋਮਣੀ ਕਮੇਟੀ ਰਾਹੀਂ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਤਖ਼ਤ ਬਣਾਉਣ ਦੀ ਗੱਲ ਨਾਲ ਜੋੜਿਆ ਗਿਆ ਸੀ।[40] ਇਸ ਤਰ੍ਹਾਂ ਦਾ ਪ੍ਰਚਾਰ ਗ਼ਲਤ ਸੀ। ਤਖ਼ਤ ਸ੍ਰੀ ਦਮਦਮਾ ਸਾਹਿਬ ਪੰਜਵਾਂ ਤਖ਼ਤ ਨਹੀਂ ਸੀ ਤੇ ਨਾ ਹੀ ਇਹ ਸ਼੍ਰੋਮਣੀ ਕਮੇਟੀ ਵੱਲੋਂ ਬਣਾਇਆ ਗਿਆ ਤਖ਼ਤ ਸੀ। ਸ਼੍ਰੋਮਣੀ ਕਮੇਟੀ ਨੇ ਤਾਂ ਸਗੋਂ ਇਸ ਦੇ ਗੁਆਚ ਚੁਕੇ ਰੁਤਬੇ ਨੂੰ ਮੁੜ ਤੋਂ ਬਹਾਲ ਕੀਤਾ ਸੀ। ਗਿਣਤੀ ਦੇ ਲਿਹਾਜ਼ ਨਾਲ ਤਾਂ ਇਹ ਤਖ਼ਤ ਸਗੋਂ ਚੌਥਾ ਤਖ਼ਤ ਬਣਦਾ ਹੈ। ਕਿਉਂਕਿ ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਇਥੋਂ ਹੀ ਗਏ ਸਨ। ਇਸ ਤਰ੍ਹਾਂ ਸਮੇਂ ਅਨੁਸਾਰ ਤਾਂ ਪੰਜਵਾਂ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਬਣਦਾ ਹੈ।

ਸਿੱਖ ਸਮੁਦਾਇ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਬਾਰੇ ਤਖ਼ਤ ਦਾ ਦਰਜਾ ਹਮੇਸ਼ਾਂ ਹੀ ਬਰਕਰਾਰ ਰਿਹਾ

ਹੈ। ਇਸ ਗੱਲ ਦਾ ਸਬੂਤ ਇਥੋਂ ਸਮੇਂ ਸਮੇਂ ਤੇ ਜਾਰੀ ਹੋਏ ਪੱਤਰਾਂ ਜਾਂ ਹੁਕਮਨਾਮਿਆਂ ਤੋਂ ਮਿਲਦਾ ਹੈ। 1908 ਈ. ਵਿਚ ਇਕ ਸੰਤ ਟਹਿਲ ਸਿੰਘ ਨੇ ਆਪਣੀ ਪੁਸਤਕ ਰਾਗ ਮਾਲਾ ਖੰਡਨ ਲਿਖ ਕੇ ਇਥੋਂ ਦੇ ਸੰਤਾਂ ਮਹੰਤਾਂ ਨੂੰ ਪ੍ਰਵਾਨਗੀ ਲੈਣ ਲਈ ਭੇਜੀ। ਇਸ ਦੀ ਪ੍ਰਵਾਨਗੀ ਦੇਣ ਵਜੋਂ ਇਥੋਂ ਦੇ ਸੰਤਾਂ ਮਹੰਤਾਂ ਨੇ ਜੋ ਪੱਤਰ ਜਾਰੀ ਕੀਤਾ ਉਸ ਵਿਚ ਤਖ਼ਤ ਸ਼ਬਦ ਵਰਤਿਆ ਗਿਆ ਸੀ। ਜਿਵੇਂ ਕਿ "ਲਿਖਤੁਮ ਸ੍ਰੀ ਦਰਬਾਰ ਸਾਹਿਬ ਗੁਰੂ ਕਾਂਸ਼ੀ ਤਖ਼ਤ ਹਜ਼ੂਰ ਸਰਬੱਤ ਮਹੰਤ ਸੰਤ ਖਾਲਸਾ ਜੀ ਸਾਹਿਬ ਅੱਗੇ ਸ੍ਰੀ ਮਾਨ......"[41] ਇਸ ਤਰ੍ਹਾਂ ਜਦੋਂ ਵੀ ਕੋਈ ਸਿੱਖ ਵਿਦਵਾਨ ਗੁਰਮਤਿ ਬਾਰੇ ਆਪਣੀ ਪੁਸਤਕ ਲਿਖਦਾ ਸੀ ਤਾਂ ਤਖ਼ਤ ਸਾਹਿਬ ਦੀ ਮੋਹਰ ਲਗਵਾਉਣ ਲਈ ਇਥੇ ਜ਼ਰੂਰ ਭੇਜਦਾ ਸੀ। ਇਥੋਂ ਦੇ ਸੰਤਾਂ ਮਹੰਤਾਂ ਵੱਲੋਂ ਤਖ਼ਤ ਸਾਹਿਬ ਦੇ ਨਾਂ ਹੇਠ ਹੀ ਪ੍ਰਵਾਨਗੀ ਪੱਤਰ ਭੇਜਿਆ ਜਾਂਦਾ ਸੀ। ਫਰਵਰੀ, 1927 ਵਿਚ ਨਿਰਮਲ ਸੰਪਰਦਾਇ ਦੇ ਸੰਤਾਂ ਦੀ ਸਿੱਖ ਗੁਰਦੁਆਰਿਆਂ ਵਿਚ ਅਰਦਾਸ ਕੀਤੀ ਜਾਣ ਬਾਰੇ ਇਥੋਂ ਇਕ ਹੁਕਮਨਾਮਾਂ ਜਾਰੀ ਕੀਤਾ ਗਿਆ ਸੀ।[42] ਫਰਵਰੀ 1942 ਵਿਚ ਲੁਧਿਆਣਾ ਦੇ ਪਿੰਡ ਮੁੱਲਾਂਪੁਰ ਵਿਖੇ ਜੋ ਕੂਕਾ ਕੁਫ਼ਰਤੋੜ ਕਾਨਫਰੰਸ ਕੀਤੀ ਗਈ ਸੀ, ਉਸ ਦੇ ਹੱਕ ਵਿਚ ਅਤੇ ਕੂਕਿਆਂ ਦੇ ਵਿਰੁੱਧ ਇਥੋਂ ਹੁਕਮਨਾਮਾ ਜਾਰੀ ਕੀਤਾ ਗਿਆ ਸੀ।[43] ਇਨ੍ਹਾਂ ਗੱਲਾਂ ਤੋਂ ਇਹ ਸ਼ਕ ਨਹੀਂ ਰਹਿ ਜਾਂਦਾ ਕਿ ਭਾਵੇਂ ਤਖ਼ਤ ਸ੍ਰੀ ਦਮਦਮਾ ਸਾਹਿਬ ਸ਼ਹਿਜ਼ਾਦਪੁਰੀਏ ਸਰਦਾਰਾਂ ਦੀ ਨਿਜੀ ਜਾਗੀਰ ਵਿਚ ਆਉਣ ਕਰਕੇ ਤਖ਼ਤ ਸਾਹਿਬ ਦੀ ਰੋਜ਼ਾਨਾ ਦੀ ਮਾਣ-ਮਰਯਾਦਾ ਨੂੰ ਨਿਭਾਉਣ ਤੋਂ ਵਿਰਵਾ ਹੋ ਗਿਆ ਸੀ ਪਰ ਖਾਲਸਾ ਪੰਥ ਦੇ ਮਨਾਂ ਵਿਚ ਇਸ ਬਾਰੇ ਤਖ਼ਤ ਸਾਹਿਬ ਦਾ ਹੀ ਰੁਤਬਾ ਰਿਹਾ ਹੈ ਅਤੇ ਇਥੋਂ ਦੇ ਸੰਤ ਮਹੰਤ ਵੀ ਸੁਚੇਤ ਜਾਂ ਅਚੇਤ ਰੂਪ ਵਿਚ ਤਖ਼ਤ ਸਾਹਿਬ ਦਾ ਹੀ ਨਾਂ ਵਰਤਦੇ ਰਹੇ ਹਨ।

### ਤਖ਼ਤ ਸ੍ਰੀ ਹਜ਼ੂਰ ਸਾਹਿਬ

ਤਖ਼ਤ ਸ੍ਰੀ ਹਜ਼ੂਰ ਸਾਹਿਬ, ਮਹਾਂਰਾਸ਼ਟਰ ਪ੍ਰਾਂਤ ਦੇ ਨਾਂਦੇੜ ਸ਼ਹਿਰ ਵਿਖੇ ਸਥਿਤ ਹੈ। ਇਸ ਦਾ ਪੂਰਾ ਨਾਂ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਹੈ। ਇਹ ਤਖ਼ਤ ਮੌਲਿਕ ਤੌਰ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਦੀ ਘਟਨਾ ਨਾਲ ਸੰਬੰਧਿਤ ਹੈ। ਗੁਰੂ ਸਾਹਿਬ ਇਥੇ 7 ਅਕਤੂਬਰ, 1708 ਨੂੰ ਜੋਤੀ ਜੋਤਿ ਸਮਾ ਗਏ ਸਨ। ਇਹ ਸਥਾਨ ਖਾਲਸਾ ਪੰਥ ਦਾ ਪੰਜਵਾਂ ਤਖ਼ਤ ਜਾਂ ਪੰਜ ਤਖ਼ਤਾਂ ਵਿਚੋਂ ਇਕ ਤਖ਼ਤ ਹੈ। ਇਥੋਂ ਹੀ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦੀਵੀਂ ਗੁਰਗੱਦੀ ਬਖਸ਼ੀ ਅਤੇ ਅਮਲੀ ਰੂਪ ਵਿਚ 'ਗ੍ਰੰਥ ਅਤੇ ਪੰਥ' ਦਾ ਸਿਧਾਂਤ ਹੋਂਦ ਵਿਚ ਆਇਆ। ਇਥੋਂ ਹੀ ਬੰਦਾ ਸਿੰਘ ਬਹਾਦਰ ਨੂੰ ਖਾਲਸੇ ਦਾ ਜੰਗੀ ਜਰਨੈਲ ਥਾਪ ਕੇ ਪੰਜਾਬ ਨੂੰ ਤੋਰਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾ ਜਾਣ ਨਾਲ ਇਥੇ ਰਹਿ ਰਿਹਾ ਹਜ਼ੂਰੀ ਜੱਥਾ ਬਿਲਕੁਲ ਹੀ ਨਿਰਾਸਤਾ ਦੇ ਸਮੁੰਦਰ ਵਿਚ ਡੁੱਬ ਗਿਆ ਸੀ। ਇਸ ਹਜ਼ੂਰੀ ਜੱਥੇ ਦੀ ਅਗਵਾਈ ਗੁਰੂ ਜੀ ਤੋਂ ਪਿਛੋਂ ਭਾਈ ਦਯਾ ਸਿੰਘ ਜੀ ਨੇ ਕੀਤੀ। ਅਰਥਾਤ ਭਾਈ ਸਾਹਿਬ ਹੀ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪਹਿਲੇ ਜੱਥੇਦਾਰ ਬਣੇ। ਪਰ ਭਾਈ ਸਾਹਿਬ ਗੁਰੂ ਜੀ ਦੇ ਵਿਛੋੜੇ ਨੂੰ ਜ਼ਿਆਦਾ ਸਮਾਂ ਨਾ ਸਹਿ ਸਕੇ। ਉਹ ਵੀ ਮਹੀਨੇ ਕੁ ਦੇ ਅਰਸੇ ਵਿਚ ਹੀ ਅਕਾਲ ਚਲਾਣਾ ਕਰ ਗਏ। ਇਨ੍ਹਾਂ ਪਿਛੋਂ ਭਾਈ ਧਰਮ ਸਿੰਘ ਜੀ ਹਜ਼ੂਰੀ ਜੱਥੇ ਦੇ ਜੱਥੇਦਾਰ ਬਣੇ ਅਤੇ ਇਸ ਸਥਾਨ ਦੀ ਸਾਂਭ ਸੰਭਾਲ ਦਾ ਕੰਮ ਸੰਭਾਲਿਆ। ਭਾਈ ਧਰਮ ਸਿੰਘ ਵੀ ਦੋ ਕੁ ਮਹੀਨਿਆਂ ਦੇ ਸਮੇਂ ਵਿਚ ਅਕਾਲ ਚਲਾਣਾ ਕਰ ਗਏ। ਇਨ੍ਹਾਂ ਪਿਛੋਂ ਭਾਈ ਸੰਤੋਖ ਸਿੰਘ ਇਸ ਤਖ਼ਤ ਦੀ ਜੱਥੇਦਾਰੀ ਸੰਭਾਲਦੇ ਰਹੇ ਸਨ। ਇਹ 1714 ਈ. ਤਕ ਸੇਵਾ ਕਰਦੇ ਰਹੇ। ਇਨ੍ਹਾਂ ਦੇ ਅਕਾਲ ਚਲਾਣੇ ਪਿਛੋਂ ਭਾਈ ਖੁਸ਼ਹਾਲ ਸਿੰਘ ਸੇਵਾਦਾਰ ਬਣੇ ਅਤੇ 1727-28 ਈ. ਤਕ ਸੇਵਾ ਕਰਦੇ ਰਹੇ ਸਨ।[44] ਇਨ੍ਹਾਂ ਪਿਛੋਂ ਇਸ ਮਹਾਨ ਸਥਾਨ ਦਾ ਪ੍ਰਬੰਧ ਵਿਗੜਨਾ ਸ਼ੁਰੂ ਹੋ ਗਿਆ ਜਿਸ ਦੇ ਅਨੇਕਾਂ ਕਾਰਨ ਸਨ। ਪਹਿਲਾ ਇਹ ਕਿ ਇਥੇ ਕੋਈ ਸਿੱਖ ਆਬਾਦੀ ਨਹੀਂ ਸੀ ਅਤੇ ਸਥਾਨਕ ਆਬਾਦੀ ਸਿੱਖ ਵਿਰੋਧੀ ਸੀ। ਦੂਜਾ ਇਹ ਕਿ ਪੰਜਾਬ ਵਿਚ ਸਿੱਖਾਂ ਲਈ ਘੋਰ ਸੰਕਟ ਦਾ ਸਮਾਂ ਸੀ। ਇਸ ਕਰਕੇ ਸਿੱਖ ਸੰਗਤਾਂ ਇਸ ਸਥਾਨ ਵੱਲ ਨਿਗਾਹ ਨਾ ਰਖ ਸਕੀਆਂ।

ਇਹ ਗੱਲ ਧਿਆਨ ਦੇਣ ਯੋਗ ਹੈ ਜਿਸ ਸਮੇਂ ਗੁਰੂ ਗੋਬਿੰਦ ਸਿੰਘ ਇਥੇ ਆਪਣੇ ਹਜ਼ੂਰੀ ਜੱਥੇ ਨਾਲ ਰਹਿ ਰਹੇ ਸਨ ਤਾਂ ਉਹ ਇਥੇ ਸਿਰਫ਼ ਤੰਬੂ ਅਤੇ ਕਨਾਤਾਂ ਵਿਚ ਹੀ ਰਹਿੰਦੇ ਸਨ। ਇਥੇ ਕੋਈ ਇਮਾਰਤ ਨਹੀਂ ਸੀ। ਸਿਰਫ਼ ਬੰਦਾ ਸਿੰਘ ਬਹਾਦਰ ਦੇ ਡੇਰੇ ਵਿਚ ਕੁਝ ਕੱਚੇ ਕੋਠੜੇ ਅਤੇ ਝੌਂਪੜੀਆਂ ਸਨ। ਗੁਰੂ ਜੀ ਦੇ ਜੋਤੀ ਜੋਤਿ ਸਮਾ

ਜਾਣ ਪਿਛੋਂ ਇਥੋਂ ਦਾ ਹਜ਼ੂਰੀ ਜੱਥਾ ਗੁਰੂ ਜੀ ਦੇ ਅੰਗੀਠੇ ਦੇ ਦੁਆਲੇ ਹੀ ਤੰਬੂ ਲਗਾ ਕੇ ਰਹਿੰਦਾ ਰਿਹਾ ਸੀ। ਪਿੱਛੋਂ ਕਿਸੇ ਨੇ ਵੀ ਇਥੇ ਇਮਾਰਤ ਉਸਾਰਨ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਹੀ ਸਿੱਖਾਂ ਵਿਚ ਕੋਈ ਸਮਰੱਥਾ ਹੀ ਸੀ। ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਦੇ ਸਮੇਂ ਤਕ ਤਾਂ ਇਥੋਂ ਦਾ ਹਜ਼ੂਰੀ ਜੱਥਾ ਕੁਝ ਹੱਦ ਤੱਕ ਕਾਇਮ ਰਿਹਾ ਸੀ ਪਰ ਇਨ੍ਹਾਂ ਦੋਹਾਂ ਪਿਆਰਿਆਂ ਦੇ ਉਤੋੜੁਤੀ ਅਕਾਲ ਚਲਾਣਾ ਕਰ ਜਾਣ ਨਾਲ ਇਸ ਜੱਥੇ ਦੇ ਸਿੰਘ ਬਿਲਕੁਲ ਹੀ ਦਿਲ ਛੱਡ ਬੈਠੇ ਸਨ। ਕੁਝ ਤਾਂ ਇਥੋਂ ਚਲੇ ਗਏ ਅਤੇ ਕੁਝ ਅਕਾਲ ਚਲਾਣਾ ਕਰ ਗਏ ਸਨ।[45] ਸਿਰਫ਼ ਕੁਝ ਕੁ ਗਿਣਤੀ ਦੇ ਸਿੰਘ ਹੀ ਇਥੇ ਗੁਰੂ ਜੀ ਦੇ ਅੰਗੀਠੇ ਦੀ ਸੰਭਾਲ ਕਰਦੇ ਰਹੇ ਸਨ। ਇਹ ਹਾਲਾਤ ਪੰਜਾਬ ਵਿਚ ਸਿੱਖ ਮਿਸਲਾਂ ਦੇ ਰਾਜ ਸਥਾਪਤ ਹੋਣ ਤਕ ਰਹੇ ਪਰ ਇਸ ਸਮੇਂ ਤਕ ਇਥੇ ਉਦਾਸੀ ਸਾਧ ਕਾਬਜ ਹੋ ਚੁੱਕੇ ਸਨ ਜਿਨ੍ਹਾਂ ਨੂੰ ਸਿਰਫ਼ ਇਕ ਡੇਰੇ ਦੀ ਲੋੜ ਸੀ। ਸਿੱਖ ਮਿਸਲਾਂ ਦੇ ਪੰਜਾਬ ਵਿਚ ਰਾਜ ਸਥਾਪਤ ਹੋ ਜਾਣ ਨਾਲ ਪੰਜਾਬ ਵਿਚੋਂ ਸਿੱਖਾਂ ਦਾ ਇਥੇ ਆਉਣਾ ਜਾਣਾ ਵਧ ਗਿਆ ਸੀ। ਸਿੱਖਾਂ ਵਿਚ ਇਹ ਵਿਸ਼ਵਾਸ ਪਰਪੱਕ ਹੋ ਗਿਆ ਸੀ ਕਿ ਹਰ ਸਿੱਖ ਦਾ ਕਰਤੱਵ ਹੈ ਕਿ ਉਹ ਆਪਣੇ ਗੁਰੂ ਦੇ ਅੰਗੀਠੇ ਦੇ ਦਰਸ਼ਨ ਜੀਵਨ ਵਿਚ ਇਕ ਵਾਰ ਜ਼ਰੂਰ ਕਰੇ। ਇਸ ਤਰ੍ਹਾਂ ਜਿਉਂ ਹੀ ਪੰਜਾਬ ਵਿਚ ਸਿੱਖਾਂ ਦਾ ਜੀਵਨ ਸੁਖਾਲਾ ਹੋਇਆ ਉਹ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਲੱਗੇ। ਸਿੱਖ ਸ਼ਰਧਾਲੂਆਂ ਦੀ ਆਮਦ ਨਾਲ ਉਨ੍ਹਾਂ ਦਾ ਸਭ ਤੋਂ ਪਹਿਲਾਂ ਵਿਰੋਧ ਇਥੇ ਕਾਬਜ ਉਦਾਸੀ ਸਾਧਾਂ ਨਾਲ ਹੋਇਆ। ਸਿੱਖ ਯਾਤਰੀਆਂ ਵਿਚ ਨਿਰਮਲੇ ਸੰਤ ਹੁੰਦੇ ਸਨ। ਉਦਾਸੀ ਸੰਤਾਂ ਤੋਂ ਕਬਜ਼ਾ ਲੈ ਕੇ ਨਿਰਮਲੇ ਸੰਤ ਕੁਝ ਸਮਾਂ ਇਸ ਸਥਾਨ ਦੀ ਸੇਵਾ ਸੰਭਾਲ ਕਰਦੇ ਰਹੇ। ਇਨ੍ਹਾਂ ਸੇਵਾਦਾਰਾਂ ਵਿਚ ਸਾਨੂੰ ਭਾਈ ਚੜ੍ਹਤ ਸਿੰਘ, ਭਾਈ ਮੋਹਰ ਸਿੰਘ, ਭਾਈ ਰਾਮ ਸਿੰਘ ਅਤੇ ਭਾਈ ਧਰਮ ਸਿੰਘ ਆਦਿ ਨਾਵਾਂ ਦੀ ਜਾਣਕਾਰੀ ਮਿਲਦੀ ਹੈ।[46]

ਪੰਜਾਬ ਵਿਚ 1829 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ। ਤਖ਼ਤ ਸ੍ਰੀ ਹਜ਼ੂਰ ਸਾਹਿਬ ਉਸ ਸਮੇਂ ਹੈਦਰਾਬਾਦ ਰਿਆਸਤ ਵਿਚ ਸੀ। ਇਸ ਰਿਆਸਤ ਵਿਚ ਉਸ ਸਮੇਂ ਬਦਅਮਨੀ ਫੈਲੀ ਹੋਈ ਸੀ। ਨਵਾਬ ਹੈਦਰਾਬਾਦ ਨੇ ਮਹਾਰਾਜੇ ਤੋਂ ਸੈਨਿਕ ਮਦਦ ਮੰਗੀ। ਜੋ ਸੈਨਿਕ ਟੁਕੜੀ ਮਹਾਰਾਜੇ ਵੱਲੋਂ ਹੈਦਰਾਬਾਦ ਭੇਜੀ ਗਈ ਸੀ, ਉਸ ਨੂੰ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਦਾ ਕੰਮ ਵੀ ਸੌਂਪਿਆ ਗਿਆ ਸੀ। ਬਦਅਮਨੀ ਤੇ ਕਾਬੂ ਪਾਉਣ ਪਿਛੋਂ ਸਿੱਖ ਸੈਨਿਕ ਟੁਕੜੀ ਤਖ਼ਤ ਸਾਹਿਬ ਵਾਲੀ ਥਾਂ ਉੱਤੇ ਹੀ ਰਹਿਣ ਲਗੀ। ਹੈਦਰਾਬਾਦ ਦੀ ਰਿਆਸਤ ਵੱਲੋਂ ਇਥੋਂ ਦੀ ਕਾਰ ਸੇਵਾ ਵਿਚ ਪੂਰਾ ਸਹਿਯੋਗ ਦਿੱਤਾ ਜਾਂਦਾ ਸੀ। ਫਲਸਰੂਪ ਇਥੇ ਤਖ਼ਤ ਸਾਹਿਬ ਦੀਆਂ ਇਮਾਰਤਾਂ ਉਸਰ ਗਈਆਂ ਅਤੇ ਸੋਨੇ ਦੇ ਕਲਸ਼ ਵੀ ਲੱਗ ਗਏ। ਇਹ ਸਾਰਾ ਕੰਮ 1829 ਈ. ਤੋਂ ਲੈ ਕੇ 1839 ਈ. ਤਕ ਸੰਪੂਰਨ ਹੋ ਗਿਆ ਸੀ। ਪੰਜ ਲੱਖ ਰੁਪਿਆ ਅਤੇ ਸੋਨਾ ਮਹਾਰਾਜੇ ਵੱਲੋਂ ਭੇਜੇ ਗਏ ਸਨ ਅਤੇ ਬੇਅੰਤ ਮਾਇਆ ਅਤੇ ਹੋਰ ਕੀਮਤੀ ਸਮਾਨ ਨਵਾਬ ਹੈਦਰਾਬਾਦ ਵੱਲੋਂ ਚੜ੍ਹਾਇਆ ਗਿਆ ਸੀ।

ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਨੇੜੇ ਹੀ ਗੁਰਦੁਆਰਾ ਬਾਬਾ ਨਿਧਾਨ ਸਿੰਘ ਹੈ। ਇਸ ਦੇ ਮੁਨਸ਼ੀ ਕੋਲੋਂ ਹਨੂਮਾਨ ਨਾਟਕ ਦਾ ਖਰੜਾ ਇਥੋਂ ਦੇ ਪ੍ਰਬੰਧਕਾਂ ਨੂੰ ਮਿਲਿਆ ਸੀ। ਇਸ ਖਰੜੇ ਦੇ ਅਖੀਰ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਇਮਾਰਤ ਉਸਾਰੀ ਬਾਰੇ ਇਉਂ ਲਿਖਿਆ ਹੋਇਆ ਹੈ :

> *ਸੰਮਤ 1886 ਫਗਣ ਵਦੀ ਪੰਚਮੀ ਦਿਨ ਐਤਵਾਰ ਟਕ ਲਾਇਆ ਡੇਢ ਪਹਿਰ ਦਿਨ ਚੜੇ ਚੇਤ ਵਦੀ ਦਸਮੀ ਦਿਨ ਐਤਵਾਰ ਡੇਢ ਪਹਿਰ ਦਿਨ ਰਹੇ ਨੀਂਹ ਧਰੀ ਬਾਹਰਲੀ ਪੰਜਾਹ ਹੱਥ ਲੰਮੀ ਚਾਲੀ ਹੱਥ ਚੋੜੀ ਬਾਈ ਹੱਥ ਡੂੰਘੀ। ਚੇਤ ਸੁਦੀ ਚੌਧਵੀ ਦਿਨ ਬੁਧਵਾਰ ਦਰਬਾਰ ਸਾਹਿਬ ਕੀ ਨੀਂਵ ਧਰੀ ਅਬਚਲ ਨਗਰ ਸਾਹਿਬ ਹਜ਼ੂਰ ਕੀ ਸਵਾ ਪਹਿਰ ਦਿਨ ਚੜੇ ਤੇ। ਪੱਚੀ ਹਾਥ ਡੂੰਘਾ ਪੱਥਰ ਉਪਰ ਨੀਂਹ ਰਖੀ ਦਰਬਾਰ ਸਾਹਿਬ ਕੀ। ਸਾਢੇ ਸੱਤਰਾਂ ਹਾਥ ਲੰਮੀ ਸਾਢੇ ਪਾਂਚ ਹਾਥ ਚੌੜੀ ਨੀਂਵ ਰਖੀ ਮੰਜੀ ਸਾਹਿਬ ਹਲਾਇਆ ਨਹੀਂ। ਹੋਰ ਸਬੂਤ ਪਕਾ ਹੋਇਆ। ਓਸ ਵਕਤ ਜੱਸਾ ਸਿੰਘ ਅੰਦਰਲਾ ਪੁਜਾਰੀ ਸੀ। ਗਾਹੂ ਸਿੰਘ ਬਾਹਰਲਾ ਪੁਜਾਰੀ ਥਾ। ਪੌੜੀਆਂ ਉਪਰ ਚਵਰ ਕਰਦਾ ਸੀ। ਕਰਮ ਸਿੰਘ ਧੂਪੀਆ ਧੂਪ ਧੁਖਾਉਂਦਾ ਸੀ। ਰਾਜਾ ਰਣਜੀਤ ਸਿੰਘ ਗੁਰੂ ਦਾ ਸਿੰਘ ਥਾ। ਰਣਜੀਤ ਸਿੰਘ ਨੇ ਮਾਇਆ ਭੇਜੀ ਅਰ ਚੰਦਾ ਸਿੰਘ ਕੋ ਭੇਜਿਆ ਥਾ। ਸੋ ਭੀ ਗੁਰੂ ਕਾ ਸਿੰਘ ਥਾ ਤਨ ਤਨ ਮਨ ਸੇ ਟਹਲ ਕਰਤਾ ਥਾ। ਰਾਜਾ ਰਣਜੀਤ ਸਿੰਘ ਨੇ ਅਬਚਲ ਨਗਰ ਸਾਹਿਬ ਦਰਬਾਰ ਸਾਹਿਬ*

*ਦੀ ਟਹਲ ਕਰਾਈ। ਸੰਮਤ 1886 ਫਗਨ ਵਦੀ ਪੰਚਮੀ ਦਿਨ ਐਤਵਾਰ ਕੇ ਦਿਨ ਟਹਿਲਾ ਸ਼ੁਰੂ ਹੋਇਆ ਥਾ।*[47]

ਉਨ੍ਹੀਵੀਂ ਸਦੀ ਦੇ ਅਖੀਰਲੇ ਦਹਾਕਿਆਂ ਤਕ ਭਾਈ ਚੜ੍ਹਤ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਆਇਆ ਸਿੰਘ, ਭਾਈ ਜੱਸਾ ਸਿੰਘ, ਭਾਈ ਈਸ਼ਵਰ ਸਿੰਘ, ਭਾਈ ਬਿਰਸਾ ਸਿੰਘ ਅਤੇ ਭਾਈ ਤਾਰਾ ਸਿੰਘ ਆਦਿ ਸੱਜਣ ਤਖ਼ਤ ਸਾਹਿਬ ਦੀ ਸੇਵਾ ਕਰਦੇ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੁਜਾਰੀਆਂ ਅਤੇ ਸੇਵਾਦਾਰਾਂ ਦੇ ਮਨਾਂ ਵਿਚ ਸਿੱਖ ਹਾਕਮਾਂ ਦਾ ਭੈਅ ਹੁੰਦਾ ਸੀ ਇਸ ਲਈ ਉਹ ਲੜਦੇ ਝਗੜਦੇ ਨਹੀਂ ਸਨ। ਪਰ ਜਿਉਂ ਹੀ ਪੰਜਾਬ ਵਿਚੋਂ ਸਿੱਖ ਰਾਜ ਖ਼ਤਮ ਹੋਇਆ ਤਾਂ ਗੁਰਦੁਆਰਿਆਂ ਅਤੇ ਤਖ਼ਤਾਂ ਦੇ ਪੁਜਾਰੀ ਵੀ ਆਪਸ ਵਿਚ ਝਗੜਨ ਲਗ ਪਏ। 1880 ਤੋਂ ਲੈ ਕੇ 1888 ਈ. ਤਕ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਪੁਜਾਰੀਆਂ ਤੇ ਸੇਵਾਦਾਰਾਂ ਵਿਚ ਪੂਰੀ ਫੁੱਟ ਅਤੇ ਝਗੜਾ ਸੀ। ਇਹ ਝਗੜਾ ਨਿਰਮਲੇ ਸੰਤਾਂ ਅਤੇ ਸਿੱਖ ਸੰਗਤਾਂ ਵਿਚਕਾਰ ਸੀ। ਕੁਝ ਸਿੱਖ ਰਿਆਸਤਾਂ ਦੀ ਸ਼ਹਿ ਨਿਰਮਲੇ ਸੰਤਾਂ ਨੂੰ ਸੀ। ਸਿੱਟੇ ਦੇ ਤੌਰ ਤੇ 1940 ਈ. ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਵੱਲੋਂ ਨਿਰਮਲੇ ਸੰਤਾਂ ਦਾ ਬਾਈਕਾਟ ਕਰਨ ਲਈ ਇਕ ਮੇਜਰਨਾਮਾ (ਹੁਕਮਨਾਮੇ ਵਾਂਗ ਇਕ ਪੱਤਰ) ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਪ੍ਰਬੰਧਕਾਂ ਨੂੰ ਭੇਜਿਆ ਗਿਆ।[48] ਇਸੇ ਤਰ੍ਹਾਂ ਹੀ 1920ਵਿਆਂ ਵਿਚ ਇਕ ਮੇਜਰਨਾਮਾ ਹੋਰ ਪੰਚ ਖਾਲਸਾ ਭਸੌੜ ਦੇ ਖਿਲਾਫ ਭੇਜਿਆ ਗਿਆ।[49] ਇਹ ਮੇਜਰਨਾਮੇ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਭੇਜਣ ਦਾ ਕਾਰਨ ਇਹ ਸੀ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਪ੍ਰਬੰਧਕ ਜਾਂ ਪੁਜਾਰੀ ਅਕਸਰ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਸਿੱਖ ਧਾਰਮਿਕ ਮਸਲਿਆਂ ਲਈ ਸਲਾਹਾਂ ਲੈਂਦੇ ਰਹਿੰਦੇ ਸਨ।

ਸੰਨ 1900 ਦੇ ਇਰਦ ਗਿਰਦ ਨਿਜ਼ਾਮ ਹੈਦਰਾਬਾਦ ਨੇ ਕੁਝ ਸਿੱਖ ਰਿਆਸਤਾਂ ਦੀ ਸਲਾਹ ਤੇ ਤਖ਼ਤ ਸਾਹਿਬ ਦੀ ਇਕ ਕਮੇਟੀ ਬਣਾ ਦਿੱਤੀ ਸੀ। ਬ੍ਰਿਟਿਸ਼ ਸਰਕਾਰ ਵੱਲੋਂ ਹੈਦਰਾਬਾਦ ਵਿਚ ਐਸਕੁਆਇਰ ਹਿਨਕਨ ਨੂੰ ਆਪਣਾ ਰੈਜ਼ੀਡੈਂਟ ਨਿਯੁਕਤ ਕੀਤਾ ਹੋਇਆ ਸੀ। ਇਸ ਨੇ ਤਖ਼ਤ ਸਾਹਿਬ ਦੇ ਪ੍ਰਬੰਧ ਨੂੰ ਸੁਧਾਰਨ ਲਈ ਬਹੁਤ ਕੋਸ਼ਿਸ਼ ਕੀਤੀ ਸੀ। ਪੁਜਾਰੀਆਂ ਨੂੰ ਚੜ੍ਹਾਵੇ ਵਿਚੋਂ ਹਿੱਸਾ ਦੇਣਾ ਬੰਦ ਕਰਕੇ ਮਾਸਕ ਤਨਖ਼ਾਹ ਦੇਣੀ ਸ਼ੁਰੂ ਕੀਤੀ ਗਈ। ਫਿਰ ਇੱਥੋਂ ਦਾ ਇਕ ਸਰਬਰਾਹ ਵੀ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ ਗਿਆ। 20 ਸਤੰਬਰ, 1956 ਨੂੰ ਹੈਦਰਾਬਾਦ ਸਰਕਾਰ ਦੇ ਗਜ਼ਟ ਅਨੁਸਾਰ 'ਨਾਂਦੇੜ ਸਿੱਖ ਗੁਰਦੁਆਰਾ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਬੋਰਡ' ਦੀ ਸਥਾਪਨਾ ਕੀਤੀ ਗਈ। ਇਸ ਦੇ ਕੁੱਲ 17 ਮੈਂਬਰ ਸਨ। ਇਹ ਬੋਰਡ 1969 ਈ. ਤਕ ਕੰਮ ਕਰਦਾ ਰਿਹਾ। 22 ਸਤੰਬਰ, 1969 ਨੂੰ ਪਹਿਲੇ ਬੋਰਡ ਵਿਚ ਕੁਝ ਤਰਮੀਮ ਕਰਕੇ 16 ਮੈਂਬਰੀ ਬੋਰਡ ਬਣਾਇਆ ਗਿਆ। ਹੁਣ ਤੱਕ ਇਹੀ ਬੋਰਡ ਕੰਮ ਕਰਦਾ ਆ ਰਿਹਾ ਹੈ। ਇਸ ਵਿਚ ਸ਼੍ਰੋਮਣੀ ਕਮੇਟੀ ਦਾ ਵੀ ਇਕ ਨਾਮਜ਼ਦ ਮੈਂਬਰ ਹੁੰਦਾ ਹੈ।[50]

ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ, ਗੁਰੂ ਸਾਹਿਬ ਦੇ ਅੰਗੀਠੇ ਵਾਲੀ ਥਾਂ ਉੱਪਰ ਪੁਰਾਤਨ ਸਿੱਖ ਮਹਾਰਾਜਿਆਂ, ਸਿੱਖ ਜਰਨੈਲਾਂ ਅਤੇ ਸਿੱਖ ਸਰਦਾਰਾਂ ਦੇ ਅਨੇਕਾਂ ਕਮਰਕੱਸੇ ਪਏ ਹਨ। ਇਸ ਸਮੇਂ ਇਨ੍ਹਾਂ ਦੀ ਗਿਣਤੀ ਸਿਰਫ਼ 25-30 ਕੁ ਦੀ ਹੀ ਹੈ। ਪਰ ਪਹਿਲਾਂ ਇਹ ਸੈਂਕੜਿਆਂ ਦੀ ਗਿਣਤੀ ਵਿਚ ਸਨ। ਹਰ ਕਮਰਕੱਸਾ ਲੱਖਾਂ ਅਤੇ ਹਜ਼ਾਰਾਂ ਰੁਪਏ ਦੀ ਕੀਮਤ ਦਾ ਹੁੰਦਾ ਸੀ। ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਜਾ ਖੜਕ ਸਿੰਘ ਦੇ ਕਮਰਕੱਸੇ ਪੰਜ ਪੰਜ ਲੱਖ ਰੁਪਏ ਦੇ ਸਨ। ਅਨੇਕਾਂ ਕਮਰਕੱਸਿਆਂ ਦੀ ਲੱਖਾਂ ਰੁਪਏ ਦੀ ਨਕਦੀ ਅਤੇ ਜਵਾਹਰਾਤ ਪੁਜਾਰੀ ਲੋਕ ਖਾ ਗਏ ਹਨ। ਹਰ ਸਿੱਖ ਮਹਾਰਾਜੇ ਅਤੇ ਸਿੱਖ ਜਰਨੈਲ ਦੀ ਮੌਤ ਪਿਛੋਂ ਉਸ ਦਾ ਕਮਰਕੱਸਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਪਹੁੰਚਾ ਦਿੱਤਾ ਜਾਂਦਾ ਸੀ।

ਅਕਾਲ ਤਖ਼ਤ ਸਾਹਿਬ ਜੋ ਪੰਜਾਂ ਤਖ਼ਤਾਂ ਵਿਚੋਂ ਮੁੱਖ ਅਤੇ ਪਹਿਲਾ ਤਖ਼ਤ ਹੈ, 1606 ਈ. ਵਿਚ ਗੁਰੂ ਹਰਿਗੋਬਿੰਦ ਸਾਹਿਬ ਰਾਹੀਂ ਸਥਾਪਤ ਕੀਤਾ ਗਿਆ ਸੀ। ਬਾਕੀ ਦੇ ਚਾਰ ਤਖ਼ਤ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਸਥਾਪਤ ਕੀਤੇ ਗਏ ਹਨ। ਇਹ ਚਾਰੇ ਤਖ਼ਤ ਵੱਖ ਵੱਖ ਸਮਿਆਂ ਤੇ ਸਥਾਪਤ ਕੀਤੇ ਗਏ। ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸਥਾਪਨਾ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਹੀ ਹੋਈ ਪਰ ਇਸ ਦਾ ਇਤਿਹਾਸਿਕ ਪਿਛੋਕੜ ਗੁਰੂ ਨਾਨਕ ਦੇਵ ਅਤੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਜਾ ਜੁੜਦਾ ਹੈ। ਇਸ ਗੱਲ ਦਾ ਤਾਂ ਅਸੀਂ ਅੰਦਾਜ਼ਾ ਹੀ ਲਗਾ ਸਕਦੇ ਹਾਂ ਕਿ ਇਹ ਤਖ਼ਤ ਖਾਲਸਾ ਪੰਥ ਦੀ ਸਾਜਨਾ ਦੇ ਪਿਛੋਂ ਹੀ ਤਖ਼ਤ ਦੇ ਤੌਰ ਤੇ ਮਾਨਤਾ ਪ੍ਰਾਪਤ ਕਰ

ਸੁਕਿਆ ਹੋਣਾ ਹੈ। ਇਸ ਤੋਂ ਪਹਿਲਾਂ ਇਹ ਸਿਰਫ਼ ਗੁਰਦੁਆਰਾ ਹੀ ਸੀ। ਭਾਵੇਂ ਅਜਿਹਾ ਸਾਬਤ ਕਰਨ ਲਈ ਸਾਡੇ ਪਾਸ ਕੋਈ ਸਬੂਤ ਨਹੀਂ ਹੈ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਇਤਿਹਾਸਿਕ ਪਿਛੋਕੜਤਾ ਵੀ ਭਾਵੇਂ ਗੁਰੂ ਤੇਗ ਬਹਾਦਰ ਨਾਲ ਜਾ ਜੁੜਦੀ ਹੈ ਕਿਉਂਕਿ ਉਨ੍ਹਾਂ ਨੇ ਹੀ ਚੱਕ ਨਾਨਕੀ ਦੀ ਨੀਂਹ ਰਖੀ ਸੀ ਪਰ ਇਸ ਦੀ ਤਖ਼ਤ ਦੇ ਤੌਰ ਤੇ ਸਥਾਪਨਾ ਗੁਰੂ ਗੋਬਿੰਦ ਸਿੰਘ ਜੀ ਤੋਂ ਹੀ ਹੋਈ। ਤਖ਼ਤ ਸ੍ਰੀ ਦਮਦਮਾ ਸਾਹਿਬ ਨਿਸ਼ਚੇ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਇੱਥੇ ਆਉਣ ਪਿਛੋਂ ਪ੍ਰਸਿੱਧੀ ਵਿਚ ਆਇਆ। ਇਹ 1706 ਈ. ਦੀ ਗੱਲ ਹੈ ਭਾਵੇਂ ਇੱਥੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਵੀ ਆਏ ਸਨ ਪਰ ਉਸ ਸਮੇਂ ਤਲਵੰਡੀ ਸਾਬੋ ਦਾ ਇਹ ਸਥਾਨ ਇਤਨੀ ਪ੍ਰਸਿੱਧੀ ਨਹੀਂ ਸੀ ਪ੍ਰਾਪਤ ਕਰ ਸਕਿਆ। ਤਖ਼ਤ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਵੀ ਗੁਰੂ ਗੋਬਿੰਦ ਸਿੰਘ ਦੇ ਉੱਥੇ ਜਾਣ ਨਾਲ ਹੀ ਸਿੱਖ ਜਗਤ ਦਾ ਕੇਂਦਰ ਬਣਿਆ ਹੈ। ਗੁਰੂ ਤੋਂ ਪਹਿਲਾਂ ਇਥੇ ਸਿਰਫ਼ ਬੰਦਾ ਸਿੰਘ ਬਹਾਦਰ ਦਾ ਹੀ ਡੇਰਾ ਸੀ। ਹੋ ਸਕਦਾ ਹੈ ਕਿ ਬੰਦਾ ਸਿੰਘ ਬਹਾਦਰ ਇਥੇ ਬੈਰਾਗੀ ਸੰਤ ਦੇ ਨਾਂ ਹੇਠ ਸਿੱਖ ਧਰਮ ਦਾ ਪਰਚਾਰਕ ਹੋਵੇ। ਪਰ ਇਹ ਸਥਾਨ ਤਖ਼ਤ ਦੇ ਤੌਰ ਤੇ ਸਿਰਫ਼ 1708 ਈ. ਦੇ ਸਾਲ ਵਿਚ ਹੀ ਸਥਾਪਤ ਹੋਇਆ।

ਖਾਲਸੇ ਦੀ ਸਾਜਨਾ ਸਿਧਾਂਤਕ ਹੋਣ ਦੇ ਨਾਲ ਨਾਲ ਪ੍ਰਬੰਧਕੀ ਸੰਕਲਪ ਵੀ ਸੀ। ਸਿੱਖ ਸੰਗਤਾਂ ਨੂੰ ਸੰਗਠਿਤ ਪ੍ਰਣਾਲੀ ਵਿਚੋਂ ਕੱਢ ਕੇ ਇਕ ਸਵੈ ਸੁਤੰਤਰ ਅਤੇ ਸਵੈ ਪ੍ਰਬੰਧਕੀ ਢਾਂਚੇ ਵਿਚ ਪਰੋ ਦਿੱਤਾ ਗਿਆ ਸੀ। ਇਸ ਦਾ ਨਾਂ ਹੀ ਖਾਲਸਾ ਸੀ। ਤਖ਼ਤਾਂ ਦਾ ਸੰਕਲਪ ਵੀ ਇਸੇ ਪ੍ਰਬੰਧਕੀ ਪ੍ਰਣਾਲੀ ਵਿਚੋਂ ਪੈਦਾ ਹੁੰਦਾ ਹੈ। ਜਦੋਂ ਸੰਗਤਾਂ ਨੇ ਆਪਣਾ ਪ੍ਰਬੰਧ ਆਪ ਕਰਨਾ ਸੀ ਤਾਂ ਉਨ੍ਹਾਂ ਲਈ ਕੁਝ ਕੇਂਦਰੀ ਅਤੇ ਖੇਤਰੀ ਥਾਵਾਂ ਦਾ ਹੋਣਾ ਕੁਦਰਤੀ ਤੌਰ ਤੇ ਜ਼ਰੂਰੀ ਸੀ। ਬਿਨਾਂ ਕਿਸੇ ਕੇਂਦਰੀ ਜਾਂ ਖੇਤਰੀ ਥਾਂ ਤੋਂ ਕੋਈ ਪ੍ਰਬੰਧ ਸਥਾਈ ਨਹੀਂ ਰਹਿ ਸਕਦਾ ਸੀ। ਗੁਰੂ, ਸਿੱਖ ਸੰਗਤਾਂ ਦਾ ਕੇਂਦਰ ਸੀ ਪਰ ਗੁਰੂ ਦੀ ਸੰਸਥਾ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਵਿਅਕਤੀਗਤ ਰੂਪ ਵਿਚ ਨਹੀਂ ਸੀ ਰਹਿਣੀ ਸਗੋਂ ਇਸ ਨੇ ਇਕ ਸੰਸਥਾਤਮਿਕ ਰੂਪ ਧਾਰਨ ਕਰਨਾ ਸੀ।

ਪੰਜਾਂ ਤਖ਼ਤਾਂ ਦੀ ਭੂਗੋਲਿਕ ਸਥਿਤੀ ਵੀ ਆਪਣਾ ਅਸਰ ਪਾਉਂਦੀ ਰਹੀ ਹੈ। ਦੋ ਤਖ਼ਤ, ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਿੱਖ ਆਬਾਦੀ ਤੋਂ ਦੂਰ ਹੋਣ ਕਰਕੇ ਸਿੱਖ ਇਤਿਹਾਸ ਵਿਚ ਉਹ ਯੋਗਦਾਨ ਨਹੀਂ ਪਾ ਸਕੇ ਜਿਹੜਾ ਯੋਗਦਾਨ ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਪਾਉਂਦੇ ਰਹੇ ਹਨ। ਤਖ਼ਤ ਸ੍ਰੀ ਹਜ਼ੂਰ ਸਾਹਿਬ ਤਾਂ ਬਿਲਕੁਲ ਹੀ ਗੈਰ-ਸਿੱਖ ਆਬਾਦੀ ਵਿਚ ਘਿਰਿਆ ਹੋਇਆ ਸੀ। ਇਸ ਲਈ ਭੂਗੋਲਿਕ ਹਾਲਾਤ ਵੀ ਪ੍ਰਭਾਵਿਤ ਕਰਦੇ ਰਹੇ ਹਨ। ਅੱਜ ਉਕਤ ਦੋਵੇਂ ਤਖ਼ਤ ਪੂਰੀ ਤਰ੍ਹਾਂ ਪੰਥਕ ਪ੍ਰਬੰਧ ਵਿਚ ਨਹੀਂ ਹਨ। ਇਨ੍ਹਾਂ ਦੀ ਰਹਿਤ ਮਰਯਾਦਾ ਵੀ ਪੰਜਾਬ ਵਿਚਲੇ ਤਖ਼ਤ ਸਾਹਿਬਾਨ ਤੋਂ ਵੱਖਰੀ ਹੈ। ਜਿਸ ਤਰ੍ਹਾਂ ਪੰਜਾਬ ਵਿਚਲੇ ਤਖ਼ਤਾਂ ਦੇ ਜੱਥੇਦਾਰ ਨੀਯਤ ਕੀਤੇ ਜਾ ਰਹੇ ਹਨ, ਉਸ ਤਰ੍ਹਾਂ ਪੰਜਾਬ ਤੋਂ ਬਾਹਰ ਦੇ ਤਖ਼ਤਾਂ ਦੇ ਜੱਥੇਦਾਰ ਨਹੀਂ ਹਨ। ਜੇਕਰ ਪੰਜੇ ਤਖ਼ਤ ਇਕੋ ਪੰਥਕ ਪ੍ਰਬੰਧ ਵਿਚ ਪਰੋ ਦਿੱਤੇ ਜਾਣ ਤਾਂ ਇਹ ਪੰਥ ਨੂੰ ਬੜੀ ਸਾਰਥਕ ਸੇਧ ਦੇ ਸਕਦੇ ਹਨ।

## ਟਿੱਪਣੀਆਂ/ਹਵਾਲੇ


1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਮਹਲਾ 5, ਪੰਨਾ 964
2. *ਉਹੀ*, ਮਹਲਾ 1, ਪੰਨਾ 102
3. *ਉਹੀ*, ਪੰਨਾ 992
4. *ਉਹੀ*, ਪੰਨਾ 1039
5. *ਉਹੀ*, ਮਹਲਾ 3, ਪੰਨਾ 1088
6. *ਉਹੀ*, ਕੀਰਤ ਭੱਟ, ਪੰਨਾ 1399
7. ਸਤੇ ਬਲਵੰਡ ਦੀ ਵਾਰ, ਪੰਨੇ 966-968
8. *ਉਹੀ*
9. *ਗੁਰਬਿਲਾਸ ਛੇਵੀਂ ਪਾਤਸ਼ਾਹੀ* ਸੰਪਾ. ਗਿਆਨੀ ਇੰਦਰ ਸਿੰਘ ਗਿੱਲ, ਅੰਮ੍ਰਿਤਸਰ, 1968 ਪੰਨੇ 146-51.
10. ਵਾਰਾਂ ਭਾਈ ਗੁਰਦਾਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1981, ਵਾਰ 26ਵੀਂ, ਪਉੜੀ ਚੌਵੀਵੀਂ, ਪੰਨੇ 288-89

11. *ਗੁਰਬਿਲਾਸ ਛੇਵੀਂ ਪਾਤਸ਼ਾਹੀ*, ਵਿਸਥਾਰ ਲਈ ਵੇਖੋ : ਸੁਖਦਿਆਲ ਸਿੰਘ, *ਸ੍ਰੀ ਅਕਾਲ ਤਖ਼ਤ ਸਾਹਿਬ : ਇਤਿਹਾਸਕ ਵਿਸ਼ਲੇਸ਼ਣ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1995, ਪੰਨਾ 26
12. *ਸ਼ਹੀਦ ਬਿਲਾਸ ਭਾਈ ਮਨੀ ਸਿੰਘ* ਸੰ. ਗਿਆਨੀ ਗਰਜਾ ਸਿੰਘ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1961.
13. *ਉਹੀ*, ਪੰਨਾ 92
14. ਗਯਾਨੀ ਗਯਾਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼* (ਪੱਥਰ ਛਾਪ ਦੂਜੀ), ਅੰਮ੍ਰਿਤਸਰ 1889 ਈ. ਪੰਨਾ 873.
15. ਸੁਖਦਿਆਲ ਸਿੰਘ, *ਪੂਰਵਅੰਕਿਤ*, ਪੰਨੇ 62-63
16. ਸੁਖਦਿਆਲ ਸਿੰਘ, 'ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਐਕਟ' ਮਾਸਿਕ ਪੱਤਰ *ਕੌਮੀ ਏਕਤਾ ਇੰਟਰਨੈਸ਼ਨਲ*, ਨਵੀਂ ਦਿੱਲੀ, ਅਕਤੂਬਰ, 1994, ਪੰਨੇ 19-37
17. *ਹੁਕਮਨਾਮੇ*, ਸ੍ਰ. ਗੰਡਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨੇ 62-67
18. *ਉਕਤ*, ਪੰਨੇ 84-91
19. *ਉੱਕਤ*, ਪੰਨੇ 132-33 ਅਤੇ 142-43
20. *ਉਕਤ*, ਪੰਨੇ 196-203
21. *ਉਹੀ*, ਪੰਨੇ 232-33
22. Charles Milkins, "The Sikhs and Their College At Patna" in Ganda Singh (ed.), *Early European Account of Sikhs,* calcutta, 1962, pp. 69-75
23. ਗੁਰਦੁਆਰਾ ਗ਼ਜ਼ਟ ਮਾਸਕ ਪੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਮਈ, 1974, ਪੰਨਾ 46 ਅਤੇ ਸੁਖਦਿਆਲ ਸਿੰਘ *'ਖਾਲਸਾ ਪੰਥ ਦੇ ਪੰਜ ਤਖ਼ਤ'* ਪੰਜਾਬੀ ਯੂਨੀਵਰਸਿਟੀ, ਪਟਿਆਲਾ 1998, ਪੰਨੇ 79-108
24. ਇਹ ਸ਼ਿਲਾਲੇਖ ਪਹਿਲਾਂ ਇਮਾਰਤ ਦੀ ਕੰਧ ਵਿਚ ਲੱਗਿਆ ਹੋਇਆ ਸੀ। ਅੱਜ ਕੱਲ ਇਥੋਂ ਦੇ ਅਜਾਇਬ ਘਰ ਵਿਚ ਪਿਆ ਹੈ।
25. ਉਕਤ ਦੀ ਤਰ੍ਹਾਂ ਹੀ।
26. ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ*, ਪੰਨੇ 104-05
27. ਵਿਸਾਖਾ ਸਿੰਘ ਜਨੇਤਪੁਰਾ, *ਮਾਲਵਾ ਇਤਿਹਾਸ*, ਭਾਗ ਦੂਜਾ ਕਿਸ਼ਨਪੁਰ, 1954, ਪੰਨਾ 203
28. ਕਾਨ੍ਹ ਸਿੰਘ ਨਾਭਾ *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1990, ਪੰਨਾ 734
29. ਫੌਜਾ ਸਿੰਘ, ਤਾਰਨ ਸਿੰਘ, *ਗੁਰੂ ਤੇਗ ਬਹਾਦਰ : ਜੀਵਨ ਅਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨਾ 29
30. ਕਾਹਲੂਰ ਮੈਂ ਬਾਂਧਿਯੋ ਆਨੰਦਪੁਰ ਗਾਂਵ। ਬਿਚਿਤ੍ਰ ਨਾਟਕ (ਭੰਗਾਣੀ ਯੁੱਧ ਵਾਲਾ ਅਧਿਆਇ)।
31. *ਨਿਕਟ ਗਾਂਵ ਜੇਤੇ ਬਸੈ ਲਏ ਖਾਲਸੇ ਜੀਤ। ਕੇਤਕ ਦਿਨ ਅਰ ਦੁਇ ਬਰਸ ਇਹ ਬਿਧਿ ਭਏ ਬਤੀਤ।*
*ਤਬੈ ਖਾਲਸਾ ਐਸੀ ਕਰੇ। ਹੁਇ ਅਸੁਵਾਰ ਗਾਂਵਨ ਪੈ ਚਰੈ॥*
*ਜੋ ਆਗੇ ਤੇ ਮਿਲਨੈ ਆਵੈ। ਬਸਤ ਰਹੈ ਕਛੂ ਭੇਟ ਚੜਾਵੈ॥*
*ਕਰੈ ਬਿਲੰਮ ਭੇਟ ਨਹੀਂ ਦੇਈ। ਤਾ ਕੋ ਲੂਟ ਖਾਲਸਾ ਲੇਈ॥*
*ਇਹ ਬਿਧਿ ਚਰਚਾ ਭਈ ਅਪਾਰਾ। ਤਬ ਰਾਜਨ ਮਨ ਮਾਹਿ ਬਿਚਾਰਾ॥*
*ਹਮਰੋ ਰਾਜ ਅਕਾਰਥ ਗਯੋ॥ ਸਤਿਗੁਰ ਰਾਜ ਚਹੂ ਦਿਸ ਭਯੋ॥*
—ਸੈਨਾਪਤਿ, *ਸ੍ਰੀ ਗੁਰ ਸੋਭਾ* (ਸੰ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ ਪਟਿਆਲਾ, 1967 ਪੰਨੇ 66-67
32. ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼* (ਸੰ. ਭਾਈ ਵੀਰ ਸਿੰਘ), ਖਾਲਸਾ ਸਮਾਚਾਰ, ਅਮ੍ਰਿਤਸਰ, 1982, ਪੰਨਾ 174
33. *ਉਹੀ*, ਪੰਨੇ 173-175
34. *ਹੁਕਮਨਾਮੇ*, ਪੂਰਵਅੰਕਿਤ, ਪੰਨੇ 182-85
35. ਗਯਾਨੀ ਗਯਾਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਪੱਥਰ ਛਾਪ ਪਹਿਲੀ) ਸਿਆਲਕੋਟ 1891, ਪੰਨਾ 353
36. ਇਸ ਦਮਦਮੀ ਟਕਸਾਲ ਦਾ ਮੁੱਖ ਕੰਮ ਗੁਰਬਾਣੀ ਦਾ ਸ਼ੁਧ ਉਚਾਰਣ ਕਰਨ ਅਤੇ ਸਰਲ ਅਰਥਾਂ ਵਿਚ ਗੁਰਾਬਾਣੀ ਉਲਥਾ ਕਰਨਾ ਸੀ।
37. ਗਯਾਨ ਸਿੰਘ, *ਸ੍ਰੀ ਗੁਰ ਗ੍ਰੰਥ ਪ੍ਰਕਾਸ਼*, ਪੰਨਾ 173
38. ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ*, ਪੰਨਾ 163
39. *ਉਹੀ*, ਪੰਨਾ 164
40. ਸਵਰਗਵਾਸੀ ਸਰਦਾਰ ਕਪੂਰ ਸਿੰਘ ਸਾਬਕਾ ਆਈ.ਸੀ.ਐਸ. ਇਸ ਵਿਰੋਧਤਾ ਦੇ ਮੁੱਖ ਬੁਲਾਰੇ ਸਨ।
41. ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ*, ਪੰਨਾ 177
42. *ਉਹੀ*, ਪੰਨਾ 177

43. *ਉਹੀ*, ਪੰਨਾ 180
44. ਅਕਾਲੀ ਕੌਰ ਸਿੰਘ, 'ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਅਤੇ ਉਥੋਂ ਦੇ ਜੱਥੇਦਾਰ ਤੇ ਪੁਜਾਰੀ' *ਫੁਲਵਾੜੀ*, ਪੰਜਾਬੀ ਮਾਸਕ ਪੱਤਰ, ਦਸੰਬਰ 1929 ਅਤੇ ਜਨਵਰੀ 1930, ਪੰਨਾ 157
45. *ਉਹੀ*
46. *ਉਹੀ*
47. *ਗੁਰਦੁਆਰਾ ਗਜ਼ਟ*, ਨਵੰਬਰ 1965, ਪੰਨਾ 64
48. ਸੁਖਦਿਆਲ ਸਿੰਘ, *ਪੂਰਵ ਅੰਕਿਤ*, ਪੰਨੇ 195-97
49. ਉਕਤ ਪੰਨਾ 197
50. ਨਿਜੀ ਸਰਵੇਖਣ 'ਤੇ ਆਧਾਰਿਤ। ਵਿਸਥਾਰ ਲਈ ਵੇਖੋ : *ਖਾਲਸਾ ਪੰਥ ਦੇ ਪੰਜ ਤਖ਼ਤ*, ਪੰਨਾ 201, 202


# ਪੰਜਾਬ ਦਾ ਇਤਿਹਾਸ

1. *ਪੰਜਾਬ ਦਾ ਇਤਿਹਾਸ* (1000 ਏ. ਡੀ. ਤੋਂ 1526) (ਜਿਲਦ ਤੀਜੀ) : ਫੌਜਾ ਸਿੰਘ — 75-00 ਰੁਪਏ
2. *ਖਾਲਸੇ ਦੀ ਉਤਪਤੀ* (ਜਿਲਦ ਪਹਿਲੀ) : ਇੰਦੂ ਭੂਸ਼ਨ ਬੈਨਰਜੀ — 40-00 ਰੁਪਏ
3. *ਖਾਲਸੇ ਦੀ ਉਤਪਤੀ* (ਜਿਲਦ ਦੂਜੀ) : ਇੰਦੂ ਭੂਸ਼ਨ ਬੈਨਰਜੀ — 75-00 ਰੁਪਏ
4. *ਸਿਖ ਮਤ ਦਾ ਪਰਿਵਰਤਨ* : ਗੋਕਲ ਚੰਦ ਨਾਰੰਗ — 50-00 ਰੁਪਏ
5. *ਸਿਖ ਇਤਿਹਾਸ* (1469-1765) : ਤੇਜਾ ਸਿੰਘ, ਗੰਡਾ ਸਿੰਘ — 100-00 ਰੁਪਏ
6. *ਪੰਜਾਬ ਦਾ ਇਤਿਹਾਸ* : ਨਰਿੰਦਰ ਪਾਲ ਸਿੰਘ — 55-00 ਰੁਪਏ
7. *ਪੰਜਾਬ ਦਾ ਇਤਿਹਾਸ* (1849-1947) : ਸੁਦਰਸ਼ਨ ਸਿੰਘ — 60-00 ਰੁਪਏ
8. *ਤਾਰੀਖ਼-ਏ-ਪੰਜਾਬ* : ਕਨ੍ਹਈਆ ਲਾਲ (ਅਨੁ. ਜੀਤ ਸਿੰਘ ਸੀਤਲ) — 52-00 ਰੁਪਏ
9. *ਪੰਜਾਬ ਦੀ ਸੈਰ* : ਰਾਏ ਕਾਲੀਰਾਏ ਸਾਹਿਬ, ਮੁਨਸ਼ੀ ਤੁਲਸੀ ਰਾਮ — 50-00 ਰੁਪਏ
10. *ਜਲ੍ਹਿਆਂ ਵਾਲਾ ਬਾਗ* : ਵੀ. ਐਨ. ਦੱਤ — 35-00 ਰੁਪਏ
11. *ਅੰਮ੍ਰਿਤਸਰ ਸਿਫਤੀ ਦਾ ਘਰ* : ਜੀਤ ਸਿੰਘ ਸੀਤਲ — 52-00 ਰੁਪਏ
12. *ਪੰਜਾਬ ਦੀਆਂ ਵਾਰਾਂ* : ਗੰਡਾ ਸਿੰਘ — 35-00 ਰੁਪਏ
13. *ਪ੍ਰਾਚੀਨ ਪੰਜਾਬ ਤੇ ਉਸਦਾ ਆਲਾ ਦੁਆਲਾ* : ਜੈ ਚੰਦਰ ਵਿਦਿਆਲੰਕਾਰ — 10-00 ਰੁਪਏ
14. *ਜ਼ਫ਼ਰਨਾਮਾ-ਏ-ਰਣਜੀਤ ਸਿੰਘ* : ਅਮਰਨਾਥ — 100-00 ਰੁਪਏ
15. *ਸਾਕਾ ਬਾਗ-ਏ-ਜਲ੍ਹਿਆਂ* : ਗੁਰਦੇਵ ਸਿੰਘ ਸਿੱਧੂ — 55-00 ਰੁਪਏ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਗੁਰੂ ਗੋਬਿੰਦ ਸਿੰਘ ਦੁਆਰਾ ਲੜੇ ਗਏ ਯੁੱਧਾਂ ਦਾ ਮਹੱਤਵ

ਮਿਹਰ ਸਿੰਘ ਗਿੱਲ

ਸਾਰ : ਇਸ ਲੇਖ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲੜੇ ਗਏ ਯੁੱਧਾਂ ਦੇ ਕੁਝ ਪੱਖ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਹੇਠ ਲਿਖੇ ਤਿੰਨ ਪ੍ਰਸ਼ਨਾਂ ਵੱਲ ਮੁੱਖ ਤੌਰ ਤੇ ਧਿਆਨ ਦਿੱਤਾ ਗਿਆ ਹੈ :

(1) ਇਨ੍ਹਾਂ ਯੁੱਧਾਂ ਵਿਚ ਵਿਰੋਧੀ ਕੌਣ ਸਨ (2) ਗੁਰੂ ਸਾਹਿਬ ਵਿਰੁੱਧ ਇਹ ਯੁੱਧ ਕਿਉਂ ਛੇੜੇ ਗਏ ਅਤੇ (3) ਇਨ੍ਹਾਂ ਯੁੱਧਾਂ ਸਮੇਂ ਗੁਰੂ ਸਾਹਿਬ ਅਤੇ ਸਿੰਘਾਂ ਦਾ ਉਨ੍ਹਾਂ ਦੇ ਵਿਰੁੱਧ ਲੜਨ ਵਾਲਿਆਂ ਪ੍ਰਤੀ ਕੀ ਰਵੱਈਆ ਸੀ

ਗੁਰੂ ਗੋਬਿੰਦ ਸਿੰਘ ਨੂੰ ਇਕ ਦਰਜਨ ਤੋਂ ਵੱਧ ਯੁੱਧ ਲੜਨੇ ਪਏ। ਇਨ੍ਹਾਂ ਯੁੱਧਾਂ ਬਾਰੇ ਜੋ ਮੁੱਖ ਨੁਕਤੇ ਹੁਣ ਤੱਕ ਉਠਾਏ ਗਏ ਹਨ ਉਹ ਇਸ ਪ੍ਰਕਾਰ ਹਨ : (1) ਇਹ ਯੁੱਧ ਮੁਗ਼ਲਾਂ ਵਿਰੁੱਧ ਸਨ। (2) ਇਹ ਯੁੱਧ ਜ਼ੁਲਮ ਵਿਰੁੱਧ ਸਨ, ਅਤੇ (3) ਇਹ ਯੁੱਧ ਦੇਸ਼ ਦੀ ਆਜ਼ਾਦੀ ਲਈ ਸਨ।

ਇਨ੍ਹਾਂ ਯੁੱਧਾਂ ਬਾਰੇ ਉਪਰੋਕਤ ਨੁਕਤਿਆਂ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਲੋੜ ਹੈ ਇਨ੍ਹਾਂ ਵਿਚ ਸ਼ਾਮਿਲ ਧਿਰਾਂ ਬਾਰੇ ਸਰਸਰੀ ਨਜ਼ਰਸਾਨੀ ਕਰਨ ਦੀ। ਸਭ ਤੋਂ ਪਹਿਲਾਂ ਯੁੱਧ 1687 ਈ.[1] ਵਿਖੇ ਭੰਗਾਣੀ ਦੇ ਸਥਾਨ ਤੇ ਹੋਇਆ ਜੋ ਪਾਉਂਟਾ ਸਾਹਿਬ ਤੋਂ ਲਗਭਗ 11 ਕਿਲੋਮੀਟਰ ਦੂਰ ਸਥਿਤ ਹੈ। ਇਸ ਦਾ ਆਰੰਭ ਇਕ ਦਰਜਨ ਤੋਂ ਵੱਧ ਪਹਾੜੀ ਹਿੰਦੂ ਰਾਜਿਆਂ ਵੱਲੋਂ ਇਕੱਠੇ ਹੋਏ ਗੁਰੂ ਸਾਹਿਬ ਉੱਤੇ ਹਮਲਾ ਕਰਨ ਨਾਲ ਹੋਇਆ। ਬਹੁਤ ਸਖ਼ਤ ਮੁਕਾਬਲੇ ਤੋਂ ਬਾਅਦ ਪਹਾੜੀ ਰਾਜਿਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ।

ਭੰਗਾਣੀ ਦੇ ਯੁੱਧ ਤੋਂ ਬਾਅਦ ਗੁਰੂ ਸਾਹਿਬ ਆਨੰਦਪੁਰ ਸਾਹਿਬ ਆ ਗਏ। ਸੰਨ 1688 ਈ. ਵਿਚ ਜੰਮੂ ਦੇ ਮੁਗ਼ਲ ਵਾਇਸਰਾਇ ਨੇ ਆਪਣੇ ਜਰਨੈਲ ਆਲਿਫ਼ ਬੇਗ ਨੂੰ ਪਹਾੜੀ ਰਾਜਿਆਂ ਤੋਂ ਜਬਰੀ 'ਕਰ' ਵਸੂਲੀ ਕਰਨ ਲਈ ਭੇਜਿਆ। ਕੁਝ ਰਾਜਿਆਂ ਨੇ ਤਾਂ ਝਟਪਟ ਕਰ ਦੇਣਾ ਮੰਨ ਲਿਆ, ਪ੍ਰੰਤੂ ਕਹਿਲੂਰ ਦੇ ਰਾਜਾ ਭੀਮ ਚੰਦ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ। ਇਸ ਸਥਿਤੀ ਵਿਚ ਉਸ ਨੇ ਗੁਰੂ ਸਾਹਿਬ ਨੂੰ ਆਲਿਫ਼ ਖ਼ਾਨ ਵਿਰੁੱਧ ਉਸ ਦੀ ਮਦਦ ਕਰਨ ਲਈ ਬੇਨਤੀ ਕੀਤੀ।[2] ਭਾਵੇਂ ਭੰਗਾਣੀ ਯੁੱਧ ਕਰਵਾਉਣ ਪਿੱਛੇ ਰਾਜਾ ਭੀਮ ਚੰਦ ਦੀ ਮੁੱਖ ਜ਼ਿੰਮੇਵਾਰੀ ਸੀ ਪਰ ਗੁਰੂ ਸਾਹਿਬ ਨੇ ਫਿਰ ਵੀ ਉਸ ਦੀ ਮਦਦ ਕਰਨਾ ਪ੍ਰਵਾਨ ਕਰ ਲਿਆ। ਇਹ ਲੜਾਈ ਮੌਜੂਦਾ ਹਿਮਾਚਲ ਪ੍ਰਦੇਸ਼ ਵਿਚ ਨਦੌਣ ਦੇ ਸਥਾਨ ਤੇ ਹੋਈ ਜਿਸ ਵਿਚ ਆਲਿਫ਼ ਬੇਗ ਨੂੰ ਸ਼ਿਕਸ਼ਤ ਹੋਈ।

ਸੰਨ 1696 ਈ. ਵਿਚ ਇਕ ਉੱਚ ਫੌਜੀ ਅਫ਼ਸਰ ਦਿਲਾਵਰ ਖ਼ਾਨ ਨੇ ਆਪਣੇ ਪੁੱਤਰ ਰੁਸਤਮ ਖ਼ਾਨ ਨੂੰ ਵੱਡੀ ਸੈਨਾ ਦੇ ਕੇ ਗੁਰੂ ਸਾਹਿਬ ਵਿਰੁੱਧ ਅਨੰਦਪੁਰ ਵਿਖੇ ਹਮਲਾ ਕਰਨ ਲਈ ਭੇਜਿਆ। ਗੁਰੂ ਸਾਹਿਬ ਨੇ ਬਿਚਿਤ੍ਰ ਨਾਟਕ ਵਿਚ ਰੁਸਤਮ ਖ਼ਾਨ ਨੂੰ 'ਖ਼ਾਨਜ਼ਾਦਾ' ਕਰਕੇ ਲਿਖਿਆ ਹੈ। ਖ਼ਾਨਜ਼ਾਦਾ ਦੀ ਇਹ ਯੋਜਨਾ ਸੀ ਕਿ ਰਾਤ ਸਮੇਂ ਅਚਾਨਕ ਹਮਲਾ ਕਰਕੇ ਅਨੰਦਪੁਰ ਸਾਹਿਬ ਤੇ ਕਬਜ਼ਾ ਕਰ ਲਿਆ ਜਾਵੇ। ਪ੍ਰੰਤੂ ਉਸ ਦੀ ਆਮਦ ਦੀ ਅਗਾਊਂ ਭਿਣਕ ਪੈ ਜਾਣ ਨਾਲ ਸਿੰਘਾਂ ਨੇ ਹਮਲਾਵਰ ਦੇ ਟਾਕਰੇ ਲਈ ਪਹਿਲਾਂ ਹੀ ਅੱਗੇ ਆ ਕੇ ਮੋਰਚੇ ਸੰਭਾਲ ਲਏ ਸਨ। ਇਹ ਦੇਖਦੇ ਹੋਏ ਖ਼ਾਨਜ਼ਾਦਾ ਬਿਨਾਂ ਲੜਿਆਂ ਹੀ ਵਾਪਸ ਪਰਤ ਗਿਆ।

ਸੰਨ 1699 ਈ. ਵਿਚ ਖਾਲਸੇ ਦੀ ਸਾਜਨਾ ਮਗਰੋਂ ਸਿੰਘਾਂ ਦੀ ਚੜ੍ਹਤ ਦਿਨੋ ਦਿਨ ਵਧਦੀ ਜਾ ਰਹੀ ਸੀ। ਪਹਾੜੀ ਰਾਜੇ ਇਸ ਚੜ੍ਹਤ ਤੋਂ ਖਾਰ ਖਾਂਦੇ ਸਨ। ਉਨ੍ਹਾਂ ਨੇ ਸਰਹੰਦ ਅਤੇ ਲਾਹੌਰ ਦੇ ਹਾਕਮਾਂ ਕੋਲ ਗੁਰੂ ਸਾਹਿਬ ਵਿਰੁੱਧ ਚੁਗਲੀ ਕੀਤੀ ਅਤੇ ਉਨ੍ਹਾਂ ਨੂੰ ਆਨੰਦਪੁਰ ਸਾਹਿਬ ਉੱਤੇ ਹਮਲਾ ਕਰਨ ਲਈ ਉਕਸਾਇਆ ਅਤੇ ਇਸ

ਹਮਲੇ ਉੱਤੇ ਆਉਣ ਵਾਲੇ ਖਰਚ ਦੀ ਅਦਾਇਗੀ ਕਰਨਾ ਵੀ ਪ੍ਰਵਾਨ ਕੀਤਾ। ਇਸ ਦੇ ਸਿੱਟੇ ਵਜੋਂ 1701 ਈ. ਵਿਚ ਇਨ੍ਹਾਂ ਮੁਗ਼ਲ ਸੂਬੇਦਾਰਾਂ ਵੱਲੋਂ ਪੈਂਡੇ ਖ਼ਾਨ ਅਤੇ ਦੀਨਾ ਬੇਗ ਦੀ ਅਗਵਾਈ ਵਿਚ ਫ਼ੌਜ ਦੀ ਇਕ ਵੱਡੀ ਟੁਕੜੀ ਅਨੰਦਪੁਰ ਸਾਹਿਬ ਤੇ ਚੜ੍ਹਾਈ ਕਰਨ ਲਈ ਭੇਜੀ ਗਈ। ਰੋਪੜ ਕੋਲ ਇਸ ਫ਼ੌਜ ਵਿਚ ਪਹਾੜੀ ਰਾਜਿਆਂ ਦੀ ਆਪਣੀ ਫ਼ੌਜ ਵੀ ਸ਼ਾਮਿਲ ਹੋ ਗਈ। ਸਿੰਘ ਭਾਵੇਂ ਗਿਣਤੀ ਵਿਚ ਘੱਟ ਸਨ ਪਰ ਉਨ੍ਹਾਂ ਵੱਲੋਂ ਇਸ ਸਾਂਝੀ ਫ਼ੌਜ ਨੂੰ ਭਾਜ ਦਿੱਤੀ ਗਈ।

ਹਿੰਦੂ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਦੀ ਇਸ ਸਮਿਲਤ ਫ਼ੌਜ ਦੀ ਹਾਰ ਮਗਰੋਂ ਪਹਾੜੀ ਰਾਜਿਆਂ ਨੇ ਫਿਰ ਇਕੱਠੇ ਹੋ ਕੇ ਸਾਰੀ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਕੁਝ ਸਮੇਂ ਮਗਰੋਂ ਹੀ ਆਪਣੇ ਲੋੜੀਂਦੇ ਸਾਧਨਾਂ ਨੂੰ ਇਕੱਤਰ ਕਰਕੇ ਅਨੰਦਪੁਰ ਸਾਹਿਬ 'ਤੇ ਫਿਰ ਹਮਲਾ ਕੀਤਾ। ਪ੍ਰੰਤੂ ਉਨ੍ਹਾਂ ਨੂੰ ਦੁਬਾਰਾ ਹਾਰ ਖਾਣ ਤੋਂ ਇਲਾਵਾ ਕੁਝ ਪੱਲੇ ਨਾ ਪਿਆ। ਇਸ ਲੜਾਈ ਵਿਚ ਜਦੋਂ ਉਨ੍ਹਾਂ ਦੀ ਕੋਈ ਪੇਸ਼ ਨਾ ਗਈ ਤਾਂ ਕਹਿਲੂਰ ਦਾ ਰਾਜਾ ਅਜਮੇਰ ਚੰਦ ਅਤੇ ਉਸ ਦੇ ਹੋਰ ਸਾਥੀ ਰਾਜੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਕੇ ਬੈਠ ਗਏ। ਇਸ ਤੋਂ ਮਗਰੋਂ ਕੋਈ ਵਾਹ ਨਾ ਚਲਦੀ ਦੇਖ ਕੇ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਅਨੰਦਪੁਰ ਸਾਹਿਬ ਤੋਂ ਬਾਹਰ ਕੱਢਣ ਲਈ ਇਕ ਹੋਰ ਢੰਗ ਵਰਤਿਆ। ਉਨ੍ਹਾਂ ਨੇ ਗਊ ਦੀ ਕਸਮ ਹੇਠ ਗੁਰੂ ਸਾਹਿਬ ਨੂੰ ਇਕ ਪੱਤਰ ਲਿਖਿਆ ਜਿਸ ਵਿਚ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਗਈ ਕਿ ਗੁਰੂ ਸਾਹਿਬ ਕੁਝ ਸਮੇਂ ਲਈ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਅਤੇ ਫਿਰ ਵਾਪਸ ਆ ਜਾਣ ਤਾਂ ਕਿ ਗੁਰੂ ਸਾਹਿਬ ਨੂੰ ਬਾਹਰ ਕੱਢਣ ਦੀਆਂ ਜੋ ਸੌਹਾਂ ਖਾ ਕੇ ਉਹ ਹਮਲਾ ਕਰਨ ਆਏ ਸਨ ਉਹ ਪੂਰੀਆਂ ਹੋ ਜਾਣ। "ਗੁਰੂ ਜੀ ਨੇ ਇਹ ਸਮਝ ਕੇ ਕਿ ਸ਼ਾਇਦ ਇਹ ਸੁਗੰਦਾਂ ਦੇ ਬੱਧੇ ਹੋਏ ਘੇਰਾ ਪਾਈ ਬੈਠੇ ਹਨ ਅਤੇ ਸਾਡੇ ਇੱਥੋਂ ਕੁਝ ਚਿਰ ਚਲੇ ਜਾਣ ਨਾਲ ਆਪਣੀਆਂ ਸੁਗੰਦਾਂ ਪੂਰੀਆਂ ਹੋ ਗਈਆਂ ਸਮਝ ਕੇ ਘਰੋ ਘਰੀਂ ਤੁਰ ਜਾਣਗੇ।"[4] ਉਨ੍ਹਾਂ ਦੀ ਗੱਲ ਮੰਨ ਲਈ ਅਤੇ ਅਨੰਦਪੁਰ ਸਾਹਿਬ ਛੱਡ ਕੇ ਨਿਰਮੋਹਗੜ੍ਹ ਆ ਗਏ। ਪਹਾੜੀ ਰਾਜਿਆਂ ਨੇ ਅਚਨਚੇਤੀ ਇੱਥੇ ਹਮਲਾ ਕਰ ਦਿੱਤਾ ਪਰ ਸਿੰਘਾਂ ਨੇ ਸਖ਼ਤ ਲੜਾਈ ਤੋਂ ਬਾਅਦ ਉਨ੍ਹਾਂ ਨੂੰ ਪਛਾੜ ਦਿੱਤਾ। ਇਸੇ ਦੌਰਾਨ ਪਹਾੜੀ ਰਾਜਿਆਂ ਨੇ ਲਾਹੌਰ ਦੇ ਹਾਕਮ ਨੂੰ ਵੀ ਮਦਦ ਲਈ ਬੇਨਤੀ ਕੀਤੀ ਹੋਈ ਸੀ ਜਿਸ ਨੇ ਸਰਹੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਨੂੰ ਉਨ੍ਹਾਂ ਦੀ ਮਦਦ ਲਈ ਭੇਜਿਆ। ਇਸ ਲੜਾਈ ਵਿਚ ਵੀ ਪਹਾੜੀ ਰਾਜਿਆਂ ਤੇ ਵਜ਼ੀਰ ਖ਼ਾਨ ਦੀਆਂ ਫ਼ੌਜਾਂ ਨੂੰ ਸਫ਼ਲਤਾ ਨਾ ਮਿਲ ਸਕੀ। ਨਿਰਮੋਹਗੜ੍ਹ ਤੋਂ ਬਾਅਦ ਗੁਰੂ ਸਾਹਿਬ ਬਸੋਲੀ ਚਲੇ ਗਏ। ਇਥੇ ਫਿਰ ਪਹਾੜੀ ਰਾਜਿਆਂ ਵੱਲੋਂ ਗੁਰੂ ਸਾਹਿਬ 'ਤੇ ਹਮਲਾ ਕੀਤਾ ਗਿਆ। ਜਿਸ ਵਿਚ ਹਮਲਾਵਰਾਂ ਨੂੰ ਸ਼ਿਕਸ਼ਤ ਖਾ ਕੇ ਵਾਪਸ ਪਰਤਣਾ ਪਿਆ।

ਸੰਨ 1702 ਵਿਚ ਗੁਰੂ ਸਾਹਿਬ ਕੁਰਕਸ਼ੇਤਰ ਤੋਂ ਆਉਂਦੇ ਹੋਏ ਲਗਪਗ 500 ਸਿੰਘਾਂ ਸਮੇਤ ਚਮਕੌਰ ਸਾਹਿਬ ਵਿਚ ਠਹਿਰੇ ਹੋਏ ਸਨ। ਉਸੇ ਸਮੇਂ ਦੋ ਮੁਗ਼ਲ ਜਰਨੈਲ, ਆਲਿਫ਼ ਖ਼ਾਨ ਅਤੇ ਸਯਦ ਬੇਗ ਫੌਜ ਦੀ ਇਕ ਵੱਡੀ ਟੁਕੜੀ ਲੈ ਕੇ ਲਾਹੌਰ ਤੋਂ ਦਿੱਲੀ ਜਾ ਰਹੇ ਸਨ। ਕਹਿਲੂਰ ਦੇ ਪਹਾੜੀ ਰਾਜੇ ਅਜਮੇਰ ਚੰਦ ਅਤੇ ਕੁਝ ਹੋਰ ਪਹਾੜੀ ਰਾਜਿਆਂ ਨੇ ਚੋਖੀ ਰਕਮ ਦੇਣਾ ਪ੍ਰਵਾਨ ਕਰਕੇ ਉਨ੍ਹਾਂ ਨੂੰ ਗੁਰੂ ਸਾਹਿਬ ਉੱਤੇ ਹਮਲਾ ਕਰਨ ਲਈ ਉਕਸਾਇਆ।[6] ਉਸ ਲੜਾਈ ਵਿਚ ਸਯਦ ਬੇਗ ਤਾਂ ਗੁਰੂ ਸਾਹਿਬ ਦੇ ਸਾਹਮਣੇ ਆਉਂਦਿਆਂ ਹੀ ਉਨ੍ਹਾਂ ਦਾ ਮੁਰੀਦ ਬਣ ਗਿਆ ਸੀ, ਅਤੇ ਆਲਿਫ਼ ਖ਼ਾਨ ਨੂੰ ਜੰਗ ਵਿਚ ਹਾਰ ਖਾ ਕੇ ਉਥੋਂ ਭੱਜਣਾ ਪਿਆ।

ਇਸ ਲੜਾਈ ਦੇ ਸਿੱਟੇ ਵਜੋਂ ਪਹਾੜੀ ਰਾਜਿਆਂ ਨੂੰ ਨਾ ਕੇਵਲ ਨਿਰਾਸ਼ਤਾ ਹੋਈ "ਸਗੋਂ ਉਨ੍ਹਾਂ ਨੂੰ ਆਪਣੀ ਨਕਲੀ ਦੋਸਤੀ ਦੇ ਪਾਜ ਖੁੱਲ੍ਹਣ ਉੱਤੇ ਸ਼ਰਮਿੰਦਗੀ ਵੀ ਹੋਈ।"[7] ਪ੍ਰੰਤੂ ਫਿਰ ਵੀ ਉਨ੍ਹਾਂ ਨੇ ਕੁਝ ਦਿਨਾਂ ਪਿਛੋਂ ਹੀ ਅਨੰਦਪੁਰ ਸਾਹਿਬ ਤੇ ਫਿਰ ਹਮਲਾ ਕਰ ਦਿੱਤਾ। ਇਸ ਵਾਰ ਫਿਰ ਸਿੰਘਾਂ, ਜੋ ਗਿਣਤੀ ਵਿਚ ਬਹੁਤੇ ਨਹੀਂ ਸਨ, ਨੇ ਦੁਸ਼ਮਣਾਂ ਨੂੰ ਕਰਾਰੀ ਹਾਰ ਦਿੱਤੀ ਜਿਸ ਕਾਰਨ ਪਹਾੜੀਆਂ ਨੂੰ ਭਾਰੀ ਜਾਨੀ ਨੁਕਸਾਨ ਉਠਾਉਣਾ ਪਿਆ।

ਆਨੰਦਪੁਰ ਸਾਹਿਬ ਦੀ ਇਸ ਲੜਾਈ ਵਿਚ ਭਾਰੀ ਹਾਰ ਖਾਣ ਮਗਰੋਂ ਪਹਾੜੀ ਰਾਜਿਆਂ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਗੁਰੂ ਸਾਹਿਬ ਵਿਰੁੱਧ ਫੌਜ ਭੇਜਣ ਲਈ ਬੇਨਤੀ ਕੀਤੀ। ਇਸ ਲੜਾਈ ਤੇ ਹੋਣ ਵਾਲਾ ਸਾਰਾ ਖਰਚ ਵੀ ਪਹਾੜੀ ਰਾਜਿਆਂ ਨੇ ਦੇਣਾ ਪ੍ਰਵਾਨ ਕਰ ਲਿਆ। ਦਿੱਲੀ ਵੱਲੋਂ ਸਯਦ ਖ਼ਾਨ ਦੀ ਕਮਾਂਡ ਹੇਠ ਕਈ ਹਜ਼ਾਰ ਫੌਜ ਅਨੰਦਪੁਰ ਸਾਹਿਬ ਤੇ ਹਮਲਾ ਕਰਨ ਲਈ ਭੇਜੀ ਗਈ ਜਿਸ ਨਾਲ ਅੱਗੇ ਆ ਕੇ ਸਰਹੰਦ ਦੇ ਸੂਬੇਦਾਰ ਵੱਲੋਂ ਗਏ ਫੌਜੀ ਦਸਤੇ ਅਤੇ ਪਹਾੜੀ ਰਾਜਿਆਂ ਦੀ ਆਪਣੀ ਫੌਜ ਵੀ ਮਿਲ ਗਏ। ਇਸ ਜੰਗ ਦੇ ਦੌਰਾਨ ਜਦੋਂ

ਗੁਰੂ ਸਾਹਿਬ ਅਤੇ ਮੁਗਲ ਜਰਨੈਲ ਸਯਦ ਖ਼ਾਨ ਆਹਮੋ-ਸਾਹਮਣੇ ਆਏ ਤਾਂ ਸਯਦ ਖ਼ਾਨ ਉਨ੍ਹਾਂ ਨੂੰ ਤਕਦਿਆਂ ਹੀ ਉਨ੍ਹਾਂ ਦਾ ਮੁਰੀਦ ਬਣ ਗਿਆ ਅਤੇ ਆਪਣੀ ਫੌਜ ਦੀ ਕਮਾਡ ਛੱਡ ਕੇ ਚਲਾ ਗਿਆ। ਉਸ ਤੋਂ ਬਾਅਦ ਹਮਲਾਵਰ ਸੈਨਾ ਦੀ ਕਮਾਂਡ ਰਮਜ਼ਾਨ ਖ਼ਾਨ ਨੇ ਸੰਭਾਲੀ। ਸਖ਼ਤ ਮੁਕਾਬਲੇ ਤੋਂ ਬਾਅਦ ਹਮਲਾਵਰਾਂ ਨੂੰ ਸ਼ਿਕਸ਼ਤ ਖਾ ਕੇ ਨੱਸਣਾ ਪਿਆ।

ਇਨ੍ਹਾਂ ਸਾਰੇ ਯੁੱਧਾਂ ਵਿਚ ਸਿੰਘਾਂ ਦੀਆਂ ਜਿੱਤਾਂ ਬਾਰੇ ਖ਼ਬਰਾਂ ਬਾਦਸ਼ਾਹ ਔਰੰਗਜ਼ੇਬ ਨੂੰ ਉਸ ਦੇ ਆਪਣੇ ਸਰੋਤਾਂ ਰਾਹੀਂ ਲਗਾਤਾਰ ਪਹੁੰਚ ਰਹੀਆਂ ਸਨ। ਉੱਧਰ ਪਹਾੜੀ ਰਾਜੇ ਵੀ ਗੁਰੂ ਸਾਹਿਬ ਵਿਰੁੱਧ ਉਸ ਦੇ ਅਕਸਰ ਕੰਨ ਭਰਦੇ ਆ ਰਹੇ ਸਨ। ਇਨ੍ਹਾਂ ਗੱਲਾਂ ਦੇ ਮਿਲਵੇਂ ਪ੍ਰਭਾਵ ਸਦਕਾ ਔਰੰਗਜ਼ੇਬ ਨੇ ਲਾਹੌਰ, ਕਸ਼ਮੀਰ ਅਤੇ ਸਰਹੰਦ ਦੇ ਤਿੰਨ ਸੂਬੇਦਾਰਾਂ ਨੂੰ ਅਨੰਦਪੁਰ ਸਾਹਿਬ ਚੜ੍ਹਾਈ ਕਰਨ ਦਾ ਹੁਕਮ ਦਿੱਤਾ। ਰੋਪੜ ਦੇ ਲਾਗੇ ਪਹੁੰਚ ਕੇ ਪਹਾੜੀ ਰਾਜੇ ਵੀ ਆਪਣੀਆਂ ਫੌਜਾਂ ਲੈ ਕੇ ਉਨ੍ਹਾਂ ਨਾਲ ਰਲ ਗਏ। ਇਸ ਤਰ੍ਹਾਂ ਮਈ 1704 ਨੂੰ ਅਨੰਦਪੁਰ ਸਾਹਿਬ ਤੇ ਵੱਡਾ ਹਮਲਾ ਕੀਤਾ ਗਿਆ ਜਿਸ ਨੂੰ ਸਿੰਘਾਂ ਵੱਲੋਂ ਭਾਰੀ ਮੁਕਾਬਲੇ ਮਗਰੋਂ ਪਛਾੜ ਦਿੱਤਾ ਗਿਆ। ਇਸ ਉਪਰੰਤ ਹਮਲਾਵਰਾਂ ਵੱਲੋਂ ਅਨੰਦਪੁਰ ਸਾਹਿਬ ਦਾ ਮੁਕੰਮਲ ਘੇਰਾ ਪਾਇਆ ਗਿਆ ਜੋ ਕਈ ਮਹੀਨੇ ਚਲਦਾ ਗਿਆ। ਬਾਹਰੋਂ ਆਉਣ-ਜਾਣ ਵਾਲੇ ਸਾਰੇ ਰਸਤੇ ਬੰਦ ਕਰ ਦਿੱਤੇ ਗਏ ਸਨ। ਸਿੰਘ ਬਹਾਦਰੀ ਨਾਲ ਡਟ ਕੇ ਮੁਕਾਬਲਾ ਕਰਦੇ ਗਏ। ਕਦੇ ਕਦੇ ਉਹ ਹਮਲਾਵਰਾਂ ਉੱਤੇ ਅਚਨਚੇਤੀ ਹਮਲਾ ਕਰਦੇ ਅਤੇ ਉਨ੍ਹਾਂ ਤੋਂ ਖਾਣ-ਪੀਣ ਦਾ ਸਾਮਾਨ ਖੋਹ ਲਿਆਉਂਦੇ। ਇਸੇ ਸਥਿਤੀ ਵਿਚ ਸਮਾਂ ਬੀਤਦਾ ਗਿਆ। ਅਖ਼ੀਰ ਨੂੰ ਹਮਲਾਵਰਾਂ ਨੇ ਇੱਕ ਚਾਲ ਚੱਲੀ। ਉਨ੍ਹਾਂ ਨੇ ਬਾਦਸ਼ਾਹ ਔਰੰਗਜ਼ੇਬ ਵੱਲੋਂ ਕੁਰਾਨ ਦੇ ਨਾਂ ਉੱਤੇ ਲਿਖਿਆ ਹੋਇਆ ਇਕ ਪਰਵਾਨਾ ਗੁਰੂ ਸਾਹਿਬ ਨੂੰ ਪਹੁੰਚਾਇਆ। ਇਸ ਦੇ ਨਾਲ ਹੀ ਪਹਾੜੀ ਰਾਜਿਆਂ ਵੱਲੋਂ ਗਊ ਦੀਆਂ ਸੌਹਾਂ ਅਤੇ ਮੁਗ਼ਲ ਹਾਕਮਾਂ ਵੱਲੋਂ ਕੁਰਾਨ ਦੀਆਂ ਕਸਮਾਂ ਵਾਲੀਆਂ ਚਿੱਠੀਆਂ ਗੁਰੂ ਸਾਹਿਬ ਨੂੰ ਭੇਜੀਆਂ ਗਈਆਂ। ਇਨ੍ਹਾਂ ਸਭ ਪੱਤਰਾਂ ਵਿਚ ਕਸਮਾਂ ਹੇਠ ਇਹ ਲਿਖਿਆ ਗਿਆ ਸੀ ਕਿ ਜੇਕਰ ਗੁਰੂ ਸਾਹਿਬ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਤਾਂ ਉਨ੍ਹਾਂ 'ਤੇ ਹਮਲਾ ਨਹੀਂ ਕੀਤਾ ਜਾਵੇਗਾ। ਭਾਵੇਂ ਗੁਰੂ ਸਾਹਿਬ ਵਿਰੋਧੀਆਂ ਦੀ ਇਸ ਚਾਲ ਨੂੰ ਭਲੀ ਭਾਂਤ ਸਮਝਦੇ ਸਨ ਪਰੰਤੂ ਸਿੰਘਾਂ ਦੇ ਜ਼ੋਰ ਪਾਉਣ ਤੇ ਉਨ੍ਹਾਂ ਨੇ 1704 ਈ. ਵਿਖੇ ਦਸੰਬਰ ਦੇ ਤੀਜੇ ਹਫ਼ਤੇ ਸਮੇਂ ਰਾਤ ਦੇ ਪਹਿਲੇ ਪਹਿਰ ਅਨੰਦਪੁਰ ਸਾਹਿਬ ਨੂੰ ਛੱਡ ਦਿੱਤਾ।

ਗੁਰੂ ਸਾਹਿਬ ਅਜੇ ਅਨੰਦਪੁਰ ਸਾਹਿਬ ਤੋਂ ਕੁਝ ਦੂਰ ਹੀ ਗਏ ਸਨ ਕਿ ਦੁਸ਼ਮਣਾਂ ਨੇ ਸਭ ਕਸਮਾਂ ਅਤੇ ਲਿਖਤੀ ਵਾਹਦਿਆਂ ਨੂੰ ਛਿੱਕੇ ਟੰਗ ਕੇ ਹਮਲਾ ਕਰ ਦਿੱਤਾ। ਇਸ ਹਮਲੇ ਦਾ ਮੁਕਾਬਲਾ ਕਰਦੇ ਹੋਏ ਗੁਰੂ ਸਾਹਿਬ ਸਰਸਾ ਦਰਿਆ ਦੇ ਕੰਢੇ ਪਹੁੰਚੇ। ਉਨ੍ਹਾਂ ਦਿਨਾਂ ਵਿਚ ਭਾਰੀ ਬਾਰਿਸ਼ ਹੋਣ ਕਰਕੇ ਇਸ ਦਰਿਆ ਵਿਚ ਹੜ੍ਹ ਆਇਆ ਹੋਇਆ ਸੀ ਜਿਸ ਕਾਰਨ ਇਸ ਨੂੰ ਪਾਰ ਕਰਨਾ ਕਾਫ਼ੀ ਔਖਾ ਬਣ ਗਿਆ। ਇਸੇ ਕਾਰਨ ਸਰਸੇ ਦੇ ਉੱਤਰ ਵੱਲ ਹਮਲਾਵਰਾਂ ਨਾਲ ਭਾਰੀ ਜੰਗ ਹੋਈ ਜਿਸ ਵਿਚ ਦੋਹਾਂ ਧਿਰਾਂ ਨੂੰ ਭਾਰੀ ਜਾਨੀ ਨੁਕਸਾਨ ਉਠਾਉਣਾ ਪਿਆ।

ਸਰਸਾ ਦਰਿਆ ਦੇ ਕੰਢੇ ਹੋਏ ਯੁੱਧ ਤੋਂ ਬਾਅਦ ਅਗਲਾ ਜੰਗ ਚਮਕੌਰ ਸਾਹਿਬ ਵਿਖੇ ਹੋਇਆ। ਇਥੇ ਪਹੁੰਚਦੇ ਹੋਏ ਗੁਰੂ ਸਾਹਿਬ ਨਾਲ ਕੇਵਲ ਚਾਲੀ ਸਿੰਘ ਰਹਿ ਗਏ ਸਨ। ਗੁਰੂ ਸਾਹਿਬ ਨੇ ਉੱਚੀ ਥਾਂ ਸਥਿਤ ਇਕ ਕੱਚੀ ਗੜ੍ਹੀ ਵਿਚ ਬੈਠ ਕੇ ਲੱਖਾਂ ਦੀ ਗਿਣਤੀ ਵਿਚ ਆਏ ਹਮਲਾਵਰਾਂ ਦਾ ਭਰਪੂਰ ਮੁਕਾਬਲਾ ਕੀਤਾ। ਗੁਰੂ ਸਾਹਿਬ ਦੇ ਦੋ ਵੱਡੇ ਸਾਹਿਬਜ਼ਾਦੇ ਇਸ ਜੰਗ ਵਿਚ ਸ਼ਹੀਦੀ ਪਾ ਗਏ ਸਨ।

ਗੁਰੂ ਸਾਹਿਬ ਵਿਰੁੱਧ ਇਕ ਹੋਰ ਵੱਡਾ ਹਮਲਾ ਸਰਹੰਦ ਦੇ ਸੂਬੇਦਾਰ ਵੱਲੋਂ ਸੰਨ 1705 ਈ. ਨੂੰ ਮਈ ਦੇ ਮਹੀਨੇ ਦੇ ਦੂਜੇ ਹਫਤੇ ਕੀਤਾ ਗਿਆ ਜਦੋਂ ਗੁਰੂ ਸਾਹਿਬ ਖਿਦਰਾਣੇ (ਮੁਕਤਸਰ) ਵਿਖੇ ਠਹਿਰੇ ਹੋਏ ਸਨ। ਹਮਲਾਵਰ ਫੌਜ ਦੀ ਗਿਣਤੀ 7-8 ਹਜ਼ਾਰ ਸੀ ਜੋ ਮੁਕਾਬਲੇ ਵਿਚ ਬੈਠੇ ਸਿੰਘਾਂ ਦੀ ਗਿਣਤੀ ਤੋਂ ਕਿਤੇ ਜ਼ਿਆਦਾ ਸੀ। ਸਖ਼ਤ ਲੜਾਈ ਤੋਂ ਮਗਰੋਂ ਮੁਗ਼ਲ ਸੈਨਾ ਨੂੰ ਵਾਪਸ ਪਰਤਣ ਲਈ ਮਜਬੂਰ ਹੋਣਾ ਪਿਆ। ਇਸ ਲੜਾਈ ਵਿਚ ਮੁਗ਼ਲਾਂ ਦਾ ਪਹਿਲਾ ਟਾਕਰਾ ਭਾਈ ਮਹਾਂ ਸਿੰਘ ਦੀ ਅਗਵਾਈ ਵਿਚ ਆਏ ਉਨ੍ਹਾਂ ਮਝੈਲ ਸਿੰਘਾਂ ਨਾਲ ਹੋਇਆ ਜੋ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਆਏ ਸਨ।

ਉਪਰੋਕਤ ਤੱਥਾਂ ਤੋਂ ਪਤਾ ਚਲਦਾ ਹੈ ਕਿ ਇਹ ਕਹਿਣਾ ਗਲਤ ਹੈ ਕਿ ਗੁਰੂ ਸਾਹਿਬ ਦੇ ਯੁੱਧ ਕੇਵਲ

ਮੁਗ਼ਲਾਂ ਵਿਰੁੱਧ ਹੀ ਸਨ। ਗੁਰੂ ਸਾਹਿਬ ਵਿਰੁੱਧ ਲੜਾਈਆਂ ਦਾ ਸਿਲਸਿਲਾ ਪਹਾੜੀ ਹਿੰਦੂ ਰਾਜਿਆਂ ਵੱਲੋਂ ਭੰਗਾਣੀ ਦੇ ਯੁੱਧ ਤੋਂ ਸ਼ੁਰੂ ਹੁੰਦਾ ਹੈ। ਅਨੰਦਪੁਰ ਸਾਹਿਬ ਦੀ ਘੇਰਾਬੰਦੀ ਕਰਨ ਦੀ ਸ਼ੁਰੂਆਤ ਵੀ ਪਹਿਲਾਂ ਇਨ੍ਹਾਂ ਪਹਾੜੀ ਰਾਜਿਆਂ ਵੱਲੋਂ ਹੀ ਕੀਤੀ ਗਈ ਸੀ। ਇਸੇ ਤਰ੍ਹਾਂ ਦਿੱਲੀ ਦੀ ਹਕੂਮਤ ਅਤੇ ਉਸ ਦੇ ਲਾਹੌਰ ਅਤੇ ਸਰਹੰਦ ਦੇ ਸੂਬੇਦਾਰਾਂ ਨੂੰ ਚੁੱਕ ਕੇ ਗੁਰੂ ਸਾਹਿਬ ਵਿਰੁੱਧ ਹਮਲਾ ਕਰਨ ਲਈ ਉਕਸਾਉਣ ਦਾ ਕੰਮ ਵੀ ਉਹ ਹੀ ਕਰਦੇ ਰਹੇ। ਮੁਗ਼ਲ ਹਾਕਮਾਂ ਵੱਲੋਂ ਅਜਿਹੇ ਹਮਲੇ ਕਰਨ ਦੇ ਇਵਜ਼ ਵਜੋਂ ਪਹਾੜੀ ਰਾਜੇ ਉਨ੍ਹਾਂ ਨੂੰ ਭਾਰੀ ਰਕਮ ਵੀ ਦਿੰਦੇ ਰਹੇ ਅਤੇ ਨਾਲ ਹੀ ਜੰਗ ਲਈ ਆਪਣੀਆਂ ਫੌਜਾਂ ਭੇਜਦੇ ਰਹੇ।

ਗੁਰੂ ਸਾਹਿਬ ਨੂੰ ਤੇਰਾਂ ਵੱਡੇ ਯੁੱਧ ਲੜਨੇ ਪਏ। ਇਨ੍ਹਾਂ ਵਿਚੋਂ ਚਾਰ ਵਾਰ ਪਹਾੜੀ ਹਿੰਦੂ ਰਾਜਿਆਂ ਵੱਲੋਂ ਯੁੱਧ ਦਾ ਆਰੰਭ ਕੀਤਾ ਗਿਆ, ਇਕ ਵਾਰ ਭੰਗਾਣੀ ਵਿਖੇ ਅਤੇ ਤਿੰਨ ਵਾਰ ਅਨੰਦਪੁਰ ਸਾਹਿਬ ਵਿਖੇ। ਸੰਨ 1702 ਵਿਖੇ ਚਮਕੌਰ ਸਾਹਿਬ ਦੀ ਪਹਿਲੀ ਲੜਾਈ ਕਹਿਲੂਰ ਦੇ ਰਾਜਾ ਅਜਮੇਰ ਚੰਦ ਦੀ ਸਾਜ਼ਿਸ਼ ਨਾਲ ਮੁਗ਼ਲ ਜਰਨੈਲਾਂ ਦੇ ਹਮਲੇ ਵਜੋਂ ਹੋਈ। ਇਹ ਹਮਲਾ ਕਰਨ ਲਈ ਅਜਮੇਰ ਚੰਦ ਨੇ ਆਲਿਫ਼ ਖ਼ਾਨ ਅਤੇ ਸਯਦ ਬੇਗ ਨੂੰ ਵੱਡੀ ਰਕਮ ਦੇਣਾ ਮੰਨਿਆ ਸੀ। ਪੰਜ ਵਾਰ ਯੁੱਧ ਦਾ ਆਰੰਭ ਪਹਾੜੀ ਰਾਜਿਆਂ ਅਤੇ ਮੁਗ਼ਲ ਹਾਕਮਾਂ ਦੀਆਂ ਸਾਂਝੀਆਂ ਫੌਜਾਂ ਦੇ ਹਮਲੇ ਕਾਰਨ ਹੋਇਆ। ਇਸ ਤਰ੍ਹਾਂ 13 ਵਿਚੋਂ 9 ਯੁੱਧ ਪਹਾੜੀ ਰਾਜਿਆਂ ਨਾਲ ਅਤੇ ਜਾਂ ਉਨ੍ਹਾਂ ਅਤੇ ਮੁਗ਼ਲਾਂ ਦੀਆਂ ਸਾਂਝੀਆਂ ਫੌਜਾਂ ਨਾਲ ਹੋਏ। ਇਕੱਲੇ ਮੁਗ਼ਲ ਹਾਕਮਾਂ ਵੱਲੋਂ ਹਮਲਾ ਤਿੰਨ ਵਾਰ ਕੀਤਾ ਗਿਆ ਜਿਨ੍ਹਾਂ ਵਿਚ ਚਮਕੌਰ ਸਾਹਿਬ ਦਾ ਦੂਜਾ ਯੁੱਧ ਅਤੇ ਖਿਦਰਾਣੇ (ਮੁਕਤਸਰ) ਦੇ ਜੰਗ ਸ਼ਾਮਿਲ ਹਨ। ਇਸ ਤਰ੍ਹਾਂ ਜੇਕਰ ਸਾਰੇ ਤੱਥਾਂ ਨੂੰ ਧਿਆਨ ਨਾਲ ਵਾਚਿਆ ਜਾਏ ਤਾਂ ਗੁਰੂ ਸਾਹਿਬ ਵਿਰੁੱਧ ਯੁੱਧਾਂ ਲਈ ਪਹਾੜੀ ਹਿੰਦੂ ਰਾਜੇ ਅਤੇ ਮੁਗ਼ਲ ਸ਼ਾਸ਼ਕ ਦੋਨੋਂ ਹੀ ਜ਼ਿੰਮੇਵਾਰ ਸਨ।

ਪਹਾੜੀ ਰਾਜਿਆਂ ਵਜੋਂ ਗੁਰੂ ਸਾਹਿਬ ਵਿਰੁੱਧ ਜੰਗ ਛੇੜੀ ਰੱਖਣ ਦੇ ਕਈ ਕਾਰਨ ਸਨ। ਇਨ੍ਹਾਂ ਵਿਚੋਂ ਵੱਡਾ ਕਾਰਨ ਸਿੱਖ ਧਰਮ ਦਾ ਤੇਜ਼ੀ ਨਾਲ ਫੈਲਣਾ ਸੀ ਜਿਸ ਸਦਕਾ ਹਿੰਦੂ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਬਹੁਤ ਲੋਕ ਧੜਾ-ਧੜ ਸਿੱਖ ਬਣ ਰਹੇ ਸਨ ਜਿਸ ਕਰਕੇ ਪਹਾੜੀ ਰਾਜਿਆਂ ਨੂੰ ਆਪਣੀ ਰਾਜਨੀਤਿਕ ਸਥਿਰਤਾ ਲਈ ਖਤਰਾ ਮਹਿਸੂਸ ਹੋਣ ਲੱਗ ਪਿਆ ਸੀ। ਸੰਨ 1699 ਈ. ਵਿਖੇ ਖਾਲਸਾ ਪੰਥ ਦੀ ਸਾਜਨਾ ਮਗਰੋਂ ਸਿੱਖ ਲਹਿਰ ਹੋਰ ਵੀ ਪ੍ਰਚੰਡ ਹੋ ਗਈ ਸੀ। ਇਸ ਦੇ ਸਿੱਟੇ ਵੱਜੋਂ ਸਮਾਜ ਦੇ ਦਬੇ-ਕੁਚਲੇ ਲੋਕ ਵੀ ਜਾਗਰੂਕ ਹੋ ਰਹੇ ਸਨ ਅਤੇ ਸਿੰਘ ਸਜ ਰਹੇ ਸਨ। ਭਰਪੂਰ ਰੂੜ੍ਹੀਵਾਦਤਾ ਵਾਲੇ ਉਸ ਇਲਾਕੇ ਵਿਚ "ਆਜ਼ਾਦ ਅਤੇ ਊਚ-ਨੀਚ ਤੋਂ ਮੁਕਤ ਸਮਾਜ ਦਾ ਉਸਰਨਾ" ਪਹਾੜੀ ਰਾਜਿਆਂ ਦੇ ਹਿਤਾਂ ਦੇ ਉਲਟ ਜਾ ਰਿਹਾ ਸੀ।[8] ਇਥੇ ਇਕ ਹੋਰ ਗੱਲ ਵੀ ਆਪਣਾ ਹਿੱਸਾ ਅਦਾ ਕਰ ਰਹੀ ਸੀ ਕਿ ਜਿੱਥੇ ਪਹਾੜੀ ਰਾਜੇ ਬੁੱਤ-ਪ੍ਰਸਤੀ ਵਿਚ ਵਿਸ਼ਵਾਸ ਰਖਦੇ ਸਨ ਉਥੇ ਖਾਲਸਾ ਪੰਥ ਇਸ ਪ੍ਰਥਾ ਨੂੰ ਨਹੀਂ ਮੰਨਦਾ।[9] ਇਸੇ ਤਰ੍ਹਾਂ ਅਜਿਹੇ ਆਜ਼ਾਦ ਅਤੇ ਊਚ-ਨੀਚ ਤੋਂ ਮੁਕਤ ਸਮਾਜ ਦੇ ਨਿਰਮਾਣ ਅਤੇ ਸਿੱਖ ਪੰਥ ਦੀ ਵਧਦੀ ਤਾਕਤ ਤੋਂ ਮੁਗ਼ਲ ਸ਼ਾਸ਼ਕ ਵੀ ਆਪਣੇ ਲਈ ਖਤਰੇ ਵਜੋਂ ਦੇਖ ਰਹੇ ਸਨ। ਇਹ ਸਥਿਤੀ ਉਨ੍ਹਾਂ ਲਈ ਨਾ ਕੇਵਲ ਰਾਜਨੀਤਿਕ ਤੌਰ ਤੇ ਹੀ ਖਤਰਾ ਪੇਸ਼ ਕਰਦੀ ਸੀ ਸਗੋਂ ਧਾਰਮਿਕ ਤੌਰ ਤੇ ਵੀ ਰਾਸ ਨਹੀਂ ਸੀ ਆਉਂਦੀ ਕਿਉਂਕਿ ਸਿੱਖ ਲਹਿਰ ਦੇ ਪ੍ਰਬਲ ਹੋਣ ਨਾਲ ਹਿੰਦੂਆਂ ਵਿਚੋਂ ਇਸਲਾਮ ਵਿਚ ਹੋ ਰਹੇ ਸਵੈ-ਇੱਛਕ ਧਰਮ-ਪਰਿਵਰਤਨ ਵਿਚ ਖੜੋਤ ਵਾਲੀ ਹਾਲਤ ਪਹੁੰਚ ਗਈ ਸੀ। ਇਸ ਪ੍ਰਕਾਰ ਸਿੱਖ ਪੰਥ ਦੀ ਤੇਜ਼ੀ ਨਾਲ ਵਧ ਰਹੀ ਤਾਕਤ ਨੂੰ ਪਹਾੜੀ ਰਾਜੇ ਅਤੇ ਮੁਗ਼ਲ ਹਕੂਮਤ ਦੋਵੇਂ ਆਪਣੇ ਆਪਣੇ ਲਈ ਧਾਰਮਿਕ ਅਤੇ ਰਾਜਨੀਤਿਕ ਚੈਲਿੰਜ ਵਜੋਂ ਲੈ ਰਹੇ ਸਨ। ਇਹੀ ਕਾਰਨ ਹੈ ਕਿ ਉਹ ਆਪਸੀ ਤਕੜੇ ਵਿਰੋਧਾਂ ਦੇ ਬਾਵਜੂਦ ਗੁਰੂ ਸਾਹਿਬ ਵਿਰੁੱਧ ਇਕੱਠੇ ਹੋ ਕੇ ਯੁੱਧ ਛੇੜਦੇ ਰਹੇ।

ਇਸ ਸੰਬੰਧ ਵਿਚ ਇਹ ਧਿਆਨ ਦਿਵਾਉਣਾ ਜ਼ਰੂਰੀ ਹੈ ਕਿ ਗੁਰੂ ਸਾਹਿਬ ਇੱਕ ਆਜ਼ਾਦ ਹਸਤੀ ਦੇ ਰੂਪ ਵਿਚ ਰਹਿ ਰਹੇ ਸਨ। ਖਾਲਸਾ ਪੰਥ ਵੀ ਇਕ ਆਜ਼ਾਦ ਹਸਤੀ ਦੇ ਤੌਰ ਤੇ ਹੀ ਸਾਜਿਆ ਗਿਆ ਸੀ ਕਿਉਂਕਿ ਇਹ 'ਪ੍ਰਮਾਤਮਾ ਕੀ ਮੌਜ' ਦਾ ਹੀ ਸਿੱਟਾ ਸੀ। ਆਜ਼ਾਦ ਤੌਰ ਤੇ ਵਿਚਰਨ ਦੇ ਚਿੰਨ੍ਹ ਵੀ ਸਾਜੇ ਗਏ ਜਿਵੇਂ ਕਿ ਰਣਜੀਤ ਨਗਾਰਾ, ਅਤੇ ਕਿਲ੍ਹੇ ਆਦਿ। ਉਨ੍ਹਾਂ ਦਿਨਾਂ ਵਿਚ ਨਗਾਰਾ ਰੱਖਣਾ ਅਤੇ ਵਜਾਉਣਾ ਕੇਵਲ ਰਾਜਿਆਂ ਦਾ ਹੀ ਅਧਿਕਾਰ ਮੰਨਿਆ ਜਾਂਦਾ ਸੀ।[10] ਅਨੰਦਪੁਰ ਸਾਹਿਬ ਇਸ ਆਜ਼ਾਦ ਫਿਜ਼ਾ ਦਾ ਇਕ ਚਿੰਨ੍ਹ ਬਣ ਗਿਆ ਸੀ ਜਿਸ ਨੂੰ ਸਿੱਖ ਵੀ ਅਤੇ ਉਨ੍ਹਾਂ ਦੇ ਵਿਰੋਧੀ, ਪਹਾੜੀ ਰਾਜੇ ਅਤੇ ਮੁਗ਼ਲ, ਵੀ ਇਕ ਆਜ਼ਾਦ ਖਿੱਤਾ ਮੰਨਦੇ ਸਨ।

ਇਸ ਖਿੱਤੇ ਦੇ ਆਜਾਦ ਸਰੂਪ ਦੀ ਹਿਫ਼ਾਜ਼ਤ ਲਈ ਹੀ ਇਥੇ ਕਈ ਕਿਲ੍ਹਿਆਂ ਦਾ ਨਿਰਮਾਣ ਕੀਤਾ ਗਿਆ ਸੀ। ਪਹਾੜੀ ਰਾਜਿਆਂ ਅਤੇ ਮੁਗ਼ਲ ਹਾਕਮਾਂ ਵੱਲੋਂ ਅਨੰਦਪੁਰ ਸਾਹਿਬ ਉੱਤੇ ਵਾਰ ਵਾਰ ਹਮਲਾ ਕਰਨ ਦਾ ਵੱਡਾ ਕਾਰਨ ਇਸ ਸਪੇਸ ਦੀ ਆਜ਼ਾਦ ਹਸਤੀ ਨੂੰ ਖ਼ਤਮ ਕਰਨਾ ਸੀ। ਇਸ ਸਪੇਸ ਦੀ ਆਜ਼ਾਦੀ ਦਾ ਕਾਇਮ ਰਹਿਣਾ ਉਸ ਵੇਲੇ ਦੇ ਹਾਕਮਾਂ ਲਈ ਇਕ ਗੰਭੀਰ ਰਾਜਨੀਤਿਕ ਅਸਥਿਰਤਾ ਦਾ ਕਾਰਨ ਬਣਦਾ ਜਾ ਰਿਹਾ ਸੀ। ਹਮਲਾ ਕਰਨ ਦੀ ਪਹਿਲ ਉਹ ਹੀ ਕਰਦਾ ਹੈ ਜੋ ਜਾਂ ਤਾਂ ਆਪ ਅਸੁਰੱਖਿਅਤ ਮਹਿਸੂਸ ਕਰਦਾ ਹੋਵੇ ਤੇ ਜਾਂ ਕਿਸੇ ਹੋਰ ਦੀ ਹੋ ਰਹੀ ਚੜ੍ਹਤ ਤੋਂ ਖਾਰ ਖਾਂਦਾ ਹੋਵੇ। ਉਸ ਸਮੇਂ ਖਾਲਸਾ ਪੰਥ ਦੀ ਪ੍ਰਬਲ ਚੜ੍ਹਤ ਕਾਰਨ ਦੂਜੀਆਂ ਦੋਨੋਂ ਮੁੱਖ ਧਿਰਾਂ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਤੌਰ ਤੇ ਡੂੰਘੀ ਅਸੁਰੱਖਿਅਤਾ ਦਾ ਸ਼ਿਕਾਰ ਹੋ ਰਹੀਆਂ ਸਨ। ਉਨ੍ਹਾਂ ਵੱਲੋਂ ਗੁਰੂ ਸਾਹਿਬ ਵਿਰੁੱਧ ਇਨ੍ਹਾਂ ਯੁੱਧਾਂ ਨੂੰ ਛੇੜਨ ਦਾ ਮੁੱਖ ਕਾਰਨ ਇਹ ਅਸੁਰੱਖਿਅਤਾ ਦੀ ਭਾਵਨਾ ਹੀ ਸੀ। ਇਸ ਤਰ੍ਹਾਂ ਕੇਵਲ ਇਹ ਕਹਿ ਕੇ ਗੱਲ ਖਤਮ ਕਰ ਦੇਣਾ ਕਿ ਇਹ ਯੁੱਧ ਜ਼ੁਲਮ ਦੇ ਵਿਰੁੱਧ ਸਨ, ਇਨ੍ਹਾਂ ਯੁੱਧਾਂ ਦੇ ਸਮੁੱਚੇ ਸੰਦਰਭ ਨੂੰ ਠੀਕ ਤਰ੍ਹਾਂ ਨਹੀਂ ਦਰਸਾਉਂਦਾ।

ਗੁਰੂ ਸਾਹਿਬ ਦੁਆਰਾ ਲੜੇ ਗਏ ਯੁੱਧਾਂ ਦੇ ਕੁਝ ਮਹੱਤਵਪੂਰਨ ਪਹਿਲੂ ਇਹ ਹਨ : 1. ਉਨ੍ਹਾਂ ਨੇ ਆਪ ਪਹਿਲਾਂ ਕਿਸੇ ਉੱਤੇ ਹਮਲਾ ਨਹੀਂ ਕੀਤਾ। ਉਹ ਹਥਿਆਰ ਉਸੇ ਵੇਲੇ ਚੁੱਕਦੇ ਸਨ ਜਦੋਂ ਉਨ੍ਹਾਂ ਉੱਤੇ ਹਮਲਾ ਹੁੰਦਾ ਸੀ ਅਤੇ ਹਥਿਆਰ ਚੁੱਕਣ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਸੀ ਹੁੰਦਾ। 2. ਵਿਰੋਧੀਆਂ ਨੂੰ ਹਰਾਉਣ ਮਗਰੋਂ ਸਿੰਘਾਂ ਵੱਲੋਂ ਕਿਸੇ ਨੂੰ ਵੀ ਧਰਮ-ਪਰਿਵਰਤਨ ਲਈ ਨਹੀਂ ਸੀ ਕਿਹਾ ਜਾਂਦਾ ਜਦ ਕਿ ਲੰਮੇ ਸਮੇਂ ਤੋਂ ਇਹ ਰਵਾਇਤ ਚੱਲੀ ਆ ਰਹੀ ਸੀ ਕਿ ਜੰਗ ਵਿਚ ਹਾਰੇ ਹੋਏ ਲੋਕਾਂ ਦਾ ਜਬਰੀ ਧਰਮ-ਪਰਿਵਤਰਨ ਕੀਤਾ ਜਾਂਦਾ ਸੀ। 3. ਸਿੰਘਾਂ ਵੱਲੋਂ ਕਿਸੇ ਵੀ ਵਿਰੋਧੀ ਨੂੰ ਕੈਦੀ ਨਹੀਂ ਸੀ ਬਣਾਇਆ ਜਾਂਦਾ। 4. ਸਿੰਘਾਂ ਵੱਲੋਂ ਜੰਗ ਵਿਚ ਮਾਰੇ ਗਏ ਵਿਰੋਧੀ ਲੜਾਕੂਆਂ ਦਾ ਉਨ੍ਹਾਂ ਦੇ ਧਰਮਾਂ ਅਨੁਸਾਰ ਸਸਕਾਰ ਕੀਤਾ ਜਾਂਦਾ ਸੀ। 5. ਗੁਰੂ ਸਾਹਿਬ ਦੇ ਕੁਝ ਵਾਲੰਟੀਅਰ ਸਿੰਘ ਜੰਗ ਵਿਚ ਜਖ਼ਮੀ ਹੋਏ ਲੋਕਾਂ, ਭਾਵੇਂ ਉਹ ਲੜਾਈ ਵਿਚ ਸ਼ਾਮਿਲ ਕਿਸੇ ਵੀ ਧਿਰ ਨਾਲ ਸੰਬੰਧਿਤ ਹੋਣ, ਦੀ ਮੱਲ੍ਹਮ ਪੱਟੀ ਕਰਦੇ ਸਨ ਅਤੇ ਉਨ੍ਹਾਂ ਨੂੰ ਪਾਣੀ ਪਿਲਾਉਂਦੇ ਸਨ।[11]

ਇਨ੍ਹਾਂ ਯੁੱਧਾਂ ਦਾ ਇਕ ਹੋਰ ਨਿਖੜਵਾਂ ਪਹਿਲੂ ਇਹ ਸੀ ਕਿ ਭਾਵੇਂ ਹਰ ਵਾਰ ਸਿੰਘਾਂ ਦੀ ਗਿਣਤੀ ਹਮਲਾਵਰਾਂ ਦੇ ਮੁਕਾਬਲੇ ਵਿਚ ਚੋਖੀ ਘਟ ਹੁੰਦੀ ਸੀ ਪਰ ਫਿਰ ਵੀ ਮੈਦਾਨ ਸਿੰਘਾਂ ਦੇ ਹੱਥ ਰਹਿੰਦਾ ਸੀ। ਇਸ ਦਾ ਕਾਰਨ ਇਹ ਸੀ ਕਿ ਸਿੰਘ ਇਸ ਵੱਡੇ ਮਨੋਰਥ ਨਾਲ ਸ਼ਰਸ਼ਾਰ ਹੁੰਦੇ ਸਨ ਕਿ ਉਹ ਜ਼ਿੰਦਗੀ ਅਤੇ ਸਮਾਜ ਲਈ ਇਕ ਆਜ਼ਾਦ ਅਤੇ ਊਚ-ਨੀਚ ਮੁਕਤ ਆਦਰਸ਼ਕ ਫਿਜ਼ਾ ਸਿਰਜ ਰਹੇ ਹਨ, ਜਦ ਕਿ ਉਨ੍ਹਾਂ ਦੇ ਵਿਰੋਧੀਆਂ ਦੀ ਭਾਰੀ ਗਿਣਤੀ ਤਨਖ਼ਾਹ ਦੇ ਲਾਲਚ ਵਾਲੀ ਹੁੰਦੀ ਸੀ।

ਕਈ ਵਾਰ ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਇਹ ਯੁੱਧ ਦੇਸ਼ ਦੀ ਏਕਤਾ ਜਾਂ ਦੇਸ਼ ਦੀ ਆਜ਼ਾਦੀ ਲਈ ਲੜੇ ਸਨ। ਇਥੇ ਇਹ ਗੱਲ ਧਿਆਨ ਯੋਗ ਹੈ ਕਿ ਹਰ ਵਾਰ ਹਮਲਾ ਗੁਰੂ ਸਾਹਿਬ ਵਿਰੁੱਧ ਕੀਤਾ ਗਿਆ। ਹਮਲਾ ਕਰਨ ਵਾਲੀਆਂ ਦੋ ਧਿਰਾਂ ਸਨ ਜਿਨ੍ਹਾ ਨੇ ਅਲੱਗ ਅਲੱਗ ਤੌਰ ਤੇ ਵੀ ਹਮਲੇ ਕੀਤੇ ਅਤੇ ਮਿਲ ਕੇ ਵੀ। ਇਕ ਧਿਰ ਪਹਾੜੀ ਹਿੰਦੂ ਰਾਜਿਆਂ ਦੀ ਸੀ ਜਿਨ੍ਹਾਂ ਦਾ ਪੰਜਾਬ ਨਾਲ ਲਗਦੇ ਪਰਬਤੀ ਇਲਾਕਿਆਂ ਉੱਤੇ ਰਾਜ ਸੀ। ਦੂਜੀ ਧਿਰ ਮੁਗ਼ਲ ਹਕੂਮਤ ਦੀ ਸੀ ਜਿਸ ਦੇ ਰਾਜ ਵਿਚ ਹਿੰਦੁਸਤਾਨ ਦਾ ਬਹੁਤਾ ਵੱਡਾ ਭਾਗ ਸ਼ਾਮਿਲ ਸੀ। ਇਸ ਸੰਦਰਭ ਵਿਚ ਜੇਕਰ ਆਖਿਆ ਜਾਏ ਕਿ ਗੁਰੂ ਸਾਹਿਬ ਨੇ ਇਹ ਯੁੱਧ ਹਿੰਦੁਸਤਾਨ ਦੀ ਆਜ਼ਾਦੀ ਲਈ ਲੜੇ ਤਾਂ ਪਹਿਲਾਂ ਇਹ ਸਵੀਕਾਰ ਕਰਨਾ ਜ਼ਰੂਰੀ ਹੋਵੇਗਾ ਕਿ ਪਹਾੜੀ ਰਾਜਿਆਂ ਅਤੇ ਮੁਗ਼ਲ ਬਾਦਸ਼ਾਹਾਂ ਦੋਹਾਂ ਨੇ ਇਸ ਮੁਲਕ ਨੂੰ ਗੁਲਾਮ ਬਣਾ ਕੇ ਰੱਖਿਆ ਹੋਇਆ ਸੀ। ਇਸੇ ਤਰ੍ਹਾਂ ਜੇਕਰ ਇਹ ਮੰਨਿਆ ਜਾਏ ਕਿ ਇਹ ਯੁੱਧ ਇਸ ਮੁਲਕ ਨੂੰ ਇਕੱਠਾ ਕਰਨ ਲਈ ਲੜੇ ਸਨ ਤਾਂ ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਉਨ੍ਹਾਂ ਦੇ ਵਿਰੋਧੀ ਦੇਸ਼ ਦੀ ਏਕਤਾ ਦੇ ਹਾਮੀ ਨਹੀਂ ਸਨ। ਇਸ ਤਰ੍ਹਾਂ ਇਹ ਦੋਨੋਂ ਵਿਚਾਰ ਠੀਕ ਨਹੀਂ ਹਨ।

ਇਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਗੁਰੂ ਸਾਹਿਬ ਦੇ ਯੁੱਧ ਕਿਸੇ ਧਰਮ ਜਾਂ ਫ਼ਿਰਕੇ ਦੇ ਵਿਰੁੱਧ ਨਹੀਂ ਸਨ। ਉਨ੍ਹਾਂ ਦੀ ਫੌਜ ਵਿਚ ਸਿੰਘਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਹਿੰਦੂ ਅਤੇ ਮੁਸਲਮਾਨ ਵੀ ਹੁੰਦੇ ਸਨ ਜਿਵੇਂ ਕਿ ਉੱਤੇ ਦੱਸਿਆ ਗਿਆ ਹੈ ਕਿ ਇਹ ਜੰਗ ਉਸ ਵੇਲੇ ਦੇ ਹਿੰਦੂ ਅਤੇ ਮੁਸਲਮਾਨ ਹਾਕਮਾਂ ਵੱਲੋਂ ਸ਼ੁਰੂ ਕੀਤੇ ਗਏ ਕਿਉਂਕਿ ਉਹ ਖਾਲਸਾ ਪੰਥ ਦੀ ਦਿਨੋ ਦਿਨ ਹੋ ਰਹੀ ਚੜ੍ਹਤ ਨੂੰ ਆਪਣੀਆਂ ਹਕੂਮਤਾਂ ਲਈ ਖਤਰਾ ਸਮਝਦੇ

ਸਨ।

ਇਨ੍ਹਾਂ ਯੁੱਧਾਂ 'ਚੋਂ ਇਹ ਗੱਲ ਸਪਸ਼ਟ ਹੈ ਕਿ ਗੁਰੂ ਸਾਹਿਬ ਲਈ ਸਿਧਾਂਤ ਅਤੇ ਅਭਿਆਸ ਵਿਚ ਕੋਈ ਅੰਤਰ ਨਹੀਂ ਸੀ। ਚਮਕੌਰ ਦੀ ਕੱਚੀ ਗੜ੍ਹੀ ਵਿਚ ਕੇਵਲ ਚਾਲੀ ਸਿੰਘਾਂ ਨਾਲ ਬੇਸ਼ੁਮਾਰ ਗਿਣਤੀ ਵਿਚ ਆਏ ਹਮਲਾਵਰਾਂ ਦਾ ਟਾਕਰਾ ਕਰਨਾ ਨਾ ਕੇਵਲ ਬੇਮਿਸਾਲ ਬਹਾਦਰੀ, ਦਲੇਰੀ ਅਤੇ ਨਿਰਭੈਤਾ ਦੀ ਇਕ ਬੇਜੋੜ ਉਦਾਹਰਨ ਹੈ, ਸਗੋਂ ਇਹ ਉਨ੍ਹਾਂ ਦੁਆਰਾ ਸਿਧਾਂਤ ਅਤੇ ਅਭਿਆਸ ਨੂੰ ਇਕ ਮੰਨਣ ਦਾ ਇਕ ਰੋਸ਼ਨ ਦ੍ਰਿਸ਼ਟਾਂਤ ਵੀ ਹੈ। ਸੰਸਾਰ ਦੇ ਇਤਿਹਾਸ ਅਤੇ ਮਿਥਿਹਾਸ ਵਿਚ ਕਿਤੇ ਕੋਈ ਅਜਿਹੀ ਮਿਸਾਲ ਨਹੀਂ ਮਿਲਦੀ ਜਿਥੇ ਕਿਸੇ ਨੇ ਆਪਣੇ ਪੁੱਤਰਾਂ ਨੂੰ ਆਪਣੇ ਹੱਥੀਂ ਹਥਿਆਰ ਦੇ ਕੇ ਵਿਸ਼ਾਲ ਫ਼ੌਜ ਨਾਲ ਲੜਨ ਭੇਜਿਆ ਹੋਵੇ ਜਦੋਂ ਇਹ ਪਤਾ ਹੋਵੇ ਕਿ ਯੁੱਧ ਵਿਚ ਸ਼ਹੀਦੀ ਪਾਉਣਾ ਯਕੀਨੀ ਹੈ।

## ਟਿੱਪਣੀਆਂ/ਹਵਾਲੇ


1. ਭੰਗਾਣੀ ਦੇ ਜੰਗ ਸੰਬੰਧੀ ਵਿਦਵਾਨਾਂ ਵੱਲੋਂ ਅਲੱਗ ਅਲੱਗ ਵਰ੍ਹਾ ਦੱਸਿਆ ਗਿਆ ਹੈ। ਮਿਸਾਲ ਵਜੋਂ ਇਸ ਬਾਰੇ ਕੁਝ ਰਾਵਾਂ ਇਸ ਤਰ੍ਹਾਂ ਹਨ : ਖ਼ੁਸ਼ਵੰਤ ਸਿੰਘ, 1686; ਸੁਰਿੰਦਰ ਸਿੰਘ ਜੌਹਰ, 1687; ਗੰਡਾ ਸਿੰਘ ਅਤੇ ਹਰਬੰਸ ਸਿੰਘ, 1689

   ਬਾਕੀ ਜੰਗਾਂ ਦੀਆਂ ਮਿਤੀਆਂ ਬਾਰੇ ਵੀ ਕੁਝ ਅਜਿਹੀ ਹੀ ਅਸਹਿਮਤੀ ਦੇਖੀ ਜਾ ਸਕਦੀ ਹੈ।
2. Surinder Singh Johar : *Guru Gobind Singh—A Study,* New Delhi, Marwah Publications, 1979, p. 81
3. Verma, D. K. : *Guru Gobind Singh on the Canvas of History.* New Delhi, Harman Publishing House, 1995, p. 91
4. ਗੰਡਾ ਸਿੰਘ, ਸੰਪਾਦਕ : *ਕਵੀ ਸੈਨਾਪਤਿ ਰਚਿਤ ਸ੍ਰੀ ਗੁਰ ਸੋਭਾ*, ਪਟਿਆਲਾ ਪੰਜਾਬੀ ਯੂਨੀਵਰਸਿਟੀ, 1967, ਪੰਨਾ 30
5. Nayyar, G. S. : *The Sikhs in Ferment : Battles of the Sikh Gurus,* New Delhi, National Book Organization, 1992, p. 88
6. D. S. Dhillon and S. S. Bhullar : *Battles of Guru Gobind Singh,* New Delhi, Deep and Deep Publications, 1990, p. 60
7. ਹਰਿੰਦਰ ਸਿੰਘ ਮਹਿਬੂਬ : *ਸਹਿਜੇ ਰਚਿਓ ਖਾਲਸਾ*, ਅਸ਼ੋਕ ਬੁੱਕ ਡੀਪੂ, ਗੜ੍ਹਦੀਵਾਲਾ, 1988, ਪੰਨਾ 405
8. Harbans Singh : *The Heritage of the Sikhs,* New Delhi, Manohar, 1983, p. 99
9. ਹਰਿੰਦਰ ਸਿੰਘ ਮਹਿਬੂਬ : *ਸਹਿਜੇ ਰਚਿਓ ਖਾਲਸਾ*, 1988, ਪੰਨਾ 370
10. Indubhushan Banerjee : *Evolution of the Khalsa Vol. II,* Calcutta, A. Mukherjee and Co. Pvt. Ltd. 1962, p. 68
11. Sher Singh : *Philosophy of Sikhism,* Amritsar, Shiromani Gurudwara, Parbandhak Committee, 1998, p. 40

# ਪੰਜ ਕਕਾਰਾਂ ਦਾ ਸੰਕਲਪ ਤੇ ਮਹੱਤਵ

ਹਿੰਮਤ ਸਿੰਘ

**ਕਕਾਰ** ਇਕ ਰਹਿਤ ਵੱਲ ਸੰਕੇਤ ਕਰਦੇ ਹਨ। ਹਰ ਧਰਮ ਧਾਰਨਾ ਦੀ ਇਕ ਰਹਿਤ-ਬਹਿਤ ਹੁੰਦੀ ਹੈ। ਖੁੱਲ੍ਹ-ਖਲਾਸ ਅਤੇ ਮਰਿਆਦਾਵਾਂ ਤੋਂ ਬਾਗੀ ਵਿਅਕਤੀ ਦਾ ਵੀ ਇਕ ਰੰਗ-ਢੰਗ ਹੁੰਦਾ ਹੈ। ਪਰ ਵਚਨ ਬੱਧ ਅਤੇ ਧਰਮ ਪਾਲਕ ਧਾਰਨਾ ਵਾਲਾ ਵਿਅਕਤੀ 'ਆਚਾਰੀ' ਹੁੰਦਾ ਹੈ। ਇਕ ਬਾਗੀ ਅਤੇ ਬਚਨ-ਬੋਲ ਤੋਂ ਮੁਨਕਰ ਵਿਅਕਤੀ ਨੂੰ ਨਿਰਾਚਾਰੀ ਤਾਂ ਕਹਿ ਹੀ ਸਕਦੇ ਹਾਂ ਪਰ ਇਹੋ ਜਿਹਾ ਬੇ-ਲਗਾਮ ਵਿਅਕਤੀ ਜਦ ਨਿਰਾਚਾਰ ਅਤੇ ਦੁਰਾਚਾਰ ਨੂੰ ਇਸ਼ਟ ਅਤੇ ਪੂਜਾਚਾਰ ਦਾ ਹਿੱਸਾ ਬਣਾ ਲਵੇ ਤਾਂ ਉਹ ਸਮੁੱਚੀ ਮਨੁੱਖੀ ਨਸਲ ਦਾ ਘਾਤਕ ਬਣ ਜਾਂਦਾ ਹੈ। ਕੁਦਰਤ ਅਤੇ ਕਾਦਰ ਵੀ ਇਹੋ ਜੇਹੇ ਗੁਨਾਹਗਾਰ ਨੂੰ ਧਰਤੀ ਲਈ ਬੋਝ ਜਾਣਦੇ ਹਨ।

**ਕੁਰਹਿਤ** ਸੰਸਾਰ ਵਿਚ ਕੁਰਾਹੀਆਂ ਦੀ ਕਮੀ ਨਹੀਂ। ਇਨ੍ਹਾਂ ਦੀ ਜ਼ਹਿਨੀਅਤ ਬਾਰੇ ਕਿਹਾ ਗਿਆ ਹੈ :

*ਦਾਦਰ ਤੂ ਕਬਹ ਨ ਜਾਨਸ ਰੇ*
*ਬਖਸ ਸਿਬਾਲ ਬਸਮ ਅੰਮ੍ਰਿਤ ਜਲ*
*ਅੰਮ੍ਰਿਤ ਨਾ ਲਖਸਸੇ ਰੇ......*

ਪੂਰਬੀ ਭਾਰਤ ਅਤੇ ਥਾਂ ਥਾਂ ਸਾਰੇ ਸੰਸਾਰ ਵਿਚ ਫੈਲੇ ਹੋਏ ਵਾਮ-ਮਾਰਗੀਆਂ ਦੀ ਕੁਰਹਿਤ (ਕੁਕਰਮ) ਗੁਰੂ ਸਾਹਿਬਾਨ ਦੇ ਸਮੇਂ (ਸੋਲ੍ਹਵੀਂ ਸਦੀ ਈਸਵੀ) ਆਪਣੇ ਸਿਖਰਾਂ ਉਪਰ ਸੀ। ਪੂਰਵੀ ਆਸਾਮ ਵਿਚ ਅਹੋਮ ਰਾਜਿਆਂ ਦੀ ਵੈਸ਼ਨਵੀ ਮਤਿ (ਭਗਤਿ ਮਤਿ ਸ੍ਰੀ ਸ਼ੰਕਰਦੇਵ ਜੀ ਦਾ) ਅਤੇ ਕਾਮਰੂਪ ਵਿਚ ਸ਼ਿਵ ਸ਼ਕਤੀ ਦਾ ਮਕਾਰ ਪ੍ਰਧਾਨ ਸ਼ਾਕਤਮਤਿ ਵੀ ਪ੍ਰਚਲਿਤ ਸੀ।[1] ਆਈ ਪੰਥ[2] (ਪਰਮ ਪੁਰਖ ਦੀ ਥਾਂ ਪਰਮ ਮਾਈ ਦੇ ਉਪਾਸ਼ਕ, ਗੁਆਂਢ ਵਿਚ ਵਸਦੇ, ਅਹੋਮ ਰਾਜੇ ਦੇ ਕਾਲ ਵਿਚ, ਵੈਸ਼ਨਵੀ ਸ੍ਰੀ ਸ਼ੰਕਰ ਦੇਵ ਮਹਾਂਪੁਰਖ ਦੇ ਉਪਾਸਕ ਸਨ) ਹੀ ਗਿਰਾਵਟ ਵਿਚ ਆ ਕੇ ਭੋਗ ਵਿਲਾਸ ਦੇ ਭੋਗੀ ਤੋਂ ਹੁੰਦੇ ਹੋਏ ਮਕਾਰੀ ਰੂਪ ਵਿਚ ਪਰਵਰਤਿਤ ਹੋ ਗਿਆ। ਇਨ੍ਹਾਂ ਲੋਕਾਂ ਦੀ ਕ੍ਰਿਆਕਲਪ (ਜੋ ਬਦਕਾਰੀ ਦੀ ਸ਼ਿਖਰ ਹੈ) ਨੂੰ ਪੂਜਾ ਅਰਚਾ ਦੇ ਨੁਕਤੇ ਤੋਂ, ਨੀਲਾਂਚਲ ਦੇ ਕਾਂਮਾਖਿਆ ਮੰਦਿਰ ਦੀ ਮਰਿਆਦਾ ਨਾਲ ਜੋੜ ਦਿੱਤਾ ਗਿਆ ਸੀ। ਬਹੁਤ ਸਾਰੀਆਂ ਪੁਸਤਕਾਂ ਮਕਾਰੀਆਂ ਦੇ ਕਿਰਿਆ-ਕਲਪਾਂ ਦੇ ਵਿਸਥਾਰ ਅਤੇ ਖੂਨੀ ਦੁਰਾਚਾਰੀ ਕਾਰਨਾਮਿਆਂ ਨਾਲ ਭਰਪੂਰ ਹਨ। ਗੁਰੂ ਸਾਹਿਬ ਵੀ ਇਸ ਕਿਸਮ ਦੇ ਵਿਭਚਾਰ/ਸਾਕਤ ਵੱਲ ਇਸ਼ਾਰਾ ਕਰਦੇ ਹਨ ਪਰ ਕਬੀਰ ਜੀ ਨੰਗੀ ਕੰਨਿਆਂ ਸਾਮ੍ਹਣੇ ਮੰਤ੍ਰ-ਤੰਤ੍ਰ ਵਾਲੇ ਦਾ ਭਾਂਡਾ ਫੋੜਦੇ ਹਨ।

*ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ ।*
*ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ॥*

ਮਕਾਰਾਂ ਦਾ ਕ੍ਰਮ ਇਉਂ ਅੰਕਿਤ ਹੈ ਅਤੇ ਇਨ੍ਹਾਂ ਦੀ ਗਿਣਤੀ ਪੰਜ ਹੈ ਜਦ ਕਿ ਵੈਸ਼ਨਵੀ ਮਤੀ ਸੱਤ ਦੀ ਗਿਣਤੀ ਅਧਿਕ ਪਰਵਾਨ ਕਰਦੇ ਹਨ।

1. ਮਦਯ (ਸ਼ਰਾਬ)
2. ਮਾਸ (ਮੀਟ)
3. ਮਤਸਯ (ਮੱਛੀ)
4. ਮੁਦ੍ਰਾ (ਭੁਨ-ਸੁਕਾਏ ਦਾਣੇ ਅਤੇ ਤਾਂਤ੍ਰਿਕ ਹਾਵ-ਭਾਵ)
5. ਮੈਥੁਨ (ਭੋਗ-ਵਿਲਾਸ)

**ਕਕਾਰੀ** ਜੋ ਸਮਾਜ ਅਤੇ ਜੋ ਧਰਮ-ਵਿਧਿ ਮਕਾਰੀ ਧਾਰਨਾ ਵਾਲੇ ਦੁਰਾਚਾਰ ਨੂੰ ਪਹਿਲ ਦੇਵੇ ਉਸ ਸਮਾਜ-ਧਰਮ ਦੇ ਧਰਾਤਲ ਤੇ ਮਹਿਲ ਉਸਾਰੀ ਦੀ ਪਕਿਆਈ ਚਾਨਣ ਦੀ ਥਾਂ ਅੰਨ੍ਹੇਰੇ ਵਾਲੀ ਹੋਣ ਦਾ ਇਸ਼ਾਰਾ ਦਿੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਹਨੇਰੇ ਦੀਆਂ ਗਾਰਾਂ ਵਿਚ ਫਸੇ ਹੋਏ ਭਾਰਤੀ ਸਮਾਜ ਨੂੰ ਉਭਾਰਨ ਦਾ ਉਹ ਉਪਰਾਲਾ ਕਕਾਰੀ ਆਚਾਰ-ਵਿਹਾਰ ਨਾਲ ਮੁੜ ਸੰਭਾਲਿਆ ਜਿਹੜੀ ਸੰਭਾਲ ਅਤੇ ਪਕਿਆਈ ਗੁਰੂ ਨਾਨਕ ਆਰੰਭ ਕਰਕੇ ਗਏ ਸਨ। ਪੰਥਕ ਮਰਿਆਦਾ ਦੇ ਪੰਜ ਕਕਾਰ ਇਸ਼ਾਰਾ ਕਰਦੇ ਹਨ ਕਿ ਗੁਰੂ ਘਰ ਵਿਚ ਦੁਰਾਚਾਰ, ਅਨਾਚਾਰ, ਤੇ ਬੇ-ਹਯਾਈ ਲਈ ਕੋਈ ਸਥਾਨ ਨਹੀਂ ਪਰ ਕਕਾਰੀ ਦਾ ਅਰਥ ਕਤਅਨ ਵੈਸ਼ਨਵੀ ਨਹੀਂ ਹੋ ਸਕਦਾ। ਹਾਂ, ਕਕਾਰੀ ਦਾ ਅਰਥ ਬਾਅਦ ਵਿਚ ਦਸ਼ਮੇਸ਼ ਪਿਤਾ ਦੇ ਪਾਸ ਜਾ ਕੇ ਖੰਡੇ ਦੀ ਪਾਹੁਲ ਦਾ ਧਾਰਨੀ (ਅੰਮ੍ਰਿਤਧਾਰੀ) ਜ਼ਰੂਰ ਹੋ ਗਿਆ ਕਿਉਂਕਿ ਪਤਿਤ-ਮੀਣਿਆਂ ਨੂੰ ਹਮੇਸ਼ ਲਈ ਨਖੇੜ ਕੇ ਰੱਖ ਦਿੱਤਾ ਗਿਆ।

**ਪੰਜ ਕਕਾਰ** ਕਕਾਰਾਂ ਦੀ ਗਿਣਤੀ ਪੰਜ ਹੀ ਹੈ (ਪੰਜ ਪਿਆਰੇ, ਪੰਜ ਤਖਤ, ਪੰਜ ਖੰਡ, ਪੰਜ ਤੱਤ, ਪੰਚ ਪਰਮੇਸ਼ਵਰ ਆਦਿ ਵਾਂਗ।[3] ਇਕੁ ਸਿਖੁ ਦੁਇ ਸਾਧ ਸੰਗੁ ਪੰਜੀ ਪਰਮੇਸਰੁ)। (ਵਾਰਾਂ ਭਾ. ਗੁਰਦਾਸ 13.19)

1. ਕੇਸ
2. ਕੰਘਾ
3. ਕਿਰਪਾਨ
4. ਕੜਾ
5. ਕਛਿਹਰਾ

ਇਨ੍ਹਾਂ ਪੰਜ ਕਕਾਰਾਂ ਸੰਬੰਧੀ ਕਿਸਮ ਕਿਸਮ ਦੇ ਵਿਚਾਰ ਹੋ ਸਕਦੇ ਹਨ। ਜਿਹਾ ਕਿ :

ਨਿਰਪੇਖ[4]
ਪ੍ਰਤੀਕਾਤਮਿਕ[5]
ਰਹਿਤ-ਬਹਿਤ[6] ਆਦਿ।

**ਰਹਿਤੀਆ-ਕੁਰਹਿਤੀਆ** ਉਪਰੋਕਤ ਕਿਸਮ ਦੇ ਵਿਸਥਾਰਾਂ ਜਿਹੇ ਸੰਕੇਤ ਦੇਣ ਤੋਂ ਪਹਿਲਾਂ ਇਹ ਨਿਰਣਾ ਕਰ ਦੇਣਾ ਜ਼ਰੂਰੀ ਹੈ ਕਿ :

(ੳ) ਕੀ ਇਕ ਬੁੱਧੀ-ਵੇਤਾ (ਜਿਸ ਪਾਸ ਆਚਾਰਾਤਮਿਕ ਜਾਂ ਰਹਿਤ-ਬਹਿਤ ਵਾਲੀ ਕਕਾਰ-ਕਰਨੀ ਨਹੀਂ ਹੁੰਦੀ) ਕਕਾਰਾਂ ਦੀ ਪ੍ਰਮਾਨਿਕ ਵਿਚਾਰ ਚਰਚਾ ਵਿਚ ਸ਼ਾਮਿਲ ਹੋਣ ਦਾ ਅਧਿਕਾਰੀ ਹੈ

(ਅ) ਕੀ ਕਕਾਰੀ ਰਹਿਤ-ਬਹਿਤ ਵਿਚ ਪਨਪ-ਪ੍ਰਵਾਨ ਹੋ ਚੁੱਕੇ ਦੇ ਵਿਚਾਰ ਸੰਚਾਰ ਨੂੰ ਹੀ ਆਖਰੀ ਕੜੀ ਮੰਨਿਆ ਜਾਵੇ

(ੲ) ਕੀ ਕੁਝ ਕੁ ਸਹਿਜਧਾਰੀ ਜਿਹੀ ਰਹਿਤ-ਬਹਿਤ ਵਾਲੇ ਪਰ ਚਿੰਤਨ ਵਜੋਂ ਉਜਲ ਬੁਧਿ ਵਾਲੇ ਦੇ ਕਹੇ ਬੋਲ (ਕਕਾਰੀ ਜੀਵਨ-ਜਾਚ) ਸੰਬੰਧੀ ਭਰੋਸੇਯੋਗ ਹੋ ਸਕਦੇ ਹਨ

'ੳ' ਅਤੇ 'ੲ' ਨੂੰ ਕੁਝ ਕੁ ਰਿਆਇਤ ਮਿਲ ਸਕਦੀ ਹੈ (ਜਿਵੇਂ ਕਿ ਗੁਰੂ ਨਾਨਕ ਘਰ ਵਿਚ ਚਾਰ ਦਰਵਾਜ਼ਿਆਂ ਰਾਹੀਂ ਚਾਰੇ ਕਿਸਮ ਦੇ ਅਭਿਲਾਖੀ ਆ-ਜਾ ਸਕਦੇ ਹਨ ਪਰ ਇਹ ਅਭਿਲਾਖੀ ਗੁਰੂ ਘਰ ਦੀ ਮਰਿਆਦਾ ਦੇ ਜ਼ਾਮਨ ਜਾਂ ਪਹਿਰੇਦਾਰ ਨਹੀਂ ਹੋ ਸਕਦੇ ਸਿਵਾਏ ਗੁਰੂ ਘਰ ਦੀ ਮੋਹਰ ਅਤੇ ਗੁਰੂ ਘਰ ਦੀ ਰਹਿਤ-ਬਹਿਤ (ਸ਼ਸਤ੍ਰ-ਬਸਤ੍ਰ) ਪ੍ਰਾਪਤ ਸਿੰਘ ਦੇ। ਜੋ ਜੋ ਗੁਰੂ ਘਰ ਵੱਲੋਂ ਪ੍ਰਵਾਹਿਤ 'ਇਕਾ ਬਾਣੀ ਇਕ ਗੁਰ ਇਕੋ ਸ਼ਬਦ ਵਚਾਰਿ' ਦੇ ਸੰਕੇਤ ਅਨੁਸਾਰ ਗੁਰੂ ਪ੍ਰਵਾਨਿਤ ਮਰਿਆਦਾ ਨਾਲ ਇਕਸੁਰ ਹੋ ਗਿਆ (ਅਤੇ ਸ਼ਬਦ-ਸੁਰਤਿ ਦੀ ਟਕਸਾਲ ਦਾ ਸ਼ੁੱਧ ਸਿੱਕਾ ਬਣ ਗਿਆ) ਉਹ ਖ਼ੁਦ-ਬਖ਼ੁਦ ਅਧਿਕਾਰਿਤ ਹੋ ਜਾਂਦਾ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਕੀ ਸਿਰਫ਼ ਸਮਾਧਿ ਸਥਿਤ ਹੀ ਵਿਚਾਰ ਚਰਚਾ ਦਾ ਅਧਿਕਾਰੀ ਹੋ ਸਕਦਾ ਹੈ ਨਿਸਚੇ ਹੈ ਕਿ ਸਮਾਧਿ ਸਥਿਤ ਹੀ ਪੰਚਕੋਸ਼, ਨਾਮ ਅੰਮ੍ਰਿਤ ਰਸ, ਸ਼ਬਦ-ਸੁਰਤਿ-ਲਿਵ ਅਤੇ ਕੁੰਡਲਨੀ ਦੀਆਂ ਅਦਿਭੁਤ ਅਨੁਭੂਤੀਆਂ ਤੇ ਪ੍ਰਕਿਰਿਆਵਾਂ ਤੋਂ ਗਿਆਤ ਹੁੰਦਾ ਹੈ।

*ਇਹੁ ਮਨ ਲੇ ਜਉ ਉਨਮਨਿ ਰਹੈ।*

*ਤਉ ਤੀਨਿ ਲੋਕ ਕੀ ਬਾਤੈ ਕਰੈ॥*

ਅਜੋਕੇ ਨਾਸਤਿਕ ਵਿਚਾਰਕ ਦੇ ਅਭਿਆਸ ਅਤੇ ਰਹਿਤ-ਬਹਿਤ ਨੂੰ ਸਿਰਫ਼ ਦਿਮਾਗੀ ਪ੍ਰਾਪਤੀ ਆਖਿਆ ਜਾ ਸਕਦਾ ਹੈ ਅਤੇ ਇਹ ਵਿਚਾਰਵਾਨ ਹੋਰ ਖੇਤਰ ਵਿਚ ਮਾਅਰਕਾ ਮਾਰ ਸਕਦੇ ਹਨ ਪਰ ਕਾਰਜਸ਼ੀਲ ਪ੍ਰਕਿਰਿਆ ਦੀਆਂ ਅਜਮਤਾਂ ਤੋਂ ਅਜਨਬੀ ਹੀ ਰਹਿੰਦੇ ਹਨ, ਸਿਰਫ਼ ਇਤਲਾਅ ਦੇ ਸਕਦੇ ਹਨ, ਅਨੁਭਵ ਨਹੀਂ।

ਜਿਨ੍ਹਾਂ ਜਿਨ੍ਹਾਂ ਨੇ ਵੀ ਕਕਾਰਾਂ ਸੰਬੰਧੀ ਰਾਇ ਦਿੱਤੀ ਹੈ, ਉਨ੍ਹਾਂ ਨੇ ਪੜ੍ਹੇ ਲਿਖੇ ਸਮਾਜ ਦੀ ਬੁਧਿ ਉਪਰ ਆਪਣੀ ਛਾਪ ਬਣਾਈ ਹੈ (ਭਾਵੇਂ ਕਿ ਉਹ ਪ੍ਰਮਾਣਿਕ ਰੂਪ ਵਿਚ ਕਕਾਰੀ ਆਚਰਨ ਤੋਂ ਸਖਣੇ ਹਨ) ਜਿਹਾ ਕਿ ਐਮ. ਜੀ. ਸਿੰਘ, ਡਾ. ਅਲਾਮਾ 'ਇਕਬਾਲ', ਡਾ. ਓਬਰਾਏ ਆਦਿ, ਪਰ ਅਜਿਹੀ ਰਾਇ (ਚਿੰਤਨ ਦੇ ਪੱਖੋਂ ਧਿਆਨ ਖਿੱਚਣ ਵਾਲੇ ਹੁੰਦੇ ਹੋਏ ਭੀ) ਪੰਥਕ ਮਰਿਆਦਾ ਦੇ ਨੁਕਤੇ ਤੋਂ ਪ੍ਰਮਾਣਿਕ ਜਾਂ ਮੌਲਿਕ ਨਹੀਂ ਮੰਨੀ ਜਾ ਸਕਦੀ ਕਿ ਪੰਥਕ ਸੰਸਥਾਵਾਂ ਉਸ ਦਾ ਅਨੁਸਰਣ ਜਾਂ ਇਹਤਰਾਮ ਕਰਨ। ਅਕਾਲੀ ਕੌਰ ਸਿੰਘ, ਡਾ. ਰਣਧੀਰ ਸਿੰਘ, ਡਾ. ਸ਼ੇਰ ਸਿੰਘ ਆਦਿ ਦੇ ਕਕਾਰਾਂ ਸੰਬੰਧੀ ਕਹੇ ਬੋਲਾਂ ਨੂੰ ਪੰਥਕ ਨਜ਼ਰਾਂ ਵਿਚ ਸਰਵੋਚ ਮੰਨਿਆ ਜਾਂਦਾ ਰਹੇਗਾ।

ਬਾਕੀ ਜਦ ਉਜਲ ਦੀਦਾਰੀ (ਕਕਾਰੀ, ਰਹਿਤ-ਬਹਿਤ ਵਾਲੇ) ਦੇ ਪਾਸ ਉਜਲ ਬੋਧ ਅਤੇ ਉਜਲ ਬੁਧਿ ਆ ਜਾਵੇ ਤਾਂ ਸੋਨੇ ਉੱਪਰ ਸੁਹਾਗੇ ਦਾ ਕੰਮ ਵਰਗੀ ਗੱਲ ਹੋ ਨਿਬੜਦੀ ਹੈ। ਇਹ ਆਬਦਾਰ ਮੋਤੀ ਪੰਥ ਦੇ ਰਤਨਰੂਪ ਹੋ ਨਿਬੜਦੇ ਹਨ।

(ੳ) *ਧਰੇ ਕੇਸ ਪਾਹੁਲ ਬਿਨਾ ਭੇਖੀ ਮੂਰਖ ਸਿੱਖ।*
*ਮੇਰੋ ਦਰਸਨ ਨਾਹਿ ਤਿਹ ਪਾਪੀ ਤਿਆਗੇ ਭਿਖ।*

(ਅ) *ਭੇਖ ਨਾ ਪਿਆਰੋ ਮੋਹਿ ਕੋ ਵਰਨ ਨਹੀ ਪ੍ਰਿਅ ਕਾਇ।*
*ਰੈਹਤ ਪਿਆਰੀ ਮੋਹਿ ਕੋ ਸਿਦਕ ਮਹਾ ਪ੍ਰਿਅ ਆਹਿ।*

(ੲ) *ਰਹਿਤ ਬਿਨਾ ਨਹੀਂ ਸਿੱਖ ਕਹਾਵੈ*
*ਰਹਿਤ ਬਿਨਾ ਦਰ ਚੋਟਾਂ ਖਾਵੈ॥*
*ਰਹਿਤ ਬਿਨਾ ਸੁਖ ਕਬਹੂ ਨ ਲਹੈ।*
*ਤਾਤੇ ਰਹਿਤ ਸੁਦ੍ਰਿੜ ਕਰਿ ਗਹੈ।*

(ਸ) *ਪ੍ਰਥਮ ਰਹਿਤ ਇਹ ਜਾਨ ਖੰਡੇ ਦੀ ਪਾਹੁਲ ਛਕੈ...*

(ਹ) *ਜੋ ਖੰਡੇ ਕੋ ਅੰਮ੍ਰਿਤ ਲੈ ਹੈ*
*ਗੁਰ ਕੇ ਸੋ ਜਹਾਜ ਚੜ ਜੈ ਹੈ।*[8]

ਉਪਰੋਕਤ ਕਿਸਮ ਦੀ ਦ੍ਰਿੜ੍ਹਤਾ (ਕਾਇਮੀ) ਨੂੰ ਪ੍ਰੋਫੈਸ਼ਨਲ ਐਥਿਕਸ[9] ਵੀ ਕਿਹਾ ਜਾਂਦਾ ਹੈ। ਆਮ ਚਲਨ ਅਤੇ ਪ੍ਰੋਫੈਸ਼ਨਲ ਐਥਿਕਸ ਵਿਚ ਇਹੋ ਫ਼ਰਕ ਹੈ ਕਿ ਪ੍ਰੋਫੈਸ਼ਨਲ ਐਥਿਕ ਬਾਜ਼ਾਰੀ, ਗਿਆ ਗੁਜ਼ਰਿਆ, ਘਿਸਿਆ ਪਿਟਿਆ ਚਿੱਠਾ ਜਾਂ ਚਾਰਟ ਨਹੀਂ ਹੁੰਦਾ ਸਗੋਂ ਵਿਸ਼ਵਵਿਆਪੀ ਪਹੁੰਚ ਅਤੇ ਸਿਰਜਣਾਤਮਿਕ ਬੁਲੰਦੀਆਂ ਦਾ ਸਿਖ਼ਰ ਹੁੰਦਾ ਹੈ।

**ਕਕਾਰ ਤ ਭਾਵ** 'ਕ' ਅਖਰ ਤੋਂ ਸ਼ੁਰੂ ਹੋਣ ਵਾਲੇ ਅਖਰਾਂ, ਵਸਤੂਆਂ, ਨੁਕਤਿਆਂ, ਵਿਚਾਰਾਂ ਦੀ ਲੜੀ ਨੂੰ ਕਕਾਰ ਕਹਿੰਦੇ ਹਨ (ਜੋ ਇਕ ਤੋਂ ਵੱਧ ਹੋਣ)। ਜਦ ਇਹ ਗਿਣਤੀ ਇਕ ਤੋਂ ਵੱਧ ਨਾ ਹੋਵੇ ਤਾਂ 'ਕਾਰ' ਸ਼ਬਦ ਇਨ੍ਹਾਂ ਨਾਲ ਨਹੀਂ ਲੱਗ ਸਕਦਾ। ਉਂਕਾਰ, ਕਕਾਰ, ਚਕਾਰ, ਟਕਾਰ, ਤਕਾਰ, ਪਕਾਰ ਆਦਿ ਤੋਂ ਕ੍ਰਮਵਾਰ ਇਹ ਅਰਥ ਹੈ ਕਿ 'ੳ' ਤੋਂ ਸ਼ੁਰੂ ਹੋਣ ਵਾਲੀ ਲੜੀ ਦਾ ਅਖਰ ਕ੍ਰਮ ਇਵੇਂ ਹੀ ਕ, ਚ, ਟ, ਤ, ਪ, ਤੋਂ ਆਰੰਭ ਹੋਣ ਵਾਲੇ ਅੱਖਰਾਂ ਦੇ ਕ੍ਰਮ ਨੂੰ ਉਪਰੋਕਤ ਸ਼ਬਦਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ।

'ਮ' ਤੋਂ ਸ਼ੁਰੂ ਹੋਣ ਵਾਲੇ ਅਖਰਾਂ ਦੇ ਕ੍ਰਮ ਦੀ ਲੜੀ ਨੂੰ 'ਮਕਾਰ' ਅਤੇ 'ਕ' ਤੋਂ ਸ਼ੁਰੂ ਹੋਣ ਵਾਲੇ ਅਖਰਾਂ (ਲਫਜ਼ਾਂ) ਦੇ ਕ੍ਰਮ ਦੀ ਲੜੀ ਨੂੰ 'ਕਕਾਰ' ਕਹਿੰਦੇ ਹਨ।

ਉਪਰ ਕਿਹਾ ਗਿਆ ਹੈ ਕਿ ਜਦ ਕੋਈ ਅੱਖਰ ਜਾਂ ਲਫ਼ਜ਼ ਇਕੱਲਾ ਹੋਵੇ (ਇਕ ਹੋਵੇ) ਤਾਂ ਉਸ ਦੇ ਨਾਲ 'ਕਾਰ' ਸ਼ਬਦ ਨਹੀਂ ਲਗਦਾ (ਕਾਰ ਦਾ ਅਰਥ ਨਿਰੰਤਰ ਹੁੰਦਾ ਹੈ।)

**ਕੇਸ** ਗੁਰਸਿਖੀ ਵਿਚ ਕਕਾਰਾਂ ਦੀ ਲੜੀ ਦੀ ਗਿਣਤੀ ਦੀ ਪਹਿਲੀ ਵਸਤੂ ਕੇਸ ਹਨ।[10] ਕੇਸਾ ਬਾਰੇ ਪ੍ਰਸਿੱਧ ਹੈ ਕਿ ਕੇਸ ਗੁਰੂ ਦੀ ਮੋਹਰ ਹਨ। ਮੋਹਰ ਹੀ ਕਿਸੇ ਧਾਤ ਨੂੰ ਖਰਾ ਸਿੱਕਾ ਬਣਾ ਸਕਦੀ ਹੈ, ਜਿਸ ਧਾਤ ਉਪਰ ਸਹੀ ਮੋਹਰ ਨਹੀਂ ਉਹ ਖੋਟੀ ਚੀਜ਼ ਕਹਾਉਂਦੀ ਹੈ। ਹੋਰ ਕਿਸੇ ਵੀ ਕਕਾਰ ਬਾਰੇ ਮੋਹਰ ਜਾਂ ਕੋਈ ਹੋਰ ਸ਼ਬਦ ਪ੍ਰਾਪਤ ਨਹੀਂ। ਸੋ ਗੁਰੂ ਕੀ ਮੋਹਰ ਜਿਥੇ ਹੈ, ਉਥੇ ਹੀ ਅਧਿਕਾਰ ਹੈ ਕਿ ਹੋਰ ਕਕਾਰ ਵੀ ਉਸ ਜੀਵ ਨੂੰ ਪ੍ਰਾਪਤ ਕਰਨ ਦੀ ਸਵੀਕ੍ਰਿਤੀ ਮਿਲ ਜਾਣੀ ਹੁੰਦੀ ਹੈ।[11] ਧਾਤ ਤਾਈਓਂ ਮੋਹਰਾਂ ਲਗਾਏ ਜਾਣ ਵਾਲੇ ਸੱਚੇ ਵਿਚ ਧਰੀ ਜਾ ਸਕਦੀ ਹੈ ਜੇਕਰ ਪਾਰਖੂ ਨੇ ਦੂਜਿਆਂ (ਖੋਟਿਆਂ) ਤੋਂ ਵਖਰਿਆਂ ਟਿਕਾ ਦਿੱਤਾ ਹੋਵੇ। ਇਹ ਪਰਖ ਸੇਵਾ ਅਤੇ ਬਾਣੀ ਦੀ ਕਮਾਈ ਉਪਰੰਤ ਹੀ ਪ੍ਰਾਪਤ ਹੋ ਸਕਦੀ ਹੈ। ਸਿਰਫ਼ ਵਾਲ ਰੱਖ ਕੇ ਹੋਰ ਕਕਾਰਾਂ ਦੀ ਮਰਿਆਦਾ ਵਿਚ ਆਉਣ ਲਈ ਭੱਜ ਪੈਣ ਦੀ ਕੱਚੀ ਗੱਲ ਗੁਰਸਿਖੀ ਦੇ ਆਚਾਰ ਪ੍ਰਚਾਰ ਦੀ ਚੂਲ ਨਹੀਂ।

ਅਸਤਬਲ ਵਿਚ ਸ਼ਾਹੀ ਸਵਾਰੀ ਦੇ ਲਾਇਕ ਘੋੜਿਆਂ, ਹਾਥੀਆਂ ਦੇ ਜਿਸਮ ਉਪਰ ਸ਼ਾਹੀ ਮੋਹਰ (ਗਰਮ ਕਰਕੇ) ਰਖੀ ਜਾਂਦੀ ਹੈ ਜਿਸ ਕਾਰਨ ਚਮੜੀ ਉਪਰ ਹਮੇਸ਼ਾਂ ਲਈ ਦਾਗੇ ਜਾਣ ਦੀ ਮੋਹਰ ਕਾਇਮ ਹੋ ਜਾਂਦੀ ਹੈ। ਖਸਮ, ਮਾਲਕ, ਪ੍ਰਭੂ ਨੇ ਆਪਣੇ ਖਾਦਮ (ਲਾਇਕ ਤੇ ਭਰੋਸੇ ਦੇ ਪਾਤਰ) ਦੇ ਜਿਸਮ ਉਪਰ ਆਪਣਾ ਨਿਜ ਨਿਸ਼ਾਨ ਦਾਗਿਆ ਹੋਇਆ ਹੈ (ਕੇਸਾਂ ਦੇ ਰੂਪ ਵਿਚ)। ਜੋ ਖਸਮ ਦੀ ਇਸ ਖਾਸ ਤਰ੍ਹਾਂ ਦੀ ਨਵਾਜਿਸ਼ (ਰਿਆਇਤ) ਦੇ ਨਿਸ਼ਾਨ ਨੂੰ ਮਿਟਾਉਂਦਾ ਹੈ, ਉਹਦਾ ਈਮਾਨ ਕੋਈ ਨਹੀਂ।

ਗੁਰੂ ਘਰ ਨੇ ਸ਼ਬਦ ਸੁਰਤਿ ਅਤੇ ਰਹਿਣੀ ਬਹਿਣੀ ਦੀ ਗੱਲ ਵਿਚੋਂ ਨਾਮ-ਅੰਮ੍ਰਿਤ ਫਲ ਦਾ ਸਵਾਦ ਚਖਾਇਆ ਹੈ। ਇਸ ਅੰਮ੍ਰਿਤਮਈ ਸਵਾਦ ਦਾ ਬਿਆਨ ਸੰਸਾਰੀ ਵਿਦਿਆ ਦੀ ਮੁਹਾਰਨੀ ਵਿਚੋਂ ਨਹੀਂ ਸਗੋਂ ਅੰਤਰ ਆਤਮਾ ਦੀ ਕੁਠਾਲੀ ਵਿਚ ਢਲਣ ਵਾਲੇ, ਸ਼ਬਦ-ਕਮਾਈ ਦੀ ਕਠੋਰ ਟਕਸਾਲ ਦੀ ਕਰੜੀ ਅਜ਼ਮਾਇਸ਼ ਦੇ ਪੰਧ ਉਪਰੋਂ ਸਹੀ ਸਲਾਮਤ ਲੰਘ ਉਤਰਨ ਦੇ ਯੋਗ ਬਾ-ਕਮਾਲ ਰੁਤਬੇ ਵਾਲੇ, ਮੋਹਰ-ਬੱਧ ਤੇ ਸ਼ਾਹੀ ਖ਼ਜ਼ਾਨੇ ਵਿਚ ਟਿਕਾਏ ਜਾਣ ਦੇ ਕਾਬਲ ਬਣ ਚੁੱਕੇ, ਮਿਹਰ ਦੇ ਪਾਤਰ 'ਵਿਰਲੇ ਕੇਈ ਕੇ' ਦੇ ਬੋਲਾਂ ਬਚਨਾਂ ਅਤੇ ਬੁਝਾਰਤਾਂ ਵਰਗੇ ਕਿਰਿਆਂ ਕਲਪਾਂ, ਮੂਲ ਬਚਨਾਂ ਵਿਚੋਂ ਪ੍ਰਾਪਤ ਹੁੰਦਾ ਹੈ। ਜੋ ਪਨਪ ਗਿਆ, ਤੁੱਲ ਗਿਆ, ਅਜ਼ਮਾਇਸ਼ ਵਿਚੋਂ ਲੰਘ ਗਿਆ, ਵਖਰੇ ਰੂਪ ਵਿਚ ਨਿਵਾਜਿਆ ਟਿਕਾਇਆ ਅਤੇ ਨਿਸ਼ਾਨ ਧਾਰੀ ਦਾਗਿਆ ਗਿਆ, ਉਹ ਸਮਝੇ ਕਿ 'ਮੋਹਰ ਬੱਧ' ਹੋ ਗਿਆ। ਇਸ ਮੋਹਰਬੱਧ ਉੱਪਰ ਕਿਸੇ ਕਿਸਮ ਦੇ ਸ਼ਕ-ਸੁਭੇ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ।

ਸੁਆਲ ਪੈਦਾ ਹੁੰਦਾ ਹੈ ਕਿ ਕੀ ਪਹਿਲੇ ਲੋਕਾਂ (ਸਨਾਤਨੀਆਂ) ਦੇ ਕੇਸਾਂ ਨੂੰ 'ਗੁਰੂ ਕੀ ਮੁਹਰ' ਹੋਣ ਦਾ ਖਤਾਬ ਹੈ ਨਹੀਂ। ਕਿਉਂ ਕਿਉਂਕਿ ਸਨਾਤਨੀਆਂ ਦੇ ਸਰੀਰ (ਗੁਰੂ) ਤਾਂ ਕੇਸਾਧਾਰੀ ਹੁੰਦੇ ਸਨ ਪਰ ਉਨ੍ਹਾਂ ਦੇ ਚੇਲਿਆਂ ਨੂੰ ਕੇਸਾਂ ਦੀ ਬੰਦਸ਼ ਲਈ ਇੰਨੀ ਪੱਕੀ ਤਾਕੀਦ ਨਹੀਂ ਸੀ। ਦੂਜੇ, ਜਿਹੜੇ ਗੁਰੂ ਕੇਸ ਰਖਦੇ ਸਨ, ਉਨ੍ਹਾਂ ਨੂੰ ਜਟਾਂ ਜਾਂ ਜੂੜਾ ਰੱਖਣ ਦੀ ਮਜਬੂਰੀ ਰਹਿੰਦੀ ਸੀ; ਖਸਮ ਦੇ ਹਿਰਦੇ ਨੂੰ ਖੁਸ਼ ਕਰ ਸਕਣ ਦਾ ਚਾਓ ਉਨ੍ਹਾਂ ਵਿਚ ਨਹੀਂ ਸੀ ਕਿਉਂਕਿ ਸ਼ਬਦ ਸੁਰਤਿ ਦੀ ਅਧਿਆਤਮਕ ਮੋਹਰ ਵੀ ਉਨ੍ਹਾਂ ਨੂੰ ਅਜੇ ਪ੍ਰਾਪਤ ਨਹੀਂ ਸੀ ਤਾਂ ਹੀ ਗੁਰੂ ਜੀ ਲਿਖਦੇ ਹਨ ਕਿ 'ਜਟਾਂ' ਜਾਂ 'ਜੂੜਾ' ਰੱਖਣ ਵਾਲੇ ਢਿਲ ਮਿਲ ਸਨਾਤਨੀਆਂ ਵਾਂਗ ਅਸੀਂ ਨਹੀਂ ਹਾਂ। ਅਸੀਂ ਸ਼ਬਦ ਦੀ ਟਕਸਾਲ ਦੇ ਸੰਚਾਲਕ ਗੁਰੂ ਨਾਨਕ ਘਰ ਦੇ ਉਤਰਾਧਿਕਾਰੀ ਹਾਂ। ਇਹੋ ਕਾਰਨ ਹੈ ਕਿ ਕਕਾਰ ਕਹਾਏ ਜਾਣ ਦੀ ਖਾਤਰ ਕੇਸਾਂ ਦੇ ਐਨ ਨਿਕਟ ਅਗਲਾ ਕਕਾ (ਕੰਘਾ) ਵੀ ਜੁੜ ਗਿਆ ਜੋ ਕੇਸਾਂ ਦੀ ਸੁਧ-ਪਾਕ ਤਰੀਕੇ ਦੀ ਸੰਭਾਲ-ਵਿਧੀ ਦੇ ਬੰਧਨ ਨੂੰ ਤੋਰਦਾ ਹੈ (ਖੁਲ੍ਹੇ ਜੂੜੇ ਅਤੇ ਜਟਾਂ ਰੂਪ ਵਿਚ ਰੱਖੇ ਜਾਂਦੇ ਕੇਸਾਂ ਦੀ ਮਰਿਆਦਾ ਗੁਰਮਰਿਆਦਾ ਨਹੀਂ ਕਹਾ ਸਕਦੀ। ਸੋ ਮੋਹਰ ਰੂਪ (ਕੇਸ) ਨੂੰ ਬਾ-ਸਲੀਕਾ, ਬਾ-ਸ਼ਊਰ ਅਤੇ ਬਾਕਾਇਦਾ ਸੰਵਾਰ ਨਿਖਾਰ ਲੈਣ ਤੋਂ ਉਪਰੰਤ ਦਸਤਾਰ ਹੇਠਾਂ ਸਾਂਭਣ ਦੀ ਸੁਹਬਤ ਤੇ ਸਲੀਕੇ ਨੂੰ ਸਿੱਖੀ ਦਾ ਅੰਗ ਸੰਗੀ ਮਿਜਾਜ਼ ਜਾਣਿਆ ਜਾਣ ਲੱਗ ਪਿਆ।

**ਕੰਘਾ** ਕੰਘਾ ਦੂਜਾ ਕੱਕਾ ਹੈ। ਕੇਸਾਂ ਦੀ ਨਿਤ ਸੰਭਾਲ ਲਈ ਕਿਉਂਕਿ ਗੁਰੂ ਜੀ ਨੂੰ ਉਹ ਜਟਾ-ਜੂਟ ਪਸੰਦ ਨਹੀਂ, ਜਿਸ ਵਿਚ ਸੱਵਛਤਾ, ਸੰਭਾਲ ਅਤੇ ਸ਼ੁੱਧਤਾ ਨਹੀਂ। ਕੰਘਾ ਸਾਨੂੰ ਤਮੀਜ਼ ਦਿੰਦਾ ਹੈ। ਕਕਾਰਾਂ ਦੀ ਲੜੀ ਅੰਦਰ ਕਿਰਪਾਨ ਦਾ ਪ੍ਰਚਲਨ ਛੇਵੀਂ ਪਾਤਸ਼ਾਹੀ ਦੇ ਆਗਮਨ ਨਾਲ ਹੋ ਗਿਆ ਸੀ। ਇਸ ਲਈ ਸੀਸ ਦੇ ਜਲੌ (ਕੇਸਾਂ ਦੀ ਮੋਹਰ ਤੇ ਕੇਸਾਂ ਨੂੰ ਸਵਾਰਨ ਲਈ ਲੋੜੀਂਦੇ ਕੰਘੇ ਦੀ ਨਿਰਧਾਰਤ ਹੋ ਚੁੱਕੀ ਪ੍ਰਕਿਰਿਆ/ਨੇਮ ਤੋਂ

ਉਪਰੰਤ ਸਰੀਰ ਨੂੰ ਕਵਚਵਤ ਸੰਭਾਲਣ ਵਾਲੀ ਖੜਗ (ਕਿਰਪਾਨ) ਦੀ ਪ੍ਰਚਲਨ ਪ੍ਰਕਿਰਿਆ ਅਤਿ ਦੇ ਸਡੋਲ ਤੇ ਸੂਰਮੇ ਗੁਰੂ-ਪੀਰ (ਛਠਮ ਪੀਰ, ਜਿਨ੍ਹਾਂ ਦੀ ਅਧਿਆਤਮ ਜ਼ਿੰਮੇਵਾਰੀ ਅਤੇ ਸਰੀਰਿਕ ਸਰੋਕਾਰ, ਦੋਵੇਂ ਹੀ ਭਾਰੇ ਤੇ ਭਰਪੂਰ ਸਨ) ਪਾਸੋਂ ਪ੍ਰਵਾਹਿਤ ਹੋਈ। ਇਹ ਉਹ ਸਮਾਂ ਸੀ ਜਦ ਚਉਂਕੀਆਂ ਨਿਰਧਾਰਿਤ ਹੋ ਚੁੱਕੀਆਂ ਸਨ)। 1. ਅਧਿਆਤਮਿਕ ਚੌਕੀਆਂ ਭਾਵ ਸ੍ਰੀ ਹਰਿਮੰਦਰ ਵਿਖੇ ਸ਼ਬਦ ਕੀਰਤਨ ਦੀਆਂ ਚੌਂਕੀਆਂ, ਜਿਨ੍ਹਾਂ ਵਿਚ ਪੀਰੀ ਦੇ ਰਾਜ਼ ਨਿਹਿਤ ਸਨ; 2. ਜਿਸਮ ਜੁੱਸੇ ਵਾਲੇ ਬਾਂਕੇ ਸਰੀਰਾਂ ਦੀਆਂ ਚੌਂਕੀਆਂ (ਟੁਕੜੀਆਂ), ਜੋ ਪੰਜਵੇਂ ਗੁਰੂ ਜੀ ਨੇ ਖ਼ੁਦ ਗੁਰੂ ਹਰਿਗੋਬਿੰਦ (ਬਾਲਕ) ਦੀਆਂ ਚੌਕੀਆਂ ਭਰਨ (ਰਾਖੀ ਕਰਨ) ਲਈ ਨਿਰਧਾਰਿਤ ਕੀਤੀਆਂ ਹੋਈਆਂ ਸਨ। ਇਨ੍ਹਾਂ ਚੌਕੀਆਂ (ਹਿਫਾਜਤੀ ਕਿਸਾਨਾਂ) ਨੇ ਪਹਿਲੋ ਪਹਿਲ ਹਿਫਾਜ਼ਤੀ ਜ਼ਿੰਮੇਵਾਰੀਆਂ ਬਾਂਸ ਦੀਆਂ ਡਾਂਗਾਂ ਨੂੰ ਹਥਿਆਰ ਰੂਪ ਵਿਚ ਪਾਸ ਰੱਖ ਕੇ ਨਿਭਾਈਆਂ (ਜਿਨ੍ਹਾਂ ਉਪਰ ਬਾਅਦ ਵਿਚ ਨੇਜਾ ਵੀ ਟੰਗ ਦਿੱਤਾ ਜਾਂਦਾ) ਬਾਅਦ ਵਿਚ ਕਿਰਪਾਨ ਦਾ ਸ਼ਸਤ੍ਰ ਹੀ ਸਿਪਾਹੀ, ਪਹਿਰੇਦਾਰ ਜਾਂ ਹਿਫਾਜ਼ਤੀ ਦਸਤੇ (ਚੌਂਕੀ) ਦੇ ਯੋਧੇ ਲਈ ਨਿਰਧਾਰਿਤ ਹੋ ਗਿਆ। ਕਿਰਪਾਨ ਦੀ ਨੇਮ ਬੱਧ ਮਰਿਆਦਾ ਛੇਵੀਂ ਪਾਤਸ਼ਾਹੀ ਦੀ ਗੁਰਗੱਦੀ ਰਸਮ ਸਮੇਂ ਬਾਬਾ ਬੁੱਢਾ ਸਜ਼ੀ ਦੇ ਹੱਥੀਂ ਪ੍ਰਵਾਹਿਤ ਹੋਈ ਮੰਨੀ ਜਾਂਦੀ ਹੈ ਜਿਨ੍ਹਾਂ ਨੇ ਮੀਰੀ ਪੀਰੀ ਨੂੰ ਇਕੋ ਥਾਂ ਟਿਕਾ ਦੇਣ ਦੀ ਮੁਢਲੀ ਪ੍ਰਕਿਰਿਆ ਰਸਮੀ ਤੌਰ ਉਪਰ ਪੂਰੀ ਤਰ੍ਹਾਂ ਪ੍ਰਵਾਹਿਤ ਕਰ ਦਿੱਤੀ। ਪੀਰ ਗੁਰੂ ਦੇ ਸਰੀਰ ਉਪਰ ਮੀਰੀ ਹਾਕਮ ਦਾ ਸ਼ਸਤ੍ਰ ਧਾਰਨ ਕਰਵਾ ਕੇ ਨਾ ਸਿਰਫ਼ ਇਹ ਸਗੋਂ ਪੀਰੀ ਦੀ ਮੋਹਰ (੧ਓ) ਦੇ ਨਾਲ ਮੀਰੀ ਦੀ ਮੋਹਰ (ਕਿਰਪਾਨ) ਨੂੰ ਵੀ ਚੌਕੀ ਭਰਨ ਵਾਲੇ ਦਸਤੇ ਦੇ ਨਿਸ਼ਾਨ (ਝੰਡੇ) ਉਪਰ, ਦੂਜੇ ਪਾਸੇ ਉਕਰਾ ਦੇਣ ਦਾ ਪ੍ਰਚਲਨ ਵੀ ਇਸੇ ਸਮੇਂ (ਸੁਰੀਰੀ ਸ਼ਿੰਗਾਰ, ਭਾਵ ਸਰੀਰੀ ਕਵਚ ਖੜਗ ਕਿਰਪਾਨ ਦੇ ਰੂਪ ਵਿਚ) ਹੋ ਗਿਆ ਸੀ। ਯੋਧਿਆਂ ਦੇ ਭੇੜ (ਯੁੱਧ) ਸਮੇਂ ਇਹ ਪ੍ਰਚਲਨ ਹੋ ਚੁਕਾ ਸੀ ਅਤੇ ਹਰ ਤਰ੍ਹਾਂ ਦਾ ਸ਼ਸਤ੍ਰ-ਬਸਤ੍ਰ-ਅਸਤ੍ਰ ਆਦਿ ਦੀ ਪਾਬੰਦੀ ਕਰ ਦਿੱਤੀ ਗਈ ਸੀ। (ਧਾਤ ਦੇ ਸਿੱਕਿਆਂ ਨੂੰ ਦਸਵੰਧ ਰੂਪ, ਭਾਵ : ਕਾਰ ਭੇਟਾ ਰੂਪ ਵਿਚ ਸਰਵਪ੍ਰਥਮ ਦਿੱਤੇ ਜਾਣ ਦੀ ਪਹਿਲੀ ਮਰਿਆਦਾ ਦਾ ਸਥਾਨ ਸ਼ਸਤ੍ਰ-ਬਸਤ੍ਰ-ਅਸਤ੍ਰ ਦੀ ਭੇਟਾ ਨੂੰ ਪਹਿਲ ਪਰਾਪਤ ਹੋ ਚੁੱਕੀ ਸੀ, ਭਾਵ : ਯੋਧੇ ਦੇ ਜੁੱਸੇ ਵਾਲੇ ਗੁਰੂ (ਪੀਰ) ਦੇ ਜੋਬਨ ਤੇ ਜਲੋ ਵਾਲੇ ਜੁੱਸੇ ਨੂੰ ਸ਼ਸਤ੍ਰ-ਬਸਤ੍ਰ-ਅਸਤ੍ਰ ਦਾ ਕਵਚ ਵੀ ਦਰਕਾਰ ਸੀ।

**ਕੜਾ** : ਲੋਹੇ ਦਾ ਗੋਲ ਕੜਾ ਜਾਂ ਕੰਗਣ ਪਹਿਨਣ ਦੀ ਪ੍ਰਕਿਰਿਆ ਵੀ ਛੇਵੇਂ ਗੁਰੂ ਜੀ ਦੇ ਸਮੇਂ ਪ੍ਰਚਲਿਤ ਹੋ ਚੁੱਕੀ ਸੀ। ਗੁਰੂ ਹਰਿਗੋਬਿੰਦ ਦੀ ਬਾਲ-ਅਵਸਥਾ ਦਾ ਬਿਆਨ ਕਰਦਿਆਂ 'ਕੰਙਣ' (ਹੱਥਾਂ ਦੇ ਸ਼ਿੰਗਾਰ) ਦਾ ਜ਼ਿਕਰ ਆਮ ਮਿਲਦਾ ਹੈ (ਜਦੋਂ ਕਿ ਖਿਡਾਵੇ ਆਪ ਨੂੰ ਖਿਡਾਉਂਦੇ ਸਨ)। ਬਾਬਾ ਸ੍ਰੀ ਚੰਦ ਦੇ ਖਿਡਾਵੇ ਭਾਈ ਕਮਲੀਏ ਨੇ ਵੀ ਗੁਰੂ ਨਾਨਕ ਦੇ ਜੇਠੇ ਪੁੱਤਰ ਨੂੰ ਖਿਡਾਉਂਦਿਆਂ 'ਕੰਙਣ' ਵੇਖੇ ਵਰਤੇ ਹੋਣਗੇ। ਭਾਰਤੀ ਸਨਾਤਨਤਾ ਵਿਚ ਪ੍ਰਾਪਤ ਹੈ। ਪਰ ਸਰੀਰਿਕ ਅੰਗਾਂ ਦੇ ਜਲੌ ਵਜੋਂ (ਇਸਤਰੀ ਪੁਰਖ) ਵਰਤੀਦੇ ਆ ਰਹੇ ਨੇ। ਯੋਧੇ ਅਤੇ ਜੂਝਣ ਵਾਲੇ (ਖਾਲਸੇ, ਜੋ ਛੇਵੀਂ ਪਾਤਸ਼ਾਹੀ ਦਾ ਅੰਗੀ-ਸੰਗੀ ਹੋ ਚੁੱਕਾ ਸੀ) ਦੀ ਕਲਾਈ (ਗੁਟ) ਦਾ ਸ਼ਿੰਗਾਰ ਕੜੇ ਨੂੰ ਬਣਾਇਆ ਜਾਣਾ ਵੀ ਇਤਿਹਾਸਿਕ ਤੱਥ ਹੈ। ਗੁਰੂ ਅਰਜਨ ਦੇਵ ਜੀ ਆਪਣੀ ਹੱਥੀਂ ਜੇਤੂ ਭਲਵਾਨਾਂ (ਤਕੜੇ ਜੁੱਸੇ ਵਾਲੇ ਯੋਧਿਆਂ) ਦੇ ਮੁਕਾਬਲਿਆਂ ਉਪਰੰਤ, ਉਨ੍ਹਾਂ ਨੂੰ ਇਨਾਮ ਵਜੋਂ ਕੰਙਣ ਦਿੰਦੇ ਸਨ ਜੋ ਉਹ ਗੁਟ (ਕਲਾਈ) ਉਪਰ ਧਾਰਨ ਕਰਦੇ ਸਨ।[12] ਜਿਸਮ ਦਾ ਜੋੜ ਵਾਲਾ ਹਿੱਸਾ ਕਿਸੇ ਸ਼ਸਤ੍ਰ ਦੇ ਵਾਰ ਹੇਠਾਂ ਨਹੀਂ ਆਉਣਾ ਚਾਹੀਦਾ ਕਿਉਂ ਕਿ ਬਾਕੀ ਅੰਗਾਂ ਦੇ ਜ਼ਖਮਾਂ ਨੂੰ ਖੂਨ ਤੇ ਦਵਾ ਦਾਰੂ ਠੀਕ ਕਰ ਸਕਦਾ ਹੈ, ਜੋੜ ਦਾ ਜ਼ਖ਼ਮ ਠੀਕ ਹੋਣਾ ਔਖਾ ਹੋ ਜਾਂਦਾ ਹੈ। ਇਨ੍ਹਾਂ ਜੋੜ ਅਸਥਾਨਾਂ ਦੀ ਹਿਫਾਜ਼ਤ ਕੰਗਣ, ਕਲਾਈ ਜਾਂ ਕੱਵਚ ਕਰਦੇ ਸਨ।

**ਕ ਹਿਰਾ** ਇਹ 'ਕੱਕਾ' ਆਚਰਨ ਦੀ ਉੱਚਤਾ ਨੂੰ ਧਾਰਨ ਕਰਨ ਲਈ ਹੈ। ਸਾਰੇ ਗੁਨਾਹਾਂ ਦੀ ਜੜ੍ਹ ਕਾਮ ਤੋਂ ਵਿਤ੍ਰੇਕ ਧਾਰਨ ਕਰਨ ਵਾਲਾ 'ਬ੍ਰਹਮਚਾਰੀ' ਤਾਂ ਹੋ ਸਕਦਾ ਹੈ ਪਰ 'ਆਚਾਰੀ' ਨਹੀਂ ਹੋ ਸਕਦਾ। ਗੁਰੂ ਸਾਹਿਬਾਨ ਨੇ ਸਾਨੂੰ ਕਕਾਰਾਂ ਦੀ ਧਾਰਨਾ ਨਾਲ ਜੋੜ ਕੇ ਚਲਆਚਾਰੀ ਬਣਾਇਆ। ਸੰਸਾਰ ਵਿਚ ਹੁੰਦੇ ਹੋਏ ਵੀ ਸੰਸਾਰ ਦੇ ਚਿੱਕੜ ਵਿਚੋਂ ਕੰਵਲ ਵਾਂਗ ਬਣੇ ਰਹਿਣਾ ਖਾਲਸੇ ਤੇ ਕਕਾਰੀ ਦਾ ਗੁਣ ਹੈ। ਮਕਾਰੀ ਨੂੰ ਇਹ ਗੁਣ ਤੇ ਸ੍ਰੇਸ਼ਠਤਾ ਪ੍ਰਾਪਤ ਨਹੀਂ। ਜਿਸ ਨੇ ਆਚਰਣ ਦੀ ਉਸਾਰੀ ਰਾਹੀਂ ਬਲਕਾਰੀ ਯੋਧਾ ਬਣਨਾ ਹੈ, ਉਹ ਕਾਮ ਚੇਸ਼ਠਾ ਦੀ ਭੁੱਖ ਦੇ ਬਾਜ਼ਾਰੀ ਤੌਰ-ਤਰੀਕਿਆਂ ਨੂੰ ਨਕਾਰ ਦਿੰਦਾ ਹੈ। 'ਏਕਾ ਨਾਰੀ ਜਤੀ ਹੋਇ' ਦੇ ਕਿਰਦਾਰ ਦੀ

ਜ਼ਿੰਮੇਵਾਰੀ ਕਛਹਿਰਾ ਨਿਭਾਉਂਦਾ ਹੈ। ਵੱਡੇ ਤੋਂ ਵੱਡੇ ਮਹਾਬਲੀ ਦਾ ਗੁਣ ਲੰਗੋਟ (ਕਛਹਿਰੇ) ਦੀ ਪਵਿਤਰਤਾ ਤੇ ਪਾਕੀਜ਼ਗੀ ਦਾ ਪਾਬੰਦ ਹੋਣਾ ਹੈ।

**ਸਾਰਾਂਸ਼**

(ੳ) ਗੁਰੂ ਨਾਨਕ ਪੰਥ ਦਾ ਸਿਖਰ ਖਾਲਸਈ ਕਿਰਦਾਰ ਦੀ ਸੁੰਦਰਤਾ ਤੇ ਖਾਲਸਈ[13] ਸੰਭਾਲ ਦੇ ਪਾਸ ਸੁਰੱਖਿਅਤ ਹੈ।

(ਅ) ਮਕਾਰੀਆਂ ਦੀ ਚਿੱਕੜ-ਗਾਰ ਦੇ ਸਮਰੂਪ ਕਕਾਰੀਆਂ ਦਾ ਹਿਮਾਲੀਆ ਉਸਾਰਨਾ ਗੁਰੂ ਗੋਬਿੰਦ ਸਿੰਘ ਦਾ ਹੀ ਕਮਾਲ ਸੀ। ਗੁਰੂ ਸਾਹਿਬ ਨੇ ਹਿੰਦ ਨੂੰ ਤਾਜੋ ਤਖਤ ਤੇ ਕੌਮੀ ਪਾਤਸ਼ਾਹੀ ਕਕਾਰੀਆ ਦੇ ਬਲਬੂਤੇ ਹੀ ਦੁਆਈ।

(ੲ) ਕਕਾਰੀ ਬੰਧਾਨ (ਪਾਬੰਦੀ) ਉਦਾਤ ਕਿਸਮ ਦੀ ਤੇ ਆਚਾਰ-ਵਿਹਾਰ ਦੀ ਇਕ ਸੁਰਤਾ ਵਾਲੀ ਉਚ ਦਾ ਗਿਆਨ ਦਿੰਦੀ ਹੈ।

(ਸ) ਪੰਥ ਦੀ ਹਰ ਉੱਚਤਾ ਹਰ ਪਾਕੀਜ਼ਗੀ, ਹਰ ਸੁਜਾਅਦ ਅਤੇ ਹਰ ਬੋਲ ਬਾਲੇ ਦਾ ਜ਼ਾਮਨ ਕਕਾਰੀ ਰਹਿਤ ਬਹਿਤ ਵਾਲਾ ਸਿੰਘ ਹੈ ਕੋਈ ਹੋਰ ਨਹੀਂ।

## ਟਿਪਣੀਆਂ/ਹਵਾਲੇ

1. *ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ* (ਸੈਂਚੀ ਦੂਜੀ) ਪੰਨਾ 135-36
2. ਗੁਰਬਾਣੀ ਵਿਚ ਸਾਕਤ ਦਾ ਸੰਗ ਸੁਪਨੇ ਵਿਚ ਵੀ ਵਰਜਿਤ ਹੈ।
3. *ਇਕੁ ਸਿਖੁ ਦੁਇ ਸਾਧ ਸੰਗੁ ਪੰਜੀ ਪਰਮੇਸਰੁ* (ਵਾਰਾਂ ਭਾਈ ਗੁਰਦਾਸ 13 . 19)
4. ਸ. ਕਪੂਰ ਸਿੰਘ : *ਪ੍ਰਾਸ਼ਰਪ੍ਰਸ਼ਨ ਜਾਂ ਬੈਸਾਖੀ ਆਫ਼ ਗੁਰੂ ਗੋਬਿੰਦ ਸਿੰਘ*
5. ਸ਼ੇਰ ਸਿੰਘ : *Thoughts on Symbolism Sikhism*
6. *ਹਜ਼ੂਰੀ ਸਾਖੀ* (ਅਕਾਲੀ ਕੌਰ ਸਿੰਘ), *ਖਾਲਸਾ ਧਰਮ ਸ਼ਾਸਤ੍ਰ* (ਰਾਮ ਨਰੈਣ ਸਿੰਘ ਸੋਢੀ)।
7. ਗਉੜੀ ਕਬੀਰ ਜੀ, ਪੰਨਾ 342
8. ਉਹੀ, ਪੰਨਾ 34
9. *Mega-Philosophy* 13ਵਾਂ ਵਖਿਆਨ।
10. *ਗੁਰ ਕੀ ਮੁਹਰ ਗੁਰੂ ਸਮ ਜਾਨੈ।*
    *ਗੁਰ ਸਮ ਅਦਬ ਕੇਸ ਕਉ ਠਾਨੈ॥* (ਹਜ਼ੂਰੀ ਸਾਖੀ, ਪੰਨਾ 39)
11. *ਬਿਨਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ* (*ਅਕਾਲੀ ਕੌਰ ਸਿੰਘ*, ਪੰਨਾ 39-40)
12. ਹਥ ਅਤੇ ਬਾਂਹ ਦੇ ਜੋੜ ਦੀ ਥਾਂ : ਵੀਣੀ।
13. ਖਾਲਸਈ ਰਹਿਤ-ਮਰਯਾਦਾ ਦੇ ਮੌਲਿਕ (ਪ੍ਰਮਾਣਿਕ) ਰਹਿਤਨਾਮਿਆਂ ਸੰਬੰਧੀ ਵੇਖੋ :
    (ੳ) *Handbook on the Sikhs* (R. W. Falcon)
    (ਅ) *Encyclopaedia of Sikhism* (Harbans Singh)
    (ੲ) ਸੁਧਰਮ ਮਾਰਗ (ਸੰਪਾਦਕ ਨਰੈਣ ਸਿੰਘ)
    (ਸ) ਰਹਿਤ ਮਰਿਆਦਾ (ਐਸ. ਜੀ. ਪੀ. ਸੀ. ਦਾ ਪਹਿਲਾ ਖਰੜਾ)
    (ਹ) ਰਹਿਤ ਮਰਿਆਦਾ (ਹੁਣ ਦੀ ਰਚਨਾ)

# ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ

ਪ੍ਰੋ. ਪਿਆਰਾ ਸਿੰਘ ਪਦਮ

ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਅਧਿਆਤਮਿਕ ਗੁਰੂ, ਬੀਰ ਸੈਨਾਪਤਿ ਤੇ ਵਿਦਵਾਨ ਕਵੀ ਦਾ ਸੰਗਮ ਸੀ, ਤੇ ਉਹ ਚਾਹੁੰਦੇ ਵੀ ਇਹੋ ਸਨ ਕਿ ਜ਼ਿੰਦਗੀ ਦੀ ਸੰਪੂਰਨਤਾ ਲਈ ਹਰ ਸਿੱਖ ਦਾ ਰੂਹਾਨੀ, ਜਿਸਮਾਨੀ ਤੇ ਦਿਮਾਗੀ ਵਿਕਾਸ ਪੂਰਨ ਭਾਂਤ ਹੋਵੇ। ਬੌਧਿਕ ਪ੍ਰਫੁੱਲਤਾ ਲਈ ਸਾਹਿਤ ਸਿਰਜਨਾ ਇਕ ਜ਼ਰੂਰੀ ਸਾਧਨ ਸੀ ਇਸ ਕਰਕੇ ਗੁਰੂ ਸਾਹਿਬ ਨੇ ਆਪ ਗ੍ਰੰਥ ਲਿਖੇ ਤੇ ਬਹੁਤ ਸਾਰੇ ਹੋਰ ਵਿਦਵਾਨਾਂ ਤੋਂ ਵੀ ਇਹ ਕੰਮ ਕਰਵਾਇਆ। ਇਸ ਸਾਹਿਤ ਸਾਧਨਾ ਦਾ ਉੱਤਮ ਫਲ ਦੋ ਮਹਾਨ ਗ੍ਰੰਥ ਤਿਆਰ ਹੋਏ-ਦਸਮ ਗ੍ਰੰਥ ਤੇ ਵਿੱਦਿਆ ਸਾਗਰ। ਦਸਮ ਗ੍ਰੰਥ, ਦਸ਼ਮੇਸ਼ ਗੁਰੂ ਦੀ ਆਪਣੀ ਅਨੇਕ ਭਾਂਤੀ ਹਿੰਦੀ, ਪੰਜਾਬੀ, ਫ਼ਾਰਸੀ ਰਚਨਾਵਲੀ ਦਾ ਸੰਗ੍ਰਹਿ ਸੀ ਤੇ 'ਵਿਦਿਆ ਸਾਗਰ' ਦਰਬਾਰੀ ਕਵੀਆਂ ਦਾ ਰਚਿਆ ਸਾਹਿਤ ਭੰਡਾਰ।

ਕਿਹਾ ਜਾਂਦਾ ਹੈ ਕਿ ਉਨ੍ਹਾਂ ਪਾਸ 52 ਕਵੀ ਸਨ, ਹੋ ਸਕਦਾ ਹੈ ਕਿਸੇ ਸਮੇਂ ਇਹ ਗਿਣਤੀ ਵੀ ਰਹੀ ਹੋਵੇ ਪਰ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਇਸ ਤੋਂ ਵਧੇਰੇ ਵਿਦਵਾਨ ਗੁਰੂ ਦਰਬਾਰ ਦਾ ਸ਼ਿੰਗਾਰ ਸਨ। ਇਹ ਕਵੀ ਕੇਵਲ ਪੰਜਾਬ ਦੇ ਹੀ ਨਹੀਂ ਸਨ ਸਗੋਂ ਸਿੰਧ ਦੇ ਹੋਰ ਭਾਗਾਂ ਵਿਚੋਂ ਵੀ ਕਈ ਪੰਡਿਤ, ਆਲਮ ਫਾਜ਼ਲ ਅਨੰਦਪੁਰ ਆਏ ਤੇ ਮੁਗ਼ਲ ਦਰਬਾਰ ਦੇ ਕਈ ਸਨਮਾਨਿਤ ਕਵੀ ਵੀ ਗੁਰੂ ਸਾਹਿਬ ਜੈਸੇ ਭਾਰਤੀ ਸਭਿਅਤਾ ਦੇ ਰਾਖੇ ਤੇ ਸਾਹਿਤ ਦੇ ਕਦਰਦਾਨ ਗੁਰੂ ਦੀ ਸ਼ਰਨ ਆਉਣਾ ਮਾਣ ਦੀ ਗੱਲ ਸਮਝਦੇ ਸਨ। ਮਿਸਾਲ ਲਈ ਪੰਡਿਤ ਸੁਖਦੇਵ, ਬ੍ਰਿੰਦ, ਆਲਮ, ਕੁੰਵਰੇਸ਼, ਕਾਸ਼ੀਰਾਮ, ਗੁਰਦਾਸ ਗੁਣੀ ਤੇ ਨੰਦ ਲਾਲ ਗੋਯਾ ਦਾ ਨਾਂ ਲਿਆ ਜਾ ਸਕਦਾ ਹੈ। ਇਹ ਲੋਕ ਅਨੁਭਵ ਕਰਦੇ ਸਨ ਕਿ ਸਤਿਗੁਰੂ ਭਾਰਤੀ ਸੰਸਕ੍ਰਿਤੀ ਦੀ ਪੁਨਰ ਸੁਰਜੀਤੀ ਲਈ ਇਕ ਮਹਾਨ ਯੱਗ ਰਚ ਕੇ ਇਨਕਲਾਬ ਦੀ ਬੁਨਿਆਦ ਰੱਖ ਰਹੇ ਸਨ, ਦੂਜੇ ਉਹ ਆਪ ਸੰਸਕ੍ਰਿਤੀ, ਫ਼ਾਰਸੀ ਤੇ ਹੋਰ ਭਾਸ਼ਾਵਾਂ ਦੇ ਧੁਰੰਧਰ ਵਿਦਵਾਨ ਤੇ ਮਹਾਨ ਕਵੀ ਸਨ, ਇਸ ਕਰਕੇ ਗੁਣੀ ਪੁਰਸ਼ ਅਨੰਦਪੁਰ ਆਉਣ ਲਈ ਵਿਸ਼ੇਸ਼ ਖਿੱਚ ਰਖਦੇ ਸਨ, ਫਿਰ ਗੁਰੂ ਸਾਹਿਬ ਵੱਲੋਂ ਕੀਤੀ ਕਦਰਦਾਨੀ ਵੀ ਕਮਾਲ ਦੀ ਸੀ। ਹਰ ਕਵੀ ਨੂੰ ਉਨ੍ਹਾਂ ਪੂਰੇ ਦਾਨ ਨਾਲ ਸੰਤੁਸ਼ਟ ਕੀਤਾ। ਭਾਵੇਂ ਉਸ ਸਮੇਂ ਦੇ ਹੋਰ ਰਾਜ ਦਰਬਾਰਾਂ ਵਿਚ ਵੀ ਕੁਝ ਕਵੀ ਰਹਿੰਦੇ ਸਨ ਪਰ ਉਹ ਵਧੇਰੇ ਨਿਰੋਲ ਕਸੀਦੇ ਤੇ ਸਤੋਤਰ ਲਿਖਣ ਵਾਲੇ ਸਨ ਜਾਂ ਨਵਾਬਾਂ, ਰਾਜਿਆਂ, ਰਾਣਿਆਂ ਲਈ ਭੋਗ ਵਿਲਾਸ ਦਾ ਸਾਹਿਤ ਰਚ ਕੇ ਸਮਾਜ ਲਈ ਹਾਨੀਕਾਰਕ ਸਿੱਧ ਹੋ ਰਹੇ ਸਨ। ਗੁਰੂ ਸਾਹਿਬ ਦੇ ਦਰਬਾਰ ਵਿਚ ਘਟੀਆਂ ਕਿਸਮ ਦੀ ਖੁਸ਼ਾਮਦ ਕਰਕੇ ਯਾ ਕਸੀਦੇ ਲਿਖ ਕੇ ਕਿਸੇ ਨੂੰ ਆਪਣਾ ਸ੍ਵੈਮਾਨ ਨਹੀਂ ਸੀ ਗੁਆਉਣਾ ਪੈਂਦਾ, ਹਰ ਕੋਈ ਰਾਸ਼ਟਰੀ ਵਿਕਾਸ ਦੀਆਂ ਅਨੇਕ ਪੱਖੀ ਯੋਜਨਾਵਾਂ ਤੱਕ ਕੇ ਤੇ ਕ੍ਰਾਂਤੀਕਾਰੀ ਲਹਿਰ ਨੂੰ ਉਭਰਦਾ ਵੇਖ ਕੇ ਪ੍ਰਸੰਨ ਹੁੰਦਾ ਸੀ ਸੋ ਇਹ ਸਾਰੀ ਸਾਹਿਤਿਕ ਸਰਗਰਮੀ ਨਿਜੀ ਵਡਿਆਈ ਤਕ ਸੀਮਿਤ ਨਹੀਂ ਸੀ, ਸਗੋਂ ਗੁਰੂ ਸਾਹਿਬ ਦਾ ਮਕਸਦ ਤਾਂ ਅਜੇਹਾ ਸਾਹਿਤ ਪੈਦਾ ਕਰਨਾ ਸੀ ਜਿਸ ਨਾਲ ਜਨ ਸਾਧਾਰਨ ਉਭਾਰ ਵਿਚ ਆਵੇ ਤੇ ਧਰਮ ਯੁੱਧ ਦੇ ਚਾਅ ਨਾਲ ਖੰਡਾ ਫੜ ਕੇ ਧਰਮ ਤੇ ਆਜ਼ਾਦੀ ਦੇ ਵੈਰੀਆਂ ਨਾਲ ਜੂਝਣ ਲਈ ਸਾਵਧਾਨ ਹੋ ਜਾਏ। ਸੋ ਜਦੋਂ ਸਾਹਿਤ ਦਾ ਮੰਤਵ ਅਜੇਹਾ ਪਵਿੱਤਰ ਹੋਵੇ, ਤਾਂ ਸਫਲਤਾ ਆਪਣੇ ਆਪ ਕਦਮ ਚੁੰਮਦੀ ਹੈ। ਅਜੇਹੀ ਅਵਸਥਾ ਕਾਰਨ ਗੁਰੂ ਸਾਹਿਬ ਦੇ ਸਾਹਿਤਿਕ ਦਰਬਾਰ ਨੇ, ਅਨੇਕਾਂ ਵਿਦਵਾਨਾਂ ਨੂੰ ਆਕਰਸ਼ਿਤ ਕੀਤਾ। ਪ੍ਰਾਚੀਨ ਲਿਖਤਾਂ ਤੋਂ ਇਹ ਵੀ ਪਰਗਟ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਗੁਰਗੱਦੀ ਤੇ ਬੈਠਦਿਆਂ ਹੀ ਮਸੰਦਾਂ ਦੇ ਨਾਂ ਅਜੇਹੇ ਹੁਕਮਨਾਮੇ ਘੱਲ ਦਿੱਤੇ ਸਨ ਕਿ ਕਿ ਜਿਥੇ ਜਿਥੇ ਵੀ ਕੋਈ ਵਿਦਵਾਨ ਕਵੀ ਮਿਲੇ, ਉਸ ਨੂੰ ਅਨੰਦਪੁਰ ਘੱਲ ਦਿੱਤਾ ਜਾਵੇ। ਰਹਿਤਨਾਮਾ ਭਾਈ ਚੌਪਾ ਸਿੰਘ (1724), ਬੰਸਾਵਲੀ ਨਾਮਾ ਭਾਈ ਕੇਸਰ ਸਿੰਘ ਛਿੱਬਰ,

(1769) ਮਹਿਮਾ ਪ੍ਰਕਾਸ਼ (1774) ਤੋਂ ਇਸ ਦੇ ਪ੍ਰਮਾਣ ਮਿਲਦੇ ਹਨ। ਇਸ ਸੱਦੇ ਅਨੁਸਾਰ ਬਹੁਤ ਸਾਰੇ ਕਵੀ ਜਨ ਤੇ ਲਿਖਾਰੀ ਗੁਰੂ ਜੀ ਦੀ ਹਜ਼ੂਰੀ ਆਏ। ਦਿਨਾਂ ਵਿਚ ਹੀ ਅਨੰਦਪੁਰ ਦਰਬਾਰ ਦੀ ਐਸੀ ਰੌਣਕ ਬਣੀ ਕਿ ਕਵੀ ਇਸ ਦੀ ਸ਼ੋਭਾ ਕਰਦੇ ਨਹੀਂ ਥੱਕਦੇ। 1680 ਈ. ਵਿਚ ਲੱਖਣ ਨੇ, 1684 ਵਿਚ ਤਨਸੁਖ ਨੇ 'ਹਿਤੋਪਦੇਸ਼' ਦਾ ਭਾਖਾਨੁਵਾਦ ਕੀਤਾ। 1683 ਈ. ਦੀ ਲਿਖੀ ਕਵੀ ਗੋਪਾਲ ਦੀ 'ਮੋਹ ਮਰਦ ਰਾਜੇ ਦੀ ਕਥਾ' ਮਿਲਦੀ ਹੈ। ਕੁਝ ਹਾਲਤ ਬਦਲਣ ਕਾਰਨ ਗੁਰੂ ਸਾਹਿਬ ਨੂੰ 1685 ਤੋਂ 1688 ਈ. ਤਕ ਪਾਉਂਟੇ (ਰਿਆਸਤ ਨਾਹਣ) ਜਾ ਕੇ ਟਿਕਣਾ ਪਿਆ, ਪਰ ਉੱਥੇ ਵੀ ਜਮਨਾ ਕਿਨਾਰੇ ਸਾਹਿਤਿਕ ਦਰਬਾਰ ਸਜਦੇ ਰਹੇ ਜਦ ਅਨੰਦਪੁਰ ਪਰਤੇ ਤਾਂ ਉਨ੍ਹਾਂ ਸਾਹਿਤਿਕ ਕਾਰਜ ਦੀ ਮਹਾਨ ਯੋਜਨਾ ਬਣਾ ਲਈ ਤੇ ਪੂਰੇ ਜੋਸ਼ ਤੇ ਉਤਸ਼ਾਹ ਨਾਲ ਕਵੀਆਂ ਨੂੰ ਇਕੱਤਰ ਕਰਨਾ ਸ਼ੁਰੂ ਕੀਤਾ। ਇਹ ਗੱਲ 1689 ਈ. ਦੀ ਹੈ ਜਦ ਪ੍ਰਹਿਲਾਦ ਰਾਇ ਨੂੰ 50 ਉਪਨਿਸ਼ਦਾਂ ਦੇ ਅਨੁਵਾਦ ਦਾ ਕੰਮ ਸੌਂਪਿਆ ਗਿਆ ਜੋ ਉਸ ਨੇ ਦਾਰਾ ਸ਼ਕੋਹ ਵੱਲੋਂ ਕਰਾਏ ਫ਼ਾਰਸੀ ਤਰਜਮੇ ਦੀ ਮਦਦ ਨਾਲ ਪੂਰਿਆਂ ਕੀਤਾ। ਭਾਰਤੀ ਸਾਹਿਤ ਵਿਚ 'ਉਪਨਿਸ਼ਦ' ਆਤਮ ਵਿਦਯਾ ਦੇ ਮਹਾਨ ਗ੍ਰੰਥ ਹਨ, ਗੁਰੂ ਸਾਹਿਬ ਨੇ ਇਨ੍ਹਾਂ ਨੂੰ ਭਾਖਾ ਵਿਚ ਉਲਥਾ ਕੇ ਬੜੀ ਚਿਰੋਕੀ ਘਾਟ ਨੂੰ ਪੂਰਿਆਂ ਕੀਤਾ। ਫਿਰ 1693 ਤੋਂ 1696 ਈ. ਤਕ ਕਈ ਕਵੀਆਂ ਤੋਂ ਮਹਾਂ ਭਾਰਤ ਦੇ 18 ਪਰਬਾਂ ਦਾ ਅਨੁਵਾਦ ਕਰਵਾਇਆ। ਅੰਮ੍ਰਿਤ ਰਾਇ ਲਹੌਰੀ ਨੇ ਸਭਾ ਪਰਬ, ਹੰਸਰਾਮ, ਬਾਜਪੇਈ ਤੇ ਕਰਣ ਪਰਬ, ਮੰਗਲ ਨੇ ਸ਼ਲਯ ਪਰਬ, ਕੁੰਵਰੇਸ਼ ਨੇ ਦ੍ਰੋਣ ਪਰਬ ਆਦਿ ਦਾ ਤਰਜਮਾ ਕੀਤਾ ਤੇ ਸਤਿਗੁਰਾਂ ਸਭ ਨੂੰ ਯਥਾਯੋਗ ਇਨਾਮ ਦਿੱਤੇ ਜੈਸਾ ਕਿ ਇਨ੍ਹਾਂ ਕਵੀਆਂ ਨੇ ਖ਼ੁਦ ਲਿਖਿਆ ਹੈ। ਇਸ ਤੋਂ ਬਿਨਾ ਰਾਜਨੀਤਿਕ ਗ੍ਰੰਥਾਂ ਪੰਚਤੰਤ੍ਰ, ਚਾਣਕਯ ਨੀਤਿ ਆਦਿ ਦੇ ਅਨੁਵਾਦ ਕਰਾਏ। ਇਵੇਂ ਜਿਵੇਂ ਸ਼ਸਤ੍ਰਾਂ, ਅਸਤ੍ਰਾਂ ਬਾਰੇ ਤੇ ਜੰਗ ਯੁੱਧ ਵਿਚ ਕੰਮ ਆਉਣ ਵਾਲੇ ਜਾਨਵਰਾਂ ਹਾਥੀਆਂ, ਘੋੜਿਆਂ, ਬਾਜ਼ਾਂ, ਕੁੱਤਿਆਂ, ਆਦਿ ਦੀ ਸੰਭਾਲ ਤੇ ਰੋਗਾਂ ਦੇ ਇਲਾਜ ਬਾਰੇ ਬਾਜ਼ਨਾਮਾ, ਅਸਪਨਾਮਾ, ਫੀਲਨਾਮਾ ਤੇ ਸੁਆਨਨਾਮਾ ਆਦਿ ਕਈ ਉਪਯੋਗੀ ਗ੍ਰੰਥ ਲਿਖਾਏ। ਇਸ ਤੋਂ ਬਿਨਾ ਹਿੰਦੀ ਸਾਹਿਤ ਦੇ ਕਈ ਪ੍ਰਸਿੱਧ ਗ੍ਰੰਥਾਂ ਦਾ ਗੁਰਮੁਖੀ ਵਿਚ ਲਿਪਿਅੰਤਰ ਕਰਾਇਆ ਗਿਆ ਤਾਂ ਕਿ ਆਮ ਪੰਜਾਬੀ, ਭਾਰਤੀ ਸਾਹਿਤ ਤੋਂ ਪਰਿਚਤ ਹੋ ਸਕਣ; ਪ੍ਰਮਾਣ ਲਈ ਦਰਬਾਰੀ ਲਿਖਾਰੀ ਬਾਲਗੋਬਿੰਦ ਤੇ ਫਤਿਹਚੰਦ ਦਾ ਅਨੰਦਪੁਰ 1753 ਬਿ. ਦਾ ਲਿਖਿਆ 'ਸੂਰ ਸਾਗਰ' ਦਾ ਗੁਰਮੁਖੀ ਖਰੜਾ ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ ਵੇਖਿਆ ਜਾ ਸਕਦਾ ਹੈ। ਤੇ ਇਸ ਉੱਤੇ ਹਜ਼ਾਰ ਤੋਂ ਉੱਤੇ ਲੱਗੇ ਪੰਨੇ ਦਸਦੇ ਹਨ ਕਿ ਇਸ ਵਿਚ ਹੋਰ ਵੀ ਚੀਜ਼ਾਂ ਸ਼ਾਮਿਲ ਸਨ। ਇਹ ਠੀਕ ਹੈ ਕਿ ਅਨੰਦਪੁਰ ਤਿਆਗ ਸਮੇਂ ਸਰਸੇ ਕੰਢੇ ਹੋਏ ਘਮਸਾਣ ਦੇ ਜੁੱਧ ਕਾਰਨ ਬਹੁਤ ਸਾਰੀ ਸਮੱਗਰੀ ਸਾਹਿਤਿਕ ਦੋਖੀਆਂ ਹਥੋਂ ਨਸ਼ਟ ਭ੍ਰਸ਼ਟ ਹੋ ਗਈ ਪਰੰਤੂ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਇਸ ਕਿਸਮ ਦੇ ਅਨੇਕਾਂ ਸਾਹਿਤਿਕ ਗ੍ਰੰਥਾਂ ਦੀ ਲਿਖਤ ਦਾ ਵਜ਼ਨ ਨੌਂ ਮਣ ਸੀ ਤੇ ਇਸ ਸਾਰੀ ਗ੍ਰੰਥਾਵਲੀ ਦਾ ਨਾਂ 'ਵਿਦਿਆਸਾਗਰ' ਰੱਖਿਆ ਗਿਆ ਸੀ। ਇਸ ਵਿਚੋਂ ਮਸਾਂ ਨਾਮ ਮਾਤਰ ਹੀ ਬਚ ਸਕਿਆ ਪਰ ਇਸ ਵਿਚ ਮਿਲਦੀ ਸਮੱਗਰੀ ਤੋਂ ਅਨੁਮਾਨ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਦਰਜਨਾਂ ਸੰਸਕ੍ਰਿਤ ਫ਼ਾਰਸੀ ਪੁਸਤਕਾਂ ਦੇ ਤਰਜਮੇ ਕਰਵਾਏ ਤੇ ਕਈ ਮੌਲਿਕ ਗ੍ਰੰਥ ਲਿਖਵਾਏ। ਇਹ ਕੰਮ ਜਿਥੇ ਉਨ੍ਹਾਂ ਆਪ ਕੀਤਾ ਉਥੇ ਅਨੇਕਾਂ ਦਰਬਾਰੀ ਕਵੀਆਂ ਤੋਂ ਕਰਵਾਇਆ। ਇਸ ਸਾਹਿਤ ਦੀਆ ਨਕਲਾਂ ਤਿਆਰ ਕਰਨ ਵਾਲੇ ਖ਼ੁਸ਼ਨਵੀਸ ਲਿਖਾਰੀ 36 ਸਨ ਜਿਨ੍ਹਾਂ ਦਾ ਕੰਮ ਸ਼ੁੱਧ ਤੇ ਸੁੰਦਰ ਉਤਾਰੇ ਤਿਆਰ ਕਰਨਾ ਸੀ ਤੇ ਇਹ ਉਤਾਰੇ ਸਿਆਣੇ ਸਿੱਖ ਲੋੜ ਅਨੁਸਾਰ ਅਨੰਦਪੁਰ ਤੋਂ ਦੂਰ ਦੂਰ ਆਪਣੇ ਘਰੀਂ ਲੈ ਜਾਂਦੇ ਸਨ। ਗੁਰੂ ਜੀ ਦੇ ਦਰਬਾਰ ਵਿਚ ਕੁੱਲ ਕਵੀ ਕਿਤਨੇ ਸਨ, ਇਹ ਦੱਸਣਾ ਭਾਵੇਂ ਔਖਾ ਹੈ ਪਰ ਫਿਰ ਵੀ ਮਿਲਦੇ ਨਾਵਾਂ ਦੇ ਆਧਾਰ ਤੇ ਇਹ ਸੂਚੀ ਵਿਚ ਇਹ ਨਾਂ ਸੌਖਿਆਂ ਗਿਣੇ ਜਾ ਸਕਦੇ ਹਨ।

| | ਕੀਤਾ ਕੰਮ |
|---|---|
| 1. ਪ੍ਰਹਿਲਾਦ ਰਾਇ | 50 ਉਪਨਿਸ਼ਧਾਂ ਦਾ ਗੱਦ ਅਨੁਵਾਦ |
| 2. ਲੱਖਣ ਰਾਇ | ਹਿਤੋਪਦੇਸ਼ |
| 3. ਅੰਮ੍ਰਿਤ ਰਾਏ ਲਾਹੌਰੀ | ਸਭਾ ਪਰਬ, ਚਿਤ੍ਰ ਬਿਲਾਸ |
| 4. ਹੰਸ ਰਾਮ ਬਾਜਪੇਈ | ਕਰਣ ਪਰਬ |
| 5. ਮੰਗਲ | ਸ਼ਲਯ ਪਰਬ |

| | |
|---|---|
| 6. ਕੁੰਵਰੇਸ਼ | ਦ੍ਰੋਣ ਪਰਬ |
| 7. ਟਹਿਕ | ਅਸ੍ਵਮੇਧ ਪਰਬ, ਰਤਨਦਾਮ (ਅਮਰਕੋਸ਼) |
| 8. ਚੰਦ੍ਰ ਸੈਨ ਸੈਨਾਪਤਿ | ਚਾਣਕਯ ਨੀਤਿ ਸ਼ਾਸਤ੍ਰ, ਸੁਖਚੈਨ ਗ੍ਰੰਥ (ਵੈਦਿਕ) |
| 9. ਕਾਸ਼ੀਰਾਮ | ਪਾਂਡਵਗੀਤਾ |
| 10. ਤਨਸੁਖ ਲਹੌਰੀ | ਰਾਜਨੀਤਿ ਗ੍ਰੰਥ |
| 11. ਅਣੀਰਾਇ | ਜੰਗਨਾਮਾ ਗੁਰੂ ਗੋਬਿੰਦ ਸਿੰਘ |
| 12. ਸੁਖਦੇਵ | ਅਧਯਾਤਮ ਪ੍ਰਕਾਸ਼ |
| 13. ਗੋਪਾਲ | ਅਨਭਉ ਉਲਾਸ, ਮੋਹ ਮਰਦ ਰਾਜੇ ਕੀ ਕਥਾ |
| 14. ਬ੍ਰਿੰਦ | ਬ੍ਰਿੰਦਸਤਸਈ |
| 15. ਗਿਰਧਰ ਲਾਲ | ਪਿੰਗਲ ਸਾਰ |
| 16. ਸੈਣਾ ਸਿੰਘ | ਕੜਖਾ ਗੁਰੂ ਗੋਬਿੰਦ ਸਿੰਘ ਜੀ ਕਾ |
| 17. ਗੁਰਦਾਸ ਗੁਣੀ | ਕਥਾ ਹੀਰ ਰਾਂਝਣ ਕੀ, ਸਾਖੀ ਹੀਰਾ ਘਾਟ ਕੀ |
| 18. ਨੰਦ ਲਾਲ ਭਾਈ | ਦੀਵਾਨਿ ਗੋਯਾ, ਜ਼ਿੰਦਗੀ ਨਾਮਾ, ਤੌਂਸੀ ਫੋਸਨਾ, ਜੋਤਿ ਵਿਗਾਸ |
| 19. ਨਨੂਆਂ ਵੈਰਾਗੀ | ਫੁਟਕਲ ਛੰਦ |
| 20. ਬ੍ਰਹਮ ਭੱਟ | ” |
| 21. ਹੀਰ ਭੱਟ | ” |
| 22. ਚੰਦ | ” |
| 23. ਸੁੰਦਰ | ” |
| 24. ਸ਼ਾਰਦਾ | ” |
| 25. ਆਲਮ | ” |
| 26. ਸੁਦਾਮਾ | ” |
| 27. ਧਰਮ ਸਿੰਘ | ” |
| 28. ਧੰਨਾ ਸਿੰਘ | ” |
| 29. ਚੰਦਨ | ” |
| 30. ਪ੍ਰੋ. ਨੰਦ ਲਾਲ | ” |
| 31. ਪ੍ਰੋ. ਬ੍ਰਿਜ ਲਾਲ | ” |
| 32. ਪੰ. ਰਘੁਨਾਥ | ” |
| 33. ਮਾਨਦਾਸ ਵੈਰਾਗੀ | ” |
| 34. ਈਸਰਦਾਸ | ” |
| 35. ਭੋਜਰਾਜ | ” |
| 36. ਮੱਲ ਭੱਟ | ” |
| 37. ਨਿਹਚਲ ਫਕੀਰ | ” |
| 38. ਮਨੀ ਸਿੰਘ | ” |
| 39. ਮਾਲਾ ਸਿੰਘ | ” |
| 40. ਮਦਨ ਸਿੰਘ | ” |
| 41. ਕਲੂਆ | ” |
| 42. ਵੱਲਭ | ” |
| 43. ਮਥਰਾਦਾਸ | ” |

44. ਠਾਕੁਰ ”
45. ਪਿੰਡੀਲਾਲ ”
46. ਰਾਮਦਾਸ ”
47. ਖਾਨਚੰਦ ”
48. ਮਧੂ ”
49. ਰਾਵਲ ”
50. ਬਿਧੀ ਚੰਦ ”
51. ਬ੍ਰਿਖਾ ”
52. ਉਦੇਰਾਇ ”
53. ਬਿਹਾਰੀ ”
54. ਜਾਦੋਰਾਇ ”
55. ਫਤ ਮੱਲ ”
56. ਲਾਲ ਖਿਆਲੀ ”
57. ਆਢਾ ”
58. ਭਗਤ ”
59. ਰਾਇ ਸਿੰਘ ”
60. ਮਹਾਂ ਸਿੰਘ ”
61. ਮੀਰ ਛਬੀਲਾ (ਢਾਡੀ) ”
62. ਮੀਰ ਮੁਸ਼ਕੀ (ਢਾਡੀ) ”
63. ਜਮਾਲ ”
64. ਹੁਸੈਨ ਅਲੀ ਆਦਿਕ ”

ਇਨ੍ਹਾਂ ਦੇ ਕੁਝ ਛੰਦ ਮਿਲਦੇ ਹਨ ਤੇ ਕਈ ਨਾਂ ਐਸੇ ਵੀ ਹਨ, ਜਿਨ੍ਹਾਂ ਦੀ ਕਾਵਿ ਰਚਨਾ ਪ੍ਰਾਪਤ ਨਹੀਂ, ਪਰ ਪੁਰਾਤਨ ਸਿੱਖ ਗ੍ਰੰਥਾਂ ਵਿਚ ਉਨ੍ਹਾਂ ਦਾ ਨਾਮ ਮੌਜੂਦ ਹੈ, ਇਸ ਲਈ ਹੋਰ ਖੋਜ ਭਾਲ ਦੀ ਲੋੜ ਹੈ।

# ਸਾਹਿਤ ਸੰਪਰਦਾਵਾਂ ਦਾ ਸੋਮਾ : ਗੁਰੂ ਗੋਬਿੰਦ ਸਿੰਘ

ਅਜਮੇਰ ਸਿੰਘ

ਗੁਰੂ ਗੋਬਿੰਦ ਸਿੰਘ ਨੇ ਚੁਤਾਲੀ ਸਾਲ ਦੀ ਉਮਰ ਵਿਚ ਹੀ ਕਈ ਲਾਸਾਨੀ ਕੰਮ ਕੀਤੇ। ਉਹ ਤਲਵਾਰ ਤੇ ਕਲਮ ਦੇ ਧਨੀ ਸਨ : ਉਹ ਸੂਰਬੀਰ ਯੋਧਾ ਤੇ ਵਧੀਆ ਫੌਜੀ ਜਰਨੈਲ ਸਿੰਘ ਸਨ। ਉਹਨਾਂ ਨੇ ਹਿੰਦੁਸਤਾਨ ਦੇ ਮੁਰਦਾ ਹੋਏ ਜਿਸਮਾਂ ਵਿਚ ਅੰਮ੍ਰਿਤਮਈ ਨਵੀਂ ਰੂਹ ਭਰੀ, ਉਨ੍ਹਾਂ ਨੇ ਜਿਥੇ ਕਿਲ੍ਹੇ ਬਣਾਏ, ਫੌਜਾਂ ਤੇ ਹਥਿਆਰ ਇਕੱਤਰ ਕਰਕੇ ਔਰੰਗਜ਼ੇਬ ਵਰਗੇ ਸ਼ਕਤੀਸ਼ਾਲੀ ਜ਼ਾਲਮ ਬਾਦਸ਼ਾਹ ਨੂੰ ਚਣੌਤੀ ਦਿੱਤੀ ਉਥੇ ਖ਼ੁਦ ਸਾਹਿਤ ਸਿਰਜਣ, ਸਾਹਿਤ ਸ੍ਰਪਰਸਤੀ ਤੇ ਸਾਹਿਤ ਨੂੰ ਲੋਕ-ਲਹਿਰ ਬਣਾਉਣ ਵਾਲੇ ਚੇਤਨਾ ਭਰਪੂਰ ਯਤਨ ਕੀਤੇ। ਇਹਨਾਂ ਨੇ ਯੁੱਧ ਸਮੇਂ ਜਿਹੜੇ ਬੀਰਤਾ ਭਰੇ ਅਤੇ ਬੇਮਿਸਾਲ ਕਾਰਜ ਕੀਤੇ ਉਹਨਾਂ ਦੀ ਮੋਹਰਛਾਪ ਲੋਕ-ਮਾਨਵ ਦੇ ਮਨ ਉੱਤੇ ਸਦੀਵ ਕਾਲ ਰਹੇਗੀ। ਉਹ ਤੀਰ-ਅੰਦਾਜ਼ੀ ਵਿਚ ਅਤਿ ਨਿਪੁੰਨ ਅਤੇ ਰੂਹਪੋਸ਼ ਹੋਣ ਦੀ ਕਲਾ 'ਚ ਬਹੁਤ ਮਾਹਿਰ ਸਨ। ਉਹ ਸਾਧਾਰਨ ਬੰਦਿਆਂ ਦੀ ਸ਼ਕਤੀ ਨੂੰ ਰੂਪਾਂਤਰਣ ਕਰਕੇ ਬਹੁਤ ਆਸਾਧਾਰਨ ਕੰਮ ਕਰ ਲੈਂਦੇ ਸਨ ਜਿਵੇਂ ਉਹਨਾਂ ਬਚਿੱਤਰ ਸਿੰਘ ਤੇ ਬੰਦਾ ਬੈਰਾਗੀ ਤੋਂ ਕਾਰਜ ਕਰਵਾਇਆ। ਉਹਨਾਂ ਦੇ ਇਕ ਇਸ਼ਾਰੇ ਤੇ ਲੱਖਾਂ ਲੋਕ ਮਰਨ ਲਈ ਦੀਵਾਨੇ ਹੋ ਜਾਂਦੇ ਸਨ। ਉਹਨਾਂ ਭਾਰਤ ਦਾ ਨਹੀਂ ਮਨੁੱਖਤਾ ਦਾ ਨਵਾਂ ਇਤਿਹਾਸ ਸਿਰਜਿਆ ਉਹਨਾਂ ਨੇ ਫੌਜ ਇਕੱਠੀ ਕੀਤੀ ਯੁੱਧ ਜਿੱਤੇ, ਪਰ ਆਪਣਾ ਰਾਜ ਕਾਇਮ ਨਾ ਕੀਤਾ। ਉਹਨਾਂ ਨੇ ਮਨੁੱਖ ਨੂੰ, ਸਮਾਜ ਨੂੰ, ਧਰਮ ਨੂੰ ਤੇ ਤਿਉਹਾਰਾਂ ਨੂੰ ਨਵੇਂ ਅਰਥ ਰੂਪ ਤੇ ਸੰਕਲਪ ਦਿੱਤੇ, ਹੋਲੀ ਤੋਂ ਹੋਲਾ ਮਹੱਲਾ ਬਣਾ ਦਿੱਤਾ। ਉਹਨਾਂ ਨੇ ਆਪਣੇ ਜੀਵਨ ਦੇ ਮਿਸ਼ਨ ਦੀ ਸਾਰਥਿਕਤਾ ਲਈ ਆਪਣੇ ਪਰਿਵਾਰ ਦੇ ਲਹੂ ਨਾਲ ਹਿੰਦੁਸਤਾਨ ਦੀ ਭੁੰਇ ਨੂੰ ਸਿੰਜਿਆ। ਇਹਨਾਂ ਨੇ ਆਪਣੇ ਦੋ ਪੁੱਤਰਾਂ ਨੂੰ ਆਪ ਸ਼ਿੰਗਾਰ ਕੇ ਚਮਕੌਰ ਦੀ ਗੜ੍ਹੀ ਵਿਚ ਮੌਤ ਰਾਣੀ ਵਰਣ ਲਈ ਭੇਜਿਆ ਅਤੇ ਉਨ੍ਹਾਂ ਦੇ ਦੋ ਪੁੱਤਰਾਂ (ਉਮਰ ਸੱਤ ਤੇ ਨੌ ਸਾਲ) ਨੂੰ ਨੀਹਾਂ ਵਿਚ ਚਿਣ ਦਿੱਤਾ ਗਿਆ। ਫਿਰ ਵੀ ਉਹ ਹਮੇਸ਼ਾਂ ਚੜ੍ਹਦੀ ਕਲਾ 'ਚ ਰਹੇ।

ਗੁਰੂ ਗੋਬਿੰਦ ਸਿੰਘ ਦੇ ਇੱਕ ਹੱਥ ਵਿਚ ਸਸ਼ਤਰ ਦੂਜੇ ਵਿਚ ਸ਼ਾਸਤਰ ਸੀ। ਇਉਂ ਵਾਸਤਵ ਵਿਚ ਕਾਵਿ ਸਿਰਜਣ ਤੇ ਸਾਹਿਤ ਦੀ ਸਰਪ੍ਰਸਤੀ ਦਾ ਕਾਰਜ ਚਲਦਾ ਰਿਹਾ। ਜਦੋਂ ਇਹ ਆਪਣੀ ਫੌਜੀ ਸ਼ਕਤੀ ਨੂੰ ਇਕੱਤਰ ਤੇ ਸ਼ਕਤੀਸ਼ਾਲੀ ਕਰ ਰਹੇ ਸਨ, ਤਾਂ ਪਾਉਂਟਾ ਸਾਹਿਬ ਵਿਚ ਬਵੰਜਾ ਕਵੀ ਸਾਹਿਤ ਦੀ ਸਿਰਜਣਾ ਕਰ ਰਹੇ ਸਨ, ਇਹ ਅਜਿਹੇ ਮਨੁੱਖ ਦੀ ਉਤਪਤੀ ਵਿਚ ਸਹਾਇਤਾ ਕਰ ਰਹੇ ਸਨ ਜੋ ਸੰਤ ਵੀ ਹੋਵੇ ਤੇ ਸਿਪਾਹੀ ਵੀ; ਜੋ ਕਿਤਾਬ ਤੇ ਤੇਗ ਦੋਵੇਂ ਰਖ ਸਕੇ, ਇਨ੍ਹਾਂ ਕਵੀਆਂ, ਢਾਡੀਆਂ, ਰਾਗੀਆਂ, ਕਵੀਸ਼ਰਾਂ ਨੇ ਸਮਾਜ ਵਿਚ ਅਜਿਹੀ ਜ਼ਮੀਨ ਤਿਆਰ ਕਰਨ ਵਿਚ ਬਹੁਤ ਸਹਾਇਤਾ ਕੀਤੀ ਜਿਸ ਵਿਚ ਗੁਰੂ ਸਾਹਿਬ ਨਵੇਂ ਆਦਰਸ਼, ਨਵੇਂ ਸੰਕਲਪ ਤੇ ਨਵੇਂ ਮਾਨਵ ਦਾ ਬੀਜ ਬੀਜਣਾ ਚਾਹੁੰਦੇ ਸਨ। ਇਹਨਾਂ ਨੇ ਕਾਵਿ ਤੇ ਸਾਹਿਤ ਨੂੰ ਹਥਿਆਰ ਵਜੋਂ ਵਰਤਿਆ। ਇਸ ਦੀ ਸਭ ਤੋਂ ਸ੍ਰੇਸ਼ਟ ਮਿਸਾਲ ਜ਼ਫ਼ਰਨਾਮਾ ਹੈ ਜੋ ਇਹਨਾਂ ਦੇ ਦੀਨੇ ਕਾਂਗੜ ਦੇ ਟਿੱਬੇ ਤੇ ਬੈਠ ਕੇ (ਫ਼ਾਰਸੀ ਵਿਚ) ਲਿਖਿਆ ਤੇ ਬਾਦਸ਼ਾਹ ਨੂੰ ਕਰਾਰਾ ਸੱਚ ਸੁਣਾਇਆ, ਜਿਸ ਦੇ ਫਲਸਰੂਪ ਬਾਦਸ਼ਾਹ ਔਰੰਗਜ਼ੇਬ ਨੇ ਇਨ੍ਹਾਂ ਉੱਤੇ ਲੱਗੀਆਂ ਪਾਬੰਦੀਆਂ ਉਠਾ ਦਿੱਤੀਆਂ।

ਗੁਰੂ ਜੀ ਹਿੰਦੀ, ਪੰਜਾਬੀ ਤੇ ਫ਼ਾਰਸੀ ਤੇ ਮਹਾਂ ਕਵੀ ਹਨ। ਇਹਨਾ ਦੀ ਕਵਿਤਾ 'ਸ੍ਰੀ ਦਸਮ ਗ੍ਰੰਥ'[1] ਅਤੇ 'ਸਰਬ ਲੋਹ ਗ੍ਰੰਥ'[2] ਵਿਚ ਅੰਕਿਤ ਹੈ। ਇਹਨਾਂ ਦੇ ਇਹ ਗ੍ਰੰਥ ਜਦੋਂ ਇਨ੍ਹਾਂ ਨੇ ਆਨੰਦਪੁਰ ਦਾ ਕਿਲ੍ਹਾ ਛੱਡਿਆ ਤਾਂ ਨਾਲ ਸਨ ਪਰ ਮੁਗ਼ਲਾਂ ਦੇ ਹਮਲੇ ਸਮੇਂ ਸਰਸਾ ਨਦੀ ਵਿਚ ਡੁੱਬ ਗਏ ਸਨ। 'ਦਸਮ ਗ੍ਰੰਥ' ਦਾ ਸੰਕਲਨ ਇਹਨਾਂ ਦੇ ਅਨਿੰਨ ਭਗਤ ਤੇ ਵਿਦਵਾਨ ਸ਼ਹੀਦ ਮਨੀ ਸਿੰਘ ਨੇ ਗੁਰੂ ਸਾਹਿਬ ਦੇ ਦਿਹਾਂਤ ਤੋਂ ਵੀਹ ਕੁ ਵਰ੍ਹੇ

ਬਾਅਦ ਦਰਬਾਰ ਸਾਹਿਬ ਵਿਚ ਕੀਤਾ।[3]

ਗੁਰੂ ਜੀ ਦੇ ਦਰਬਾਰ ਵਿਚ ਬਹੁਤ ਉੱਚ ਪਾਇ ਦੇ ਬੰਵਜਾ ਕਵੀ ਸਨ, ਇਹ ਕਵੀ ਤਿੰਨ ਢੰਗਾਂ ਨਾਲ ਦਰਬਾਰ ਵਿਚ ਪਹੁੰਚੇ। ਪਹਿਲੇ ਵਰਗ ਦੇ ਉਹ ਹਨ ਜੋ ਗੁਰੂ ਜੀ ਦੀ ਦੈਵੀ ਸ਼ਖ਼ਸੀਅਤ ਦੇ ਖਿੱਚੇ ਚਲੇ ਆਏ। ਦੂਜੇ ਰਾਜਸਥਾਨ, ਯੂ.ਪੀ. ਬਿਹਾਰ (ਉਤਰੀ ਭਾਰਤ) ਰਾਜਿਆਂ ਦੇ ਦਰਬਾਰੀ ਕਵੀ ਸਨ ਜੋ ਇਨਾਮ ਤੇ ਸ਼ੋਹਰਤ ਦੀ ਚਾਹਨਾਂ ਵਜੋਂ ਆ ਗਏ। ਤੀਜੇ, ਉਹ ਜਿਹੜੇ ਭਾਈ ਨੰਦ ਲਾਲ ਗੋਯਾ ਵਾਂਗ ਬਹੁਤ ਉਚਕੋਟੀ ਦੇ ਵਿਦਵਾਨ ਸਨ।[4] ਮੁਗ਼ਲ ਇਨ੍ਹਾਂ ਨੂੰ ਮੁਸਲਮਾਨ ਬਣਾਉਂਦੇ ਸਨ ਅਤੇ ਇਹ ਉਥੋਂ ਭੱਜ ਕੇ ਆਏ ਸਨ। ਇਹ ਬਵੰਜਾ ਕਵੀ ਨਿਮਨ ਲਿਖਤ ਮੰਨੇ ਜਾਂਦੇ ਹਨ।[5]

1. ਭਾਈ ਨੰਦ ਲਾਲ ਗੋਯਾ 2. ਭਾਈ ਮਨੀ ਸਿੰਘ 3. ਚਉਂਪਾ ਸਿੰਘ 4. ਕ੍ਰਿਪਾ ਰਾਮ 5. ਨਨੂਆ ਵੈਰਾਗੀ 6. ਭਾਈ ਰਾਮ ਕੁਇਰ 7. ਦੇਵੀ ਦਾਸ 8. ਲੱਖਣ ਰਾਏ 9. ਤਨਸੁਖ ਲਾਹੌਰੀ 10. ਕਾਂਸੀ ਰਾਮ 11. ਚੰਦ੍ਰ ਸੇਨਿ ਸੈਨਾਪਤਿ 12. ਪ੍ਰਹਿਲਾਦ ਰਾਇ 13. ਅੰਮ੍ਰਿਤ ਰਾਇ ਲਾਹੌਰੀ 14. ਮੰਗਲ ਰਾਇ 15. ਹੰਸ ਰਾਮ ਬਾਜਪੇਈ 15. ਕੰਵਰੇਸ਼ 17. ਟਹਿਕਣ ਦਾਸ 18. ਚੰਦ 19. ਅਣੀ ਰਾਇ 20. ਸੁਖਦੇਵ 21. ਬ੍ਰਿੰਦ 22. ਗਿਰਧਰ ਲਾਲ 23. ਆਲਮ ਸ਼ਾਹ 24. ਨੰਦ ਰਾਮ 25. ਹਰਿਦਾਸ 26. ਗੋਪਾਲ 27. ਧਰਮ ਸਿੰਘ 28. ਗੁਰਦਾਸ ਸਿੰਘ 29. ਗੁਦਾਸ ਗੁਣੀ 30. ਭਾਈ ਫੇਰੂ 31. ਬ੍ਰਹਮ ਭੱਟ 32. ਹੀਰ ਭੱਟ 33. ਸੁੰਦਰ 34. ਸ਼ਾਰਦਾ 35. ਸੁਦਾਮਾ 36. ਹੁਸੈਨ ਅਲੀ 37. ਚੰਦਨ 38. ਧੰਨਾ ਸਿੰਘ 39. ਰਾਮ ਦਾਸ 40. ਬ੍ਰਿਜ ਲਾਲ 41. ਮੀਰ ਛਬੀਲਾ 42. ਮੀਰ ਮੁਸਕੀ 43. ਕੇਸੋ ਭੱਟ 44. ਦੇਸਾ ਸਿੰਘ ਭੱਟ 45. ਨਰਬਦ ਸਿੰਘ ਭੱਟ 46. ਕੀਰਤ ਸਿੰਘ 47. ਨਿਹਚਲ ਫਕੀਰ 48. ਨੰਦ ਲਾਲ 49. ਮਾਨ ਦਾਸ ਬੈਰਾਗੀ 50. ਈਸ਼ਰ ਦਾਸ 51. ਬਿਹਾਰੀ 52. ਆਢਾ

ਇਹਨਾ ਬਵੰਜਾਂ ਦਰਬਾਰੀ ਕਵੀਆਂ ਨੇ ਬਹੁਤ ਸਾਰੀ ਆਪਣੀ ਰਚਨਾ ਕੀਤੀ ਅਤੇ ਇਹਨਾਂ ਦੀ ਮਿਸ਼੍ਰਿਤ ਰਚਨਾ ਤੋਂ ਵਿਦਿਆ ਸਾਗਰ ਨਾਂ ਦਾ ਗ੍ਰੰਥ ਤਿਆਰ ਕੀਤਾ ਗਿਆ।[6]

*ਸੰਸਕ੍ਰਿਤ ਬਹੁ ਭਾਖਾ ਕਰੀ। ਵਿਦਿਆ ਸਾਗਰ ਗ੍ਰੰਥ ਪਰ ਚੜ੍ਹੀ' (ਮਹਿਮਾ ਪ੍ਰਕਾਸ਼)*

ਭਾਈ ਸੰਤੋਖ ਸਿੰਘ ਨੇ ਇਸ ਦਾ ਨਾਂ 'ਵਿਦਿਆਧਰ' ਲਿਖਿਆ ਅਤੇ ਇਸ ਦਾ ਭਾਰ ਨੌ ਮਣ ਦੱਸਿਆ ਹੈ :

*ਤਿਨ ਕਵੀਅਨਿ ਬਾਨੀ ਕਰੀ ਲਿਖਿ ਕਾਗਦ ਤੁਲਵਾਇ।*
*ਨੌ ਮਣ ਹੋਏ ਤੋਲ ਮਹਿ ਸੂਖਮ ਲਿਖਤ ਲਿਖਾਇ॥2॥*[7]

ਇਹ ਕਾਵਿ ਤੇ ਵਿੱਦਿਆ ਦਾ ਖ਼ਜ਼ਾਨਾ ਵੀ ਸਰਸਾ ਨਦੀ ਵਿਚ ਭਸਮ ਤੇ ਨਸ਼ਟ ਕਰ ਦਿੱਤਾ ਗਿਆ। ਇਸ ਦੇ ਕੁਝ ਅੰਸ ਤੇ ਉਤਾਰੇ ਅਜੇ ਖਿਲਰੇ ਪਏ ਮਿਲਦੇ ਹਨ। ਕਿਸੇ ਸੰਸਥਾਂ ਨੂੰ ਇਸ ਨੂੰ ਪੁਨਰ ਸੰਪਾਦਨ ਕਰਾਉਣ ਦੇ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਇਸ ਦੇ ਅੰਸ਼ਕ ਉਤਾਰਿਆਂ ਦੇ ਖਰੜੇ ਵੀ ਨਸ਼ਟ ਨਾ ਹੋ ਜਾਣ।

ਗੁਰੂ ਗੋਬਿੰਦ ਸਿੰਘ ਜੀ ਦੀ ਦੂਰ ਦ੍ਰਿਸ਼ਟੀ ਅਤੇ ਸਾਹਿਤ ਪ੍ਰੇਮ ਕਰ ਕੇ ਉਹਨਾਂ ਨੇ ਨਿਮਨ ਲਿਖਤ ਸੰਪਰਦਾਵਾਂ/ਪਰੰਪਰਾਵਾਂ ਨੂੰ ਸਰਪ੍ਰਸਤੀ ਦਿੱਤੀ ਜਿਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ :

1. ਨਿਰਮਲਾ ਸੰਪਰਦਾਇ
2. ਸੇਵਾ ਪੰਥੀ ਸੰਪਰਦਾਇ
3. ਗਿਆਨੀ ਸੰਪਰਦਾਇ
4. ਦਮਦਮੀ ਟਕਸਾਲ ਸੰਪਰਦਾਇ
5. ਨਿਹੰਗ ਸੰਪਰਦਾਇ
6. ਕਵੀਸ਼ਰੀ ਪਰੰਪਰਾ

ਸਾਹਿਤ ਨਾਲ ਸੰਬੰਧਿਤ ਕਵੀ ਪਰੰਪਰਾਵਾਂ ਨੂੰ ਪਹਿਲਾਂ ਤੋਂ ਹੀ ਗੁਰੂ ਘਰ ਦੀ ਛਤਰ ਛਾਇਆ ਪ੍ਰਾਪਤ ਰਹੀ ਸੀ ਜਿਵੇਂ ਗੁਰੂ ਨਾਨਕ ਦੇਵ ਨੇ ਰਬਾਬੀ ਪਰੰਪਰਾ, ਗੁਰੂ ਹਰਿਗੋਬਿੰਦ ਨੇ ਢਾਡੀ-ਪਰੰਪਰਾ ਅਤੇ ਗੁਰੂ ਅੰਗਦ ਦੇਵ ਨੇ ਲਿਖਾਰੀ ਪਰੰਪਰਾ ਨੂੰ ਆਰੰਭ ਕੀਤਾ ਸੀ। ਹੋਰ ਪਰੰਪਰਾਵਾਂ ਵੀ ਚਲ ਰਹੀਆਂ ਸਨ ਪਰ ਗੁਰੂ ਗੋਬਿੰਦ ਸਿੰਘ ਨੇ

ਨਿਮਨ ਲਿਖਤ ਸੰਪਰਦਾਵਾਂ ਨੂੰ ਪੂਰੀ ਸਰਪ੍ਰਸਤੀ ਦਿੱਤੀ :

1. ਰਬਾਬੀ ਪਰੰਪਰਾ
2. ਢਾਡੀ ਪਰੰਪਰਾ
3. ਲਿਖਾਰੀ ਪਰੰਪਰਾ

ਹੁਣ ਇਹਨਾਂ ਵੱਲੋਂ ਚਲਾਈਆਂ ਸੰਪਰਦਾਵਾਂ ਦਾ ਲੇਖਾ ਜੋਖਾ ਸੰਖੇਪ ਵਿਚ ਕੀਤਾ ਜਾਵੇਗਾ :

**1. ਨਿਰਮਲਾ ਸੰਪਰਦਾਇ**

ਗੁਰੂ ਗੋਬਿੰਦ ਸਿੰਘ ਨੇ ਨਿਮਨ ਲਿਖਤ ਪੰਜ ਨੌਜਵਾਨਾਂ ਨੂੰ ਬਹੁਤ ਸਾਰਾ ਸੋਨਾ ਦੇ ਕੇ ਕਾਂਸ਼ੀ ਭੇਜਿਆ ਤਾਂ ਜੋ ਉਥੋਂ ਸੰਸਕ੍ਰਿਤ ਉਚਤਮ ਵਿੱਦਿਆ ਪ੍ਰਾਪਤ ਕਰ ਕੇ ਆਉਣ ।[8] ਇਹ ਸਨ : 1. ਰਾਮ ਸਿੰਘ, 2. ਕਰਮ ਸਿੰਘ, 3. ਗੰਡਾ ਸਿੰਘ, 4. ਵੀਰ ਸਿੰਘ, 5. ਸੋਭਾ ਸਿੰਘ । ਗਿਆਨੀ ਗਿਆਨ ਸਿੰਘ ਨੇ 'ਨਿਰਮਲ ਪੰਥ ਪ੍ਰਦੀਪਕਾ' ਵਿਚ ਸੋਭਾ ਸਿੰਘ ਨੂੰ ਸੈਣ ਸਿੰਘ ਦੱਸਿਆ । ਇਹਨਾਂ ਗੂੜ੍ਹ ਸੰਸਕ੍ਰਿਤੀ ਦੀ ਪੂਰਨ ਵਿੱਦਿਆ ਹਾਸਲ ਕੀਤੀ ਅਤੇ 'ਪੰਡਿਤ' ਨਾਮ ਨਾਲ ਪ੍ਰਸਿੱਧ ਹੋਏ । ਇਹ ਕੇਵਲ ਚਿੱਟੇ ਵਸਤਰ ਪਾਉਂਦੇ, ਉੱਚਾ ਜੀਵਨ ਬਤੀਤ ਕਰਦੇ ਅਤੇ ਬ੍ਰਹਮਚਾਰਯ ਵੀ ਸਨ । ਇਹ ਸਾਰੇ ਬਹੁਤ ਵੱਡੇ ਵਿਦਵਾਨ ਬਣੇ ਅਤੇ ਪੜ੍ਹਾਈ ਤੋਂ ਬਾਅਦ ਆਨੰਦਪੁਰ ਪਹੁੰਚੇ ਤੇ 'ਨਿਰਮਲੇ' ਅਖਵਾਏ । ਖਾਲਸੇ ਦੀ ਸਿਰਜਣਾਂ ਸਮੇਂ ਇਨ੍ਹਾਂ ਨੇ ਅੰਮ੍ਰਿਤ ਵੀ ਛਕਿਆ । ਇਨ੍ਹਾਂ ਪੰਜ ਵਿਦਵਾਨਾਂ ਨੇ ਹੋਰ ਸ਼ਿਸ਼ਾਂ ਨੂੰ ਸੰਸਕ੍ਰਿਤ ਤੇ ਹੋਰ ਗ੍ਰੰਥ ਪੜ੍ਹਾਉਣੇ ਸ਼ੁਰੂ ਦਿੱਤੇ । ਇਸ ਤਰ੍ਹਾਂ ਵਿਦਵਾਨਾਂ ਪੰਡਿਤਾਂ ਸਾਹਿਤਕਾਰਾਂ ਦੇ ਪੂਰ ਦਰ ਪੂਰ ਚੱਲਣੇ ਅਰੰਭ ਹੋ ਗਏ । ਇਹਨਾਂ ਦੇ ਰਹਿਣ ਅਸਥਾਨ ਨੂੰ 'ਡੇਰਾ' ਤੇ ਕੇਂਦਰੀ ਅਸਥਾਨ 'ਅਖਾੜਾ' ਕਿਹਾ ਜਾਂਦਾ ਸੀ ਜਿੱਥੇ ਵਿੱਦਿਆਲਾ ਚੱਲਦਾ ਸੀ । ਸਫ਼ਰ ਸਮੇਂ ਮੰਡਲੀਆਂ ਬਣਾ ਕੇ ਚੱਲਦੇ ਅਤੇ ਸ਼ਾਸਤਰਥਾਂ ਦਾ ਪ੍ਰਚਾਰ ਕਰਦੇ ਸਨ । ਇਹਨਾਂ ਦੀਆਂ ਜੀਵਨ ਲੋੜਾਂ ਬਹੁਤ ਥੋੜ੍ਹੀਆਂ ਸਨ । ਇਹ ਵਿਦਵਾਨ ਤਿੰਨ ਭਾਸ਼ਾਵਾਂ ਵਿਚ ਪੁਸਤਕਾਂ ਲਿਖ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਸਨ । ਪਹਿਲੇ ਉਹ ਜੋ ਸੰਸਕ੍ਰਿਤ ਵਿਚ ਲਿਖਦੇ ਸਨ ਜਿਵੇਂ ਈਸ਼ਰ ਸਿੰਘ (ਮਾਹਲਪੁਰ ਬਾੜੀਆਂ ਵਾਲੇ, ਇਨ੍ਹਾਂ ਦਾ ਪਿੱਛਾ ਦੋਧਰ ਪਿੰਡ ਦਾ ਸੀ) ਨੇ ਸੰਸਕ੍ਰਿਤ ਦੀਆਂ ਦੋ ਪੁਸਤਕਾਂ ਲਿਖੀਆਂ :

1. ਵਾਹਿਗੁਰੂ ਮੰਤ੍ਰਾਰਥ ਪ੍ਰਕਾਸ਼
2. ਗੁਰਮਤ ਦਿਗਵਿਜਯ

ਸੰਸਕ੍ਰਿਤ ਦਾ ਇਹ ਵਿਦਵਾਨ ਬਹੁਤ ਤਿਆਗੀ ਸੀ । ਮਹਾਰਾਜਾ ਹੀਰਾ ਸਿੰਘ ਨਾਭਾ ਨੇ ਇਸ ਨੂੰ ਸਵਾ ਰੁਪੈ ਦਿੱਤੇ ਪਰ ਇਸ ਨੇ ਹੱਥ ਨਾ ਲਾਇਆ ।[9] ਇਤਿਹਾਸਿਕ ਪੁਸਤਕ ਨਿਰਮਲ ਭੇਖ ਵਿਚ ਇਹ ਵੀ ਲਿਖਿਆ ਹੈ ਕਿ ਇਸ ਨੇ ਨੇਪਾਲ ਦੇ ਸਮਰਾਟ ਦੇ ਦਰਬਾਰ ਵਿਚ ਇਕੱਤਰ ਹੋਈ ਬੇਅੰਤ ਪੂਜਾ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਸੀ । ਦੂਜੇ ਅਜਿਹੇ ਵਿਦਵਾਨ ਸਨ ਜੋ ਹਿੰਦੀ ਵਿਚ ਲਿਖਦੇ ਅਤੇ ਤੀਜੇ ਪੰਜਾਬੀ ਵਿਚ । ਇਹਨਾਂ ਦੇ ਅਖਾੜੇ ਹਿੰਦੂਆਂ ਦੇ ਸਭ ਤੋਂ ਵੱਡੇ ਤੀਰਥਾਂ ਉੱਤੇ ਬਣੇ ਹੋਏ ਸਨ । ਇਨ੍ਹਾਂ ਦਾ ਨਿਰਮਲ ਪੰਚਾਇਤੀ ਅਖਾੜਾ' 1739 ਈ. ਵਿਚ ਬਣਿਆ । ਫੂਲਕੀਆਂ ਸਟੇਟਾਂ ਦੇ ਸਾਰੇ ਸਿੱਖ ਰਾਜੇ ਇਨ੍ਹਾਂ ਨੂੰ ਦਿਲ ਖੋਲ੍ਹ ਕੇ ਦਾਨ ਦਿੰਦੇ ਸਨ । ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਨ੍ਹਾਂ ਦੇ ਕਈ ਵਿਦਵਾਨ ਜਿਵੇਂ ਠਾਕੁਰ ਦਿਆਰ ਸਿੰਘ ਬਹੁਤ ਪ੍ਰਸਿੱਧ ਸਨ ਅਤੇ ਇਨ੍ਹਾਂ ਦੇ ਸ਼ਿਸ਼ ਮਿਸ਼ਰਾ ਸਿੰਘ ਅੰਮ੍ਰਿਤਸਰ ਵਿਚ ਵਿੱਦਿਆ ਨੂਰ ਵੰਡ ਰਹੇ ਸਨ । ਭਾਈ ਮਹਾਰਾਜਾ ਸਿੰਘ ਜਿਸ ਨੂੰ ਅੰਗ੍ਰੇਜ਼ਾਂ ਨੇ ਮਾਂਡਲੇ ਜੇਲ੍ਹ ਵਿਚ ਉਮਰ ਕੈਦ ਕਰ ਰਖਿਆ ਉਹ ਵੀ ਇਸ ਸੰਪਰਦਾਇ ਦਾ ਸੀ ।

ਨਿਰਮਲਾ ਸੰਪਰਦਾਇ ਦੇ ਵਿਦਵਾਨਾਂ ਦੀ ਗਿਣਤੀ ਬਹੁਤ ਹੈ । ਉਹਨਾਂ ਦੀਆਂ ਰਚਿਤ ਪੁਸਤਕਾਂ ਦੀ ਗਿਣਤੀ ਹੋਰ ਵੀ ਵਧੇਰੇ ਹੈ ਇਸ ਲਈ ਇਨ੍ਹਾਂ ਸਭ ਦਾ ਵੇਰਵਾ ਇਥੇ ਦਿੱਤਾ ਜਾਣਾ ਸੰਭਵ ਨਹੀਂ ਵੰਨਗੀ ਮਾਤਰ ਕੁਝ ਵਿਦਵਾਨਾਂ ਦੇ ਨਾਂ ਤੇ ਰਚਨਾਵਾਂ ਦਾ ਵੇਰਵਾ ਨਿਮਨ ਲਿਖਤ ਹੈ :[10]

| | | |
|---|---|---|
| 1. ਪੰਡਤ ਗੁਲਾਬ ਸਿੰਘ | : | 1. ਪ੍ਰਬੋਧ ਚੰਦ੍ਰ ਨਾਟਕ (1760 ਈ.) |
| | | 2. ਮੋਖ ਪ੍ਰਕਾਸ਼ (1778 ਈ.) |
| 2. ਸਾਧੂ ਗੁਲਾਬ ਸਿੰਘ | : | ਅਧਿਆਤਮ ਰਾਮਾਇਣ (1779 ਈ.) |
| 3. ਗਿਆਨੀ ਗਿਆਨ ਸਿੰਘ | : | 1. ਨਿਰਮਲ ਪੰਥ ਪ੍ਰਦੀਪਕਾ |

| | | | |
|---|---|---|---|
| | | 2. | ਸ੍ਰੀ ਗੁਰੂ ਪੰਥ ਪ੍ਰਕਾਸ਼ |
| | | 3. | ਤਵਾਰੀਖ ਗੁਰ ਖਾਲਸਾ (ਪੰਜ ਹਿੱਸੇ) |
| 4. ਪੰਡਤ ਤਾਰਾ ਸਿੰਘ ਨਰੋਤਮ | : | 1. | ਮੋਖ ਪੰਥ ਦਾ ਟੀਕਾ (1862 ਈ.) |
| | | 2. | ਸੁਰਤਰੁ ਕੋਸ਼ (1866 ਈ.) |
| | | 3. | ਗੁਰੂ ਵੰਸਤਰੁ ਦਰਪਣ (1878 ਈ.) |
| | | 4. | ਗੁਰੂ ਗਿਰਾਰਥ ਕੋਸ਼ |
| | | 5. | ਗੁਰੂ ਤੀਰਥ ਸੰਗ੍ਰਹਿ |
| 5. ਪੰਡਤ ਨਿਹਾਲ ਸਿੰਘ ਲਾਹੌਰ | : | 1. | ਸਿੱਖੀ ਪ੍ਰਭਾਕਰ |
| | | 2. | ਨਿਰਮਲ ਪ੍ਰਭਾਕਰ |
| | | 3. | ਅਕਾਲ ਨਾਟਕ |

ਨਿਰਮਲਾ ਸੰਪਰਦਾਇ ਦੇ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਵੀ ਕੀਤੇ ਹਨ। ਇਨ੍ਹਾਂ ਸਭ ਤੋਂ ਪ੍ਰਸਿੱਧ ਟੀਕਾ ਗਿਆਨੀ ਬਦਨ ਸਿੰਘ ਦਾ ਹੈ ਜੋ 'ਫਰੀਦਕੋਟੀ ਟੀਕੇ' ਨਾਮ ਨਾਲ ਪ੍ਰਸਿੱਧ ਹੈ।

ਇਸ ਸੰਪਰਦਾਇ ਦਾ ਬਹੁਮੁੱਲਾ ਯੋਗਦਾਨ ਅਜੇ ਵੀ ਜਾਰੀ ਹੈ।

## 2. ਸੇਵਾਪੰਥੀ ਸੰਪਰਦਾਇ

ਗੁਰੂ ਗੋਬਿੰਦ ਸਿੰਘ ਕੋਲ ਕਿਸੇ ਨੇ ਸ਼ਿਕਾਇਤ ਕੀਤੀ ਕਿ ਭਾਈ ਕਨ੍ਹੱਈਆ ਮਸ਼ਕੀ ਦੁਸ਼ਮਣ ਦੇ ਜਖਮੀ ਸਿਪਾਹੀਆਂ ਨੂੰ ਪਾਣੀ ਪਿਆ ਕੇ ਖੜ੍ਹਾ ਕਰ ਦਿੰਦਾ ਹੈ। ਉਸ ਨੂੰ ਬੁਲਾਇਆ ਗਿਆ। ਭਾਈ ਕਨ੍ਹੱਈਏ ਨੇ ਦੱਸਿਆ ਕਿ ਉਸ ਨੂੰ ਹਰ ਇਕ ਬੰਦੇ ਵਿਚ ਗੁਰੂ ਜੀ ਦੀ ਮੂਰਤ ਦਿਖਾਈ ਦਿੰਦੀ ਹੈ। ਗੁਰੂ ਜੀ ਨੇ ਸ਼ਾਬਾਸ਼ ਦਿੱਤੀ ਅਤੇ ਜ਼ਖ਼ਮਾਂ ਉਪਰ ਲਾਉਣ ਲਈ ਇਕ ਮੱਲ੍ਹਮ ਦੀ ਡੱਬੀ ਵੀ ਦੇ ਦਿੱਤੀ। ਇਥੋਂ ਹੀ ਸੇਵਾਪੰਥੀ ਸੰਪਰਦਾਇ ਦਾ ਆਰੰਭ ਹੋਇਆ। ਭਾਈ ਕਨ੍ਹੱਈਆ (ਜਨਮ 1603 ਈ.) ਪਿੰਡ ਦੌਧਰ ਜ਼ਿਲ੍ਹਾ ਗੁਜ਼ਰਾਂਵਾਲਾ ਦਾ ਰਹਿਣ ਵਾਲਾ ਸੀ। ਇਹ ਖਾਂਦੇ ਪੀਂਦੇ ਘਰ ਦਾ ਚਿਰਾਗ ਸੀ। ਭਾਈ ਕਨ੍ਹੱਈਆ ਦਾ ਵਾਰਿਸ ਸੇਵਾ ਰਾਮ ਹੋਇਆ ਤੇ ਅਗੋਂ ਉਸ ਦਾ ਅੱਡਣ ਸ਼ਾਹ ਸੀ। ਸੇਵਾ ਤੇ ਰਚਨਾ ਕਰਨ ਵਿਚ ਅੱਡਣ ਸ਼ਾਹ ਬਹੁਤ ਪ੍ਰਸਿੱਧ ਹੋਇਆ। ਕਈ ਵਿਦਵਾਨ ਇਸ ਸੰਪਰਦਾਇ ਨੂੰ ਅੱਡਣ ਸ਼ਾਹੀ ਦੀ ਸੰਗਯਾ ਵੀ ਦੇ ਦਿੰਦੇ ਹਨ। ਇਹ ਕੇਵਲ ਯੁੱਧ ਵਿਚ ਹੀ ਸੇਵਾ ਨਹੀਂ ਕਰਦੇ ਸਨ ਸਗੋਂ ਪਾਣੀ ਪਿਲਾ ਕੇ, ਲੰਗਰ ਛਕਾ ਕੇ, ਖੂਹ ਲਗਾ ਕੇ, ਪੁੱਲ ਬਣਾ ਕੇ, ਸਰਾਵਾਂ ਬਣਾ ਕੇ ਖਲਕਤ ਦੀ ਸੇਵਾ ਕਰਦੇ ਸਨ। ਇਹ ਰਾਹੀਆਂ ਦੀ ਮੁੱਠੀ ਚਾਪੀ ਵੀ ਕਰ ਦਿੰਦੇ ਸਨ। ਸੇਵਾ ਹੀ ਇਨ੍ਹਾਂ ਦੇ ਜੀਵਨ ਦਾ ਪੂਰਨ ਮਨੋਰਥ ਹੈ। ਇਹ ਮੰਗੀ ਹੋਈ ਰੋਟੀ ਨਹੀਂ ਸੀ ਖਾਂਦੇ, ਸਗੋਂ ਆਪਣੀ ਕਿਰਤ ਕਰਦੇ ਜਿਵੇਂ ਵਾਣ ਵੱਟਣਾ, ਸਿਆਹੀ ਬਣਾਉਣਾ, ਇਹ ਖ਼ੁਦ ਖਰੜਿਆਂ ਨੂੰ ਲਿਖਣ ਅਤੇ ਉਤਾਰਨ ਦਾ ਕੰਮ ਵੀ ਕਰਦੇ ਸਨ। ਸੇਵਾ ਪੰਥੀਆ ਦੇ ਦਿਲ ਵਿਚ ਮਨੁੱਖਤਾ ਲਈ ਹਮਦਰਦੀ ਅਤੇ ਦਰਦ ਸੀ। ਇਹ ਮੌਲਿਕ ਸਾਹਿਤ ਸਿਰਜਣ ਦਾ ਕਾਰਜ ਵੀ ਕਰਦੇ ਸਨ।

ਭਾਈ ਸੇਵਾ ਰਾਮ ਦੇ ਅੱਠ ਚੇਲੇ ਭਾਈ ਲਛਮਣ, ਭਾਈ ਬੁੱਧਰ, ਭਾਈ ਰਾਣਾ, ਭਾਈ ਸੰਤੋਖਾ, ਭਾਈ ਅੱਡਣ, ਭਾਈ ਨਾਰਾਇਣ, ਭਾਈ ਸਾਹਿਬ ਅਤੇ ਭਾਈ ਸਹਿਜ ਰਾਮ, ਭਾਈ ਅੱਡਣ ਦੇ 36 ਚੇਲੇ ਸਨ ਇਹਨਾਂ ਵਿਚੋਂ ਭਾਈ ਦੁੱਖ ਭੰਜਨ ਇਸ ਸੰਪਰਦਾਇ ਦਾ ਮੁੱਖੀ ਬਣਿਆ। ਸੇਵਾ ਪੰਥੀਆਂ ਨੇ ਲਗਾਤਾਰ ਸਾਹਿਤ ਦੀ ਰਚਨਾ ਕੀਤੀ ਜੋ ਗਿਣਾਤਮਿਕ ਤੇ ਗੁਣਾਤਮਿਕ ਪੱਖੋਂ ਅਤਿ ਉਤਮ ਹੈ।

## 3. ਗਿਆਨੀ ਸੰਪਰਦਾਇ

ਸਿੱਖ ਇਤਿਹਾਸ ਦੇ ਲੋਕ ਪਰੰਪਰਾ ਅਨੁਸਾਰ ਜਦੋਂ ਦਮਦਮਾ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਰਹੇ ਤਾਂ ਉਥੇ ਇਨ੍ਹਾਂ ਨੇ ਅਦਿ ਗ੍ਰੰਥ ਦੀ ਬੀੜ ਤਿਆਰ ਕੀਤੀ ਜਿਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅੰਕਿਤ ਹੈ। ਇਸ ਬੀੜ ਦਾ ਨਾਮ ਦਮਦਮੀ ਬੀੜ ਹੈ। ਇਹ ਬੀੜ ਭਾਈ ਮਨੀ ਸਿੰਘ ਦੇ ਹੱਥਾਂ ਦੀ ਲਿਖੀ ਹੋਈ ਹੈ ਤੇ ਇਸ ਦੀ ਸਿਆਹੀ ਦੀ ਸੇਵਾ ਬਾਬਾ ਦੀਪ ਸਿੰਘ ਨੇ ਕੀਤੀ। ਇਸੇ ਬੀੜ ਨੂੰ ਨਾਂਦੇੜ ਵਿਚ ਜਾ ਕੇ ਗੱਦੀ ਦਿੱਤੀ ਗਈ। ਗੁਰੂ ਗੋਬਿੰਦ ਸਿੰਘ ਦੀ ਬਖਸ਼ਿਸ਼ ਨਾਲ ਇਥੋਂ ਹੀ ਗਿਆਨੀ ਸੰਪਰਦਾਇ ਦਾ ਅਰੰਭ ਹੋਇਆ ਜਿਸ ਦੇ ਪਹਿਲੇ ਮੁਖੀ ਭਾਈ ਮਨੀ ਸਿੰਘ ਬਣੇ। ਪਹਿਲਾਂ ਗੁਰੂ ਜੀ ਨੇ ਮਨੀ ਸਿੰਘ ਨੂੰ 1698 ਈ. ਵਿਚ ਹਰਿਮੰਦਰ ਸਾਹਿਬ ਤੇ

ਅਕਾਲ ਬੁੰਗੇ ਦਾ ਸੇਵਾਦਾਰ ਬਣਾ ਕੇ ਭੇਜਿਆ ਸੀ।[11] ਇਥੋਂ ਹੀ ਭਾਈ ਮਨੀ ਸਿੰਘ ਸੰਗਤ ਨੂੰ ਲੈ ਕੇ ਦਮਦਮਾ ਸਾਹਿਬ ਗਏ। ਜਦੋਂ ਗੁਰੂ ਜੀ ਦੱਖਣ ਵੱਲ ਗਏ ਤਾਂ ਇਹ ਵੀ ਰਾਜਸਥਾਨ ਬਘੌਰ ਤਕ ਨਾਲ ਗਿਆ ਉਥੋਂ ਇਸ ਨੂੰ ਰਾਮ ਕੌਰ ਸਮੇਤ ਗੁਰੂ ਜੀ ਨੇ ਅੰਮ੍ਰਿਤਸਰ ਭੇਜ ਦਿੱਤਾ। ਇਥੇ ਭਾਈ ਮਨੀ ਸਿੰਘ ਨੇ ਕਾਫ਼ੀ ਸਾਹਿਤਿਕ ਕੰਮ ਕੀਤਾ।

1. ਬੀੜ ਦਸਮ ਗ੍ਰੰਥ/ਦਸਮ ਪਾਤਿਸ਼ਾਹੀ ਬਾਣੀ ਇਕੱਤਰ (ਲੇਖਕ ਅਨੁਸਾਰ)
2. ਬੀੜ ਆਦਿ ਗ੍ਰੰਥ
3. ਗਿਆਨ ਰਤਨਾਵਲੀ (ਜਨਮ ਸਾਖੀ)
4. ਭਗਤ ਰਤਨਾਵਲੀ

ਭਾਈ ਮਨੀ ਸਿੰਘ ਨੂੰ ਲਾਹੌਰ ਵਿਚ 1734 ਈ. ਵਿਚ ਬੰਦ ਬੰਦ ਕਟ ਕੇ ਸ਼ਹੀਦ ਕਰ ਦਿੱਤਾ ਗਿਆ, ਉਦੋਂ ਇਨ੍ਹਾਂ ਦੀ ਉਮਰ 90 ਸਾਲ ਦੀ ਸੀ। ਭਾਈ ਮਨੀ ਸਿੰਘ ਬਹੁਤ ਵੱਡੇ ਵਿਦਵਾਨ ਸਨ। ਉਹ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਨ ਤੇ ਪ੍ਰਸੰਗ ਸੁਣਾਉਣ ਵਿਚ ਬਹੁਤ ਮਾਹਰ ਸਨ। ਗਿਆਨੀ ਸੰਪਰਦਾਇ ਵਿਚ ਪਹਿਲਾ ਗੁਰਬਖਸ਼ ਸਿੰਘ, ਦੀਵਾਨ ਸਿੰਘ, ਭਾਈ ਗੁਰਦਿਆਲ ਸਿੰਘ ਆਦਿ ਹਨ। ਭਾਈ ਗੁਰਬਖਸ਼ ਸਿੰਘ ਪਾਸੋਂ ਸੂਰਤ ਸਿੰਘ ਨੇ ਉਹਨਾਂ ਤੋਂ ਭਾਈ ਗੁਰਦਾਸ ਸਿੰਘ ਨੇ ਅਤੇ ਉਹਨਾਂ ਤੋਂ ਗਿਆਨੀ ਸੰਤ ਸਿੰਘ ਨੇ ਸਿੱਖਿਆ ਲਈ। ਇਹੋ ਗਿਆਨੀ ਸੰਤ ਸਿੰਘ ਸਨ ਜਿਨ੍ਹਾਂ ਰਾਹੀਂ ਮਹਾਰਾਜਾ ਰਣਜੀਤ ਸਿੰਘ ਨੇ ਹਰਿਮੰਦਰ ਸਾਹਿਬ ਦੀ ਸੇਵਾ ਕਰਵਾਈ ਅਤੇ ਇਹਨਾਂ ਦਾ ਚੇਲਾ ਕਵਿ ਚੂੜਾਮਣੀ ਭਾਈ ਸੰਤੋਖ ਸਿੰਘ ਸੀ ਜਿਸ ਨੇ ਸੂਰਜ ਪ੍ਰਕਾਸ਼ ਵਰਗੇ ਅਦਭੁਤ ਕਾਵਿ ਗ੍ਰੰਥ ਦੀ ਸਿਰਜਣਾ ਕੀਤੀ। ਗਿਆਨੀ ਸੰਤ ਸਿੰਘ ਆਦਿ ਗ੍ਰੰਥ ਦੀ ਕਥਾ ਹਰਿਮੰਦਰ ਸਾਹਿਬ ਕਰਦੇ ਸਨ। ਬਾਅਦ ਵਿਚ ਗਿਆਨੀ ਹਜਾਰਾ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਲਿਖਿਆ। ਭਾਈ ਭਗਵਾਨ ਸਿੰਘ ਪਾਸੋਂ ਸੰਤ ਅਮੀਰ ਸਿੰਘ ਨੇ ਵਿੱਦਿਆ ਲੈ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਕਥਾ ਦਾ 60 ਵਾਰ ਭੋਗ ਪਾਇਆ। ਇਨ੍ਹਾਂ ਦੀ ਥਾਂ ਸੰਤ ਮੱਖਣ ਸਿੰਘ ਸੇਵਾ ਕਰ ਰਹੇ ਸਨ।

ਗਿਆਨੀ ਸੰਪਰਦਾਇ ਦਾ ਪੰਜਾਬੀ ਸਾਹਿਤ ਨੂੰ ਬਹੁਤ ਯੋਗਦਾਨ ਰਿਹਾ ਹੈ ਅਤੇ ਇਸ ਦਾ ਪੂਰਾ ਲੇਖਾ ਜੋਖਾ ਕਰਨ ਵਾਲਾ ਹੈ।

### 4. ਦਮਦਮੀ ਟਕਸਾਲ ਸੰਪਰਦਾਇ

ਦਮਦਮਾ ਸਾਹਿਬ ਵਿਚ ਜਦੋਂ ਦਸਮੇਸ਼ ਜੀ ਨੇ ਆਦਿ ਗ੍ਰੰਥ ਦੀ ਬੀੜ ਦੀ ਪੁਨਰ ਸੰਪਾਦਨਾ ਕੀਤੀ, ਸਿੱਖਾਂ ਦੇ ਬੇਨਤੀ ਕਰਨ ਤੇ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਖਾਸ 24 ਸ਼ਿਸ਼ਾਂ ਨੂੰ ਵੱਖਰਾ ਤੰਬੂ ਲਾ ਕੇ ਵਿਸ਼ੇਸ਼ ਸਮੇਂ ਵਿਚ, ਸਾਰੀ ਬਾਣੀ ਦੇ ਅਰਥ ਤੇ ਕਥਾ ਕੀਤੀ, ਗੁਰੂ ਜੀ ਉਹਨਾਂ ਰਾਹੀਂ ਵੱਖਰੀਆਂ ਵੱਖਰੀਆਂ ਸੰਪਰਦਾਵਾਂ ਚਲਾਉਣਾ ਚਾਹੁੰਦੇ ਸਨ। ਜਦੋਂ 24 ਸ਼ਿਸ਼ਾਂ ਨੇ ਬ੍ਰਹਮ ਗਿਆਨ ਉਪਦੇਸ਼ ਸੁਣਿਆ ਤਾਂ ਉਹ ਸਾਰੇ ਬ੍ਰਹਮ ਗਿਆਨੀ ਹੋ ਗਏ, ਦੇਹ ਤੋਂ ਬਿਦੇਹ ਹੋ ਗਏ, ਸਤਿਗੁਰੂ ਦੇ ਸਰੀਰ ਦਾ ਮੋਹ ਛੱਡ ਕੇ ਜੰਗਲਾਂ 'ਚ ਭਗਤੀ ਕਰਨ ਚਲੇ ਗਏ। ਗੁਰੂ ਜੀ ਅੱਖਾਂ ਬੰਦ ਕਰਕੇ ਅਰਥ ਕਰ ਰਹੇ ਸਨ ਜਦੋਂ ਭੋਗ ਪਿਆ ਤਾਂ ਪੰਡਾਲ ਖਾਲੀ ਸੀ।[12] ਉਹਨਾਂ ਸੇਵਕਾਂ ਨੂੰ ਪੁਛਿਆ ਕਿ ਉਹ ਕਿਥੇ ਚਲੇ ਗਏ ਹਨ। ਸੇਵਕਾਂ ਨੇ ਦੱਸਿਆ ਕਿ ਉਹ ਸਭ ਭੱਜ ਗਏ ਹਨ। ਗੁਰੂ ਜੀ ਘੋੜ ਸਵਾਰਾਂ ਨੂੰ ਉਨ੍ਹਾਂ ਨੂੰ ਫੜਨ ਲਈ ਭੇਜਿਆਂ ਤਾਂ ਉਹਨਾਂ ਦੇ ਹੱਥ ਜਿਹੜੇ ਦੋ ਸਿੱਖ ਆਏ ਸਨ, ਉਹ ਸਨ 1. ਭਾਈ ਮਨੀ ਸਿੰਘ 2. ਬਾਬਾ ਦੀਪ ਸਿੰਘ। ਗੁਰੂ ਜੀ ਕਹਿਣ ਲੱਗੇ ਤਾਂ ਤੁਹਾਨੂੰ ਕਥਾ ਇਸ ਲਈ ਸੁਣਾਈ ਕਿ ਤੁਸੀਂ ਨਿਜ ਦੇ ਆਨੰਦ ਲਈ ਸੰਸਾਰ ਨੂੰ ਛੱਡ ਜਾਉ। ਬ੍ਰਹਮ ਗਿਆਨੀ ਦਾ ਕਰਤਵ ਹੈ ਕਿ ਸੰਸਾਰ ਤੇ ਸਮਾਜ ਦੇ ਪਰਉਪਕਾਰ ਵਾਸਤੇ ਕੰਮ ਕਰੇ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ।' ਉਹਨਾਂ ਨੇ ਕਿਹਾ "ਸਾਡੇ ਅੰਦਰ ਜੋ ਆਤਮਿਕ ਆਨੰਦ ਉਤਪੰਨ ਹੋਇਆ ਉਸ ਵਿਚ ਕਮਜ਼ੋਰੀ ਆ ਜਾਏਗੀ ਤਾਂ ਹਜ਼ੂਰ ਨੇ ਕਿਹਾ ਤੁਹਾਡੇ ਭਾਵੇਂ ਬੰਦ ਬੰਦ ਕਟੇ ਜਾਣ ਜਾਂ ਤੁਹਾਡਾ ਸੀਸ ਲੱਥ ਜਾਵੇ ਫਿਰ ਵੀ ਤੁਹਾਡੇ ਏਸ ਆਨੰਦ ਵਿਚ ਫ਼ਰਕ ਨਹੀਂ ਪਵੇਗਾ।"

ਗੁਰੂ ਜੀ ਦੇ ਹੁਕਮ ਨਾਲ ਇਹਨਾਂ ਦੋ ਸਿੱਖਾਂ ਨੇ ਸੰਪਰਦਾਵਾਂ ਚਲਾਈਆਂ—ਭਾਈ ਮਨੀ ਸਿੰਘ ਨੇ ਗਿਆਨੀ ਸੰਪਰਦਾਇ ਬਾਬਾ ਦੀਪ ਸਿੰਘ ਨੇ ਦਮਦਮੀ ਟਕਸਾਲ ਸੰਪਰਦਾਇ। ਇਹ ਸੰਪਰਦਾਇ ਗੁਰੂ ਕਾਂਸੀ ਵਿਖੇ ਬੀੜਾਂ ਲਿਖਣ ਲਿਖਵਾਉਣ ਅਤੇ ਪਾਠ ਦੇ ਅਰਥ ਪੜ੍ਹਾਉਣ ਲਾ ਦਿੱਤੀ। ਇਹ ਸੰਪਰਦਾਇ ਉਸੇ ਧੁਨੀ ਵਿਚ

ਆਦਿ ਗ੍ਰੰਥ ਦੇ ਅਰਥ ਕਰਦੀ ਹੈ ਜਿਵੇਂ ਗੁਰੂ ਜੀ ਨੇ ਕੀਤੇ ਸਨ। ਇਸ ਸੰਪਰਦਾਇ ਵਿਚ ਵਿਦਿਆਰਥੀ ਬਚਪਨ ਤੋਂ ਭਰਤੀ ਕਰ ਲਏ ਜਾਂਦੇ ਹਨ, ਫਿਰ ਉਹ ਘਰ ਨਹੀਂ ਸਨ ਜਾਂਦੇ, ਦਿਨ ਰਾਤ ਸਾਰੀ ਉਮਰ ਉਥੇ ਰਹਿੰਦੇ ਸਨ। ਵੀਹਾਂ ਸਾਲਾਂ ਦੀ ਪੜ੍ਹਾਈ ਤੋਂ ਪਿਛੋਂ ਹੀ ਕੋਈ ਵਿਦਿਆਰਥੀ ਆਦਿ ਗ੍ਰੰਥ ਦੀ ਕਥਾ ਕਰਨ ਦੇ ਯੋਗ ਬਣਦਾ ਹੈ। ਵੀਹਵੀਂ ਸਦੀ ਵਿਚ ਇਸ ਸੰਪਰਦਾਇ ਦੇ ਮੁਖੀ ਸੰਤ ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਵਰਗੀ ਆਦਿ ਗ੍ਰੰਥ ਦੀ ਕਥਾ ਕਿਸੇ ਹੋਰ ਨੇ ਨਹੀਂ ਕੀਤੀ। ਉਸ ਦੇ ਗ੍ਰੰਥ ਛਪੇ ਹੋਏ ਹਨ ਅਤੇ ਕੈਸਟਾਂ ਵੀ ਬਣੀਆਂ ਹਨ।

ਪਰ ਇਹ ਸੰਪਰਦਾਇ ਹਰਿਮੰਦਰ ਸਾਹਿਬ ਦੀ ਪਵਿਤਰਤਾ ਦੀ ਰਾਖੀ ਦੇ ਮਰਜੀਵੜਿਆਂ ਵਜੋਂ ਸਿੱਖ ਪੰਥ ਵਿਚ ਪ੍ਰਸਿੱਧ ਹੋਈ। ਇਸ ਦਾ ਸੰਚਾਲਿਕ ਬਾਬਾ ਦੀਪ ਸਿੰਘ ਅੱਸੀ ਸਾਲ ਦੀ ਉਮਰ ਵਿਚ ਬਹੁਤ ਸਾਰੇ ਮਰਜੀਵੜੇ ਲੈ ਕੇ 1817 ਬਿ/1760 ਈ. ਰਾਮਸਰ ਕੋਲ ਹੋਏ ਯੁੱਧ ਵਿਚ ਸ਼ਹੀਦ ਹੋਏ। ਇਹ ਵੀ ਕਿਹਾ ਜਾਂਦਾ ਹੈ ਕਿ ਬਾਬਾ ਦੀਪ ਸਿੰਘ ਜੀ ਵੱਢੇ ਹੋਏ ਸਿਰ ਨਾਲ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਤੱਕ ਚਲੇ ਗਏ। ਇਸੇ ਹੀ ਸੰਪਰਦਾਇ ਦਾ ਗੁਰਬਖਸ਼ ਸਿੰਘ 1822 ਬਿ./1765 ਈ. ਵਿਚ ਅਹਿਮਦਸ਼ਾਹ ਅਬਦਾਲੀ ਨਾਲ ਲੜਦਾ ਸ਼ਹੀਦ ਹੋਇਆ। ਇਹਨਾ ਦੋਵਾਂ ਦੇ ਸ਼ਹੀਦ ਗੰਜ ਗੁਰਦੁਆਰੇ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਹਨ। ਇਸ ਸੰਪਰਦਾਇ ਦਾ ਮੁਖੀ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੀਲਾ ਤਾਰਾ ਸਾਕਾ ਸਮੇਂ 1984 ਈ. ਵਿਚ ਅਕਾਲ ਤਖ਼ਤ ਦੇ ਸਾਹਮਣੇ ਸ਼ਹੀਦ ਹੋਇਆ। ਇਸੇ ਸੰਪਰਦਾਇ ਨੇ ਅਕਾਲ ਤਖ਼ਤ ਦੀ ਪੁਨਰ ਉਸਾਰੀ ਦੀ ਸੇਵਾ ਕੀਤੀ ਹੈ।

**5. ਨਿਹੰਗ ਸੰਪਰਦਾਇ**

ਗੁਰੂ ਗੋਬਿੰਦ ਸਿੰਘ ਦੇ ਵਰ ਕਾਰਨ ਉਹਨਾਂ ਦੇ ਸਾਹਿਬਜ਼ਾਦੇ ਫਤਿਹ ਸਿੰਘ ਤੋਂ ਨਿਹੰਗ ਸੰਪਰਦਾਇ ਦਾ ਆਰੰਭ ਹੋਇਆ। ਫਤਿਹ ਸਿੰਘ ਜਦੋਂ ਬੱਚੇ ਸਨ ਉਹ ਦੁਸ਼ਾਲਾ ਸਜਾ ਕੇ ਗੁਰ ਦਰਬਾਰ ਵਿਚ ਆਏ। ਸਾਹਿਬਜ਼ਾਦਾ ਫਤਿਹ ਸਿੰਘ ਨੂੰ 1761 ਬਿ./1704 ਈ. ਵਿਚ ਸੂਬਾ ਸਰਹੰਦ ਨੇ ਨੀਂਹਾਂ ਵਿਚ ਚਿਣਵਾ ਦਿੱਤਾ। ਉਸ ਸਮੇਂ ਇਹਨਾਂ ਦੀ ਉਮਰ 7 ਸਾਲ ਦੀ ਸੀ। ਇਹ ਸਿੱਖਾਂ ਵਿਚ ਮਰਜੀਵੜਿਆਂ ਦੀ ਸੰਪਰਦਾਇ ਹੈ। ਇਹਨਾਂ ਵਿਚ ਬੜੇ ਯੋਧੇ ਤੇ ਸ਼ਹੀਦ ਪੈਦਾ ਹੋਏ। ਇਹਨਾਂ ਵਿਚੋਂ ਸਭ ਤੋਂ ਪ੍ਰਸਿੱਧ ਨਾਮ ਅਕਾਲੀ ਫੂਲਾ ਸਿੰਘ ਦਾ ਹੈ ਜੋ ਅਕਾਲ ਤਖ਼ਤ ਦਾ ਜੱਥੇਦਾਰ ਬਣਿਆ। ਜਿਸ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਇਮਲੀ ਦੇ ਬੂਟੇ ਨਾਲ ਬੰਨ੍ਹ ਕੇ ਕੋਰੜੇ ਲਾਉਣ ਦੀ ਸਜ਼ਾ ਸੁਣਾਈ ਸੀ। ਇਹ ਖੁਦ ਨਸ਼ਹਿਰੇ ਦੇ ਮੈਦਾਨ ਵਿਚ ਖਾਲਸਾ ਰਾਜ ਲਈ ਪਠਾਣਾਂ ਨਾਲ ਲੜਦਾ ਸ਼ਹੀਦ ਹੋਇਆ। ਕਿਉਂਕਿ ਇਹ ਸੰਪਰਦਾਇ ਦੇ ਬੰਦੇ ਲੜਾਈਆਂ ਵਿਚ ਮਸਤ ਸਨ ਇਸ ਲਈ ਰਚਨਾਤਮਿਕ ਕੰਮ ਥੋੜ੍ਹਾ ਹੋਇਆ ਹੈ। ਇਨ੍ਹਾਂ ਨੇ ਖਾਲਸੇ ਦੇ ਬੋਲੇ ਪ੍ਰਚਲਿਤ ਕੀਤੇ ਉਹ ਪੰਜਾਬੀ ਬੋਲੀ ਨੂੰ ਵਡਮੁੱਲੀ ਦੇਣ ਹਨ ਕਿਉਂਕਿ ਇਹ ਬੋਲੇ ਪੰਜਾਬੀ ਖਾਸੇ ਤੇ ਸੁਭਾਅ ਦੇ ਅਨੁਸਾਰ ਹਨ।

ਫਿਰ ਵੀ ਇਸ ਸੰਪਰਦਾਇ ਦੇ ਕਈ ਬੰਦਿਆਂ ਵੱਲੋਂ ਸਾਹਿਤ ਤੇ ਵਿੱਦਿਆ ਦੇ ਖੇਤਰ ਵਿਚ ਸ਼ਲਾਘਾ ਯੋਗ ਕੰਮ ਕੀਤਾ ਗਿਆ ਹੈ, ਜਿਵੇਂ ਅਕਾਲੀ ਕੌਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦਾ ਤੁਕ ਤਤਕਰਾ ਤਿਆਰ ਕੀਤਾ। ਬਾਬਾ ਸੰਤਾ ਸਿੰਘ ਵੱਲੋਂ ਸਰਬ ਲੋਹ ਗ੍ਰੰਥ ਬਹੁਤ ਸੁੰਦਰ ਛਾਪਿਆ ਗਿਆ ਅਤੇ ਪਟਿਆਲਾ ਵਿਚ 'ਬੁੱਢਾ ਦਲ' ਪਬਲਿਕ ਸਕੂਲ ਬਣਾਇਆ ਜੋ ਕਾਫ਼ੀ ਮਿਆਰੀ ਹੈ।

ਇਹ ਸੰਪਰਦਾਇ ਇਸ ਦਵੰਦ ਵਿਚ ਬੁਰੀ ਤਰ੍ਹਾਂ ਫਸੀ ਹੋਈ ਹੈ ਕਿ ਇਸ ਵਿਚ ਨਾ ਲੜਣ ਦੀ ਥਾਂ ਹੈ ਨਾ ਕੁਝ ਕਰਨ ਦੀ ਥਾਂ ਹੈ। ਇਨ੍ਹਾਂ ਨੂੰ ਪੁਰਾਤਨ ਗ੍ਰੰਥ ਦਸਮ ਗ੍ਰੰਥ ਆਦਿ ਪ੍ਰਕਾਸ਼ਿਤ ਕਰਨੇ ਚਾਹੀਦੇ ਹਨ। ਥਾਂ ਥਾਂ ਬੁੱਢਾ ਦਲ ਸਕੂਲ ਖੋਲ੍ਹਣੇ ਚਾਹੀਦੇ ਹਨ ਇਹਨਾਂ ਵਿਚ ਸੁੱਖਾ ਪੀਣ ਦੀ ਜੋ ਕਮਜ਼ੋਰੀ ਆ ਗਈ ਹੈ ਜੋ ਅਵਸ਼ ਅੰਦਰਲੇ ਵਿਰੋਧ ਨਾਲ ਦੂਰ ਹੋਣੀ ਚਾਹੀਦੀ ਹੈ।

**6. ਕਵੀਸ਼ਰੀ ਪਰੰਪਰਾ**

ਮਾਲਵੇ ਵਿਚ ਗੁਰੂ ਗੋਬਿੰਦ ਸਿੰਘ ਦੀ ਫੇਰੀ ਨਾਲ ਨਾ ਕੇਵਲ ਰਾਜਨੀਤਿਕ ਤੇ ਧਾਰਮਿਕ ਤਬਦੀਲੀ ਆਈ ਸਗੋਂ ਸਾਹਿਤਿਕ ਰੂਪ ਵਿਚ ਜਨ ਮਾਨਸ ਨੂੰ ਬੇਦਾਰ ਕਰ ਦਿੱਤਾ। ਉਨ੍ਹਾਂ ਦਮਦਮਾ ਸਾਹਿਬ ਵਿਚ ਚੌਥਾ ਤਖ਼ਤ ਬਣਾਇਆ ਅਤੇ ਇਸ ਥਾਂ ਨੂੰ ਗੁਰੂ ਦੀ ਕਾਸ਼ੀ ਦਾ ਨਾਮ ਦਿੱਤਾ :

*ਇਹ ਹੈ ਪ੍ਰਗਟ ਹਮਾਰੀ ਕਾਸੀ। ਪਰ ਹੈਂ ਇਹਾਂ ਢੋਰ ਮਤਿਰਾਸੀ।*
*ਲੇਖਕ ਗੁਨੀ ਕੁਵਿੰਦ ਗਿਆਨੀ। ਬੁਧਿ ਸਿਧਿ ਹੈ ਇਤ ਆਨੀ।*

*ਇਨ ਕੇ ਕਾਰਨ ਕਲਮ ਗਡ, ਦੇਤ ਪਰਗਟ ਹਾਂ ਡਾਰ।*

*ਸਿੱਖ ਸਖਾ ਇਤ ਪੜੈ ਗੇ, ਹਮਰੇ ਕਈ ਹਜ਼ਾਰ।* (*ਗੁਰ ਬਿਲਾਸ ਪਾਤਸ਼ਾਹੀ ੧*)

ਗੁਰਦੁਆਰਾ ਲਿਖਣ ਸਰ ਵਿਚ ਗੁਰੂ ਜੀ ਨੇ ਆਪਣੇ ਦਸਤਿ ਮੁਬਾਰਕ ਨਾਲ ਕਲਮਾਂ ਘੜ ਘੜ ਸੁਟੀਆਂ ਤੇ ਵਰ ਦਿੱਤਾ ਕਿ ਇਥੇ ਵਿੱਦਿਆ ਤੇ ਗਿਆਨ ਫੈਲੇਗਾ। ਉਹਨਾਂ ਲੱਖੀ ਜੰਗਲ ਵਿਚ ਕਵੀ ਦਰਬਾਰ ਕੀਤਾ ਜਿਸ ਵਿਚ ਉਹਨਾਂ ਆਪਣੀ ਬਾਣੀ ਉਚਾਰੀ :

*ਸੁਣ ਕੈ ਸੱਦ ਮਾਹੀ ਦਾ ਮੇਹੀ ਪਾਣੀ ਘਾਹ ਮੁਤੋਨੇ।...*

*ਲੱਖੀ ਜੰਗਲ ਖਾਲਸਾ ਆਇ ਦੀਦਾਰ ਕੀਤੋ ਨੇ।* (*ਦਸਮ ਗ੍ਰੰਥ*)

ਲਖੀ ਜੰਗਲ ਵਿਚ ਬਾਹਰੀ, ਆਢਾ ਆਦਿ ਕਵੀ ਸ਼ਾਮਿਲ ਹੋਏ। ਉਹਨਾਂ ਕੋਲ ਕਿਸੇ ਵੀ ਪ੍ਰਕਾਰ ਸਾਜ਼ਿੰਦੇ ਨਹੀਂ ਸਨ ਇਸ ਲਈ ਗੁਰੂ ਸਾਹਿਬ ਨੇ ਬਿਨਾਂ ਸਾਜ਼ਾਂ ਤੋਂ ਹੀ ਛੰਦ ਦੀ ਟੇਕ ਅਨੁਸਾਰ ਗਾਉਣ ਦੀ ਸੁਲਾਹ ਤੇ ਅਗਵਾਈ ਦਿੱਤੀ ਬਿਨਾਂ ਸਾਜਾਂ ਦੀ ਗਾਇਕੀ ਨੂੰ 'ਕਵੀਸ਼ਰੀ' ਕਿਹਾ ਜਾਣ ਲੱਗਾ; ਹੌਲੀ ਹੌਲੀ ਕਵੀਸ਼ਰਾਂ ਦੀ ਗਿਣਤੀ ਵੱਧਣ ਲੱਗੀ। ਇਸ ਵਿਚ ਉਸਤਾਦੀ ਸ਼ਾਗਿਰਦੀ ਪਰੰਪਰਾ ਹੈ ਅਤੇ ਹੌਲੀ ਹੌਲੀ ਕਵੀਸ਼ਰੀ ਸੁਤੰਤਰ ਕਾਵਿ ਰੂਪ ਬਣ ਗਈ।

ਪੰਜਾਬੀ ਯੂਨੀਵਰਸਿਟੀ ਨੇ ਕਵੀਸ਼ਰੀ ਨਾਲ ਸੰਬੰਧਿਤ 25 ਕੁ ਪੁਸਤਕਾਂ ਛਾਪੀਆਂ ਹਨ। 'ਖੋਜ ਪਤ੍ਰਿਕਾ' ਦਾ ਅਗਲਾ ਵਿਸ਼ੇਸ਼ ਅੰਕ 'ਕਵੀਸ਼ਰੀ ਵਿਸ਼ੇਸ਼ ਅੰਕ' ਹੋਵੇਗਾ। ਵਿਭਾਗ ਵੱਲੋਂ 'ਕੌਤਰ ਸੌ ਕਵੀਸ਼ਰ' ਨਾਮ ਦੀ ਪੁਸਤਕ ਤਿਆਰ ਹੋ ਰਹੀ ਹੈ। ਇਨ੍ਹਾਂ ਸਤਰਾਂ ਦੇ ਲੇਖਕ ਵੱਲੋਂ 'ਕਵੀਸ਼ਰੀ ਵਿਸ਼ਵ ਕੋਸ਼' ਤਿਆਰ ਕੀਤਾ ਜਾ ਰਿਹਾ ਹੈ, ਜਿਸ ਦੀ ਰੂਪ ਰੇਖਾ ਨਿਮਨ ਲਿਖਤ ਹੈ :

1. ਕਵੀਸ਼ਰੀ ਮਾਰਤੰਡ
2. ਕਵੀਸ਼ਰ ਕੋਸ਼
3. ਕਵੀਸ਼ਰੀ ਕੋਸ਼
4. ਕਵੀਸ਼ਰੀ ਅਲਾਪ ਪ੍ਰਕਾਸ਼
5. ਕਵੀਸ਼ਰੀ ਚਮਤਕਾਰ ਕੋਸ਼

ਇਸ ਯੁਗ ਪੁਰਖ ਦੇ ਇਸ਼ਾਰੇ ਨੇ ਕਿਵੇਂ ਸਾਹਿਤ ਸਿਰਜਿਆ ਹੈ ਕਿਵੇਂ ਇਤਿਹਾਸ ਬਦਲਦਾ ਹੈ ਇਹ ਕਵੀਸ਼ਰੀ ਅਤੇ ਹੋਰ ਸੰਪਰਦਾਵਾਂ ਤੇ ਸੰਬੰਧ ਵਿਚ ਬਿਲਕੁਲ ਸਹੀ ਹੈ।

## ਟਿੱਪਣੀਆਂ/ਹਵਾਲੇ


1. ਗੁਰੂ ਗੋਬਿੰਦ ਸਿੰਘ, *'ਸ੍ਰੀ ਦਸਮ ਗ੍ਰੰਥ'*, ਚਤਰ ਸਿੰਘ ਜੀਵਨ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, (ਮਿਤੀ ਹੀਨ)
2. *ਉਹੀ, ਸ੍ਰੀ ਸਰਬ ਲੋਹ ਗ੍ਰੰਥ*, ਪਟਿਆਲਾ
3. ਕਾਨ੍ਹ ਸਿੰਘ ਭਾਈ, *'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼'*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1974 ਈ., 616
4. *ਉਹੀ।*
5. ਪਿਆਰਾ ਸਿੰਘ ਪਦਮ, *'ਦਰਬਾਰੀ ਰਤਨ'*, ਕਲਮ ਮੰਦਰ, ਪਟਿਆਲਾ, 1974, ਪੰਨਾ 45
6. ਕਾਨ੍ਹ ਸਿੰਘ ਭਾਈ, *ਗੁਰਮਤਿ ਮਾਰਤੰਡ* (ਭਾਗ ਦੂਜਾ), ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1985, ਪੰਨਾ 567
7. ਸੰਤੋਖ ਸਿੰਘ ਭਾਈ, *'ਗੁਰ ਪ੍ਰਤਾਪ ਸੂਰਜ'*, ਰੁਤ 5 ਅੰਸੂ 52
8. ਪ੍ਰੀਤਮ ਸਿੰਘ (ਸੰਪਾ.) *'ਨਿਰਮਲਾ ਸੰਪਰਦਾਇ'* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981, ਪੰਨਾ 137
9. ਵਿਸਾਖਾ ਸਿੰਘ, ਸੰਤ, *'ਮਾਲਵਾ ਇਤਿਹਾਸ'*, ਭਾਗ ਤੀਜਾ, 19, ਪੰਨਾ 1138
10. ਪ੍ਰੀਤਮ ਸਿੰਘ, *'ਦਸਵਾਂ ਨਾਨਕ ਤੇ ਹੋਰ ਲੇਖ'*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1999, ਪੰਨਾ 160
11. ਰਤਨ ਸਿੰਘ ਜੱਗੀ, *ਭਾਈ ਮਨੀ ਸਿੰਘ ਜੀਵਨ ਤੇ ਰਚਨਾ*, ਪਟਿਆਲਾ, 1983, ਪੰਨਾ 7
12. ਕ੍ਰਿਪਾਲ ਸਿੰਘ, ਸਿੰਘ ਸਾਹਿਬ, *'ਗੁਰਮੁਖ ਦਰਸ਼ਨ'*, ਅੰਮ੍ਰਿਤਸਰ 1885, ਪੰਨਾ 40

# ਸੇਵਾਪੰਥੀ ਸੰਪਰਦਾਇ

ਗੁਰਮੁਖ ਸਿੰਘ

ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਸੇਵਾ ਕਰਨ ਵਾਲੇ ਕਨ੍ਹੱਈਆ ਜੀ ਸਮਬਿਰਤੀ ਦੇ ਸੁਆਮੀ ਸਨ। ਸਤਿਗੁਰੂ ਦੀ ਉਹਨਾਂ ਤੇ ਅਪਾਰ ਬਖ਼ਸ਼ਿਸ਼ ਸੀ। ਉਹਨਾਂ ਨੇ ਲਗਭਗ ਤਿੰਨ ਸਦੀਆਂ ਪਹਿਲਾਂ ਸਮਾਜ ਸੇਵੀ ਸੰਸਥਾ ਸਥਾਪਿਤ ਕਰਨ ਲਈ ਭਾਈ ਜੀ ਨੂੰ ਉਤਸਾਹਿਤ ਤੇ ਪ੍ਰੇਰਿਤ ਕੀਤਾ ਜਿਸ ਦੇ ਫਲਸਰੂਪ ਸੇਵਾ ਪੰਥ ਹੋਂਦ ਵਿਚ ਆਇਆ ਤੇ ਲਗਭਗ ਤਿੰਨ ਸਦੀਆਂ ਤੋਂ ਮਨੁੱਖਤਾ ਤੇ ਸਿੱਖ ਧਰਮ ਦੀ ਸੇਵਾ ਕਰਦਿਆਂ ਇਹਨਾਂ ਸਾਧੂਆਂ ਨੇ ਦੁਨੀਆਂ ਵਿਚ ਸੁਖ ਸੁਵਿਧਾ ਪੈਦਾ ਕਰਨ ਤੇ ਦੀਨ ਦੁਖੀਆਂ ਦੀ ਸਹਾਇਤਾ ਕਰਨ ਨੂੰ ਆਪਣਾ ਜੀਵਨ ਸਮਰਪਿਤ ਕੀਤਾ ਹੋਇਆ ਹੈ। ਭਾਵੇਂ ਡਾ. ਭੱਟਾਚਾਰੀਆ ਦਾ ਵਿਚਾਰ ਹੈ ਕਿ ਕਈ ਵਾਰੀ ਪਾਖੰਡੀ, ਦੰਭੀ ਤੇ ਝੂਠੇ ਵਿਅਕਤੀ ਵੀ ਸੰਪਰਦਾਇ ਚਲਾਉਣ ਵਿਚ ਕਾਮਯਾਬ ਹੋ ਜਾਂਦੇ ਹਨ ਪਰ ਸੇਵਾ ਪੰਥ ਦੇ ਬਾਨੀ ਭਾਈ ਕਨ੍ਹੱਈਆ ਜੀ ਆਦਰਸ਼ਕ ਵਿਅਕਤੀ ਸਨ ਜੋ ਬਿਨਾ ਕਿਸੇ ਵਿਤਕਰੇ ਦੇ, ਸੇਵਾ ਕਰਦੇ ਸਨ। ਉਨ੍ਹਾਂ ਨੇ ਸਾਰਾ ਜੀਵਨ ਪਾਠ ਭਜਨ ਤੇ ਲੋਕ ਸੇਵਾ ਵਿਚ ਬਤੀਤ ਕੀਤਾ।

'ਸੇਵਾ ਪੰਥ' ਨਾਮ ਬਾਰੇ ਵਿਚਾਰ ਕਰਨੀ ਅਣਉਚਿਤ ਨਹੀਂ ਹੋਵੇਗੀ। ਭਾਈ ਲਾਲ ਚੰਦ ਲਿਖਦੇ ਹਨ।

*ਸੇਵਾ ਪੰਥੀ ਅਡਣਸ਼ਾਹੀ। ਦੁਇ ਕਿਉਂ ਕਹੈ ਏਕ ਕੇ ਮਾਂਹੀ॥*
*ਸੋ ਅਬ ਨਿਰਨੋ ਨੀਕੀਭਾਂਤਿ। ਸੁਨੀਐ ਜਾ ਤੇ ਬਿਨਸੇ ਭ੍ਰਾਂਤਿ॥*
*ਭੇਹਰਾ ਮਿਆਣੀ ਲਗ ਮੁਲਤਾਨ। ਸੇਵਾ ਰਾਮ ਬਿਚਰ ਸੁਖ ਖਾਨ॥*
*ਯਾਤੇ ਤਿਹ ਪੁਰ ਨਗਰਨ ਮਾਂਹੀ। ਸੇਵਾਪੰਥੀ ਪੰਥ ਬਤਾਹੀ॥6॥*
*॥ਦੋਹਰਾ॥*
*ਪੁਰ ਕਰਤਾਰ ਲਾਹੌਰ ਪੁਰ ਨਗਰ ਸ਼ਹੁਦਰੇ ਮਾਹਿ।*
*ਬਡ ਪ੍ਰਤਾਪ ਯੁਤ ਬਸਤ ਭੇ ਸੰਤ ਅੱਡਣ ਜੀ ਤਾਹਿ॥7॥*
*॥ਚੌਪਈ॥*
*ਰਾਜਾ ਪਰਜਾ ਦਰਸ਼ਨ ਆਵੇ। ਸਰਧਾ ਸਹਿਤ ਸੀਸ ਸਭਿ ਨਿਆਵੈ॥*
*ਤਿਹਿ ਕਾਰਨ ਸਭ ਐਸ ਬਖਾਨੈ। ਅਡਣਸ਼ਾਹੀ ਸੰਤ ਪਰਮਾਨੈ॥8॥*
*॥ਦੋਹਰਾ॥*
*ਏ ਪੰਥ ਦੋਊ ਭੇਦ ਜੋ ਗੁਰ ਚੇਲੇ ਕੋ ਨਾਮ॥*
*ਜੋ ਜਿਹ ਦੇਸ਼ ਪ੍ਰਸਿਧ ਸੋ ਭਾਖਤਿ ਅਭਿਰਾਮ॥9॥*[1]

ਉਪਰੋਕਤ ਅਨੁਸਾਰ ਭਾਈ ਸੇਵਾ ਰਾਮ ਦੇ ਨਾਮ ਤੋਂ ਸੇਵਾ ਪੰਥ ਨਾਮ ਚਲਿਆ ਤੇ ਤੇਜੱਸਵੀ ਸੇਵਾ ਪੰਥੀ ਮਹਾਤਮਾ ਭਾਈ ਅੱਡਣਸ਼ਾਹ ਦੀ ਮਹਾਨ ਸ਼ਖ਼ਸੀਅਤ ਕਾਰਨ ਉਨ੍ਹਾਂ ਦੇ ਚੇਲੇ ਅੱਡਣ ਸ਼ਾਹੀ ਅਖਵਾਉਣ ਲਗੇ। ਇਸ ਸੰਪਰਦਾਇ ਦਾ ਆਰੰਭ ਸੇਵਾ ਕਰਨ ਦੀ ਵਿਸ਼ੇਸ਼ ਰੁਚੀ ਤੋਂ ਹੋਇਆ। ਭਾਈ ਕਨ੍ਹੱਈਆ ਤੋਂ ਲੈ ਕੇ ਹੁਣ ਤੱਕ ਇਸ ਸੰਪਰਦਾਇ ਦੇ ਸਾਧੂ ਸੇਵਾ ਨੂੰ ਅਥਾਹ ਮਹੱਤਵ ਦਿੰਦੇ ਹਨ ਤੇ ਆਪਦੇ ਹੱਥੀਂ ਅਭਿਅਗਤਾਂ ਦੀ ਸੇਵਾ ਕਰਦੇ ਹਨ। ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਸਿੱਖ ਧਰਮ ਵਿਚ ਹੀ ਸੇਵਾ ਸਾਧਨਾ ਵਿਚ ਵਿਸ਼ੇਸ਼ ਰੁਚੀ ਰੱਖਣ ਵਾਲੇ ਸਾਧਕਾਂ ਦਾ ਇਕ ਅਜਿਹਾ ਆਤਮ ਉਤਸਰਗੀ ਦਲ ਸੀ ਜੋ ਦਸਾਂ ਨਹੁੰਆਂ ਦੀ ਕਿਰਤ ਕਰਕੇ ਵੰਡ ਛਕਣ ਦੇ ਵਿਸਵਾਸ਼ ਅਧੀਨ ਸਰੀਰਿਕ ਸੇਵਾ ਰਾਹੀਂ ਜੀਵਨ ਮਨੋਰਥ ਸੰਪੰਨ ਕਰਦਾ ਹੋਇਆ ਸੰਸਾਰ ਵਿਚ ਵਿਚਰਿਆ।

ਰਵਾਇਤ ਅਨੁਸਾਰ ਭਾਈ ਕਨ੍ਹੱਈਆ ਨੂੰ ਇਸ ਪੰਥ ਦਾ ਸੰਚਾਲਕ ਮੰਨਿਆ ਜਾਂਦਾ ਹੈ।[3] ਇਉਂ ਇਸ ਸੰਪਰਦਾਇ ਦਾ ਨਾਮ ਸੇਵਾ ਪੰਥ ਪ੍ਰਸਿੱਧ ਹੋਇਆ।

ਭਾਈ ਕਨ੍ਹੱਈਆ ਦਾ ਜਨਮ ਭਾਈ ਨਥੂ ਰਾਮ ਦੇ ਘਰ ਵਜੀਰਾਬਾਦ ਜ਼ਿਲਾ ਗੁਜਰਾਂਵਾਲ ਦੇ ਨੇੜੇ ਪਿੰਡ ਸੋਧਰੇ ਵਿਖੇ ਹੋਇਆ। ਪ੍ਰੋ. ਪ੍ਰਤੀਮ ਸਿੰਘ[4] ਨੇ ਆਪ ਦਾ ਜਨਮ 1680-90 ਬਿਕ੍ਰਮੀ ਦੇ ਵਿਚਕਾਰ ਮੰਨਿਆ ਹੈ ਜਿਸ ਦਾ ਆਧਾਰ ਮਹੰਤ ਗਣੇਸ਼ਾ ਸਿੰਘ[5] ਹੈ। ਆਚਾਰੀਆ ਸੀਤਾ ਰਾਮ ਚੁਤਰਵੇਦੀ[6] ਨੇ ਜਨਮ ਮਿਤੀ ਪੋਹ ਸ਼ੁਕਲ 5 ਸੰਮਤ 1707 ਦਿੱਤੀ ਹੈ ਪਰ ਉਹ ਇਸ ਸ੍ਰੋਤ ਬਾਰੇ ਚੁੱਪ ਹਨ। ਸੇਵਾਪੰਥੀ ਇਤਿਹਾਸਿਕ ਗ੍ਰੰਥਾਂ ਵਿਚ ਇਹ ਜਨਮ ਮਿਤੀ 1705 ਬਿਕ੍ਰਮੀ[7] ਦੇ ਲਗਪਗ ਮੰਨੀ ਹੈ ਜੋ ਠੀਕ ਜਾਪਦੀ ਹੈ ਕਿਉਂਕਿ ਇਹ ਗ੍ਰੰਥ ਉਪਰੋਕਤ ਵਿਦਵਾਨਾਂ ਦੀਆਂ ਰਚਨਾਵਾਂ ਤੋਂ ਪਹਿਲਾਂ ਲਿਖੇ ਗਏ ਸਨ। ਆਪ ਦੇ ਪਿਤਾ ਵੱਡੇ ਵਪਾਰੀ ਸਨ ਅਤੇ ਸ਼ਾਹੀ ਫੌਜਾਂ ਨੂੰ ਰਸਦ ਆਦਿ ਪਹੁੰਚਾਉਣ ਦਾ ਕੰਮ ਕਰਦੇ ਸਨ। ਭਾਈ ਲਾਲ ਚੰਦ ਅਨੁਸਾਰ "ਮਾਤਾ ਪਿਤਾ ਇਨ ਕੇ ਬਡੇ ਧਨਾਢ ਸਿਕਦਾਰ ਥੇ ਤਹਾਂ ਕੇ ਅਰ ਬਾਦਸ਼ਾਹ ਕੇ ਸਾਥ ਭੀ ਚੜ੍ਹਤੇ ਜਬ ਬਾਦਸ਼ਾਹ ਕਹੂ ਚੜਤਾ।"[8] ਇਹ ਧੰਮਣ ਜਾਤ[9] ਦੇ ਖੱਤਰੀ ਸਨ ਪਰ ਸਹਿਜ ਰਾਮ[10] ਨੇ ਬਧਵਾਨ ਖੱਤਰੀ ਲਿਖਿਆ ਹੈ। ਐਥਨੇ. ਕੇ. ਮੈਰਿਨਿਕੋ[11] ਆਪ ਨੂੰ ਝੀਵਰ ਮੰਨਦਾ ਹੈ, ਜੋ ਗਲਤ ਹੈ। ਉਸ ਨੇ ਇਹ ਕਿਆਸ ਇਸ ਤੋਂ ਲਾਇਆ ਜਾਪਦਾ ਹੈ ਕਿ ਆਪ ਜਲ ਦੀ ਸੇਵਾ ਕਰਦੇ ਸਨ।

ਸਮੇਂ ਦੀ ਪ੍ਰਥਾ ਅਨੁਸਾਰ ਆਪ ਦੇ ਮਾਤਾ ਪਿਤਾ ਨੇ ਜੋਤਸ਼ੀਆਂ ਪਾਸੋਂ ਆਪਣੇ ਬਾਲਕ ਦੇ ਭਵਿੱਖ ਬਾਰੇ ਪੁੱਛਣ ਤੇ ਉਨ੍ਹਾਂ ਨੇ ਦਸਿਆ ਕਿ ਇਹ ਪੂਰਨ ਸੰਤ ਹਨ, "ਆਪ ਤੌਂ ਮੁਕਤਿ ਰੂਪ ਹੈ। ਇਨ ਕੇ ਸੰਗੀ ਭੀ ਮੁਕਤਿ ਕੇ ਭਾਗੀ ਹੋਵੇਂਗੇ।"[12] ਭਾਈ ਸੋਭਾ ਰਾਮ ਅਨੁਸਾਰ ਜੋਤਸ਼ੀਆਂ ਨੇ ਬਚਨ ਕੀਤਾ :

*ਉਤਮ ਗੁਣ ਜੇ ਜਗਤ ਮੇ ਸਭ ਇਨ ਮੈਂ ਦ੍ਰਿਸਟਾਇ।*
*ਪੰਥ ਚਲਾਵੇ ਜਗਤ ਮਧੁ ਤੁਮ ਭੀ ਮੁਕਤੀ ਪਾਇ ॥42॥*[13]

ਬਚਪਨ ਤੋਂ ਹੀ ਆਪ ਵੈਰਾਗੀ ਸੁਭਾ ਦੇ ਸੁਆਮੀ ਸਨ। ਸੰਤ ਸੇਵਾ, ਸੰਤ ਸੰਗਤ ਤੇ ਸੰਤਾਂ ਦੇ ਉਪਦੇਸ਼ ਸੁਣਨ ਲਈ ਆਪ ਮਹਾ ਪੁਰਖਾਂ ਦੇ ਚਰਨਾਂ ਵਿਚ ਪੁੱਜ ਜਾਂਦੇ ਅਤੇ ਮੁੱਠੀ ਚਾਪੀ ਦੀ ਸੇਵਾ ਵੀ ਕਰਦੇ। ਆਪ ਬਚਪਨ ਤੋਂ ਹੀ ਦਇਆਵਾਨ ਤੇ ਦਾਨੀ ਸੁਭਾ ਦੇ ਸਨ। ਭਾਈ ਸੋਭਾ ਰਾਮ ਅਨੁਸਾਰ :

*ਸਾਧ ਰੰਕ ਜੋ ਦਰ ਪਰ ਆਵੈ। ਲਾਲ ਕਨਯਾ ਪਿਖ ਬਿਗਸਾਵੈ॥*
*ਦਮੜਾ ਰੋਟੀ ਪੈਸਾ ਬਸਨਾ। ਦੇ ਕਰ ਮੀਠਾ ਬੋਲੇ ਰਸਨਾ॥47॥*[14]

ਭਾਈ ਸਹਿਜ ਰਾਮ ਅਨੁਸਾਰ 'ਅਰ ਇਉਂ ਭੀ ਕਰਹਿ ਜੋ ਖੀਸਾ ਸਦ ਪੈਸੇ ਅਰ ਕੋਡੀਆ ਦੇ ਸਾਥ ਭਰਿਆ ਰਾਖੈ। ਜਹਾਂ ਕੋਊ ਭੂਖਾ ਦੇਖਹਿ ਤਬ ਉਨ ਕੋ ਤ੍ਰਿਪਤ ਕਰ ਛੋਡਹਿਂ'।[15] ਆਪ ਬਾਦਸ਼ਾਹੀ ਰਾਹਾਂ ਤੇ ਜਾ ਖੜੋਂਦੇ। ਜੇਕਰ ਕਿਸੇ ਵੈਰਾਗੀ ਨੂੰ ਦੇਖਦੇ ਤਾਂ ਉਸ ਦੀ ਪੋਟਲੀ ਆਪਣੇ ਸਿਰ ਰੱਖ ਲੈਂਦੇ। ਉਸ ਨੂੰ ਮੁਕਤ ਕਰਵਾ ਦਿੰਦੇ। ਦੀਵਾਨਾਂ ਦਾ ਲੜਕਾ ਅਜਿਹੀ ਵੈਗਾਰ ਕਰੇ ਤਾਂ ਉਨ੍ਹਾਂ ਨੂੰ ਨਮੋਸ਼ੀ ਹੋਣੀ ਕੁਦਰਤੀ ਹੀ ਸੀ। ਜਦੋਂ ਪਿਤਾ ਜੀ ਨੇ ਰੋਕਿਆ ਤਾਂ ਆਪ ਨੇ ਜਵਾਬ ਦਿੱਤਾ "ਹੇ ਪਿਤਾ ਜੀ ਕੁਲ ਮੇਂ ਕਈ ਸਿਆਨੇ ਪੂਤ ਹੋਤੇ ਹੈਂ। ਸੋ ਮੈਂ ਤੁਮਾਰਾ ਬਾਵਰਾ ਪੂਤ ਹੋਂ। ਹਮਾਰੇ ਕਰਮੋਂ ਕਾ ਬਿਚਾਰ ਮਤ ਕਰੋ।"[16] ਆਪ ਨੂੰ ਵਸ ਕਰਨ ਲਈ ਮਾਪਿਆਂ ਨੇ ਵਿਆਹ ਵਾਲਾ ਅੰਤਿਮ ਹਥਿਆਰ ਵਰਤਣ ਦੀ ਸੋਚੀ ਤਾਂ ਆਪ ਨੇ ਨਾਂਹ ਕਰ ਦਿੱਤੀ।[17]

ਆਪ ਦੇ ਮਨ ਵਿਚ ਪਰਮਾਤਮਾ ਨੂੰ ਮਿਲਣ ਦੀ ਬੜੀ ਤੀਬਰ ਇੱਛਾ ਸੀ। ਜਦੋਂ ਆਪ ਦਾ ਮਿਲਾਪ ਪੂਰਨ ਸੰਤ ਨਨੂਆਂ ਜੀ ਨਾਲ ਹੋਇਆ ਤਾਂ ਆਪ ਨੇ ਦਰਸ਼ਨਾਂ ਲਈ ਆਉਣ ਦਾ ਆਪਣਾ ਇਹ ਪ੍ਰਯੋਜਨ ਦਸਿਆ :

*ਲਾਲ ਕਨਯੇ ਬਿਨੈ ਉਚਾਰੀ। ਹਰਿ ਮਿਲੈਨੈ ਕੀ ਇਛਾ ਭਾਰੀ॥*[18]

ਤਾਂ ਨਨੂਆਂ ਜੀ ਨੇ ਦਿਲਾਸਾ ਦਿੰਦਿਆਂ ਆਖਿਆ "ਭਾਈ ਕਨ੍ਹੱਈਆ ਜੀ ਜੈਸੇ ਪੂਰਬਲੇ ਸੰਤਹੁ ਪੁਰਖਾਰਥ ਕੀਆ ਹੈ। ਜਬ ਤੈਸੇ ਤੁਮ ਭੀ ਕਰੋਗੇ। ਤਬ ਗੋਬਿੰਦ ਨਿਕਟ ਹੈ।"[19] ਆਪ ਕਾਫ਼ੀ ਸਮਾਂ ਸੰਤ ਨਨੂਆਂ ਜੀ ਦੀ ਸੇਵਾ ਵਿਚ ਰਹੇ। ਜਦੋਂ ਉਨ੍ਹਾਂ ਨੇ ਸਰੀਰ ਤਿਆਗ ਦਿੱਤਾ ਤਾਂ ਆਪ ਘਰ ਆ ਗਏ ਅਤੇ ਕੁਝ ਚਿਰ ਮਗਰੋਂ ਪਿਤਾ ਜੀ ਦੇ ਦੇਹਾਂਤ ਕਾਰਨ ਆਪ ਨੂੰ ਉਨ੍ਹਾਂ ਦਾ ਕੰਮ ਵੀ ਸੰਭਾਲਣਾ ਪਿਆ। ਆਪ ਵੀ ਮਜਬੂਰੀ ਵੱਸ ਫੌਜ ਨਾਲ ਆਪਣੇ ਮੁਨਸ਼ੀਆਂ ਆਦਿ ਸਮੇਤ ਚਲੇ ਗਏ। ਟਿਕੀ ਹੋਈ ਰਾਤ ਵਿਚ ਕੋਈ ਗੁਰ ਸਿੱਖ ਗੁਰੂ ਤੇਗ ਬਹਾਦਰ ਜੀ

ਦੀ ਵੈਰਾਗਮਈ ਬਾਣੀ ਦਾ ਪਾਠ ਕਰ ਰਿਹਾ ਸੀ। ਭਾਈ ਜੀ ਦੇ ਮਨ ਵਿਚ 'ਪ੍ਰੇਮ ਐਸਾ ਜਾਗਿਆ ਜੋ ਰੁਦਨ ਕਰਨੇ ਲਾਗੈ, ਮਾਇਆ ਕੀ ਸਿਅਨਾਮ ਅਰ ਜਗਤ ਸੁਖੋ ਕੇ ਸਭ ਵਿਚਾਰ ਭੁੱਲ ਗਏ। ਜੈਸੇ ਬੜੇ ਝਖੜ ਕੇ ਬਲ ਸਿਉ ਮਛਰ ਪਤੰਗ ਆਦਿ ਉਠ ਜਾਤੇ ਹੈਂ।[20] ਆਪ ਤੰਬੂ ਤੋਂ ਬਾਹਰ ਨਿਕਲੇ ਤੇ ਰੁਦਨ ਕਰਦੇ ਮੁਖੋਂ ਇਹ ਸ਼ਬਦ ਉਚਾਰਦੇ 'ਕੋਈ ਜਨ ਹਰਿ ਸਿਉ ਦੇਵੈ ਜੋਰਿ' ਜੰਗਲਾਂ ਨੂੰ ਚਲੇ ਗਏ।[21]

ਭਾਈ ਕਨ੍ਹੱਈਆ ਜੰਗਲਾਂ ਬੇਲਿਆਂ ਵਿਚ ਵਿਰਲਾਪ ਕਰਦੇ ਪਰਮਾਤਮਾ ਦੀ ਭਾਲ ਵਿਚ ਘੁੰਮਦੇ ਰਹੇ। ਅਚਾਨਕ ਆਪ ਨੂੰ ਇਕ ਮਹਾਤਮਾ ਦੇ ਦਰਸ਼ਨ ਹੋਏ ਜਿਸ ਤੋਂ ਆਪ ਨੇ ਪ੍ਰਭੂ ਮਿਲਣ ਦੀ ਵਿਧੀ ਪੁੱਛੀ ਤਾਂ ਉਸ ਨੇ ਦੱਸਿਆ ਪਰਮਾਤਮਾ ਗੋਬਿੰਦ ਲੋਕਾਂ ਦੀ ਸੰਗਤ ਨਾਲ ਮਿਲ ਸਕਦਾ ਹੈ। ਸੰਤ ਮਹਾਤਮਾ ਨਗਰਾਂ ਵਿਚ ਰਹਿੰਦੇ ਹਨ। ਇਸ ਲਈ ਨਗਰ ਵਿਚ ਜਾ ਕੇ ਸਤਿਸੰਗ ਕਰੋ। ਆਪ ਨੇ ਜੰਗਲ ਤਿਆਗ ਦਿੱਤਾ ਤੇ ਨਗਰ ਨੂੰ ਚੱਲ ਪਏ। ਔਰੰਗਜ਼ੇਬ ਦੀ ਫੌਜ ਦਾ ਕੈਂਪ ਲੱਗਾ ਹੋਇਆ ਸੀ ਜਿਥੇ ਆਪ ਦਾ ਮੇਲ 'ਸੰਤ ਬੰਸ' ਨਾਲ ਹੋਇਆ ਜਿਸ ਬਾਰੇ ਸੀਨਾ ਬਸੀਨਾ ਇਹ ਵਿਚਾਰ ਚਲਿਆ ਆਉਂਦਾ ਹੈ ਕਿ ਪਰਮਾਤਮਾ ਆਪ ਭਾਈ ਕਨ੍ਹੱਈਆ ਨੂੰ ਉਪਦੇਸ਼ ਦੇਣ ਲਈ 'ਸੰਤ ਬੰਸ' ਦੇ ਰੂਪ ਵਿਚ ਆਇਆ। ਜਦੋਂ ਭਾਈ ਕਨ੍ਹੱਈਆ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕੀਤੇ ਤਾਂ ਆਪ ਨੇ ਉਸ ਸਮੇਂ ਆਖਿਆ :

> ਸੰਤੁਬੰਸ ਤੁਮੇ ਬਪ ਧਾਰਾ। ਤੇਗ ਬਹਾਦੁਰ ਭਏ ਇਸ ਬਾਰਾ॥ ੩॥[22]

ਆਪ ਨੇ ਉਨ੍ਹਾਂ ਦੀ ਸੇਵਾ ਤਨ ਮਨ ਨਾਲ ਕੀਤੀ। ਉਸ ਮਹਾਂਪੁਰਖ ਨੇ ਆਪ ਨੂੰ ਇਸ ਪ੍ਰਕਾਰ ਉਪਦੇਸ਼ ਦਿੱਤਾ :

> ਅਮਲ ਫਕੀਰੀ ਕਰੀ ਬਖਾਨੁ। ਸਭ ਕੀ ਸੇਵ ਕਰੋ ਤਜ ਮਾਨੁ॥
> ਮਨ ਵੈਰਾਗੁ ਧਰੋ ਨਿਸ ਭੋਰੁ। ਕਾਮ ਕੋਹਿ ਲਬ ਮਾਰੇ ਚੋਰ॥੩੨੭॥
> ਧਰੋ ਲੰਗੋਟੀ ਸਿਰ ਪਰ ਟੋਪੀ। ਗੁਰੂ ਨਾਨਕ ਦੀ ਧਾਰੋ ਉਟੀ।
> ਧਰੋ ਫਕੀਰੀ ਮਿਰਤਕ ਹੋਵੇ। ਪੁਨ ਕੁਟੰਬ ਕੀ ਓਰ ਨ ਜੋਵੇ॥੩੨ ॥[23]

ਇਉਂ ਉਪਦੇਸ਼ ਦੇਣ ਮਗਰੋਂ 'ਸੰਤ ਬੰਸ' ਭਾਈ ਕਨ੍ਹੱਈਆ ਪਾਸੋਂ ਸਦਾ ਲਈ ਨਿਖੜ ਗਏ। ਇਕ ਦਿਨ ਆਕਾਸ਼ਬਾਣੀ ਹੋਈ ਕਿ ਭਾਈ ਕਨ੍ਹੱਈਆ ਜੀ ਤੁਸੀਂ ਅਨੰਦਪੁਰ[24] ਜਾਵੋ ਪਰ ਸੋਭਾ ਰਾਮ ਅਨੁਸਾਰ :

> ਨਗਰ ਡਰੋਲੀ ਤਤੁ ਛਿਨ ਜਾਵੋ। ਗੁਰ ਪੂਰੇ ਕਾ ਦਰਸ਼ਨ ਪਾਵੋ॥ ੭ ॥[25]

ਪਰ ਭਾਈ ਜੀ ਅਜੇ ਦੁਬਿਧਾ ਵਿਚ ਹੀ ਸਨ ਕਿ ਦੂਜੀ ਵਾਰ ਆਕਾਸ਼ਬਾਣੀ ਹੋਈ :

> ਚਲੋ ਡਰੋਲੀ ਦੇਰੁ ਨ ਕੀਜੈ। ਪਿਖ ਗੁਰ ਪੂਰੇ ਅੰਮ੍ਰਿਤ ਪੀਜੈ॥[26]

ਸਾਡਾ ਵਿਚਾਰ ਹੈ ਕਿ ਭਾਈ ਜੀ ਨੇ ਸਤਿਗੁਰੂ ਤੇਗ ਬਹਾਦਰ ਦੇ ਦਰਸ਼ਨ ਅਨੰਦਪੁਰ ਹੀ ਕੀਤੇ ਕਿਉਂਕਿ ਸਤਿਗੁਰੂ ਜੀ ਆਪਣੀ ਯਾਤਰਾ ਦੇ ਦੌਰਾਨ ਕੁਝ ਦਿਨ ਹੀ ਡਰੋਲੀ ਠਹਿਰੇ।[27] ਕਿਉਂਕਿ ਗ੍ਰੰਥਾਂ ਵਿਚ ਹੀ ਜ਼ਿਕਰ ਆਉਂਦਾ ਹੈ ਕਿ ਭਾਈ ਜੀ ਨੂੰ ਦਰਸ਼ਨ ਕਰਕੇ ਸ਼ਾਂਤੀ ਮਿਲੀ ਤੇ ਆਪ ਬਹੁਤ ਸਮਾਂ ਘੋੜਿਆਂ ਦੇ ਤਬੇਲੇ ਵਿਚ ਸੇਵਾ ਕਰਦੇ ਰਹੇ ਜਿਥੇ ਕਦੇ ਕਦੇ ਸਤਿਗੁਰੂ ਜੀ ਦਰਸ਼ਨ ਦੇਣ ਆ ਜਾਇਆ ਕਰਦੇ ਸਨ।[28] ਭਾਈ ਕਨ੍ਹੱਈਆ ਜੀ ਦੀ ਪ੍ਰਸੰਨਤਾ ਬਾਰੇ ਸੋਭਾ ਰਾਮ ਨੇ ਲਿਖਿਆ :

> ਲਾਲ ਕਨ੍ਹੱਈਆ ਪਿਖ ਹਰਖਾਯੋ। ਜਨਮ ਰੰਕ ਜਿਮ ਰਾਜੰ ਪਾਯੋ।
> ਗੁਰੂ ਸੂਰਤਿ ਮੂਰਤਿ ਰਿਧ ਧਾਰੀ। ਜਿਮ ਸੁਆਂਤੀ ਲੈ ਸੀਪ ਸਿਧਾਰੀ॥ ੯ ॥[29]

ਇਕ ਦਿਨ ਸਤਿਗੁਰੂ ਜੀ ਨੇ ਭਾਈ ਕਨ੍ਹੱਈਆ ਨੂੰ ਇਕਾਂਤ ਵਿਚ ਆਖਿਆ 'ਤੁਮ ਕੋ ਗੁਰੂ ਕੇ ਗ੍ਰਿਹ ਤੇ ਕੁਣਕਾ ਮਿਲਿਆ ਹੈ, ਤਾਤੇ ਤੁਮ ਭੀ ਵੰਡ ਅਚਵਹੁ। ਅਬ ਜਾਵੋਂ ਸਰਬ ਜੀਵਹੁ ਕੋ ਸੁਖ ਦੇਵੋ।[30] ਇਸ ਗੱਲ ਨੂੰ ਜਰਾ ਵਿਸਥਾਰ ਨਾਲ ਭਾਈ ਸੋਭਾ ਰਾਮ ਨੇ ਇਉਂ ਲਿਖਿਆ ਹੈ :

> ਗੁਰੂ ਨਾਨਕ ਦਯੋ ਪ੍ਰਸਾਦਿ ਤੁਮ ਬਾਟਂ ਖਾਵੋ ਮੀਤ।
> ਦਯਾ ਸਮਾਨੁ ਨਹਿ ਪੁਨਿ ਹੈ ਹਿਰਦੇ ਧਾਰੋ ਨੀਤ॥ ॥
> ਅਸਨੁ ਬਸਨੀ ਜਲੁ ਦੀਜੀਐ ਚਾਪੀ ਕਰੋ ਬਨਾਇ।
> ਚਾਰੁ ਬਰਨ ਖਟੁ ਦਰਸੁ ਕਉ ਜਾਨੋ ਏਕੇ ਭਾਇ॥ ੭॥

ਸਤਿਗੁਰੂ ਦਾ ਆਦੇਸ਼ ਪ੍ਰਾਪਤ ਕਰਕੇ ਭਾਈ ਜੀ ਉਥੋਂ ਚੱਲ ਪਏ ਅਤੇ 'ਕਹਵਾ' ਪਿੰਡ ਪੁੱਜੇ। ਇਹ ਪਿੰਡ ਜ਼ਿਲਾ ਕੈਬਲਪੁਰ ਵਿਚ, ਕੈਬਲਪੁਰ ਤੋਂ 12 ਕੁ ਮੀਲ ਦੀ ਵਿਥ ਤੇ ਹੈ, ਜੋ ਲਾਹੌਰ ਤੋਂ ਪਿਸ਼ਾਵਰ ਨੂੰ ਜਾਂਦੀ ਜਰਨੈਲੀ ਸੜਕ ਦੇ ਕਿਨਾਰੇ ਤੇ ਸਥਿਤ ਹੈ। ਉਥੇ ਆਪ ਨੇ ਪਾਣੀ ਬਿਨਾ ਜੀਵ ਦੁੱਖੀ ਦੇਖੇ ਤਾਂ ਪਾਣੀ ਦਾ ਪ੍ਰਬੰਧ ਕੀਤਾ ਤੇ ਧਰਮਸ਼ਾਲਾ ਵੀ ਬਣਾਈ ਜਿਸ ਵਿਚ ਪਰਦੇਸੀਆਂ ਲਈ ਬਿਸਤਰਿਆਂ ਆਦਿ ਤੇ ਖਾਣੇ ਦਾ ਪ੍ਰਬੰਧ ਕੀਤਾ ਅਤੇ ਨਾਲ ਹੀ ਡੇਢ ਸੌ ਘੜਾ ਪਾਣੀ ਦਾ ਵੀ ਭਰ ਕੇ ਰੱਖਿਆ, ਜਿਸ ਨਾਲ ਅਤਿਥੀਆਂ ਨੂੰ ਕਾਫ਼ੀ ਆਰਾਮ ਮਿਲਣ ਲੱਗਾ। ਸਭ ਧਰਮਾਂ ਦੇ ਲੋਕਾਂ ਲਈ ਇਹ ਧਰਮਸ਼ਾਲਾ ਖੁੱਲ੍ਹੀ ਸੀ। ਭਾਈ ਜੀ ਇਸ ਗੱਲ ਦਾ ਪ੍ਰਚਾਰ ਕਰਦੇ ਸਨ 'ਜੋ ਹਮਾਰਾ ਪੰਥ ਏਕਤਾ ਕਾ ਹੈ।[32] ਇਉਂ ਸਭ ਜੀਵਾਂ ਵਿਚ ਇਕ ਪਰਮਾਤਮਾ ਦੀ ਜੋਤ ਜਾਣ ਕੇ ਆਪ ਸੇਵਾ ਕਰਦੇ ਅਤੇ ਥੱਕੇ ਹੋਏ ਮੁਸਾਫਰਾਂ ਦੀ ਮੁੱਠੀ ਚਾਪੀ ਵੀ ਕਰਦੇ ਸਨ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਗਰੋਂ ਭਾਈ ਕਨ੍ਹੱਈਆ ਜੀ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਕਰਨ ਲਈ ਅਨੰਦਪੁਰ ਸਾਹਿਬ ਪੁੱਜੇ ਅਤੇ ਸੇਵਾ ਕਰਨ ਲੱਗੇ। ਸਤਿਗੁਰੂ ਜੀ ਦੇ ਹੁਕਮ ਨਾਲ ਸਾਰੇ ਸਿੱਖ ਸ਼ਸਤਰ ਬੱਧ ਹੋ ਗਏ। ਆਪ ਭਾਵੇ ਜਲ ਦੀ ਸੇਵਾ ਹੀ ਕਰਿਆ ਕਰਦੇ ਸਨ ਤਾਂ ਵੀ ਕਿਸੇ ਸਿੱਖ ਨੇ ਭਾਈ ਜੀ ਨੂੰ ਵੀ ਤੇਗਾ ਪਹਿਨਾ ਦਿੱਤਾ। ਇਕ ਸਿੰਘ ਨੇ ਪੁਛਿਆ ਕਿ ਭਾਈ ਜੀ ਤੁਸੀਂ ਜੰਗ ਵਿਚ ਤੇਗ ਵਾਹੋਗੇ ਤਾਂ ਆਪ ਨੇ ਉੱਤਰ ਦਿੱਤਾ "ਕਿਸੀ ਕੋ ਮਾਰਨੇ ਕਉ ਹਮਨੇ ਤੇਗਾਂ ਨਹੀਂ ਬਾਂਧਿਆ। ਇਸ ਵਾਸਤੇ ਬਾਂਧਾ ਹੈ ਕਿ ਜਬ ਕੋਈ ਮਾਰਨੇ ਕਉ ਆਵੇਗਾ, ਤਬ ਮੈਂ ਆਪਣਾ ਤੇਗਾਂ ਕਾਢ ਕਰ ਉਸ ਕਉ ਪਕੜਾਵਉਂਗਾ ਅਰ ਮੁੱਖ ਸੇ ਕਹੂੰਗਾ ਜੋ ਤੁਮ ਕਉ ਅਪਨੀ ਤੇਗ ਕਾਢਨੀ ਨ ਪੜੇ ਇਉਂ ਮੇਰੀ ਹੀ ਮੁਝ ਕਉ ਮਾਰਉ"[33] ਇਹ ਗੱਲ ਹੋਲੀ ਹੋਲੀ ਗੁਰੂ ਗੋਬਿੰਦ ਸਿੰਘ ਪਾਸ ਵੀ ਪੁੱਜ ਗਈ ਤਾਂ ਉਨ੍ਹਾਂ ਆਖਿਆ ਕਿ "ਭਾਈ ਕਨ੍ਹੱਈਆ ਦੀ ਤੇਗ ਉਤਾਰ ਲਓ ਜੋ ਇਹ ਤਾਂ ਰਣ ਕਾ ਭਜਾਓ ਹੈ। ਲੜਨੇ ਕਾ ਅਧਿਕਾਰ ਤੋ ਨਹੀਂ, ਕਾਹੇ ਤੇ ਜੋ ਇਨ ਕੋ ਹਮਾਰੇ ਪਿਤਾ ਨੇ ਘਾਲ ਬਤਾਈ ਹੈ, ਇਹ ਉਸੀ ਘਾਲ ਮੇ ਸਾਵਧਾਨ ਹੈ। ਇਹੁ ਅਉਰ ਘਾਲ ਕੇ ਅਧਿਕਾਰੀ ਨਹੀਂ।"[34] ਭਾਈ ਕਨ੍ਹੱਈਆ ਨੇ 'ਤਬ ਬੀਸ ਬੀਸਵੇ ਨਾਵਾ ਮਹਲੁ ਘਰ ਦਸਮਾ ਮਹਲੁ ਏਕ ਕਰ ਜਾਨਿਆ।'[35]

ਜਦੋਂ ਅਨੰਦਪੁਰ ਨੂੰ ਮੁਗ਼ਲ ਅਤੇ ਪਹਾੜੀ ਰਾਜਿਆਂ ਦੀ ਫੌਜ ਨੇ ਘੇਰਾ ਪਾ ਲਿਆ ਤਾਂ ਬੜੇ ਘਮਸਾਣ ਦਾ ਯੁੱਧ ਹੋਇਆ। ਭਾਈ ਕਨ੍ਹੱਈਆ ਸਤਲੁਜ ਦਰਿਆ ਤੇ ਪੁੱਜ ਜਾਂਦੇ ਅਤੇ ਪਾਣੀ ਦੀਆਂ ਮਸ਼ਕਾਂ ਭਰ ਕੇ ਲਿਆਉਂਦੇ। ਬਿਨਾਂ ਕਿਸੇ ਹਿੰਦੂ, ਸਿੱਖ, ਮੁਸਲਮਾਨ ਦੇ ਵਿਤਕਰੇ ਦੇ ਸਭ ਨੂੰ ਪਾਣੀ ਪਿਆਈ ਜਾਂਦੇ। ਭਾਈ ਲਾਲ ਚੰਦ ਅਨੁਸਾਰ 'ਭਾਈ ਕਨ੍ਹੱਈਆ ਜੀ ਇਸ ਪ੍ਰਕਾਰ ਜੰਗ ਬੀਚ ਮਸ਼ਕ ਭਰ ਕੇ ਜਲ ਕੀ ਪਿਲਾਉਂਦੇ ਰਹੇ ਸਿੰਘਾਂ ਬੀਚ ਭੀ, ਅਰ ਤੁਰਕਾਂ ਬੀਚ ਭੀ। ਕੋਈ ਇਸ ਕੋ ਅਟਕਾਵੇ ਨਹੀਂ ਨਿਸੰਕ ਹੀ ਫਿਰੇ ਇਕ ਸਮਾਨ ਸਭੀ ਕੋ ਜਾਨ ਕੇ ਸੇਵਾ ਬੜੇ ਪ੍ਰੇਮ ਸੇ ਕਰਹਿ।[36] ਤਾਂ ਸਿੱਖਾਂ ਨੇ ਇਸ ਬਾਰੇ ਸਤਿਗੁਰੂ ਪਾਸ ਸ਼ਿਕਾਇਤ ਕੀਤੀ। ਗੁਰੂ ਜੀ ਦੇ ਇਸ ਦਾ ਕਾਰਨ ਪੁੱਛਣ ਤੇ ਭਾਈ ਕਨ੍ਹੱਈਆ ਜੀ ਨੇ ਇਹ ਜਵਾਬ ਦਿੱਤਾ ਕਿ ਮੈਨੂੰ ਤਾਂ ਸਭ ਵਿਚ ਬ੍ਰਹਮ ਰਵ ਰਿਹਾ ਦਿਖਾਈ ਦਿੰਦਾ ਹੈ ਕਿਉਂਕਿ ਆਪ ਦਾ ਇਹੀ ਉਪਦੇਸ਼ ਹੈ :

*ਸਭ ਮੈਂ ਏਕ ਬ੍ਰਹਮ ਹੀ ਪੂਰਨ। ਤਿਸ ਕਾ ਰੂਪ ਪਛਾਨੋ ਤੂਰਨ॥*
*ਇਹ ਉਪਦੇਸ਼ ਕਰਯੋ ਜੋ ਆਪ। ਸੋ ਹਮ ਰਾਖਯੋ ਉਰ ਮੈਂ ਥਾਪ॥*[37]

ਭਾਈ ਜੀ ਦਾ ਇਹ ਉੱਤਰ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਭਾਈ ਸਿਖੋ। ਘਨਯਾ ਰਾਮ ਬ੍ਰਹਮ ਗਿਆਨੀ ਸੱਚਾ ਸੰਤ ਸਮਦਰਸੀ ਹੈ।"[38] ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਭਾਈ ਕਨ੍ਹੱਈਆ ਜੀ ਤੇ ਬਖਸ਼ਿਸ਼ ਕਰਦਿਆਂ ਇਉਂ ਬਚਨ ਕੀਤੇ :

*ਜੋ ਤੁਮ ਕਰਨਾ ਸੋ ਕਰ ਲੀਨਾ। ਸਭਿ ਮਧਿ ਪੂਰਨ ਬ੍ਰਹਮੰ ਚੀਨਾ।*
*ਜੋ ਗੁਰੂ ਤੇਗ ਬਹਾਦਰ ਭਾਖਾ। ਸੋਈ ਕੀਜੈ ਧਰੁ ਅਭਿਲਾਖਾ॥੭੫੯॥*
*ਨਿਰਗੁਨ ਅਪੁਨਾ ਪੰਥਿ ਬਨਾਵੋ। ਕੀਜੈ ਕਿਰਤੈ ਵੰਡਿ ਕਰ ਖਾਵੋ॥*
*ਸਤਿਨਾਮੁ ਗੁਰ ਮੰਤ੍ਰ ਉਚਾਰੋ। ਗੁਰੂ ਗ੍ਰੰਥ ਪਰ ਨਿਹਚਾ ਧਾਰੋ॥੭ ॥*[39]

ਸਤਿਗੁਰੂ ਜੀ ਨੇ 'ਆਪਣੇ ਹੱਥ ਦਾ ਰੁਮਾਲ ਦੇ ਕੇ ਰਿਧੀਆਂ ਸਿਧੀਆਂ ਨਾਲ ਭਰਪੂਰ ਕੀਤਾ' ।[40] ਜਦੋਂ 1704 ਈਸਵੀ ਵਿਚ ਸਤਿਗੁਰੂ ਜੀ ਨੇ ਅਨੰਦਪੁਰ ਛੱਡਿਆ ਤਾਂ ਭਾਈ ਕਨ੍ਹੱਈਆ ਜੀ ਨੂੰ ਆਗਿਆ ਕੀਤੀ,

"ਲਹਿੰਦੇ ਵੱਲ ਜਾਹ, ਗੁਰੂ ਕੀ ਸਿੱਖੀ ਵਧਾ, ਤੇਰਾ ਪੰਥ ਚੱਲੇਗਾ।"[41] ਭਾਈ ਕਨ੍ਹੱਈਆ 'ਕਾਹਵੇ' ਚੱਲੇ ਗਏ ਤੇ ਸਿੱਖੀ ਦਾ ਪਰਚਾਰ ਕੀਤਾ।

ਕੀ ਭਾਈ ਕਨ੍ਹੱਈਆ ਉਦਾਸੀ ਸਾਧੂ ਸਨ  ਭਾਈ ਸੁੱਖਾ ਸਿੰਘ ਨੇ ਲਿਖਿਆ ਹੈ :

*ਏਕ ਉਦਾਸੀ ਸਾਧ ਕਨੈਯਾ। ਸਾਧੂ ਭਏ ਸਾਥ ਗੁਨ ਗੈਯਾ।*[42]

ਇਸ ਮੱਤ ਦੇ ਦੂਸਰੇ ਸਮਰਥਕ ਆਚਾਰੀਆ ਸੀਤਾ ਰਾਮ ਚਤੁਰਵੇਦੀ[43] ਹਨ। ਉਦਾਸੀ ਸ਼ਬਦ ਦਾ ਕੋਸ਼ਗਤ ਅਰਥ ਹੈ "ਉਦਾਸੀਨਤਾ" ਉਪਰਾਮ, ਵਿਰੱਕਤ।[44] ਘਰ ਬਾਰ ਦਾ ਮੋਹ ਤਿਆਗ ਕੇ ਪਰਮਾਤਮਾ ਦੀ ਖੋਜ ਵਿਚ ਨਿਕਲੇ ਵਿਅਕਤੀ ਨੂੰ ਉਦਾਸੀ ਆਖਿਆ ਜਾਂਦਾ ਹੈ। ਆਚਾਰੀਆ ਸੀਤਾ ਰਾਮ ਚਤੁਰਵੇਦੀ ਨੇ ਉਦਾਸੀ ਦੀ ਪਰਿਭਾਸ਼ਾ ਇਉਂ ਕੀਤੀ ਹੈ। 'ਉਹ ਵਿਅਕਤੀ ਜੋ ਸੁੱਖ, ਦੁੱਖ, ਰਾਗ, ਦ੍ਵੈਖ, ਲੋਭ, ਮੋਹ, ਆਪਣਾ ਪਰਾਇਆ, ਆਦਿ ਸਭ ਪਰਕਾਰ ਦੇ ਦਵੈਤਾਂ ਤੋਂ ਪਰ੍ਹੇ ਹੋ ਕੇ ਸਭ ਨੂੰ ਆਪਣਾ ਸਮਝਦਾ ਹੋਵੇ।[45] 'ਜੇਕਰ ਇਸ ਅਨੁਸਾਰ ਦੇਖਿਆ ਜਾਵੇ ਤਾਂ ਭਾਈ ਕਨ੍ਹੱਈਆ ਜੀ ਉਦਾਸੀ ਸਨ ਕਿਉਂਕਿ ਉਹ ਵੀ ਘਰ ਬਾਰ ਤਿਆਗ ਕੇ ਸਭ ਕਾਸੇ ਤੋਂ ਮੋਹ ਮੋਕਤ ਹੋ ਕੇ ਪਰਮਤਮਾ ਦੀ ਖੋਜ ਵਿਚ ਨਿਕਲੇ ਸਨ ਅਤੇ ਬਿਨਾਂ ਕਿਸੇ ਵਿਤਕਰੇ ਦੇ ਸਭ ਦੀ ਸੇਵਾ ਕਰਦੇ ਸਨ। ਪਰ ਉਨ੍ਹਾਂ ਦਾ ਉਦਾਸੀ ਸੰਪਰਦਾਇ, ਜਿਸ ਦੇ ਬਾਨੀ ਬਾਬਾ ਸ੍ਰੀ ਚੰਦ ਨੂੰ ਮੰਨਿਆ ਜਾਂਦਾ ਹੈ, ਨਾਲ ਕੋਈ ਸੰਬੰਧ ਨਹੀਂ ਸਥਾਪਿਤ ਕੀਤਾ ਜਾ ਸਕਦਾ। ਗੁਰਬਿਲਾਸ ਵਿਚ ਭਾਈ ਸੁਖਾ ਸਿੰਘ ਨੇ 'ਉਦਾਸੀ' ਸ਼ਬਦ ਨੂੰ ਵਿਆਪਕ ਅਰਥਾਂ ਵਿਚ ਲਿਆ। ਆਚਾਰੀਆ ਸੀਤਾ ਰਾਮ ਚਤੁਰਵੇਦੀ ਨੇ ਉਦਾਸੀ ਸੰਪਰਦਾਇ ਦੇ ਅੰਤਰਗਤ ਭਾਈ ਕਨ੍ਹੱਈਆ ਜੀ ਨੂੰ ਲਿਆ ਹੈ ਪਰ ਉਨ੍ਹਾਂ ਨੇ ਆਪਣਾ ਸ੍ਰੋਤ ਨਹੀਂ ਦੱਸਿਆ ਜਿਸ ਤੋਂ ਭਾਈ ਜੀ ਨੂੰ ਉਦਾਸੀ ਸਿੱਧ ਕੀਤਾ ਜਾ ਸਕੇ।

ਸਾਡਾ ਵਿਚਾਰ ਹੈ ਕਿ ਭਾਈ ਕਨ੍ਹੱਈਆ ਜੀ ਦਾ ਉਦਾਸੀ ਸੰਪਰਦਾਇ ਨਾਲ ਕੋਈ ਸੰਬੰਧ ਨਹੀਂ ਸੀ ਜਿਸ ਦੇ ਕਾਰਨ ਹਨ :

(ੳ) ਕਿਸੇ ਵੀ ਸੇਵਾ ਪੰਥੀ ਇਤਿਹਾਸ ਗ੍ਰੰਥ, ਭਾਈ ਕਨ੍ਹੱਈਆ ਜੀ ਦੀ ਜੀਵਨੀ ਤੇ ਭਾਈ ਜੀ ਨਾਲ ਸੰਬੰਧਿਤ ਲਿਖਤਾਂ ਵਿਚ ਉਨ੍ਹਾਂ ਦੇ ਉਦਾਸੀ ਹੋਣ ਦਾ ਜ਼ਿਕਰ ਨਹੀਂ ਹੈ।

(ਅ) ਭਾਈ ਕਨ੍ਹੱਈਆ ਜੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਆਉਣ ਤੋਂ ਪਹਿਲਾਂ ਭਾਈ ਨਨੂਆ ਜੀ ਕੇ ਸੇਵਕ ਸਨ ਜੋ ਉਦਾਸੀ ਨਹੀਂ ਸਨ ਸਗੋਂ ਵੈਸ਼ਨੋ[45] ਭਗਤ ਸਨ।

(ੲ) ਭਾਈ ਨਨੂਆ ਜੀ ਮਗਰੋਂ ਭਾਈ ਕਨ੍ਹੱਈਆ ਗੁਰੂ ਤੇਗ਼ ਬਹਾਦਰ ਅਤੇ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਸੇਵਾ ਕਰਦੇ ਰਹੇ ਅਤੇ ਫਿਰ ਗੁਰੂ ਸਾਹਿਬ ਦਾ ਹੁਕਮ ਪ੍ਰਾਪਤ ਕਰਕੇ ਸਿੱਖੀ ਦਾ ਪਰਚਾਰ ਤੇ ਲੋਕ ਸੇਵਾ ਕਰਦਿਆਂ ਜੀਵਨ ਬਤੀਤ ਕਰ ਦਿੱਤਾ।

(ਸ) ਉਦਾਸੀ ਸੰਪਰਦਾਇ ਦੇ ਇਤਿਹਾਸ[47] ਵਿਚ ਭਾਈ ਕਨ੍ਹੱਈਆ ਜੀ ਦਾ ਕਿਧਰੇ ਕੋਈ ਜ਼ਿਕਰ ਨਹੀਂ ਮਿਲਦਾ।

(ਹ) ਭਾਈ ਕਾਨ੍ਹ ਸਿੰਘ ਨਾਭਾ[48] ਦਾ ਵਿਚਾਰ ਹੈ ਕਿ ਕਈ ਲੇਖਕਾਂ ਨੇ ਭਾਈ ਮੀਹਾਂ ਜੋ ਉਦਾਸੀ ਸਾਧੂ ਸੀ ਤੇ ਦਸਮ ਗੁਰੂ ਦੇ ਦਰਬਾਰ ਵਿਚ ਜਲ ਤੇ ਲੰਗਰ ਦੀ ਸੇਵਾ ਕਰਦਾ ਹੁੰਦਾ ਸੀ, ਉਸ ਨੂੰ ਭਾਈ ਕਨ੍ਹੱਈਆ ਲਿਖ ਦਿੱਤਾ, ਜੋ ਭੁੱਲ ਹੈ।

ਭਾਈ ਜੀ ਦੇ ਪ੍ਰਸਿੱਧ ਸੇਵਕ ਭਾਈ ਸੇਵਾ ਰਾਮ ਜੀ ਹੋਏ ਹਨ ਜਿਨ੍ਹਾਂ ਦਾ ਜਨਮ ਸੰਮਤ 1815 ਵਿਚ ਦੱਖਣ ਦੇਸ ਵਿਚ ਹੋਇਆ। ਆਪ ਦੇ ਪਿਤਾ[49] ਵੀ ਮਹਾਤਮਾ ਸਨ ਜਿਨ੍ਹਾਂ ਨੇ ਬਾਲਪਣ ਵਿਚ ਹੀ ਇਨ੍ਹਾਂ ਨੂੰ ਅਧਿਆਤਮਿਕ ਸਿੱਖਿਆ ਦੇਣੀ ਆਰੰਭ ਕਰ ਦਿੱਤੀ। ਭਾਈ ਸਾਹਿਜ ਰਾਮ ਨੇ ਆਪਦੇ ਪਿਤਾ ਬਾਰੇ ਇਉਂ ਲਿਖਿਆ ਹੈ :

*ਸੁਘੜ ਪਿਤਾ ਸੁਜਨ ਸੁਜਾਨ ਮਹਾ ਪੁਰਖ ਪ੍ਰਤਪਾਲ।*
*ਬਚਨ ਸੁਨਾਵੈ ਗੁਰਮਤੀ ਜਿਉਂ ਸਮਝਤ ਦੇਖੇ ਬਾਲ।*[50]

ਬਚਪਨ ਵਿਚ ਜਦੋਂ ਬਾਲ ਸੇਵਾ ਰਾਮ ਨੇ ਬੋਲਣਾ ਸਿੱਖਿਆ ਤਾਂ ਉਸ ਨੂੰ 'ਵਾਹਿਗੁਰੂ' ਸ਼ਬਦ ਰਟਨ ਦੀ ਆਦਤ ਪਾ ਦਿੱਤੀ।

*ਜਬਹਿ ਜੀਭ ਉਚਾਰਨ ਮਹਿਂ ਆਈ। ਤਬ ਵਾਹਿਗੁਰੂ ਕੀ ਟੇਵ ਸਿਖਾਈ।*[51]

ਬਾਰਾਂ ਵਰ੍ਹਿਆਂ ਦੀ ਉਮਰ ਵਿਚ ਹੀ ਘਰ ਤਿਆਗਣ ਲਈ ਤਿਆਰ ਕੀਤਾ ਅਤੇ ਆਪ ਸੱਚੇ ਗੁਰੂ ਦੀ ਭਾਲ ਵਿਚ ਚੱਲ ਪਏ। ਰਾਹ ਵਿਚ ਇਕ ਮਹਾਂ ਪਾਖੰਡੀ ਉਦਾਸੀ ਸਾਧੂ ਨਾਲ ਮੇਲ ਹੋਇਆ ਜਿਸ ਪਾਸੋਂ ਆਪ ਨੇ ਬੜੀ ਮੁਸ਼ਕਲ ਨਾਲ ਜਾਨ ਛੁਡਾਈ ਅਤੇ ਅਨੰਦਪੁਰ ਵਿਖੇ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਪੁੱਜੇ ਅਤੇ ਸਤਿਗੁਰੂ ਜੀ ਨੇ ਆਪ ਨੂੰ ਭਾਈ ਕਨ੍ਹੱਈਆ ਪਾਸ ਜਾਣ ਦਾ ਹੁਕਮ ਦਿੱਤਾ।[52]

ਆਪ ਸੋਧਰੇ ਪੁੱਜ ਕੇ ਤਪਦੀ ਦੁਪਹਿਰੇ ਇਕ ਬਾਗ ਵਿਚ ਆਰਾਮ ਕਰਨ ਲਈ ਬੈਠ ਗਏ ਜਿਥੇ ਇਕ ਠੱਗ ਸਾਧੂ (ਜਿਸ ਨੇ ਲੋਕਾਂ ਤੋਂ ਬਹੁਤ ਸਾਰੀ ਚਾਂਦੀ ਇਹ ਆਖ ਕੇ ਲੈ ਲਈ ਸੀ ਕਿ ਮੈਂ ਜਾਦੂ ਨਾਲ ਸੋਨਾ ਬਣਾ ਦਿਆਂਗਾ) ਬੈਠਾ ਸੀ ਅਤੇ ਲੋਕ ਉਸ ਨੂੰ ਘੇਰੀ ਬੈਠੇ ਸਨ ਕਿ ਇਹ ਕਿਧਰੇ ਭੱਜ ਨਾ ਜਾਵੇ। ਉਸ ਨੇ ਭਾਈ ਸੇਵਾ ਰਾਮ ਵੱਲ ਇਸ਼ਾਰਾ ਕਰਕੇ ਆਖਿਆ ਕਿ ਮੇਰਾ ਸੇਵਕ ਵੀ ਪੁੱਜ ਗਿਆ ਹੈ। ਲੋਕਾਂ ਨੇ ਸੋਚਿਆ ਕਿ ਇਹ ਦੋ ਜਣੇ ਹਨ। ਜੇਕਰ ਇਕ ਭੱਜ ਜਾਵੇ ਤਾਂ ਦੂਸਰਾ ਤਾਂ ਬੈਠਾ ਹੀ ਰਹੇਗਾ। ਠੱਗ ਮੌਕਾ ਪਾ ਕੇ ਭੱਜ ਗਿਆ। ਲੋਕਾਂ ਨੇ ਭਾਈ ਸੇਵਾ ਰਾਮ ਨੂੰ ਫੜ ਲਿਆ ਤੇ ਆਪਣੇ ਜਾਗੀਰਦਾਰ ਪਾਸ ਪੇਸ਼ ਕੀਤਾ ਜਿਸ ਨੇ ਆਪ ਨੂੰ ਹੱਥਕੜੀਆਂ ਲਗਾ ਕੇ ਡਿਊਢੀ ਵਿਚ ਬਿਠਾ ਦਿੱਤਾ। ਦੇਵ ਨੇਤ ਭਾਈ ਕਨ੍ਹੱਈਆ ਜੀ ਨੂੰ ਜਾਗੀਰਦਾਰ ਨੇ ਪ੍ਰਸਾਦ ਛਕਣ ਲਈ ਆਪਣੇ ਗ੍ਰਿਹ ਵਿਖੇ ਬੁਲਾਇਆ ਹੋਇਆ ਸੀ। ਆਪਣੇ ਆਪਣੇ ਸੇਵਕਾਂ ਸਹਿਤ ਉਥੇ ਪੁੱਜੇ ਤੇ ਭਾਈ ਸੇਵਾ ਰਾਮ ਦੇ ਹੱਥਕੜੀਆਂ ਲੱਗੀਆਂ ਦੇਖੀਆਂ। ਚੇਹਰੇ ਤੇ ਨਿਰਦੋਸ਼ ਹੋਣ ਦੀ ਝਲਕ ਦਿਖਾਈ ਦਿੱਤੀ। ਜਾਗੀਰਦਾਰ ਪਾਸੋਂ ਸਾਰੀ ਗੱਲ ਪੁੱਛੀ ਤੇ ਸੇਵਾ ਰਾਮ ਪਾਸ ਪੁੱਜ ਗਏ। ਭਾਈ ਸੇਵਾ ਰਾਮ ਨੇ ਦੱਸਿਆ ਕਿ ਮੈਂ ਢੂੰਡਦਾ ਢੂੰਡਦਾ ਇੱਥੇ ਪੁਜਿਆ ਪਰ ਇੱਥੇ ਬੇੜੀਆਂ ਪੈ ਗਈਆਂ। ਭਾਈ ਕਨ੍ਹੱਈਆ ਜੀ ਨੇ ਪੁੱਛਿਆ ਕਿ ਕਿਸ ਨੂੰ ਢੂੰਡਦਾਂ ਸੈਂ ਤਾਂ ਆਪ ਨੇ ਆਖਿਆ ਕਿ ਢੂੰਡਦਾਂ ਤਾਂ ਮੈਂ ਆਪ ਨੂੰ ਹੀ ਸਾਂ, ਤੇ ਹੁਣ ਸਿ ਾਣ ਵੀ ਲਿਆ ਹੈ ਕਿ ਆਪ ਨੂੰ ਲੱਭਦਾ ਸਾਂ, ਆਪ ਵਿਚ ਤੇ ਸਾਂਈਂ ਵਿਚ ਕੁਝ ਭੇਦ ਨਹੀਂ। ਭਾਈ ਨੇ ਬਚਨ ਕੀਤਾ "ਭਾਈ ਪਸ਼ੂ ਦੇ ਗਲ ਵਿਚ ਰੱਸਾ ਗਲਾਵਾ ਓਨਾ ਚਿਰ ਰਖੀਦਾ ਹੈ ਜਿੰਨਾਂ ਚਿਰ ਉਹ ਵੱਗ ਨਾਲ ਨਹੀਂ ਰਲਦਾ, ਜਦ ਵੱਗ ਨਾਲ ਰਲ ਜਾਵੇ ਤਾਂ ਗਲੋਂ ਰੱਸਾ ਕੱਢ ਛਡੀਦਾ ਹੈ। ਤਿਵੇਂ ਹੀ ਤੁਹਾਨੂੰ ਭਗਵੰਤ ਨੇ ਬੇੜੀਆਂ ਪਾ ਕੇ ਆਣ ਗੁਰੂ ਸੰਗਤ ਨਾਲ ਮੇਲਿਆ ਹੈ ਕਿ ਮਤਾ ਲਾਭ ਚਾਂਭ ਜਾਂਦਾ ਹੋਵੇ' ਅਤੇ ਇਉਂ ਭਾਈ ਜੀ ਜ਼ਾਮਨੀ ਦੇ ਕੇ ਭਾਈ ਸੇਵਾ ਰਾਮ ਨੂੰ ਮੁਕਤ ਕਰਵਾ ਕੇ ਆਪਣੇ ਨਾਲ ਲੈ ਗਏ।"[53]

ਸੇਵਾ ਰਾਮ ਨੇ ਭਾਈ ਕਨ੍ਹੱਈਆ ਜੀ ਦੀ ਅਤੇ ਸਾਧ ਸੰਗਤ ਦੀ ਤਨ, ਮਨ ਨਾਲ ਸੇਵਾ ਕੀਤੀ ਅਤੇ ਨਾਮ ਜਪਿਆ। ਆਪ ਭਾਈ ਕਨ੍ਹੱਈਆ ਜੀ ਦੇ ਪਿਆਰ ਵਿਚ ਇੰਨੇ ਗੁਆਚ ਗਏ ਕਿ ਦਵੈਤ ਖ਼ਤਮ ਹੋ ਗਈ। ਭਾਈ ਸਹਿਜ ਰਾਮ[54] ਅਨੁਸਾਰ ਭਾਈ ਕਨ੍ਹੱਈਆ ਤੇ ਭਾਈ ਸੇਵਾ ਰਾਮ ਇਕ ਹੋ ਗਏ। ਫਿਰ ਭਾਈ ਕਨ੍ਹੱਈਆ ਦੇ ਹੁਕਮ ਅਨੁਸਾਰ ਆਪ ਗੁਰਮਤਿ ਪਰਚਾਰ ਤੇ ਜੀਵਾਂ ਦੀ ਸੇਵਾ ਕਰਨ ਲਈ ਚਲੇ ਗਏ ਤੇ ਨੂਰਪੁਰ ਥਲ ਪੁੱਜ ਗਏ। ਰਾਤ ਉੱਥੇ ਟਿਕਾਣਾ ਕੀਤਾ ਅਤੇ ਆਪ ਨੂੰ ਪਤਾ ਲੱਗਾ ਕਿ ਇਥੇ ਜਲ ਬਿਨਾਂ ਜੀਵ ਬਹੁਤ ਤੰਗ ਹਨ। ਆਪਨੇ ਖੂਹ ਪੁੱਟਣਾ ਸ਼ੁਰੂ ਕੀਤਾ ਅਤੇ ਨਾਲ ਹੀ ਆਏ ਗਏ ਮੁਸਾਫਰਾਂ ਦੀ ਸੇਵਾ ਲਈ ਧਰਮਸ਼ਾਲਾ ਦੀ ਨੀਂਹ ਰੱਖੀ। ਜਦੋਂ ਪਿੰਡ ਦੇ ਲੋਕਾਂ ਨੂੰ ਪਤਾ ਲੱਗਾ ਤਾਂ ਉਹ ਵੀ ਆਪ ਦੀ ਸੇਵਾ ਵਿਚ ਹਾਜ਼ਰ ਹੋ ਗਏ ਤੇ ਇਉਂ ਖੂਹ ਤੇ ਧਰਮਸ਼ਾਲਾ ਦੋਨੋਂ ਤਿਆਰ ਕਰ ਲਏ ਗਏ, ਜਿਸ ਨਾਲ ਜਲ ਦੀ ਤੰਗੀ ਦੂਰ ਹੋ ਗਈ ਅਤੇ ਮੁਸਾਫਰਾਂ ਦੇ ਆਰਾਮ ਲਈ ਸਾਧਨ ਬਣ ਗਿਆ।[55] ਇਉਂ ਆਪ ਨੇ ਗੁਰਮਤਿ ਦਾ ਪਰਚਾਰ ਤੇ ਜੀਵਾਂ ਦੀ ਸੇਵਾ ਜਾਰੀ ਰੱਖੀ।

ਭਾਈ ਕਨ੍ਹੱਈਆ ਜੀ ਬਿਰਧ ਹੋ ਗਏ ਸਨ। ਆਪ ਨੇ ਆਪਦਾ ਅੰਤਿਮ ਸਮਾਂ ਨਿਕਟ ਜਾਣ ਕੇ ਆਪਣੇ ਸੇਵਕਾਂ ਨੂੰ ਇਸ ਪ੍ਰਕਾਰ ਉਪਦੇਸ਼ ਦਿੱਤਾ, "ਜਬ ਕਿਸੀ ਕਾ ਸ਼ਰੀਰ ਛੁਟੇ। ਤਬ ਜਲ ਪ੍ਰਵਾਹੁ ਕਰਿ ਡਾਰੀਐ ਤਊ ਭਲਾ ਹੈ। ਕਾਹੇ ਤੇ। ਜੋ ਹਮ ਜੈਸੇ ਨਿਰਧਨੇ ਕੋ ਪਾਸ ਮਾਇਆ ਕਾ ਸਿੰਚਾ ਤੋਂ ਕਛੁ ਨਹੀਂ। ਲੱਕੜੀਆਂ ਤੇ ਕਪੜੇ ਸਿਉਂ ਭੀ ਛੁਟੀਐ। ਅਰ ਯਗ ਮਹੋਛਾ ਭੀ ਇਹੀ ਹੂਆ ਜੋ ਜੀਵੰਹੁੰ ਨੇ ਸਰੀਰ ਹੂੰ ਕਾ ਭੋਜਨ ਕੀਆ। ਮਾਨੋ ਮਹੋਛਾ ਹੂਆ।"[56] ਸ਼ਾਮ ਨੂੰ ਭਾਈ ਕਨ੍ਹੱਈਆ ਜੀ ਨਿਤਨੇਮ ਅਨੁਸਾਰ ਕੀਰਤਨ ਸੁਣਨ ਲਈ ਬੈਠ ਗਏ। ਪਹਿਲਾਂ ਕਦੇ ਕੰਧ ਨਾਲ ਢਾਸਣਾ ਨਹੀਂ ਸਨ ਲਾਉਂਦੇ ਪਰ ਉਸ ਦਿਨ ਢਾਸਣਾ ਲਗਾ ਲਿਆ ਤੇ ਕੀਰਤਨ ਸੁਣਨ ਲੱਗੇ। ਰਬਾਬੀ ਜਦੋਂ ਥੱਕ ਗਏ ਤਾਂ ਉਨ੍ਹਾਂ ਨੇ ਜਾਤਾ ਕਿ ਭਾਈ ਜੀ ਸੌਂ ਗਏ ਹਨ। ਜਦੋਂ ਸੇਵਕ ਭਾਈ ਜੀ ਨੂੰ ਜਗਾਉਣ ਲਗੇ ਤਾਂ ਦੇਖਿਆ ਉਨ੍ਹਾਂ ਨੇ ਸਰੀਰ ਤਿਆਗ ਦਿੱਤਾ ਹੈ। ਸਾਰੇ ਪਾਸੇ ਸੋਗ ਦੀ ਲਹਿਰ ਫੈਲ ਗਈ। ਸੇਵਕਾਂ ਨੇ

ਆਪ ਦੇ ਹੁਕਮ ਅਨੁਸਾਰ ਆਪ ਦਾ ਸਰੀਰ ਜਲ ਪ੍ਰਵਾਹ ਕਰ ਦਿੱਤਾ। ਬਾਅਦ ਵਿਚ ਸਾਧਾਂ ਨੇ ਭਾਈ ਸੇਵਾ ਰਾਮ ਨੂੰ ਕਹਵੇ ਖਬਰ ਭੇਜੀ। ਆਪ ਨੇ ਪਹਿਲਾਂ ਚੁੱਪ ਧਾਰ ਰਖੀ। ਫਿਰ 'ਏਕ ਰੈਨ ਉੱਤੇ ਸਾਸ ਲੇਤੇ ਰਹੇ। ਫਿਰ ਦੁਇੰ ਰਾਤੀਂ ਅਰ ਦੋਇੰ ਦਿਨ ਤੰਬੂਰਾ ਲੈ ਕਰ ਗਾਵਤੈ ਰਹੇ। ਬਹੁਤ ਤੌਂ ਏਹੀ ਸ਼ਬਦ ਗਾਵਹਿੰ। ਜੋ ਸੇਵਕ ਕੀ ਓੜਕ ਨਿਬਹੀ ਪ੍ਰੀਤਿ।'[57]

ਭਾਈ ਕਨ੍ਹੱਈਆ ਜੀ ਦੇ ਸ਼ਰਧਾਲੂ ਤੇ ਕਰਨੀ ਵਾਲੇ ਇਸ ਸਿੱਖ ਭਾਈ ਸੇਵਾ ਰਾਮ ਨੇ ਭਾਈ ਜੀ ਦੇ ਕੰਮ ਨੂੰ ਆਪਣੇ ਹੱਥ ਵਿਚ ਲੈ ਲਿਆ ਤੇ ਗੁਰਮਤਿ ਦਾ ਪਰਚਾਰ ਤੇ ਜੀਵਾਂ ਦੀ ਸੇਵਾ ਨੂੰ ਆਪਣਾ ਜੀਵਨ ਮਨੋਰਥ ਬਣਾ ਲਿਆ। ਆਪ ਜੀ ਨੂਰਪੁਰ ਥਲ ਵਿਖੇ ਨਾਮ ਬਾਣੀ ਦਾ ਪਰਚਾਰ ਕਰ ਰਹੇ ਸਨ ਤਾਂ ਇਕ ਬਾਲਕ ਸਹਿਜ ਰਾਮ ਬਹੁਤ ਪਿਆਰ ਨਾਲ ਆਪ ਦੀ ਸੇਵਾ ਕਰਦਾ। ਭਾਈ ਜੀ ਪ੍ਰਸੰਨ ਹੋਏ। ਆਪਨੇ ਉਸ ਬਾਲ ਨੂੰ ਕੋਲ ਬੁਲਾ ਕੇ ਪਿਆਰ ਕੀਤਾ ਅਤੇ ਉਸ ਨੂੰ ਨਾਮ ਸਿਮਰਨ ਵਿਚ ਲੱਗਣਾ ਤੇ ਸਾਧ ਸੰਗਤ ਵਿਚ ਆਉਣ ਲਈ ਆਖਿਆ। ਬਾਲ ਨੇ ਬਹੁਤ ਉਦਾਸ ਹੋ ਕੇ ਆਖਿਆ ਮਿਹਰਬਾਨ, ਮੇਰੀ ਬਾਲਕ ਅਵਸਥਾ ਹੈ ਤੇ ਮੈਨੂੰ ਕਾਮ ਬੱਡਾ ਦੁੱਖ ਦੇਤਾ ਹੈ, ਮੈਂ ਕਿਸ ਪ੍ਰਕਾਰ ਸਾਧ ਸੰਗਤ ਮੇਂ ਆਵਾਂ। ਮੇਰੇ ਚਿਤ ਮੇਂ ਇਹ ਚਿੰਤਾ ਬਹੁਤ ਰਹਤੀ ਹੈ ਜੋ ਬਾਲਕ ਅਵਸਥਾ ਮੇਂ ਮੇਰੇ ਤਾਈਂ ਕਾਮ ਏਡਾ ਦੁੱਖ ਦੇਤਾ ਹੈ। ਤਬ ਜੁਬਾ ਅਵਸਥਾ ਮਹਿ ਮੇਰਾ ਕੀ ਹਾਲ ਕਰੇਗਾ'।[58] ਤਾਂ ਭਾਈ ਜੀ ਨੇ ਆਪ ਦੇ ਸੱਚ ਬੋਲਣ ਦੀ ਦਾਦ ਦਿੱਤੀ ਤੇ ਅੰਮ੍ਰਿਤ ਦ੍ਰਿਸ਼ਟ ਨਾਲ ਕਾਮ ਦੀ ਭਟਕਣਾ ਸਦਾ ਲਈ ਮੁਕਾ ਦਿੱਤੀ। ਇਹ ਭਾਈ ਸਹਿਜ ਰਾਮ ਸੀ ਜਿਸ ਨੇ ਸੇਵਾ ਪੰਥੀਆਂ ਬਾਰੇ ਕਈ ਗ੍ਰੰਥ ਲਿਖੇ, ਜਿਸ ਕਾਰਨ ਇਸ ਨੂੰ ਸੇਵਾ ਪੰਥੀਆਂ ਦਾ ਵੇਦ ਵਿਆਸ ਆਖਿਆ ਜਾਂਦਾ ਹੈ।

ਭਾਈ ਸੇਵਾ ਰਾਮ ਨੇ ਜਦੋਂ ਭਾਈ ਅੱਡਣ ਸ਼ਾਹ ਦੇ ਜਤੀ ਸਤੀ ਤੇ ਕਰਨੀ ਵਾਲੇ ਹੋਣ ਬਾਰੇ ਮਹਿਮਾ ਸੁਣੀ ਤਾਂ ਆਪ ਭਾਈ ਅੱਡਣ ਜੀ ਨੂੰ ਮਿਲਣ ਲਈ ਉਨ੍ਹਾਂ ਦੇ ਪਿੰਡ ਗਏ। ਭਾਈ ਜੀ ਅੱਗੇ ਪਿੰਡ ਸ਼ਾਹ ਜੂਸਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਸੁਧਾਈ ਕਰਨ ਲਈ ਗਏ ਹੋਏ ਸਨ। ਆਪ ਵੀ ਉੱਥੇ ਪੁੱਜ ਗਏ ਤੇ ਦੋਵੇਂ ਸੰਤ ਇਕ ਦੂਸਰੇ ਨੂੰ ਬੜੇ ਹਿੱਤ ਨਾਲ ਮਿਲੇ।[59] ਭਾਈ ਅੱਡਣ ਸ਼ਾਹ ਜੀ ਭਾਈ ਸੇਵਾ ਰਾਮ ਦੀ ਸ਼ਖ਼ਸੀਅਤ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਆਪ ਦੇ ਚੇਲੇ ਬਣ ਗਏ।

ਇਸ ਉਪਰੰਤ ਆਪ ਧਰਮ ਦਾ ਪਰਚਾਰ ਕਰਨ ਲਈ ਜੰਮੂ ਚਲੇ ਗਏ ਤੇ ਬਾਅਦ ਵਿਚ ਮੁਜਫਰਗੜ੍ਹ ਪਹੁੰਚੇ। ਸ਼ਹਿਰੋਂ ਬਾਹਰ ਮੀਲ ਦੀ ਵਿੱਥ ਤੇ ਧਰਮਸ਼ਾਲਾ ਬਣਾਈ। ਧਰਮ ਦਾ ਪ੍ਰਚਾਰ ਤੇ ਲੰਗਰ ਦੀ ਸੇਵਾ ਆਰੰਭ ਕੀਤੀ। ਰੋਟੀਆਂ ਦਾ ਟੋਕਰਾ ਲੈ ਕੇ ਸੜਕ ਕਿਨਾਰੇ ਬੈਠ ਜਾਂਦੇ ਤੇ ਲੈ ਲੈ ਟੁਕੜਾ, ਲੈ ਲੈ ਟੁਕੜਾ ਕਹਿ ਕੇ ਆਵਾਜ਼ਾਂ ਦਿੰਦੇ ਜਿਸ ਕਾਰਨ ਇਹ ਪਿੰਡ ਹੁਣ ਤਾਈ 'ਲੱਟਕੁੜਾ' ਕਰਕੇ ਪ੍ਰਸਿੱਧ ਹੈ। ਇਥੇ ਆਪਣੀ ਪ੍ਰਭੁਤਾ ਵਧਦੀ ਦੇਖ ਕੇ ਆਪ ਨੇ ਆਪਣੇ ਸੇਵਕ ਕ੍ਰਿਸ਼ਨ ਚੰਦ ਨੂੰ ਗੁਰਦੁਆਰਾ ਸੌਂਪ ਦਿੱਤਾ ਤੇ ਆਪ ਕੁੱਲੀ ਬਣਾ ਕੇ ਭਜਨ ਵਿਚ ਲੀਨ ਹੋ ਗਏ। ਇਉਂ ਆਪ ਨੇ ਚੌਦਾਂ ਸਾਲ ਤਪ ਕੀਤਾ ਅਤੇ ਅਖੀਰ ਇਥੇ ਸੰਮਤ 1785[60] ਬਿਕਰਮੀ/1728 ਈਸਵੀ ਵਿਚ ਸਰੀਰ ਤਿਆਗਿਆ।

ਆਪ ਜੀ ਦੇ ਅੱਠ ਚੇਲੇ ਹੋਏ 1. ਭਾਈ ਲਛਮਨ ਜੀ 2. ਭਾਈ ਬੁਧਰ ਜੀ 3. ਭਾਈ ਰਾਣਾ ਜੀ 4. ਭਾਈ ਸੰਤੋਖਾ ਜੀ 5. ਅੱਡਣ ਜੀ 6. ਭਾਈ ਨਾਰਾਇਣ ਜੀ 7. ਭਾਈ ਸਾਹਿਬ ਰਾਮ ਜੀ 8. ਭਾਈ ਸਹਿਜ ਰਾਮ ਜੀ॥[61]

ਆਪ ਦੇ ਮੁਖੀ ਚੇਲੇ ਭਾਈ ਅੱਡਣ ਸ਼ਾਹ ਜੀ ਹੋਏ ਹਨ ਜਿਨ੍ਹਾਂ ਨੇ ਬਾਅਦ ਵਿਚ ਭਾਈ ਸੇਵਾ ਰਾਮ ਦੀ ਥਾਂ ਸੰਭਾਲੀ ਤੇ ਗੁਰਮਤਿ ਦਾ ਪ੍ਰਚਾਰ ਤੇ ਜੀਵਾਂ ਦੀ ਸੇਵਾ ਆਰੰਭ ਕੀਤੀ। ਭਾਈ ਅੱਡਣ ਸ਼ਾਹ ਦਾ ਜਨਮ ਪਿੰਡ ਲਊ ਜੋ ਸ਼ਾਹ ਜੀਵਨ ਦੇ ਨੇੜੇ ਹੈ, ਵਿਖੇ 1680[62] ਈ. ਦੇ ਕਰੀਬ ਹੋਇਆ। ਆਪ ਬਚਪਨ ਤੋਂ ਹੀ ਬਹੁਤ ਹੋਣਹਾਰ ਸਨ। ਆਪ ਨੇ ਗੁਰਮੁਖੀ ਵਿੱਦਿਆ ਸਾਧੂ ਭਾਈ ਗੁਰਦਾਸ ਜੀ ਪਾਸੋਂ ਪ੍ਰਾਪਤ ਕੀਤੀ, ਜੋ ਗੁਰੂ ਤੇਗ਼ ਬਹਾਦਰ ਜੀ ਦੇ ਸਿੱਖ ਸਨ, ਜਿਨ੍ਹਾਂ ਨੇ ਪਿੰਡ ਲਊ ਵਿਖੇ ਧਰਮਸ਼ਾਲਾ ਪਾ ਲਈ। ਇਥੇ ਆਪ ਨੇ ਅਨੇਕ ਬਾਲਾਂ ਨੂੰ ਗੁਰਮੁਖੀ ਪੜ੍ਹਾਈ ਤੇ ਨਾਮ ਬਾਣੀ ਦਾ ਘਰ ਘਰ ਪ੍ਰਚਾਰ ਕਰਕੇ ਜੀਵਨ ਸਫਲਾ ਕੀਤਾ।[63] ਇਉਂ ਭਾਈ ਅੱਡਣ ਜੀ ਨੇ ਗੁਰਬਾਣੀ ਦਾ ਗੂੜ੍ਹ ਗਿਆਨ ਆਪ ਪਾਸੋਂ ਹਾਸਲ ਕੀਤਾ।

ਭਾਈ ਅੱਡਣ ਜੀ ਨੇ ਪਹਿਲਾ ਲਊ, ਮੂਦਾ ਸਰੀਰ ਤੇ ਸ਼ਾਹ ਜੀਵਣੇ ਨੂੰ ਆਪਣੇ ਪ੍ਰਚਾਰ ਦਾ ਕੇਂਦਰ ਬਣਾਇਆ। ਆਪ ਨੇ ਇੱਥੇ ਧਰਮਸ਼ਾਲਾਵਾਂ ਬਣਵਾਈਆਂ ਤੇ ਆਏ ਗਏ ਮੁਸਾਫਰਾਂ ਦੀ ਸੇਵਾ ਸੰਭਾਲ ਦਾ ਕੰਮ

ਆਰੰਭ ਕੀਤਾ। ਇਥੇ ਡੇਰੇ ਵਿਚ ਸਾਧ ਸੰਗਤ ਦੀ ਸੇਵਾ ਲਈ ਕੋਈ ਦਾਨੀ ਆਪ ਜੀ ਨੂੰ ਗਊਆਂ ਦੇ ਗਏ ਤਾਂ ਕਿ ਦੁੱਧ ਦਹੀਂ ਦਾ ਆਰਾਮ ਰਹੇ। ਚੋਰ ਇਕ ਰਾਤ ਗਊਆਂ ਲੈ ਗਏ ਪਰ ਬਛੜੇ ਛੱਡ ਗਏ। ਜਦੋਂ ਸਵੇਰੇ ਭਾਈ ਜੀ ਨੇ ਮਾਵਾਂ ਬਿਨਾਂ ਵਿਲਕਦੇ ਬਛੜੇ ਦੇਖੇ ਤਾਂ ਆਪਣੇ ਸੇਵਕਾਂ ਨੂੰ ਹੁਕਮ ਕੀਤਾ ਕਿ ਇਨ੍ਹਾਂ ਬਛੜਿਆਂ ਨੂੰ ਉਨ੍ਹਾਂ ਚੋਰਾਂ ਦੇ ਹਵਾਲੇ ਕਰ ਆਓ ਤਾਂ ਕਿ ਇਹ ਬੱਚੇ ਸੁੱਖੀ ਹੋ ਜਾਣ। ਸਾਧਾਂ ਨੇ ਇਉਂ ਹੀ ਕੀਤਾ ਤਾਂ ਚੋਰਾਂ ਦੇ ਮਨ ਤੇ ਬਹੁਤ ਪ੍ਰਭਾਵ ਪਿਆ। ਉਹ ਗਊਆਂ ਵਾਪਸ ਕਰ ਗਏ ਤੇ ਚੋਰੀ ਛੱਡ ਕੇ ਸਾਧੂ ਬਣ ਗਏ।[64] ਇਕ ਅਜਿਹੀ ਹੀ ਘਟਨਾ ਹੋਰ ਵਾਪਰੀ ਕਿ ਭਾਈ ਜੀ ਨੇ ਸਾਧਾਂ ਲਈ ਡੇਰੇ ਵਿਚ ਬਿਸਤਰ ਬਣਾਉਣ ਲਈ ਤਾਣੀ ਲਗਾਈ, ਰਾਤ ਨੂੰ ਚੋਰ ਆ ਪਏ, ਹੋਰ ਕੋਈ ਚੀਜ਼ ਹੱਥ ਨਾ ਲੱਗੀ। ਉਹ ਜਾਂਦੇ ਹੋਏ ਪੇਟਾ ਹੀ ਲੈ ਗਏ ਤਾਂ ਭਾਈ ਜੀ ਨੇ ਸਵੇਰੇ ਤਾਣੀ ਵੀ ਉਨ੍ਹਾਂ ਨੂੰ ਭਿਜਵਾ ਦਿੱਤੀ। ਇਹ ਚੋਰ ਵੀ ਪਹਿਲੇ ਚੋਰਾਂ ਵਾਂਗ ਤਾਣਾ ਪੇਟਾ ਵਾਪਸ ਕਰ ਗਏ ਤੇ ਚੋਰੀ ਨੂੰ ਸਦਾ ਲਈ ਤਿਆਗਣ ਦਾ ਪ੍ਰਣ ਕੀਤਾ।[65]

ਸ਼ਾਹ ਜੀਵਣੇ ਇਕ ਹਿਰਦੇ ਵੇਧਕ ਘਟਨਾਵਾਂ ਵਾਪਰੀ। "ਕੋਈ ਸਿੱਖ ਗੁਰੂ ਗ੍ਰੰਥ ਸਾਹਿਬ ਪੜ੍ਹਦਾ ਬੈਠਾ ਥਾ ਅਰ ਸਯਦ ਰੋ ਸਿਕਦਾਰ ਥਾ, ਤਿਸ ਕਾ ਚਾਕਰ ਕੋਈ ਨਰ ਥਾ ਮਹਾਂ ਮੂਢ ਤਿਸ ਕੋ ਬੁਲਵਾਤਾ ਭਇਆ ਵਿਗਾਰ ਪਕੜਨੇ ਨਿਮਤ। ਤਬ ਦੇਖ ਕੇ ਭਾਈ ਜੀ ਹੋਰਾਂ ਅਥਵਾ ਕਿਸੀ ਅਵਰ ਸਾਧ ਤਿਸ ਸਿਪਾਹੀ ਕੋ ਕਹਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੜ੍ਹ ਲੇਵੈ ਏਤਾ ਕਾਲ ਧੀਰਜ ਕਰ ਪਰ ਵਹ ਕਠੋਰ ਸਿਪਾਹੀ ਥਾ, ਸੰਤਾਂ ਕਾ ਬਚਨ ਨਾ ਮਾਨਤਾ ਭਇਆ ਅਰ ਸਿੱਖ ਕੋ ਉਠਾਇ ਲੀਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਪਾਸੋ। ਐਸੀ ਅਨੀਤ ਜ਼ੁਲਮੀ ਦੇਖ ਕੇ ਭਾਈ ਅੱਡਣ ਜੀ ਉਦਾਸ ਭਏ। ਕਾਹੇ ਤੇ ਜੋ ਯਹਿ ਸਿਪਾਹੀ ਕਾ ਕਰਮ ਨਹੀਂ ਯਹਿ ਸਿਕਦਾਰ ਕਾ ਕਰਮ ਹੈ ਅਰ ਜਹਾਂ ਸਿਕਦਾਰ ਕੀ ਅਨੀਤ ਹੋਵੇ ਤਹਾਂ ਰਹਿਨੇ ਪਰ ਸੁਖ ਕਬੀ ਨਹੀਂ ਨਿਕਸਤਾ।"[66] ਅਤੇ ਭਾਈ ਜੀ ਨੇ ਤੂੰਬੀ ਹੱਥ ਵਿਚ ਫੜੀ ਤੇ ਪਿੰਡ ਤਿਆਗ ਕੇ ਚੱਲ ਪਏ ਅਤੇ ਜੰਮੂ ਦੇ ਚੌਧਰੀਆਂ ਦੀ ਬੇਨਤੀ ਮੰਨ ਕੇ ਉੱਥੇ ਧਰਮਸ਼ਾਲਾ ਦੀ ਨੀਂਹ ਰੱਖੀ। ਜਦੋਂ ਬਹੁਤ ਸਾਰੇ ਲੋਕ ਆਪ ਪਾਸ ਦਰਸ਼ਨਾਂ ਲਈ ਆਉਣ ਜਾਣ ਲੱਗੇ ਤਾਂ ਆਪ ਨੇ ਭਗਤੀ ਵਿਚ ਵਿਘਨ ਪੈਂਦਾ ਵੇਖ ਕੇ ਜੰਮੂ ਤਿਆਗ ਦਿੱਤਾ ਤੇ ਲਾਹੌਰ ਵਿਖੇ ਆਪਣੇ ਇਕ ਸੇਵਕ ਦੁਆਰਾ ਤਿਆਰ ਕਰਵਾਈ ਗਈ ਧਰਮਸ਼ਾਲਾ ਵਿਚ ਆ ਡੇਰਾ ਕੀਤਾ ਅਤੇ ਬਹੁਤ ਦੇਰ ਇਸ ਧਰਮਸ਼ਾਲਾ ਵਿਚ ਰਹੇ।

ਆਪ ਜਟਾ ਜੂਟ ਪੂਰਨ ਗੁਰਸਿੱਖ ਸਨ। ਜਦੋਂ ਸਿੱਖਾਂ ਦੇ ਸਿਰਾਂ ਦਾ ਮੁੱਲ ਪੰਜ ਪੰਜ ਰੁਪਏ ਪੈ ਰਿਹਾ ਸੀ ਤਾਂ ਆਪ ਲਾਹੌਰ ਵਰਗੇ ਸ਼ਹਿਰ ਦੇ ਨੇੜੇ ਨਿਧੜਕ ਘੁੰਮਦੇ ਤੇ ਪੀਰਾਂ ਫਕੀਰਾਂ ਨੂੰ ਮਿਲਦੇ ਰਹਿੰਦੇ ਸਨ। ਆਪ ਦੀ ਨੈਤਿਕ ਦਲੇਰੀ ਦਾ ਗਿਆਨ ਹੇਠ ਲਿਖੀਆਂ ਘਟਨਾਵਾਂ ਤੋਂ ਭਲੀ ਭਾਂਤ ਹੁੰਦਾ ਹੈ। ਇਕ ਵਾਰ ਬਾਦਸ਼ਾਹ ਨੇ ਆਪਣੇ ਪੀਰ ਪਾਸ ਭਾਈ ਅੱਡਣ ਜੀ ਦੇ ਦਰਸ਼ਨ ਦੀ ਇੱਛਾ ਪਰਗਟ ਕੀਤੀ ਕਿਉਂਕਿ ਉਸ ਨੇ ਆਪ ਦੀ ਬੜੀ ਮਹਿਮਾ ਸੁਣੀ ਸੀ। ਉਹ ਜਾਣ ਲਈ ਤਿਆਰ ਹੋ ਗਿਆ ਪਰ ਜਦੋਂ ਭਾਈ ਜੀ ਨੂੰ ਪਤਾ ਲੱਗਾ ਤਾਂ ਆਪ ਬਾਦਸ਼ਾਹ ਦੇ ਪੀਰ ਨੂੰ ਉਹਦੀ ਦਰਗਾਹ ਵਿਖੇ ਕੁਝ ਸਾਧੂ ਮਹਾਤਮਾ ਨਾਲ ਲੈ ਕੇ ਮਿਲਣ ਲਈ ਚਲੇ ਗਏ। ਪੀਰ ਬਹੁਤ ਪ੍ਰਸੰਨ ਹੋਇਆ। ਭਾਈ ਲਾਲ ਚੰਦ ਦੇ ਸ਼ਬਦਾਂ ਵਿਚ "ਅਰ ਦਸਤਪੋਸ਼ੀ ਲੀਤੀ ਬਡੇ ਅਦਬ ਸੇ ਆਪਨੇ ਆਸਨ ਪਰ ਭਾਈ ਜੀ ਕੋ ਬੈਠਾਇਆ। ਅਰ ਕਹਿਆ ਜੋ ਬੜੀ ਮਿਹਰਬਾਨੀ ਕੀਨੀ ਜੋ ਦੀਦਾਰ ਦੀਆ।..."

"ਪਾਦਸ਼ਾਹ ਆਇਆ ਪੀਰ ਕੋ ਦੀਦਾਰ ਕੋ। ਤਬ ਭਾਈ ਜੀ ਕੀ ਓਰ ਦੇਖਿਆ। ਜੋ ਕੇਸ ਸਿਰ ਪਰ ਨਜ਼ਰ ਪੜੇ। ਤਬ ਪਾਦਸ਼ਾਹ ਪੁੱਛਿਆ ਜੋ ਯਹਿ ਮਰੇਲੇ ਕੋ ਸੀਖ ਹੈ ਤਬ ਪੀਰ ਕਹਿਆ ਨਹੀਂ, ਯਹਿ ਸ੍ਰੀ ਬਾਬੇ ਨਾਨਕ ਜੀ ਫਕੀਰ ਕੇ ਸੀਖ ਹੈ। ਤਬ ਭਾਈ ਜੀ ਗਰਜ ਕੇ ਬੋਲੇ ਅਰ ਕਹਾ, ਨਹੀਂ ਹਮ ਮਰੇਲੇ ਸ੍ਰੀ ਗੁਰੂ ਗੋਬਿੰਦ ਜੀ ਕੇ ਸਿੱਖ ਹੈਂ ਤਬ ਪਾਦਸ਼ਾਹ ਕੁਝ ਬੋਲ ਨਾ ਸਕਿਆ। ਸੱਚ ਕਾ ਐਸਾ ਪਰਤਾਪ ਹੈ ਜੋ ਛਾਇ ਗਇਆ ਪਾਦਸ਼ਾਹ ਫੇਰ ਨਾ ਬੋਲਿਆ। ਨਹੀਂ ਤਾਂ ਉਹ ਪਾਦਸ਼ਾਹ ਸਿੱਖਾਂ ਸਾਥ ਬੜਾ ਵੈਰ ਰਖਦਾ ਥਾ। ਜੇ ਕੋਈ ਕੇਸਾਧਾਰੀ ਸਿੱਖ ਦਾ ਸਿਰ ਲਿਆਇ ਦੇਵੇ ਤਬ ਪਾਚ ਰੁਪਏ ਦੇਤਾ ਥਾ।"[67] ਜਦੋਂ ਬਾਦਸ਼ਾਹ ਵਾਪਸ ਚਲੇ ਗਏ ਤਾਂ ਪੀਰ ਜੀ ਨੇ ਭਾਈ ਜੀ ਨੂੰ ਆਖਿਆ ਕਿ ਇਹ ਮੂੜ ਬਹੁਤ ਅਭਿਮਾਨੀ ਲੋਕ ਹਨ ਅਤੇ ਦਸਮ ਗੁਰੂ ਦੇ ਸਿੱਖਾਂ ਦੇ ਵੈਰੀ ਹਨ। ਇਸ ਲਈ ਮੈਂ ਆਪ ਨੂੰ ਬਾਬੇ ਨਾਨਕ ਦਾ ਸਿੱਖ ਆਖਿਆ ਸੀ ਕਿ ਇਹ ਆਪ ਨੂੰ ਕੋਈ ਕਸ਼ਟ ਨਾ ਦੇਵੇ ਤੇ ਗੁਰੂ ਨਾਨਕ ਗੋਬਿੰਦ ਸਿੰਘ ਇਕ ਰੂਪ ਹਨ ਪਰ ਆਪਨੇ ਇਹ ਭੇਦ ਕਿਉਂ ਕੀਤਾ ਭਾਈ ਜੀ ਨੇ ਉੱਤਰ ਦਿੱਤਾ 'ਬਾਬਾ ਨਾਨਕ ਜੀ ਅਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੇਂ ਭਦੇ ਤੌਂ ਹਮ ਭੀ ਨਹੀਂ ਜਾਨਤੇ ਪਰੰਤੂ ਇਹ ਜੋ ਕਹਿਨਾ ਥਾ ਜੋ ਸ੍ਰੀ ਗੁਰੂ ਨਾਨਕ ਜੀ ਕੇ ਸਿੱਖ ਹੈ ਅਰ ਮਰੇਲੇ ਕੇ ਨਹੀਂ। ਸੋ ਸਰੀਰ ਬਚਾਵਨ ਨਮਿਤ ਬਚਨ ਕਬ ਯੋਗ ਹੈ। ਖਿੰਨ ਭੰਗਰ ਤੁਛ ਸਰੀਰ ਕੇ ਨਮਿਤ ਐਸਾ ਗੁਰੂ ਸਮਰਥ ਕੋ ਲੋਪ ਕਰਨਾ ਮਹਾਂ ਨੀਚਤਾਈ ਹੈ।"[68] ਇਸੇ ਤਰ੍ਹਾਂ ਆਪ ਦੀ ਦ੍ਰਿੜ੍ਹਤਾ ਤੇ ਸਿੱਖੀ ਸਿਦਕ ਬਾਰੇ ਇਕ ਘਟਨਾ ਹੋਰ ਵਰਨਨਯੋਗ ਹੈ। ਜਦੋਂ ਸਿੱਖਾਂ ਤੇ ਅਕਹਿ ਤੇ ਅਸਿਹ ਜ਼ੁਲਮ ਹੋ ਰਿਹਾ ਸੀ ਤਾਂ ਆਪਣੀ ਗਲੀ ਦੀ ਬਾਰੀ ਖੋਲ੍ਹ ਕੇ ਅਤੇ ਸਾਹਮਣੇ ਬੈਠ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਣਨ ਲੱਗ ਪਏ। ਕਿਸੇ ਨੇ ਆਪ ਪਾਸ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਇਕ ਹਿੰਦੂ ਦੀਵਾਨ ਨੇ ਇਹ ਪ੍ਰਣ ਕੀਤਾ ਹੈ ਕਿ ਮੈਂ ਗੁਰੂ ਦਾ ਪੰਥ ਖ਼ਤਮ ਕਰ ਦੇਵਾਂਗਾ ਤਾਂ ਆਪ ਨੇ ਬਚਨ ਕੀਤਾ ਨੀਚ ਝਖ ਮਾਰਤਾ ਹੈ, ਇਹ ਸਚੇ ਪੁਰਖ ਕਾ ਪੰਥ ਸਾਜਿਆ ਹੈ। ਕਉਨ ਹੈ ਇਹ ਕੰਗਾਲ ਜੋ ਦੂਰ ਕਰ ਸਕੇ।"[69] ਇਨ੍ਹਾਂ ਘਟਨਾਵਾਂ ਤੋਂ ਆਪ ਦੇ ਦ੍ਰਿੜ ਵਿਸ਼ਵਾਸ, ਨੈਤਿਕ ਦਲੇਰੀ ਤੇ ਆਤਮ ਸਨਮਾਨ ਦੀ ਭਾਵਨਾ ਦਾ ਪਤਾ ਲੱਗਦਾ ਹੈ।

ਆਪ ਅਠੇਂ ਪਹਿਰ ਕਥਾ ਕੀਰਤਨ ਵਿਚ ਮਗਨ ਰਹਿੰਦੇ। ਆਪ ਦੇ ਡੇਰੇ ਵਿਚ ਢਾਈ ਸੌ ਸਾਧੂ ਹਰ ਵੇਲੇ ਰਹਿੰਦੇ ਸਨ। ਭਾਈ ਲਾਲ ਚੰਦ ਦੇ ਸ਼ਬਦਾਂ ਵਿਚ 'ਅਢਾਈ ਸੌ ਸਾਧ ਭਾਈ ਅੱਡਣ ਜੀ ਪਾਸ ਰਹਿਤੇ ਪਰ ਮਾਨੋ ਮਾਨਸਰੋਵਰ ਮੈਂ ਹੰਸ ਇਕੱਤਰ ਭਏ ਹੈਂ, ਕੇਤੇ ਤਤਵੇਤੇ ਹੈ। ਕੇਤੇ ਮਹਾ ਹਠੀ ਤਪੀ ਜਪੀ ਜਗਿਆਸੀ ਹੈਂ। ਸੋ ਸਭ ਕੀਰਤਨ ਸੁਨਤੇ ਹੈਂ ਸਮਾਧਿ ਪਰਾਇਣ ਜੈਸੇ ਜੋਗੀ ਬੈਠਤੇ ਹੈ।"[70] ਪਰ ਮੁਗ਼ਲ ਸਿਪਾਹੀ ਜਿਸ ਹਿੰਦੂ ਨੂੰ ਵੀ ਦੇਖਦੇ ਸਨ, ਵਗਾਰ ਲਈ ਫੜ ਲੈਂਦੇ ਸਨ। ਸੇਵਾ ਪੰਥੀ ਸਾਧਾਂ ਨੂੰ ਵੀ ਕਈ ਵਾਰ ਵਗਾਰ ਲਈ ਫੜ ਲਿਆ ਜਾਂਦਾ ਸੀ, ਪਰ ਇਹ ਕਦੇ ਨਾ ਆਖਦੇ ਕਿ ਅਸੀਂ ਸਾਧੂ ਹਾਂ ਸਗੋਂ ਵਗਾਰ ਕਰ ਦਿੰਦੇ ਸਨ। ਭਾਈ ਅੱਡਣ ਜੀ ਦੀ ਸੰਗਤ ਕਰਨ ਲਈ ਕਈ ਅਮੀਰ ਵਜ਼ੀਰ ਤੇ ਦੀਵਾਨ ਵੀ ਆਉਂਦੇ ਸਨ। ਇਕ ਦਿਨ ਉਨ੍ਹਾਂ ਸਾਰਿਆਂ ਨੇ ਰਲ ਕੇ ਬੇਨਤੀ ਕੀਤੀ ਕਿ ਆਪ ਆਪਣੇ ਸਾਧਾਂ ਨੂੰ ਕੋਈ ਭੇਖ ਦਿਉ ਤਾਂ ਕਿ ਉਨ੍ਹਾਂ ਨੂੰ ਵਗਾਰ ਲਈ ਕੋਈ ਨਾ ਫੜੇ। ਆਪ ਭੇਖ ਦੇ ਵਿਰੁੱਧ ਸਨ ਕਿਉਂਕਿ ਦਿਖਾਵਾ ਕਰਨਾ ਕਪਟ ਹੈ ਪਰ ਸ਼ਰਧਾਲੂਆਂ ਦੇ ਵਾਰ ਵਾਰ ਬੇਨਤੀ ਕਰਨ ਤੇ 'ਸਾਧਾਂ ਕੇ ਸੀਸ ਪਰ ਟੋਪੀਆਂ ਪਹਿਰਾਈਆਂ ਪਰ ਸੁਪੀਆ ਅਰ ਲੱਕ ਸਾਫਾ ਇਕਬਰਾ ਵਾ ਡੇਢਾ ਦੀਆ।'[71] ਤੇ ਇਉ ਸੇਵਾ ਪੰਥੀ ਸਾਧੂਆਂ ਨੂੰ ਭੇਖ ਦਿੱਤਾ।

ਆਪ ਬਹੁਤ ਬੇਪਰਵਾਹ ਤਬੀਅਤ ਦੇ ਮਾਲਕ ਸਨ। ਵਿਖਾਵੇ ਤੇ ਪਾਖੰਡ ਦੇ ਬਿਲਕੁਲ ਵਿਰੁੱਧ ਸਨ। ਇਕ ਦਿਨ ਆਪ ਨੇ ਆਪਣੀ ਸਭਾ ਵਿਚ ਬਚਨ ਕੀਤਾ 'ਜੋ ਹਮ ਏਤੇ ਰਾਖੇ ਡੇਢੀ ਮੇਂ ਬੈਠਾਏ ਹੂਏਂ ਹੈ। ਪੰਡਤਾਂ ਵਾਸਤੇ ਪਾਰਸ ਭਾਗ ਅਰ ਮਸਨਵੀ ਕਿਤਾਬ ਕੀ ਕਥਾ ਕਰਾਵਤੇ ਹੈ ਜੋ ਕਹਿਨਗੇ ਇਹ ਮਲੇਛ ਭਾਖਿਆ ਪੜਤੇ ਹੈਂ। ਇਸ ਤੇ ਇਹ ਭੀ ਨਹੀਂ ਆਵਤੇ। ਅਰ ਵੈਸਨੋ ਕਰਮ ਕਾਂਡੀਆ ਵਾਸਤੇ ਹੈ ਇਹ ਕਿ ਬੋਕੀ ਕੂਏ ਪਰ ਰਖੀ ਹੋਈ ਹੈ। ਇਤਨੀਆਂ ਬਾਤਾਂ ਕੋ ਦੇਖ ਕੇ ਜਿਸ ਕੋ ਗਿਲਾਨ ਨਾ ਆਵੇਗੀ। ਸੋ ਸੱਚੀ ਪ੍ਰੀਤ ਵਾਲਾ ਅੰਦਰ ਆਵੇਗਾ।'[72]

ਆਪ ਦੀ ਸਰਪ੍ਰਸਤੀ ਹੇਠ ਬਹੁਤ ਸਾਰੇ ਵਿਦਵਾਨ ਸਾਧੂਆਂ ਨੇ ਕਾਫ਼ੀ ਮਾਤਰਾ ਵਿਚ ਸਾਹਿਤ ਰਚਨਾ ਕੀਤੀ। ਅਬਦਾਲੀ ਦੇ ਹਮਲੇ ਤੋਂ ਪਹਿਲਾਂ ਆਪ ਕਰਤਾਰਪੁਰ ਤੋਂ ਫਗਵਾੜੇ ਭਾਈ ਦਰਬਾਰੀ ਜੀ ਪਾਸ ਕੁਝ ਸਮਾਂ ਅਟਕੇ ਤੇ ਫਿਰ ਪਹਾੜਾਂ ਵੱਲ ਚਲੇ ਗਏ ਜਿਥੋਂ ਜੰਮੂ ਦੇ ਪ੍ਰੇਮੀ ਆਪ ਨੂੰ ਲੱਭ ਕੇ ਸ਼ਹਿਰ ਵਿਚ ਲੈ ਆਏ। ਆਪ ਨੇ ਇਥੇ ਧਰਮ ਦਾ ਪ੍ਰਚਾਰ ਕਰਦਿਆਂ ਸੰਮਤ 1814 ਵਿਸਾਖ 17 ਸੁਦੀ 8 ਨੂੰ ਸਰੀਰ ਤਿਆਗ[73] ਦਿੱਤਾ।

ਆਪ ਜੀ ਦੇ 36 ਚੇਲੇ ਸਨ—1. ਭਾਈ ਧਨੂ ਜੀ 2. ਭਾਈ ਮੇਹਰਾ ਜੀ 3. ਭਾਈ ਪਰਸ ਰਾਮ ਜੀ 4. ਭਾਈ ਵਜੀਰਾ ਜੀ 5. ਭਾਈ ਕਿਰਪਾ ਰਾਮ ਜੀ 6. ਭਾਈ ਵਰੂ ਜੀ 7. ਭਾਈ ਸਵਾਈ ਰਾਮ 8. ਭਾਈ ਬਾਲਕ ਰਾਮ ਜੀ 9. ਭਾਈ ਭਾਰੂ ਜੀ 10. ਭਾਈ ਰੁੱਚੀ ਰਾਮ ਜੀ 11. ਭਾਈ ਆਇਆ ਰਾਮ ਜੀ 12. ਭਾਈ ਭਲਾ ਰਾਮ ਜੀ 13. ਭਾਈ ਰੰਗ ਜੀ 14. ਭਾਈ ਮਨੀ ਜੀ 15. ਭਾਈ ਰਾਮ ਦਿਆਲ ਜੀ 16. ਭਾਈ ਦੁਖ ਭੰਜਨ ਜੀ 17. ਭਾਈ ਮੇਹਰ ਸਿੰਘ ਜੀ 18. ਭਾਈ ਰਾਜਾ ਰਾਮ ਜੀ 19. ਭਾਈ ਜਤ ਜੀ 20. ਭਾਈ ਸਹਿਜ ਰਾਮ ਜੀ 21. ਭਾਈ ਜੈ ਸਿੰਘ ਜੀ 22. ਭਾਈ ਸਿੰਘਾ ਜੀ 23. ਭਾਈ ਹਰੀ ਸਿੰਘ ਜੀ 24. ਭਾਈ ਨਿਮਾਣਾ ਜੀ 25. ਭਾਈ ਰਾਇ ਜੀ 26. ਭਾਈ ਦਿਆ ਰਾਮ ਜੀ 27. ਭਾਈ ਸੁੰਦਰ ਜੀ 28. ਭਾਈ ਪਰਮਾ ਜੀ 29. ਭਾਈ ਦਰਗਾਹੀ ਜੀ 30. ਭਾਈ ਬਾਲਕ ਰਾਮ ਜੀ (ਦੂਸਰਾ) 31. ਭਾਈ ਮੰਗੂ ਜੀ 32. ਭਾਈ ਗਾੜ੍ਹੂ ਜੀ 33. ਭਾਈ ਹਾੜੀ ਜੀ 34. ਭਾਈ ਮੰਗੂ ਜੀ (ਦੂਸਰਾ) 35. ਭਾਈ ਕਿਸ਼ਨ ਦਾਸ ਜੀ 36. ਭਾਈ ਨਿਰਗੁਨ ਜੀ।।[74]

ਭਾਈ ਅੱਡਣ ਜੀ ਮਗਰੋਂ ਭਾਈ ਦੁੱਖ ਭੰਜਨ ਜੀ ਸੇਵਾ ਪੰਥੀ ਸੰਪਰਦਾਇ ਦੇ ਆਗੂ ਬਣੇ। ਆਪ ਦਾ ਜਨਮ ਸੰਤ 1784[75] ਨੂੰ ਹੋਇਆ। ਆਪ ਪਹਿਲਾਂ ਫਿਰੂਕੇ ਰਹਿੰਦੇ ਸਨ। ਆਪ ਖੂਹ ਤੇ ਇਸ਼ਨਾਨ ਕਰਨ ਗਏ ਤਾਂ ਦੇਖਿਆ ਕਿ ਬਲ ਹੀਣ ਬਲਦ ਪੈੜ ਵਿਚ ਡਿਗਿਆ ਪਿਆ ਹੈ ਤੇ ਮਾਲਕ ਉਸ ਨੂੰ ਛਮਕਾ ਮਾਰ ਕੇ ਉਠਾਉਣ ਦਾ ਯਤਨ ਕਰ ਰਿਹਾ ਹੈ। ਆਪ ਨੇ ਸੋਚਿਆ ਕਿ ਇਹ ਸਭ ਭੋਗ ਭੋਗਣ ਦੀ ਸਜ਼ਾ ਹੈ। ਆਪ ਦੇ ਮਨ ਵਿਚ ਬੜਾ ਹੀ ਤ੍ਰਾਸ ਪੈਦਾ ਹੋ ਗਿਆ ਤੇ ਆਪ ਵੈਰਾਗੀ ਹੋਏ ਪੂਰਨ ਸਾਧੂ ਦੀ ਖੋਜ ਕਰਦੇ ਭਾਈ ਅੱਡਣ ਸ਼ਾਹ ਦੇ ਚਰਨਾਂ ਵਿਚ ਪੁੱਜ ਗਏ। ਭਾਈ ਜੀ ਨੇ ਕਿਰਪਾ ਦ੍ਰਿਸ਼ਟੀ ਕੀਤੀ ਤੇ ਆਪਣਾ ਚੇਲਾ ਬਣਾ ਲਿਆ। ਆਪ ਵੀ ਹੋਰ ਸਾਧਾਂ ਵਾਂਗ ਕਿਰਤ ਕਰਦੇ। ਥੋੜ੍ਹੇ ਜਿਹੇ ਸਮੇਂ ਮਗਰੋਂ ਆਪ ਨੇ ਆਪਣੀ ਬਚਤ ਦੇ 15 ਰੁਪਏ ਭਾਈ ਅੱਡਣ ਸ਼ਾਹ ਜੀ ਦੇ ਚਰਨਾਂ ਵਿਚ ਰੱਖੇ, ਭਾਈ ਜੀ ਨਾਰਾਜ਼ ਹੋਏ ਕਿ ਇਹ ਵਪਾਰਕ ਚਲਾਕੀਆਂ ਤਾਂ ਦੁਨੀਆਦਾਰਾਂ ਲਈ ਹਨ ਤਾਂ ਭਾਈ ਦੁਖਭੰਜਨ ਜੀ ਨੇ ਬਹੁਤ ਅਧੀਨਗੀ ਨਾਲ ਭਾਈ ਸਾਹਿਬ ਜੀ ਤੋਂ ਮਾਫ਼ੀ ਮੰਗੀ ਤੇ ਅਗੋਂ ਅਜਿਹਾ ਕੋਈ ਵੀ ਕੰਮ ਨਾ ਕਰਨ ਲਈ ਪ੍ਰਣ ਕੀਤਾ।[76] ਆਪ ਨੇ ਭਾਈ ਅੱਡਣ ਸ਼ਾਹ ਦੀ ਸੇਵਾ ਵਿਚ ਰਹਿ ਕੇ ਕਾਫ਼ੀ ਤਪ ਸਾਧਨਾ ਕੀਤੀ ਅਤੇ ਭਾਈ ਅੱਡਣ ਜੀ ਦਾ ਹੁਕਮ ਪਾ ਕੇ ਗੁਰਮਤਿ ਦਾ ਪ੍ਰਚਾਰ ਕਰਨ ਲਈ ਨਿਕਲ ਪਏ। ਆਪ ਕਰਤਾਰਪੁਰ, ਕੁਸਾਬ ਆਦਿ ਹੁੰਦੇ ਹੋਏ ਸਾਹੀਵਾਲ ਪੁੱਜ ਗਏ। ਧਰਮਸ਼ਾਲਾ ਵਿਚ ਡੇਰਾ ਕੀਤਾ ਤੇ ਨਾਮ ਬਾਣੀ ਦਾ ਪ੍ਰਚਾਰ ਅਰੰਭ ਕਰ ਦਿੱਤਾ ਇੱਥੋਂ ਆਪ ਨੂੰ ਸੰਗਤਾਂ ਨੇ ਦੱਸਿਆ ਕਿ ਸੱਚੀ ਪਠਾਣ ਕਾਬਲ ਤੋਂ ਪੰਜਾਬ ਲੁੱਟਣ ਲਈ ਚੜ੍ਹਿਆ ਹੈ। ਜਦੋਂ ਉਹ ਪਸ਼ੌਰ ਦੇ ਇਲਾਕੇ ਵਿਚ ਆਇਆ ਤਾਂ ਉਸ ਨੇ ਮੁਸਲਮਾਨਾਂ ਨੂੰ ਵੀ ਲੁੱਟਣਾ ਸ਼ੁਰੂ ਕਰ ਦਿੱਤਾ ਪਰ ਹਿੰਦੂਆਂ ਤੇ ਕਹਿਰ ਜ਼ਿਆਦਾ ਕਰਦਾ ਤੇ ਉਨ੍ਹਾਂ ਨੂੰ ਜਬਰੀ ਮੁਸਲਮਾਨ ਬਣਾ ਕੇ ਉਨ੍ਹਾਂ ਦਾ ਧਰਮ ਨਸ਼ਟ ਕਰਦਾ ਹੈ। ਜਦੋਂ ਉਹ ਪੰਜਾਬ, ਵੱਲ ਨੂੰ ਫੌਜ ਸਮੇਤ ਰਵਾਨਾ ਹੋਇਆ ਤਾਂ ਲੋਕ ਪਹਾੜਾਂ ਨੂੰ ਭੱਜ ਗਏ। ਕੁਝ ਲੋਕ ਭਾਈ ਦੁੱਖ ਭੰਜਨ ਜੀ ਪਾਸ ਆਏ ਤੇ ਆਪਣੀ ਵੇਦਨ ਦੱਸੀ। ਆਪ ਨੇ ਅਤਿਅੰਤ ਵੈਰਾਗ ਵਿਚ ਅਰਦਾਸ ਕੀਤੀ ਸੀ। ਰੱਬੀ ਭਾਣਾ ਅਜਿਹਾ ਵਰਤਿਆ ਕੇ ਜ਼ਾਲਮ ਪਠਾਣ ਰਾਹ ਵਿਚ ਹੀ ਮਾਰਿਆ ਗਿਆ ਤੇ ਲੋਕ ਸੁਖੀ ਹੋਏ।[77]

ਆਪ ਪਹਿਲੇ ਸੇਵਾ ਪੰਥੀ ਮਹਾਤਮਾ ਦੇ ਪੂਰਨਿਆਂ ਤੇ ਚਲੇ ਅਤੇ ਧਰਮਸ਼ਾਲਾਵਾਂ ਬਣਵਾਈਆਂ, ਖੂਹ ਲਗਵਾਏ, ਪੁਲ ਬਣਵਾਏ ਤੇ ਗੁਰਮਤਿ ਦਾ ਪ੍ਰਚਾਰ ਕੀਤਾ। ਸਾਧਾਂ ਨੂੰ ਵਾਰ ਵਾਰ ਇਹੀ ਉਪਦੇਸ਼ ਦਿੰਦੇ ਕਿ ਜਤੀ ਰਹੋ, ਨਾਰੀ ਦੀ ਸੰਗਤ ਤੋਂ ਬਚੋ।[78]

ਆਪ ਨੇ ਬਾਬਾ ਸਾਹਿਬ ਸਿੰਘ ਬੇਦੀ ਦੇ ਦਰਸ਼ਨ ਕੀਤੇ ਤੇ ਕੁਝ ਚਿਰ ਉਨ੍ਹਾਂ ਦੀ ਸੇਵਾ ਵਿਚ ਰਹੇ। ਫਿਰ ਆਪ ਆਗਿਆ ਲੈ ਕੇ ਮਿਆਨੀ ਨੂੰ ਚਲੇ ਗਏ। ਕੁਝ ਸਮੇਂ ਮਗਰੋਂ ਆਪ ਨੇ ਭੇਹਰੇ ਦਾ ਟਿਕਾਣਾ ਕੀਤਾ। ਉਥੋਂ ਦਾ ਸਰਦਾਰ ਜੋਤ ਸਿੰਘ ਭੰਗੀ ਸੀ ਜਿਸ ਨੇ ਲੋਕਾਂ ਉਪਰ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ ਤੇ ਸੰਤਾਂ ਨੂੰ ਵੀ ਮਸ਼ਕਰੀਆਂ ਕਰਨ ਲੱਗ ਪਿਆ ਸੀ। ਇਕ ਦਿਨ ਸੰਤ ਜੀ ਬਹੁਤ ਸਾਰੇ ਲੋਕਾਂ ਸਹਿਤ ਭੇਹਰਾ ਛੱਡ ਕੇ ਚਲ ਪਏ। ਜਦੋਂ ਸ਼ਹਿਰੋਂ ਬਾਹਰ ਆਏ ਤਾਂ ਮਹਾਰਾਜਾ ਰਣਜੀਤ ਸਿੰਘ ਆਪਣੀ ਫੌਜ ਲਈ ਆ ਰਿਹਾ ਸੀ। "ਮੋਹਰੇ ਨਹੰਗਾਂ ਕੀ ਫੌਜ ਚਲੀ ਆਵਤੀ ਸੀ। ਸੋ ਦੇਖ ਕੇ ਜਾਨਤ ਭਏ ਜੋ ਭੇਹਰੇ ਦੇ ਲੋਕ ਡਰਤੇ ਸਰਕਾਰ ਤੇ ਨਿਕਲ ਚਲੇ ਹੈ। ਐਸੇ ਜਾਨ ਕੇ ਲੋਟੀ ਨਮਿਤ ਦੌੜ ਕੇ ਆਏ। ਆਗੇ ਜਾ ਕੇ ਦੇਖਿਆ ਭਾਈ ਹੋਰਾਂ ਕੋ ਤਬ ਪਛਾਨਿਆ ਕਿਸੀ ਸਿੰਘ ਨੇ ਕਿਉਂਜੋ ਭਾਈ ਦੁੱਖ ਭੰਜਨ ਜੀ ਕੀ ਪਾਲਕੀ ਮੋਹਰੇ ਥੀ। ਤਬ ਸਭਨਾਂ ਕੋ ਬਰਜ ਦੀਆਂ ਜੋ ਦੇਖਣਾ ਖਾਲਾਸਾ ਜੀ। ਇਹ ਸੰਗਤ ਭਾਈ ਦੁਖ ਭੰਜਣ ਜੀ ਕੀ ਹੈ ਕਿਸੀ ਨੇੜੇ ਨਹੀਂ ਜਾਵਣਾ। ਮਹਾਰਾਜਾ ਸਾਹਿਬ ਤੇ ਸਾਰੇ ਸਰਦਾਰਾਂ ਨੇ ਆਪ ਨੂੰ ਮੱਥਾ ਟੇਕਿਆ। ਭਾਈ ਜੀ ਨੇ ਸਹਿਜ ਸੁਭਾ ਹੀ ਬਚਨ ਕੀਤਾ ਕਿ ਭੇਹਰੇ ਤੇ ਕਬਜ਼ਾ ਹੋ ਜਾਵੇਗਾ ਪਰ ਉਥੇ ਗਰੀਬ ਮਾਰ ਨਾ ਕਰਨੀ। ਮਹਾਰਾਜੇ ਨੇ ਭੇਹਰਾ ਜਿੱਤ ਲਿਆ ਤੇ ਜੋਤ ਸਿੰਘ ਨੂੰ ਕੈਦ ਕਰ ਲਿਆ।"[79]

ਆਪ ਆਪਣੇ ਅੰਤਿਮ ਦਿਨਾਂ ਵਿਚ ਬਾਬਾ ਸਾਹਿਬ ਸਿੰਘ ਬੇਦੀ ਪਾਸ ਊਨੇ ਆ ਗਏ ਅਤੇ ਇਥੇ ਹੀ ਸਰੀਰ ਤਿਆਗ ਦਿੱਤਾ।

ਭਾਈ ਦੁਖ ਭੰਜਨ ਜੀ ਦੇ 21 ਚੇਲੇ ਹੋਏ ਹਨ—1. ਭਾਈ ਬੁਧੂ ਜੀ 2. ਭਾਈ ਹਜ਼ੂਰਾ ਸਿੰਘ ਜੀ 3. ਭਾਈ ਬਸਤੀ ਰਾਮ ਜੀ 4. ਭਾਈ ਕਿਰਪਾ ਰਾਮ ਜੀ 5. ਭਾਈ ਵਰੂ ਜੀ 6. ਭਾਈ ਅਡੂ ਜੀ 7. ਭਾਈ ਲਖੀਆ ਜੀ 8. ਭਾਈ ਜੁਆਇਆ ਸਿੰਘ ਜੀ 9. ਭਾਈ ਗੁਰਦਿਆਲ ਜੀ 10. ਭਾਈ ਲਛਮਣ ਜੀ 11. ਭਾਈ ਚਾਨਣ ਰਾਮ ਜੀ 12. ਭਾਈ ਆਤਮਾ ਰਾਮ ਜੀ 13. ਭਾਈ ਵਿਸਾਖੀ ਰਾਮ ਜੀ 14. ਭਾਈ ਗਲੋ ਜੀ 15. ਭਾਈ ਸੁਆਇਆ ਰਾਮ ਜੀ 16.

ਭਾਈ ਧੱਜਾ ਰਾਮ ਜੀ 17. ਭਾਈ ਗੁਰਸੂ ਜੀ 18. ਭਾਈ ਪੰਜੂ ਜੀ 19. ਭਾਈ ਹਜ਼ੂਰੀ ਜੀ 20. ਭਾਈ ਕਿਰਪਾ ਰਾਮ ਜੀ 21. ਭਾਈ ਬਲੂ ਰਾਮ ਜੀ

ਭਾਈ ਦੁਖ ਭੰਜਨ ਜੀ ਦੇ ਮੁਖੀ ਚੇਲੇ ਭਾਈ ਬਲੂ ਜੀ ਹੋਏ ਹਨ ਜੋ ਭਾਈ ਜੀ ਦੇ ਦੇਹਾਂਤ ਮਗਰੋਂ ਗੱਦੀ ਤੇ ਬੈਠੇ।[81] ਆਪ ਪੂਰਨ ਵੈਰਾਗੀ ਤੇ ਤਿਆਗੀ ਸਨ। ਹਰ ਸਮੇਂ ਆਪ ਸਿਮਰਨ ਭਜਨ ਵਿਚ ਲੀਨ ਸਾਧ ਸੰਗਤ ਦੀ ਸੇਵਾ ਲਈ ਤਤਪਰ ਰਹਿੰਦੇ। ਆਪ ਭਾਈ ਦੁਖ ਭੰਜਨ ਦੀ ਸੰਗਤ ਵਿਚ ਕੀਰਤਨ ਵਿਚ ਹਾਜ਼ਰੀ ਭਰਦੇ ਤੇ ਧਰਮਸ਼ਾਲਾ ਵਿਚ ਆਏ ਗਏ ਜੀਵਾਂ ਲਈ ਪਰਸਾਦ ਪਾਣੀ ਦੀ ਸੇਵਾ ਕਰਦੇ। ਆਪ ਨੇ ਭਾਈ ਦੁਖ ਭੰਜਨ ਜੀ ਦੇ ਦੇਹਾਂਤ ਮਗਰੋਂ ਬਾਬਾ ਸਾਹਿਬ ਸਿੰਘ ਬੇਦੀ ਪਾਸ ਊਨੇ ਵਿਖੇ ਧਰਮਸ਼ਾਲਾ ਪਾਈ ਤੇ ਉਥੇ ਰਹਿਣ ਲੱਗੇ। ਬਾਬਾ ਜੀ ਆਪ ਨੂੰ ਬਹੁਤ ਪਿਆਰ ਕਰਦੇ ਸਨ। ਇਕ ਵਾਰ ਮਾਈ ਅਨੰਤੀ ਨੇ ਬਾਬਾ ਜੀ ਨੂੰ ਪੁਛਿਆ ਕਿ ਇਨ੍ਹਾਂ ਸਾਧਾਂ ਦੀ ਜਾਤ ਕੀ ਹੈ ਤਾਂ ਬਾਬਾ ਜੀ ਨੇ ਉੱਤਰ ਦਿੱਤਾ, "ਜੋ ਮੇਰੀ ਜਾਤਿ ਸੋ ਸਾਧਾਂ ਕੀ ਜਾਤਿ ਹੈ। ਫੇਰ ਬਚਨ ਕੀਤਾ ਬਲੂ ਰਾਮ ਕੋ। ਜੋ ਭਾਈ ਜੀ ਜੋ ਤੁਸਾਡੇ ਪਾਸੇ ਕੋਈ ਜਾਤਿ ਪੁਛੈ ਤਾਂ ਤੁਸਾਂ ਕਹਿਣਾ ਜੋ ਅਸਾਡੀ ਜਾਤ ਬੇਦੀ ਹੈ।"[82]

ਆਪ ਬਹੁਤ ਬੇਪਰਵਾਹ ਤਬੀਅਤ ਦੇ ਮਾਲਕ ਸਨ। ਜਦੋਂ ਮਹਾਰਾਜਾ ਰਣਜੀਤ ਸਿੰਘ ਬਾਬਾ ਸਾਹਿਬ ਬੇਦੀ ਜੀ ਦੇ ਦਰਸ਼ਨ ਕਰਨ ਊਨੇ ਆਉਂਦਾ ਤਾਂ ਆਪ ਆਪਣੀ ਧਰਮਸ਼ਾਲਾ ਦਾ ਦਰਵਾਜ਼ਾ ਬੰਦ ਰੱਖਦੇ। ਆਪਨੇ ਜਦੋਂ ਅੰਮ੍ਰਿਤਸਰ ਸਥਾਨ ਬਣਾ ਲਿਆ ਤਾਂ ਇਕ ਵਾਰ ਭਾਈ ਭਾਈ ਵਜ਼ੀਰ ਸਿੰਘ ਜੋ ਚੰਗਾ ਵੱਡਾ ਸਰਦਾਰ ਸੀ, ਆਪ ਪਾਸ ਆਇਆ। ਦੋ ਰੁਪਏ ਮੱਥਾ ਟੇਕਿਆ ਤੇ ਬੇਨਤੀ ਕੀਤੀ ਕਿ ਦਰਬਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਨ ਚੱਲੋ ਭਾਈ ਜੀ ਨੇ ਕਾਰਨ ਪੁਛਿਆ ਤਾਂ ਉਸ ਨੂੰ ਆਖਿਆ ਕਿ ਮਹਾਰਾਜਾ ਰਣਜੀਤ ਸਿੰਘ ਆਪ ਦੇ ਦਰਸ਼ਨ ਕਰਨਾ ਚਾਹੁੰਦਾ ਹੈ ਤਾਂ ਭਾਈ ਜੀ ਨੇ ਪੁਛਿਆ ਕਿ ਤੈਨੂੰ ਮਹਾਰਾਜਾ ਨੂੰ ਦਰਸ਼ਨ ਕਰਾਉਣ ਦਾ ਕੀ ਮਿਲੇਗਾ ਤਾਂ ਉਸ ਨੇ ਦਸਿਆ 500 ਰੁਪਏ ਤੇ ਇਕ ਪਿੰਡ। ਭਾਈ ਜੀ ਬਹੁਤ ਨਾਰਾਜ਼ ਹੋਏ ਤੇ ਉਸ ਨੂੰ ਧਰਮਸ਼ਾਲਾ ਤੋਂ ਭੇਜ ਦਿੱਤਾ। ਆਪਣੇ ਚੇਲੇ ਭਾਈ ਅਮੀਰ ਸਿੰਘ ਨੂੰ ਹੁਕਮ ਕੀਤਾ ਕਿ ਇਹ ਦੋ ਰੁਪਏ, ਜੋ ਵਜ਼ੀਰ ਸਿੰਘ ਮੱਥਾ ਟੇਕ ਗਿਆ ਹੈ, ਵਾਪਸ ਕਰ ਆਓ ਤੇ ਨਾਲ ਇਹ ਵੀ ਆਖ ਆਉਣਾ ਕਿ ਹੁਣ ਕਦੇ ਵੀ ਸਾਡੇ ਮੱਥੇ ਨਾ ਲਗਣਾ।[83] ਆਪ ਨੇ ਸਾਰਾ ਜੀਵਨ ਅਭਿਆਗਤਾਂ ਦੀ ਸੇਵਾ ਕਰਨ ਅਤੇ ਨਾਮ ਸਿਮਰਨ ਵਿਚ ਬਤੀਤ ਕਰ ਦਿੱਤਾ। ਅਖੀਰ ਆਪ ਨੇ ਅੰਮ੍ਰਿਤਸਰ ਵਿਖੇ ਸਰੀਰ ਤਿਆਗ ਦਿੱਤਾ ਅਤੇ ਆਪ ਦਾ ਸਸਕਾਰ ਬਾਬਾ ਅਟੱਲ ਰਾਏ ਦੇ ਡੇਰੇ ਕੀਤਾ ਗਿਆ।

ਭਾਈ ਬਲੂ ਰਾਮ ਜੀ ਦੇ ਅੱਠ ਚੇਲੇ ਹਨ—1. ਭਾਈ ਮੰਨਾ ਜੀ 2. ਭਾਈ ਮੋਹਨ ਦਾਸ ਜੀ 3. ਭਾਈ ਜੱਸ ਜੀ 4. ਭਾਈ ਸ਼ਾਮ ਸਿੰਘ ਜੀ 5. ਭਾਈ ਅਮੀਰ ਸਿੰਘ ਜੀ 6. ਭਾਈ ਬਾਗਾ ਸਿੰਘ ਜੀ 7. ਭਾਈ ਸੁਆਇਆ ਰਾਮ ਜੀ 8. ਭਾਈ ਵੀਰੂ ਜੀ।[84]

ਭਾਈ ਬਲੂ ਜੀ ਦੇ ਦੇਹਾਂਤ ਮਗਰੋਂ ਭਾਈ ਅਮੀਰ ਸਿੰਘ ਜੀ ਗੱਦੀ ਪਤੀ ਬਣੇ। ਆਪ ਦਾ ਜਨਮ ਸੰਮਤ 1850 ਦੇ ਲਗਭਗ ਕੋਟ ਭਾਈ ਖਾਨ, ਜ਼ਿਲਾ ਸ਼ਾਹਪੁਰ ਵਿਖੇ ਹੋਇਆ। ਆਪ 1870-75 ਵਿਚੇ ਭਾਈ ਬਲੂ ਜੀ ਦੀ ਸੇਵਾ ਵਿਚ ਹਾਜ਼ਰ ਹੋਏ।[85] ਆਪ ਤਿਆਗੀ ਬਿਰਤੀ ਵਾਲੇ ਵੈਰਾਗੀ ਮਹਾਂਪੁਰਖ ਸਨ। ਆਪ ਨੇ ਟਾਕੀਆਂ ਲਗਾ ਕੇ ਪੁਰਾਣੇ ਕਛਹਿਰੇ ਨਾਲ ਝੱਟ ਲੰਘਾ ਲੈਣਾ ਪਰ ਸਾਧੂਆਂ ਲਈ ਨਵੇਂ ਕਛਹਿਰੇ ਬਣਾਉਣੇ। ਮਹਾਰਾਜਾ ਰਣਜੀਤ ਸਿੰਘ ਦੀ ਇੱਛਾ ਬਾਬੇ ਬਕਾਲੇ ਦੇ ਗੁਰੂਦੁਆਰੇ ਦੀ ਸੇਵਾ ਕਰਨ ਦੀ ਸੀ ਪਰ ਉਨ੍ਹਾਂ ਦਾ ਸੰਕਲਪ ਪੂਰਾ ਨਾ ਹੋ ਸਕਿਆ। ਇਹ ਸੇਵਾ ਭਾਈ ਅਮੀਰ ਸਿੰਘ ਨੇ ਕੀਤੀ। ਅੰਗਰੇਜ਼ਾਂ ਨੇ ਊਨੇ ਵਿਖੇ ਬਾਬਾ ਕਲਾਧਾਰੀ ਜੀ ਦੀਆਂ ਬਾਰਾਂਦਰੀਆਂ ਢਵਾ ਦਿੱਤੀਆਂ ਸਨ। ਆਪ ਨੇ ਫਿਰ ਉਦਮ ਕਰਕੇ ਉਹ ਤਿਆਰ ਕਰਵਾਈਆਂ।

ਉਨ੍ਹਾਂ ਦਿਨਾਂ ਵਿਚ ਮਹਾਰਾਜਾ ਪਟਿਆਲਾ ਅੰਮ੍ਰਿਤਸਰ ਵਿਖੇ ਸਾਰੇ ਸਾਧਾਂ ਦੇ ਡੇਰਿਆਂ ਤੇ ਗਿਆ ਤੇ ਭੇਟਾ ਚੜ੍ਹਾਈਆਂ। ਕਿਸੇ ਨੇ ਦੱਸਿਆ ਕਿ ਅਜੇ ਸੰਤ ਅਮੀਰ ਸਿੰਘ ਦੇ ਡੇਰੇ ਦੀ ਸੇਵਾ ਨਹੀਂ ਹੋਈ ਤਾਂ ਉਸ ਨੇ ਆਖਿਆ ਕੱਲ੍ਹ ਨੂੰ ਚਲਾਂਗਾ। ਸੰਤ ਜੀ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਤਾਂ ਆਪ ਸਵੇਰੇ ਹੀ ਮਹਾਰਾਜਾ ਸਾਹਿਬ ਦੇ ਬੁੰਗੇ ਅੱਗੇ ਜਾ ਬੈਠੇ। ਜਦੋਂ ਮਹਾਰਾਜਾ ਨਿਕਲਿਆ ਤਾਂ ਸੰਤਾਂ ਨੂੰ ਦੇਖ ਕੇ ਆਖਣ ਲੱਗਾ ਕਿ ਮੈਂ ਸੰਤ ਅਮੀਰ ਸਿੰਘ ਦੇ ਡੇਰੇ ਤੋਂ ਵਾਪਸ ਆ ਕੇ ਆਪ ਦੀ ਸੇਵਾ ਕਰਾਂਗਾ ਤਾਂ ਆਪ ਨੇ ਆਖਿਆ "ਅਮੀਰ ਸਿੰਘ ਤਾਂ ਇਸ ਸਰੀਰ ਦਾ ਨਾਮ ਹੈ।" ਮਹਾਰਾਜੇ ਨੇ ਭੇਟਾ ਰੱਖੀਆਂ ਪਰ ਆਪ ਨੇ ਸਵੀਕਾਰ ਨਾ ਕਰਦਿਆਂ ਹੋਇਆਂ ਕਿਹਾ "ਇਸ ਨੂੰ ਛੱਡ

ਕੇ ਸੰਤ ਬਣੇ ਹਾਂ। ਇਹ ਆਪ ਨੂੰ ਹੀ ਸ਼ੋਭਦੀ ਹੈ। ਸਾਨੂੰ ਸਤਿਗੁਰੂ ਦਾਤਾ ਪਾਲਦੇ ਹਨ।" ਆਪ ਨੇ 15 ਵਿਸਾਖ ਸੰਮਤ 1922 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਸਰੀਰ ਛੱਡਿਆ। ਆਪ ਦਾ ਸਸਕਾਰ ਬਾਬਾ ਅਟੱਲ ਜੀ ਦੇ ਦਰਬਾਰ ਵਿਖੇ ਕੀਤਾ ਗਿਆ।"[86]

ਆਪ ਦੇ ਪੰਜ ਚੇਲੇ ਸਨ—1. ਭਾਈ ਰਾਮ ਸਿੰਘ ਸ਼ਹੀਦ 2. ਭਾਈ ਪ੍ਰਭਾਤਾ ਸਿੰਘ ਜੀ 3. ਭਾਈ ਪ੍ਰੇਮ ਸਿੰਘ ਜੀ 4. ਭਾਈ ਗੁਰਦਿਤ ਸਿੰਘ ਜੀ 5. ਭਾਈ ਜਵਾਹਰ ਸਿੰਘ ਜੀ।

ਭਾਈ ਅਮੀਰ ਸਿੰਘ ਜੀ ਤੋਂ ਬਾਅਦ ਗੱਦੀ ਉਪਰ ਭਾਈ ਗੁਰਦਿੱਤ ਸਿੰਘ ਜੀ ਬੈਠੇ ਪਰ ਡੇਰੇ ਦਾ ਕੰਮ ਔਖਾ ਜਾਣ ਕੇ ਆਪ ਨੇ ਆਪਣੇ ਗੁਰਭਾਈ ਜਵਾਹਰ ਸਿੰਘ ਨੂੰ ਡੇਰੇ ਦੀਆਂ ਚਾਬੀਆਂ ਸੌਂਪ ਦਿੱਤੀਆਂ।[87] ਆਪ ਸੰਮਤ 1932 ਵਿਚ ਗੱਦੀ ਤੇ ਬਿਰਾਜੇ। ਆਪ ਨੇ ਆਪਣੇ ਬਜ਼ੁਰਗਾਂ ਦੇ ਪੂਰਨਿਆਂ ਤੇ ਚੱਲ ਕੇ ਸੇਵਾ ਸਾਧਨਾ ਤੇ ਗੁਰਮਤਿ ਦਾ ਪ੍ਰਚਾਰ ਕੀਤਾ। ਬਾਬੇ ਬਕਾਲੇ ਦੀ ਪ੍ਰਕਰਮਾਂ ਜੋ ਬਹੁਤ ਘੱਟ ਚੌੜੀ ਸੀ, ਉਸ ਨੂੰ ਚੌੜਾ ਕਰਨ ਲਈ ਭਾਈ ਬੇਲਾ ਸਿੰਘ ਪਾਸੋਂ ਜ਼ਮੀਨ ਲਈ ਤੇ 4 ਗਜ਼ ਚੌੜੀ ਪ੍ਰਕਰਮਾ ਬਣਾਈ। 1500 ਰੁਪਏ ਦੀ ਲਾਗਤ ਨਾਲ ਇਕ ਨਿਸ਼ਾਨ ਸਾਹਿਬ ਤਿਆਰ ਕਰਵਾਇਆ ਅਤੇ ਰਖੜੀ ਤੇ ਪੂਰਨਮਾਸ਼ੀ ਦਾ ਮੇਲਾ ਲਗਵਾਉਣਾ ਸ਼ੁਰੂ ਕੀਤਾ ਜੋ ਹੁਣ ਤਕ ਲਗਦਾ ਹੈ।

ਆਪ ਕੀਰਤਨ ਦੇ ਧਨੀ ਸਨ ਤੇ ਆਪ ਨੂੰ ਗੁਰਮਤਿ ਸੰਗੀਤ ਬਾਰੇ ਬੜੀ ਡੂੰਘੀ ਵਾਕਫ਼ੀਅਤ ਸੀ। ਆਪ ਪਾਸੋਂ ਅਨੇਕ ਲੋਕਾਂ ਨੇ ਕੀਰਤਨ ਸਿੱਖਿਆ ਤੇ ਨਾਮ ਬਾਣੀ ਦਾ ਪ੍ਰਚਾਰ ਕੀਤਾ। ਆਪ ਨੇ 1944 ਵਿਚ ਸਰੀਰ ਛੱਡਿਆ।[88]

ਆਪ ਜੀ ਤੋਂ ਮਗਰੋਂ ਭਾਈ ਉੱਤਮ ਸਿੰਘ ਜੀ ਨੇ ਗੱਦੀ ਸੰਭਾਲੀ। ਆਪ ਦਾ ਜਨਮ 1907 ਬਿਕ੍ਰਮੀ ਸੰਮਤ ਨੂੰ ਮਿੱਠੇ ਟਿਵਾਣੇ ਵਿਖੇ ਹੋਇਆ। ਆਪ ਬਹੁਤ ਹੀ ਸੁਹਿਰਦ ਆਤਮਾ, ਜਤੀ ਸਤੀ, ਵਿਦਵਾਨ ਤੇ ਕੀਰਤਨ ਰਸੀਏ ਸਨ। ਆਪ ਦਾ ਨੇਮ ਰਿਹਾ ਕਿ ਅੱਧੀ ਰਾਤ ਸਾਢੇ ਬਾਰਾਂ ਵਜੇ ਉਠ ਕੇ ਸ੍ਰੀ ਦਰਬਾਰ ਸਾਹਿਬ ਸਰੋਵਰ ਵਿਚ ਇਸ਼ਨਾਨ ਕਰਨਾ ਤੇ ਫਿਰ ਅੰਦਰ ਜਾ ਕੇ ਇਸ਼ਨਾਨ ਕਰਵਾਉਣ ਦੀ ਸੇਵਾ ਕਰਨੀ। ਇਹ ਨੇਮ ਤਕਰੀਬਨ 66 ਸਾਲ ਨਿਭਾਇਆ। ਆਪ ਪੰਜ ਪਾਠ ਸੁਖਮਨੀ ਸਾਹਿਬ ਦੇ ਕਰਕੇ ਫਿਰ ਅੰਨ ਜਲ ਛਕਦੇ। ਸਾਰਾ ਦਿਨ ਸਿਮਰਨ ਕਰਦੇ ਜਾਂ ਬਾਣੀ ਪੜ੍ਹਦੇ ਰਹਿੰਦੇ। ਆਪ ਨੇ 17 ਪੋਹ 2017 ਬਿਕ੍ਰਮੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਚਲਾਣਾ ਕੀਤਾ।[89] ਆਪ ਦੇ ਮੁੱਖੀ ਚੇਲੇ ਭਾਈ ਅਮੀਰ ਸਿੰਘ ਜੀ ਸਨ।

ਆਪ ਅਮੀਰ ਸਿੰਘ ਦਾ ਜਨਮ ਪਿੰਡ ਦਰਗਾਹੀ ਸ਼ਾਹ, ਜ਼ਿਲ੍ਹਾਂ ਝੰਗ ਵਿਖੇ ਸੰਮਤ 1927 ਬਿਕ੍ਰਮੀ ਨੂੰ ਭਾਈ ਪ੍ਰੇਮ ਸਿੰਘ ਜੀ ਦੇ ਘਰ ਹੋਇਆ। ਬਚਪਨ ਵਿਚ ਹੀ ਆਪ ਦੇ ਪਿਤਾ ਨੇ ਆਪ ਨੂੰ ਭਾਈ ਜਵਾਹਰ ਸਿੰਘ ਦੇ ਚਰਨੀ ਲਗਾਇਆ ਕਿ ਉਨ੍ਹਾਂ ਪਾਸੋਂ ਵਿੱਦਿਆ ਪ੍ਰਾਪਤ ਕਰਕੇ, ਲਾਇਕ ਬਣ ਕੇ ਘਰ ਵਾਪਸ ਆ ਜਾਵੇਗਾ। ਭਾਈ ਜਵਾਹਰ ਸਿੰਘ ਆਪ ਨੂੰ ਸੰਮਤ 1942 ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਲੈ ਆਏ। ਭਾਈ ਜੀ ਨੇ ਗੁਰਪੁਰੀ ਸਿਧਾਰਨ ਤੋਂ ਪਹਿਲਾਂ ਆਪ ਦੀ ਬਾਂਹ ਭਾਈ ਉਤਮ ਸਿੰਘ ਨੂੰ ਇਹ ਆਖਦਿਆਂ ਫੜਾਈ ਕਿ ਇਹ ਲੜਕਾ ਬੜਾ ਹੋਣਹਾਰ ਹੈ ਤੇ ਗੁਰਬਾਣੀ ਦੇ ਅਰਥਾਂ ਦਾ ਭੰਡਾਰ ਹੋਵੇਗਾ। ਇਸ ਨੂੰ ਆਪਣੇ ਪਾਸ ਹੀ ਰੱਖਣਾ[90] ਤੇ ਇਉਂ ਆਖ ਕੇ ਆਪ ਗੁਜ਼ਰ ਗਏ।

ਆਪ ਨੇ ਭਾਈ ਉਤਮ ਸਿੰਘ ਜੀ ਦੀ ਸੇਵਾ ਤਨ ਮਨ ਨਾਲ ਕੀਤੀ ਅਤੇ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਆਹਲੂਵਾਲੀਆਂ ਦੇ ਬੁੰਗੇ ਵਿਖੇ ਪੁਜ ਕੇ ਸੰਤ ਭਗਵਾਨ ਸਿੰਘ ਜੀ ਪਾਸੋਂ ਗੁਰੂ ਗ੍ਰੰਥ ਸਾਹਿਬ ਦੇ ਸੰਪਰਦਾਇ ਅਰਥ ਦੀ ਬ੍ਰਹਮ ਵਿੱਦਿਆ ਪਰਾਪਤ ਕੀਤੀ ਤੇ ਨਾਲ ਹੀ ਪੜ੍ਹੀ ਹੋਈ ਸੰਥਯਾ ਵਿਦਿਆਰਥੀਆਂ ਨੂੰ ਦੁਹਾਰਉਂਦੇ ਰਹੇ। ਦਸਮ ਗ੍ਰੰਥ ਦੇ ਅਰਥ ਆਪ ਨੇ ਗਿਆਨੀ ਬਖਸ਼ੀਸ ਸਿੰਘ ਜੀ ਪਾਸੋਂ ਪੜ੍ਹੇ ਤੇ ਇਸ ਕਾਰਜ ਨੂੰ ਛੇ ਸਾਲ ਲੱਗ ਗਏ। ਆਪ ਦੇ ਬੋਲਣ ਵਿਚ ਬੜੀ ਮਿਠਾਸ ਤੇ ਖਿੱਚ ਸੀ। ਵਿਦਿਆਰਥੀਆਂ ਨੇ ਆਪ ਪਾਸੋਂ ਸੰਥਯਾ ਪੜ੍ਹਣ ਦੀ ਇੱਛਾ ਪ੍ਰਗਟ ਕੀਤੀ ਜਿਸ ਬਾਰੇ ਆਪ ਨੇ ਸੰਤ ਭਗਵਾਨ ਸਿੰਘ ਜੀ ਨੂੰ ਦਸਿਆ ਤਾਂ ਉਨ੍ਹਾਂ ਨੇ ਥਾਪੜਾ ਦੇ ਕੇ ਆਗਿਆ ਦਿੱਤੀ ਕਿ ਜਾਉ ਵਿਦਿਆਰਥੀਆਂ ਨੂੰ ਸੰਥਯਾ ਦਿਓ। ਗੁਰਮਤਿ ਦਾ ਪ੍ਰਚਾਰ ਕਰੋ।

ਆਪ ਨੇ ਪਹਿਲਾਂ ਦਰਬਾਰ ਸਾਹਿਬ ਸਰੋਵਰ ਦੇ ਕੰਢੇ ਵੱਡੀ ਪਰਕਰਮਾ ਵਿਚ ਪੜ੍ਹਾਉਣਾ ਸ਼ੁਰੂ ਕੀਤਾ ਤੇ

ਬਾਅਦ ਵਿਚ ਜਦੋਂ ਵਿਦਿਆਰਥੀ ਬਹੁਤ ਜ਼ਿਆਦਾ ਵਧ ਗਏ ਤਾਂ ਆਪਣੇ ਡੇਰੇ ਵਿਖੇ ਸੰਥਯਾ ਆਰੰਭ ਕਰ ਦਿੱਤੀ ਅਤੇ 60 ਸਾਲਾਂ ਵਿਚ 60 ਵਾਰ ਗੁਰੂ ਗ੍ਰੰਥ ਸਾਹਬ ਦੇ ਸੰਪਰਦਾਈ ਅਰਥਾਂ ਸਹਿਤ ਭੋਗ ਪਾਏ। ਇਸ ਤੋਂ ਇਲਾਵਾ ਦਸਮ ਗ੍ਰੰਥ, ਸੂਰਜ ਪ੍ਰਕਾਸ਼, ਨਾਨਕ ਪ੍ਰਕਾਸ਼, ਵਾਰਾਂ ਭਾਈ ਗੁਰਦਾਸ, ਗਜ਼ਲਾਂ ਭਾਈ ਨੰਦ ਲਾਲ ਆਦਿ ਵੀ ਪੜ੍ਹਾਇਆ ਕਰਦੇ ਸਨ। ਆਪ ਪਾਸੋਂ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਨੇ ਵੀ ਇਕ ਸਾਲ ਸੰਥਯਾ ਸੁਣੀ ਸੀ। ਜਦੋਂ ਕੋਈ ਪ੍ਰੇਮੀ ਬੇਨਤੀ ਕਰਦਾ ਹੈ ਕਿ ਦਾਸ ਪਾਸ ਸਵੇਰੇ ਜਾਂ ਦੁਪਹਿਰੇ ਸੰਥਯਾ ਲੈਣ ਲਈ ਵਿਹਲ ਨਹੀਂ ਤਾਂ ਆਪ ਉਸ ਨੂੰ ਉਸ ਦੀ ਮਰਜ਼ੀ ਦਾ ਸਮਾਂ ਦੇ ਦਿੰਦੇ। ਇਕ ਵਾਰ ਇਕ ਰਵਿਦਾਸੀਆ ਸਿੰਘ ਆਪ ਪਾਸੋਂ ਸੰਥਯਾ ਲੈਣੀ ਚਾਹੁੰਦਾ ਸੀ ਪਰ ਤਥਾ ਕਥਿਤ ਅਛੂਤ ਹੋਣ ਕਾਰਨ ਹੋਰ ਵਿਦਿਆਰਥੀ ਉਸ ਨੂੰ ਨਾਲ ਨਹੀਂ ਸਨ ਬੈਠਣ ਦੇਣਾ ਚਾਹੁੰਦੇ ਤਾਂ ਆਪ ਨੇ ਬੜਾ ਕਿਹਾ ਪਰ ਵਿਦਿਆਰਥੀ ਨਾ ਮੰਨੇ। ਅਖੀਰ ਆਪ ਨੇ ਉਸ ਇਕੱਲੇ ਸਿੰਘ ਨੂੰ ਹੀ ਸਾਰੀ ਸੰਥਯਾ ਦਿੱਤੀ। ਇਉਂ ਸਾਰਾ ਦਿਨ ਬਾਣੀ ਦੇ ਅਧਿਐਨ ਤੇ ਅਧਿਆਪਨ ਵਿਚ ਬਤੀਤ ਹੁੰਦਾ ਸੀ। ਬੇਅੰਤ ਸੰਤਾਂ, ਮਹੰਤਾ, ਨਿਰਮਲਿਆਂ, ਉਦਾਸੀਆਂ, ਵੈਰਾਗੀਆਂ, ਸੰਨਿਆਸੀਆਂ, ਗ੍ਰਿਹਸਤੀਆਂ ਨੇ ਆਪ ਪਾਸੋਂ ਬ੍ਰਹਮ ਵਿਦਿਆ ਪ੍ਰਾਪਤ ਕੀਤੀ। ਆਪ ਜੀ 'ਵਿਦਿਆ ਮਾਰਤੰਡ' ਸਨ। ਅਖੀਰ 1 ਕੱਤਕ 2011 ਨੂੰ ਆਪ ਨੇ ਸਰੀਰ ਛੱਡਿਆ।"[91]

ਆਪ ਮਗਰੋਂ ਸ੍ਰੀਮਾਨ ਸੰਤ ਕ੍ਰਿਪਾਲ ਸਿੰਘ ਜੀ ਗੱਦੀਪਤੀ ਬਣੇ। ਆਪ ਦਾ ਜਨਮ 7 ਨਵੰਬਰ 1915 ਨੂੰ ਸਰਦਾਰ ਪ੍ਰਤਾਪ ਸਿੰਘ ਦੇ ਘਰ ਸਤੋਵਾਲੀ ਗਲੀ, ਅੰਮ੍ਰਿਤਸਰ ਵਿਖੇ ਹੋਇਆ। ਬਚਪਨ ਵਿਚ ਹੀ ਆਪ ਸੰਤਾਂ ਦੀ ਸੇਵਾ ਵਿਚ ਲੱਗ ਗਏ। ਸੰਤ ਅਮੀਰ ਸਿੰਘ ਜੀ ਦੇ ਉੱਤਮ ਸਿੰਘ ਦੇ ਸੰਕਲਪ ਅਨੁਸਾਰ ਆਪ ਦੇ ਮਾਤਾ ਪਿਤਾ ਨੇ ਸੰਮਤ 1984 ਵਿਖੇ ਆਪ ਨੂੰ ਸੰਤਾਂ ਦੇ ਚਰਨਾਂ ਵਿਚ ਹਾਜ਼ਰ ਕਰ ਦਿੱਤਾ। ਆਪ ਨੇ ਉਸ ਦਿਨ ਤੋਂ ਹੀ ਸੰਤਾਂ ਦੀ ਤਨ ਮਨ ਨਾਲ ਸੇਵਾ ਕਰਨੀ ਆਰੰਭ ਕਰ ਦਿੱਤੀ ਤੇ 27 ਸਾਲ ਵਿਚ ਇਹ ਘਾਲ ਘਲੀ। ਆਪ ਵਿੱਦਿਆ ਵੀ ਪੂਰੀ ਪੜ੍ਹੀ ਗਏ ਅਤੇ ਨਾਲ ਹੀ ਸੇਵਾ ਵਿਚ ਤਤਪਰ ਰਹੇ ਜਿਸ ਕਾਰਨ ਆਪ ਨੂੰ ਪੂਰੀ ਸੰਥਯਾ ਸੁਣਨ ਦਾ ਸੁਭਾਗ ਪ੍ਰਾਪਤ ਨਾ ਹੋ ਸਕਿਆ। ਆਪ ਦਾ ਸੰਤਾਂ ਨਾਲ ਅਥਾਹ ਪਿਆਰ ਸੀ। ਉਨ੍ਹਾਂ ਨੇ ਆਪ ਨੂੰ ਕਦੇ ਵਿਛੋੜਿਆ ਨਹੀ ਤੇ ਅੰਤ ਸਮੇਂ ਤੱਕ ਨਾਲ ਹੀ ਰੱਖਿਆ।

ਸੰਤ ਅਮੀਰ ਸਿੰਘ ਜੀ ਦੇ ਗੁਜ਼ਰਨ ਮਗਰੋਂ ਆਪ ਨੂੰ ਗੱਦੀ ਤੇ ਬੈਠਾਇਆ ਗਿਆ ਤੇ ਦਸਤਾਰ ਦੀ ਰਸਮ ਸੰਤ ਹਰਿਦਰਸ਼ਨ ਸਿੰਘ ਨੇ ਪੂਰੀ ਕੀਤੀ। ਸ੍ਰੀ ਹਰਿਮੰਦਰ ਸਾਹਿਬ ਵੱਲੋਂ ਵੀ ਰੇਸ਼ਮੀ ਚਾਦਰ ਸਿਰੋਪਾ ਵਜੋਂ ਪੁਜੀ। ਆਪ ਨੇ ਉਸ ਦਿਨ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਯਾ ਦੇਣੀ ਆਰੰਭ ਕੀਤੀ। ਆਪ ਪਾਸੋਂ ਬਹੁਤ ਸਾਰੇ ਵਿਦਿਆਰਥੀਆਂ ਨੇ ਗੁਰਮਤਿ, ਬ੍ਰਹਮ ਗਿਆਨ ਬਾਰੇ ਵਿੱਦਿਆ ਪੜ੍ਹੀ ਹੈ ਤੇ ਅੱਗੇ ਹੋਰਨਾਂ ਨੂੰ ਵੀ ਪੜ੍ਹਾਈ। ਆਪ ਮਈ 1984 ਵਿਚ ਗੁਰਪੁਰੀ ਸਿਧਾਰ ਗਏ। ਆਪ ਮਗਰੋ ਸੰਤ ਸੁਰਜੀਤ ਸਿੰਘ ਨੂੰ ਇਹ ਗੱਦੀ ਪ੍ਰਾਪਤ ਹੋਈ ਹੈ ਜੋ ਅੱਜ ਕੱਲ੍ਹ ਬ੍ਰਹਮ ਵਿੱਦਿਆ ਪ੍ਰਦਾਨ ਕਰ ਰਹੇ ਹਨ।

ਪਾਕਿਸਤਾਨ ਬਣਨ ਤੋਂ ਪਹਿਲਾਂ ਇਨ੍ਹਾਂ ਸਾਧੂਆਂ ਦਾ ਕਾਰਜ ਖੇਤਰ ਮੁਖ ਰੂਪ ਵਿਚ ਭੇਰਾ, ਮਿਆਣੀ, ਨੂਰਪੁਰ ਥੱਲ, ਡੇਰਾ ਇਸਮਾਇਲ ਖਾਨ, ਕੁਸਾਬ, ਮੁਲਤਾਨ, ਝੰਗ ਸ਼ਾਹਪੁਰ, ਸਰਗੋਧਾ ਦਾਇਰਾ ਦੀਨ ਪਨਾਹ ਜਿਲ੍ਹਾ ਮੁਜ਼ਫਰਨਗਰ, ਸਾਹਵਾਲ, ਕੋਟ ਸੁਲਤਾਨ, ਜੰਮੂ ਲਾਹੌਰ ਆਦਿ ਸੀ ਪਰ ਦੇਸ਼ ਦੀ ਵੰਡ ਮਗਰੋਂ ਇਹ ਲੱਖਾਂ ਰੁਪਇਆਂ ਦੀ ਜਾਇਦਾਦ ਆਲੀਸ਼ਾਨ ਧਰਮਸ਼ਾਲਾਵਾਂ ਤੇ ਡੇਰੇ ਛੱਡ ਕੇ ਭਾਰਤ ਵਿਚ ਆ ਗਏ। ਇਥੇ ਆ ਕੇ ਇਨ੍ਹਾਂ ਨੇ ਬਹੁਤ ਸਾਰੇ ਸ਼ਹਿਰਾਂ ਕਸਬਿਆਂ ਵਿਚ ਡੇਰੇ ਤੇ ਧਰਮਸ਼ਾਲਾਵਾਂ ਸਥਾਪਿਤ ਕੀਤੀਆਂ। ਅੱਜ ਕੱਲ੍ਹ ਇਨ੍ਹਾਂ ਦੇ ਮੁੱਖ ਕੇਂਦਰ ਅੰਮ੍ਰਿਤਸਰ, ਯਮੁਨਾ ਨਗਰ, ਪਟਿਆਲਾ, ਗੋਨਿਆਣਾ ਮੰਡੀ, ਕੈਥਲ, ਰੋਹਤਕ, ਹਰਿਦੁਆਰ, ਹੁਸ਼ਿਆਰਪੁਰ, ਪਟਨਾ, ਦਿੱਲੀ, ਗਾਜ਼ੀਆਬਾਦ ਆਦਿ ਹਨ। ਇਥੇ ਇਸ ਸੰਪਰਦਾਇ ਦੇ ਸਾਧੂ ਗੁਰਮਤਿ ਦਾ ਪ੍ਰਚਾਰ ਕਰਦੇ ਹਨ ਤੇ ਲੋਕਾਂ ਦੀ ਸੇਵਾ ਵਿਚ ਰਹਿ ਕੇ ਜੀਵਨ ਸਫ਼ਲ ਕਰਦੇ ਹਨ।

ਸੇਵਾ ਪੰਥੀ ਸੰਪਰਦਾਇ ਦੇਣ ਦੇ ਮੁੱਖੀ ਸਾਧੂਆਂ ਨੇ ਇਸ ਭੇਖ ਦੇ ਹਰ ਸਾਧੂ ਲਈ ਮਰਿਯਾਦਾ ਵਿਚ ਰਹਿ ਕੇ ਜੀਵਨ ਬਤੀਤ ਕਰਨ ਲਈ ਕੁਝ ਨਿਯਮ ਬਣਾਏ ਹਨ। ਇਸ ਨੂੰ ਜੇਕਰ ਇਨ੍ਹਾਂ ਦਾ 'ਰਹਿਤਨਾਮਾ' ਆਖ ਲਿਆ ਜਾਵੇ ਤਾਂ ਅਣਉਚਿਤ ਨਹੀਂ ਹੋਵੇਗਾ। ਭਾਈ ਲਾਲ ਚੰਦ[92] ਨੇ ਹੇਠ ਲਿਖੇ ਨਿਯਮ ਲਿਖੇ ਹਨ :

1. ਲੋੜ ਮੁਤਾਬਕ ਧਰਮ ਦੀ ਕਿਰਤ ਕਰਨਾ ਲਾਹਾ ਵਾਣ ਵੱਟ ਲੈਣਾ ਪਰ ਜੋ ਇਹ ਔਖਾ ਕੰਮ ਨਾ ਕਰ

ਸਕਦੇ ਹੋਣ, ਉਹ ਕੋਈ ਸੋਖਾ ਕੰਮ, ਜਿਵੇਂ ਕਪੜੇ ਆਦਿ ਸਿਉਣ ਦਾ ਕੰਮ, ਲੋੜ ਮੁਤਾਬਕ ਕਰਨ।

2. ਜਿਸ ਟਿਕਾਣੇ ਵਿਚ ਸਾਧੂ ਰਹੇ ਇਸ ਦੇ ਮਹੰਤ ਦਾ ਸਤਿਕਾਰ ਕਰੇ ਕਿਉਂਕਿ ਉਸ ਨੂੰ ਸਤਿਗੁਰੂ ਨੇ ਥਾਪਿਆ ਹੈ।
3. ਟਿਕਾਣੇ ਦੇ ਹਰ ਕੰਮ ਵਿਚ ਬਿਨਾਂ ਆਖਿਆਂ ਸ਼ਾਮਿਲ ਹੋਵੇ।
4. ਟਿਕਾਣੇ ਵਾਲੇ ਭਾਵ ਮਹੰਤ ਨੂੰ ਸਾਰੇ ਸਾਧੂਆਂ ਨੂੰ ਆਪਣੇ ਵਰਗਾ ਸਮਝਣਾ ਚਾਹੀਦਾ ਹੈ। ਸਭ ਦੀ ਇੱਜਤ ਕਰੇ।
5. ਗੁਰਬਾਣੀ ਨਾਲ ਦ੍ਰਿੜ੍ਹ ਪ੍ਰੀਤ ਕਰੇ।
6. ਪਿਛਲੀ ਰਾਤ ਉਠ ਕੇ ਦਾਤਨ ਕਰਕੇ ਇਸ਼ਨਾਨ ਕਰੇ ਅਤੇ ਇਕ ਮਨ ਹੋ ਕੇ ਬਾਣੀ ਪੜ੍ਹੇ।
7. ਕਥਾ ਸਮੇਂ ਸੰਗਤ ਵਿਚ ਹਾਜ਼ਰ ਹੋਵੇ ਤੇ ਨਾਲ ਹੀ ਕਿਰਤ ਵੀ ਕਰੇ। ਜੋ ਗੱਲ ਸਮਝ ਨਾ ਆਵੇ ਉਸ ਬਾਰੇ ਪੁਛ ਲਵੇ।
8. ਰਾਤ ਨੂੰ ਕੀਰਤਨ ਇਕੱਠੇ ਹੋ ਕੇ ਕਰਨਾ। ਸੰਗਤ ਵਿਚ ਰਲ ਮਿਲ ਕੇ ਬੈਠਣਾ ਚਾਹੀਦਾ ਹੈ ਕਿਉਂਕਿ ਵਖਰੇ ਬੈਠਣਾ ਆਪਣੇ ਮਨ ਪਾਸ ਬੈਠਣਾ ਹੈ।
9. ਸਾਧੂਆਂ ਨੂੰ ਇਕ ਦੂਸਰੇ ਨੂੰ ਦੇਖ ਕੇ ਪ੍ਰਸੰਨ ਹੋਣਾ ਚਾਹੀਦਾ ਹੈ।
10. ਦੈਵੀ ਸੰਪਰਦਾਇ ਅਤੇ ਆਸੁਰੀ ਸੰਪਰਦਾਇ ਦੇ ਲੱਛਣ ਆਪਣੇ ਪਾਸ ਲਿਖ ਕੇ ਰੱਖੇ। ਦੈਵੀ ਗੁਣਾਂ ਨੂੰ ਗ੍ਰਹਿਣ ਕਰੇ ਅਤੇ ਆਸੁਰੀ ਗੁਣਾਂ ਦਾ ਤਿਆਗ ਕਰੇ।
11. ਇਸਤਰੀ ਦੀ ਸੰਗਤ ਨੂੰ ਧਰਮ ਵਿਨਾਸ਼ਕ ਮੰਨੇ। ਇਕੱਲਾ ਸਾਧੂ ਆਪਣੀ ਮਾਤਾ ਪਾਸ ਵੀ ਨਾ ਬੈਠੇ।
12. ਜੇਕਰ ਇਕ ਸਾਧੂ ਟਿਕਾਣਾ ਛੱਡ ਕੇ ਦੂਜੇ ਟਿਕਾਣੇ ਵਿਚ ਆਵੇ ਤਾਂ ਪੁੱਛ ਪੜਤਾਲ ਕਰਕੇ ਠਹਿਰਨ ਦੀ ਆਗਿਆ ਦਿੱਤੀ ਜਾਵੇ। ਜੇਕਰ ਉਹ ਮਨਮਤ ਕਰਕੇ ਆਇਆ ਹੈ ਤਾਂ ਉਸ ਨੂੰ ਆਦਰ ਨਾ ਦਿੱਤਾ ਜਾਵੇ ਤਾਂ ਕਿ ਫਿਰ ਕੋਈ ਸਾਧੂ ਬੇਵਫਾਈ ਨਾ ਕਰੇ।
13. ਜੇਕਰ ਟਿਕਾਣੇ ਵਿਚ ਕੋਈ ਭੇਖ ਲੈਣ ਲਈ ਆਵੇ ਤਾਂ ਉਸ ਨੂੰ ਤੁਰੰਤ ਹੀ ਭੇਖ ਨਾ ਦਿੱਤਾ ਜਾਵੇ ਕਿਉਂਕਿ ਕਈ ਵਾਰ ਅਜਿਹਾ ਕਰਨ ਨਾਲ ਅਜਿਹੇ ਅਣ ਅਧਿਕਾਰੀ ਸਾਧੂ ਬਣ ਗਏ ਹਨ ਜਿਨ੍ਹਾਂ ਨੇ ਭੇਖ ਨੂੰ ਕਲੰਕ ਲਗਾਇਆ ਹੈ।
14. ਲੈਣ ਦੇਣ ਟਿਕਾਣੇ ਦੇ ਸਾਧੂਆਂ ਦਾ ਆਪਸ ਵਿਚ ਹੋਵੇ। ਬਾਹਰਲੇ ਸਾਧੂਆਂ ਜਾਂ ਲੋਕਾਂ ਨਾਲ ਲੈਣ ਦੇਣ ਨਹੀਂ ਕਰਨਾ ਚਾਹੀਦਾ।

ਸੇਵਾਪੰਥੀ ਸੰਪਰਦਾਇ ਦੇ ਸਾਧੂਆਂ ਨੇ ਕੋਈ ਨਵੀਂ ਵਿਚਾਰਧਾਰਾ ਪ੍ਰਸਤੁਤ ਨਹੀਂ ਕੀਤੀ। ਆਪ ਦੇ ਦਾਰਸ਼ਨਿਕ ਵਿਚਾਰ ਉਹੀ ਹਨ ਜੋ ਆਦਿ ਗ੍ਰੰਥ ਵਿਚ ਗੁਰੂ ਸਾਹਿਬ ਨੇ ਸਥਾਪਤ ਕੀਤੇ ਹਨ। ਇਹਨਾਂ ਸਾਧੂਆਂ ਨੇ ਉਹਨਾਂ ਵਿਚਾਰਾਂ ਨੂੰ ਪ੍ਰਚਾਰਿਆ ਤੇ ਆਪ ਉਹਨਾਂ ਤੇ ਪਹਿਰਾ ਦਿੱਤਾ। ਪਰਮਾਤਮਾ, ਜੀਵ, ਜਗਤ, ਮੋਹ ਮਾਇਆ, ਸਤਿਗੁਰੂ, ਨਾਮ, ਬਾਣੀ-ਕੀਰਤਨ ਆਦਿ ਬਾਰੇ ਆਪ ਨੇ ਆਪਣੇ ਗ੍ਰੰਥਾਂ ਵਿਚ ਵਿਸਥਾਰ ਸਹਿਤ ਲਿਖਿਆ ਹੈ।

ਗੁਰਮਤਿ ਵਿਚ ਸੇਵਾ ਦਾ ਵਿਸ਼ੇਸ਼ ਸਥਾਨ ਹੈ। ਭਾਰਤ ਵਿਚ ਸਮਾਜ ਸੇਵਾ ਦੀ ਭਾਵਨਾ ਬੜੀ ਪ੍ਰਬਲ ਰਹੀ ਹੈ। ਡਾ. ਵਿਦਿਆਵਤੀ ਮਾਲਵਿਕਾ ਦਾ ਵਿਚਾਰ ਹੈ, "ਜਨਤਾ ਲੋਕ ਕਾਰਜ ਕਰਨ ਲਈ ਤਿਆਰ ਬਰ ਤਿਆਰ ਰਹਿੰਦੀ ਸੀ ਤੇ ਉਸ ਵਿਚ ਆਪਣਾ ਸੁਭਾਗ ਸਮਝਦੀ ਸੀ। ਬਾਗ ਲਗਵਾਉਣਾ, ਉਪਬਨ ਦਾ ਨਿਰਮਾਣ, ਪੁਲ ਬਣਵਾਉਣੇ, ਪਾਣੀ ਪਿਆਉਣ ਵਾਲਾ ਬੈਠਾਲਣਾ, ਖੂਹ ਲਗਵਾਉਣਾ, ਯਾਤਰੀਆਂ ਲਈ ਧਰਮਸ਼ਾਲਾ ਬਣਾਉਣਾ ਬੜਾ ਉਤਮ ਕੰਮ ਮੰਨਿਆ ਜਾਂਦਾ ਸੀ।[93] ਪਰ ਉਪਰੋਕਤ ਟੂਕ ਤੋਂ ਸਪਸ਼ਟ ਹੈ ਕਿ ਵੱਡੇ ਲੋਕ ਪੈਸਾ ਖਰਚ ਕੇ ਇਹ ਕਾਰਜ ਕਰਵਾਉਂਦੇ ਸਨ ਪਰ ਆਪਣੇ ਹੱਥੀਂ ਨਹੀਂ ਸਨ ਕਰਦੇ ਜਦੋਂ ਕਿ ਗੁਰੂ ਸਾਹਿਬਾਨ ਨੇ ਜਿਥੇ ਆਪਣੇ ਹੱਥੀਂ ਲੋਕ ਸੇਵਾ ਕੀਤੀ ਉਥੇ ਆਪਣੇ ਪੈਰੋਕਾਰਾਂ ਨੂੰ ਸਭ ਦੀ ਸਮਦ੍ਰਿਸ਼ਟੀ ਨਾਲ ਸੇਵਾ ਕਰਨ ਲਈ ਪ੍ਰੇਰਨਾ ਦਿੱਤੀ।

ਸੇਵਾਪੰਥੀ ਸਾਧੂ ਬੜੇ ਕੋਮਲ ਸੁਭਾਅ ਵਾਲੇ ਨਿਮਰਤਾ ਦੇ ਪੁੰਜ ਤੇ ਸਭ ਵਿਚ ਬ੍ਰਹਮ ਦੇ ਦਰਸ਼ਨ ਕਰਨ ਵਾਲੇ ਸਨ। ਇਹਨਾਂ ਨੇ ਧਰਮਸ਼ਾਲਾਵਾਂ ਉਸਾਰੀਆਂ, ਮੁਸਾਫਿਰਾਂ ਦੇ ਰਹਿਣ, ਖਾਣ ਪੀਣ ਤੇ ਨਹਾਉਣ ਆਦਿ ਦਾ ਪ੍ਰਬੰਧ ਕੀਤਾ ਅਤੇ ਉਹਨਾਂ ਨਾਲ ਆਏ ਪਸ਼ੂਆਂ ਨੂੰ ਬ੍ਰਹਮ ਦਾ ਰੂਪ ਜਾਣ ਕੇ ਖ਼ੂਬ ਸੇਵਾ ਕੀਤੀ। ਮੁਸਾਫਰ ਭਾਵੇਂ ਹਿੰਦੂ ਹੋਵੇ ਜਾਂ ਮੁਸਲਮਾਨ, ਸਿੱਖ ਹੋਵੇ ਜਾਂ ਕਿਸੇ ਹੋਰ ਧਰਮ ਦਾ ਅਨੁਆਈ ਉਸ ਦੀ ਪੂਰੀ ਰੂਹ ਨਾਲ ਸੇਵਾ ਕੀਤੀ। ਇਹ ਤਾਂ ਸੇਵਾ ਨੂੰ ਭਜਨ ਹੀ ਮੰਨਦੇ ਸਨ।

*ਬਡਾ ਭਜਨ ਪ੍ਰਭ ਕਾ ਇਹੁ ਭਾਈ। ਸਰਬ ਦੀਆ ਹੋਇਐ ਸੁਖਦਾਈ।* [94]

ਇਹਨਾਂ ਸਾਧੂਆਂ ਨੇ ਉਦੋਂ ਮੰਨੇ ਜਾਂਦੇ ਅਛੂਤਾਂ ਦੀ ਆਪਣੇ ਹੱਥੀਂ ਸੇਵਾ ਕੀਤੀ ਤੇ ਕਿਸੇ ਉੱਚੀ ਜਾਤ ਵਾਲੇ ਦੀ ਆਲੋਚਨਾ ਦੀ ਪਰਵਾਹ ਨਹੀਂ ਕੀਤੀ। ਭਾਈ ਜਗਤਾ[95] ਜੀ ਦੀ ਜੀਵਨ ਕਥਾ ਵਿਚ ਇਕ ਵਾਕਿਆ ਹੈ ਕਿ ਆਪਨੇ ਇਕ ਅਜਿਹੀ ਤਥਾ ਕਥਿਤ ਅਛੂਤ ਔਰਤ ਦੀ ਸੇਵਾ ਕੀਤੀ ਜਿਸ ਦੇ ਕੀੜੇ ਪਏ ਹੋਏ ਸਨ, ਬਿਰਧ ਅਵਸਥਾ ਸੀ ਤੇ ਸੰਬੰਧੀ ਬਾਹਰ ਸੁੱਟ ਗਏ ਸਨ। ਉਸ ਨੂੰ ਕੁਟੀਆ ਪਾ ਦਿੱਤੀ ਤੇ ਆਪਣੀ ਹੱਥੀਂ ਸੇਵਾ ਕਰਕੇ ਉਸ ਦਾ ਦੁਖ ਕੱਟਿਆ।

ਭਾਈ ਜੀ ਦੇ ਜੀਵਨ[96] ਵਿਚ ਅਜਿਹੀ ਇਕ ਹੋਰ ਘਟਨਾਂ ਦਾ ਜਿਕਰ ਮਿਲਦਾ ਹੈ। ਉਹਨਾਂ ਨੇ ਦੇਖਿਆ ਧਰਮਸ਼ਾਲਾ ਦੇ ਬਾਹਰ ਕੁਝ ਮੁਸਾਫਿਰ ਬਾਰਸ਼ ਵਿਚ ਭਿੱਜ ਰਹੇ ਹਨ। ਠੁਰ ਠੁਰ ਕਰ ਰਹੇ ਹਨ। ਮੀਂਹ ਤੇ ਠੰਢ ਨੇ ਉਹਨਾਂ ਨੂੰ ਦੁਖੀ ਕੀਤਾ ਹੋਇਆ ਹੈ। ਆਪ ਨੇ ਉਹਨਾਂ ਦੀ ਹਾਲਤ ਦੇਖੀ ਤਾਂ ਪੁੱਛਣ ਲੱਗੇ ਕਿ ਭਾਈ ਤੁਸੀਂ ਕੌਣ ਹੋ ਤਾਂ ਉਹਨਾਂ ਨੇ ਕੰਬਦਿਆਂ ਜਵਾਬ ਦਿੱਤਾ ਕਿ ਅਸੀਂ ਹਲਾਲ ਖੋਰ (ਸ਼ੂਦਰ ਹਾਂ) ਤਾਂ ਆਪ ਨੇ ਵੈਰਾਗ ਵਿਚ ਆ ਕੇ ਆਖਿਆ ਕਿ ਅਸੀਂ ਹਰਾਮਖੋਰ ਅੰਦਰ ਬੈਠੇ ਹਾਂ ਤੁਸੀਂ ਹਲਾਲ ਖੋਰ ਬਾਹਰ ਕਿਉਂ ਬੈਠੇ ਹੋ ਉਹਨਾਂ ਨੂੰ ਲੰਗਰ ਛਕਾਇਆ ਤੇ ਰਾਤ ਰਹਿਣ ਲਈ ਬਿਸਤਰੇ ਦਿੱਤੇ। ਅਜਿਹੀਆਂ ਹੋਰ ਬਹੁਤ ਸਾਰੀਆਂ ਉਦਾਹਰਨਾਂ[97] ਮਿਲਦੀਆਂ ਹਨ।

ਜਲ ਦੀ ਸੇਵਾ ਵੱਲ ਇਹ ਸਾਧੂ ਵਿਸ਼ੇਸ਼ ਧਿਆਨ ਦਿੰਦੇ ਸਨ। ਇਸ ਲਈ ਇਹਨਾਂ ਨੇ ਖੂਹ ਲੁਆਏ, ਤਲਾਬ ਖੋਦੇ ਤੇ ਧਰਮਸ਼ਾਲਾਵਾਂ ਵਿਚ ਪਾਣੀ ਦੇ ਘੜੇ ਭਰ ਕੇ ਰਖੇ। ਇਸ ਬਾਰੇ ਸੇਵਾਪੰਥੀ ਗ੍ਰੰਥਾਂ[98] ਵਿਚ ਵਿਸਤਾਰ ਸਹਿਤ ਲਿਖਿਆ ਗਿਆ ਹੈ।

ਇਹ ਸਾਧੂ ਪੰਛੀਆਂ, ਗਊਆਂ, ਖੋਤਿਆਂ, ਗਿੱਦੜਾਂ, ਕੁੱਤਿਆਂ ਆਦਿ ਜਾਨਵਰਾਂ ਦੀ ਸੇਵਾ ਕਰਦੇ ਸਨ। ਉਹਨਾਂ ਲਈ ਸੁਖ ਸਾਧਨ ਪੈਦਾ ਕਰਦੇ ਸਨ। ਭਾਈ ਜਗਤਾ ਜੀ ਨੇ ਉਜਾੜਾਂ, ਜੰਗਲਾਂ ਬੀਆਬਾਨਾਂ ਵਿਚ ਜਾਨਵਰਾਂ ਦੇ ਪਾਣੀ ਪੀਣ ਦਾ ਪ੍ਰਬੰਧ ਕੀਤਾ। ਭਾਈ ਰਾਮ ਅਨੁਸਾਰ :

*ਭਾਈ ਜਗਤੇ ਇਹ ਬਿਧ ਧਾਰੀ। ਕੁੰਭ ਸੁ ਪਾਨੀ ਭਰੇ ਅਪਾਰੀ॥*
*ਵਡ ਉਜਾੜਿ ਮਧੁ ਦੌਰੇ ਲਾਵੈ। ਭਰ ਕਰ ਜਲ ਸੇਗਿ ਪ੍ਰੀਤੀ ਰਾਬੈ॥*
*ਚੋਗਾ ਦੇਵੇ ਪਾਸ ਖਿਲਾਰੀ। ਚੁਗਤੇ ਪੰਛੀ ਹਿਤ ਕਰ ਭਾਰੀ॥*[99]

ਇਕ ਰਾਤ ਆਪ ਨੇ ਗਿੱਦੜ ਹੁਆਂਕਦੇ ਸੁਣੇ ਤਾਂ ਆਪ ਨੇ ਉਜਾੜ ਵਿਚ ਉਹਨਾਂ ਲਈ ਵੀ ਇਕ ਤਾਲ ਖੁਦਵਾਇਆਂ ਤਾਂ ਕਿ ਜਲ ਵੱਲੋਂ ਦੁਖੀ ਨਾ ਹੋਣ। ਭਾਈ ਸੋਭਾ ਰਾਮ ਨੇ ਲਿਖਿਆ ਹੈ :

*ਗੀਦੜ ਬੋਲੈ ਨਿਸ ਮਧ ਭਾਰੀ। ਭਾਈ ਸਾਹਿਬ ਗਿਰਾ ਉਚਾਰੀ।*
*ਇਨ ਹਿਤ ਦੇਵੈ ਤਾਲ ਲਗਾਈ। ਪਾਨੀ ਪੀਵੈ ਮਨੁ ਹਰਖਾਈ।*
*ਝਾ ਲਾਗੀ ਉਦਮੁ ਕੀਆ ਲਾਗੈ ਨਰੁ ਆਰੁ ਨਾਰਿ॥*
*ਖੋਦਨ ਕੀਨਾ ਤਤਛਿੰਦਾ ਪਸ ਪੀਵੇ ਹਿਤ ਧਾਰ॥*[100]

ਅਜਿਹੀ ਪ੍ਰਥਾ ਹੁਣ ਤੱਕ ਚਲ ਰਹੀ ਹੈ। ਸੇਵਾ ਦਾ ਮਹੱਤਵ ਇੰਨਾ ਹੈ ਕਿ ਜਦੋਂ ਡੇਰੇ ਦਾ ਮਹੰਤ ਆਪਣਾ ਅੰਤਕਾਲ ਨੇੜੇ ਜਾਣਦਾ ਸੀ ਤਾਂ ਉਹ ਅਜਿਹੇ ਵਿਅਕਤੀ ਨੂੰ ਆਪਣੀ ਗੱਦੀਨਸ਼ੀਨ ਚੁਣਦਾ ਸੀ ਜੋ ਨਾਮ ਬਾਣੀ ਨਾਲ ਜੁੜਿਆ ਹੋਵੇ, ਕਥਾ ਕੀਰਤਨ ਵਿਚ ਮਨ ਲਗਾਉਂਦਾ ਹੋਵੇ,

ਆਏ ਗਏ ਦੀ ਸੇਵਾ ਕਰਦਾ ਹੋਵੇ, ਡੇਰੇ ਦੀ ਸਫ਼ਾਈ ਆਦਿ ਆਪਣੇ ਹੱਥੀਂ ਕਰਦਾ ਹੋਵੇ ਤੇ ਕਿਰਤੀ ਹੋਵੇ। ਅਜਿਹੇ ਵਿਅਕਤੀ ਨੂੰ ਮਹੰਤੀ ਦੀ ਦਸਤਾਰਬੰਦੀ ਸਮੇਂ ਝਾੜੂ ਤੇ ਛੱਨਾ ਵੀ ਦਿੱਤਾ ਜਾਂਦਾ ਸੀ ਜੋ ਸੇਵਾ ਦਾ ਪ੍ਰਤੀਕ

ਸੀ। ਹੁਣ ਵੀ ਇਹ ਪ੍ਰਥਾ ਕਾਇਮ ਹੈ।

ਇਹਨਾਂ ਨੇ ਵਿੱਦਿਆ ਦੇ ਖੇਤਰ ਵਿਚ ਮੁਢ ਤੋਂ ਹੀ ਬੜੀ ਸੇਵਾ ਕੀਤੀ ਹੈ। ਲੱਖਾਂ ਲੋਕਾਂ ਨੂੰ ਗੁਰਮੁਖੀ ਤੇ ਬ੍ਰਹਮ ਵਿਦਿਆ ਪ੍ਰਦਾਨ ਕਰਕੇ ਸਿੱਖ ਬਣਾਇਆ ਤੇ ਹੁਣ ਕਈ ਕਾਲਜ, ਸਕੂਲ ਤੇ ਸਿੱਖਿਆ ਸੰਸਥਾਵਾਂ ਚਲਾ ਰਹੇ ਹਨ।

ਪ੍ਰੋ. ਪ੍ਰੀਤਮ ਸਿੰਘ ਦਾ ਕਹਿਣਾ ਹੈ 'ਇਹ ਲੋਕ ਸੇਵਕ ਸਭਾ ਹੈ, 'ਸਰਵੈਂਟਸ ਔਫ ਦੀ ਪੀਪਲ ਸੁਸਾਇਟੀ', ਇਕ ਤਰ੍ਹਾਂ ਦੀ ਰੈਡ ਕਰੌਸ ਸੁਸਾਇਟੀ ਜਿਸ ਦਾ ਆਦਰਸ਼ ਇਕ ਸ਼ਾਂਤਮਈ, ਨਿਰਚਾਹ, ਨਿਰਹੰਕਾਰ, ਨਿਰਕਾਮਨ ਉਪਰਾਮ ਤੇ ਸਾਧ ਬਿਰਤੀ ਵਾਲੇ ਸਾਰਗ੍ਰਾਹੀ ਵਿਅਕਤੀ ਦੀ ਉਸਾਰੀ ਸੀ। ਇਸ ਉਸਾਰੀ ਦਾ ਮੂਲ ਅਭਿਆਸ ਹੈ ਸੇਵਾ ਪਰਗਟ ਤੇ ਗੁਪਤ ਤਨ, ਮਨ ਤੇ ਧਨ ਕਰਕੇ। ਇਸ ਸੇਵਾ ਦਾ ਖਿਆਲ ਜਦੋਂ ਆਵੇਸ਼ ਤੇ ਸੁਭਾਵਕ ਉਮਾਹ ਬਣ ਕੇ ਪਰਗਟ ਹੋਣ ਲਗ ਪਏ ਤਾਂ ਸੇਵਾਪੰਥੀ ਸਮਝਦੇ ਹਨ ਕਿ ਜਗਿਆਸੂ ਠੀਕ ਰਸਤੇ ਚੱਲ ਪਿਆ ਹੈ ਪਰ ਜਦੋਂ ਕਿਸੇ ਨੂੰ ਸੇਵਾ ਲਈ ਹਰ ਵੇਲੇ ਤੁਖਣੀ ਦੇਣੀ ਪਵੇ ਤਾਂ ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਅਜੇ ਇਸ ਨੂੰ ਆਪਣਾ ਆਪ ਦੂਜਿਆਂ ਨਾਲੋਂ ਪਿਆਰਾ ਲਗਦਾ ਹੈ। ਇਸ ਲਈ ਉਸ ਨੂੰ ਫੇਰ ਆਪਣਾ ਵੱਡੇ ਤੋਂ ਵੱਡਾ ਸੁੱਖ ਭੁਲਾ ਕੇ ਦੂਜਿਆਂ ਦੇ ਛੋਟੇ ਤੋਂ ਛੋਟੇ ਸੁੱਖ ਦਾ ਖਿਆਲ ਰੱਖਣ ਦਾ ਸੁਭਾਅ ਦ੍ਰਿੜ ਕਰਵਾਇਆ ਜਾਂਦਾ ਹੈ।"[101]

ਸੇਵਾ ਪੰਥੀ ਸਾਧੂ ਸੇਵਾ; ਦਾ ਮਹੱਤਵ ਇੰਜ ਮੰਨਦੇ ਹਨ :

*ਫਲ ਅਸਮੇਧੁ ਕਹਿਤੁ ਹੈ ਭਾਰੀ। ਜੀ ਰਾਜੀ ਤੁਲ ਮਹਿ ਹਜ਼ਾਰੀ।*
*ਗੁਰੂ ਨਾਨਕ ਜੀ ਆਪ ਬਖਾਨਾ। ਦਯਾ ਤੁਲ ਸਮ ਪੁਨ ਨਹਿ ਆਨ।।*[102]

ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਕਨ੍ਹੱਈਆ[103] ਜੀ ਨੂੰ ਦਸਾਂ ਨੌਹਾਂ ਦੀ ਕਿਰਤ ਕਰਕੇ ਵੰਡ ਖਾਣ ਲਈ ਉਪਦੇਸ ਦਿੱਤਾ ਸੀ। ਇਹ ਸਾਧੂ ਵਾਣ ਵਟਦੇ ਸਨ। ਸੀਣ ਪ੍ਰੋਣ ਦਾ ਕੰਮ ਕਰਦੇ ਸਨ। ਘਾਹ ਆਦਿ ਖੋਤ ਕੇ (ਵੇਚ ਕੇ) ਰੋਟੀ ਜੋਗੇ ਪੈਸੇ ਕਮਾ ਲਿਆਉਂਦੇ ਸਨ।[104] ਡਾ. ਬਲਬੀਰ ਸਿੰਘ ਲਿਖਦੇ ਹਨ 'ਹਰ ਅੱਡਣਸ਼ਾਹੀ ਸਾਧੂ ਲਈ ਜ਼ਰੂਰੀ ਸੀ ਕਿ ਉਹ ਕਿਸੇ ਨਾ ਕਿਸੇ ਸ਼ਕਲ ਵਿਚ ਕਿਰਤ ਦੇ ਹੱਥ ਪੈਰ ਚਲਦੇ ਰਖੇ। ਜੋ ਪੁਰਸ਼ ਕਠਿਨ ਸੇਵਾ ਨਹੀਂ ਕਰ ਸਕਦੇ ਸਨ ਉਨ੍ਹਾਂ ਲਈ ਸੌਖੀਆਂ ਕਿਰਤਾਂ ਦੀ ਆਗਯਾ ਸੀ। ਜੈਸੇ ਲਿਖਾਰੀਆਂ ਲਈ ਸਿਆਹੀ ਬਣਾਉਣੀ ਜੋ ਦੇਰ ਤੱਕ ਅੱਡਣਸ਼ਾਹੀ ਸਿਆਹੀ ਦੇ ਨਾਮ ਨਾਲ ਪ੍ਰਸਿੱਧ ਰਹੀ ਹੈ।.....ਸਾਧੂ ਹੋਣਾ, ਵਿਰਕਤ ਹੋਣਾ, ਕਿਰਤ ਕਰਨੀ, ਆਪਣੀ ਕਮਾਈ ਵੰਡ ਕੇ ਛਕਣੀ ਇਹ ਅੱਡਣਸ਼ਾਹ ਦਾ ਪ੍ਰਤਾਪ ਸੀ। ਅੱਡਣਸ਼ਾਹੀ ਆਗੂਆਂ ਨੇ ਸਾਧੂਆਂ ਨੂੰ ਮੰਗਤਿਆਂ ਦੀ ਸ਼੍ਰੇਣੀ ਤੋਂ ਚੁੱਕ ਕੇ ਦਾਤਾ ਪਦ ਤੇ ਬਿਠਾ ਦਿੱਤਾ ਸੀ। ਅੱਡਣਸ਼ਾਹੀ ਕਰਾਮਾਤ ਸੀ ਜੋ ਅੱਜ ਤਕ ਦੁਨੀਆਂ ਦੇ ਕਿਸੇ ਫਿਰਕੇ ਦੇ ਸਾਧੂ ਫਿਰਕੇ ਨੇ ਕਰਕੇ ਨਹੀਂ ਵਿਖਾਈ।'[105] 'ਸਮਾਂ ਪਾ ਕੇ ਇਹ ਸਾਧੂ ਕਿਰਤ ਕਰਨਾ ਛੋਡ ਗਏ ਤੇ ਪ੍ਰਭੂ ਆਸਰੇ ਤੇ ਰਹਿਣ ਲੱਗੇ।' ਇਹਨਾਂ ਦੇ ਡੇਰਿਆਂ ਨਾਲ ਅੱਜ ਕੱਲ੍ਹ ਕਾਫ਼ੀ ਜਾਇਦਾਦਾਂ ਹਨ ਜਿਹਨਾਂ ਦੇ ਕਿਰਾਏ ਆਦਿ ਨਾਲ ਇਹ ਚੰਗੀ ਜ਼ਿੰਦਗੀ ਬਸਰ ਕਰਦੇ ਹਨ।

ਇਹ ਸਾਧੂ ਅਹਿੰਸਾਵਾਦੀ ਸਨ। ਕਿਸੇ ਪ੍ਰਕਾਰ ਦੀ ਹਿੰਸਾ ਹੋਵੇ, ਇਹ ਉਸ ਤੋਂ ਦੂਰ ਰਹਿੰਦੇ ਸਨ। ਸ਼ਾਕਾਹਾਰ ਦਾ ਪਰਚਾਰ ਕਰਦੇ ਤੇ ਮਾਸ ਖਾਣ ਨੂੰ ਪਰਮ ਅਗਿਆਨਤਾ ਮੰਨਦੇ ਹਨ। ਭਾਈ ਸੋਭਾ ਰਾਮ ਅਨੁਸਾਰ :

*ਮਾਸ ਅਹਾਰੀ ਸ਼ੇਰ ਕਹਿਲਾਏ। ਬਾਜ ਚੀਲ ਕਉਆ ਹੋਇ ਜਾਇ।*
*ਬਹੁ ਜੋਨਨਿ ਮਧ ਚੋਟਾ ਖਾਈ। ਬਾਰ ਬਾਰ ਅਤਸੈ ਬਿਲਲਾਈ।*
*ਜਿਨੋ ਮਾਸ ਤੁਮ ਖਾਵਤੇ ਪੁਨ ਤੁਮ ਭੁੰਚੇ ਮਾਸ।*
*ਬਦਲਾ ਦੇਵਣ ਆਇਗੋ ਪਾਵੈ ਤੁਮ ਗਲ ਫਾਸ।।*[106]

ਇਹ ਮੇਠਵਾਸੀ ਸਾਧੂ ਸਨ ਜਿਸ ਕਾਰਨ ਨਾਰੀ ਤੇ ਗ੍ਰਿਹਸਤ ਤੋਂ ਦੂਰ ਰਹਿਣਾ ਪਰਮ ਲਕਸ਼ ਮੰਨਦੇ ਸਨ। ਇਉਂ ਕੁਝ ਪੱਖਾਂ ਤੋਂ ਇਹਨਾਂ ਦੇ ਵਿਚਾਰ ਤੇ ਵਿਹਾਰ ਗੁਰਮਤਿ ਨਾਲ ਮੇਲ ਨਹੀਂ ਖਾਂਦੇ।

ਸੇਵਾਪੰਥੀ ਸੰਪਰਦਾਇ ਸਿੱਖਾਂ ਦੀ ਇਕ ਅਤਿ ਮਹੱਤਵਪੂਰਨ ਸ਼ਾਖਾ ਹੈ ਜਿਸ ਦੇ ਸਾਧੂਆਂ ਨੇ ਆਪਣੇ ਆਦਿ ਤੋਂ ਹੀ ਗੁਰਮਤਿ, ਗੁਰ ਸਿੱਖਾਂ ਤੇ ਗੁਰੂ ਸਾਹਿਤ ਦੀ ਬੜੀ ਮੁੱਲਵਾਨ ਸੇਵਾ ਕੀਤੀ। ਉਦੋਂ ਗੁਰਦੁਆਰਿਆਂ ਦੀ

ਸੰਭਾਲ ਕੀਤੀ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ। ਘਰ ਘਰ ਗੁਰਬਾਣੀ ਦੀਆਂ ਪੋਥੀਆਂ ਪਹੁੰਚਾਈਆਂ। ਗ੍ਰੰਥ ਲਿਖ ਕੇ ਜਿਥੇ ਧਾਰਮਿਕ ਸਿਧਾਂਤਾਂ ਦੀ ਵਿਆਖਿਆ ਕੀਤੀ ਉਥੇ ਪੰਜਾਬੀ ਸਾਹਿਤ ਨੂੰ ਵੀ ਅਮੀਰ ਬਣਾਇਆ।

## ਟਿੱਪਣੀਆਂ/ਹਵਾਲੇ


1. *ਹਿੰਦੂ ਕਾਸਟਸ ਐਂਡ ਸੈਕਟਸ*, ਪੰਨਾ 278
2. *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ) ਪੰਨਾ 598-99
3. *ਸਾਹਿਤ ਸੋਰਭ*, ਪੰਨਾ 110
4. *ਪਾਰਸ ਭਾਗ*, (ਭੂਮਿਕਾ) ਪੰਨਾ 24
5. *ਭਾਰਤ ਮਤ ਦਰਪਨ*, ਪੰਨਾ 15
6. *ਭਾਰਤ ਦੇ ਉਦਾਸੀਨ ਸੰਤ* (ਹਿੰਦੀ)
7. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ) ਪੰਨਾ 8
8. *ਉਹੀ*, ਪੰਨਾ 8
9. ਸੋਭਾ ਰਾਮ (ਭਾਈ) *ਸੰਤ ਮਾਲ*, ਪਤਰਾ 2/ੳ
10. ਸਹਿਜ ਰਾਮ (ਭਾਈ) *ਪਰਚੀਆ ਸ੍ਰੀ ਭਾਈ ਕਨਯਾ ਜੀ*, ਪੰਨਾ 2
11. *ਦੀ ਟਰਾਂਸਫਾਰਮੇਸ਼ਨ ਆਫ਼ ਸਿੱਖ ਸੁਸਾਇਟੀ*, ਪੰਨਾ 37
12. ਸਹਿਜ ਰਾਮ ਭਾਈ ਪਰਚੀਆ ਸ੍ਰੀ ਭਾਈ ਕਨ੍ਹਯਾ ਜੀ, ਪੰਨਾ 2
13. *ਸੰਤਾ ਮਾਲ*, ਪੱਤਰਾ 3/ਅ
14. *ਉਹੀ*, ਪੱਤਰਾ 3/ਅ
15. *ਪਰਚੀਆ ਸ੍ਰੀ ਭਾਈ ਕਨ੍ਹਯਾ ਜੀ*, ਪੰਨਾ 2
16. *ਉਹੀ*, ਪੰਨਾ 3
17. *ਉਹੀ*
18. ਸੋਭਾ ਰਾਮ (ਭਾਈ) *ਸੰਤ ਮਾਲ*, ਪੱਤਰਾ 3/ਅ
19. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ) ਪੰਨਾ 8
20. ਸਹਿਜ ਰਾਮ (ਭਾਈ) *ਪਰਚੀਆ ਸ੍ਰੀ ਭਾਈ ਕਨਯਾ ਜੀ* ਪੰਨਾ 21-22.
21. *ਉਹੀ*, ਪੰਨਾ 22
22. ਸੋਭਾ ਰਾਮ (ਭਾਈ) *ਸੰਤ ਮਾਲ*, ਪੱਤਰਾ 32/ਅ
23. ਸੇਵਾ ਰਾਮ (ਭਾਈ) *ਸੰਤ ਮਾਲ*, ਪੱਤਰਾ 32/ਅ
24. ਸਹਿਜ ਰਾਮ (ਭਾਈ) *ਪਰਚੀਆ ਸ੍ਰੀ ਭਾਈ ਕਨ੍ਹਯਾ ਜੀ*, ਪੰਨਾ 34
25. *ਸੰਤ ਮਾਲ*, ਪੱਤਰਾ 18/ਅ
26. *ਉਹੀ*, ਪੱਤਰਾ 24/ਅ
27. ਫੌਜਾ ਸਿੰਘ ਤੇ ਤਾਰਨ ਸਿੰਘ, *ਗੁਰੂ ਤੇ ਬਹਾਦਰ, ਜੀਵਨ ਤੇ ਰਚਨਾ*, ਪੰਨਾ 27.
28. ਸਹਿਜ ਰਾਮ (ਭਾਈ) *ਪਰਚੀਆ ਸ੍ਰੀ ਭਾਈ ਕਨ੍ਹਯਾ ਜੀ*, ਪੰਨੇ 35-39.
29. ਸੰਤ ਮਾਲ, ਪਤਰਾ 25/ੳ
30. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ*(ਦੂਜੀ ਛਾਪ) ਪੰਨਾ 11.
31. ਸੰਤ ਮਾਲ, ਪੱਤਰਾ 33, ੳ
32. ਸਹਿਜ ਰਾਮ (ਭਾਈ) *ਪਰਚੀਆ ਸ੍ਰੀ ਭਾਈ ਕਨੈਯਾ ਜੀ*, ਪੰਨੇ 39-41
33. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ), ਪੰਨਾ 13
34. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ*, (ਦੂਜੀ ਛਾਪ), ਪੰਨਾ 13
35. ਸਹਿਜ ਰਾਮ (ਭਾਈ) *ਪਰਚੀਆ ਸ੍ਰੀ ਭਾਈ ਕਨ੍ਹਯਾ ਜੀ*, ਪੰਨਾ 42
36. *ਸੰਤ ਰਤਨ ਮਾਲਾ*, (ਦੂਜੀ ਛਾਪ), ਪੰਨਾ 15
37. ਗਯਾਨ ਸਿੰਘ (ਗਿਯਾਨੀ) *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼* ਪੰਨਾ 1287
38. ਗਯਾਨ ਸਿੰਘ (ਗਿ) *ਤਵਾਰੀਖ ਗੁਰੂ ਖਾਲਸਾ* (ਪਹਿਲਾ ਭਾਗ) ਪੰਨਾ 1287
39. ਸੋਭਾ ਰਾਮ (ਭਾਈ) *ਸੰਤ ਮਾਲ*, ਪਤਰਾ 38/ਅ
40. (ੳ) ਗਯਾਨ ਸਿੰਘ (ਗਿਆਨੀ) *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਪੰਨਾ 472

(ਅ) ਗਣੇਸ਼ ਸਿੰਘ (ਮਹੰਤ) *ਭਾਰਤ ਮਤ ਦਰਪਣ*, ਪੰਨਾ 16
(ੲ) ਸੋਭਾ ਰਾਮ (ਭਾਈ) *ਸੰਤ ਮਾਲ*, ਪਤਰਾ 38/ਅ
41. ਗਯਾਨ ਸਿੰਘ (ਗਿਯਾਨੀ) *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਪੰਨਾ 972
42. *ਗੁਰ ਬਿਲਾਸ*, ਪੰਨਾ 284
43. *ਭਾਰਤ ਕੇ ਉਦਾਸੀਨ ਸੰਤ* (ਹਿੰਦੀ), ਪੰਨਾ 245
44. ਕਾਨ੍ਹ ਸਿੰਘ ਨਾਭਾ (ਭਾਈ) *ਮਹਾਨ ਕੋਸ਼*, ਪੰਨਾ 9
45. *ਭਾਰਤ ਕੇ ਉਦਾਸੀਨ ਸੰਤ*, ਪੰਨਾ 28
46. ਵਿਸਥਾਰ ਲਈ ਵੇਖੋ, *ਗੋਸ਼ਟੀਆਂ*, ਪੰਨਾ 126
47. ਵੇਖੋ : ਰਣਧੀਰ ਸਿੰਘ (ਭਾਈ), *ਉਦਾਸੀ ਸਿੱਖਾਂ ਦੀ ਵਿੱਥਿਆ*
48. *ਮਹਾਨ ਕੋਸ਼*, ਪੰਨਾ 294
49. ਲਾਲ ਚੰਦ (ਭਾਈ) *ਸ੍ਰੀ ਰਤਨ ਮਾਲਾ* (ਦੂਜੀ ਛਾਪ) ਪੰਨਾ 21
50. *ਪਰਚੀਆ ਸ੍ਰੀ ਭਾਈ ਸੇਵਾ ਰਾਮ ਜੀ*, ਪੰਨਾ 5
51. *ਉਹੀ*, ਪੰਨਾ 5
52. ਸੋਭਾ ਰਾਮ (ਭਾਈ) *ਸੰਤ ਮਾਲ*, ਪੱਤਰੇ 40/ਅ ਤੋਂ 43/ੳ
53. (ੳ) ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ) ਪੰਨਾ 21-24
(ਅ) ਸਹਿਜ ਰਾਮ (ਭਾਈ) *ਪਰਚੀਆ ਸ੍ਰੀ ਭਾਈ ਕਨ੍ਹਯਾ ਜੀ*, ਪੰਨਾ 58-62
54. *ਪਰਚੀਆ ਸ੍ਰੀ ਭਾਈ ਕਨ੍ਹਯਾ ਜੀ*, ਪੰਨਾ 68
55. ਸਹ੍ਰਿਜ ਰਾਮ (ਭਾਈ) *ਪਰਚੀਆ ਸ੍ਰੀ ਭਾਈ ਸੇਵਾ ਰਾਮ ਜੀ*, ਪੰਨਾ 16-17
56. ਸਹਿਜ ਰਾਮ (ਭਾਈ) *ਪਰਚੀਆ ਸ੍ਰੀ ਭਾਈ ਕਨੱਯਾ ਜੀ*, ਪੰਨਾ 122
57. *ਉਹੀ*
58. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ), ਪੰਨਾ 29
59. ਸਹਿਜ ਰਾਮ (ਭਾਈ) *ਪਰਚੀਆ ਸ੍ਰੀ ਭਾਈ ਅੱਡਣ ਜੀ*, ਪੱਤਰੇ 140/ੳ-ਅ
60. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ), ਪੰਨਾ 48
61. ਕ੍ਰਿਪਾਲ ਸਿੰਘ (ਮਹੰਤ) *ਸ੍ਰੀ ਅਮੀਰ ਸਿਧਾਂਤ*, (ਭਾਗ ਦੂਸਰਾ), ਪੰਨਾ 3
62. ਪ੍ਰੀਤਮ ਸਿੰਘ, *ਪਾਰਸ ਭਾਗ*, (ਭੂਮਿਕਾ), ਪੰਨਾ 58
63. ਸਹਿਜ ਰਾਮ (ਭਾਈ) *ਪਰਚੀਆ ਸ੍ਰੀ ਭਾਈ ਅੱਡਣ ਜੀ*, ਪਤਰੇ 137/ੳ-138/ੳ
64. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ), ਪੰਨਾ 76-77
65. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ), ਪੰਨਾ 78-79
66. *ਉਹੀ*, ਪੰਨਾ 86-87
67. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ), ਪੰਨਾ 123-24
68. *ਉਹੀ*, ਪੰਨਾ 123-24
69. *ਉਹੀ*, ਪੰਨਾ 126
70. *ਉਹੀ*, ਪੰਨਾ 32
71. *ਉਹੀ*, ਪੰਨਾ 90
72. *ਉਹੀ*, ਪੰਨਾ 107
73. *ਉਹੀ*, ਪੰਨਾ 162
74. ਕ੍ਰਿਪਾਲ ਸਿੰਘ (ਮਹੰਤ) ਸ੍ਰੀ *ਅਮੀਰ ਸਿਧਾਂਤ* (ਭਾਗ ਦੂਜਾ) ਪੰਨਾ 3
75. *ਉਹੀ*
76. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ) ਪੰਨਾ 15
77. *ਉਹੀ*, ਪੰਨਾ 508
78. *ਉਹੀ*, ਪੰਨਾ 516
79. *ਉਹੀ*, ਪੰਨਾ 542-44
80. ਕ੍ਰਿਪਾਲ ਸਿੰਘ (ਮਹੰਤ) *ਅਮੀਰ ਸਿਧਾਂਤ*, (ਭਾਗ ਦੂਜਾ), ਪੰਨਾ ਮ
81. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ) ਪੰਨਾ 563
82. *ਉਹੀ*, ਪੰਨਾ *562-64*
83. *ਉਹੀ*, ਪੰਨਾ 562

84. ਕ੍ਰਿਪਾਲ ਸਿੰਘ (ਮਹੰਤ) *ਸ੍ਰੀ ਅਮੀਰ ਸਿਧਾਂਤ*, (ਭਾਗ ਦੂਜਾ), ਪੰਨਾ ਮ
85. *ਉਹੀ*, ਪੰਨਾ ਮ
86. ਲਾਲ ਚੰਦ (ਭਾਈ) *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ), ਪੰਨਾ 567-69
87. ਕ੍ਰਿਪਾਲ ਸਿੰਘ (ਮਹੰਤ) *ਸ੍ਰੀ ਅਮੀਰ ਸਿਧਾਂਤ*, (ਭਾਗ ਦੂਜਾ), ਪੰਨਾ ਯ
88. ਕ੍ਰਿਪਾਲ ਸਿੰਘ (ਮਹੰਤ) *ਸ੍ਰੀ ਅਮੀਰ ਸਿਧਾਂਤ*, (ਭਾਗ ਦੂਜਾ), ਪੰਨਾ ਯ
89. *ਉਹੀ*, ਪੰਨਾ ਯ
90. *ਉਹੀ*, ਪੰਨਾ ਯ
91. *ਉਹੀ*, ਪੰਨਾ ਯ ਤੋਂ ਲ ਤੱਕ
92. *ਸ੍ਰੀ ਸੰਤ ਰਤਨ ਮਾਲਾ* (ਦੂਜੀ ਛਾਪ) ਪੰਨਾ 5-8
93. *ਹਿੰਦੀ ਸੰਤ ਸਾਹਿਤਯ ਪਰ ਬੋਧ ਧਰਮ ਕਾ ਪ੍ਰਭਾਵ*, ਪੰਨਾ 7
94. ਸਹਿਜ ਰਾਮ, *ਪਰਚੀਆ ਭਾਈ ਸੇਵਾ ਰਾਮ ਜੀ*, ਪੰਨਾ 13
95. ਲਾਲ ਚੰਦ, *ਸ੍ਰੀ ਸੰਤ ਰਤਨ ਮਾਲਾ*
96. *ਉਹੀ*, ਪੰਨਾ 451-52
97. *ਉਹੀ*, ਪੰਨਾ 315, 333, 395, 398 ਆਦਿ
98. *ਉਹੀ*, ਪੰਨਾ 337, 178-79, 315-16, 388, 409-10
    (ਅ) ਵੀਰ ਸਿੰਘ, *ਸੰਤ ਗਾਥਾ*, ਪੰਨੇ 90-95 ਆਦਿ
99. *ਸੰਤ ਮਾਲ* ਪੱਤਰਾ 65/ਅ
100. *ਉਹੀ*, ਪੱਤਰਾ 66/ਅ
101. *ਪਾਰਸ ਭਾਗ* (ਭੂਮਿਕਾ) ਪੰਨਾ 48-49.
102. ਸੋਭਾ ਰਾਮ, *ਸੰਤ ਮਾਲ*, ਪੱਤਰਾ 70/ਅ
103. *ਉਹੀ*, ਪੱਤਰਾ 33/ਅ
104. ਵਿਸਥਾਰ ਲਈ ਦੇਖੋ 1) *ਸੰਤ ਮਾਲ*; ਪੱਤਰਾ 58/ਅ, 65/ਅ, 58/ੳ, ਅ 116/ਅ, '124/ਅ ਆਦਿ (11) ਅਤਰ ਸਿੰਘ, *ਸ੍ਰੀ ਸੰਤ ਰਹਤ ਰਤਨ ਮਾਲਾ*, ਪੰਨੇ 127, 142-43, 187, 193 ਆਦਿ (111) ਲਾਲ ਚੰਦ ਸ੍ਰੀ ਸੰਤ ਰਤਨ ਮਾਲਾ, ਪੰਨੇ 176, 193, 317, 305, 376, 395, 506 ਆਦਿ।
105. ਸ੍ਰੀ ਚਰਨ ਹਰਿ ਵਿਸਥਾਰ (ਜਿਲਦ 1 ਸੈਚੀ 1), ਪੰਨਾ 128
106. *ਸੰਤ ਮਾਲ*, ਪੱਤਰਾ 85/ੳ

# ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਗੁਰਧਾਮਾਂ ਦੀ ਮਹੱਤਤਾ

ਮੇਜਰ ਗੁਰਮੁਖ ਸਿੰਘ (ਰਿਟਾ:)

ਮਨੁੱਖ ਦਾ ਸੁਭਾਉ ਹੈ ਕਿ ਜਿਸ ਨੂੰ ਉਹ ਪੂਜਣ ਦੀ ਹੱਦ ਤੱਕ ਪਿਆਰ ਕਰਦਾ ਹੋਵੇ, ਉਸ ਨਾਲ ਸੰਬੰਧਿਤ ਹਰ ਸ਼ੈ ਨੂੰ ਉਹ ਉਸ ਪਿਆਰੇ ਵਾਂਗ ਹੀ ਪਿਆਰਦਾ ਹੈ। ਇਸ਼ਕ ਮਿਜ਼ਾਜ਼ੀ ਵਾਲੇ ਆਸ਼ਕ ਨੂੰ ਵੀ ਕਵੀ ਸਾਲਾਹ ਦੇਂਦਾ ਹੈ : "ਯਾਰ ਦੀ ਗਲੀ ਦੇ ਕੁੱਤੇ ਸੀਨੇ ਨਾਲ ਲਾਈ ਜਾਵੀਂ।" ਫੇਰ ਸਿੱਖ ਦਾ ਆਪਣੇ ਇਸ਼ਟ ਲਈ ਪਿਆਰ ਤਾਂ ਇਸ਼ਕ ਹਕੀਕੀ ਹੁੰਦਾ ਹੈ। ਉਸ ਨੂੰ ਗੁਰੂ ਨਾਲ ਸੰਬੰਧਿਤ ਹਰ ਚੀਜ਼ ਵਿਚ ਪਿਆਰੇ ਦਾ ਝਾਉਲਾ ਪੈਂਦਾ ਹੈ, "ਯਾਰੜੇ ਦਾ ਸੱਥਰ ਚੰਗਾ" ਲੱਗਦਾ ਹੈ। ਤਾਂ ਹੀ ਤਾਂ ਗੁਰੂ ਅਰਜਨ ਦੇਵ ਆਪਣੇ ਪਿਤਾ-ਗੁਰੂ ਨੂੰ ਇਓਂ ਸੰਬੋਧਨ ਕਰਦੇ ਹਨ :

*ਧੰਨੁ ਸੁ ਦੇਸੁ ਜਹਾਂ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ।*

ਇਕ ਹੋਰ ਸ਼ਬਦ ਵਿਚ ਪ੍ਰੀਤਮ ਦੇ ਦਰਸ਼ਨ ਦੀ ਤਾਂਘ ਦਰਸਾਉਂਦੇ ਹੋਏ ਉਹ ਉਸ ਦੇ ਅਸਥਾਨ ਨੂੰ ਵੀ ਧੰਨ ਕਹਿੰਦੇ ਹਨ :

*ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ।*
*ਧੰਨੁ ਸੁ ਤੇਰਾ ਥਾਨੁ।*

ਰਾਮਕਲੀ ਦੀ ਵਾਰ ਵਿਚ ਬਲਵੰਡ ਤੇ ਸੱਤਾ ਗੁਰੂ ਰਾਮਦਾਸ ਦੀ ਸਿਫ਼ਤ ਵਿਚ ਗਾਉਂਦੇ ਹਨ :

*ਧੰਨਿ ਸੁ ਡੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ।*

ਗੁਰੂ ਅਰਜਨ ਦੇਵ ਤਾਂ ਸੰਤਾਂ ਦੇ ਥਾਨ ਨੂੰ ਵੀ ਧੰਨ ਧੰਨ ਕਹਿੰਦੇ ਹਨ :

*ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ।*
*ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ...*
*ਜਿਥੈ ਜਾਏ ਭਗਤੁ ਸੁ ਥਾਨੁ ਸੁਹਾਵਣਾ।*

ਫਿਰ ਗੁਰੂ ਦੀ ਪਦਵੀ ਤਾਂ ਸੰਤਾਂ ਭਗਤਾਂ ਨਾਲੋਂ ਵੀ ਉੱਚੀ ਹੈ। ਇਸ ਲਈ ਗੁਰਧਾਮਾਂ ਦੀ ਮਹਿਮਾਂ ਤਾਂ ਸਿੱਖਾਂ ਲਈ ਹੋਰ ਵੀ ਮਹਾਨ ਹੈ। ਗੁਰੂ ਰਾਮਦਾਸ ਦਾ ਫ਼ੁਰਮਾਨ ਹੈ :

*ਸਾ ਧਰਤੀ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰ ਬੈਠਾ ਆਇ।*
× × ×
*ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮਰਾਜੇ।*
*ਗੁਰਸਿੱਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ।*

ਭਾਵੇਂ 'ਸੁਹਾਵਾ' ਦਾ ਅਰਥ ਤਾਂ ਸੁੰਦਰ ਜਾਂ ਸ਼ੋਭਨੀਕ ਹੀ ਹੈ, ਗੁਰੂ ਚਰਨਾਂ ਦੀ ਛੁਹ ਪ੍ਰਾਪਤ ਅਜਿਹੇ ਗੁਰਧਾਮ ਗੁਰਸਿੱਖਾਂ ਲਈ ਪਵਿੱਤਰ ਤੀਰਥ ਅਸਥਾਨਾਂ ਦਾ ਦਰਜਾ ਰਖਦੇ ਹਨ। ਭਾਈ ਗੁਰਦਾਸ ਅਨੁਸਾਰ :

*ਜਿਥੈ ਬਾਬਾ ਪੈਰ ਧਰੈ ਪੂਜਾ ਆਸਣੁ ਥਾਪਣਿ ਸੋਆ।*

ਸਿੱਖ ਧਰਮ ਵਿਚ ਭਾਵੇਂ ਤੀਰਥ ਇਸ਼ਨਾਨ ਨੂੰ ਅਧਿਆਤਮਿਕ ਸਾਧਨ ਦਾ ਦਰਜਾ ਨਹੀਂ ਦਿੱਤਾ ਗਿਆ ਅਤੇ ਸੱਚਾ ਤੀਰਥ ਨਾਮ, ਸ਼ਬਦ ਵਿਚਾਰ, ਆਤਮ ਗਿਆਨ ਅਤੇ ਹਰਿ ਗੁਣ ਗਾਣ ਨੂੰ ਹੀ ਮੰਨਿਆ ਗਿਆ ਹੈ, ਜਿਵੇਂ ਕਿ ਗੁਰੂ ਨਾਨਕ ਦੇਵ ਦਾ ਉਪਦੇਸ਼ ਹੈ :

*ਤੀਰਥ ਨਾਵਣ ਜਾਉ ਤੀਰਥੁ ਨਾਮੁ ਹੈ।*
*ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥*
× × ×
*ਸਚੁ ਤੀਰਥਿ ਨਾਵਹੁ ਹਰਿ ਗੁਣ ਗਾਵਹੁ।*
*ਤਤ ਵੀਚਾਰਹੁ ਹਰਿ ਲਿਵ ਲਾਵਹੁ॥*
× × ×
*ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ।*

ਤਾਂ ਵੀ ਇਨ੍ਹਾਂ ਗੁਰਧਾਮ ਤੀਰਥਾਂ ਦੀ ਧਾਰਮਿਕ ਅਤੇ ਸਮਾਜਿਕ ਮਹੱਤਤਾ ਹੈ। ਗੁਰੂ ਅਰਜਨ ਦੇਵ ਦਾ ਕਥਨ ਹੈ :

*ਸੋ ਅਸਥਾਨੁ ਬਤਾਵਹੁ ਮੀਤਾ।*
*ਜਾ ਕੈ ਹਰਿ ਹਰਿ ਕੀਰਤਨੁ ਨੀਤਾ॥*
× × ×
*ਸਾਧਸੰਗਿ ਹਰਿ ਕੀਰਤਨੁ ਗਾਈਐ।*
*ਇਹੁ ਅਸਥਾਨੁ ਗੁਰੂ ਤੇ ਪਾਈਐ॥*

ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਗੁਰਧਾਮਾਂ ਦਾ ਹੋਰ ਵੀ ਵਿਸ਼ੇਸ਼ ਮਹੱਤਵ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਖ਼ਾਲਸੇ ਦੀ ਸਥਾਪਨਾ ਸਦਕਾ ਪੰਥ ਦੇ ਪਿਤਾ ਦਾ ਦਰਜਾ ਰਖਦੇ ਹਨ। ਖੰਡੇ ਦੀ ਪਹੁਲ ਛਕਣ 'ਤੇ ਸਿੱਖ ਦਾ ਦੁਨਿਆਵੀ ਕੁਲ ਨਾਸ ਹੋ ਜਾਂਦਾ ਹੈ ਅਤੇ ਸਿੰਘਾਂ ਨੂੰ ਦ੍ਰਿੜ ਕਰਾਇਆ ਜਾਂਦਾ ਹੈ ਕਿ ਉਨ੍ਹਾਂ ਦਾ ਪਿਤਾ ਗੁਰੂ ਗੋਬਿੰਦ ਸਿੰਘ, ਉਨ੍ਹਾਂ ਦਾ ਜਨਮ ਅਸਥਾਨ ਪਟਨਾ ਸਾਹਿਬ ਅਤੇ ਨਿਵਾਸ ਅਸਥਾਨ ਅਨੰਦਪੁਰ ਸਾਹਿਬ ਹੈ। ਇਸ ਪਰਕਾਰ ਉਹ "ਏਕ ਪਿਤਾ, ਏਕਸ ਕੇ ਹਮ ਬਾਰਿਕ", ਇਕ ਖ਼ਾਲਸਾ ਬਰਾਦਰੀ ਦਾ ਅੰਗ ਬਣ ਜਾਂਦੇ ਹਨ। ਇਹ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਗੁਰਧਾਮਾਂ ਦੀ ਵਿਸ਼ੇਸ਼ ਮਹੱਤਤਾ ਦਾ ਹੀ ਪ੍ਰਮਾਣ ਹੈ ਕਿ ਸ੍ਰੀ ਅਕਾਲ ਤਖ਼ਤ ਨੂੰ ਛੱਡ ਕੇ ਖ਼ਾਲਸੇ ਦੇ ਬਾਕੀ ਚਾਰੇ ਤਖ਼ਤ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਜੁੜੇ ਹੋਏ ਹਨ ਇਹ ਤਖ਼ਤ ਹਨ :

1. ਤਖ਼ਤ ਸ੍ਰੀ ਹਰਿਮੰਦਰ ਸਾਹਿਬ, ਪਟਨਾ, ਜਿੱਥੇ ਗੁਰੂ ਸਾਹਿਬ ਦਾ ਜਨਮ ਹੋਇਆ;
2. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ, ਜਿੱਥੇ ਉਨ੍ਹਾਂ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ;
3. ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਜਿੱਥੇ ਅਨੰਦਪੁਰ ਅਤੇ ਮੁਕਤਸਰ ਦੇ ਯੁੱਧਾਂ ਤੋਂ ਪਿੱਛੋਂ ਉਨ੍ਹਾਂ ਨੇ ਪੰਥ ਦਾ ਪੁਨਰਗਠਨ ਕੀਤਾ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੌਜੂਦਾ ਸਰੂਪ ਦੀ ਰਚਨਾ ਕੀਤੀ।
4. ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲਨਗਰ, ਜਿੱਥੇ ਉਹ ਗੁਰਿਆਈ ਗੁਰੂ ਗ੍ਰੰਥ ਸਾਹਿਬ ਨੂੰ ਸੌਂਪ ਕੇ ਖ਼ੁਦ ਜੋਤੀ ਜੋਤਿ ਸਮਾ ਗਏ।

ਇਨ੍ਹਾਂ ਤੋਂ ਇਲਾਵਾ ਅਨੇਕ ਹੋਰ ਗੁਰਧਾਮ ਹਨ, ਜੋ ਉਨ੍ਹਾਂ ਦੀਆਂ ਜੀਵਨ ਘਟਨਾਵਾਂ ਨਾਲ ਜੁੜੇ ਹੋਣ ਕਰਕੇ, ਉਨ੍ਹਾਂ ਦੀ ਚਰਨ ਛੁਹ ਸਦਕਾ, ਪਵਿੱਤਰ ਜਾਣੇ ਜਾਂਦੇ ਹਨ। ਇਨ੍ਹਾਂ ਵਿਚੋਂ ਕੁਝ ਮੁੱਖ ਇਤਿਹਾਸਿਕ ਗੁਰ-ਅਸਥਾਨਾਂ ਦਾ ਸੰਖੇਪ ਵੇਰਵਾ, ਕ੍ਰਮਵਾਰ, ਹੇਠਾਂ ਦਿੱਤਾ ਜਾਂਦਾ ਹੈ।

### 1. ਹੇਮਕੁੰਟ ਸਾਹਿਬ

ਇਸ ਅਸਥਾਨ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿੱਤਰ ਨਾਟਕ' ਵਿਚ ਆਪਣੀ ਆਤਮ-ਕਥਾ ਬਿਆਨ ਕਰਦੇ ਹੋਏ ਕੀਤਾ ਹੈ। ਉਹ ਦੱਸਦੇ ਹਨ ਕਿ ਮਾਤਾ ਗੁਜਰੀ ਦੀ ਕੁੱਖ ਤੋਂ ਜਨਮ ਲੈਣ ਤੋਂ ਪਹਿਲਾਂ ਉਹ ਏਥੇ ਮਹਾਂਕਾਲ ਦੀ ਅਰਾਧਨਾ ਵਿਚ ਲੀਨ ਹੋ ਕੇ ਕਾਫ਼ੀ ਸਮੇਂ ਤੋਂ ਤਪੱਸਿਆ ਕਰਦੇ ਰਹੇ ਸਨ ਅਤੇ ਏਥੋਂ ਹੀ ਅਕਾਲ ਪੁਰਖ ਦਾ ਹੁਕਮ ਪਾ ਕੇ ਉਨ੍ਹਾਂ ਨੇ ਕਲਜੁਗ ਵਿਚ ਜਨਮ ਲਿਆ ਸੀ। ਸਿੱਖਾਂ ਨੂੰ ਇਸ ਅਸਥਾਨ ਦਾ ਪਤਾ ਕਾਫ਼ੀ

ਸਮੇਂ ਬਾਅਦ ਲੱਗਿਆ। ਗੁਰੂ ਸਾਹਿਬ ਨੇ ਤਾਂ ਇਹੀ ਲਿਖਿਆ ਸੀ :

*ਹੇਮ ਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਿਤ ਹੈ ਤਹਾਂ।*
*ਸਪਤ ਸ੍ਰਿੰਗ ਤਿਹ ਨਾਮੁ ਕਹਾਵਾ। ਪੰਡੁ ਰਾਜ ਤਜਹ ਜੋਗ ਕਮਾਵਾ।*

ਉਨ੍ਹੀਵੀਂ ਸਦੀ ਦੇ ਪ੍ਰਸਿੱਧ ਨਿਰਮਲਾ ਵਿਦਵਾਨ ਨੇ 'ਮਹਾਭਾਰਤ' ਗ੍ਰੰਥ ਵਿਚੋਂ ਇਹ ਤਾਂ ਪੁਸ਼ਟੀ ਕਰ ਲਈ ਕਿ ਪੰਡੂਰਾਜ ਨੇ ਹਿਮਾਲੇ ਪਰਬਤ ਵਿਚ ਕਿਸੇ 'ਹਿਮਕੁੰਡ' (ਬਰਫ਼ਾਨੀ ਝੀਲ) ਕੰਢੇ ਤਪੱਸਿਆ ਕੀਤੀ ਸੀ, ਪਰੰਤੂ ਇਹ 'ਸਪਤ ਸ੍ਰਿੰਗ' (ਸੱਤ ਚੋਟੀਆਂ) ਵਾਲੀ ਜਗ੍ਹਾ ਹੈ ਕਿੱਥੇ? ਇਸ ਦਾ ਪਤਾ ਟੇਹਰੀ ਗੜ੍ਹਵਾਲ ਦੇ ਸੰਤ ਸੋਹਣ ਸਿੰਘ ਨੇ ਸੰਨ 1934 ਵਿਚ ਖੋਜ ਕੱਢਿਆ ਅਤੇ ਉਸ ਝੀਲ ਦੇ ਕੰਢੇ ਇਕ ਛੋਟਾ ਜਿਹਾ ਕੋਠਾ ਛੱਤ ਕੇ ਗੁਰਦੁਆਰਾ ਸਥਾਪਿਤ ਕਰ ਦਿੱਤਾ ਜਿਸ ਦਾ ਨਾਮ ਹੇਮਕੁੰਟ ਸਾਹਿਬ ਪਿਆ।

**2. ਪਟਨਾ ਸਾਹਿਬ**

ਇਹ ਪ੍ਰਸਿੱਧ ਇਤਿਹਾਸਿਕ ਸ਼ਹਿਰ ਜੋ ਕਿਸੇ ਸਮੇਂ ਪਾਟਲੀਪੁੱਤ੍ਰ ਅਖਵਾਉਂਦਾ ਸੀ ਅਤੇ ਮਗਧ ਦੇ ਨੰਦ ਰਾਜਿਆਂ ਅਤੇ ਮੌਰੀਆ ਸਮਰਾਟਾਂ ਦੀ ਰਾਜਧਾਨੀ ਰਿਹਾ ਸੀ ਬਿਹਾਰ ਦੀ ਰਾਜਧਾਨੀ ਹੈ। ਜਨਮਸਾਖੀਆਂ ਅਨੁਸਾਰ, ਗੁਰੂ ਨਾਨਕ ਦੇਵ ਦੀ ਚਰਨ ਛੂਹ ਵੀ ਇਸ ਨੂੰ ਪ੍ਰਾਪਤ ਹੋਈ ਸੀ ਅਤੇ ਓਦੋਂ ਤੋਂ ਹੀ ਏਥੇ ਦੋ ਸਿੱਖ ਸੰਗਤਾਂ ਕਾਇਮ ਸਨ। ਗੁਰੂ ਤੇਗ ਬਹਾਦਰ ਆਪਣੀ ਪੂਰਬ ਦੀ ਫੇਰੀ ਸਮੇਂ ਪਰਿਵਾਰ ਸਮੇਤ ਏਥੇ ਟਿਕੇ ਸਨ। ਏਥੇ ਹੀ ਗੁਰੂ ਗੋਬਿੰਦ ਸਿੰਘ ਦਾ ਜਨਮ ਹੋਇਆ ਅਤੇ ਬਚਪਨ ਗੁਜਰਿਆ। ਓਸ ਸਮੇਂ ਇਸ ਅਸਥਾਨ ਨੂੰ ਛੋਟੀ ਸੰਗਤ ਕਹਿੰਦੇ ਸਨ। ਹੁਣ ਏਥੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਸੁਭਾਇਮਾਨ ਹੈ। ਏਥੇ ਗੁਰੂ ਸਾਹਿਬਾਨ ਦੇ ਕੁਝ ਹੁਕਮਨਾਮੇ ਅਤੇ ਹੋਰ ਇਤਿਹਾਸਿਕ ਚਿੰਨ੍ਹ ਸੁਰੱਖਿਅਤ ਪਏ ਹਨ। ਤਖ਼ਤ ਸਾਹਿਬ ਤੋਂ ਇਲਾਵਾ ਪਟਨਾ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਹੋਰ ਪ੍ਰਸਿੱਧ ਅਸਥਾਨ ਵੀ ਹਨ, ਜਿੱਥੇ ਹੁਣ ਗੁਰਦੁਆਰਾ ਬਾਲ ਲੀਲ੍ਹਾ ਮੈਣੀ ਸੰਗਤ, ਗੁਰਦੁਆਰਾ ਗੋਬਿੰਦ ਘਾਟ ਅਤੇ ਗੁਰਦੁਆਰਾ ਗੁਰੂ ਕਾ ਬਾਗ ਸੋਭ ਰਹੇ ਹਨ।

**3. ਅਨੰਦਪੁਰ ਸਾਹਿਬ**

ਪਾਉਂਟਾ ਨਿਵਾਸ ਨੂੰ ਛੱਡ ਕੇ ਗੁਰੂ ਗੋਬਿੰਦ ਸਿੰਘ ਜੀ ਮਾਰਚ 1672 ਤੋਂ ਲੈ ਕੇ ਦਿਸੰਬਰ 1705 ਤੀਕ ਬਹੁਤਾ ਸਮਾਂ ਇਸ ਨਗਰ ਵਿਚ ਹੀ ਰਹੇ। ਇਹ ਨਗਰ (ਸੰਨ 1665 ਵਿਚ) ਗੁਰੂ ਤੇਗ਼ ਬਹਾਦਰ ਨੇ ਵਸਾਇਆ ਸੀ ਅਤੇ ਇਸ ਦਾ ਨਾਂ ਆਪਣੀ ਮਾਤਾ ਨਾਨਕੀ ਦੇ ਨਾਂ 'ਤੇ ਚੱਕ ਨਾਨਕੀ ਰੱਖਿਆ ਸੀ। ਏਥੋਂ ਹੀ ਗੁਰੂ ਤੇਗ਼ ਬਹਾਦਰ, ਬਾਲਕ ਗੋਬਿੰਦ ਦਾਸ ਨੂੰ ਗੁਰੂ ਥਾਪ ਕੇ ਆਪ "ਧਰਮ ਹੇਤ ਸਾਕਾ" ਕਰਨ ਲਈ ਦਿੱਲੀ ਵੱਲ ਰਵਾਨਾ ਹੋਏ ਸਨ। ਏਥੇ ਹੀ ਉਨ੍ਹਾਂ ਦੇ ਸੀਸ ਦਾ ਸਸਕਾਰ ਕੀਤਾ ਗਿਆ ਸੀ। ਗੁਰੂ ਗੋਬਿੰਦ ਸਿੰਘ ਨੇ ਆਉਣ ਵਾਲੇ ਸਮੇਂ ਦੀ ਲੋੜ ਨੂੰ ਭਾਂਪ ਕੇ ਪੰਥ ਦੀ ਸੈਨਿਕ ਜਥੇਬੰਦੀ ਦਾ ਆਰੰਭ ਕੀਤਾ ਸੀ। ਪਾਉਂਟਾ ਸਾਹਿਬ ਤੋਂ ਵਾਪਸ ਆ ਕੇ ਗੁਰੂ ਸਾਹਿਬ ਨੇ ਚੱਕ ਨਾਨਕੀ ਦਾ ਨਾਮ ਅਨੰਦਪੁਰ ਰੱਖਿਆ ਤੇ ਇਸ ਦੀ ਕਿਲ੍ਹਾਬੰਦੀ ਕੀਤੀ ਅਤੇ ਕੇਂਦਰੀ ਕਿਲ੍ਹੇ, ਕੇਸਗੜ੍ਹ, ਵਿਚ 1699 ਦੀ ਵਿਸਾਖੀ ਵਾਲੇ ਦਿਹਾੜੇ, ਖ਼ਾਲਸੇ ਦੀ ਸਥਾਪਨਾ ਕੀਤੀ, ਜਿਸ ਸਦਕਾ ਇਹ ਕਿਲ੍ਹਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਖਵਾਇਆ। ਪਹਾੜੀ ਰਾਜਿਆਂ ਅਤੇ ਮੁਗਲਾਂ ਦੀ ਫ਼ੌਜ ਨਾਲ ਲੋਹਾ ਲੈਂਦਿਆਂ, ਅਨੇਕ ਯੁੱਧਾਂ ਤੋਂ ਬਾਅਦ, ਦਿਸੰਬਰ 1705 ਵਿਚ ਗੁਰੂ ਸਾਹਿਬ ਨੂੰ ਅਨੰਦਪੁਰ ਛੱਡਣਾ ਪਿਆ ਸੀ।

ਤਖ਼ਤ ਸਾਹਿਬ ਤੋਂ ਇਲਾਵਾ ਅਨੰਦਪੁਰ ਸਾਹਿਬ ਵਿਚ ਅਨੇਕ ਅਸਥਾਨ ਹਨ ਜੋ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ ਹਨ। ਗੁਰੂ ਕੇ ਮਹਿਲ, ਜਿੱਥੇ ਹੁਣ ਗੁਰਦੁਆਰਾ ਦਮਦਮਾ ਸਾਹਿਬ ਹੈ, ਗੁਰੂ ਪਰਿਵਾਰ ਦਾ ਘਰ ਹੁੰਦਾ ਸੀ। ਇਸੇ ਦੇ ਸਿਹਨ ਵਿਚ ਕਸ਼ਮੀਰੀ ਪੰਡਤਾਂ ਨੇ ਆ ਕੇ ਗੁਰੂ ਤੇਗ਼ ਬਹਾਦਰ ਜੀ ਅੱਗੇ ਧਰਮ ਦੀ ਰਾਖੀ ਲਈ ਫਰਿਆਦ ਕੀਤੀ ਸੀ। ਏਥੇ ਹੀ ਗੁਰੂ ਗੋਬਿੰਦ ਸਿਘ ਜੀ ਦੀ ਗੱਦੀ ਨਸ਼ੀਨੀ ਦੀ ਰਸਮ ਅਦਾ ਹੋਈ। ਇਸ ਤੋਂ ਥੋੜ੍ਹੀ ਵਿੱਥ 'ਤੇ ਸੀਸ ਗੰਜ ਹੈ, ਜਿੱਥੇ ਗੁਰੂ ਤੇਗ਼ ਬਹਾਦਰ ਦੇ ਸੀਸ ਦਾ ਸਸਕਾਰ ਗੁਰੂ ਗੋਬਿੰਦ ਸਿੰਘ ਨੇ ਆਪਣੇ ਹੱਥੀਂ ਕੀਤਾ ਸੀ। ਕੋਲ ਹੀ ਅਕਾਲ ਬੁੰਗਾ ਹੈ ਜਿੱਥੇ ਬੈਠ ਕੇ ਉਨ੍ਹਾਂ ਨੇ ਸੰਗਤਾਂ ਨੂੰ ਧਾਰਸ ਦਿੱਤੀ ਸੀ। ਅਨੰਦਗੜ੍ਹ, ਲੋਹਗੜ੍ਹ, ਹੋਲਗੜ੍ਹ ਅਤੇ ਤਾਰਾਗੜ੍ਹ, ਕਿਲ੍ਹਿਆਂ ਦੀਆਂ ਥਾਵਾਂ 'ਤੇ ਹੁਣ ਗੁਰਦੁਆਰੇ ਕਾਇਮ ਹਨ। ਕਈ ਬਹਾਦਰੀ ਦੇ ਕਾਰਨਾਮੇ ਅਤੇ ਉਦਾਰਤਾ ਦੀਆਂ ਕਹਾਣੀਆਂ ਅਨੰਦਪੁਰ ਸਾਹਿਬ ਨਾਲ ਜੁੜੀਆਂ ਹੋਈਆਂ ਹਨ,

ਜਿਵੇਂ ਕਿ ਭਾਈ ਬਚਿੱਤਰ ਸਿੰਘ ਦਾ ਬਰਛੇ ਨਾਲ ਵੈਰੀ ਦੇ ਮਸਤ ਹਾਥੀ ਦਾ ਮੂੰਹ ਭਵਾ ਦੇਣਾ ਅਤੇ ਭਾਈ ਕਨ੍ਹੈਯਾ ਦਾ ਜੰਗ ਦੌਰਾਨ ਆਪਣੇ ਪਰਾਏ ਦਾ ਭੇਦ ਭੁਲਾ ਕੇ ਸਾਰੇ ਜ਼ਖ਼ਮੀਆਂ ਨੂੰ ਪਾਣੀ ਪਿਲਾਉਣਾ ਆਦਿ... ।

### 4. ਪਾਉਂਟਾ ਸਾਹਿਬ

ਅਪਰੈਲ 1685 ਵਿਚ ਗੁਰੂ ਗੋਬਿੰਦ ਸਿੰਘ ਸਿਰਮੌਰ ਦੇ ਰਾਜੇ ਦੇ ਸੱਦੇ 'ਤੇ ਨਾਹਨ ਗਏ ਅਤੇ ਕੁਝ ਦਿਨਾਂ ਪਿਛੋਂ ਜਮਨਾ ਨਦੀ ਦੇ ਕੰਢੇ ਪਾਉਂਟਾ ਨਗਰ ਵਸਾ ਕੇ ਓਥੇ ਰਹਿਣ ਲੱਗੇ। ਏਥੇ ਉਹ ਸਿਤੰਬਰ 1688 ਤਕ ਰਹੇ। ਇਹ ਸਾਢੇ ਤਿੰਨ ਸਾਲ ਦਾ ਅਰਸਾ ਬੜਾ ਉਪਜਾਊ ਅਤੇ ਮਹੱਤਵਪੂਰਨ ਸੀ। ਇਕ ਪਾਸੇ ਤਾਂ ਉਨ੍ਹਾਂ ਨੇ ਸਿੱਖਾਂ ਨੂੰ ਜੰਗੀ ਕਲਾਵਾਂ ਦੀ ਸਿੱਖਲਾਈ ਵਿਚ ਨਿਪੁੰਨ ਕੀਤਾ ਅਤੇ ਦੂਜੇ ਪਾਸੇ ਸਾਹਿਤਿਕ ਗਤੀਵਿਧੀਆਂ ਨੂੰ ਉਤਸਾਹਿਤ ਕੀਤਾ। ਆਪਣੀ ਕਾਵਿ ਰਚਨਾ ਤੋਂ ਇਲਾਵਾ ਉਨ੍ਹਾਂ ਨੇ ਅਨੇਕ ਕਵੀਆਂ ਅਤੇ ਲਿਖਾਰੀਆਂ ਨੂੰ ਏਥੇ ਇਕੱਠਾ ਕਰਕੇ ਅਨੇਕ ਪ੍ਰਾਚੀਨ ਸੰਸਕ੍ਰਿਤ ਸਾਹਿਤਿਕ ਗ੍ਰੰਥਾਂ ਦਾ ਤਤਕਾਲੀ ਭਾਖਾ ਵਿਚ ਅਨੁਵਾਦ ਕਰਵਾਇਆ। ਏਥੇ ਰਹਿੰਦਿਆਂ ਹੀ ਉਨ੍ਹਾਂ ਆਪਣਾ ਪਹਿਲਾ ਯੁੱਧ, ਏਥੋਂ ਕੁਝ ਦੂਰ, ਭੰਗਾਣੀ ਦੇ ਅਸਥਾਨ 'ਤੇ ਲੜਿਆ ਅਤੇ ਜਿੱਤਿਆ। ਹੁਣ ਪਾਉਂਟਾ ਸਾਹਿਬ ਅਤੇ ਭੰਗਾਣੀ ਦੋਵੇਂ ਸਿੱਖਾਂ ਦੇ ਦਰਸ਼ਨੀ ਗੁਰਧਾਮ ਹਨ।

### 5. ਚਮਕੌਰ ਸਾਹਿਬ

ਇਹ ਉਹ ਅਸਥਾਨ ਹੈ ਜਿੱਥੇ ਅਨੰਦਪੁਰ ਛੱਡਣ ਤੋਂ ਤੀਜੇ ਦਿਨ ਗੁਰੂ ਸਾਹਿਬ ਨੂੰ ਮੁਗ਼ਲਈ ਫ਼ੌਜ ਨੇ ਆਣ ਘੇਰਿਆ। ਗੁਰੂ ਸਾਹਿਬ ਦੇ ਨਾਲ ਉਸ ਵੇਲੇ ਆਪਣੇ ਦੋ ਵੱਡੇ ਸਾਹਿਬਜ਼ਾਦਿਆਂ ਅਜੀਤ ਸਿੰਘ ਅਤੇ ਜੁਝਾਰ ਸਿੰਘ ਤੋਂ ਇਲਾਵਾ ਚਾਲੀ ਸਿੰਘ ਸਨ। ਇਨ੍ਹਾਂ ਨੇ ਵੈਰੀ ਦੇ ਅਥਾਹ ਲਸ਼ਕਰ ਦਾ ਮੁਕਾਬਲਾ ਸਾਰਾ ਦਿਨ ਡਟ ਕੇ ਕੀਤਾ ਅਤੇ ਖਿੜੇ ਮੱਥੇ ਸ਼ਹੀਦੀਆਂ ਪਾਈਆਂ। ਸ਼ਾਮ ਦੇ ਹਨੇਰੇ ਵਿਚ ਜਦ ਲੜਾਈ ਰੁਕ ਗਈ, ਤਾਂ ਉਸ ਵੇਲੇ ਕੇਵਲ ਪੰਜ ਸਿੰਘ ਜ਼ਿੰਦਾ ਬਚੇ ਸਨ। ਇਨ੍ਹਾਂ ਪੰਜਾਂ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਸਾਹਿਬ ਨੂੰ ਖ਼ਾਲਸਾ ਪੰਥ ਵੱਲੋਂ ਹੁਕਮ ਦਿੱਤਾ ਕਿ ਉਹ ਬਚ ਕੇ ਨਿਕਲ ਜਾਣ ਤਾਂ ਜੁ ਉਹ ਖ਼ਾਲਸੇ ਦਾ ਪੁਨਰਗਠਨ ਕਰ ਸਕਣ। ਖ਼ਾਲਸੇ ਦਾ ਹੁਕਮ ਮੰਨਦੇ ਹੋਏ ਗੁਰੂ ਸਾਹਿਬ ਅਤੇ ਤਿੰਨ ਹੋਰ ਸਿੰਘ ਰਾਤ ਦੇ ਹਨੇਰੇ ਵਿਚ ਵੈਰੀ ਦੇ ਘੇਰੇ ਵਿਚੋਂ ਨਿਕਲ ਗਏ। ਏਥੇ ਗੁਰਦੁਆਰਾ ਗੜ੍ਹੀ ਸਾਹਿਬ ਅਤੇ ਕਤਲਗੜ੍ਹ ਸਾਹਿਬ ਇਸ ਖ਼ੂਨੀ ਸਾਕੇ ਦੀ ਯਾਦ ਦਿਵਾਉਂਦੇ ਹਨ, ਜਿਸ ਵਿਚ ਇਕ ਪਾਸੇ ਤਾਂ "ਅਤਿ ਹੀ ਰਣ ਮਹਿ" ਜੂਝ ਮਰਨ ਤੇ ਦੂਜੇ ਪਾਸੇ ਪੰਥ ਦੇ ਹੁਕਮ ਅੱਗੇ ਸਿਰ ਝੁਕਾਉਣ ਦੀਆਂ ਅਦੁੱਤੀ ਮਿਸਾਲਾਂ ਹਨ।

### 6. ਫਤਿਹਗੜ੍ਹ ਸਾਹਿਬ (ਸਰਹਿੰਦ)

ਇਹ ਅਸਥਾਨ ਗੁਰੂ ਗੋਬਿੰਦ ਸਿੰਘ ਦੇ ਦੋ ਮਾਸੂਮ ਸਾਹਿਬਜ਼ਾਦਿਆਂ ਦੇ ਖ਼ੂਨ ਅਤੇ ਉਨ੍ਹਾਂ ਦੀ ਬਿਰਧ ਮਾਤਾ ਦੀ ਸ਼ਹੀਦੀ ਨਾਲ ਪਵਿੱਤਰ ਹੋ ਕੇ ਗੁਰਧਾਮ ਅਖਵਾਇਆ। ਏਥੇ ਸਰਹਿੰਦ ਦੇ ਫ਼ੌਜਦਾਰ ਨੇ ਨੌਂ ਅਤੇ ਸੱਤ ਸਾਲ ਦੇ ਸਾਹਿਬਜ਼ਾਦਿਆਂ, ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਨੂੰ ਬੇਰਹਿਮੀ ਨਾਲ ਕਤਲ ਕਰਵਾ ਦਿੱਤਾ ਸੀ ਅਤੇ ਇਸ ਦਰਦਨਾਕ ਸਾਕੇ ਦੀ ਸੱਟ ਨਾ ਸਹਿੰਦਿਆਂ ਮਾਤਾ ਗੁਜਰੀ ਨੇ ਵੀ ਏਥੇ ਹੀ ਪ੍ਰਾਣ ਤਿਆਗ ਦਿੱਤੇ ਸਨ। ਇਸ ਘਟਨਾਂ ਤੋਂ ਪੰਜਵੇਂ ਸਾਲ ਹੀ ਖ਼ਾਲਸੇ ਨੇ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਹੱਲਾ ਬੋਲ ਕੇ ਫ਼ੌਜਦਾਰ ਨੂੰ ਜਹੰਨਮ ਰਸੀਦ ਕਰ ਦਿੱਤਾ ਸੀ ਅਤੇ ਸਰਹਿੰਦ ਦੇ ਕਿਲ੍ਹੇ ਅਤੇ ਸ਼ਹਿਰ ਨੂੰ ਤਹਿਸ ਨਹਿਸ ਕਰ ਕੇ ਏਥੇ ਖਾਲਸੇ ਦਾ ਨਿਸ਼ਾਨ ਗੱਡ ਕੇ ਇਸ ਅਸਥਾਨ ਨੂੰ ਛੋਟੇ ਸਾਹਿਬਜ਼ਾਦੇ ਫਤਹਿ ਸਿੰਘ ਦੇ ਨਾਂ 'ਤੇ ਫਤਿਹਗੜ੍ਹ ਦਾ ਨਾਮ ਦਿੱਤਾ। ਹੁਣ ਇਸ ਜਗ੍ਹਾ ਗੁਰਦੁਆਰਾ ਫਤਿਹਗੜ੍ਹ ਸਾਹਿਬ ਇਸ ਮਹਾਨ ਸ਼ਹਾਦਤ ਦੀ ਗਵਾਹੀ ਭਰ ਰਿਹਾ ਹੈ।

### 7. ਦੀਨਾ ਕਾਂਗੜ

ਇਹ ਪੰਜਾਬ ਦੇ ਮਾਲਵਾ ਖੇਤਰ ਵਿਚ ਇਕ ਛੋਟਾ ਜਿਹਾ ਨਗਰ ਹੈ, ਜਿਥੇ ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਨੂੰ ਆਪਣਾ ਪ੍ਰਸਿੱਧ ਪੱਤਰ "ਜ਼ਫਰਨਾਮਾ" ਲਿਖਿਆ ਸੀ। ਜ਼ਫਰਨਾਮਾ ਗੁਰੂ ਸਾਹਿਬ ਦੇ ਮਹਾਨ ਮਨੋਬਲ ਦਾ ਗਵਾਹ ਹੈ, ਕਿ ਕਿਵੇਂ ਉਹ ਸਭ ਕੁਝ ਗਵਾ ਕੇ ਵੀ ਮੁਗ਼ਲ ਸ਼ਹਿਨਸ਼ਾਹ ਨੂੰ ਬਰਾਬਰੀ ਦੇ ਅਧਾਰ 'ਤੇ ਸੰਬੋਧਨ ਕਰਦੇ ਹੋਏ ਉਸ ਦੀ ਭ੍ਰਸ਼ਟ ਹਕੂਮਤ ਉੱਤੇ ਆਪਣੀ ਨੈਤਿਕ ਬਰਤਰੀ ਦਾ ਪ੍ਰਮਾਣ ਦੇਂਦੇ ਹਨ ਅਤੇ ਉਸ ਨੂੰ ਗੱਲ ਬਾਤ ਲਈ ਏਥੇ ਮਾਲਵੇ ਵਿਚ ਆਉਣ ਦਾ ਸੱਦਾ ਦੇਂਦੇ ਹਨ।

### 8. ਮੁਕਸਤਰ

ਏਥੇ ਗੁਰੂ ਗੋਬਿੰਦ ਸਿੰਘ ਦਾ ਅੰਤਿਮ ਯੁੱਧ ਮੁਗ਼ਲ ਫ਼ੌਜ ਨਾਲ ਹੋਇਆ। ਮਾਝੇ ਦੇ ਚਾਲੀ ਸਿੰਘ ਜੋ ਅਨੰਦਪੁਰ ਸਾਹਿਬ ਤੋਂ ਗੁਰੂ ਜੀ ਨੂੰ ਬੇਦਾਵਾ ਦੇ ਕੇ ਆ ਗਏ ਸਨ, ਉਹ ਮਾਈ ਭਾਗੋ ਦੀ ਪ੍ਰੇਰਨਾ ਸਦਕਾ ਫੇਰ ਗੁਰੂ ਸਾਹਿਬ ਦੀ ਸ਼ਰਨ ਵਿਚ ਏਥੇ ਆ ਮਿਲੇ ਸਨ ਤੇ ਵੈਰੀ ਦਲ ਨਾਲ ਜੂਝਦੇ ਹੋਏ ਸਾਰੇ ਦੇ ਸਾਰੇ ਸ਼ਹੀਦ ਹੋ ਗਏ ਸਨ। ਗੁਰੂ ਸਾਹਿਬ ਨੇ ਇਨ੍ਹਾਂ ਸ਼ਹੀਦਾਂ ਨੂੰ ਮੁਕਤੇ ਦੀ ਪਦਵੀ ਨਾਲ ਨਿਵਾਜਿਆ, ਜਿਸ ਕਾਰਨ ਏਥੋਂ ਦੀ ਖਿਦਰਾਣੇ ਦੀ ਢਾਬ ਦਾ ਨਾਮ ਮੁਕਤਸਰ ਪੈ ਗਿਆ। ਬਾਅਦ ਵਿਚ ਇਸੇ ਨਾਂ ਦਾ ਨਗਰ ਏਥੇ ਵੱਸ ਗਿਆ ਜੋ ਹੁਣ ਖ਼ਾਲਸੇ ਦੇ ਪ੍ਰਸਿੱਧ ਗੁਰਧਾਮਾਂ ਵਿਚੋਂ ਇੱਕ ਹੈ।

### 9. ਤਲਵੰਡੀ ਸਾਬੋ (ਦਮਦਮਾ ਸਾਹਿਬ)

ਮੁਕਤਸਰ ਦੇ ਯੁੱਧ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਨੇ ਬਠਿੰਡੇ ਦੇ ਨੇੜੇ ਇਕ ਪਿੰਡ ਸਾਬੋ ਕੀ ਤਲਵੰਡੀ ਦੇ ਬਾਹਰ ਡੇਰੇ ਲਾਏ। ਪਹਿਲਾਂ ਗੁਰੂ ਤੇਗ਼ ਬਹਾਦਰ ਵੀ ਆਪਣੇ ਇਕ ਪਰਚਾਰ ਦੌਰੇ ਦੌਰਾਨ ਕੁਝ ਸਮਾਂ ਏਥੇ ਇਕ ਵਰਮੀ ਦੇ ਨੇੜੇ ਠਹਿਰੇ ਸਨ, ਜਿਸ ਕਾਰਨ ਇਸ ਥਾਂ ਦਾ ਨਾਂ ਦਮਦਮਾ ਸਾਹਿਬ ਪਿਆ ਹੋਇਆ ਸੀ। ਗੁਰੂ ਗੋਬਿੰਦ ਸਿੰਘ ਏਥੇ ਨੌਂ ਮਹੀਨੇ ਰਹੇ। ਇਸ ਅਰਸੇ ਵਿਚ ਅਨੇਕ ਪੁਰਾਣੇ ਸਿੰਘ ਗੁਰੂ ਸਾਹਿਬ ਨੂੰ ਆ ਮਿਲੇ ਅਤੇ ਕਈ ਨਵੇਂ ਸਿੰਘ ਸਜੇ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਨਵੇਂ ਸਿਰਿਉਂ ਲਾਮਬੰਦ ਕੀਤਾ। ਨਾਲ ਹੀ ਏਥੇ ਪਾਉਂਟਾ ਸਾਹਿਬ ਅਤੇ ਅਨੰਦਪੁਰ ਸਾਹਿਬ ਵਾਂਗ ਸਾਹਿਤਿਕ ਗਤੀਵਿਧੀਆਂ ਨੂੰ ਸੁਰਜੀਤ ਕੀਤਾ ਅਤੇ ਇਸ ਅਸਥਾਨ ਨੂੰ 'ਗੁਰੂ ਕਾਸ਼ੀ' ਹੋਣ ਦਾ ਵਰ ਬਖ਼ਸ਼ਿਸ਼ ਕੀਤਾ। ਏਥੇ ਹੀ ਗੁਰੂ ਸਾਹਿਬ ਨੇ ਗੁਰੂ ਤੇਗ਼ ਬਹਾਦਰ ਦੀ ਬਾਣੀ ਸ਼ਾਮਿਲ ਕਰ ਕੇ ਪਵਿੱਤਰ ਗ੍ਰੰਥ ਸਾਹਿਬ ਦੇ ਮੁਕੰਮਲ ਸਰੂਪ ਦੀ ਰਚਨਾ, ਭਾਈ ਮਨੀ ਸਿੰਘ ਦੀ ਕਲਮ ਨਾਲ ਕੀਤੀ। ਬਾਅਦ ਵਿਚ ਜਦੋਂ ਬਾਬਾ ਦੀਪ ਸਿੰਘ ਸ਼ਹੀਦ ਏਥੇ ਦਮਦਮਾ ਸਾਹਿਬ ਦੇ ਨੇੜੇ ਬੁਰਜ ਵਿਚ ਰਹਿਣ ਲੱਗਾ ਤਾਂ ਉਸ ਨੇ ਇਸ ਬੀੜ ਦੀ ਨਕਲ ਕਰ ਕੇ ਹੋਰ ਬੀੜਾਂ ਤਿਆਰ ਕੀਤੀਆਂ।

ਤਲਵੰਡੀ ਸਾਬੋ ਵਿਚ ਗੁਰੂ ਸਾਹਿਬ ਭਾਈ ਦਯਾ ਸਿੰਘ ਅਤੇ ਧਰਮ ਸਿੰਘ ਦੀ, ਜਿਨ੍ਹਾਂ ਦੇ ਹੱਥ ਉਨ੍ਹਾਂ ਦੀਨੇ ਕਾਂਗੜ ਤੋਂ ਜ਼ਫ਼ਰਨਾਮਾ ਔਰੰਗਜ਼ੇਬ ਨੂੰ ਭੇਜਿਆ ਸੀ, ਵਾਪਸੀ ਦੀ ਉਡੀਕ ਕਰ ਰਹੇ ਸਨ। ਜਦ ਉਹ ਅੱਠ ਨੌਂ ਮਹੀਨੇ ਬਾਅਦ ਵੀ ਨਾ ਪਰਤੇ, ਤਾਂ ਗੁਰੂ ਸਾਹਿਬ ਤਿੰਨ ਸੌ ਸਿੰਘਾਂ ਨੂੰ ਨਾਲ ਲੈ ਕੇ ਖ਼ੁਦ ਹੀ ਦੱਖਣ ਨੂੰ ਚੱਲ ਪਏ ਸਨ। ਏਥੋਂ ਦੇ ਅਸਥਾਨ ਦਮਦਮਾ ਸਾਹਿਬ ਨੂੰ ਕੁਝ ਲੋਕ ਮਿਸਲਾਂ ਦੇ ਸਮੇਂ ਤੋਂ ਹੀ ਤਖ਼ਤ ਸਾਹਿਬ ਕਹਿਣ ਲੱਗ ਪਏ ਸਨ, ਪਰੰਤੂ ਇਹ 'ਤਖ਼ਤ ਸ੍ਰੀ ਦਮਦਮਾ ਗੁਰੂ ਕਾਸ਼ੀ ਸਾਹਿਬ' 1966 ਦੇ ਅਖ਼ੀਰ ਤੋਂ ਹੀ ਬਣਿਆ, ਜਦੋਂ ਸ਼ਿਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨੇ ਇਸ ਦਾ ਇਹ ਦਰਜਾ ਰਸਮੀ ਤੌਰ 'ਤੇ ਤਸਲੀਮ ਕੀਤਾ। ਹੁਣ ਇਹ ਦੂਜੇ ਚਾਰ ਤਖ਼ਤ ਸਾਹਿਬਾਨ ਵਾਂਗ ਹੀ ਸਿੱਖਾਂ ਦਾ ਉੱਚਤਮ ਧਾਰਮਿਕ ਅਸਥਾਨ ਹੈ।

### 10. ਨਾਂਦੇੜ (ਅਬਚਲਨਗਰ) ਸਾਹਿਬ

ਗੁਰੂ ਗੋਬਿੰਦ ਸਿੰਘ ਤਲਵੰਡੀ ਸਾਬੋ ਤੋਂ ਚੱਲ ਕੇ ਅਜੇ ਰਾਜਪੂਤਾਨੇ (ਹੁਣ ਰਾਜਸਥਾਨ) ਵਿਚ ਹੀ ਸਨ ਜਦੋਂ ਉਨ੍ਹਾਂ ਨੂੰ ਖ਼ਬਰ ਮਿਲੀ ਕਿ ਔਰੰਗਜ਼ੇਬ ਦੀ ਮੌਤ ਹੋ ਚੁਕੀ ਹੈ, ਅਤੇ ਉਸ ਦੇ ਪੁੱਤਰਾਂ ਵਿਚ ਗੱਦੀ ਲਈ ਜੰਗ ਹੋਣ ਜਾ ਰਿਹਾ ਹੈ। ਸੋ ਗੁਰੂ ਸਾਹਿਬ ਓਥੋਂ ਹੀ ਦਿੱਲੀ ਅਤੇ ਆਗਰੇ ਵੱਲ ਮੁੜ ਗਏ। ਔਰੰਗਜ਼ੇਬ ਦਾ ਵੱਡਾ ਪੁੱਤਰ ਜੰਗ ਜਿੱਤ ਕੇ ਬਹਾਦਰਸ਼ਾਹ ਦੇ ਨਾਮ ਨਾਲ ਗੱਦੀਨਸ਼ੀਨ ਹੋਇਆ। ਬਹਾਦਰਸ਼ਾਹ ਗੁਰੂ ਸਾਹਿਬ ਨੂੰ ਆਗਰੇ ਵਿਚ ਬੜੇ ਸਤਿਕਾਰ ਅਤੇ ਗਰਮਜੋਸ਼ੀ ਨਾਲ ਮਿਲਿਆ। ਕੁਝ ਸਮੇਂ ਬਾਅਦ ਗੁਰੂ ਸਾਹਿਬ ਬਾਦਸ਼ਾਹ ਦੇ ਨਾਲ ਹੀ ਰਾਜਪੂਤਾਨੇ ਵਿਚ ਦੀ ਹੁੰਦੇ ਹੋਏ ਦੱਖਣ ਵੱਲ ਚਲੇ ਗਏ, ਅਤੇ ਗੋਦਾਵਰੀ ਨਦੀ ਦੇ ਕੰਢੇ ਨਾਂਦੇੜ ਨਾਂ ਦੇ ਰਮਨੀਕ ਅਸਥਾਨ 'ਤੇ ਡੇਰੇ ਲਾ ਲਏ। ਏਥੇ ਉਨ੍ਹਾਂ ਨੇ ਮਾਧੋਦਾਸ ਦੇ ਇਕ ਬੈਰਾਗੀ ਸਾਧੂ ਨੂੰ ਸਿੰਘ ਸਜਾਇਆ। ਇਹੀ ਇਤਿਹਾਸ ਵਿਚ 'ਬੰਦਾ ਬਹਾਦਰ' ਜਾਂ 'ਬੰਦਾ ਸਿੰਘ ਬਹਾਦਰ' ਦੇ ਨਾਮ ਨਾਲ ਪਰਸਿੱਧ ਹੋਇਆ। ਇਸ ਦੇ ਗੁਣਾਂ ਨੂੰ ਜਾਂਚ ਪਰਖ ਕੇ ਗੁਰੂ ਸਾਹਿਬ ਨੇ ਇਸ ਨੂੰ ਆਪਣੇ ਕੁਝ ਸਿੰਘਾਂ ਦੇ ਨਾਲ ਮੁਗ਼ਲਾਂ ਦੇ ਅਤਿਆਚਾਰ ਦਾ ਦਮਨ ਕਰਨ ਲਈ ਪੰਜਾਬ ਵੱਲ ਤੋਰ ਦਿੱਤਾ। ਇਸ ਤੋਂ ਕੁਝ ਦਿਨ ਬਾਅਦ ਹੀ ਦੋ ਪਠਾਨ ਸੂੰਹੀਆਂ ਨੇ ਗੁਰੂ ਜੀ ਉੱਤੇ ਅਚਾਨਕ ਹਮਲਾ ਕਰ ਕੇ ਉਨ੍ਹਾਂ ਨੂੰ ਸਖ਼ਤ ਜ਼ਖਮੀ ਕਰ ਦਿੱਤਾ। ਗੁਰੂ ਸਾਹਿਬ ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ, ਪਵਿੱਤਰ ਸ਼ਬਦ ਗੁਰੂ ਗ੍ਰੰਥ ਸਾਹਿਬ ਨੂੰ ਪੰਥ ਦਾ ਸਦੀਵੀ ਗੁਰੂ ਥਾਪ ਕੇ, ਜੋਤੀ ਜੋਤਿ ਸਮਾ ਗਏ। ਸਿੰਘਾਂ

ਨੇ ਉਨ੍ਹਾਂ ਦਾ ਸਸਕਾਰ ਕਰ ਕੇ ਏਥੇ ਉਨ੍ਹਾਂ ਦਾ ਦੇਹਰਾ ਬਣਾ ਲਿਆ ਅਤੇ ਗੁਰੂ ਗ੍ਰੰਥ ਸਾਹਿਬ ਦੇ ਇਕ ਪਦ "ਅਬਚਲ ਨਗਰ ਗੋਬਿੰਦ ਗੁਰੂ ਕਾ" ਦੇ ਨਾਂ 'ਤੇ, ਇਸ ਦਾ ਨਾਮ ਅਬਚਲਨਗਰ ਰਖਿਆ। ਇਸੇ ਨੂੰ ਹੁਣ 'ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ' ਕਿਹਾ ਜਾਂਦਾ ਹੈ। ਗੁਰੂ ਸਾਹਿਬ ਨਾਲ ਸੰਬੰਧਿਤ ਕੁਝ ਹੋਰ ਗੁਰਦੁਆਰਿਆਂ ਦੇ ਨਾਲ, ਨਾਂਦੇੜ ਵਿਚ ਇਕ ਗੁਰਦੁਆਰਾ ਬੰਦਾ ਸਿੰਘ ਬਹਾਦਰ ਦੇ ਨਾਮ 'ਤੇ ਵੀ ਉਸ ਜਗ੍ਹਾ ਬਣਿਆ ਹੋਇਆ ਹੈ ਜਿਥੇ ਉਸ ਦਾ ਬੈਰਾਗੀ ਆਸ਼ਰਮ ਹੁੰਦਾ ਸੀ, ਅਤੇ ਜਿੱਥੇ ਗੁਰੂ ਸਾਹਿਬ ਨਾਲ ਉਸ ਦਾ ਸੰਵਾਦ ਹੋਇਆ ਸੀ।


# ਪੰਜਾਬ ਤੇ ਪੰਜਾਬੀ

| | | |
|---|---|---|
| 1. | ***ਪੰਜਾਬੀ ਚਿਤਰਕਾਰ*** : ਅਜਾਇਬ ਚਿਤਰਕਾਰ | 130-00 ਰੁਪਏ |
| 2. | ***ਪੰਜਾਬ ਦੇ ਕੰਧ ਚਿਤਰ*** : ਕੰਵਰਜੀਤ ਸਿੰਘ ਕੰਗ | 85-00 ਰੁਪਏ |
| 3. | ***ਪੰਜਾਬੀ ਸੰਗੀਤਕਾਰ*** : ਗੁਰਨਾਮ ਸਿੰਘ | 40-00 ਰੁਪਏ |
| 4. | ***ਪੰਜਾਬੀ ਕਿਸਾਨ*** : ਰਣਜੀਤ ਸਿੰਘ | 45-00 ਰੁਪਏ |
| 5. | ***ਪੰਜਾਬ ਦੇ ਪ੍ਰਮੁੱਖ ਸਾਹਿਤਕਾਰ*** : ਰਤਨ ਸਿੰਘ ਜੱਗੀ | 30-50 ਰੁਪਏ |
| 6. | ***ਪੰਜਾਬ ਦੇ ਪ੍ਰਸਿੱਧ ਸਾਹਿਤਕਾਰ*** : ਰਤਨ ਸਿੰਘ ਜੱਗੀ | 35-00 ਰੁਪਏ |
| 7. | ***ਪੰਜਾਬ ਦਾ ਲੋਕ ਵਿਰਸਾ*** : ਕਰਨੈਲ ਸਿੰਘ | 130-00 ਰੁਪਏ |
| 8. | ***ਪੰਜਾਬ ਦੀਆਂ ਦੇਸੀ ਖੇਡਾਂ*** : ਸਰਵਨ ਸਿੰਘ | 250-00 ਰੁਪਏ |
| 9. | ***ਪੰਜਾਬ ਦੇ ਲੋਕ ਨਾਚ*** : ਗੁਰਨਾਮ ਸਿੰਘ | 36-50 ਰੁਪਏ |
| 10. | ***ਪੰਜਾਬ ਦੇ ਲੋਕ ਸਾਜ਼*** : ਅਨਿਲ ਨਰੂਲਾ | 26-00 ਰੁਪਏ |
| 11. | ***ਪੰਜਾਬੀ ਦੀਆਂ ਲੋਕ ਧੁਨਾਂ*** : ਗੁਰਪ੍ਰਤਾਪ ਸਿੰਘ ਗਿੱਲ | 25-00 ਰੁਪਏ |
| 12. | ***ਪੰਜਾਬ ਦੀ ਖੇਤੀ ਬਾੜੀ ਯੋਜਨਾ ਐਟਲਸ*** : ਜੀ. ਬੀ. ਸਿੰਘ | 1500-00 ਰੁਪਏ |
| 13. | ***ਪੰਜਾਬ ਦੀਆਂ ਮਿਲੀਆਂ ਜੁਲੀਆਂ ਸਰਕਾਰਾਂ*** : ਦਲੀਪ ਸਿੰਘ | 100-00 ਰੁਪਏ |
| 14. | ***ਪੰਜਾਬ ਦੇ ਲੋਕ ਤਿਉਹਾਰ*** : ਨਵਰਤਨ ਕਪੂਰ | 88-00 ਰੁਪਏ |
| 15. | ***ਪੰਜਾਬ ਦੇ ਰੁਖ*** : ਮਨਜੀਤ ਇੰਦਰ ਸਿੰਘ ਸੱਗੂ | 100-00 ਰੁਪਏ |

## ਪਬਲੀਕੇਸ਼ਨ ਬਿਊਰੋ
## ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਯੁੱਗ ਸਿਰਜਕ ਗੁਰੂ ਗੋਬਿੰਦ ਸਿੰਘ

ਸੁਰੀਤ ਕੌਰ

ਗੁਰੂ ਨਾਨਕ ਦੇਵ ਜੀ ਵਿਸ਼ਵ ਦੇ ਇਤਿਹਾਸ ਵਿਚ ਇਕ ਅਦੁੱਤੀ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਇਕ ਨਵੇਂ ਯੁੱਗ ਦੀ ਸਿਰਜਨਾ ਦਾ ਕਾਰਜ ਆਰੰਭਿਆ। ਉਹਨਾਂ ਦੇ ਅਧਿਆਤਮਿਕ ਅਨੁਭਵ ਵਿਚੋਂ ਸਿੱਖ ਧਰਮ ਨੇ ਜਨਮ ਲਿਆ। ਆਪ ਦਾ ਇਹ ਅਧਿਆਤਮਿਕ ਅਨੁਭਵ ਉਸ ਸਮੇਂ ਦੇ ਸਮਾਜ ਲਈ ਬਹੁਤ ਕ੍ਰਾਂਤੀਕਾਰੀ ਸਿੱਧ ਹੋਇਆ।

ਉਸ ਸਮੇਂ ਦੇਸ਼ ਦੀ ਧਾਰਮਿਕ, ਸਮਾਜਿਕ, ਸਦਾਚਾਰਿਕ ਅਤੇ ਰਾਜਨੀਤਿਕ ਹਾਲਤ ਕਾਫ਼ੀ ਮੰਦੀ ਸੀ। ਵਹਿਮਾਂ-ਭਰਮਾਂ, ਕਰਮ-ਕਾਂਡਾਂ, ਭੇਖਾਂ, ਦੇਵ ਪੂਜਾ, ਮੂਰਤੀ ਪੂਜਾ ਅਤੇ ਅਗਿਆਨਤਾ ਵੱਸ ਲੁਕਾਈ ਆਪਣੇ ਮੂਲ ਸੋਮੇਂ (ਪਰਮਾਤਮਾ) ਤੋਂ ਵਿੱਛੜ ਕੇ ਹਨੇਰੇ ਵਿਚ ਭਟਕ ਰਹੀ ਸੀ। ਅਜੇਹੇ ਅੰਧਕਾਰਮਈ ਵਾਤਾਵਰਨ ਵਿਚ ਗੁਰੂ ਨਾਨਕ ਦੇਵ ਦਾ ਆਗਮਨ ਹੋਇਆ ਜਿਸ ਨੇ ਗਿਆਨ ਦੇ ਪ੍ਰਕਾਸ਼ ਨਾਲ ਇਸ ਹਨੇਰੇ ਨੂੰ ਦੂਰ ਕਰਨ ਦੀ ਪਰੇਰਨਾ ਦਿੱਤੀ ਅਤੇ ਇਕ ਜਿਊਂਦੀ ਜਾਗਦੀ ਕੌਮ ਨੂੰ ਹੋਂਦ ਵਿਚ ਲਿਆਂਦਾ। 'ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ' ਦੀ ਹਕੀਕਤ ਨੂੰ ਅਨੁਭਵੀ ਗਿਆਨ ਰਾਹੀਂ ਮਹਿਸੂਸ ਕਰਵਾਇਆ ਅਤੇ ਉਸ ਸੱਚੇ ਪਾਤਸ਼ਾਹ ਦੀ ਪਹਿਚਾਣ ਕਰਵਾ ਕੇ ਦੁਨਿਆਵੀ ਬਾਦਸ਼ਾਹਾਂ ਦੇ ਜ਼ੁਲਮਾਂ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਪ੍ਰੇਮਾ ਭਗਤੀ ਅਤੇ ਸਦਾਚਾਰਿਕ ਜੀਵਨ ਜਿਉਣ ਦੀ ਸੇਧ ਦੇ ਕੇ ਲੋਕਾਂ ਨੂੰ ਸਚਿਆਰ ਬਣਨਾ ਸਿਖਾਇਆ। ਗੁਰੂ ਨਾਨਕ ਸਾਹਿਬ ਨੇ ਮੁਰਝਾਈ, ਕੁਮਲਾਈ ਲੋਕਾਈ ਨੂੰ ਚੜ੍ਹਦੀ ਕਲਾ ਦਾ ਸੰਕਲਪ ਦਿੱਤਾ। ਜਾਤਾਂ ਪਾਤਾਂ ਦੇ ਭੇਦ ਭਾਵ ਦਾ ਖੰਡਨ ਕੀਤਾ ਅਤੇ ਸਾਰੀ ਮਨੁੱਖਤਾ ਨੂੰ ਇਕ ਪਰਮਾਤਮਾ ਦੀ ਅੰਸ਼ ਆਖਿਆ। ਇਸ ਪ੍ਰਕਾਰ ਗੁਰੂ ਨਾਨਕ ਸਾਹਿਬ ਨੇ ਨਿਮਾਣੇ, ਨਿਤਾਣੇ, ਲਤਾੜੇ ਤੇ ਕਮਜ਼ੋਰ ਵਰਗ ਨੂੰ ਆਪਣਾ ਮੂਲ ਪਛਾਣਨ ਲਈ ਉਤਸਾਹਿਤ ਕਰਕੇ ਉਨ੍ਹਾਂ ਵਿਚੋਂ ਗਵਾਚੇ ਸਵੈ-ਮਾਨ, ਸਵੈ-ਭਰੋਸੇ ਅਤੇ ਸਵੈ-ਨਿਰਭਰਤਾ ਨੂੰ ਮੁੜ ਸੁਰਜੀਤ ਕੀਤਾ ਅਤੇ ਇਕ ਆਤਮ-ਨਿਰਭਰ, ਨੌਰੋਈ ਕੌਮ ਦੀ ਨੀਂਹ ਰੱਖੀ।

ਗੁਰੂ ਨਾਨਕ ਸਾਹਿਬ ਦੁਆਰਾ ਆਰੰਭੇ ਨਵੇਂ ਯੁਗ ਸਿਰਜਨਾ ਦੇ ਕਾਰਜ ਨੂੰ ਬਾਕੀ ਸਿੱਖ ਗੁਰੂ ਸਾਹਿਬਾਨ ਨੇ ਬਾਖ਼ੂਬੀ ਅੱਗੇ ਤੋਰਿਆ। ਜੇਕਰ ਗੁਰੂ ਨਾਨਕ ਸਿੱਖ ਧਰਮ ਦੇ ਮੋਢੀ ਸਨ ਤਾਂ ਗੁਰੂ ਗੋਬਿੰਦ ਸਿੰਘ ਇਸ ਦੀ ਸਿਖਰ ਸਨ।

ਸਿੱਖ ਧਰਮ ਲਹਿਰ, ਚੜ੍ਹਦੀ ਕਲਾ ਵਿਚ ਵਿਸ਼ਵਾਸ ਰੱਖਣ ਵਾਲੀ ਅਤੇ ਸਰਬੱਤ ਦਾ ਭਲਾ ਮੰਗਣ ਵਾਲੀ ਅਮਨ ਪਸੰਦ ਲਹਿਰ ਰਹੀ ਹੈ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਇਸ ਲਹਿਰ ਵਿਚ ਨਵੀਂ ਰੌ ਪੈਦਾ ਹੋਈ, ਗੁਰੂ ਗੋਬਿੰਦ ਸਿੰਘ ਨੇ ਸਿੱਖ ਧਰਮ ਵਿਚ ਭਗਤੀ ਦੇ ਨਾਲ ਸ਼ਕਤੀ, ਸ਼ਾਸ਼ਤਰ ਦੇ ਨਾਲ ਸ਼ਸ਼ਤਰ ਤੇ ਧਾਰਮਿਕ ਦੇ ਨਾਲ ਨਾਲ ਰਾਜਸੀ ਆਦਰਸ਼ਾਂ ਨੂੰ ਵੀ ਅਪਣਾਇਆ।

ਗੁਰੂ ਗੋਬਿੰਦ ਸਿੰਘ ਵਿਸ਼ਵ ਦੇ ਇਤਿਹਾਸ ਵਿਚ ਬੇਮਿਸਾਲ, ਬੇਜੋੜ ਤੇ ਅਨੂਪਮ ਮਨੁੱਖੀ ਸ਼ਖ਼ਸੀਅਤ ਦਾ ਜਗਮਗ ਕਰਦਾ ਚਮਤਕਾਰ ਸਨ। ਆਪ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਆਪ ਦੂਰਦਰਸ਼ੀ ਤੱਤ-ਵੇਤਾ, ਯੋਧਾ, ਸੰਤ ਸਿਪਾਹੀ, ਸ਼ਸ਼ਤਰ ਕਲਾ ਵਿਚ ਨਿਪੁੰਨ, ਸਰਵੋਤਮ ਜਰਨੈਲ, ਵਿਦਵਾਨ, ਸ਼ਰੋਮਣੀ ਕਵੀ, ਸੱਚੇ ਦੇਸ਼ ਭਗਤ, ਸੁਚੱਜੇ ਰਾਜਨੀਤਿਕ, ਸਰਬੰਸ ਦਾਨੀ, ਮਹਾਂ ਤੇਜੱਸਵੀ, ਮਹਾਂ ਤਿਆਗੀ, ਕੌਮ ਦੇ ਸ਼ਕਤੀਸ਼ਾਲੀ ਉਸਰੱਈਏ ਤੇ ਮਹਾਨ ਲੋਕ-ਨਾਇਕ ਹੋਏ ਹਨ। ਸਿੱਖ ਜਗਤ ਵਿਚ ਆਪ ਨੂੰ ਚੋਜੀ ਪ੍ਰੀਤਮ, ਕਲਗੀਆਂ ਵਾਲੇ, ਬਾਜਾਂ ਵਾਲੇ, ਨੀਲੇ ਦੇ ਸਵਾਰ, ਪੰਥ ਦੇ ਵਾਲੀ, ਦਸ਼ਮੇਸ਼ ਪਿਤਾ, ਪਰਮ-ਪੁਰਖ, ਦੁਸ਼ਟ-ਦਮਨ, ਮਰਦ ਅੰਗਮੜਾ

ਅਤੇ ਬਾਦਸ਼ਾਹ ਦਰਵੇਸ਼ ਦੀਆਂ ਉਪਾਧੀਆਂ ਨਾਲ ਵਡਿਆਇਆ ਜਾਂਦਾ ਹੈ।

ਆਪ ਨੇ ਪ੍ਰਭੂ ਪ੍ਰੇਮ ਤੋਂ ਅਭਿੱਜ ਅਗਿਆਨੀ ਲੋਕਾਂ ਦੀ ਦੁਰਦਸ਼ਾ ਅਤੇ ਤਰਸਯੋਗ ਹਾਲਤ ਬਿਆਨ ਕਰਦਿਆਂ ਕਿਹਾ :

*ਕਾਹੂੰ ਲੈ ਪਾਹਨ ਪੂਜ ਧਰਿਓ ਸਿਰਿ,*
*ਕਾਹੂੰ ਲੈ ਲਿੰਗੁ ਗਰੇ ਲਟਕਾਇਓ॥*
*ਕਾਹੂੰ ਲਖਿਓ ਹਰਿ ਅਵਾਚੀ ਦਿਸਾ ਮਹਿ,*
*ਕਾਹੂੰ ਪਛਾਹ ਕੋ ਸੀਸੁ ਨਿਵਾਇਓ॥*
*ਕੋਊ ਬੁਤਾਨ ਕੋ ਪੂਜਤ ਹੈ ਪਸੁ,*
*ਕੋਊ ਮ੍ਰਿਤਾਨ ਕੋ ਪੂਜਨ ਧਾਇਓ॥*
*ਕੂਰ ਕ੍ਰਿਆ ਉਰਝਿਓ ਸਭ ਹੀ ਜਗੁ,*
*ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥੧੦॥* *(ਪਾਤਸ਼ਾਹੀ ੧੦, ਤ੍ਵ ਪ੍ਰਸਾਦਿ ਸ੍ਵੈਯੇ)*

ਲੋਕ ਅਗਿਆਨ ਵੱਸ ਕਰਮ-ਕਾਂਡਾਂ ਦੇ ਜਾਲ ਵਿਚ ਫਸੇ ਹੋਏ ਸਨ। ਚਰਿਤਰ ਵਿਚ ਉੱਚਤਾ ਸੁੱਚਤਾ ਤਾਂ ਹੀ ਆ ਸਕਦੀ ਹੈ ਜੇਕਰ ਪਰੇਮਾ ਭਗਤੀ ਦੁਆਰਾ ਸ਼ੁਭ ਅਮਲ ਕਰ ਕੇ ਸਚਿਆਰ ਬਣਿਆ ਜਾਵੇ। ਇਹ ਮਨੁੱਖੀ ਚੇਤਨਾ ਦੇ ਅੰਦਰੂਨੀ ਵਿਕਾਸ ਦਾ ਅਨੁਭਵੀ ਅਮਲ ਹੈ। ਬਾਹਰੀ ਭੇਖਾਂ ਦੁਆਰਾ ਇਸ ਨੂੰ ਹਾਸਿਲ ਨਹੀਂ ਕੀਤਾ ਜਾ ਸਕਦਾ। ਸੋ ਮਨੁੱਖੀ ਚੇਤਨਾਂ ਨੂੰ ਬਲਵਾਨ ਬਣਾਉਣ ਅਤੇ ਇਸ ਵਿਚ ਨਿਖਾਰ ਲਿਆਉਣ ਹਿਤ ਗੁਰੂ ਗੋਬਿੰਦ ਸਿੰਘ ਨੇ ਬਾਹਰੀ ਦਿਖਾਵੇ ਦੀ ਭਗਤੀ ਦੇ ਸਭ ਰੂਪਾਂ ਦਾ ਖੰਡਨ ਕੀਤਾ :

*—ਫੋਕਟ ਧਰਮ ਭਯੋ ਫਲ ਹੀਨ*
*ਜੁ ਪੂਜ ਸਿਲਾ ਜੁਗ ਕੋਟਿ ਗਵਾਈ॥* *(ਸ੍ਰੀ ਮੁਖ ਵਾਕ ਪਾਤਸ਼ਾਹੀ ੧੦, ਸ੍ਵੈਯੇ ੨੦)*
*—ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ,*
*ਲੋਕ ਗਇਓ ਪਰਲੋਕ ਗਵਾਇਓ॥* *(ਅਕਾਲ ਉਸਤਤਿ, ਤ੍ਵ ਪ੍ਰਸਾਦਿ ਸ੍ਵੈਯੇ ੨੯)*
*—ਤੀਰਥ ਕੋਟ ਕੀਏ ਇਸਨਾਨ*
*ਦੀਏ ਬਹੁ ਦਾਨ ਮਹਾਂ ਬ੍ਰਤ ਧਾਰੇ॥* *(ਉਹੀ, ਤ੍ਵ ਪ੍ਰਸਾਦਿ ਸ੍ਵੈਯੇ ੨੫੨)*
*—ਦੀਨ ਦਇਆਲ ਅਕਾਲ ਭਜੇ ਬਿਨੁ।*
*ਅੰਤ ਕੋ ਅੰਤ ਕੇ ਧਾਮ ਸਿਧਾਰੇ॥* *(ਉਹੀ)*

ਗੁਰੂ ਗੋਬਿੰਦ ਸਿੰਘ ਨੇ ਪਾਖੰਡ ਭਗਤੀ ਦਾ ਜ਼ੋਰਦਾਰ ਵਿਰੋਧ ਕੀਤਾ ਤੇ ਪ੍ਰਭੂ ਦੇ ਲੜ ਲੱਗਣ ਦਾ ਉਪਦੇਸ਼ ਦਿੱਤਾ :

*ਕੇਵਲ ਏਕ ਸਰਣਿ ਸੁਆਮੀ ਬਿਨ*
*ਯੋ ਨਹਿ ਕਤਹਿ ਉਧਾਰ॥* *(ਸ਼ਬਦ ਪਾਤਸ਼ਾਹੀ ੧੦—॥੩॥੧॥੯॥੩੩॥)*

ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਪਰਮਾਤਮਾ ਹੀ ਸਦੀਵੀ ਸੱਚ ਹੈ। ਉਹੀ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ ਅਤੇ ਉਸੇ ਨੇ ਹੀ ਬ੍ਰਹਮਾ, ਬਿਸ਼ਨੂ, ਮਹੇਸ਼ ਅਤੇ ਹੋਰ ਦੇਵੀ ਦੇਵਤਿਆਂ ਨੂੰ ਸਾਜਿਆ ਹੈ। ਇਸ ਲਈ ਉਹ ਉਸ ਦੀ ਬਰਾਬਰੀ ਨਹੀਂ ਕਰ ਸਕਦੇ।

*ਬ੍ਰਹਮਾ ਬਿਸਨੁ ਅੰਤੁ ਨਹੀਂ ਪਾਇਓ।*
*ਨੇਤਿ ਨੇਤਿ ਮੁਖਚਾਰ ਬਤਾਇਓ॥੧॥*
*ਕੋਟਿ ਇੰਦ੍ਰ ਉਪਇੰਦ੍ਰ ਬਨਾਏ॥*
*ਬ੍ਰਹਮ ਰੁੱਦ੍ਰ ਉਪਾਇ ਖਪਾਇ॥* *(ਅਕਾਲ ਉਸਤਤਿ ਤ੍ਵ ਪ੍ਰਸਾਦਿ ॥੫-੬॥)*

ਗੁਰੂ ਗੋਬਿੰਦ ਸਿੰਘ ਨੇ ਭਾਰਤੀ ਧਰਮ ਦਰਸ਼ਨ ਅਤੇ ਭਾਰਤੀ ਪਰੰਪਰਾ ਦਾ ਬਹੁਤ ਗਹੁ ਨਾਲ ਅਧਿਐਨ ਕੀਤਾ ਤੇ ਲੋਕਾਂ ਨੂੰ ਸਾਹਸਪੂਰਨ ਅਤੇ ਅਰਥਪੂਰਨ ਜੀਵਨ ਸੇਧ ਦੇਣ ਲਈ ਭਾਰਤੀ ਕਦਰਾਂ-ਕੀਮਤਾਂ ਨੂੰ ਨਵੀਂ ਪਰਿਭਾਸ਼ਾ ਦਿੱਤੀ। ਇਸ ਮੰਤਵ ਦੀ ਪੂਰਤੀ ਕਾਰਨ ਸਮਾਜਿਕ ਕ੍ਰਾਂਤੀ ਲਿਆਉਣੀ ਜ਼ਰੂਰੀ ਸੀ। ਗੁਰੂ ਗੋਬਿੰਦ

ਸਿੰਘ ਨੇਂ ਜਿਥੇ ਚਾਰ ਵਰਣਾਂ ਦਾ ਖੰਡਨ ਕੀਤਾ ਓਥੇ ਸੰਨਿਆਸ ਆਸ਼ਰਮ ਨੂੰ ਵੀ ਨਵੇਂ ਅਰਥ ਦਿੱਤੇ।

*ਰੇ ਮਨ, ਐਸੋ ਕਰ ਸੰਨਿਆਸਾ॥*
*ਬਨ ਸੇ ਸਦਨ ਸਭੈ ਕਰਿ ਸਮਝਹੁ;*
*ਮਨਹੀ ਮਾਹਿ ਉਦਾਸਾ॥੧॥ਰਹਾਉ॥*
*ਜਤ ਕੀ ਜਟਾ ਜੋਗ ਕੋ ਮਜਨੁ;*
*ਨੇਮ ਕੇ ਨਖਨ ਬਢਾਓ॥*
*ਗਿਆਨ ਗੁਰੂ ਆਤਮ ਉਪਦੇਸਹੁ,*
*ਨਾਮ ਬਿਭੂਤ ਲਗਾਓ॥੧॥*
*ਅਲਪ ਅਹਾਰ ਸੁਲਪ ਸੀ ਨਿੰਦ੍ਰਾ;*
*ਦਯਾ ਛਿਮਾ ਤਨ ਪ੍ਰੀਤਿ॥*
*ਸੀਲ ਸੰਤੋਖ ਸਦਾ ਨਿਰਬਾਹਿਬੋ;*
*ਹ੍ਵੈਬੋ ਤ੍ਰਿਗੁਣ ਅਤੀਤਿ॥੨॥*
*ਕਾਮ ਕ੍ਰੋਧ ਹੰਕਾਰ ਲੋਭ ਹਠ*
*ਮੋਹ ਨ ਮਨ ਸਿਉ ਲਯਾਵੈ*
*ਤਬ ਹੀ ਆਤਮ ਤਤ ਕੋ ਦਰਸੈ*
*ਪਰਮ ਪੁਰਖੁ ਕਹ ਪਾਵੈ॥* *(ਸ਼ਬਦ ਪਾਤਸ਼ਾਹੀ ੧੦)*

ਗੁਰੂ ਸਾਹਿਬ ਨੇ ਲੋਕਾਂ ਨੂੰ ਜੋ ਮੁਗ਼ਲ ਬਾਦਸ਼ਾਹਾਂ ਦੇ ਜ਼ੁਲਮ ਵੱਸ ਨਿਰਬਲ, ਨਿਤਾਣੇ ਅਤੇ ਲਾਚਾਰ ਹੋ ਕੇ ਮਿਰਤਕਾਂ ਵਰਗਾਂ ਜੀਵਨ ਜਿਉ ਰਹੇ ਸਨ, ਇਸ ਹਾਲਤ 'ਚੋਂ ਕੱਢਣ ਲਈ ਆਪਣੇ ਉਪਦੇਸ਼ ਨਾਲ ਹਲੂਣਿਆ। ਆਪ ਨੇ ਆਪਣੀ ਆਂਤਰਿਕ ਸੂਝ ਰਾਹੀਂ ਲੋਕਾਂ ਵਿਚ ਆਤਮ ਵਿਸ਼ਵਾਸ ਪੈਦਾ ਕਰਕੇ ਮਨੁੱਖੀ ਗੋਰਵ ਨੂੰ ਸੁਰਜੀਤ ਕਰਨ ਲਈ ਕਈ ਕਾਰਜ ਮਿਥੇ ਜਿਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਸੇਵਕਾਂ ਨੂੰ ਸੈਨਿਕ ਸਿਖਲਾਈ ਦੇਣੀ ਆਰੰਭ ਕੀਤੀ ਅਤੇ ਉਨ੍ਹਾਂ ਨੂੰ ਸ਼ਸ਼ਤਰ ਕਲਾ ਵਿਚ ਨਿਪੁੰਨ ਬਣਾਇਆ। ਬੀਰ ਰਸ ਪੈਦਾ ਕਰਨ ਲਈ ਉੱਚਤਮ ਕੋਟੀ ਦੀ ਕਾਵਿ ਰਚਨਾ ਕੀਤੀ। ਸ. ਪਿਆਰਾ ਸਿੰਘ ਪਦਮ ਅਨੁਸਾਰ, ਗੁਰੂ ਸਾਹਿਬ ਨੇ ਭਾਰਤ ਵਾਸੀਆਂ ਨੂੰ ਉਹਨਾਂ ਦੇ ਅਮੀਰ ਵਿਰਸੇ ਤੋਂ ਜਾਣੂ ਕਰਵਾਉਣ ਲਈ ਭਾਰਤੀ ਸੰਸਕ੍ਰਿਤੀ ਨਾਲ ਸੰਬੰਧਿਤ ਕਈ ਪ੍ਰਾਚੀਨ ਗ੍ਰੰਥਾਂ ਦਾ ਅਨੁਵਾਦ ਅਤੇ ਵਿਆਖਿਆ ਕਰਵਾਈ। ਜਿਨ੍ਹਾਂ ਵਿਚ ਕਈ ਚੋਣਵੇਂ ਉਪਨਿਸ਼ਦ ਹਨ। ਮਹਾਂਭਾਰਤ ਦੇ ਕਈ ਪਰਬਾਂ ਦਾ ਛੰਦਬੱਧ ਅਨੁਵਾਦ ਅਤੇ ਕਈ ਹੋਰ ਦਾਰਸ਼ਨਿਕ, ਧਾਰਮਿਕ ਗ੍ਰੰਥਾਂ ਦੇ ਉਲਥੇ ਕਰਵਾਏ। ਆਪ ਨੇ ਆਪਣੇ ਦਰਬਾਰ ਵਿਚ 52 ਕਵੀ ਤੇ ਕਈ ਲਿਖਾਰੀ ਰੱਖੇ ਹੋਏ ਸਨ, ਪਰ ਇਹਨਾਂ ਸੰਬੰਧੀ ਪੂਰੀ ਜਾਣਕਾਰੀ ਉਪਲਬਧ ਨਹੀਂ। ਇਨ੍ਹਾਂ ਮਹਾਨ ਵਿਦਵਾਨਾਂ ਨੇ ਆਪਣੀਆਂ ਵਡਮੁੱਲੀਆਂ ਰਚਨਾਵਾਂ ਰਾਹੀਂ ਲੋਕਾਂ ਦੇ ਦਿਲਾਂ ਵਿਚ ਗਿਆਨ ਦੀ ਜੋਤ ਜਗਾਈ, ਉਨ੍ਹਾ ਦੀ ਵਿਚਾਰਧਾਰਾ ਵਿਚ ਸੱਜਰਾਪਣ ਲਿਆਂਦਾ। ਗੁਰੂ ਸਾਹਿਬ ਨੇ ਸਿੱਖ ਦੀ ਨਿੱਤ ਕਰਨੀ ਤੇ ਜ਼ੋਰ ਦਿੰਦਿਆਂ ਉਸ ਵਿਚੋਂ ਦਲਿੱਦਰ ਤੇ ਆਲਸ ਨੂੰ ਖ਼ਤਮ ਕਰਕੇ ਉੱਚੇ ਅਤੇ ਸੁੱਚੇ ਆਚਰਣ ਵਾਲਾ ਬਣਾਇਆ।

ਆਪ ਨੂੰ ਆਪਣੇ ਕਾਰਜਾਂ ਨੂੰ ਸੰਪੂਰਨ ਕਰਨ ਲਈ ਕੁੱਲ 42 ਸਾਲ ਦੀ ਆਯੂ ਵਿਚ ਬਹੁਤ ਸੰਘਰਸ਼ ਕਰਨਾ ਪਿਆ। ਆਪ ਨੇ ਦੇਸ਼ ਵਾਸੀਆਂ ਨੂੰ ਜਿਸਮਾਨੀ, ਰੂਹਾਨੀ, ਰਾਜਸੀ ਅਤੇ ਸਦਾਚਾਰਿਕ ਪੱਖੋਂ ਜਾਗਰਿਤ ਕੀਤਾ। ਆਪ ਦੀ ਹਰਮਨ ਪਿਆਰਤਾ ਈਰਖਾਲੂ ਪਹਾੜੀ ਰਾਜਿਆਂ ਤੋਂ ਬਰਦਾਸ਼ਤ ਨਹੀਂ ਹੋਈ। ਉਹ ਹਰ ਵਕਤ ਇਕੱਲੇ ਜਾਂ ਮੁਗ਼ਲਾਂ ਦੀ ਮਦਦ ਨਾਲ ਹਮਲੇ ਕਰਦੇ ਰਹੇ। ਸਿੱਟੇ ਵਜੋਂ ਸਿੱਖਾਂ ਨੂੰ ਗੁਰੂ ਸਾਹਿਬ ਦੀ ਅਗਵਾਈ ਵਿਚ ਕਈ ਜੰਗਾਂ ਲੜਨੀਆਂ ਪਈਆਂ। ਇਹਨਾਂ ਜੰਗਾਂ ਦਾ ਮਕਸਦ ਰਾਜ ਸੀਮਾਂ ਦਾ ਵਿਸਥਾਰ ਨਹੀਂ ਸੀ। ਨਾ ਹੀ ਇਹ ਕਿਸੇ ਦਵੈਤ ਭਾਵਨਾ ਅਧੀਨ ਲੜੀਆਂ ਗਈਆਂ ਇਹ ਤਾਂ ਸਵੈ-ਰੱਖਿਆ, ਅਣਖ ਦੀ ਆਨ ਬਾਨ ਅਤੇ ਧਰਮ ਜੁੱਧ ਦੇ ਚਾਅ ਖਾਤਰ ਲੜੀਆਂ ਗਈਆਂ।

1699 ਈ. ਵਿਚ ਸਿੱਖ ਇਤਿਹਾਸ ਵਿਚ ਖਾਲਸਾ ਪੰਥ ਸਿਰਜਨਾ ਦੀ ਮਹੱਤਵਪੂਰਨ ਘਟਨਾ ਘਟੀ। ਗੁਰੂ

ਨਾਨਕ ਸਾਹਿਬ ਤੋਂ ਲੈ ਕੇ ਗੁਰੂ ਤੇਗ਼ ਬਹਾਦਰ ਤੱਕ ਮਨੁੱਖੀ ਸ਼ਖ਼ਸੀਅਤ ਦੀ ਜੋ ਘਾੜਤ ਹੋਈ ਸੀ, ਉਸ ਨੂੰ ਖਾਲਸੇ ਦਾ ਰੂਪ ਦੇਣ ਲਈ ਅੰਮ੍ਰਿਤ ਸੰਚਾਰ ਦੀ ਬਖ਼ਸ਼ਿਸ਼ ਹੋਈ ਅਤੇ ਇਸ ਪ੍ਰਕਾਰ 'ਗੁਰ ਸੰਗਤ ਕੀਨੀ ਖਾਲਸਾ' ਦਾ ਮਹਾਨ ਕਾਰਜ ਸੰਪੰਨ ਹੋਇਆ।

ਗੁਰੂ ਨਾਨਕ ਸਾਹਿਬ ਦੀ ਬਾਨੀ ਵਿਚ ਵੀ ਸਾਨੂੰ ਮਹਾਨ ਤਿਆਗ ਦੀ ਪਰਿਭਾਸ਼ਾ ਮਿਲਦੀ ਹੈ, ਜਿਸ ਵਿਚ ਓਹਨਾਂ ਨੇ ਪ੍ਰਭੂ ਪ੍ਰੇਮ ਹਾਸਲ ਕਰਨ ਲਈ ਪ੍ਰੇਮੀ ਨੂੰ ਸੀਸ ਭੇਟ ਕਰਨ ਲਈ ਕਿਹਾ ਹੈ।

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰ ਧਰੀਜੈ।*
*ਸਿਰੁ ਦੀਜੈ ਕਾਣਿ ਨ ਕੀਜੈ।* *(ਗੁ. ਗ੍ਰੰ. ਸਾ. ਸਲੋਕ ਵਾਰਾਂ ਤੇ ਵਧੀਕ ਮ. ੧, ਪੰਨਾ ੧੪੧੨)*

ਇਉਂ ਸਿੱਧ ਹੁੰਦਾ ਹੈ ਕਿ ਗੁਰਬਾਨੀ ਸਿੱਖ ਨੂੰ ਮਰਜੀਵੜਾ ਬਣਾਉਂਦੀ ਹੈ :

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ।*
*(ਗੁ. ਗ੍ਰੰ. ਸਾ. ਮਾਰੂ, ਸਲੋਕ ਮ. ੫, ਪੰਨਾ ੧੧੦੨)*

ਅਜੇਹੀਆਂ ਸਿਖਿਆਵਾਂ ਨੂੰ ਅਮਲੀ ਜਾਮਾ ਦੇਣ ਲਈ ਗੁਰੂ ਗੋਬਿੰਦ ਸਿੰਘ ਨੇ ਅਨੰਦਪੁਰ ਸਾਹਿਬ ਵਿਚ ਭਾਰੀ ਇਕੱਠ ਕੀਤਾ ਅਤੇ ਸਿਦਕਵਾਨਾਂ ਦੀ ਪਰੀਖਿਆ ਲਈ ਕਿਉਂਕਿ :

*ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ।*
*(ਗੁ. ਗ੍ਰੰ. ਸਾ. ਸਲੋਕ ਮ. ੫, ਪੰਨਾ ੧੪੨੫)*

ਗੁਰੂ ਗੋਬਿੰਦ ਸਿੰਘ ਨਿਰਾਲੇ ਜੋਸ਼ ਵਿਚ ਮੰਚ ਉੱਤੇ ਆਏ ਤੇ ਹੱਥ ਵਿਚ ਚੰਡੀ ਲਹਿਰਾ ਕੇ ਸੰਗਤ ਤੋਂ ਸੀਸ ਦੀ ਮੰਗ ਕੀਤੀ। ਕਮਜ਼ੋਰ ਦਹਿਲ ਗਏ ਪਰ ਸੱਚੇ ਆਸ਼ਕ ਮੈਦਾਨ ਵਿਚ ਉਤਰੇ ਤੇ ਗੁਰੂ ਨੂੰ ਸ਼ਰਧਾ ਸਹਿਤ ਆਪਣਾ ਸੀਸ ਭੇਟ ਕੀਤਾ। ਇਹਨਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਨਾਲ ਨਿਵਾਜਿਆ ਗਿਆ। ਇਹਨਾਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਊਚ ਨੀਚ ਅਤੇ ਜਾਤ-ਪਾਤ ਦੇ ਭੇਦ ਭਾਵ ਨੂੰ ਸਦਾ ਲਈ ਖ਼ਤਮ ਕਰ ਦਿੱਤਾ। ਫਿਰ ਗੁਰੂ ਸਾਹਿਬ ਨੇ ਆਪ ਇਹਨਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਹਾਸਲ ਕਰ ਕੇ ਗੁਰੂ ਚੇਲੇ ਦੇ ਭੇਦ ਨੂੰ ਵੀ ਖ਼ਤਮ ਕਰ ਦਿੱਤਾ।

ਗੁਰੂ ਅੱਗੇ ਆਤਮ ਸਮਰਪਣ ਦਾ ਇਹ ਅਦੁੱਤੀ ਚਮਤਕਾਰ ਮਨੁੱਖੀ ਸਖ਼ਸ਼ੀਅਤ ਦੀ ਨਵੀਂ ਘਾੜਤ ਸੀ, ਜਿਸ ਵਿਚ ਮੌਤ ਦਾ ਭੈ ਸਮਾਪਤ ਹੋ ਗਿਆ ਸੀ। ਸਵੈ-ਮਾਨ, ਜ਼ੁਲਮ ਤੇ ਜ਼ਾਲਮ ਨਾਲ ਟੱਕਰ ਲੈਣ ਦੀ ਭਾਵਨਾ ਪ੍ਰਬਲ ਹੋ ਉੱਠੀ ਸੀ। ਇਹ ਘਟਨਾ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਵਿਲੱਖਣ ਹੈ। ਸੰਸਾਰ ਵਿਚ ਅਜਿਹਾ ਕੋਈ ਪ੍ਰਮਾਣ ਨਹੀਂ ਕਿ ਤਲਵਾਰ ਦੀ ਧਾਰ ਵਿਚੋਂ ਕਿਸੇ ਕੌਮ ਦੀ ਸਿਰਜਨਾ ਕੀਤੀ ਗਈ ਹੋਵੇ। ਇਸ ਤਰ੍ਹਾਂ ਦੇ ਇਤਿਹਾਸ ਵਿਚ ਪੰਜ ਪਿਆਰਿਆਂ ਨੇ ਇਕ ਨਵਾਂ ਕ੍ਰਾਂਤੀਕਾਰੀ ਮੋੜ ਲਿਆਉਣ ਵਿਚ ਅਹਿਮ ਭੂਮਿਕਾ ਨਿਭਾਈ। ਇਕ ਨਵੇਂ ਰਾਸ਼ਟਰ ਨੂੰ ਸਿਰਜਣ ਵਿਚ ਜਿਥੇ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਦੀ ਭਾਵਨਾ ਬਣੀ ਰਹੇ, ਆਪਣਾ ਅਦੁੱਤੀ ਯੋਗਦਾਨ ਪਾਇਆ। ਅਸਲ ਵਿਚ ਇਹ ਭਾਣਾ ਅਕਾਲ ਪੁਰਖੁ ਦੇ ਹੁਕਮ ਵਿਚ ਹੀ ਵਰਤਿਆ :

*ਖਾਲਸਾ ਅਕਾਲ ਪੁਰਖੁ ਕੀ ਫੌਜ,*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।* *(ਸਰਬ ਲੋਹ ਗ੍ਰੰਥ 'ਚੋਂ)*

ਪਰਮਾਤਮਾ ਦੇ ਹੁਕਮ ਅੰਦਰ ਹੀ ਇਕ ਨਵੇਂ ਯੁੱਗ ਦੀ ਸਿਰਜਨਾ ਹੋਈ। ਗੁਰੂ ਗੋਬਿੰਦ ਸਿੰਘ ਜੀ ਨੇ ਫੌਜ ਦੇ ਜਰਨੈਲ ਵਜੋਂ ਭੂਮਿਕਾ ਨਿਭਾਈ :

*ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥*
*ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥*

ਦਰਅਸਲ ਖਾਲਸਾ ਗੁਰੂ ਨਾਨਕ ਦਾ ਹੀ ਸਚਿਆਰ ਪੁਰਸ਼ ਹੈ। ਉਹ ਨੈਤਿਕਤਾ ਵਿਚ ਪੂਰਨ, ਕਰਮਯੋਗੀ,

ਬ੍ਰਹਮ ਗਿਆਨੀ, 'ਕਰਮ-ਖੰਡ' ਵਾਲਾ ਮਹਾਂ ਬਲੀ ਤੇ ਪਰਮਾਤਮਾ ਨਾਲ ਇਕਸੁਰ ਹੋਇਆ ਸੱਚਖੰਡ ਵਾਸੀ ਹੈ। ਇਸ ਦੇ ਬਾਹਰੀ ਰੂਪ ਦੀ ਸਜ ਧਜ ਵਾਲਾ ਬਾਣਾ ਗੁਰੂ ਗੋਬਿੰਦ ਸਿੰਘ ਦੇ ਨਵੇਂ ਯੁਗ ਸਿਰਜਨਾ ਦੀ ਹੀ ਦੇਣ ਹੈ।

ਖਾਲਸੇ ਦੀ ਬੀਰਤਾ ਅਸੀਂ ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ, ਬੰਦਾ ਸਿੰਘ ਬਹਾਦਰ ਅਤੇ ਅਨੇਕਾਂ ਸਿੰਘਾਂ ਸਿੰਘਣੀਆਂ ਦੀ ਬਹਾਦਰੀ ਅਤੇ ਕੁਰਬਾਨੀ ਵਿਚ ਵੇਖ ਸਕਦੇ ਹਾਂ। ਜਿਹਨਾਂ ਨੇ ਆਰਿਆਂ ਨਾਲ ਸੀਸ ਕਟਵਾਏ, ਪੁੱਠੀਆਂ ਖੱਲਾਂ ਲੁਹਾਈਆਂ, ਸਵਾ ਸਵਾ ਮਣ ਪੀਸਣ ਪੀਸਿਆ ਪਰ ਸਿਦਕ ਨਹੀਂ ਹਾਰਿਆ। 'ਖਾਲਸਾ' ਅਜੇਹੇ ਮਰਜੀਵੜਿਆਂ ਦਾ ਹੀ ਨਾਂ ਹੈ। ਪ੍ਰੋ. ਪੂਰਨ ਸਿੰਘ ਦਾ ਕਥਨ 'ਮੌਤ ਨੂੰ ਮਖੌਲਾਂ ਕਰਨ ਮਰਨ ਥੀਂ ਨਾ ਡਰਦੇ' ਇਹਨਾਂ ਉੱਤੇ ਠੀਕ ਢੁੱਕਦਾ ਹੈ।

ਖ਼ਾਲਸੇ ਦੀ ਇਸ ਨਿਰਾਲੀ ਸ਼ਾਨ, ਉਸ ਦੇ ਜੰਗੀ ਹੁਨਰ ਤੇ ਉਸ ਦੇ ਚਰਿਤਰ ਦੀ ਮਹਿਮਾ ਕਰਨੋਂ ਤਾਂ ਦੁਸ਼ਮਨ ਵੀ ਨਾ ਰਹਿ ਸਕਿਆ। ਕਾਜ਼ੀ ਨੂਰ ਮੁਹੰਮਦ ਆਪਣੇ ਫ਼ਾਰਸੀ ਵਿਚ ਲਿਖੇ ਜੰਗਨਾਮੇ ਵਿਚ ਖਾਲਸੇ ਦਾ ਅਬਦਾਲੀ ਦੀ ਸੈਨਾ ਨਾਲ ਅੱਖੀਂ ਵੇਖਿਆ ਹਾਲ ਬਿਆਨ ਕਰਦਾ ਹੋਇਆ ਲਿਖਦਾ ਹੈ:

*ਸਗਾਂ ਰਾ ਮਗੋ ਸਗ ਕਿ ਹਸਤੰਦ ਸ਼ੇਰ*
*ਬਮੈਦਾਨੇ ਮਰਦਾਂ ਚੂੰ ਸ਼ੇਰਾਂ ਦਲੇਰ॥*

ਅਰਥਾਤ ਸਿੱਖਾਂ ਨੂੰ ਸਗ (ਕੁੱਤੇ) ਤੂੰ ਨਾ ਆਖ, ਇਹ ਸ਼ੇਰ ਰਣ-ਭੂਮੀ ਦੇ ਮਰਦ ਸ਼ੇਰਾਂ ਵਰਗੇ ਦਲੇਰ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਕੇਵਲ ਬੀਰ ਰਸ ਨਾਲ ਹੀ ਭਰਪੂਰ ਨਹੀਂ ਕੀਤਾ ਸਗੋਂ ਭਾਈ ਘਨੱਈਏ ਵਰਗੀ ਦਿਲ ਦੀ ਕੋਮਲਤਾ ਨਾਲ ਵੀ ਸਰਸ਼ਾਰ ਕੀਤਾ। ਆਪ ਨੇ ਇਸਤਰੀ ਵਿਚ ਚੰਡੀ ਵਰਗਾ ਜੋਸ਼ ਭਰ ਕੇ ਮਾਈ ਭਾਗੋ ਵਰਗੀਆਂ ਵੀਰਾਂਗਣਾਂ ਦੁਆਰਾ ਦੇਸ਼ ਦੇ ਗੌਰਵ ਨੂੰ ਉੱਚਾ ਚੁੱਕਿਆ।

ਇਸ ਪਰਕਾਰ ਗੁਰੂ ਗੋਬਿੰਦ ਸਿੰਘ ਨੇ ਦੇਸ਼ ਦੇ ਚੇਹਰੇ ਮੋਹਰੇ ਨੂੰ ਨਵੀਂ ਰੂਪ ਰੇਖਾ ਨਾਲ ਤਰਾਸ਼ਿਆ। ਬੀਰ ਰਸ ਤੇ ਪ੍ਰੇਮ ਰਸ ਦੇ ਰੰਗਾਂ ਨਾਲ ਸਜਾਇਆ। ਇਸ ਨਵੀਂ ਸਿਰਜਨਾ ਨੇ ਮੁਗਲ ਰਾਜ ਦੀਆਂ ਜੜ੍ਹਾਂ ਨੂੰ ਹਿਲਾ ਕੇ ਰੱਖ ਦਿੱਤਾ। ਗੁਰੂ ਸਾਹਿਬ ਦਾ 'ਜ਼ਫਰਨਾਮਾ' ਉਹਨਾਂ ਦੇ ਬੁਲੰਦ ਹੌਸਲੇ, ਨਿਡਰਤਾ, ਸ੍ਵੈਮਾਨ, ਅਣਖ ਤੇ ਦ੍ਰਿੜ੍ਹਤਾ ਦਾ ਪ੍ਰਮਾਣ ਹੈ।

ਸਾਈ ਬੁੱਲ੍ਹੇ ਸ਼ਾਹ ਨੇ ਠੀਕ ਹੀ ਕਿਹਾ ਹੈ:

*ਜਬ ਕੀ ਕਹੌਂ ਨ ਤਬ ਕੀ ਕਹਿ ਹੌਂ, ਮੈਂ ਬਾਤ ਕਹੂੰਗਾ ਅਬ ਕੀ।*
*ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਬ ਕੀ।*

ਗੁਰੂ ਗੋਬਿੰਦ ਸਿੰਘ ਨੇ ਧਰਮ ਅਨੁਸਾਰ ਰਾਜਨੀਤੀ ਕਰਨੀ ਸਿਖਾਈ ਤੇ ਨਿਜੀ ਸੁਆਰਥਾਂ ਤੋਂ ਉੱਪਰ ਉੱਠ ਕੇ ਕੌਮ ਲਈ ਕੁਰਬਾਨੀ ਦਾ ਸੰਕਲਪ ਸਿਰਜਿਆ। ਆਪ ਜੀ ਦਾ ਉਪਦੇਸ਼ ਸਮੂਹ ਮਨੁੱਖ ਜਾਤੀ ਲਈ ਕਲਿਆਣਕਾਰੀ ਹੈ। ਨਵੇਂ ਯੁੱਗ ਸਿਰਜਨਾ ਦੇ ਸੰਕਲਪ ਅਨੁਸਾਰ ਆਪ ਨੇ ਇਕ ਈਸ਼ਵਰੀ ਹੋਂਦ ਦੇ ਵਿਸ਼ਵਾਸ ਨੂੰ ਦ੍ਰਿੜ੍ਹ ਕਰਵਾਉਂਦਿਆਂ ਦੂਜੇ ਧਰਮਾਂ ਪ੍ਰਤਿ ਦ੍ਵੈਤ ਤੇ ਦਵੈਖ ਨੂੰ ਖ਼ਤਮ ਕਰਨ ਦਾ ਸੰਦੇਸ਼ ਦਿੱਤਾ। ਮਾਨਸ ਕੀ ਜਾਤਿ ਦੀ ਬਰਾਬਰੀ ਦ੍ਰਿੜ੍ਹਾਉਂਦਿਆਂ ਭਰਾਤਰੀ ਭਾਵ, ਸਾਂਝੀਵਾਲਤਾ ਦਾ ਸਬਕ ਪੱਕਾ ਕੀਤਾ ਤੇ ਲੋਕਾਂ ਨੂੰ ਲੋਕਤੰਤਰੀ ਕੀਮਤਾਂ ਪ੍ਰਤਿ ਸੁਚੇਤ ਕੀਤਾ। ਮਨੁੱਖ ਦੀ ਸੋਚ ਨੂੰ ਧਾਰਮਿਕ ਸੰਕੀਰਣਤਾ 'ਚੋਂ ਕੱਢ ਕੇ ਉਸ ਵਿਚ ਵਿਸ਼ਵ ਚੇਤਨਾ ਦਾ ਸੰਚਾਰ ਕੀਤਾ। ਆਪ ਨੇ ਸਭ ਧਰਮਾਂ ਦਾ ਸਤਿਕਾਰ ਕਰਦਿਆਂ ਉਨ੍ਹਾਂ ਦੇ ਦਿਖਦੇ ਵਖਰੇਵਿਆਂ ਪਿੱਛੇ ਇਕੋ ਪਰਮ-ਸੱਤਾ ਦਾ ਇਹਸਾਸ ਕਰਵਾਉਂਦਿਆਂ ਫੁਰਮਾਇਆ ਹੈ:

*ਹਿੰਦੂ ਤੁਰਕ ਕੋਊ, ਰਾਫਿਜੀ ਇਮਾਮ ਸ਼ਾਫੀ;*
*ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ॥*
*ਕਰਤਾ ਕਰੀਮ ਸੋਈ ਰਾਜ਼ਿਕ ਰਹੀਮ ਓਈ;*
*ਦੂਸਰੋ ਨ ਭੇਦ ਕੋਈ, ਭੂਲਿ ਭ੍ਰਮ ਮਾਨਬੋ* (ਅਕਾਲ ਉਸਤਤਿ ੮੫)

× × ×

*ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ;*
*ਮਾਨਸ ਸਬੈ ਏਕ, ਪੈ ਅਨੇਕ ਕੋ ਭ੍ਰਮਾਉ ਹੈ॥* (ਅਕਾਲ ਉਸਤਤਿ ੮੬)

# ਸਿੱਖ ਧਰਮ ਕੀਰਤਨ ਦੀਆਂ ਗਾਇਨ ਸ਼ੈਲੀਆਂ

ਬਲਬੀਰ ਸਿੰਘ ਕੰਵਲ

ਭਾਰਤੀ ਸੰਗੀਤ ਬੰਗਾਲ ਵਿਚ ਜੰਮਿਆ, ਯੂ. ਪੀ. 'ਚ ਜੁਆਨ ਹੋਇਆ ਅਤੇ ਪੰਜਾਬ ਵਿਚ ਵੱਡਾ ਹੋਇਆ। ਅੱਜ ਸ੍ਰੀ ਹਰਿਮੰਦਰ ਸਾਹਿਬ ਦੇ ਰਾਗੀਆਂ ਨੂੰ ਸੁਣ ਕੇ ਇਹ ਗੱਲ ਪ੍ਰਤੱਖ ਦੇਖੀ ਜਾ ਸਕਦੀ ਹੈ।

ਜਨਵਰੀ, 1873 ਈ. ਨੂੰ ਰਾਬਿੰਦਰ ਨਾਥ ਟੈਗੋਰ ਅਤੇ ਉਸ ਦਾ ਪਿਤਾ ਦਿਬਿੰਦਰ ਨਾਥ ਪਹਿਲੀ ਵੇਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਇਲਾਹੀ ਬਾਣੀ ਦਾ ਕੀਰਤਨ ਸੁਣਨ ਆਏ ਸਨ। ਉਸ ਪਹਿਲੀ ਫੇਰੀ ਦੇ ਅਨੁਭਵਾਂ ਨੂੰ ਅੰਕਿਤ ਕਰਦਿਆਂ ਲਿਖਦੇ ਹਨ : "ਦਰਬਾਰ ਸਾਹਿਬ ਦੀ ਯਾਦ ਮੇਰੇ ਦਿਲ ਵਿਚ ਇਕ ਸੁਪਨੇ ਸਮਾਨ ਸਦਾ ਆਉਂਦੀ ਰਹਿੰਦੀ ਹੈ। ਉਸ ਪਾਵਨ ਥਾਂ, ਸੁਰੰਗੜੇ, ਰਸ-ਭਿੰਨੇ ਕੀਰਤਨ ਦਾ ਪਰਵਾਹ ਲਗਾਤਾਰ ਚਲਦਾ ਰਹਿੰਦਾ ਹੈ।"

ਉਸ ਵੇਲੇ ਰਾਜਿੰਦਰ ਨਾਥ ਦੀ ਉਮਰ ਬਾਰਾਂ ਵਰ੍ਹਿਆਂ ਦੀ ਸੀ। ਜਵਾਨ ਹੋ ਕੇ, ਪੰਜਾਬ ਦੇ ਕੁਝ ਮਹਾਨ ਰਾਗੀਆਂ ਰਬਾਬੀਆਂ ਨੂੰ ਸੁਣਨ ਖਾਤਰ, ਉਹ ਫਿਰ ਵੀ ਏਥੇ ਆਉਂਦੇ ਰਹੇ। ਫਰਵਰੀ, 1935 ਵਿਚ ਜਦੋਂ ਉਨ੍ਹਾਂ ਏਥੇ ਭਾਈ ਸ਼ੇਰ ਸਿੰਘ ਗੁਜਰਾਂਵਾਲੀਏ ਵਰਗੇ ਮਹਾਨ ਗਾਇਕ ਨੂੰ ਸੁਣਿਆ (ਕੁਝ ਬੰਦੇ ਇਸ ਘਟਨਾ ਨੂੰ ਭਾਈ ਸੁੰਦਰ ਸਿੰਘ ਰਾਗੀ ਨਾਲ ਵੀ ਜੋੜਦੇ ਹਨ) ਤਾਂ ਆਪ ਗਦ ਗਦ ਹੋ ਗਏ। ਅੰਮ੍ਰਿਤਸਰ ਤੋਂ ਲਾਹੌਰ ਚਲੇ ਗਏ ਅਤੇ ਓਥੇ ਉਹ ਹਿੰਦੁਸਤਾਨ ਭਰ 'ਚ ਮੰਨੇ ਪ੍ਰਮੰਨੇ ਵਿਓਪਾਰੀ ਧਨੀ ਰਾਮ ਭੱਲਾ, ਜਿਹੜੇ ਪਿਛਿਉਂ ਬਜਵਾੜੇ ਦੇ ਸਨ; ਹੋਰਾਂ ਦੀ ਨਵਾਂ ਕੋਟ ਵਾਲੀ ਕੋਠੀ 'ਚ ਕੁਝ ਦਿਨ ਠਹਿਰੇ। ਓਥੇ ਉਨ੍ਹਾਂ ਭਾਈ ਸ਼ੇਰ ਸਿੰਘ ਬਾਰੇ ਆਪਣੇ ਵਿਚਾਰ ਕੁਝ ਏਹੋ ਜਿਹੇ ਸ਼ਬਦਾਂ ਵਿਚ ਦਿੱਤੇ, "ਭਾਈ ਸ਼ੇਰ ਸਿੰਘ ਨੂੰ ਸੁਣ ਕੇ, ਜ਼ਿੰਦਗੀ ਵਿਚ ਪਹਿਲੀ ਵੇਰ ਚਿਤ ਜੇਕਰ ਕੋਈ ਚੀਜ਼ ਚੋਰੀ ਕਰਨ ਨੂੰ ਕੀਤਾ ਹੈ, ਤਾਂ ਉਹ ਹੈ ਭਾਈ ਸ਼ੇਰ ਸਿੰਘ। ਉਹ ਦਰਬਾਰ ਸਾਹਿਬ ਦਾ ਹਜ਼ੂਰੀ ਕੀਰਤਨੀਆ ਹੈ। ਨਹੀਂ ਤਾਂ ਮੈਂ ਉਸ ਨੂੰ ਜ਼ਰੂਰ ਮੂੰਹੋਂ ਮੰਗੇ ਪੈਸੇ ਤਾਰ ਕੇ ਜਾਂ ਚੁਰਾ ਕੇ ਆਪਣੇ ਬੰਗਾਲ ਲੈ ਜਾਂਦਾ ਤਾਂ ਜੋ ਮੇਰੇ ਪ੍ਰਾਂਤ ਦੇ ਲੋਕਾਂ ਨੂੰ ਪਤਾ ਲਗਦਾ ਕਿ ਅਸਲ ਰਾਗਦਾਰੀ ਕੀ ਚੀਜ਼ ਹੁੰਦੀ ਹੈ।"

ਉਰਦੂ ਦੀ ਪ੍ਰਸਿੱਧ ਕਿਤਾਬ 'ਸਰਮਾਇਆ ਇਸ਼ਰਤ' ਦਾ ਕਰਤਾ ਸਾਦਕ ਅਲੀ ਖਾਂ, ਆਪਣੀ ਪ੍ਰਸਿੱਧ ਕਿਰਤ ਜਿਹੜੀ ਉਸ ਨੇ 1866 ਈ. ਵਿਚ ਲਿਖੀ ਅਤੇ ਜਿਹੜੀ ਇਕ ਜਨਵਰੀ, 1874 ਨੂੰ ਛਾਪੀ ਗਈ, ਵਿਚ ਦਰਜ਼ ਕਰਦਾ ਹੈ, "ਬਅਜ਼ ਕਾ ਕੌਲ ਹੈ ਕਿ ਰਬਾਬ ਈਜਾਦ ਕੀਆ ਹੂਆ ਗੁਰੂ ਨਾਨਕ ਸ਼ਾਹ ਫਕੀਰ ਕਾ ਹੈ।" ਇਕ ਤਾਊਸ, ਜਿਹੜਾ ਸੰਗੀਤ ਨਾਟਕ ਅਕੈਡਮੀ ਦਿਲੀ ਦੇ ਅਜਾਇਬ ਘਰ ਵਿਚ ਸਾਂਭਿਆ ਪਿਆ ਹੈ, ਉਸ ਨਾਲ ਲੱਗੀ ਤਖ਼ਤੀ ਤੇ ਇਹ ਲਫ਼ਜ਼ ਦਰਜ ਹਨ :

> *"ਤਾਊਸ ਸਾਡੇ ਦੇਸ਼ ਵਿਚ ਭਾਈ ਮਰਦਾਨਾ ਜੀ ਰਾਹੀਂ 1530 ਈ. ਵਿਚ ਹਾਸਲ ਹੋਇਆ, ਇਹ ਸਾਜ਼ ਬਗ਼ਦਾਦ ਦੇ ਸੰਗੀਤਕਾਰਾਂ ਨੇ ਆਪ ਜੀ ਨੂੰ ਸਿਰੋਪਾਓ ਵਜੋਂ ਭੇਟ ਕੀਤਾ ਸੀ।"*

ਗੁਰੂ ਨਾਨਕ ਦੇਵ ਜੀ ਨੇ ਭਾਈ ਫਾਰਿੰਦਾ ਦੁਆਰਾ ਰੱਬ ਰੱਬ ਅਲਾਉਂਦੀ ਰਬਾਬ ਤਾਂ ਤਿਆਰ ਕਰਵਾ ਹੀ ਲਈ ਸੀ, ਪਿਛੋਂ ਇਹ ਸਾਜ਼ ਭਾਰਤ ਦੇ ਦੂਜੇ ਸੰਗੀਤ ਸਾਜ਼ਾਂ ਤੇ ਬੜਾ ਅਸਰ ਅੰਦਾਜ਼ ਹੋਇਆ। ਮੁਅਦਨਲ ਮੌਸੀਕੀ ਦਾ ਕਰਤਾ ਸਯਦ ਵਾਜ਼ ਅਲੀ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ "ਸਰੋਦ ਰਬਾਬ ਸੇ ਨਿਕਲਾ... ਮਗਰ ਕੱਦ ਮੇਂ ਡਿਓੜ੍ਹਾ। ਉਸ ਪਰ ਭੀ ਰੋਦਾ ਔਰ ਤਾਰ ਚੜ੍ਹਤੇ ਹੈਂ।"

ਏਥੇ ਹੀ ਬੱਸ ਨਹੀਂ। ਇਸ ਗੱਲ ਬਾਰੇ ਇਕ ਹੋਰ ਸੰਗੀਤ ਵਿਸ਼ੇਸ਼ਗ ਸ੍ਰੀ ਓ. ਗੋਸੁਆਮੀ ਦਾ ਵੀ ਏਹੀ ਮੱਤ ਹੈ ਕਿ ਰਬਾਬ ਵਿਚੋਂ ਹੀ ਅਜੋਕੀ ਸਰੋਦ ਨਿਕਲੀ।

ਏਥੇ ਇਹ ਗੱਲ ਵੱਡੇ ਮਹੱਤਵ ਵਾਲੀ ਹੈ ਕਿ ਆਦਿ ਗ੍ਰੰਥ ਇਕੋ ਇਕ ਅਜਿਹਾ ਗ੍ਰੰਥ ਹੈ ਜਿਸ ਦੀ ਸਾਰੀ ਦੀ ਸਾਰੀ ਬਾਣੀ (ਜਪੁ ਅਤੇ ਸਵਯਾਂ ਸਲੋਕਾਂ ਦੇ) ਰਾਗਾਂ ਤੇ ਆਧਾਰਿਤ ਹੈ।

ਹੋਰ ਵੱਡੀ ਗੱਲ ਕਿ ਗੁਰੂ ਸਾਹਿਬਾਨ ਨੇ ਸ਼ਾਸਤ੍ਰੀ ਸੰਗੀਤ ਦੇ ਮੋਹ ਵਿਚ ਲੋਕ ਸੰਗੀਤ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ। ਆਦਿ ਗ੍ਰੰਥ ਵਿਚ ਦਰਜ ਸੋਹਲੇ ਛੰਦ, ਅਲਾਹੁਣੀਆਂ, ਘੋੜੀਆਂ ਅਤੇ ਸਲੋਕ ਆਦਿ ਇਸ ਗੱਲ ਦਾ ਪਰਪੱਕ ਪ੍ਰਮਾਣ ਹਨ।

### ਰਬਾਬੀ ਪਰੰਪਰਾ ਦੀ ਗਾਇਕੀ

ਇਸ ਪਰੰਪਰਾ ਦੇ ਮੋਢੀ ਗੁਰੂ ਨਾਨਕ ਦੇਵ/ਭਾਈ ਮਰਦਾਨਾ ਜੀ ਆਖੇ ਜਾ ਸਕਦੇ ਹਨ, ਜਿਨ੍ਹਾਂ ਨੇ ਭਾਈ ਫਾਰਿੰਦਾ ਜੀ ਤੋਂ ਰਬਾਬ ਬਣਵਾ ਕੇ ਇਸ ਮਹਾਨ ਗਾਇਨ ਸ਼ੈਲੀ ਦਾ ਨੀਂਹ ਪੱਥਰ ਰਖਿਆ। ਇਸ ਸ਼ੈਲੀ ਨੂੰ ਅਪਣਾਉਣ ਵਾਲੇ ਕਲਾਕਾਰ ਗੁਰੂ ਜੀ ਵੱਲੋਂ ਵਰੋਸਾਏ ਅਤੇ ਜੱਦੀ ਪੁਸ਼ਤੀ ਹੋਣ ਕਰਕੇ ਵੀ ਬੜੇ ਪੁਰਤਾਸੀਰ ਕੀਰਤਨੀਏ ਹੋ ਨਿਬੜਦੇ ਸਨ। ਇਸ ਲੜੀ ਵਿਚ ਭਾਈ ਹੂੜਾ, ਭਾਈ ਬੂੜਾ, ਭਾਈ ਲਾਲ, ਸਾਈਂ ਦਿੱਤਾ, ਭਾਈ ਤਾਬਾ ਅਤੇ ਭਾਈ ਚਾਂਦ ਵਰਗੇ ਮਹਾਨ ਕਲਾਕਾਰ ਆ ਜਾਂਦੇ ਹਨ, ਜਿਨ੍ਹਾਂ ਦੇ ਨਾਂ ਕੀਤਰਨ ਸ਼ੈਲੀ ਦੀ ਤਾਰੀਖ ਵਿਚ ਸਦਾ ਚੇਤੇ ਰਖੇ ਜਾਣਗੇ। ਭਾਵੇਂ ਖ਼ਿਆਲ ਗਾਇਕ ਰਬਾਬੀਆਂ ਨੂੰ ਸੌ ਵੇਰ 'ਰਬਾਬੜੇ' ਆਖਣ ਪਰ ਇਸ ਨਾਲੋਂ ਵੱਡੀ ਇਤਿਹਾਸਿਕ ਸੱਚਾਈ ਕੀ ਹੋ ਸਕਦੀ ਹੈ ਕਿ ਦੇਸ਼ ਭਰ 'ਚੋਂ ਮੰਨੇ ਪ੍ਰਮੰਨੇ ਪਟਿਆਲਾ ਸੰਗੀਤ ਘਰਾਣੇ ਦੇ ਮੋਢੀ ਖਿਆਲ ਗਾਇਕਾਂ ਦਾ ਸਿਲਸਿਲਾ ਪਿਛੋਂ ਰਬਾਬੀ ਖਾਨਦਾਨ ਨਾਲ ਜਾ ਜੁੜਦਾ ਸੀ, ਜਿਨ੍ਹਾਂ ਦਾ ਇਕ ਵਡੇਰਾ ਭਾਈ ਨੰਦ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਹਜ਼ੂਰੀ ਰਾਗੀ ਸੀ।

ਇਨ੍ਹਾਂ ਕਲਾਕਾਰਾਂ ਵਿਚੋਂ ਬਹੁਤੇ ਤਾਂ ਧਰੁਪਦ ਅੰਗ 'ਚ ਹੀ ਕੀਰਤਨ ਕਰਦੇ ਸਨ ਪਰ ਉਨ੍ਹਾਂ ਵਿਚੋਂ ਕੁਝ ਨੇ ਜਿਵੇਂ ਕਿ ਭਾਈ ਹੂੜਾ ਨੇ ਬਦਲੇ ਹੋਏ ਹਾਲਾਤ ਅਨੁਸਾਰ ਖਿਆਲ ਅੰਗ ਗਾਇਕੀ ਨੂੰ ਵੀ ਅਪਣਾਇਆ ਅਤੇ ਬੜਾ ਜੱਸ ਖੱਟਿਆ। ਉਹ ਪਟਿਆਲਾ ਦੇ ਸੁਪ੍ਰਸਿੱਧ ਖਿਆਲ ਗਾਇਕ ਫਤਿਹ ਅਲੀ ਦਾ ਸ਼ਾਗਿਰਦ ਸੀ, ਇਸ ਲਈ ਉਸ ਦੀ ਗਾਇਨ ਸ਼ੈਲੀ 'ਚ ਅਜਿਹਾ ਅਸਰ ਹੋਣਾ ਕੁਦਰਤੀ ਹੀ ਸੀ। ਰਬਾਬੀ ਪਰੰਪਰਾ ਆਪਣੇ ਆਪ ਵਿਚ ਇਕ ਬਹੁਤ ਵੱਡਾ ਨਾਂ ਹੈ। ਇਹ ਲੋਕ, ਮੁਖ ਰੂਪ 'ਚ ਭਾਵੇਂ ਕੀਰਤਨ ਕਰਦੇ ਸਨ ਪਰ ਇਸ ਦੇ ਨਾਲ ਉਨ੍ਹਾਂ ਵਿਚੋਂ ਕੁਝ ਹਿੰਦੁਸਤਾਨ ਦੇ ਸੰਗੀਤ ਵਿਚ ਬਹੁਤ ਪ੍ਰਸਿੱਧ ਹੋਏ। ਅਜਿਹੇ ਕਲਾਕਾਰਾਂ ਵਿਚੋਂ ਭਾਈ ਮਰਦਾਨਾਂ ਜੀ ਦੇ ਗੁਰੂ ਭਾਈ ਫਾਰਿੰਦਾ ਜੀ ਦੇ ਬੰਸ ਦਾ ਆਖਰੀ ਚਿਰਾਗ ਭਾਈ ਮਹਿਬੂਬ ਅਲੀ ਉਰਫ ਭਾਈ ਬੂਬਾ ਸਿੰਘ ਰਬਾਬੀ ਸੀ, ਜਿਸ ਦੇ ਬਰਾਬਰ ਦਾ ਸਿਤਾਰਵਾਦਕ ਅਤੇ ਵੀਣਾਕਾਰ, ਹਿੰਦੁਸਤਾਨ ਵਿਚ ਨਹੀਂ ਸੀ। ਕਰਤਾ ਦੇ ਸੰਗ੍ਰਹਿ ਵਿਚ ਇਸ ਮਹਾਨ ਕਲਾਕਾਰ ਦੇ ਕੁਝ ਦੁਰਲੱਭ ਚਿੱਤਰ ਸੁਰਖਿਅਤ ਹਨ ਅਤੇ ਉਸ ਨੂੰ ਮਿਲੇ ਮਾਨ ਸਨਮਾਨ ਦੇ ਦਸਤਾਵੇਜ਼ ਵੀ ਅੰਕਿਤ ਕੀਤੇ ਗਏ ਹਨ। ਪੰਜਾਬ ਹੈਰੀਟੇਜ ਮਿਊਜ਼ੀਅਮ 'ਚ ਸਾਂਭਣ ਲਈ ਕੀਰਤਨ ਨਾਲ ਸੰਬੰਧਿਤ ਅੰਮ੍ਰਿਤਸਰ ਰਬਾਬੀਆਂ ਦੇ ਦੋ ਤਵੇ ਬੜੀ ਸੋਹਣੀ ਹਾਲਤ ਵਿਚ ਸੁਰੱਖਿਅਤ ਹਨ, ਜਿਹੜੇ ਐਚ. ਐਮ. ਵੀ. ਨੇ ਤਿਆਰ ਕੀਤੇ ਸਨ :

*(1) ਕਲਗੀ ਵਾਲਿਆ ਦਰਸ ਦਿਖਾ ਦੇ*
*ਤੇਰੇ ਦਰਸ਼ਨ ਨੂੰ ਦਸ਼ਮੇਸ਼ ਪਿਤਾ ਸਭ ਖਲਕਤ* *(ਐਚ. ਐਮ. ਵੀ. ੫੭੦੯)*
*(2) ਹਰਿ ਦਰਸ਼ਨ ਕੋ ਮੇਰਾ ਮਨ ਬਹੁਤ ਤੜਪਤ ਹੈ*
*ਕਲਗੀ ਵਾਲੇ ਸੇ ਲਾਗੇ ਮੋਰੇ ਨੈਣ।* *(ਐਚ. ਐਮ. ਵੀ. ੫੭੦੭)*

### ਰਾਗੀ ਪਰੰਪਰਾ ਦੀ ਸ਼ੈਲੀ

ਇਸ ਦੇ ਮੋਢੀ ਗੁਰੂ ਅਰਜਨ ਦੇਵ ਜੀ ਸਨ। ਅਸਲ ਵਿਚ ਇਹ ਪ੍ਰਥਾ ਉਦੋਂ ਹੋਂਦ ਵਿਚ ਆਈ ਜਦੋਂ ਆਪ ਜੀ ਦੇ ਦਰਬਾਰੀ ਸੱਤਾ ਅਤੇ ਬਲਵੰਡ ਨੇ ਆਪਣੀ ਯੋਗਤਾ ਦਾ ਅਭਿਮਾਨ ਕੀਤਾ। ਗੁਰੂ ਸਾਹਿਬ ਜੀ ਨੇ ਇਸ ਗੱਲ ਨੂੰ ਨਾ ਸਹਾਰਦਿਆਂ ਹੋਇਆਂ ਆਪਣੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਗਾਓ, ਭਾਵੇਂ ਸਿੱਧਾ ਸਿੱਧਾ ਹੀ, ਸਿਧੀਆਂ ਧਾਰਨਾਵਾਂ ਵਿਚ ਹੀ। ਮਿਹਨਤ ਕਰੋਗੇ ਤਾਂ ਆਪੇ ਹੀ ਕਿਸੇ ਦਿਨ ਇਨ੍ਹਾਂ ਵਰਗੇ ਹੋ ਜਾਓਗੇ। ਉਨ੍ਹਾਂ ਦਾ ਕਿਹਾ ਇਹ ਵਾਕ, ਇਕ ਦਿਨ ਸਹੀ ਸਿੱਧ ਹੋਇਆ ਜਦ ਕਿ ਕਦੇ ਕਦੇ ਕੁਝ ਸਿੱਖ ਰਾਗੀ, ਰਬਾਬੀ ਜਾਂ ਦੂਜੇ ਕਲੌਂਤੀਆਂ ਤੇ ਹਾਵੀ ਹੋ ਜਾਂਦੇ ਰਹੇ। ਕਲਾ ਪੱਖੋਂ ਭਾਵੇਂ ਰਬਾਬੀ ਵਧੇਰੇ ਪਰਵੀਨ ਹੁੰਦੇ ਹਨ ਪਰ ਸਿੱਖ ਸੰਗੀਤ ਦੇ ਇਤਿਹਾਸ

ਵਿਚ ਕਦੇ ਕਦੇ ਅਜਿਹੇ ਸਮੇਂ ਵੀ ਆਏ ਜਦ ਕਿ ਸਿੱਖ ਸੰਗੀਤਕਾਰਾਂ ਨੇ ਵੀ ਉਨ੍ਹਾਂ ਨੂੰ ਆਪਣੀ ਈਨ ਮੰਨਵਾਈ। ਤਾਰੀਖ ਇਸ ਗੱਲ ਦੀ ਗਵਾਹ ਹੈ ਕਿ ਭਾਈ ਲਾਲ ਰਬਾਬੀ ਨੇ ਜਦੋਂ ਭਾਈ ਸ਼ੇਰ ਸਿੰਘ ਗੁੱਜਰਾਂਵਾਲੀਏ ਨੂੰ ਪਹਿਲੀ ਵੇਰ ਦਰਬਾਰ ਸਾਹਿਬ ਵਿਖੇ ਸੁਣਿਆ ਤਾਂ ਸ਼ਰਧਾ ਵੱਸ ਹੋ ਕੇ ਕੰਨਾਂ ਨੂੰ ਹੱਥ ਲਾ ਕੇ ਆਖ ਰਿਹਾ ਸੀ, "ਕਿਆ ਬਾਤ ਹੈ, ਕਿਹਾ ਨੂਰ ਦਾ ਗਲਾ ਪਾਇਆ ਹੈ।" ਭਾਈ ਗੁਰਮੁਖ ਸਿੰਘ ਸੁਰਮੁਖ ਸਿੰਘ ਫੱਕਰ ਹੋਰਾਂ ਨੂੰ ਸੁਣ ਕੇ ਹਿੰਦੁਸਤਾਨ ਦੀ ਇਕ ਬਹੁਤ ਵੱਡੀ ਹਸਤੀ ਫਤਿਹ ਅਲੀ ਖਾਂ ਕਰਨੈਲ ਸਾਹਿਬ ਵੀ ਗਾਉਣ ਲਈ ਨਹੀਂ ਸਨ ਬੈਠੇ, ਅਖੇ ਗਾਣੇ ਦਾ ਹੱਕ ਤਾਂ ਅਦਾ ਹੋ ਚੁੱਕਾ ਹੈ, ਅਸੀਂ ਹੁਣ ਕੀ ਗਾਵਾਂਗੇ? ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਇਕ ਵੇਰ ਭਾਈ ਜਵਾਲਾ ਸਿੰਘ ਭਾਈ ਮੋਤੀ ਦੇ ਮੁਕਾਬਲੇ ਤੇ ਆਏ ਤਾਂ ਤਿੰਨਾਂ ਦਿਨਾਂ ਦੇ ਸਖਤ ਮੁਕਾਬਲੇ ਪਿਛੋਂ ਭਾਈ ਮੋਤੀ ਨੂੰ ਇਹ ਗੱਲ ਮੰਨਣੀ ਪੈ ਗਈ ਕਿ 'ਭਾਈ ਜਵਾਲਾ ਸਿੰਘ, ਤੇਰੇ ਤੇ ਗੁਰੂ ਦੀ ਕੋਈ ਖਾਸ ਕਿਰਪਾ ਹੈ ਕਿ ਤੇਰੇ ਕੋਲ ਮੇਰੇ ਨਾਲੋਂ ਪੁਰਾਤਨ ਰੀਤਾਂ ਦਾ ਜ਼ਿਆਦਾ ਭੰਡਾਰ ਹੈ ਜਿਸ ਕਾਰਨ ਮੈਂ ਤੇਰੇ ਤੋਂ ਫਿੱਕਾ ਰਿਹਾ ਹਾ। ਨਹੀਂ ਤਾਂ ਸਾਰੇ ਰਾਗੀ ਮੈਥੋਂ ਕੰਬ ਜਾਂਦੇ ਸਨ। ਧੰਨ ਤੂੰ ਹੈਂ ਅਤੇ ਧੰਨ ਤੇਰਾ ਉਸਤਾਦ।" ਇਤਿਹਾਸਿਕ ਮੁਕਾਬਲਾ ਅੰਮ੍ਰਿਤਸਰ ਜਿਲੇ ਦੇ ਪ੍ਰਸਿੱਧ ਪਿੰਡ ਸਰਹਾਲੀ ਵਿਖੇ ਹੋਇਆ ਸੀ। ਇਹ ਗੱਲ ਕਰਾਮਾਤ ਵਰਗੀ ਹੈ ਕਿ ਅੰਮ੍ਰਿਤਸਰ ਦੇ ਇਕ ਰਾਗੀ ਉਸਤਾਦ ਉਤਮ ਸਿੰਘ ਨੇ ਪੰਡਿਤ ਦਲੀਪ ਚੰਦਰ ਆਫਤਾਬਿ-ਮੌਸੀਕੀ ਵਰਗੇ ਚੋਟੀ ਦੇ ਖਿਆਲ ਅਤੇ ਠੁਮਰੀ ਗਾਇਕਾਂ ਨੂੰ ਪੈਦਾ ਕੀਤਾ। ਉਸਤਾਦ ਉਤਮ ਸਿੰਘ ਤਲਵੰਡੀ ਦੇ ਧਰੁਪਦੀਆਂ ਕੋਲੋਂ ਸਿੱਖੇ ਸਨ, ਇਸ ਲਈ ਉਨ੍ਹਾਂ ਦੇ ਕੀਰਤਨ ਵਿਚੋਂ ਧਰੁੱਪਦ ਅੰਗ ਦੀ ਖੁਸ਼ਬੂ ਆਉਂਦੀ ਸੀ ਜਦ ਕਿ ਭਾਈ ਸੁਰਮੁਖ ਸਿੰਘ ਪਟਿਆਲੇ ਵਾਲੇ (ਕਰਨੈਲ ਸਾਹਿਬ ਦੇ ਸ਼ਾਗਿਰਦ ਹੋਣ ਕਾਰਨ) ਦੇ ਕੀਰਤਨ ਵਿਚੋਂ ਖਿਆਲ ਅੰਗ ਦੀ ਝਲਕ ਪ੍ਰਤੱਖ ਦਿਸਦੀ ਸੀ। ਭਾਈ ਸਮੁੰਦ ਸਿੰਘ, ਭਾਈ ਧਰਮ ਸਿੰਘ ਜ਼ਖਮੀ, ਘੜਿਆਲ ਸਿੰਘ ਬੰਧੂ ਅਤੇ ਭਾਈ ਦਿਲਬਾਗ ਸਿੰਘ ਅਤੇ ਗੁਲਬਾਗ ਸਿੰਘ ਆਦਿ ਕੀਰਤਨਕਾਰਾਂ ਨੂੰ ਸੰਗੀਤ ਪ੍ਰੇਮੀ ਇਕ ਲੰਮੇ ਅਰਸੇ ਤਕ ਯਾਦ ਕਰਦੇ ਰਹਿਣਗੇ।

**ਢਾਡੀ ਪਰੰਪਰਾ ਤੇ ਸ਼ੈਲੀ**

ਇਹ ਗਾਇਨ ਸ਼ੈਲੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਹੋਂਦ ਵਿਚ ਆਈ। 1978 ਵਿਚ ਇਨ੍ਹਾਂ ਸਤਰਾਂ ਦੇ ਲੇਖਕ ਨੇ ਢਾਡੀ ਬੰਸ ਦੀ ਇਕ ਦਫਦਾਰ ਆਸ਼ਾ ਪੋਸਲੇ ਲਾਹੌਰ ਵਾਲੀ ਨੂੰ ਜਦੋਂ ਲੰਡਨ ਸੱਦਿਆ ਤਾਂ ਉਹ ਆਪਣਾ ਇਕ ਪੁਰਾਣਾ ਕੁਰਸੀਨਾਮਾ ਵੀ ਨਾਲ ਲੈ ਆਈ। ਉਸ ਅਨੁਸਾਰ ਇਸ ਪਰੰਪਰਾ ਨੇ ਵੀ ਸਮੇਂ ਸਮੇਂ ਸਿਰ ਕੁਝ ਬੜੇ ਬੜੇ ਕਲਾਕਾਰ ਪੈਦਾ ਕੀਤੇ ਹਨ ਜਿਨ੍ਹਾਂ ਵਿਚੋਂ ਕੁਝ ਨਾਂ ਇਸ ਪ੍ਰਕਾਰ ਹਨ : ਭਾਈ ਬਾਬਕ, ਭਾਈ ਨੱਥਣ, ਭਾਈ ਅਬਦੁੱਲਾ, ਬਾਬਾ ਬਾਘਾ, ਭਾਈ ਮੀਹਾਂ, ਭਾਈ ਯਾਰੂ, ਭਾਈ ਲੱਖ ਦਰਿਆ, ਜਸ ਦਰਿਆ, ਮੌਜ ਦਰਿਆ, ਸੁਖ ਦਰਿਆ (ਇਹ ਚਾਰੇ ਭਰਾ ਸਿੱਖ ਰਾਜ ਦੇ ਪ੍ਰਸਿੱਧ ਢਾਡੀ ਸਨ) ਭਾਈ ਪਿਸ਼ਾਵਰੀ, ਭਾਈ ਲਾਹੌਰੀ, ਭਾਈ ਚਾਂਦ, ਭਾਈ ਸਿੰਧੀ, ਭਾਈ ਮੂਲਾ, ਭਾਈ ਸਰੀਆਂ, ਭਾਈ ਸੁੰਦਰ, ਭਾਈ ਮਾਘੋ, ਭਾਈ ਮੱਸਾ, ਬਾਬਾ ਗੱਜੂ ਅਤੇ ਮਾਸਟਰ ਨਾਥ ਆਦਿ। ਬਹਾਦਰੀ ਦੀਆਂ ਵਾਰਾਂ ਗਾਇਨ ਕਰਨ ਸਮੇਂ ਕਿਉਂਕਿ ਇਹ ਕਲਾਕਾਰ ਢੱਡ ਸਾਰੰਗੀ ਦੀ ਵੀ ਵਰਤੋਂ ਕਰਦੇ ਸਨ, ਇਸ ਲਈ ਇਹ 'ਢਾਡੀ' ਅਖਵਾਏ।

**ਜੋਟੀਆਂ ਦੇ ਸ਼ਬਦਾਂ ਦੀ ਗਾਇਨ ਸ਼ੈਲੀ**

ਸਿੱਖ ਸੰਗੀਤ 'ਚ ਜਿਹੜੀਆਂ ਦੋ ਸ਼ੈਲੀਆਂ ਮੁਖ ਰੂਪ 'ਚ ਪ੍ਰਚਲਿਤ ਰਹੀਆਂ, ਉਹ ਹਨ ਸ਼ਬਦ ਰੀਤ ਤੇ ਆਧਾਰਤ ਅਤੇ ਦੂਜੀ ਧਾਰਨਾ 'ਤੇ। ਇਨ੍ਹਾਂ ਤੋਂ ਛੁਟ, ਜੋਟੀਆਂ ਦੇ ਸ਼ਬਦ ਗਾਇਨ ਸ਼ੈਲੀ ਵੀ ਕਿਧਰੇ ਕਿਧਰੇ ਪ੍ਰਚਲਿਤ ਰਹੀ ਹੈ, ਜਿਸ ਵਿਚ ਗਾਉਣ ਸਮੇਂ ਸਮੂਹ ਸਾਧ ਸੰਗਤ ਭਾਗ ਲੈਂਦੀ ਹੈ। ਇਸ ਦਾ ਪ੍ਰਯੋਗ ਮਾਲਵੇ ਦੇ ਕੁਝ ਸੰਤਾਂ ਨੇ ਵਧੇਰੇ ਕੀਤਾ। ਅਜਿਹੇ ਗਾਇਨ ਸਮੇਂ ਕਲਾ ਦੀਆਂ ਬਾਰੀਕੀਆਂ ਵੱਲ ਬਹੁਤਾ ਖਿਆਲ ਨਹੀਂ ਰੱਖਿਆ ਜਾਂਦਾ, ਸਗੋਂ ਧਿਆਨ ਵਿਚ ਜ਼ਿਆਦਾ ਸਿਰਫ਼ ਇਹ ਗੱਲ ਹੁੰਦੀ ਹੈ ਕਿ ਸਾਧ ਸੰਗਤ ਕਿਸੇ ਤਰ੍ਹਾਂ ਗੁਰ ਸ਼ਬਦ ਅਤੇ ਉਸ ਦੇ ਵਿਚ ਸਮੋਏ ਅਰਥਾਂ ਦੇ ਅਰਕ ਨੂੰ ਵਧੇਰੇ ਮਾਣੇ। ਜਦ ਕਿ ਇਸ ਦੇ ਉਲਟ ਟਕਸਾਲੀ ਸ਼ਬਦ ਰੀਤਾਂ ਗਾਉਣ ਸਮੇਂ ਇਸ ਗੱਲ ਦਾ ਖਾਸ ਖਿਆਲ ਰਖਿਆ ਜਾਂਦਾ ਹੈ ਕਿ ਉਸ ਵਿਚ ਰਾਗ-ਭਾਵ ਵੱਧ ਤੋਂ ਵੱਧ ਉਜਾਗਰ ਹੋਵੇ।

**ਕੀਰਤਨ ਵਿਚ ਕੁਝ ਨਵੇਂ ਤਜ਼ਰਬੇ ਅਤੇ ਤਬਦੀਲੀਆਂ**

ਸਿੱਖ ਗੁਰੂ ਸਾਹਿਬਾਨ ਨੇ ਕਿਉਂਕਿ ਕਈ ਪ੍ਰਕਾਰ ਦੇ ਤੰਤੀ ਸਾਜ਼ਾਂ ਨੂੰ ਈਜਾਦ ਕੀਤਾ ਸੀ, ਇਸ ਲਈ ਮੁੱਢ

ਤੋਂ ਹੀ ਕੀਰਤਨ ਮੂਲ ਰੂਪ 'ਚ ਤੰਤੀ ਸਾਜ਼ਾਂ ਤੇ ਹੀ ਆਧਾਰਿਤ ਰਿਹਾ। ਪਰ ਪਿਛਲੀ ਸਦੀ 'ਚ ਜਦੋਂ ਖਿਆਲ ਅੰਗ ਗਾਇਕੀ ਜ਼ੋਰ ਫੜ ਗਈ ਅਤੇ ਤਬਲੇ ਤੇ ਜਦੋਂ ਉਸਤਾਦ ਫਕੀਰ ਬਖਸ਼ ਪਖਾਵਜੀ ਹੋਰੀਂ 'ਖੁਲ੍ਹੇ ਹੱਥ ਦਾ ਵਾਜਾ' ਵਜਾਉਣ ਲੱਗ ਪਏ ਤਾਂ ਉਸ ਦਾ ਅਸਰ ਕੀਰਤਨ ਤੇ ਵੀ ਹੋਇਆ। ਜਦ ਨੂੰ ਵਾਜਾ (ਹਾਰਮੋਨੀਅਮ) ਹੋਂਦ ਵਿਚ ਆ ਗਿਆ ਤਾਂ ਕੁਝ ਕਲਾਕਾਰ ਉਸ ਦੀ ਵੀ ਵਰਤੋਂ ਕਰਨ ਲਗ ਪਏ। ਕੁਝ ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਸਾਜ਼ ਦੀ ਵਰਤੋਂ ਸਭ ਤੋਂ ਪਹਿਲਾਂ ਭਾਈ ਹੀਰਾ ਸਿੰਘ ਜੀ ਦੇ ਰਾਗੀ ਜੱਥੇ ਨੇ ਕੀਤੀ। ਬਦ ਕਿਸਮਤੀ ਵੱਸ, ਸਾਡੇ ਤੰਤੀ ਸਾਜ਼ਾਂ ਦੀ ਵਰਤੋਂ ਘੱਟ ਹੋਣ ਲੱਗ ਪਈ। ਤਵੇ, ਭਾਵ ਕਿ ਗਰਾਮੋਫੂਨ ਰੀਕਾਰਡ ਪ੍ਰਚੱਲਿਤ ਹੋ ਗਏ ਤਾਂ ਸਾਡੇ ਕੁਝ ਕਲਾਕਾਰਾਂ ਨੇ ਉਸ ਦਾ ਵੀ ਯੋਗ/ਅਯੋਗ ਫਾਇਦਾ ਉਠਾਇਆ। ਪਹਿਲਾਂ ਤਾਂ ਇਹ ਸੀ ਕਿ ਭਾਈ ਮੋਤੀ ਵਰਗੇ ਮਹਾਨ ਰਬਾਬੀ, ਨਿਰੋਲ ਕੀਰਤਨ ਕਰਦੇ ਕਦੇ ਕਦੇ ਵਿਚ ਇਕ ਅੱਧ ਗ਼ਜ਼ਲ ਭਾਈ ਨੰਦ ਲਾਲ ਗੋਯਾ ਜੀ ਦੀ ਵੀ ਗਾ ਜਾਂਦੇ ਪਰ ਹੁਣ ਕੁਝ ਹੋਰ ਵੀ ਜ਼ਰਾ ਵਧੇਰੇ ਖੁੱਲ੍ਹ ਲੈ ਕੇ, ਕੀਰਤਨ ਨੂੰ ਨੀਮ-ਕਲਾਸੀਕੀ ਬਲਕਿ ਸਿੱਧਾ ਸਿੱਧਾ ਗ਼ਜ਼ਲ ਅੰਗ ਵੱਲ ਨੂੰ ਲੈ ਗਏ। ਤਵਿਆਂ ਦੀ ਤਾਰੀਖ ਦੇ ਬਿਲਕੁਲ ਮੁੱਢਲੇ ਸਾਲਾਂ 'ਚ ਭਾਈ ਛੈਲਾ ਪਟਿਆਲੇ ਵਾਲੇ ਦਾ ਬਹੁਤ ਨਾਂ ਸੀ। ਤਰਨਤਾਰਨ ਦਾ ਇਹ ਰਬਾਬੀ, ਆਪਣੇ ਕੋਲ ਭਾਵੇਂ ਹਰ ਸਮੇਂ ਰਬਾਬ ਰੱਖਦਾ ਪਰ ਸਸਤੀ ਸ਼ੁਹਰਤ ਨੂੰ ਮੁਖ ਰਖਦਿਆਂ ਵੀ ਕੁਝ ਰੀਕਾਰਡ ਅਜਿਹੇ ਭਰਵਾ ਦਿੱਤੇ :

*ਮੁਝੇ ਅਪਨਾ ਜਲਵਾ ਦਿਖਾ ਕਲਗ਼ੀ ਵਾਲੇ*
*ਮਿਰੀ ਜਾਨ ਤੁਮ ਪਰ ਫ਼ਿਦਾ ਕਲਗ਼ੀ ਵਾਲੇ।*

ਉਸ ਦੀ ਵੇਖਾ ਵੇਖੀ ਉਸ ਸਮੇਂ ਦੇ ਸੁਪ੍ਰਸਿੱਧ ਉਸਤਾਦ ਭਾਈ ਸਾਈਂ ਦਿੱਤਾ ਰਬਾਬੀ, ਜਿਸ ਨੇ ਕਿ ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ ਅਤੇ ਪ੍ਰੋ. ਦਰਸ਼ਨ ਸਿੰਘ ਕੋਮਲ ਵਰਗੇ ਮਹਾਨ ਸ਼ਾਗਿਰਦ ਪੈਦਾ ਕੀਤੇ ਸਨ, ਦਾ ਪੁੱਤਰ ਭਾਈ ਦੇਸਾ ਵੀ 'ਗ਼ਜ਼ਲ ਬਹਾਰ' 'ਚ ਇਹ ਤਵਾ ਭਰਵਾ ਕੇ ਪਿੱਛੇ ਨਾ ਰਿਹਾ :

*ਜੋ ਕਲਗ਼ੀ ਮੇ ਸ਼ਾਨਿ-ਇਲਾਹੀ ਨਾ ਹੋਤੀ।*

ਕੇਵਲ ਇਥੇ ਹੀ ਬਸ ਨਹੀਂ, ਫਿਲਮਾਂ ਬਣਨ ਲੱਗ ਪਈਆਂ ਤਾਂ ਸਾਡੇ ਕੁਝ ਰਾਗੀਆਂ ਨੇ ਫਿਲਮੀ ਧੁਨਾਂ ਤੇ ਵੀ ਸ਼ਬਦ ਗਾਉਣੇ ਸ਼ੁਰੂ ਕਰ ਦਿੱਤੇ। ਮਿਸਾਲ ਵਜੋਂ ਦੇਖੋ ਹਰਿਆਣਾ ਦੇ ਇਕ ਰਾਗੀ ਦਾ ਗਾਇਆ ਹੋਇਆ ਇਹ ਸ਼ਬਦ, "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ", ਇੰਨ ਬਿੰਨ ਫਿਲਮ 'ਕੋਇਲ' ਦੇ ਗਾਣੇ "ਰਿਮ ਝਿਮ ਰਿਮ ਝਿਮ ਪਵੇ ਫੁਹਾਰ—ਤੇਰਾ ਮੇਰਾ ਨਿਤ ਦਾ ਪਿਆਰ' ਤੇ ਆਧਾਰਿਤ ਹੈ। ਜਿਸ ਦੀ ਧੁਨ ਕਦੇ ਖੁਰਸ਼ੀਦ ਅਨਵਰ ਐਮ. ਏ. ਨੇ ਬਣਾਈ ਸੀ। ਸਾਡੇ ਸ਼ੁਰੂ ਦੇ ਰਾਗੀ, ਰਾਗ ਦੀ ਸ਼ੁਧਤਾ ਅਤੇ ਸਹੀਖਾਨੀ ਦਾ ਪੂਰਾ ਪੂਰਾ ਖਿਆਲ ਰਖਦੇ ਸਨ। ਉਹ ਅਲਾਪ ਕਰਦੇ ਸਨ ਸ਼ੁੱਧ ਗਾਉਂਦੇ ਸਨ ਇਸ ਥਾਂ ਇਹ ਗੱਲ ਲਿਖ ਦੇਣੀ ਕੁਥਾਏਂ ਨਹੀਂ ਹੋਵੇਗੀ ਕਿ ਪੰਜਾਬ ਵਿਚ ਸਰਗਮ ਦੀ ਸ਼ੁਰੂਆਤ ਦੀ ਕਹਾਣੀ ਵੀ ਬੜੀ ਦਿਲਚਸਪ ਹੈ। ਉਸਤਾਦ ਬੜੇ ਗੁਲਾਮ ਅਲੀ ਖਾਂ ਦੇ ਪਿਤਾ ਉਸਤਾਦ ਅਲੀਬਖਸ਼ ਅਕਸਰ ਕਿਹਾ ਕਰਦੇ ਸਨ ਕਿ ਸੁਰ ਸਰਗਮ ਕਰਨ ਦੀ ਪਿਰਤ ਸਭ ਤੋਂ ਪਹਿਲਾਂ ਪੰਜਾਬੀ ਵਿਚ ਅਸੀਂ ਪਾਈ। ਇਹ ਗੁਣ ਆਪ ਕਲਕੱਤਾ ਵਾਲੇ ਪੰਡਿਤ ਮਹਿੰਦਰ ਨਾਥ ਕੋਲੋਂ ਸਿੱਖ ਕੇ ਆਏ ਸਨ। ਉਧਰੋਂ ਕੁਝ ਇਸ ਤਰ੍ਹਾਂ ਦਾ ਹੀ ਦਾਅਵਾ ਕਦੇ ਕਦੇ ਪੰਡਿਤ ਵਿਸ਼ਨੂੰ ਦਿਗੰਬਰ ਵੀ ਕਰਦੇ ਸੁਣੇ ਗਏ। ਕੁਝ ਏਸੇ ਤਰ੍ਹਾਂ ਦੀ ਹੀ ਗੱਲ ਪੰਜਾਬ ਦੇ ਕੁਝ ਹੋਰ ਮੁਸਲਮਾਨ ਉਸਤਾਦਾਂ ਕੋਲੋਂ ਵੀ ਸੁਣੀ ਗਈ ਕਿ ਭਾਈ ਪ੍ਰਤਾਪ ਸਿੰਘ ਧਰਮਕੋਟ ਵਾਲੇ (1844-1929) ਵਰਗਾ ਅਲਾਪੀਆ ਵੀ ਮੁੜ ਕਿਥੇ ਜੰਮਣਾ। ਬਲਕਿ ਉਨ੍ਹਾਂ ਬਾਰੇ ਇਕ ਉਸਤਾਦ ਤਾਂ ਇੰਜ ਵੀ ਕਿਹਾ ਕਰਦਾ ਸੀ ਕਿ ਸਾਡੇ ਨਾਲੋਂ ਇਸ ਵਿਚ ਇੱਕੀ ਹਿੱਸੇ ਵਧੇਰੇ ਸੁਰ ਸਰਗਮ ਹੈ। ਕੀਰਤਨ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਲਈ ਜਿਹੜੇ ਯਤਨ ਨਾਮਧਾਰੀ ਸੰਪਰਦਾਇ ਜਾਂ ਜਵੱਦੀ ਕਲਾਂ ਵਾਲੇ ਕਰ ਰਹੇ ਹਨ, ਉਹ ਬੜੇ ਸ਼ਲਾਘਾਯੋਗ ਹਨ। ਨਾਲ ਤਾੜੀ ਵਜਾਉਣ ਕਾਰਨ, ਤੁਸੀਂ ਉਸ ਨੂੰ ਬੇਸ਼ੱਕ ਕਿਸੇ ਗਿਣਤੀ ਵਿਚ ਰੱਖੋ ਜਾਂ ਨਾ, ਪਰ ਇਸ ਸਦੀ ਦੀ ਇਕ ਬਿਹਤਰੀਨ ਆਵਾਜ਼ ਉਸਤਾਦ ਨੁਸਰਤ ਅਲੀ ਖਾਂ ਦੀਆਂ ਕਵਾਲੀ-ਅੰਗ 'ਚ ਗਾਈਆਂ ਕੁਝ ਚੀਜ਼ਾਂ (ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ—ਕੋਈ ਆਖੇ ਰਾਮ ਰਾਮ ਕੋਈ ਖੁਦਾਇ—ਜਾਂ ਤੁਰਿਆ ਤੁਰਿਆ ਜਾ ਫਰੀਦਾ ਤੁਰਿਆ ਤੁਰਿਆ ਜਾ) ਨਿਰੋਲ ਕੀਰਤਨ ਭਾਵੇਂ ਨਾ ਸਹੀ, ਤਾਂ ਵੀ ਕਾਦਰ ਦੀ ਕੀਰਤੀ ਦਾ ਬਹੁਤ ਵਧੀਆ ਨਮੂਨਾ ਆਖੀਆਂ ਜਾ ਸਕਦੀਆਂ ਹਨ।

# ਦਸਮ ਗ੍ਰੰਥ ਵਿਚ ਸੰਗੀਤਿਕ ਤੱਤ

ਨਿਵੇਦਿਤਾ ਸਿੰਘ

ਗੁਰੂ ਗੋਬਿੰਦ ਸਿੰਘ ਰਚਿਤ ਦਸਮ ਗ੍ਰੰਥ ਅਨੇਕਾਂ ਬਾਣੀਆਂ ਦਾ ਸੰਕਲਨ ਹੈ, ਜਿਨ੍ਹਾਂ ਵਿਚ ਜਾਪੁ ਸਾਹਿਬ, ਅਕਾਲ ਉਸਤਤਿ, ਬਿਚਿਤ੍ਰ ਨਾਟਕ, ਚੰਡੀ ਚਰਿਤ੍ਰ, ਵਾਰ ਦੁਰਗਾ ਕੀ, ਚਉਬੀਸ ਅਵਤਾਰ, ਸ਼ਸਤ੍ਰਨਾਮ ਮਾਲਾ, ਗਿਆਨ ਪ੍ਰਬੋਧ, ਜ਼ਫਰਨਾਮਾ, ਸਵੈਯੇ, ਹਕਾਯਤਾਂ ਆਦਿ ਸ਼ਾਮਿਲ ਹਨ। ਇਨ੍ਹਾਂ ਬਾਣੀਆ ਦਾ ਕਾਵਿ-ਸੌਂਦਰਯ ਅਤੇ ਸੰਗੀਤਾਤਮਕਤਾ ਜਗਿਆਸੂਆਂ ਨੂੰ ਅਚੰਭੇ ਵਿਚ ਪਾਉਂਦੇ ਹਨ। ਦਸਮ ਗ੍ਰੰਥ ਦਾ ਕਾਵਿ-ਪ੍ਰਬੰਧ, ਛੰਦ-ਪਰਕਾਰ, ਸੰਗੀਤਿਕ-ਸੰਰਚਨਾ, ਧੁਨੀਆਂ ਦਾ ਨਾਦ, ਰਸ, ਲੈਅ ਅਤੇ ਪ੍ਰਗੀਤ, ਪਾਠਕ, ਸ੍ਰੋਤੇ ਅਤੇ ਗਾਇਕ ਨੂੰ ਆਹਤ ਤੋਂ ਅਨਾਹਤ ਵੱਲ ਸਹਿਜੇ ਹੀ ਲੈ ਤੁਰਦੇ ਹਨ। ਪੂਰਵ ਗੁਰੂ ਜਨਾਂ ਦੁਆਰਾ ਸਥਾਪਿਤ ਗੁਰਮਤਿ ਸੰਗੀਤ ਦੀ ਪਰੰਪਰਾ ਨੂੰ ਨਿਸ਼ਠਾ ਨਾਲ ਨਿਭਾਉਂਦਿਆਂ ਹੋਇਆਂ ਆਪਣੇ ਮਹਾਨ ਯੋਗਦਾਨ ਰਾਹੀਂ ਗੁਰੂ ਜੀ ਨੇ ਹੋਰ ਸੁਦ੍ਰਿੜ ਅਤੇ ਪ੍ਰਫੁੱਲਿਤ ਕੀਤਾ।

**ਦਸਮ ਗ੍ਰੰਥ ਦੀ ਰਾਗਾਤਮਿਕਤਾ** : ਗੁਰਮਤਿ ਸੰਗੀਤ ਦੀ ਪਰੰਪਰਾ ਅਨੁਸਾਰ ਗੁਰੂ ਸਾਹਿਬਾਨ ਨੇ ਲੱਗਪੱਗ ਹਰ ਸ਼ਬਦ ਲਈ ਵਿਸ਼ੇਸ਼ ਰਾਗ ਨਿਰਧਾਰਿਤ ਕੀਤਾ ਹੈ। ਗੁਰੂ ਗ੍ਰੰਥ ਵਿਸ਼ਵ ਦਾ ਅਜਿਹਾ ਧਾਰਮਿਕ ਗ੍ਰੰਥ ਹੈ ਜਿਸ ਦਾ ਸੰਕਲਨ ਹੀ ਰਾਗਾਂ ਨੂੰ ਆਧਾਰ ਬਣਾ ਕੇ ਕੀਤਾ ਗਿਆ ਹੈ। ਗੁਰੂ ਸਾਹਿਬਾਨ ਨੇ ਸੰਗੀਤ ਨੂੰ ਬਾਣੀ ਵਿਚ ਦਰਸਾਏ ਭਾਵ ਨੂੰ ਸੰਚਾਰਿਤ ਕਰਨ ਹਿਤ ਬਖ਼ੂਬੀ ਵਰਤਿਆ ਹੈ। ਇਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਹੋਇਆ ਗੁਰੂ ਗੋਬਿੰਦ ਸਿੰਘ ਨੇ ਦਸਮ ਗ੍ਰੰਥ ਵਿਚ ਅਨੇਕ ਰਾਗਾਂ ਦੀ ਵਰਤੋਂ ਕੀਤੀ ਹੈ। ਇਸ ਵਿਚ ਪਰਜ, ਕਾਫ਼ੀ, ਸੋਰਠਿ, ਸੂਹੀ, ਰਾਮਕਲੀ, ਸਾਰੰਗ, ਗਉੜੀ, ਧਨਾਸਰੀ, ਤਿਲੰਗ, ਕਿਦਾਰਾ, ਦੇਵਗੰਧਾਰੀ, ਕਲਿਆਨ, ਮਾਰੂ, ਭੈਰੋਂ, ਅਡਾਨ, ਬਸੰਤ ਅਤੇ ਬਿਲਾਵਲ ਰਾਗਾਂ ਵਿਚ ਬਾਣੀ ਉਪਲਬਧ ਹੈ। ਪਰਜ, ਕਾਫ਼ੀ ਅਤੇ ਅਡਾਨ ਰਾਗਾਂ ਨੂੰ ਛੱਡ ਕੇ ਬਾਕੀ ਦੇ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਵੀ ਮਿਲਦੇ ਹਨ।

'ਦਸਮ ਗ੍ਰੰਥ' ਵਿਚ ਅਨੇਕ ਥਾਵਾਂ ਤੇ ਰਾਗਾਂ ਦੇ ਨਾਵਾਂ ਨੂੰ ਅਤਿਅੰਤ ਖ਼ੂਬਸੂਰਤ ਕਾਵਿਮਈ ਅੰਦਾਜ਼ ਵਿਚ ਵਰਤਿਆ ਗਿਆ ਹੈ :

*—ਲਲਤ ਧਨਾਸਰੀ, ਬਜਾਵਹਿ ਸੰਗਿ ਬਾਂਸੁਰੀ,*
*ਕਿਦਾਰਾ ਔਰ ਮਾਲਵਾ ਬਿਹਾਗੜਾ ਅਉ ਗੂਜਰੀ।*
*ਮਾਰੂ ਅਉ ਪਰਜ ਔਰ ਕਾਨ੍ਹੜਾ ਕਲਿਆਨ ਸ਼ੁਭ,*
*ਕੁਕਭ ਬਿਲਾਵਲੁ ਸੁਨੈ ਤੇ ਆਵੈ ਮੂਜਰੀ।*
*ਭੈਰਵ ਪਲਾਸੀ-ਭੀਮ, ਦੀਪਕ ਸੁ ਗਉਰੀ ਨਟ,*
*ਠਾਢੋ ਦ੍ਰੁਮ ਛਾਇ ਮੈਂ, ਸੁ ਗਾਵੈ ਕਾਨ੍ਹ ਪੂਜ ਰੀ।* (ਕ੍ਰਿਸ਼ਨਾਵਤਾਰ, ੨੩੨)

*—ਨਟ ਨਾਇਕ ਸੁੱਧ ਮਲ੍ਹਾਰ ਬਿਲਾਵਲ, ਗ੍ਵਾਰਿਨ ਬੀਚ ਧਮਾਰਨ ਗਾਵੈ।*
*ਸੋਰਠਿ ਸਾਰੰਗ ਰਾਮਕਲੀ, ਸੁ ਬਿਭਾਸ ਭਲੇ ਹਿਤ ਸਾਥ ਬਸਾਵੈਂ।* (ਕ੍ਰਿਸ਼ਨਾਵਤਾਰ, ੨੯੩)

*—ਸੋਰਠਿ ਸਾਰੰਗ ਅਉ ਗੂਜਰੀ, ਲਲਤਾ ਅਰੁ ਭੈਰਵ ਦੀਪਕ ਗਾਵੈਂ।*
*ਟੋਡੀ ਅਉ ਮੇਘ ਮਲ੍ਹਾਰ ਅਲਾਪਤ, ਗੌਂਡ ਅਉ ਸੁੱਧ ਮਲ੍ਹਾਰ ਸੁਨਾਵੈਂ।*
(ਕ੍ਰਿਸ਼ਨਾਵਤਾਰ, ੨੩੧)

ਗੁਰੂ ਸਾਹਿਬ ਦੁਆਰਾ ਵਰਤੇ ਗਏ ਰਾਗ ਅਤੇ ਰਾਗ-ਨਾਂ ਮੱਧਕਾਲ ਵਿਚ ਪਰਚਾਰ ਵਿਚ ਸਨ। ਇਹ

ਸਾਰੇ ਹੀ ਰਾਗ ਆਧੁਨਿਕ ਸਮੇਂ ਵਿਚ ਹੀ ਪਰਯੋਗ ਹੋ ਰਹੇ ਹਨ। ਸੰਭਵ ਹੈ ਕਿ ਇਨ੍ਹਾਂ ਦੇ ਸਰੂਪ ਵਿਚ ਜ਼ਰੂਰ ਪਰਿਵਰਤਨ ਆਇਆ ਹੋਵੇ।

**ਦਸਮ ਗ੍ਰੰਥ ਵਿਚ ਪ੍ਰਯੁਕਤ ਛੰਦ-ਪਰਕਾਰ** : 'ਦਸਮ ਗ੍ਰੰਥ' ਵਿਚਲੀ ਬਾਣੀ ਸ੍ਵੈਯਾ, ਦੋਹਰਾ, ਚੌਪਈ, ਕਾਬਿੱਤ, ਸੋਰਠਾ ਅਤੇ ਛੰਦ ਕਾਵਿ-ਰੂਪਾਂ ਵਿਚ ਰਚੀ ਗਈ ਹੈ। ਇਸ ਬਾਣੀ ਵਿਚ ਵਰਤੇ ਗਏ ਛੰਦ ਗੁਰੂ ਗੋਬਿੰਦ ਸਿੰਘ ਦੀ ਸਾਹਿਤਿਕ ਅਤੇ ਸੰਗੀਤਿਕ ਕਲਾਕ੍ਰਿਤੀ ਦਾ ਉੱਚਤਮ ਨਮੂਨਾ ਹਨ। ਛੰਦ ਇਕ ਵਿਸ਼ੇਸ਼ ਕਾਵਿ-ਪਰਕਾਰ ਹੈ ਜਿਸ ਵਿਚ ਸ਼ਬਦਾਂ ਦੇ ਲੈਅ-ਬੱਧ ਪਰਯੋਗ ਰਾਹੀਂ ਕਾਵਿ ਵਿਚ ਇਕ ਅਨੋਖੀ ਗਤੀ ਅਤੇ ਪ੍ਰਵਾਹ ਉਤਪੰਨ ਹੁੰਦਾ ਹੈ। ਸ਼ਬਦਾਂ ਦੇ ਲੈਅਦਾਰ ਪਰਯੋਗ ਨਾਲ ਛੰਦ ਵਿਚ ਸੰਗੀਤਿਕ ਸੰਭਾਵਨਾਵਾਂ ਬਹੁਤ ਵੱਧ ਜਾਂਦੀਆਂ ਹਨ। ਅਜਿਹਾ ਕਾਵਿ ਜਿਸ ਨੂੰ ਸਹਿਜੇ ਹੀ ਗਾਇਆ ਜਾ ਸਕੇ, ਸਾਹਿਤ ਅਤੇ ਸੰਗੀਤ ਦੀ ਪਰਾਕਾਸ਼ਠਾ ਨੂੰ ਅੱਪੜ ਜਾਂਦਾ ਹੈ। ਵਰਨਨਯੋਗ ਹੈ ਕਿ ਦਸਮ ਗ੍ਰੰਥ ਵਿਚਲੀ ਸਾਰੀ ਬਾਣੀ ਰਾਗ-ਬੱਧ ਨਾ ਹੋ ਕੇ ਛੰਦ ਬੱਧ ਵਧੇਰੇ ਹੈ। 'ਜਾਪੁ ਸਾਹਿਬ' ਵਿਚ ਕੁੱਲ ਦਸ ਵੱਖ ਵੱਖ ਛੰਦ ਪਰਕਾਰਾ ਦੀ ਵਰਤੋਂ ਕੀਤੀ ਗਈ। ਹੈ। ਇਨ੍ਹਾਂ ਛੰਦਾਂ ਦਾ ਸੁਹਜ ਇ੍ਹਨਾ ਦੀਆਂ ਮਾਤਰਾਵਾਂ, ਸਮਾਂ-ਚੱਕਰ, ਚਾਲ ਅਤੇ ਵਜ਼ਨ ਤੇ ਨਿਰਭਰ ਹੈ।

*ਛਪੈ ਛੰਦ :*

*ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ।*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ।*

*ਭੁਜੰਗ ਪ੍ਰਯਾਤ :*

*ਨਮਸਤ੍ਵੰ ਅਕਾਲੇ। ਨਮਸਤ੍ਵੰ ਕ੍ਰਿਪਾਲੇ।*
*ਨਮਸਤ੍ਵੰ ਅਰੂਪੇ। ਨਮਸਤ੍ਵੰ ਅਨੂਪੇ।*

*ਚਾਚਰੀ :*

*ਅਰੂਪ ਹੈਂ। ਅਨੂਪ ਹੈਂ। ਅਜੂ ਹੈਂ। ਅਭੂ ਹੈਂ।*

*ਚਰਪਟ :*

*ਅੰਮ੍ਰਿਤ ਕਰਮੇ। ਅੰਬ੍ਰਿਤ ਧਰਮੇ।*
*ਅਖਿੱਲ ਜੋਗੇ। ਅਚੱਲ ਭੋਗੇ।*

*ਰੂਆਲ :*

*ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ।*
*ਸਰਬ ਮਾਨ ਤ੍ਰਿਮਾਨ ਦੇਵ, ਅਭੇਵ ਆਦਿ ਉਦਾਰ।*

*ਮਧੁਭਾਰ :*

*ਗੁਨ ਗੁਨ ਉਦਾਰ। ਮਹਿਮਾ ਅਪਾਰ।*
*ਆਸਨ ਅਭੰਗ। ਉਪਮਾ ਅਨੰਗ।*

*ਭਗਵਤੀ :*

*ਕਿ ਆਛਿੱਜ ਦੇਸੈ। ਕਿ ਆਭਿੱਜ ਭੇਸੈ।*
*ਕਿ ਆਗੰਜ ਕਰਮੈ। ਕਿ ਆਭੰਜ ਭਰਮੈ।*

*ਰਸਾਵਲ :*

*ਨਮੋ ਨਰਕ ਨਾਸੇ। ਸਦੈਵੰ ਪ੍ਰਕਾਸੇ।*
*ਅਨੰਗੰ ਸਰੂਪੇ। ਅਭੰਗੰ ਬਿਭੂਤੇ।*

*ਹਰਿ ਬੋਲਮਨਾ ਛੰਦ :*

*ਕਰੁਣਾਲਯ ਹੈਂ। ਅਰਿ ਘਾਲਯ ਹੈਂ।*
*ਖਲ ਖੰਡਨ ਹੈਂ। ਮਹਿ ਮੰਡਨ ਹੈਂ।*

*ਏਕ ਅੱਛਰੀ ਛੰਦ :*

*ਅਜੈ। ਅਲੈ। ਅਭੈ। ਅਬੈ।*

ਉਪਰੋਕਤ ਛੰਦਾਂ ਤੋਂ ਇਲਾਵਾ 'ਅਕਾਲ ਉਸਤਤਿ' ਵਿਚ ਤੋਮਰ ਛੰਦ, ਲਘੁਨਰਾਜ ਛੰਦ, ਪਾਧੜੀ, ਨਰਾਜ, ਦੀਘਰ ਤ੍ਰਿਭੰਗੀ ਛੰਦ ਦੀ ਵਰਤੋਂ ਵੀ ਕੀਤੀ ਗਈ ਹੈ। 'ਰਾਮਾਵਤਾਰ' ਵਿਚ ਵੀ ਅਨੇਕ ਨਵੇਂ ਛੰਦਾਂ ਦਾ ਪਰਯੋਗ ਦ੍ਰਿਸ਼ਟੀਗਤ ਹੁੰਦਾ ਹੈ। ਇਨ੍ਹਾਂ ਛੰਦ-ਪਰਕਾਰਾਂ ਵਿਚ ਤੋਟਕ, ਮਧੁਰ ਧੁਨਿ, ਨਗਸਰੂਪੀ, ਉਗਾਧ, ਉਗਾਥਾ, ਮਨੋਹਰ, ਬਿਰਾਜ, ਨਵ ਨਾਮਕ, ਸਿਰਖਿੰਡੀ, ਤਿਲਕੜੀਆਂ, ਮੋਹਣੀ, ਹੋਹਾ, ਅਜਬਾ, ਤ੍ਰਿਗਤਾ, ਅਨਹਦ, ਬਹੜਾ ਆਦਿ ਸ਼ਾਮਿਲ ਹਨ। ਛੰਦਾਂ ਦਾ ਐਨਾ ਵਿਆਪਕ ਪਰਯੋਗ ਸੁਨਣ ਵਾਲਿਆਂ ਨੂੰ ਨਿਸਚੇ ਹੀ ਅਚੰਭੇ ਵਿਚ ਪਾ ਦਿੰਦਾ ਹੈ। ਸ਼ਬਦਾਂ ਦਾ ਚਮਤਕਾਰੀ ਪਰਯੋਗ ਹਿਰਦੇ ਨੂੰ ਸਹਿਜੇ ਹੀ, ਹੁਲਾਰਾ ਦੇ ਜਾਂਦਾ ਹੈ।

'ਦਸਮ ਗ੍ਰੰਥ' ਵਿਚ ਪ੍ਰਯੁਕਤ 'ਸੰਗੀਤ ਛੰਦ' ਗੁਰੂ ਗੋਬਿੰਦ ਸਿੰਘ ਦੀ ਸੰਗੀਤਿਕ ਕਲਾਕ੍ਰਿਤੀ ਦੀ ਬੇਮਿਸਾਲ ਉਦਾਹਰਨ ਹਨ। ਇਨ੍ਹਾਂ ਵਿਚ ਮ੍ਰਿਦੰਗ ਦੇ ਭਿੰਨ ਭਿੰਨ ਬੋਲਾਂ ਨੂੰ ਆਧਾਰ ਬਣਾ ਕੇ ਕਾਵਿ ਰਚਨਾ ਕੀਤੀ ਗਈ ਹੈ। ਇਨ੍ਹਾਂ ਵਿਚਲੀ ਲੈਅ, ਸ਼ਬਦਾਂ ਦਾ ਪਰਵਾਹ ਅਤੇ ਤਾਲ-ਬੱਧ ਸੰਰਚਨਾ, ਇਕ ਅਦਭੁਤ ਰਸ ਦਾ ਸਿਰਜਨ ਕਰਦੇ ਹਨ :

*ਸੰਗੀਤ ਮਧੁਭਾਰ :*

*ਕਾਗੜਦੰ ਕੜਾਕ। ਤਾਗੜਦੰ ਤੜਾਕ।*
*ਸਾਗੜਦੰ ਸੁ ਬੀਰ। ਗਾਗੜਦੰ ਗਹੀਰ।* (ਚੰਡੀ ਚਰਿਤ੍ਰ, ਦੂਜਾ)

*ਸੰਗੀਤ ਭੁਜੰਗ ਪ੍ਰਯਾਤ :*

*ਨਾਗੜਦੰ ਨਾਦੰ। ਬਾਗੜਦੰ ਬਾਜੇ।*
*ਸਾਗੜਦੰ ਸੂਰੰ। ਰਾਗੜਦੰ ਰਾਜੇ।* (ਚੰਡੀ ਚਰਿਤ੍ਰ, ਦੂਜਾ)

*ਸੰਗੀਤ ਛਪੈ ਛੰਦ :*

*ਕਾਗੜਦੀ ਕੁੱਪਯੋ ਕਪਿ ਕਟਕ,*
*ਬਾਗੜਦੀ ਬਾਜਨ ਰਣ ਬੱਜੀਯ।* (ਰਾਮਾਵਤਾਰ)

*ਸੰਗੀਤ ਪਧਿਸ਼ਟਕਾ ਛੰਦ :*

*ਕਾਂਗੜਦੰ ਕੋਪ ਕੈ ਦਈਤ ਰਾਜ।*
*ਜਾਗੜਦੰ ਜੁੱਧ ਕੋ ਸਜਯੋ ਸਾਜ।* (ਰਾਮਾਵਤਾਰ)

*ਸੰਗੀਤ ਬਹੜਾ ਛੰਦ :*

*ਸਾਗੜਦੀ ਸਾਂਗ ਸੰਗ੍ਰਹੈਂ,*
*ਤਾਗੜਦੀ ਰਣਿ ਤੁਰੀ ਨਚਾਵਹਿੰ।*
*ਝਾਗੜਦੀ ਝੂਮਿ ਗਿਰਿ ਭੂਮਿ,*
*ਚਾਗੜਦੀ ਸੁਰ ਪੁਰਹਿ ਸਿਧਾਵਹਿੰ।* (ਰਾਮਾਵਤਾਰ)

*ਸੰਗੀਤ ਨਰਾਜ ਛੰਦ :*

*ਸੁਬੀਰ ਜਾਗੜਦੰ ਜਗੇ ਲੜਾਕ ਸਾਗੜਦੰ ਪਗੇ।* (ਚੰਡੀ ਚਰਿਤ੍ਰ, ਦੂਜਾ)

*ਸੰਗੀਤ ਪਾਧੜੀ :*

*ਤਾਗੜਦੰ ਤਾਲ ਬਾਜਤ ਮੁਚੰਗ।*

**ਦਸਮ ਗ੍ਰੰਥ ਵਿਚ ਪ੍ਰਯੁਕਤ ਸੰਗੀਤਿਕ ਸ਼ਬਦਾਵਲੀ**

'ਦਸਮ ਗ੍ਰੰਥ' ਵਿਚ ਸੰਗੀਤ ਦੇ ਅਨੇਕਾਂ ਪਰਿਭਾਸ਼ਕ ਸ਼ਬਦ ਇਸ ਗੱਲ ਦੇ ਸੂਚਕ ਹਨ ਕਿ ਗੁਰੂ ਗੋਬਿੰਦ ਸਿੰਘ ਨੂੰ ਸੰਗੀਤ ਦਾ ਗਹਿਰਾ ਗਿਆਨ ਸੀ। ਪਰਿਭਾਸ਼ਕ ਸ਼ਬਦਾਂ ਜਿਵੇਂ ਤਾਲ, ਸੁਰ, ਗੰਧ੍ਰਬ, ਕਿੰਨਰ, ਤਾਨ, ਨਾਦ, ਗੀਤ, ਨ੍ਰਿਤ, ਰਾਸ, ਧੁਨੀ, ਕੋਲਾਹਲ, ਤੰਤੀ ਆਦਿ ਦਾ ਪਰਯੋਗ ਕਾਵਿ ਨੂੰ ਸੰਗੀਤਿਕ ਰੰਗਣ ਦਿੰਦਾ ਹੈ।

'ਦਸਮ ਗ੍ਰੰਥ' ਵਿਚ ਵਰਤੀ ਗਈ ਸੰਗੀਤਿਕ ਸ਼ਬਦਾਵਲੀ ਅਤੇ ਪ੍ਰਤੀਕ, ਗੁਰੂ ਜੀ ਦੀ ਸੰਗੀਤਿਕ ਸੂਝ

ਦੇ ਪਰਿਚਾਯਕ ਹਨ। ਸੰਗੀਤਿਕ ਸ਼ਬਦਾਵਲੀ ਦੀ ਅਨੂਪਮ ਵਰਤੋਂ ਦੀਆਂ ਕੁਝ ਉਦਾਹਰਨਾਂ ਇਸ ਪਰਕਾਰ ਹਨ :

*—ਉਦਘਟਤ ਤਾਨ ਤਰੰਗ ਰੰਗ ਅਤਿ*
*ਬਜਾਵਤ ਢੋਲ ਮ੍ਰਿਦੰਗ ਨਗਾਰੇ।*
*—ਝਾਲਰ ਤਾਲ ਮ੍ਰਿਦੰਗ ਉਪੰਗ*
*ਰਬਾਬ ਲੀਏ ਸੁਰ ਸਾਜ ਮਿਲਾਵੈ।* (ਚੰਡੀ ਚਰਿਤ੍ਰ)
*ਮਿਲਿ ਸੁੰਦਰ ਗਾਵਤ ਗੀਤ ਸਬੈ,*
*ਸੁ ਬਜਾਵਤ ਹੈਂ ਕਰ ਤਾਲ ਤਬੈ।* (ਕ੍ਰਿਸ਼ਨਾਵਤਾਰ)
*ਬਾਜਤ ਜੰਗ ਮੁਦੰਗ ਅਪਾਰੰ,*
*ਢੋਲ ਮ੍ਰਿਦੰਗ ਸੁਰੰਗ ਸੁਧਾਰੰ।*
*ਗਾਵਤ ਗੀਤ ਚੰਚਲਾ ਨਾਰੀ।*
*ਨੈਨ ਨਚਾਇ ਬਜਾਵਤ ਤਾਰੀ।* (ਰਾਮਾਵਤਾਰ)

'ਸ੍ਰੀ ਦਸਮ ਗ੍ਰੰਥ' ਦੀਆਂ ਬਹੁਤੀਆਂ ਬਾਣੀਆਂ ਵਿਚ ਸੰਗੀਤਮਈ ਦ੍ਰਿਸ਼ਾਂ, ਪ੍ਰਤੀਕਾਂ ਅਤੇ ਬਿੰਬਾਂ ਦੀ ਵਰਤੋਂ ਅਨੇਕ ਸਥਾਨਾਂ ਤੇ ਮਿਲੀ ਹੈ। 'ਕ੍ਰਿਸ਼ਨਾਵਤਾਰ' ਵਿਚ ਕਾਨ੍ਹ ਅਤੇ ਗੋਪੀਆਂ ਦੀ ਰਾਸ ਲੀਲ੍ਹਾ ਦਾ ਸੰਗੀਤਮਈ ਵਰਨਨ ਅਦੁੱਤੀ ਹੈ :

*—ਕਾਨ੍ਹ ਬਜਾਵਤ ਹੈ ਮੁਰਲੀ, ਅਤਿ ਆਨੰਦ ਕੈ ਮਨਿ ਡੇਰਨ ਆਏ।*
*ਤਾਲ ਬਜਾਵਤ ਕੂਦਤ ਆਵਤ, ਗੋਪ ਸਭੋ ਮਿਲਿ ਮੰਗਲ ਗਾਏ।*
*—ਗਾਵਤ ਏਕ ਨਚੈ ਇਕ ਗ੍ਵਾਰਨਿ ਤਾਰਿਨ ਕਿੰਕਨ ਕੀ ਧੁਨਿ ਬਾਜੈ।*
*ਜਿਉਂ ਮ੍ਰਿਗ ਰਾਜਤ ਬੀਚ ਮ੍ਰਿਗੀ, ਹਰਿ ਤਿਉ ਗਨ ਗ੍ਵਾਰਿਨ ਬੀਚ ਬਿਰਾਜੈ।*

ਦਸਮ ਗ੍ਰੰਥ ਦੀ ਸੰਗੀਤਾਤਮਕਤਾ ਦਾ ਸਿਖਰ ਰਣ-ਭੂਮੀ ਵਿਚਲੇ ਦ੍ਰਿਸ਼ਾਂ ਦਾ ਸੰਗੀਤਿਕ ਬਿੰਬਾਂ ਨਾਲ ਓਤ-ਪੋਤ ਵਰਨਨ ਹੈ। ਜਿਵੇ :

*ਬਜੰਤ ਤਾਲੇ ਤੰਬੁਰੰ, ਬਿਸੇਖ ਬੀਨ ਬੇਣਯੰ।*
*ਮ੍ਰਿਦੰਗ ਝਾਲ ਨਾ ਫਿਰੰ, ਸੁ ਨਾਇ ਭੇਰਿ ਭੈਕਰੰ।*
*ਉਠੰਤ ਨਾਦਿ ਨਿਰਮਲੰ, ਤੁਟੰਤ ਤਾਲ ਤੱਥਿਯੰ।*
*ਬਦੰਤ ਕਿੱਤ ਬੰਦੀਆਂ, ਕਬਿੰਦ੍ਰ ਕਾਬਯ ਕੱਥਿਯੰ।* (ਰਾਮਾਵਤਾਰ)

'ਚੰਡੀ ਚਰਿਤ੍ਰ' ਵਿਚਲੇ ਯੁੱਧ ਦਾ ਵਰਨਨ ਕਰਦੇ ਹੋਏ ਲਿਖਦੇ ਹਨ :

*—ਤੁਰਹੀ ਢੋਲ ਨਗਾਰੇ ਬਾਜੇ। ਭਾਂਤਿ ਭਾਂਤਿ ਜੋਧਾ ਰਣਿ ਗਾਜੇ।*
*ਢਡਿ ਡੱਢ ਡਮਰੁ ਡੁਗਡੁਗੀ ਘਨੀ। ਨਾਇ ਨਫੀਰੀ ਜਾਤ ਨ ਗਨੀ।*
(ਚੰਡੀ ਚਰਿਤ੍ਰ, ਦੂਜਾ)

*—ਬਜੈ ਸੰਖ ਭੇਰੀ, ਉਠੈ ਸੰਖ ਨਾਦੰ।*
*ਰਣੰਕੈ ਨਫੀਰੀ, ਧੁਣ ਨਿਰਬਿਖਾਦੰ।* (ਉਹੀ)

*ਢੋਲ ਨਗਾਰੇ ਵਾਏ, ਭੇਰੀ ਸੰਖ ਵਜਾਏ।*
*ਉਠੇ ਨੱਦ ਨਾਦੰ, ਢਮੱਕਾਰ ਢੋਲੇ, ਬਜੇ ਡੰਕ ਬੰਕੇ।* (ਵਾਰ ਦੁਰਗਾ ਕੀ)

**ਪਰਮਾਤਮਾ ਦੀ ਸਰਬੋਤਮ ਸੰਗੀਤਕਾਰ ਵਜੋਂ ਉਪਮਾ :**

ਭਾਰਤੀ ਅਧਿਆਤਮਿਕ ਪਰੰਪਰਾ ਅਨੁਸਾਰ ਪਰਮਾਤਮਤਾ ਦੇ ਇਕ ਰੂਪ ਨੂੰ 'ਨਾਦ-ਬ੍ਰਹਮ' ਦਾ ਨਾਮ ਵੀ ਦਿੱਤਾ ਗਿਆ ਹੈ। ਉਸ ਦੇ ਇਹ ਨਾਦਾਤਮਿਕ ਰੂਪ ਦੀ ਉਪਾਸਨਾ ਕਰਨ ਵਾਲੇ 'ਨਾਦ-ਯੋਗੀ' ਕਹਿਲਾਉਂਦੇ ਹਨ। ਗੁਰੂ ਜੀ ਨੇ ਉਸ ਅਕਾਲ ਪੁਰਖ ਨੂੰ ਮਹਾਂ-ਸੰਗੀਤਕਾਰ ਦਰਸ਼ਾਂਦੇ ਹੋਏ ਉਸ ਦੀ ਉਸਤਤਿ

ਵਿਚ ਲਿਖਿਆ ਹੈ :

*ਨਮੋ ਗੀਤ ਗੀਤੇ। ਨਮੋ ਤਾਨ ਤਾਨੇ।*
*ਨਮੋ ਨ੍ਰਿਤ ਨ੍ਰਿਤੇ। ਨਮੋ ਨਾਦ ਨਾਦੇ।* (ਜਾਪੁ ਸਾਹਿਬ)

'ਅਕਾਲ ਉਸਤਤਿ' ਵਿਚ ਪਰਮਾਤਮਾ ਦੇ ਵੱਖ ਵੱਖ ਸੰਗੀਤਿਕ ਰੂਪਾਂ ਦਾ ਵਰਨਣ ਬੜੀ ਸੰਗੀਤਮਈ ਕਵਿਤਾ ਵਿਚ ਕਰਦੇ ਹਨ :

*ਕਹੂੰ ਗੀਤ ਕੇ ਗਵੱਯਾ। ਕਹੂੰ ਬੇਨੁ ਕੇ ਬਜੱਯਾ;*
*ਕਹੂੰ ਨ੍ਰਿਤ ਕੇ ਨਚੱਯਾ। ਕਹੂੰ ਨਰ ਕੋ ਅਕਾਰ ਹੋ।*

*ਅਤੇ*

*ਗਾਏ ਗਾਏ ਹਟੇ ਗੰਧ੍ਰਬ, ਗਵਾਇ ਕਿੰਨਰ ਗਰਬ।*

'ਬਿਚਿਤ੍ਰ ਨਾਟਕ' ਵਿਚ ਪ੍ਰਭੂ ਦੀ ਉਪਮਾ ਵਿਚ ਲਿਖਦੇ ਹਨ :

*ਘੁਰੰ ਘੁੰਘਰੇਯੰ। ਧੁਣੰ ਨੇਵਰੇਯੰ।*
*ਮਹਾਂ ਨਾਦ ਨਾਦੰ। ਸੁਰੰ ਨਿਰਬਿਖਾਦੰ।*

**ਦਸਮ ਗ੍ਰੰਥ ਵਿਚ ਪ੍ਰਯੁਕਤ ਸਾਜ** : ਦਸਮ ਗ੍ਰੰਥ ਦੀ ਬਾਣੀ ਵਿਚ ਢੋਲ, ਮਿਰਦੰਗ, ਦੰਗ, ਸੰਖ, ਨਗਾਰੇ, ਭੇਰੀ, ਨਫ਼ੀਰ, ਮੁਰਲੀ, ਡੱਫ਼, ਢੱਡ, ਧੌਂਸੇ, ਰਬਾਬ, ਤੰਬੂਰ, ਘੁੰਘਰੂ, ਮਰਤਾਲ, ਬੀਨ ਆਦਿ ਸਾਜ਼ਾਂ ਦਾ ਵਰਨਨ ਹੈ। ਭਾਰਤੀ ਸੰਗੀਤ ਦੇ ਸਾਜ਼ਾਂ ਨੂੰ ਚਾਰ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ, ਤੰਤੀ ਸਾਜ਼, ਅਵਨੱਧ ਸਾਜ਼ (ਚਮੜੇ ਮੜ੍ਹੇ ਹੋਏ), ਸੁਸ਼ਿਰ ਸਾਜ਼ (ਹਵਾ ਨਾਲ ਵੱਜਣ ਵਾਲੇ) ਅਤੇ ਘਨ ਸਾਜ਼ (ਧਾਤ ਦੇ ਬਣੇ ਹੋਏ) ਜੋ ਆਪਸੀ ਰਗੜ ਨਾਲ ਧੁਨੀ ਉਤਪੰਨ ਕਰਦੇ ਹਨ। ਦਸਮ ਗ੍ਰੰਥ ਵਿਚ ਵਰਨਿਤ ਸਾਜ਼ ਇਨ੍ਹਾਂ ਸਾਰੀਆਂ ਹੀ ਸ਼੍ਰੇਣੀਆਂ ਦੇ ਹਨ। ਰਬਾਬ ਅਤੇ ਤੰਬੂਰ, ਤੰਤੀ ਸਾਜ਼ ਹਨ। ਢੋਲ, ਮਿਰਦੰਗ, ਨਗਾਰੇ, ਡੱਫ, ਢੱਡ, ਧੌਂਸੇ, ਅਵਨੱਧ ਸਾਜ਼ ਸਨ। ਸੰਖ, ਭੇਰੀ, ਨਫ਼ੀਰ, ਮੁਰਲੀ, ਬੀਨ, ਫੂਕ ਨਾਲ ਵੱਜਣ ਵਾਲੇ ਸਾਜ਼ ਹਨ ਅਤੇ ਘੁੰਘਰੂ ਤੇ ਕਰਤਾਲ ਘਨ ਸਾਜ਼ਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਦਸਮ ਗ੍ਰੰਥ ਦੀ ਹੇਠਲੀ ਤੁਕ ਵਿਚ ਭਾਰਤੀ ਸੰਗੀਤ-ਸਾਜ਼ਾਂ ਦੇ ਪਰਕਾਰਾਂ ਦੀ ਜਾਣਕਾਰੀ ਬੜੀ ਸਪਸ਼ਟਤਾ ਨਾਲ ਦਿੱਤੀ ਗਈ ਹੈ :

*ਤੱਤ ਬਿਤ ਘਨ ਸੁਖਰਸ ਸਬ ਬਾਜੈ,*
*ਸੁਨਿ ਮਨ ਰਾਗੰ ਗੁਨਿ ਗਨ ਲਾਜੈ।*

**ਸਮਕਾਲੀਨ ਗਾਇਨ-ਸ਼ੈਲੀਆਂ ਨੂੰ ਮਾਨਤਾ** : ਗੁਰੂ ਗੋਬਿੰਦ ਸਿੰਘ ਨੇ ਆਪਣੀ ਇਕ ਰਚਨਾ ਉੱਪਰ 'ਖ਼ਿਆਲ' ਸਿਰਲੇਖ ਦੇ ਕੇ ਉਸ ਸਮੇਂ ਉਭਰ ਰਹੀ ਇਸ ਗਾਇਨ ਸ਼ੈਲੀ ਨੂੰ ਮਾਨਤਾ ਦਿੱਤੀ ਹੈ, ਜਿਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਆਪਣੇ ਸਮਕਾਲੀ ਸੰਗੀਤਿਕ ਹਾਲਤਾਂ ਦੀ ਉਨ੍ਹਾਂ ਨੂੰ ਨਿੱਗਰ ਜਾਣ ਕਾਰੀ ਸੀ। 'ਖ਼ਿਆਲ' ਸਿਰਲੇਖ ਹੇਠ ਦਰਜ ਇਹ ਸ਼ਬਦ ਹੈ :

*ਖ਼ਿਆਲ ਪਾਤਸ਼ਾਹੀ ੧੦॥*
*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ।*
*ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣੁ; ਨਾਗ ਨਿਵਾਸਾਂ ਦੇ ਰਹਣਾ।*
*ਸੂਲ ਸੁਰਾਹੀ ਖੰਜਰੁ ਪਿਆਲਾ; ਬਿੰਗੁ ਕਸਾਈਆਂ ਦਾ ਸਹਿਣਾ।*
*ਯਾਰੜੇ ਦਾ ਸਾਨੂੰ ਸੱਥਰੁ ਚੰਗਾ; ਭੱਠ ਖੇੜਿਆਂ ਦਾ ਰਹਿਣਾ।*

ਇਸ 'ਖ਼ਿਆਲ' ਵਿਚ ਆਪਣੇ ਮਿੱਤਰ ਪਿਆਰੇ ਤੋਂ ਜੁਦਾ ਹੋਇਆ ਕਵੀ ਬਿਰਹਾ ਦੀ ਤੜਪ ਨੂੰ ਕਲਪਨਾ ਦੇ ਵੱਖ-ਵੱਖ ਬਿੰਬਾਂ ਰਾਹੀਂ ਜ਼ਾਹਰ ਕਰਦਾ ਹੈ। ਖ਼ਿਆਲ ਗੀਤ ਦੀ ਸੰਖੇਪ ਰਚਨਾ ਵਿਚ ਸਥਾਈ ਅਤੇ ਅੰਤਰਾ ਦੋ ਭਾਗ ਹੁੰਦੇ ਹਨ। ਕਾਵਿ ਬੜਾ ਕਲਾਤਮਕ ਅਤੇ ਕਲਪਨਾ ਭਰਪੂਰ ਹੁੰਦਾ ਹੈ। ਵਿਸ਼ਾ-ਵਸਤੂ ਬਹੁਤਾ ਕਰਕੇ ਸ਼ਿੰਗਾਰ ਰਸ ਨਾਲ ਓਤ-ਪੋਤ ਹੁੰਦਾ ਹੈ। ਇਸ ਪੱਖੋਂ ਗੁਰੂ ਜੀ ਦੇ ਉਪਰੋਕਤ ਖ਼ਿਆਲ ਦੀ ਬਣਤਰ ਬੜੀ ਸੁਚੱਜੀ ਹੈ। ਵਰਨਨਯੋਗ ਹੈ ਕਿ ਖ਼ਿਆਲ-ਗੀਤਾਂ ਦੇ ਮਹਾਨ ਰਚਨਾਕਾਰ, ਮੁਹੰਮਦ ਸ਼ਾਹ ਰੰਗੀਲੇ (1719-1748 ਈ.) ਦੇ ਦਰਬਾਰੀ ਗਾਇਕ ਸਦਾਰੰਗ ਦੇ ਖ਼ਿਆਲ-ਗੀਤਾ ਦੀ ਰਚਨਾ ਗੁਰੂ ਜੀ ਦੇ ਉਪਰੋਕਤ ਦਸਮ ਗ੍ਰੰਥ ਵਿਚਲੀ

'ਕ੍ਰਿਸ਼ਨਾਵਤਾਰ' ਬਾਣੀ ਵਿਚ ਦਰਜ (ਬਾਰਾਂ ਮਾਂਹ) ਜਿੱਥੇ ਸਾਹਿਤ ਪੱਖੋਂ ਉਤਕ੍ਰਿਸ਼ਟਤਾ ਦਾ ਨਮੂਨਾ ਹੈ, ਓਥੇ ਸੰਗੀਤਕ ਪੱਖੋਂ ਵੀ ਇਸ ਦੀ ਬਹੁਤ ਮਹੱਤਤਾ ਹੈ। ਸਾਲ ਦੇ ਬਾਰਾਂ ਮਹੀਨਿਆਂ ਦੇ ਮੌਸਮ ਅਤੇ ਮਾਹੌਲ ਦਾ ਅਨੂਪਮ ਵਰਨਨ ਇਨ੍ਹਾਂ ਪਦਾਂ ਵਿਚ ਮਿਲਦਾ ਹੈ। ਰਿਤੂਆਂ ਅਤੇ ਰਾਗਾਂ ਦਾ ਆਪਸ ਵਿਚ ਗਹਿਰਾ ਸੰਬੰਧ ਹੈ। ਵੱਖ ਵੱਖ ਰਿਤੂਆਂ ਵਿਚ ਪ੍ਰਕਿਰਤੀ ਦੇ ਵਿਵਿਧ ਰੂਪਾਂ ਦਾ ਵਰਨਨ ਰਾਗਮਈ ਰਚਨਾਵਾਂ ਵਿਚ ਅਕਸਰ ਮਿਲਦਾ ਹੈ। ਦਸਮ ਗ੍ਰੰਥ ਵਿਚਲੇ ਬਾਰਾਂ ਮਾਹ ਦੇ ਸਵੈਯੇ ਅਨੰਤ ਸੰਗੀਤਿਕ ਸੰਭਾਵਨਾਵਾਂ ਆਪਣੇ ਅੰਦਰ ਸਮੋਈ ਬੈਠੇ ਹਨ :

*—ਫਾਗੁਨ ਮੈ ਸਖੀ ਡਾਰਿ ਗੁਲਾਲ, ਸਭੈ ਹਰਿ ਸਿਉਂ ਬਨ ਬੀਚ ਰਮੈ।*
*—ਜੇਠ ਸਮੈ ਸਖੀ ਤੀਰ ਨਦੀ, ਹਮ ਖੇਲਤ ਚਿੱਤਿ ਹੁਲਾਸ ਬਢਾਈ।*
*—ਜੋਰਿ ਘਟਾ ਘਨ ਆਏ ਜਹਾਂ ਸਖੀ, ਬੂੰਦਨ ਮੇਘ ਭਲੀ ਛਬਿ ਪਾਈ।*

'ਕ੍ਰਿਸ਼ਨਾਵਤਾਰ' ਵਿਚ ਹੀ ਇਕ ਹੋਰ ਸਥਾਨ ਤੇ 'ਖੇਲਤ ਸਯਾਮ ਧਮਾਰ ਅਨੂਪ' ਰਾਹੀਂ ਫੱਗਣ ਮਹੀਨੇ ਦੀ ਹੋਰੀ ਦਾ ਵਰਨਨ ਕੀਤਾ ਹੈ। ਫੱਗਣ ਦੀ ਰੁੱਤ ਵਿਚ ਹੋਲੀ ਖੇਡਣ ਨੂੰ 'ਖੇਲਤ ਧਮਾਰ' ਕਹਿਣਾ, ਪਰਸਿੱਧ ਗਾਇਨ ਸ਼ੈਲੀ ਧਮਾਰ ਸੰਬੰਧੀ ਜਾਣਕਾਰੀ ਨੂੰ ਦਰਸਾਉਣਾ ਅਤੇ ਵਿਸ਼ੈ-ਵਸਤੂ ਦੀ ਕਲਾ ਕੌਸ਼ਲਤਾ ਨੂੰ ਬਿਆਨਣਾ ਹੈ। 'ਕ੍ਰਿਸ਼ਨਾਵਤਾਰ' ਵਿਚ ਅੰਕਿਤ ਹੈ :

*—ਮਾਘ ਬਿਤੀਤ ਭਏ ਰੁਤਿ ਫਾਗੁਨ, ਆਇ ਗਈ ਸਭ ਖੇਲਤ ਹੋਰੀ।*
*ਖੇਲਤ ਸਯਾਮ ਧਮਾਰ ਅਨੂਪ, ਮਹਾਂ ਮਿਲਿ ਸੁੰਦਰਿ ਸਾਂਵਲ ਗੋਰੀ।*

ਸ੍ਰੀ ਦਸਮ ਗ੍ਰੰਥ ਵਿਚਲੀ ਬਾਣੀ ਵਿਚਲਾ ਉੱਚ ਸਤਰ ਦਾ ਸਾਹਿਤ, ਸੰਗੀਤ ਵਿਚ ਵਰੋਸਾਇਆ ਅਤੇ ਪਰਣਾਇਆ ਹੋਇਆ ਹੈ। ਉਪਰੋਕਤ ਤੁਕਾਂ ਨੂੰ ਪੜ੍ਹ ਕੇ ਸਹਿਜੇ ਹੀ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਦਸਮ ਗ੍ਰੰਥ ਵਿਚ ਸੰਗੀਤ ਅਤੇ ਸਾਹਿਤ ਦਾ ਕਿੰਨਾ ਅਨਮੋਲ ਖ਼ਜ਼ਾਨਾ ਛੁਪਿਆ ਹੋਇਆ ਹੈ। ਇਸ ਨੂੰ ਜਿਵੇਂ ਜਿਵੇਂ ਪੜ੍ਹੀਏ, ਤਿਉਂ ਤਿਉਂ ਹੋਰ ਅਗੇਰੇ ਸੰਗੀਤਿਕ ਗਹਿਰਾਈਆਂ ਦੇ ਨਾਦ ਸਾਗਰ ਵਿਚ ਡੂੰਘੇ ਉਤਰਦੇ ਜਾਈਦਾ ਹੈ।

---

*ਦਸਮ ਗ੍ਰੰਥ ਦੀਆਂ ਤੁਕਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਛਾਪੇ ਗਏ, ਭਾਈ ਰਣਧੀਰ ਸਿੰਘ ਦੁਆਰਾ ਸੰਪਾਦਿਤ ਕੀਤੇ ਗਏ *'ਸ਼ਬਦਾਰਥ ਸ੍ਰੀ ਦਸਮ ਗ੍ਰੰਥ ਸਾਹਿਬ'* (ਤਿੰਨ ਪੋਥੀਆਂ) ਵਿਚੋਂ ਲਈਆਂ ਗਈਆਂ ਹਨ।

# ਸਿੱਖ ਇਤਿਹਾਸ ਦੇ ਆਧੁਨਿਕ ਚਿੱਤਰਕਾਰ

ਅਜੀਤ ਸਿੰਘ ਜੱਬਲ

ਸਿੱਖ ਇਤਿਹਾਸ ਦੇ ਆਧੁਨਿਕ ਚਿੱਤਰਕਾਰਾਂ ਬਾਰੇ ਚਰਚਾ ਕਰਨ ਤੋਂ ਪਹਿਲਾਂ ਸਿੱਖ ਇਤਿਹਾਸ ਵੱਲ ਪੰਛੀ ਝਾਤ ਪਾਉਣੀ ਜ਼ਰੂਰੀ ਹੈ।

ਸਿੱਖ ਇਤਿਹਾਸ ਪੰਜ ਕੁ ਸੌ ਸਾਲ ਪੁਰਾਣਾ ਹੈ। ਇਸ ਦੇ ਬਾਨੀ ਗੁਰੂ ਨਾਨਕ ਦੇਵ ਸਿੱਖ ਇਤਿਹਾਸ ਦੇ ਪਹਿਲੇ ਗੁਰੂ ਸਨ। ਇਸ ਤੋਂ ਬਾਅਦ ਗੁਰੂ ਅੰਗਦ ਦੇਵ, ਗੁਰੂ ਅਮਰ ਦਾਸ, ਗੁਰੂ ਰਾਮ ਦਾਸ ਅਤੇ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੀ ਜੀਵਨ ਜਾਚ ਅਤੇ ਗ੍ਰਹਿਸਤ ਵਿਚ ਮੁਕਤ ਹੋਣ ਦੀ ਜਾਂਚ ਦੱਸੀ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਧਰਮ ਨੂੰ ਨਵਾਂ ਮੋੜ ਦਿੱਤਾ। ਮੁਗ਼ਲ ਬਾਦਸ਼ਾਹਾਂ ਦੇ ਅਣ-ਮਨੁੱਖੀ ਅਤਿਆਚਾਰ ਨੂੰ ਠੱਲ੍ਹ ਪਾਉਣ ਲਈ ਅਕਾਲ ਤਖ਼ਤ ਰਚਿਆ ਅਤੇ ਮੀਰੀ ਪ੍ਰੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ, ਜੰਗਾਂ ਲੜੀਆਂ ਤਾਂ ਸਿੱਖ ਇਤਿਹਾਸ ਆਰੰਭ ਹੋਇਆ। ਗੁਰੂ ਤੇਗ ਬਹਾਦਰ ਜੀ ਨੇ ਸਿੱਖ ਇਤਿਹਾਸ ਵਿਚ ਆਪਣੇ ਧਾਰਮਿਕ ਕੰਮਾਂ ਤੋਂ ਛੁੱਟ ਇਤਿਹਾਸਿਕ ਜੰਗਾਂ ਵੀ ਲੜੀਆਂ ਅਤੇ ਹਿੰਦੂ ਧਰਮ ਦੀ ਰਾਖੀ ਲਈ ਦਿੱਲੀ ਦੇ ਚਾਂਦਨੀ ਚੌਂਕ ਵਿਚ ਅਦੁੱਤੀ ਸ਼ਹਾਦਤ ਦਿੱਤੀ। ਗੁਰੂ ਗੋਬਿੰਦ ਸਿੰਘ ਨੇ ਨੌ ਸਾਲ ਦੀ ਉਮਰ ਵਿਚ ਸਿੱਖ ਧਰਮ ਦੀ ਵਾਗਡੋਰ ਸੰਭਾਲੀ। ਪਹਿਲੇ ਨੌ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਅੱਗੇ ਤੋਰਦੇ ਹੋਏ ਪੂਰਨ ਵਿਕਾਸ ਅਤੇ ਅਣਖ ਵਾਲਾ ਜੀਵਨ ਜਿਉਣ ਲਈ ਅਦੁੱਤੀ ਕੁਰਬਾਨੀਆਂ ਦਿੱਤੀਆਂ। ਸਾਰਾ ਪਰਿਵਾਰ ਕੁਰਬਾਨ ਕੀਤਾ।

ਬੰਦਾ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਕੇ ਜ਼ਬਰ ਵਿਰੁੱਧ ਜੰਗਾਂ ਕੀਤੀਆਂ ਅਤੇ ਸ਼ਹਾਦਤ ਪਾਈ। ਸੰਨ 1799 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਸਿੱਖ ਰਾਜ ਦੀ ਸਥਾਪਨਾ ਕਰਕੇ ਅੰਗ੍ਰੇਜ਼ ਰਾਜ ਦੇ ਪੰਜਾਬ ਵਿਚ ਆਉਣ ਨੂੰ ਡੱਕਾ ਲਾਇਆ।

ਇਸ ਸੰਦਰਭ ਵਿਚ ਸਿੱਖ ਇਤਿਹਾਸ ਜੁਝਾਰੂ ਇਤਿਹਾਸ ਕਿਹਾ ਜਾ ਸਕਦਾ ਹੈ। ਜੰਗਾਂ ਵਿਚ ਰਹਿਣ ਕਾਰਨ ਚਿੱਤਰਕਾਰੀ ਅਤੇ ਕਲਾ ਵੱਲ ਸਿੱਖਾਂ ਦਾ ਬਹੁਤ ਘੱਟ ਧਿਆਨ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਚਿੱਤਰਕਾਰੀ ਦੀ ਸ਼ੈਲੀ ਅਤੇ ਪਹਿਚਾਨ ਸਥਾਪਤ ਹੋ ਚੁੱਕੀ ਸੀ। ਪਹਾੜੀ ਸ਼ੈਲੀ ਨੂੰ ਸਿੱਖ ਰਾਜ ਵਿਚ ਮਾਣ ਸਨਮਾਨ ਮਿਲਣਾ ਸ਼ੁਰੂ ਹੋ ਚੁੱਕਾ ਸੀ। ਪਹਾੜੀ ਰਾਜਿਆਂ ਨਾਲ ਟਾਕਰੇ ਅਤੇ ਸੰਬੰਧਾਂ ਕਾਰਨ ਪਹਾੜੀ ਸ਼ੈਲੀ ਵਿਚੋਂ ਸਿੱਖ ਚਿੱਤਰਕਾਰੀ ਦਾ ਜਨਮ ਹੋਇਆ। ਇਸ ਤਰ੍ਹਾਂ ਸਿੱਖ ਚਿੱਤਰਕਾਰੀ ਦੀ ਤਕਨੀਕ, ਸ਼ੈਲੀ ਅਤੇ ਰੂਪ ਵੀ ਪਹਾੜੀ ਚਿੱਤਰਕਾਰੀ ਦੀ ਪਰੰਪਰਾ ਜੈਸਾ ਹੀ ਸੀ। ਇਹ ਚਿੱਤਰਕਾਰੀ ਵਧੇਰੇ ਕਰਕੇ ਗੁਰੂਦੁਆਰਿਆਂ, ਮੰਦਰਾਂ, ਸ਼ਿਵਾਲਿਆਂ ਅਤੇ ਹਵੇਲੀਆਂ ਵਿਚ ਦੀਵਾਰੀ ਚਿੱਤਰਕਾਰੀ ਸੀ।

ਪ੍ਰਸਿੱਧ ਕਲਾ ਆਲੋਚਕ ਡਬਲਿਯੂ. ਜੀ. ਆਰਚਰ ਨੇ ਪਹਿਲੀ ਵਾਰੀ ਸਿੱਖ ਚਿੱਤਰਕਾਰੀ ਦਾ ਵੱਖਰਾ ਰੂਪ ਅੱਲਗ ਕਰਕੇ 'ਪੇਂਟਿੰਗ ਆਫ ਦ ਸਿੱਖਸ' ਨਾਂ ਦੀ ਕਿਤਾਬ ਲਿਖ ਕੇ ਸਿੱਖ ਚਿੱਤਰਕਲਾ ਦੇ ਇਤਿਹਾਸ ਵਿਚ ਚਿੱਤਰਕਾਰੀ ਦੀ ਨੀਂਹ ਰੱਖੀ। ਇਹ ਚਿੱਤਰ ਵਧੇਰੇ ਕਰਕੇ ਕਾਗਜ਼ੀ ਸਨ। ਇਸ ਤੋਂ ਬਾਅਦ ਸਿੱਖ ਇਤਿਹਾਸ ਨਾਲ ਸੰਬੰਧਿਤ ਕੰਧ-ਚਿੱਤਰ ਆਉਂਦੇ ਹਨ। ਜਿਨ੍ਹਾਂ ਦਾ ਕੇਂਦਰ ਲਾਹੌਰ ਅਤੇ ਪਿੱਛੋਂ ਅੰਮ੍ਰਿਤਸਰ ਬਣਿਆ ਕਿਉਂਕਿ ਸਿੱਖ ਇਤਿਹਾਸ ਦਾ ਕੇਂਦਰ ਬਿੰਦੂ ਵੀ ਅੰਮ੍ਰਿਤਸਰ ਹੀ ਹੈ। ਸਿੱਖ ਇਤਿਹਾਸ ਨਾਲ ਸੰਬੰਧਿਤ ਕੰਧ ਚਿੱਤਰਕਲਾ ਦੀ ਖੋਜ ਦਾ ਸਿਹਰਾ, ਡਬਲਿਯੂ. ਜੀ. ਆਰਚਰ, ਕੇ. ਸੀ. ਆਰੀਅਨ, ਡਾ. ਐਮ. ਐਸ. ਰੰਧਾਵਾ ਅਤੇ ਡਾ. ਕੰਵਰਜੀਤ ਸਿੰਘ ਦੇ ਸਿਰ ਜਾਂਦਾ ਹੈ।

ਡਾ. ਸੁਰਜੀਤ ਹਾਂਸ, ਜਨਮ ਸਾਖੀ ਗੁਰੂ ਬਾਬਾ ਨਾਨਕ ਬੀ 40 ਦੀ ਭੂਮਿਕਾ ਵਿਚ ਲਿਖਦੇ ਹਨ, "ਇੰਡੀਅਨ

ਆਫ਼ਿਸ ਲਾਇਬ੍ਰੇਰੀ ਵਿਚ ਹੱਥ ਲਿਖਿਤ ਬੀ. 40 ਹੈ। ਪੰਜਾਬੀ ਬੋਲੀ ਦੀ ਇਸ ਤੋਂ ਵੱਧ ਪੁਰਾਣੀ ਕੋਈ ਹੋਰ ਹੱਥ ਲਿਖਤ ਨਹੀਂ ਮਿਲਦੀ। ਇਸ ਦੀ ਰਚਨਾ ਦਾ ਸਾਲ 1733 ਈਸਵੀ ਹੈ। ਚੰਗੇ ਭਾਗਾਂ ਨੂੰ ਜਨਮ ਸਾਖੀ ਦੇ ਨੁਸਖੇ ਵਿਚ 51 ਚਿੱਤਰ ਹਨ। ਇਹ ਚਿੱਤਰ ਕਲਾ ਸਿੱਖ ਚਿੱਤਰਕਾਰੀ ਦੀ ਉਪ ਪ੍ਰਾਪਤੀ ਹੈ"। ਇਹ ਚਿੱਤਰ ਸਿੱਖ ਇਤਿਹਾਸ ਨਾਲ ਸੰਬੰਧਿਤ ਪਹਿਲੇ ਚਿੱਤਰ ਕਹੇ ਜਾ ਸਕਦੇ ਹਨ।

ਸਿੱਖ ਇਤਿਹਾਸ ਦੀ ਚਿੱਤਰਕਾਰੀ ਨੂੰ ਮਹਾਰਾਜਾ ਰਨਜੀਤ ਸਿੰਘ ਦੇ ਕਾਲ ਨਾਲ ਜੋੜਿਆ ਜਾਂਦਾ ਹੈ। ਉਸ ਸਮੇਂ ਦੇ ਬਹੁਤੇ ਚਿੱਤਰ ਸਿੱਖ ਸਰਪ੍ਰਸਤਾਂ ਲਈ ਬਣਾਏ ਗਏ ਸਨ। ਬੀ.40 ਜਨਮ ਸਾਖੀ ਵਿਚਲੀਆਂ ਤਸਵੀਰਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਨੂੰ ਸਿੱਖ ਚਿੱਤਰਕਾਰਾਂ ਨੇ ਸਿੱਖਾਂ ਲਈ ਕੇਵਲ ਬਣਾਇਆ ਹੀ ਨਹੀਂ ਸਗੋਂ ਇਸ ਵਿਚ ਸਿੱਖ ਧਰਮ ਦੇ ਸਿਧਾਂਤਾਂ ਨੂੰ ਵੀ ਦਰਸਾਇਆ ਗਿਆ ਹੈ। ਇਸ ਵਿਚਾਰ ਅਨੁਸਾਰ ਇਹ ਚਿੱਤਰ ਸਭ ਤੋਂ ਪਹਿਲੇ ਸਿੱਖ ਇਤਿਹਾਸ ਨਾਲ ਸੰਬੰਧਿਤ ਮੰਨੇ ਜਾ ਸਕਦੇ ਹਨ। ਇਹ ਚਿੱਤਰ ਲੋਕ-ਕਲਾ ਦੇ ਤੱਤਾਂ ਉਪਰ ਆਧਾਰਿਤ ਹਨ। ਇਨ੍ਹਾਂ ਦਾ ਰੂਪ ਅਤੇ ਸ਼ੈਲੀ ਵੀ ਲੋਕਧਾਰਾਈ ਹੈ। ਚਿੱਤਰ ਕਾਂਗੜਾ ਅਤੇ ਰਾਜਸਥਾਨ ਸ਼ੈਲੀਆਂ ਦੀ ਡੀਜਨਰੇਸ਼ਨ ਲੱਗਦੇ ਹਨ। ਇਨ੍ਹਾਂ ਦਾ ਰੂਪ ਲੋਕ ਕਲਾ ਦੇ ਰੂਪਾ ਨਾਲ ਸੁਮੇਲ ਖਾਂਦਾ ਹੈ।

ਇਨ੍ਹਾਂ ਕੰਧ ਚਿੱਤਰਾਂ ਦੇ ਚਿੱਤਰਕਾਰ ਗੁਮਨਾਮ ਹਨ। ਪਰ ਕੁਝ ਕੁ ਚਿੱਤਰਕਾਰਾਂ ਦੇ ਨਾਂ ਵੀ ਮਿਲਦੇ ਹਨ ਜਿਵੇਂ ਪੂਰਨ ਸਿੰਘ, ਅਮੀਰ ਸਿੰਘ, ਅਰੂੜ ਸਿੰਘ, ਗਣੇਸ਼ ਸਿੰਘ, ਗਿਆਨ ਸਿੰਘ ਨੱਕਾਸ਼, ਆਦਿ। ਸਿੱਖ ਇਤਿਹਾਸ ਚਿੱਤਰਕਾਰੀ ਦੇ ਸੰਦਰਭ ਵਿਚ ਆਧੁਨਿਕਤਾ ਦਾ ਅਰਥ ਜਾਣਨਾ ਵੀ ਬੜਾ ਜ਼ਰੂਰੀ ਹੈ। ਅਜਿਹੇ ਕਲਾਕਾਰਾਂ ਜੋ ਪ੍ਰਭਾਵਾਦੀ ਅਤੇ ਨਿਰੋਲ ਯਥਾਰਥਵਾਦੀ ਕਲਾ ਨਾਲੋਂ ਹਟ ਕੇ ਨਵੀਂ ਤਜ਼ਰਬਾਕਾਰੀ ਤੇ ਸਮੇਂ ਸਥਾਨ ਦੇ ਅਨੁਸਾਰ ਕੰਮ ਕਰਦੇ ਹਨ, ਉਹ ਕਲਾਕਾਰ ਆਧੁਨਿਕ ਕਹਾਉਂਦੇ ਹਨ। ਇਨ੍ਹਾਂ ਆਧੁਨਿਕ ਕਲਾਕਾਰਾਂ ਦੁਆਰਾ ਸਿਰਜੀ ਕਲਾ ਦੀ ਇਕ ਵੱਖਰੀ ਸ਼ਾਖਾ ਹੈ। ਸਿੱਖ ਇਤਿਹਾਸ ਦੇ ਆਧੁਨਿਕ ਕਲਾਕਾਰਾਂ ਨੂੰ ਅਸੀਂ ਉਸ ਸੰਦਰਭ ਵਿਚ ਨਹੀਂ ਰਖ ਸਕਦੇ।

ਡਾ. ਸੁਰਜੀਤ ਹਾਂਸ ਦਾ ਮੱਤ ਹੈ ਕਿ ਆਧੁਨਿਕ ਕਲਾਕਾਰਾਂ ਨੂੰ ਆਪਣੇ ਵਿਰਸੇ ਚੋਂ ਬਹੁਤ ਕੁਝ ਗ੍ਰਹਿਣ ਕਰਨਾ ਪੈਂਦਾ ਹੈ। ਉਹ ਇਹ ਵੀ ਕਹਿੰਦੇ ਹਨ ਕਿ ਆਧੁਨਿਕ ਕਲਾ ਵਿਰਸੇ ਨਾਲੋਂ ਨੀਵੀਂ ਪੱਧਰ ਦੀ ਨਹੀਂ ਹੋਣੀ ਚਾਹੀਦੀ। ਇਸ ਗੱਲ ਦੀ ਪੁਸ਼ਟੀ ਸਾਡੇ ਆਧੁਨਿਕ ਸਿੱਖ ਇਤਿਹਾਸ ਦੇ ਚਿੱਤਰ ਕਰਦੇ ਹਨ ਜੋ ਤਕਨੀਕ, ਰੰਗ ਅਤੇ ਖ਼ਾਕੇ ਵਜੋਂ ਆਧੁਨਿਕ ਹਨ।

ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਅੰਗ੍ਰੇਜ਼ ਸਰਕਾਰ ਨੇ ਵੱਡੇ ਵੱਡੇ ਸ਼ਹਿਰਾਂ ਵਿਚ ਆਰਟ ਸਕੂਲ ਖੋਲ੍ਹ ਦਿੱਤੇ। ਜਿੱਥੋਂ ਅਕਾਦਮਿਕ ਵਿੱਦਿਆ ਪ੍ਰਾਪਤ ਕਰਕੇ ਪੰਜਾਬੀ ਚਿੱਤਰਕਾਰਾਂ ਨੇ ਤੇਲ ਰੰਗਾਂ ਵਿਚ ਸਿੱਖ ਇਤਿਹਾਸ ਨੂੰ ਸ਼ੁਰੂ ਕੀਤਾ। ਇਨ੍ਹਾ ਚਿੱਤਰਾਂ ਨੂੰ ਸਿੱਖ ਇਤਿਹਾਸ ਦੇ ਆਧੁਨਿਕ ਚਿੱਤਰ ਹੀ ਕਿਹਾ ਜਾਵੇਗਾ। ਇਨ੍ਹਾਂ ਕਲਾਕਾਰਾਂ ਵਿਚ ਕਪੂਰ ਸਿੰਘ ਦਾ ਨਾਂ ਕਾਫੀ ਜਾਣਿਆ ਪਛਾਣਿਆ ਹੈ। ਕੇ. ਸੀ. ਆਰੀਅਨ ਮੁਤਾਬਕ ਇਹ ਪਹਿਲਾ ਚਿੱਤਰਕਾਰ ਸੀ ਜਿਸ ਨੇ ਯੂਰਪੀਨ ਢੰਗ ਨਾਲ ਤੇਲ ਰੰਗਾਂ ਦਾ ਇਸਤੇਮਾਲ ਕੀਤਾ। ਪ੍ਰਸਿੱਧ ਕਲਾ ਆਲੋਚਕ ਪਰਸੀ ਬਰਾਉਨ ਵੀ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ।

1838 ਈ. ਵਿਚ ਹੰਗਰੀ ਦੇ ਪ੍ਰਸਿੱਧ ਕਲਾਕਾਰ ਐਗਮਟਸ ਥੀਓਡੋਰੇ ਭਾਰਤ ਦੇ ਦੌਰੇ ਤੇ ਆਏ ਤਾਂ ਉਹ ਤੇਲ ਰੰਗਾਂ ਦੀ ਮੁਹਾਰਤ ਕਾਰਨ ਛੇਤੀ ਹੀ ਪਛਾਣੇ ਜਾਣ ਲੱਗੇ। ਇਸ ਕਲਾਕਾਰ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਰਬਾਰ ਦੇ ਅਨੇਕਾਂ ਚਿੱਤਰ ਬਣਾਏ। ਸ਼ੇਰ ਸਿੰਘ ਉਸ ਦਾ ਪ੍ਰਸ਼ੰਸਕ ਸੀ। ਉਹ ਥੀਓਡੋਰੇ ਦੀਆਂ ਇਲਸਟ੍ਰੇਸ਼ਨਜ਼ ਤੋਂ ਬਹੁਤ ਪ੍ਰਭਾਵਿਤ ਹੋਏ, ਮਹਾਰਾਜਾ ਸ਼ੇਰ ਸਿੰਘ ਦੇ ਲਾਈਫ ਲਾਈਕ ਚਿੱਤਰ ਬਣਾਉਣ ਵਿਚ ਐਗਮਟਸ ਥੀਓਡੋਰੇ ਤੋਂ ਬਿਨਾ 'ਅਗਸਤ ਸਚੋਫਤ' ਅਤੇ ਵਿਦੇਸ਼ੀ ਇਸਤਰੀ ਚਿੱਤਰਕਾਰ ਇਮਾਲੀ ਈਡਨ ਅਤੇ ਹੂਗਲ ਆਉਂਦੇ ਹਨ।

ਥੀਓਡੋਰੇ ਦੀਆਂ ਵੱਡੀਆਂ ਵੱਡੀਆਂ ਤੇਲ ਚਿੱਤਰਾਂ ਵਾਲੀ ਕੈਨਵਸਾਂ ਦਾ ਪੰਜਾਬ ਦੀ ਕਲਾ ਵਿਚ ਇਕ ਤਰ੍ਹਾਂ ਰਿਵਾਜ ਹੀ ਬਣ ਗਿਆ। ਸਿੱਟੇ ਵਜੋਂ ਸਿੱਖ ਇਤਿਹਾਸ ਨੂੰ ਆਧੁਨਿਕ ਸ਼ੈਲੀ ਵਿਚ ਚਿੱਤਰਤ ਕਰਨ ਦਾ ਉਤਸ਼ਾਹ ਪਹਿਲੇ ਅਤੇ ਨਵੀਂ ਪੀੜ੍ਹੀ ਦੇ ਕਲਾਕਾਰਾਂ ਨੂੰ ਮਿਲਿਆਂ।

ਅਜੋਕੀ ਸਿੱਖ ਚਿੱਤਰਕਾਰੀ ਦੇ ਇਤਿਹਾਸ ਵਿਚ ਆਧੁਨਿਕ ਚਿੱਤਰਕਾਰ ਹੋਣ ਦਾ ਸਿਹਰਾ ਅੰਮ੍ਰਿਤਾ ਸ਼ੇਰ

ਗਿੱਲ ਦੇ ਸਿਰ ਵੀ ਜਾਂਦਾ ਹੈ। ਉਨ੍ਹਾਂ ਦਾ ਰਚਿਆ 'ਰਾਗੀ' ਨਾਂ ਦਾ ਚਿੱਤਰ ਬਹੁਤ ਪ੍ਰਸਿੱਧ ਹੈ।

ਐਸ. ਜੀ. ਠਾਕਰ ਸਿੰਘ ਨੇ ਭਾਵੇਂ ਵਧੇਰੇ ਕਰਕੇ ਦ੍ਰਿਸ਼ ਚਿੱਤਰਕਾਰ ਦੇ ਤੌਰ ਤੇ ਨਾਮਣਾ ਖੱਟਿਆ। ਪਰ ਉਸ ਦਾ ਸਿੱਖ ਇਤਿਹਾਸ ਨਾਲ ਸੰਬੰਧਿਤ ਦਰਬਾਰ ਸਾਹਿਬ (ਸਵਰਨ ਮੰਦਿਰ) ਦਾ ਚਿੱਤਰ, (ਬੰਬਈ ਦੀ ਬੰਦਰਗਾਹ, ਇੰਡੀਆ ਗੇਟ ਤੇ ਪ੍ਰਦਰਸ਼ਿਤ) ਅਤੇ ਮਹਾਰਾਜਾ ਰਣਜੀਤ ਸਿੰਘ ਦਾ ਪੋਰਟਰੇਟ, (ਕੇਂਦਰੀ ਸਿੱਖ ਅਜਾਇਬ ਘਰ ਵਿਖੇ ਪ੍ਰਦਰਸ਼ਿਤ) ਵਿਲੱਖਣ ਤਕਨੀਕ ਅਤੇ ਮਨ ਲੁਭਾਣ ਵਾਲੀ ਰੰਗ ਯੋਜਨਾ ਵਿਚ ਚਿੱਤਰਿਆ ਗਿਆ ਹੈ। ਇਨ੍ਹਾਂ ਦਾ ਇਕ ਹੋਰ ਵਰਨਨਯੋਗ ਚਿੱਤਰ 'ਦੀ ਇੰਟਰਨਲ ਟਿਊਨ' ਵੀ ਹੈ ਜਿਸ ਵਿਚ ਸਿੱਖ ਰਾਗੀ ਸਾਰੰਗੀ ਨਾਲ ਸੰਗੀਤ ਧੁਨਾਂ ਕੱਢਣ ਵਿਚ ਮਸ਼ਰੂਫ ਹੈ, ਸਿੱਖ ਚਿੱਤਰਕਾਰੀ ਨਾਲ ਸੰਬੰਧਿਤ ਵਧੀਆ ਚਿੱਤਰ ਹੈ।

ਸਿੱਖ ਇਤਿਹਾਸ ਨੂੰ ਚਿੱਤਰਨ ਵਿਚ ਜੀ. ਐਸ. ਸੋਹਨ ਸਿੰਘ ਦੀ ਦੇਣ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਉਹ ਮੁਖ ਤੌਰ ਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਚਿੱਤਰ, ਕੈਲੰਡਰ ਛਾਪਣ ਲਈ ਬਣਾਉਂਦੇ ਰਹੇ। ਲਗਭਗ ਅੱਧੀ ਸਦੀ ਤੱਕ ਉਹ ਸਿੱਖ ਇਤਿਹਾਸ ਨਾਲ ਸੰਬੰਧਿਤ ਚਿੱਤਰ ਬਣਾਉਣ ਵਿਚ ਲੱਗੇ ਰਹੇ। ਉਨ੍ਹਾਂ ਦੇ ਪਰੰਪਰਾਗਤ ਅਤੇ ਆਧੁਨਿਕ ਤਕਨੀਕ (ਤੇਲ ਰੰਗਾਂ ਦੀ ਚਿੱਤਰਕਾਰੀ) ਵਿਚ ਵਰਨਨਯੋਗ ਸਿੱਖ ਚਿੱਤਰ ਰਚੇ। ਇਨ੍ਹਾਂ ਨੇ ਪਹਿਲਾਂ ਪਹਿਲਾਂ ਟੈਂਪਰਾ ਤਕਨੀਕ ਨਾਲ ਚਿੱਤਰ ਰਚਨਾ ਕੀਤੀ ਜੋ ਕੈਲੰਡਰ ਆਰਟ ਵਿਚ ਵੇਖਣ ਨੂੰ ਮਿਲਦੀ ਹੈ। ਇਨ੍ਹਾਂ ਦਾ ਇਸ ਸ਼ੈਲੀ ਵਿਚ ਗੁਰੂ ਨਾਨਕ ਦੇਵ ਜੀ ਦਾ ਚਿੱਤਰ 'ਗਗਨ ਮੈ ਥਾਲ' ਬਹੁਤ ਵਧੀਆ ਕਲਾਕ੍ਰਿਤ ਹੈ। ਇਸੇ ਸ਼ੈਲੀ ਦਾ 'ਹੇਮਕੁੰਡ' (ਵਿਯੁਅਲਾਈਜ਼ਡ) ਚਿੱਤਰ ਵੀ ਹੈ ਜਿਸ ਵਿਚ ਗੁਰੂ ਗੋਬਿੰਦ ਸਿੰਘ ਹੇਮਕੁੰਡ ਵਿਖੇ ਆਪਣੇ ਇਸ਼ਟ, ਅਕਾਲ ਪੁਰਖੁ ਨਾਲ ਜੁੜੇ ਹੋਏ ਸਮਾਧੀ ਵਿਚ ਲੀਨ ਦਿਖਾਏ ਗਏ ਹਨ। ਇਸ ਚਿੱਤਰ ਵਿਚ ਰੂਪ ਅਤੇ ਰਸ ਦਾ ਅਨੂਠਾ ਸੁਮੇਲ ਹੈ। ਇਸ ਤੋਂ ਛੁੱਟ ਬਾਬਾ ਸ੍ਰੀ ਚੰਦ ਦਾ ਚਿੱਤਰ ਜੋ ਮਹੰਤ ਬਿਕ੍ਰਮ ਦਾਸ ਅਖਾੜਾ ਬਰਮ੍ਹ ਬੂਟਾਂ ਅੰਮ੍ਰਿਤਸਰ ਵੱਲੋਂ ਪਕਾਸ਼ਿਤ ਕੀਤਾ ਗਿਆ। ਇਸ ਚਿੱਤਰ ਵਿਚ ਡੀਟੇਲਡ ਅੰਗ ਘੜਤ, ਲੈਂਡਸਕੇਪ ਅਤੇ ਵਿੱਥ, ਸੋਜੀ ਕਲਾਕਾਰ ਦੀ ਚਿੱਤਰਕਾਰੀ ਦਾ ਵਧੀਆ ਪ੍ਰਮਾਣ ਹੈ।

ਇਸ ਤੋਂ ਇਲਾਵਾ ਸੋਹਨ ਸਿੰਘ ਦੁਆਰਾ ਚਿਤਰਤ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ (ਦਿੱਲੀ ਦੇ ਲਾਲ ਕਿਲ੍ਹੇ ਉੱਤੇ [1782] ਹਮਲੇ ਸਮੇਂ) ਦਾ ਚਿੱਤਰ ਵੀ ਵੀਰ ਰਸ ਦਾ ਵਧੀਆ ਨਮੂਨਾ ਹੈ। ਇਸ ਚਿੱਤਰ ਵਿਚ ਸਿੱਖ ਫੌਜ਼ਾਂ ਦੇ ਹਰ ਜਰਨੈਲ ਨੂੰ ਜੁਝਾਰੂ ਮੁੱਦਰਾ ਵਿਚ ਬਹਾਦਰੀ ਨਾਲ ਲੜਦਿਆਂ ਵਿਖਾਇਆ ਗਿਆ ਹੈ। ਹਾਵ ਭਾਵ ਵੀ ਵਧੀਆ ਢੰਗ ਨਾਲ ਦਰਸਾਏ ਹਨ। ਇਹ ਚਿੱਤਰ ਵੀ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਪ੍ਰਦਰਸ਼ਿਤ ਹੈ। ਇਥੇ ਇਕ ਹੋਰ ਚਿੱਤਰ ਸ੍ਰ. ਹਰੀ ਸਿੰਘ ਨਲੂਆ (ਮਹਾਰਾਜਾ ਰਣਜੀਤ ਸਿੰਘ ਦੀਆਂ ਫੌਜਾਂ ਦਾ ਜਰਨੈਲ) ਦਾ ਵੀ ਹੈ ਜੋ ਜਮਰੌਦ ਦੇ ਕਿਲ੍ਹੇ ਤੇ ਹਮਲੇ ਨੂੰ ਦਰਸਾਉਂਦਾ ਹੈ। ਇਹ ਚਿੱਤਰ ਵੀਰ ਰਸ ਅਤੇ ਬਹਾਦਰੀ ਦੀ ਅਦੁੱਤੀ ਮਿਸਾਲ ਹੈ।

ਸਿੱਖ ਇਤਿਹਾਸ ਦੇ ਆਧੁਨਿਕ ਚਿੱਤਰਕਾਰਾਂ ਜਿਨ੍ਹਾਂ ਨੇ ਨਿਰੋਲ ਸਿੱਖ ਇਤਿਹਾਸ ਨਾਲ ਸੰਬੰਧਿਤ ਚਿੱਤਰ ਰਚੇ ਹਨ। ਇਨ੍ਹਾਂ ਵਿਚੋਂ ਸਭ ਤੋਂ ਮੂਹਰਲੀ ਕਤਾਰ ਵਿਚ ਸ੍ਰ. ਕਿਰਪਾਲ ਸਿੰਘ ਦਾ ਨਾਂ ਲਿਆ ਜਾ ਸਕਦਾ ਹੈ। ਸੋਭਾ ਸਿੰਘ ਨੇ ਭਾਵੇਂ ਰੋਮਾਂਸ ਨਾਲ ਸੰਬੰਧਿਤ ਚਿੱਤਰ ਰਚਨਾ ਵਿਚ ਪ੍ਰਸਿੱਧੀ ਖੱਟੀ ਪਰ ਬਾਅਦ ਵਿਚ ਉਨ੍ਹਾਂ ਦਾ ਰੁਝਾਨ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਦੀ ਚਿੱਤਰਕਾਰੀ ਵੱਲ ਵੀ ਹੋ ਗਿਆ। ਇਸ ਤੋਂ ਛੁੱਟ ਨੌਜਵਾਨ ਪੀੜ੍ਹੀ ਵਿਚੋਂ ਦਵਿੰਦਰ ਸਿੰਘ ਨੇ ਪੰਜਾਬ ਅਤੇ ਸਿੰਧ ਬੈਂਕ ਦੀ ਸਰਪ੍ਰਸਤੀ ਹੇਠ ਸਿੱਖ ਇਤਿਹਾਸ ਨਾਲ ਸੰਬੰਧਿਤ ਕਾਫੀ ਚਿੱਤਰ ਰਚੇ ਅਤੇ ਰਚ ਰਿਹਾ ਹੈ। ਪੰਜਾਬ ਅਤੇ ਸਿੰਧ ਬੈਂਕ ਦੀ ਸਰਪ੍ਰਸਤੀ ਕਾਰਨ ਹੀ ਸਿੱਖ ਇਤਿਹਾਸ ਦੀ ਚਿੱਤਰਕਾਰੀ ਵਿਚ ਦਿੱਲੀ ਦੇ ਚਿੱਤਰਕਾਰ ਬੋਧ ਰਾਜ ਨੇ ਕਈ ਵਰਨਨਯੋਗ ਚਿੱਤਰ ਪੇਂਟ ਕੀਤੇ। ਇਹ ਚਿੱਤਰ ਯਥਾਰਥਵਾਦੀ ਸ਼ੈਲੀ, ਮਨ ਨੂੰ ਲੁਭਾਉਣ ਵਾਲੇ ਅਤੇ ਤਕਨੀਕ ਪੱਖੋਂ ਵਧੀਆ ਚਿੱਤਰ ਕਹੇ ਜਾ ਸਕਦੇ ਹਨ। ਕਿਰਪਾਲ ਸਿੰਘ ਅਤੇ ਬੋਧ ਰਾਜ ਦੇ ਸਮਕਾਲੀ ਚਿੱਤਰਕਾਰ ਮੇਹਰ ਸਿੰਘ ਨੇ ਵੀ ਅਜੋਕੇ ਸਮੇਂ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਚਿੱਤਰ (ਪੰਜਾਬ ਅਤੇ ਸਿੰਧ ਬੈਂਕ ਅਤੇ ਹੋਰ ਸਿੱਖ ਸੰਸਥਾਵਾਂ ਦੀ ਸਰਪ੍ਰਸਤੀ ਵਜੋਂ) ਰਚੇ। ਮੇਹਰ ਸਿੰਘ ਦੁਆਰਾ ਚਿਤਰਿਤ ਮਹਾਰਾਜਾ ਰਣਜੀਤ ਸਿੰਘ ਦੇ ਆਦਮ ਕਦ ਚਿੱਤਰ ਨੇ ਰਣਜੀਤ ਸਿੰਘ ਦੀ ਬਰਸੀ ਮਨਾਉਣ ਦੇ ਸੰਬੰਧ ਵਿਚ ਡਾ. ਐਮ. ਐਸ. ਰੰਧਾਵਾ ਵੱਲੋਂ ਰਚੇ ਗਏ ਮੁਕਾਬਲੇ ਵਿਚ ਪੰਜ ਹਜ਼ਾਰ ਦਾ ਇਨਾਮ ਵੀ ਜਿੱਤਿਆ। ਇਸ ਚਿੱਤਰ ਨੂੰ ਵੀ ਅਸੀਂ ਸਿੱਖ ਇਤਿਹਾਸ ਨਾਲ ਸੰਬੰਧਿਤ ਚਿੱਤਰ ਕਹਿ ਸਕਦੇ ਹਾਂ।

ਮੇਹਰ ਸਿੰਘ ਦੇ ਸਿੱਖ ਇਤਿਹਾਸ ਨਾਲ ਸੰਬੰਧਿਤ ਚਿੱਤਰਾਂ ਵਿਚ ਸ਼ੈਲੀ ਯਥਾਰਥਵਾਦੀ ਹੈ ਅਤੇ ਉਸ ਦੀਆਂ ਫਿੰਗਰਜ਼, ਅਨਾਟਮੀ, ਰੰਗ ਅਤੇ ਰੇਖਾਵਾਂ ਸਜੀਵ ਲੱਗਦੀਆਂ ਹਨ। ਵਜੂਦ ਪਖੋਂ ਹੱਡ ਮਾਸ ਦੇ ਜਿਉਂਦੇ ਜਾਗਦੇ ਜਾਪਦੇ ਹਨ। ਮੇਹਰ ਸਿੰਘ ਦੇ ਚਿੱਤਰ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਖੇ ਵੇਖੇ ਜਾ ਸਕਦੇ ਹਨ। ਇਸ ਚਿੱਤਰਕਾਰ ਨੇ ਵਿਅਕਤੀਗਤ ਪੱਧਰ ਤੇ ਸਿੱਖ ਇਤਿਹਾਸ ਨੂੰ ਲੜੀਵਾਰ ਚਿਤਰਨ ਦਾ ਬੀੜਾ ਵੀ ਚੁੱਕਿਆ ਹੋਇਆ ਹੈ। ਸ਼ੈਲੀ ਵਜੋਂ ਇਨ੍ਹਾਂ ਨੇ ਸੋਭਾ ਸਿੰਘ ਦੀ ਸਿੱਖ ਇਤਿਹਾਸ ਕਲਾ ਨੂੰ ਹੀ ਅੱਗੇ ਤੋਰਿਆ ਹੈ। ਪ੍ਰਿੰਸੀਪਲ ਸਤਬੀਰ ਸਿੰਘ ਦੇ ਉਦਮ ਨਾਲ ਮੇਹਰ ਸਿੰਘ ਨੇ ਬਾਲ ਸਾਹਿਤ ਲਈ ਵੀ ਸਿੱਖ ਇਤਿਹਾਸ ਦੇ ਚਿੱਤਰ ਬਣਾਏ ਜਿਸ ਵਿਚ ਬੰਦਾ ਬਹਾਦਰ ਯੁੱਧ ਤੇ ਭਾਈ ਕਨ੍ਹੱਈਆ ਆਦਿ ਦੇ ਬੜੇ ਉਮਦਾ ਚਿੱਤਰ ਬਣਾਏ ਹਨ। ਇਸ ਤੋਂ ਇਲਾਵਾ ਪੰਜਾਬ ਅਤੇ ਸਿੰਧ ਬੈਂਕ, ਬੈਂਕ ਆਫ਼ ਪੰਜਾਬ ਅਤੇ ਕਈ ਹੋਰ ਅਦਾਰਿਆਂ ਲਈ ਵੀ ਇਸ ਚਿੱਤਰਕਾਰ ਨੇ ਸਿੱਖ ਇਤਿਹਾਸ ਦਾ ਜ਼ਿਕਰਯੋਗ ਕੈਲੰਡਰ ਚਿਤਰਨ ਕੀਤਾ ਹੈ। ਇਸ ਸੰਦਰਭ ਵਿਚ ਦੇਵਿੰਦਰ ਸਿੰਘ ਦਾ ਯੋਗਦਾਨ ਵੀ ਘੱਟ ਨਹੀਂ।

ਬਾਲ ਸਾਹਿਤ ਦੇ ਸੰਬੰਧ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਚਿੱਤਰਕਲਾ ਵਿਚ ਦਲੀਪ ਸਿੰਘ, ਫੂਲਾ ਰਾਣੀ, ਦੇਵਿੰਦਰ ਸਿੰਘ ਅਤੇ ਅਮੋਲਕ ਸਿੰਘ ਆਦਿ ਚਿੱਤਰਕਾਰਾਂ ਨੇ ਵੀ ਵਰਨਨਯੋਗ ਕੰਮ ਕੀਤਾ ਹੈ। ਦਿੱਲੀ ਦੇ ਪ੍ਰਸਿੱਧ ਚਿੱਤਰਕਾਰ ਜਸਵੰਤ ਸਿੰਘ ਨੂੰ ਭਾਵੇਂ ਸਿੱਖ ਇਤਿਹਾਸ ਦੇ ਪਰਾ-ਯਥਾਰਥਵਾਦੀ ਚਿੱਤਰਕਾਰ ਵਜੋਂ ਮੰਨਿਆ ਜਾਂਦਾ ਹੈ ਪਰ ਉਸ ਦੇ ਰਾਗਾਂ ਦੇ ਆਧਾਰ ਤੇ ਰਚੇ ਚਿੱਤਰ, ਕਾਂਗੜਾ ਸ਼ੈਲੀ ਦੀ ਰਾਗਮਾਲਾ ਚਿੱਤਰਕਲਾ ਨਾਲੋਂ ਭਿੰਨ ਹਨ ਅਤੇ ਇਹ ਸਵਪਨਵਾਦੀ ਚਿੱਤਰਕਾਰੀ ਦੇ ਇਤਿਹਾਸ ਵਿਚ ਪੂਰਨ ਤੌਰ ਤੇ ਆਧੁਨਕ ਚਿੱਤਰ ਮੰਨੇ ਜਾ ਸਕਦੇ ਹਨ। ਜਸਵੰਤ ਸਿੰਘ ਦੁਆਰਾ ਚਿਤਰਿਤ ਗੁਰੂ ਨਾਨਕ ਸਾਹਿਬ ਦਾ ਉਦਾਸੀਆਂ ਨਾਲ ਸੰਬੰਧਿਤ (ਪੈਰ ਵਾਲਾ) ਚਿੱਤਰ ਤਾਂ ਸਿੱਖ ਕਲਾ ਵਿਚ ਵਿਲੱਖਣ ਚਿੱਤਰ ਹੈ। ਇਸ ਤੋਂ ਛੁਟ ਗੁਰੂ ਨਾਨਕ ਸਾਹਿਬ ਦਾ ਸਾਧੂ ਟੋਪੀ ਵਾਲਾ ਚਿੱਤਰ ਪੰਜਾਬ ਆਰਟ ਗੈਲਰੀ ਚੰਡੀਗੜ੍ਹ ਦੇ ਸੰਗ੍ਰਹਿ ਦਾ ਸ਼ਿੰਗਾਰ ਹੈ।

ਸ. ਕਿਰਪਾਲ ਸਿੰਘ ਦੇ ਸਿੱਖ ਇਤਿਹਾਸ ਨਾਲ ਸੰਬੰਧਿਤ ਚਿੱਤਰ ਸਿੱਖ ਇਤਿਹਾਸ ਦੇ ਪੰਨਿਆਂ ਨੂੰ ਬੜੇ ਸਜੀਵ ਢੰਗ ਨਾਲ ਦ੍ਰਿਸ਼ਮਾਨ ਕਰਦੇ ਹਨ। ਦਰਸ਼ਕਾਂ ਦੇ ਲੂੰ ਕੰਡੇ ਖੜ੍ਹੇ ਕਰਨ ਵਾਲੇ ਚਿੱਤਰਾਂ ਵਿਚ ਭਾਈ ਤਾਰੂ ਸਿੰਘ ਅਤੇ ਭਾਈ ਮਨੀ ਸਿੰਘ ਦਾ ਚਿੱਤਰ, ਮਾਈਆਂ ਵੱਲੋਂ ਆਪਣੇ ਬੱਚਿਆਂ ਦੇ ਟੋਟੇ ਕਰਵਾ ਕੇ ਝੋਲੀਆਂ ਵਿਚ ਪੁਆਏ ਜਾਣ ਦਾ ਚਿੱਤਰ, ਨੇਜ਼ਿਆਂ 'ਤੇ ਟੰਗੇ ਸਿੰਘਾਂ ਦੇ ਸਿਰਾਂ ਦੇ ਚਿੱਤਰ, ਚਰਖੜੀਆਂ ਤੇ ਚੜ੍ਹੇ ਸਿੱਖਾਂ ਦੀਆਂ ਸ਼ਹੀਦੀਆਂ, ਸੁੱਖਾ ਸਿੰਘ, ਮਹਿਤਾਬ ਸਿੰਘ ਅਤੇ ਭਾਈ ਬਿਧੀ ਸਿੰਘ ਦੇ ਚਿੱਤਰ ਤਾਂ ਸਚਮੁੱਚ ਸਿੱਖ ਇਤਿਹਾਸ ਦੇ ਖ਼ੂਨੀ ਪੰਨਿਆਂ ਨੂੰ ਸਾਕਾਰ ਕਰਦੇ ਹਨ। ਸਿੱਖ ਇਤਿਹਾਸ ਦੀ ਚਿੱਤਰਕਾਰੀ ਵਿਚ ਕਿਰਪਾਲ ਸਿੰਘ ਦਾ ਸਥਾਨ ਹਮੇਸ਼ਾਂ ਚਮਕਦਾ ਰਹੇਗਾ। ਇਸ ਦੇ ਚਿੱਤਰਾਂ ਦੇ ਰੰਗ, ਰੇਖਾ, ਰੂਪ ਅਤੇ ਸ਼ੈਲੀ ਸਭ ਸਿੱਖ ਇਤਿਹਾਸ ਦੇ ਚਿੱਤਰਕਾਰਾਂ ਨਾਲੋਂ ਨਵੇਕਲੀ, ਮੌਲਿਕ ਅਤੇ ਵਿਲੱਖਣ ਹੈ। ਇਸ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦਾ ਚਿੱਤਰ ਸਿੱਖ ਇਤਿਹਾਸ ਦੇ ਖੇਤਰ ਵਿਚ ਮੀਲ ਪੱਥਰ ਹੈ। ਗਵਾਲੀਅਰ ਦੇ ਕਿਲ੍ਹੇ, ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਚਿੱਤਰ ਬਹੁਤ ਪ੍ਰਸਿੱਧ ਹੈ। ਕਿਰਪਾਲ ਸਿੰਘ ਦੇ ਕੁਝ ਵੱਡੇ ਆਕਾਰ ਦੇ ਚਿੱਤਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਵੀ ਪ੍ਰਦਰਸ਼ਿਤ ਹਨ। ਸਿੱਖਾਂ ਦੀ ਬਹਾਦਰੀ ਨਾਲ ਸੰਬੰਧਿਤ ਚਿੱਤਰਾਂ ਵਿਚ ਬਾਬਾ ਦੀਪ ਸਿੰਘ ਦਾ ਚਿੱਤਰ ਅਤੇ ਬੰਦਾ ਬਹਾਦਰ ਦਾ ਢਾਲ ਤੇ ਰੱਖੇ ਹੱਥ ਵਾਲਾ ਚਿੱਤਰ ਵੀ ਕਲਾ ਪੱਖੋਂ ਇਤਿਹਾਸਿਕ ਹੈ।

ਕਿਰਪਾਲ ਸਿੰਘ ਨੇ 1956 ਤੋਂ 1962 ਤਕ ਸਿੱਖ ਇਤਿਹਾਸ ਦੇ ਵਿਸ਼ੇ ਨਾਲ ਸੰਬੰਧਿਤ ਲਗਪਗ 40 ਚਿੱਤਰ ਬਣਾਏ ਜੋ ਚਿੱਤਰਕਾਰੀ ਦੇ ਖੇਤਰ ਵਿਚ ਇਕ ਮਿਸਾਲ ਹਨ। ਮਿਸਾਲ ਵਜੋਂ ਮਹਾਰਾਜਾ ਰਣਜੀਤ ਸਿੰਘ ਦਾ ਮੁਲਤਾਨ ਦੀ ਜੰਗ ਵਿਚ ਬਹਾਦਰਾਨਾ ਪ੍ਰਦਰਸ਼ਨ, ਸ਼ਾਮ ਸਿੰਘ ਅਟਾਰੀ ਵਾਲੇ ਦਾ ਸਰਹੰਦ ਦੀ ਜੰਗ ਵਿਚ ਜੂਝਣਾ, ਗੁਰੂ ਗੋਬਿੰਦ ਸਿੰਘ ਜੀ ਦਾ ਭੰਗਾਣੀ ਅਤੇ ਚਮਕੌਰ ਸਾਹਿਬ ਦੀਆਂ ਜੰਗਾਂ ਵਿਚ ਜਾਬਰਾਂ ਦੇ ਆਹੂ ਲਾਹੁਣ ਦੇ ਦ੍ਰਿਸ਼ ਬਹੁਤ ਸਜੀਵ ਹਨ।

ਇਸ ਉਪਰੰਤ ਮਹਾਰਾਜਾ ਰਣਜੀਤ ਸਿੰਘ ਅਤੇ ਅੰਗ੍ਰੇਜ਼ਾਂ ਦਰਮਿਆਨ ਰੋਪੜ ਵਿਖੇ ਪੰਜਾਬ ਦੇ ਇਲਾਕਿਆਂ ਬਾਰੇ ਇਤਿਹਾਸਿਕ ਸੰਧੀ, ਮੁਦਕੀ, ਸਭਰਾਓ ਅਤੇ ਚੇਲਿਆਂ ਵਾਲਾ ਦੀਆਂ ਖ਼ੌਫ਼ਨਾਕ ਜੰਗਾਂ ਜੋ ਭਾਰਤੀ ਇਤਿਹਾਸ

ਦੇ ਫੈਸਲਾਕੁੰਨ ਪਲਾਂ ਦੀ ਤਰਜਮਾਨੀ ਕਰਦੀਆਂ ਹਨ, ਨੂੰ ਇਸ ਚਿੱਤਰਕਾਰ ਨੇ ਵਿਸ਼ਾਲ ਕੈਨਵਸ 'ਤੇ ਬਰੀਕੀ ਨਾਲ ਬਾਖੂਬੀ ਚਿਤਰਿਆ ਹੈ। ਇਹ ਚਿੱਤਰ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਚਿੱਤਰਕਾਰ ਨੇ ਪੰਜਾਬ ਦੇ ਇਤਿਹਾਸ ਨੂੰ ਖੂਬ ਪੜ੍ਹਿਆ ਅਤੇ ਬੜੀ ਗੰਭੀਰਤਾ ਨਾਲ ਇਤਿਹਾਸਿਕ ਘਟਨਾਵਾਂ ਨੂੰ ਸਮੇਂ ਦੇ ਸੰਦਰਭ ਵਿਚ ਰੱਖ ਕੇ ਬੁਰਸ਼ ਦੀ ਵਰਤੋਂ ਕੀਤੀ। ਚਿੱਤਰਕਾਰ ਕਿਰਪਾਲ ਸਿੰਘ ਦੀ ਵਿਲੱਖਣਤਾ ਇਸ ਗੱਲ ਵਿਚ ਵੀ ਹੈ ਕਿ ਇਸ ਨੇ ਸਿੱਖ ਅਜਾਇਬ ਘਰਾਂ ਦੀ ਸਥਾਪਨਾ ਕੀਤੀ ਅਤੇ ਇਸ ਪ੍ਰਥਾ ਦਾ ਮੋਢੀ ਬਣਿਆ। ਕੇਂਦਰੀ ਸਿੱਖ ਅਜਾਇਬ ਘਰ, ਅੰਮ੍ਰਿਤਸਰ, ਬਾਬਾ ਬਘੇਲ ਸਿੰਘ ਅਜਾਇਬ ਘਰ, ਗੁਰਦੁਆਰਾ ਬੰਗਲਾ ਸਾਹਿਬ ਦਿੱਲੀ, ਗੁਰੂ ਤੇਗ ਬਹਾਦਰ ਅਜਾਇਬ ਘਰ ਆਨੰਦਪੁਰ ਸਾਹਿਬ, ਐਂਗਲੋ ਸਿੱਖ ਅਜਾਇਬ ਘਰ ਫਿਰੋਜ਼ਸ਼ਾਹ ਅਤੇ ਦਸ਼ਮੇਸ਼ ਅਜਾਇਬ ਘਰ, ਮਹਿਟੇਆਣਾ ਆਦਿ। ਕਿਰਪਾਲ ਸਿੰਘ ਦੀਆਂ ਕਲਾਕਿਰਤਾਂ ਵਿਚ ਭਰਪੂਰ ਮੌਲਿਕਤਾ ਹੈ। ਇਤਿਹਾਸਿਕ ਕਲਾਕਿਰਤਾਂ 'ਚ ਸਮੇਂ ਦੇ ਮੁਤਾਬਿਕ ਪਹਿਰਾਵਾ ਚਿਤਰਿਆ ਗਿਆ ਹੈ। ਢੁਕਵੇਂ ਰੰਗਾਂ ਦੀ ਵਰਤੋਂ ਕੀਤੀ ਗਈ ਹੈ। ਆਪਣੀਆਂ ਕਲਾਂ ਕਿਰਤਾਂ ਨੂੰ ਕਮਰਸ਼ੀਅਲ ਅਤੇ ਮਹਿਜ਼ ਵਿਕਾਊ ਬਣਾਉਣ ਲਈ ਇਨ੍ਹਾਂ ਦਾ ਚਿਹਰਾ ਮੁਹਰਾ ਬਨਾਵਟੀ ਨਹੀਂ ਹੋਣ ਦਿੱਤਾ। ਇਉਂ ਇਸ ਚਿੱਤਰਕਾਰ ਨੇ ਵਿਨਸੈਂਟ ਵੈਨਗਾਗ ਦੀ ਤਰ੍ਹਾਂ ਸੁਚੱਜਾ ਨਿਰਪੱਖ ਅਤੇ ਇਮਾਨਦਾਰ ਕਲਾਕਾਰ ਹੋਣ ਦਾ ਸਬੂਤ ਦਿੱਤਾ ਹੈ।

ਕਿਰਪਾਲ ਸਿੰਘ ਦੇ ਪੁੱਤਰ ਸ੍ਰ. ਜਰਨੈਲ ਸਿੰਘ ਨੇ ਭਾਵੇਂ ਪਹਿਲਾਂ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਚਿੱਤਰਕਾਰੀ ਵਿਚ ਨਾਮਣਾ ਖੱਟਿਆ ਪਰ ਬਾਅਦ ਵਿਚ ਸਿੱਖ ਇਤਿਹਾਸ ਨੂੰ ਚਿਤਰਨ ਦੀ ਮੰਗ ਕਾਰਨ ਉਹ ਵੀ ਸਿੱਖ ਇਤਿਹਾਸ ਦੀ ਚਿੱਤਰਕਾਰੀ ਨਾਲ ਜੁੜ ਗਿਆ। ਉਸ ਨੇ ਇਸ ਸੰਬੰਧ ਵਿਚ ਬਾਹਰਲੇ ਦੇਸ਼ਾਂ ਵਿਚ ਸਿੱਖ ਸੰਸਥਾਵਾਂ ਦੇ ਬੁਲਾਵੇ 'ਤੇ ਸਿੱਖ ਗੁਰਦੁਆਰਿਆਂ ਨਾਲ ਸੰਬੰਧਿਤ ਅਜਾਇਬ ਘਰਾਂ ਵਾਸਤੇ ਸਿੱਖ ਇਤਿਹਾਸ ਦੇ ਚਿੱਤਰ ਰਚੇ ਜੋ ਕੰਮ ਅਜੇ ਵੀ ਸਰਗਰਮੀ ਨਾਲ ਚੱਲ ਰਿਹਾ ਹੈ।

ਜਰਨੈਲ ਸਿੰਘ ਨੇ 1976 ਵਿਚ ਚਿੱਤਰਕਲਾ ਦਾ ਸਫ਼ਰ ਸ਼ੁਰੂ ਕੀਤਾ ਜਦ ਕਿ ਉਸ ਦੇ ਪਿਤਾ ਸ੍ਰ. ਕਿਰਪਾਲ ਸਿੰਘ ਸਿੱਖ ਇਤਿਹਾਸ ਨਾਲ ਸੰਬੰਧਿਤ ਚਿੱਤਰਾਂ ਦੀ ਰਚਨਾ ਕਰ ਰਹੇ ਹਨ। ਇਹ ਚਿੱਤਰ ਐਂਗਲੋਂ ਸਿੱਖ ਜੰਗਾਂ ਨਾਲ ਸੰਬੰਧਿਤ ਸਨ ਜਿਹੜੇ ਹੁਣ ਫਿਰੋਜ਼ਸ਼ਾਹ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸੁਰੱਖਿਅਤ ਹਨ। ਜਰਨੈਲ ਸਿੰਘ ਨੇ ਉਂਜ ਪੰਜਾਬ ਫੁਲਕਾਰੀ ਕਲਾ ਅਤੇ ਪੰਜਾਬ ਸਭਿਆਚਾਰ ਵਿਰਸੇ ਨੂੰ ਸਜੀਵ ਕਰਨ ਵਿਚ ਨਾਮਣਾ ਖੱਟਿਆ, ਪਰ ਉਨ੍ਹਾਂ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਵਰਨਨਯੋਗ ਚਿੱਤਰ ਕੇਂਦਰੀ ਅਜਾਇਬ ਘਰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬ ਪਬਲਿਕ ਰਿਲੇਸ਼ਨ, ਕਲਚਰਲ ਅਫੇਅਰ, ਪੰਜਾਬ ਟੂਰਿਜ਼ਮ, ਪੰਜਾਬ ਆਰਟਸ ਕੌਂਸਲ ਅਤੇ ਪੰਜਾਬ ਮਿਊਜ਼ੀਅਮ ਵਿਚ ਵੇਖਣ ਨੂੰ ਮਿਲਦੇ ਹਨ। ਇਸ ਤੋਂ ਇਲਾਵਾ ਯੂ. ਕੇ. ਵਿਚ ਗੁਰੂ ਨਾਨਕ ਗੁਰਦੁਆਰਾ, ਬਰਮਿੰਘਮ ਗੁਰਦੁਆਰਾ ਵਿਖੇ ਸਿੱਖ ਇਤਿਹਾਸ ਨਾਲ ਸੰਬੰਧਿਤ ਚਿੱਤਰ ਵੇਖੇ ਜਾ ਸਕਦੇ ਹਨ। ਸਿੱਖ ਇਤਿਹਾਸ ਨੂੰ ਦੁਨੀਆਂ ਦੇ ਕੋਨੇ ਕੋਨੇ ਵਿਚ ਪਹੁੰਚਾਉਣ ਦਾ ਸਿਹਰਾ ਜਰਨੈਲ ਸਿੰਘ ਅਤੇ ਦੇਵਿੰਦਰ ਸਿੰਘ ਚਿੱਤਰਕਾਰਾਂ ਦੇ ਸਿਰ ਹੈ। ਜਰਨੈਲ ਸਿੰਘ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਚਿੱਤਰਾਂ ਦੀ ਪ੍ਰਦਰਸ਼ਨੀ ਨੂੰ ਸੇਂਟ ਜੋਹਨਜ਼ ਆਰਟ ਗੈਲਰੀ ਵਰਵਿੱਕ ਯੂ.ਕੇ. ਵਿਖੇ ਸਿੱਖ ਆਰਟ ਟਾਈਟਲ ਹੇਠ ਪ੍ਰਦਰਸ਼ਿਤ ਕੀਤਾ। ਜਰਨੈਲ ਸਿੰਘ ਨੇ ਸਿੱਖ ਇਤਿਹਾਸ ਤੋਂ ਛੁੱਟ ਸਿੱਖ ਜਰਨੈਲਾਂ ਦੇ ਵਰਨਨਯੋਗ ਚਿੱਤਰ ਵੀ ਚਿੱਤਰੇ। ਸਿੱਖ ਇਤਿਹਾਸ ਦੇ ਆਧੁਨਿਕ ਚਿੱਤਰਕਾਰਾਂ ਤੋਂ ਛੁੱਟ ਆਧੁਨਿਕ ਮੂਰਤੀਕਾਰ ਵੀ ਸਿੱਖ ਇਤਿਹਾਸ ਨੂੰ ਮੂਰਤੀ ਕਲਾ ਵਿਚ ਸਾਕਾਰ ਕਰਨ ਵਿਚ ਪਿੱਛੇ ਨਹੀਂ ਰਹੇ। ਕਿਰਪਾਲ ਸਿੰਘ ਦੇ ਚਿੱਤਰਾਂ ਤੋਂ ਪ੍ਰਭਾਵਿਤ ਹੋ ਕੇ ਆਧੁਨਿਕ ਮੂਰਤੀਕਾਰਾਂ ਨੇ ਮਹਦਿਆਨਾ (ਜਗਰਾਉਂ ਜ਼ਿਲ੍ਹਾ ਲੁਧਿਆਣਾ) ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਮੂਰਤੀਆਂ ਬਣਾਈਆਂ ਜੋ ਦਰਸ਼ਕਾਂ ਦੇ ਸੌਂਦਰਯ ਬੋਧ ਨੂੰ ਟੁੰਬਦੀਆਂ ਹਨ। ਸਿੱਖ ਇਤਿਹਾਸ ਨਾਲ ਸੰਬੰਧਿਤ ਮੂਰਤੀਆਂ ਸਿੱਖ ਭਵਨ ਨਿਰਮਾਣ ਕਲਾ ਵਿਚ ਆਪਣਾ ਵਿਲੱਖਣ ਯੋਗਦਾਨ ਪਾਉਂਦੀਆਂ ਹਨ।

ਸੋਭਾ ਸਿੰਘ ਵੀਹਵੀਂ ਸਦੀ ਦਾ ਸ਼ਰੋਮਣੀ ਚਿੱਤਰਕਾਰ ਮੰਨਿਆ ਗਿਆ ਹੈ। ਉਸ ਨੂੰ ਸਿੱਖ ਕਲਾ ਦੇ ਸ਼ਾਸਤਰੀ ਯੁਗ ਦਾ ਪ੍ਰਮੁੱਖ ਕਲਾਕਾਰ ਕਿਹਾ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। ਬੇਸ਼ਕ ਸੋਭਾ ਸਿੰਘ ਪੰਜਾਬ ਦੇ ਰੋਮਾਂਸ ਦਾ ਚਿੱਤਰਕਾਰ ਵੀ ਮੰਨਿਆ ਜਾਂਦਾ ਹੈ। ਸੋਹਣੀ ਮਹੀਂਵਾਲ, ਸੱਸੀ ਪੁੰਨੂ, ਉਮਰ-ਖਿਆਮ, ਮੁਮਤਾਜ ਦੀ ਆਖ਼ਰੀ ਖ਼੍ਵਾਹਿਸ਼ ਉਸ ਦੇ ਵਿਲੱਖਣ ਚਿੱਤਰ ਮੰਨੇ ਗਏ ਹਨ, ਪਰ ਸਿੱਖ ਇਤਿਹਾਸ ਨਾਲ ਸੰਬੰਧਿਤ ਚਿੱਤਰਾਂ ਵਿਚ

ਗੁਰੂ ਨਾਨਕ ਦੇਵ ਜੀ ਦੇ ਸ਼ਾਂਤ ਰਸ ਭਰਪੂਰ ਵਿਅਕਤੀ-ਚਿੱਤਰ, ਗੁਰੂ ਗੋਬਿੰਦ ਸਿੰਘ ਦੇ ਵੀਰ ਰੱਸ ਨਾਲ ਭਰਪੂਰ ਚਿੱਤਰ ਤਾਂ ਸਿੱਖ ਜਗਤ ਵਿਚ ਹਰ ਸਿੱਖ ਦੇ ਘਰ ਦਾ ਸ਼ਿੰਗਾਰ ਹੀ ਬਣ ਗਏ ਹਨ। ਇਹ ਚਿੱਤਰ ਕਲਾ ਦੇ ਉਚੇ ਮਿਆਰ ਨੂੰ ਦਰਸਾਉਂਦੇ ਹਨ ਅਤੇ ਚਿੱਤਰਕਲਾ ਵਿਚ ਯਥਾਰਥਵਾਦੀ ਕਲਾ ਦੀਆਂ ਬੁਲੰਦੀਆਂ ਨੂੰ ਛੂੰਹਦੇ ਹਨ। 'ਗੁਰੂ ਨਾਨਕ ਇਨ ਮੈਡੀਟੇਸ਼ਨ' ਵਾਲਾ ਚਿੱਤਰ ਪੰਜਾਬ ਆਰਟ ਗੈਲਰੀ ਚੰਡੀਗੜ੍ਹ ਵਿਖੇ ਪ੍ਰਦਰਸ਼ਿਤ ਹੈ। ਇਹ ਕਲਾਕ੍ਰਿਤ ਹਰ ਪੱਖੋਂ ਉੱਚੀ ਹੈ। ਇਸ ਤੋਂ ਛੁੱਟ ਗੁਰੂ ਗੋਬਿੰਦ ਸਿੰਘ ਦਾ ਘੋੜੇ ਤੇ ਸਵਾਰ ਵਾਲਾ ਚਿੱਤਰ ਕਲਾ ਦੇ ਤੌਖੱਈਅਲ ਦੀਆਂ ਬੁਲੰਦੀਆਂ ਨੂੰ ਛੂਹਣ ਦੀ ਹਾਮੀ ਭਰਦਾ ਹੈ। ਇਸ ਚਿੱਤਰ ਦੀ ਰੰਗ ਯੋਜਨਾ, ਤਕਨੀਕ ਅਤੇ ਘੋੜੇ ਦਾ ਸਜੀਵ ਚਿੱਤਰਨ ਦਰਸ਼ਕ ਦੇ ਸੌਂਦਰਯਬੋਧ ਦੀਆਂ ਡੂੰਘਾਈਆਂ ਵਿਚ ਉਤਰ ਜਾਂਦਾ ਹੈ। ਇਕ ਹੋਰ ਗੁਰੂ ਸਾਹਿਬ ਦੀ ਤਸਵੀਰ ਜਿਸ ਵਿਚ ਗੁਰੂ ਸਾਹਿਬ ਦੀਆਂ ਮਿਕਨਾਤੀਸੀ ਅੱਖਾਂ, ਸੁਨਹਿਰੀ ਵਸਤਰ, ਸੱਜੇ ਹੱਥ ਉੱਤੇ ਬਾਜ ਤੇ ਖੱਬੇ ਪਾਸੇ ਘੋੜੇ ਦਾ ਸਿਰ ਦਰਸਾਇਆ ਹੈ। ਇਹ ਚਿੱਤਰ ਸੰਜੋਜਨ ਪੱਖੋਂ ਰੋਚਿਕ ਅਤੇ ਵਿਲੱਖਣ ਹੈ।

ਸੋਭਾ ਸਿੰਘ ਨੇ ਹੋਰ ਵੀ ਗੁਰੂ ਸਾਹਿਬ ਦੇ ਪੋਰਟਰੇਟ ਰਚੇ ਜਿਨ੍ਹਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਦਾ ਸਾਈਡਪੋਜ਼, ਗੁਰੂ ਤੇਗ ਬਹਾਦਰ ਦਾ ਸਮਾਧੀ ਸਿਮਰਨ ਵਿਚ ਲੀਨ ਹੋਣ ਬਾਰੇ ਚਿੱਤਰ ਅਤੇ ਗੁਰੂ ਅਮਰਦਾਸ ਜੀ ਦਾ ਬੀਬੀ ਭਾਨੀ ਦੀ ਸੇਵਾ ਵਾਲਾ ਚਿੱਤਰ ਹਰ ਪੱਖੋਂ ਮਿਆਰੀ ਕਲਾਕ੍ਰਿਤਾਂ ਹਨ। ਚਿੱਤਰ ਵਿਚ ਗੁਰੂ ਸਾਹਿਬਾਨ ਦੀ ਸ਼ਖ਼ਸ਼ੀਅਤ ਨੂੰ ਵਿਲੱਖਣ ਢੰਗ ਨਾਲ ਚਿੱਤਰਿਆ ਗਿਆ ਹੈ। ਬੀਬੀ ਭਾਨੀ ਸੱਜੇ ਹੱਥ ਦੀ ਬਾਂਹ ਘੁੱਟ ਰਹੀ ਅਤੇ ਸੇਵਾ ਵਿਚ ਲੀਨ ਹੈ। ਚਿੱਤਰ ਵਚ ਲੈਂਡਸਕੇਪ ਦੇ ਤੱਤ ਬਾਖ਼ੂਬੀ ਉਘਾੜੇ ਗਏ ਹਨ। ਸੋਭਾ ਸਿੰਘ ਦੀ ਕਲਾ ਵਿਚ ਸੰਗੀਤ ਹੈ। ਜਿਸ ਵਿਚ ਸਮੁੱਚਤਾ, ਲੈਅ, ਰੂਪ ਅਤੇ ਰਸ ਦਾ ਅਨੂਠਾ ਸੁਮੇਲ ਹੈ।

ਇਨ੍ਹਾਂ ਦੇ ਸਿੱਖ ਇਤਿਹਾਸ ਨਾਲ ਸੰਬੰਧਿਤ ਹੋਰ ਪੋਰਟਰੇਟ ਜਿਵੇਂ ਭਾਈ ਗੁਰਦਾਸ, ਭਾਈ ਸੰਤੋਖ ਸਿੰਘ, ਗੁਰੂ ਗੋਬਿੰਦ ਸਿੰਘ ਦੇ ਸ਼ਰੋਮਣੀ ਕਵੀ, ਹਜ਼ਰਤ ਮੀਆਂ ਮੀਰ ਦਾ ਆਦੁੱਤੀ ਫੁੱਲ-ਫਿੱਗਰ ਪੋਰਟਰੇਟ ਕੇਂਦਰੀ ਸਿੱਖ ਅਜਾਇਬ ਘਰ ਵਿਚ ਧਾਰਮਿਕ ਇਕਸੁਰਤਾ ਦਾ ਪ੍ਰਤੀਕ ਹੈ। ਹੋਰ ਚਿੱਤਰਾਂ ਜਿਵੇਂ ਅਕਾਲੀ ਫੂਲਾ ਸਿੰਘ ਦਾ ਘੋੜੇ ਤੇ ਦਰਿਆ ਪਾਰ ਕਰਨ ਅਤੇ ਬਾਬਾ ਰਾਮ ਸਿੰਘ (ਨਾਮਧਾਰੀ ਗੁਰੂ) ਦਾ ਘੋੜੇ ਤੇ ਸਵਾਰ ਚਿੱਤਰ, ਚਿੱਤਰਕਾਰੀ ਦੀ ਅਦੁੱਤੀ ਮਿਸਾਲ ਹਨ।

ਡਾ. ਮਦਨਜੀਤ ਕੌਰ ਅਨੁਸਾਰ ਪ੍ਰਤੀਕਵਾਦੀ ਚਿੰਨ੍ਹ ਵਿਚ ਸੋਭਾ ਸਿੰਘ ਦੀ ਕਲਾ ਆਧੁਨਿਕ ਅਤੇ ਪਰੰਪਰਾਗਤ ਕਲਾ ਵਿਚ ਦੁਰਲੱਭ ਹੈ। ਪੱਛਮ ਦੇ ਪ੍ਰਸਿੱਧ ਆਧੁਨਿਕ ਕਲਾਕਾਰ ਪਾਲਕਾਲੀ ਜਿੱਥੇ ਰੇਖਾ ਤੋਂ ਪ੍ਰਭਾਵਿਤ ਹੋਏ ਹਨ ਉਥੇ ਸੋਭਾ ਸਿੰਘ ਗੁਰੂ ਸਾਹਿਬਾਨ ਦੇ ਫਲਸਫ਼ੇ ਤੋਂ ਪ੍ਰਭਾਵਿਤ ਹੋਏ ਤੇ ਚਿੱਤਰ ਰਚਨਾ ਕੀਤੀ। ਸੋਭਾ ਸਿੰਘ ਦੇ ਚਿੱਤਰਾਂ ਦਾ ਸਿੱਖ ਫਲਸਫ਼ਾ ਯਥਾਰਥ ਵਿਚ ਇਤਿਹਾਸ ਨੂੰ ਹੀ ਸਾਕਾਰ ਕਰਦਾ ਹੈ।

### ਸਹਾਇਕ ਪੁਸਤਕਾਂ


—ਡਾ. ਸਰੋਜ ਪਾਦੇ, *ਪੰਜਾਬ ਦੀ ਸ਼ਿਲਪ ਸਾਧਨਾ*, ਪੰਜਾਬੀ ਸਭਿਆਚਾਰ, ਹੁਸ਼ਿਆਰਪੁਰ 1983

—ਬਲਵੰਤ ਗਾਰਗੀ, *ਪੰਜਾਬ ਦੇ ਮਹਾਨ ਕਲਾਕਾਰ*, ਜੀ. ਐਨ. ਡੀ. ਯੂ. ਅੰਮ੍ਰਿਤਸਰ 1995

—Archer W.G., *Painting of the Sikhs,* Her Majesty's Stationery Office, 1966

—Dr. Madanjit Kaur, *Painter of the Divine,* Sobha Singh, G.N.D.U., Amritsar, 1987

—Dr. M.S. Randhawa, *Art of Sobha Singh,* Punjab Arts Council

—G.S. Sohan Singh, *Revealing the Art of G. S. Sohan Singh,* Punjabi Press & Tej press, Amritsar

—S.G. Thakur Singh, Lalit Kala Academy India, 1967

—Surjit Hans-R. 40, *Janamsakhi Guru Baba Nanak Paintings,* G.N.D.U., Amritsar, 1987

—Jabbal Ajit Singh, *Folk Art of Doaba,* a Thesis, 1990

—Dr. Kanwarjit Singh Kang, *Punjab Art and culture,* Atma Ram & Sons, Delhi, 1988

—K.C. Aryan, *Punjab Painting,* Punjabi University, Patiala, 1975

—*The Tribune,* Oct. 26, 1997

—*Ajit* (Punjabi), May 1, 1975

—Joginder Singh Bedi, *Punjabi Tribune,* April 26, 1998

# ਸੋਭਾ ਸਿੰਘ ਦੁਆਰਾ ਬਣਾਏ ਗਏ ਚਿੱਤਰਾਂ ਦੀ ਸ਼ੈਲੀ ਵਿਲੱਖਣਤਾ

ਸਰੋਜ ਚਮਨ

ਭਾਰਤੀ ਆਧੁਨਿਕ ਚਿੱਤਰ ਕਲਾ ਦਾ ਆਰੰਭ ਵੀਹਵੀਂ ਸਦੀ ਦੇ ਸ਼ੁਰੂ ਤੋਂ ਮੰਨਿਆ ਗਿਆ ਹੈ। ਉਨ੍ਹੀਵੀਂ ਸਦੀ ਦੇ ਅੰਤ ਵਿਚ ਰਾਜਸਥਾਨੀ, ਪਹਾੜੀ ਅਤੇ ਮੁਗ਼ਲ ਸ਼ੈਲੀ ਲਗਪਗ ਖ਼ਤਮ ਹੋ ਚੁੱਕੀ ਸੀ। ਅੰਗਰੇਜ਼ਾਂ ਦੇ ਭਾਰਤ ਆਉਣ ਨਾਲ ਈਸਟ ਇੰਡੀਆ ਕੰਪਨੀ ਦਾ ਵਿਸਤਾਰ ਹੋਇਆ ਅਤੇ ਉਸ ਦਾ ਪ੍ਰਭਾਵ ਭਾਰਤੀ ਸਭਿਆਚਾਰ ਤੇ ਕਲਾ ਉੱਤੇ ਵੀ ਪਿਆ। ਭਾਰਤੀ ਕਲਾ ਇਕ ਤਰ੍ਹਾਂ ਅਠਾਰ੍ਹਵੀਂ ਸਦੀ ਦੇ ਅੰਤ ਵਿਚ ਹੀ ਦਿਸ਼ਾਹੀਣ ਹੋ ਗਈ ਸੀ ਕਿਉਂਕਿ ਕਲਾ ਕੋਲੋਂ ਦਰਬਾਰਾਂ ਦਾ ਆਸਰਾ ਖੁੱਸ ਗਿਆ ਸੀ ਤੇ ਕਲਾਕਾਰ ਪੁਰਾਣੇ ਚਿੱਤਰਾਂ ਦੀਆਂ ਨਕਲਾਂ ਕਰਕੇ ਆਪਣੀ ਉਪਜੀਵਕਾ ਕਮਾਉਂਦੇ ਸਨ। ਅਜਿਹਾ ਹੋਣ ਨਾਲ ਕਲਾ ਦਾ ਮਿਆਰ ਡਿੱਗ ਗਿਆ। ਉਨ੍ਹੀਵੀਂ ਸਦੀ ਦੇ ਆਰੰਭ ਵਿਚ ਲਗਪਗ ਪੰਜਾਹ ਪੱਛਮੀ ਕਲਾਕਾਰਾਂ ਨੇ ਭਾਰਤ ਦਾ ਦੌਰਾ ਕੀਤਾ ਜਿਹਨਾਂ ਵਿਚੋਂ ਟਾਮਸ ਰੈਨੀਅਲ, ਵਿਲੀਅਮ ਡੀ. ਜੋਫਨੀ ਅਤੇ ਈਮਾਈਲ ਐਡਨ ਦੇ ਨਾਂ ਲਏ ਜਾ ਸਕਦੇ ਹਨ। ਇਹਨਾਂ ਕਲਾਕਾਰਾਂ ਨੇ ਪਾਣੀ ਰੰਗਾਂ ਤੇ ਤੇਲ ਰੰਗਾਂ ਨਾਲ ਭਾਰਤੀ ਵਿਸ਼ਿਆਂ 'ਤੇ ਆਧਾਰਿਤ ਚਿੱਤਰ ਬਣਾਏ। ਇਹਨਾਂ ਚਿੱਤਰਕਾਰਾਂ ਦੀਆਂ ਕਲਾਕ੍ਰਿਤਾਂ ਦਾ ਪ੍ਰਭਾਵ ਭਾਰਤੀ ਕਲਾ ਉੱਤੇ ਪਿਆ ਜੋ ਗੁਣਾਤਮਕ ਨਹੀਂ ਸੀ। ਸ਼ਾਇਦ ਇਸੇ ਲਈ ਇਸ ਸਮੇਂ ਦੀ ਚਿੱਤਰਕਾਰੀ ਨੂੰ 'ਕੰਪਨੀ ਪੇਂਟਿੰਗ' ਦਾ ਨਾਉਂ ਦਿੱਤਾ ਜਾਂਦਾ ਹੈ। ਜਿਥੇ ਜਿਥੇ ਅੰਗਰੇਜ਼ਾਂ ਦੇ ਰਾਜ ਦਾ ਵਿਸਤਾਰ ਹੁੰਦਾ ਗਿਆ ਉਥੇ ਉਥੇ ਉਹਨਾਂ ਦੀ ਕਲਾ ਡੂੰਘਾ ਪ੍ਰਭਾਵ ਛੱਡਦੀ ਗਈ। ਅੰਗਰੇਜ਼ੀ ਰਾਜ ਕਾਰਨ ਚਿੱਤਰਕਲਾ ਨੂੰ ਵੱਡਾ ਧੱਕਾ ਲੱਗਿਆ ਕਿਉਂਕਿ ਜਿਹੜਾ ਥੋੜ੍ਹਾ ਬਹੁਤ ਪਹਾੜੀ ਕਲਾਕਾਰਾਂ ਨੂੰ ਸਿੱਖ ਦਰਬਾਰ ਵਿਚ ਆਪਣੀ ਕਲਾ ਨੂੰ ਆਸਰਾ ਮਿਲਦਾ ਸੀ ਉਹ ਖ਼ਤਮ ਹੋ ਗਿਆ। ਸਿੱਟੇ ਵਜੋਂ ਕਲਾਕਾਰਾਂ ਨੇ ਪਛਮੀ ਕਲਾ ਦਾ ਪ੍ਰਭਾਵ ਕਬੂਲ ਕਰਨਾ ਆਰੰਭ ਕਰ ਦਿੱਤਾ। ਅਜਿਹੇ ਕਲਾਕਾਰਾਂ ਵਿਚੋਂ ਅਲਾਗਿਰੀ ਨਾਈਡੋ ਤੇ ਰਾਜਾ ਰਵੀ ਵਰਮਾ ਪ੍ਰਸਿੱਧ ਹਨ। ਉਨ੍ਹਾਂ ਦੀ ਚਿੱਤਰਕਲਾ ਵਿਚ ਪੱਛਮੀ ਤੇ ਭਾਰਤੀ ਪ੍ਰਭਾਵ ਪ੍ਰਤੱਖ ਵਿਖਾਈ ਦਿੰਦੇ ਹਨ।

ਇਸ ਤੋਂ ਪਿਛੋਂ ਜਿਸ ਭਾਰਤੀ ਆਧੁਨਿਕ ਕਲਾ ਦਾ ਜਨਮ ਹੋਇਆ, ਉਸ ਦਾ ਆਰੰਭ 'ਬੰਗਾਲ ਸਕੂਲ' ਦੀ ਹੋਂਦ ਵਿਚ ਆਉਣ ਨਾਲ ਹੁੰਦਾ ਹੈ। ਉਸ ਵਿਚ ਰਾਮਾਨੰਦ ਚੈਟਰਜੀ, ਡਾ. ਆਨੰਦ ਕੁਮਾਰ ਸਵਾਮੀ, ਅਵਿਨਿੰਦਰ ਨਾਥ ਟੈਗੋਰ ਆਦਿ ਦੇ ਨਾਂ ਵਰਨਨਯੋਗ ਹਨ। ਭਾਰਤ ਦੀ ਆਧੁਨਿਕ ਚਿੱਤਰ ਕਲਾ ਦੀ ਪ੍ਰਗਤੀ ਲਈ ਬੰਗਾਲ ਸਕੂਲ ਨੂੰ ਮੋਹਰੀ ਮੰਨਿਆ ਜਾਂਦਾ ਹੈ। ਕਲਕੱਤਾ ਆਰਟ ਸਕੂਲ ਦੇ ਪ੍ਰਿੰਸੀਪਲ ਸ੍ਰੀ. ਈ. ਵੀ. ਹੈਵਲ ਨੇ ਭਾਰਤੀ ਆਧੁਨਿਕ ਚਿੱਤਰਕਲਾ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ। ਉਹਨਾਂ ਅਨੁਸਾਰ ਪੱਛਮੀ ਕਲਾ ਵਿਵਹਾਰਿਕ ਕਲਾ ਹੈ ਅਤੇ ਭਾਰਤੀ ਕਲਾ ਵਧੇਰੇ ਅਧਿਆਤਮਿਕ, ਪਰੰਤੂ ਫਿਰ ਭੀ ਉਹ ਪਰੰਪਰਾਗਤ ਕਲਾ ਨੂੰ ਕਿਸੇ ਹੱਦ ਤਕ ਹੀ ਅਪਣਾਉਂਦੇ ਸਨ।

ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਭਾਰਤੀ ਆਧੁਨਿਕ ਚਿੱਤਰਕਲਾ ਇਕ ਨਵੇਂ ਮੋੜ ਤੇ ਪਹੁੰਚੀ। ਪੱਛਮੀ ਅਤੇ ਪੂਰਬੀ ਸਭਿਅਤਾ ਦੀ ਨੇੜਤਾ ਵੱਧ ਗਈ। ਸਮੇਂ ਦੀਆਂ ਪ੍ਰਸਥਿਤੀਆਂ ਕਾਰਨ ਸਥਾਨਕ ਕਲਾਕਾਰ ਯੂਰਪੀ ਕਲਾ ਨੂੰ ਅਪਨਾਉਣ ਲੱਗੇ। ਰਾਬਿੰਦਰਨਾਥ ਟੈਗੋਰ, ਯਾਮਿਨੀ ਰਾਇ, ਗਗਨੇਂਦਰ ਨਾਥ ਟੈਗੋਰ, ਅੰਮ੍ਰਿਤਾ ਸ਼ੇਰਗਿਲ, ਕੇ. ਐਸ. ਕੁਲਕਰਨੀ, ਕੇ. ਕੇ. ਹੈਬਰ, ਸਤੀਸ਼ ਗੁਜਰਾਲ ਆਦਿ। ਇਸੇ ਤਰ੍ਹਾਂ ਹੀ ਅਨੇਕਾਂ ਕਲਾਕਾਰ ਆਪਣੀ ਤਕਨੀਕੀ ਸ਼ੈਲੀ ਰਾਹੀਂ ਭਾਰਤ ਦੀ ਆਧੁਨਿਕ ਕਲਾ ਦੀ ਪ੍ਰਗਤੀ ਲਈ ਨਵੇਂ ਨਵੇਂ ਪ੍ਰਯੋਗ ਕਰਨ ਲੱਗੇ। ਜਾਰਜ ਕੀਟ, ਕੇ. ਐਚ. ਆਰਾ, ਕੰਵਲ ਕਿਸ਼ਨ, ਜਸਵੰਤ ਸਿੰਘ, ਸਧੀਰ ਖਾਸਤਗੀਰ, ਭੁਪੇਸ਼ ਸਾਨਿਆਲ, ਐਸ. ਐਲ ਪ੍ਰਾਸ਼ਰ, ਅਜੀਤ ਚਕਰਵਰਤੀ, ਸ਼ਾਂਤੀ ਦਬੇ, ਬੈਂਦਰੇ, ਚਾਵਲਾ, ਆਰ. ਐਸ. ਬਿਸਟ, ਪੀ. ਐਨ.

ਮਾਗੋ, ਪਰਮਜੀਤ, ਸ਼ੈਲੋਜ ਮੁਕਰਜੀ, ਰਾਮ ਕੁਮਾਰ, ਕੇ. ਐਸ. ਰਜਾ, ਸ੍ਰੀ ਕ੍ਰਿਸ਼ਨ ਖੰਨਾ, ਸੋਭਾ ਸਿੰਘ, ਠਾਕੁਰ ਸਿੰਘ, ਲਕਸ਼ਮਣਪਾਈ, ਦਮਯੰਤੀ ਚਾਵਲਾ ਤੇ ਰੋਰਿਕ ਆਦਿ ਦੇ ਨਾਂ ਲਏ ਜਾ ਸਕਦੇ ਹਨ।

ਸਮੇਂ ਦੇ ਬੀਤਣ ਨਾਲ ਪੰਜਾਬ ਵਿਚ ਵਸਦੇ ਕਲਾਕਾਰ ਵੀ ਆਪਣੀ ਆਪਣੀ ਸ਼ੈਲੀ ਦੁਆਰਾ ਪਹਿਚਾਣ ਬਣਾਉਣ ਵਿਚ ਸਫ਼ਲ ਹੋਏ। ਸੋਭਾ ਸਿੰਘ, ਠਾਕੁਰ ਸਿੰਘ, ਤ੍ਰਿਲੋਕ ਚਿੱਤਰਕਾਰ, ਜੀ. ਐਸ. ਸੋਹਣ ਸਿੰਘ, ਕ੍ਰਿਪਾਲ ਸਿੰਘ ਆਦਿ ਨੇ ਯਥਾਰਥਵਾਦ ਵਿਚ ਨਵਾਂ ਮੋੜ ਲੈ ਕੇ ਆਂਦਾ ਹੈ। ਸੋਭਾ ਸਿੰਘ ਦੁਆਰਾ ਚਿਤਰਤ ਗੁਰੂ ਸਾਹਿਬਾਨ ਦੇ ਪੋਰਟਰੇਟ, ਠਾਕੁਰ ਸਿੰਘ ਦੇ ਭੂ-ਦ੍ਰਿਸ਼, ਕ੍ਰਿਪਾਲ ਸਿੰਘ ਦੇ ਇਤਿਹਾਸਿਕ ਚਿੱਤਰਾਂ ਦੀ ਨਿਵੇਕਲੀ ਪਛਾਣ ਹੈ।

ਸੋਭਾ ਸਿੰਘ ਦਾ ਜਨਮ ਹਰਿਗੋਬਿੰਦਪੁਰ ਵਿਚ ਹੋਇਆ। ਇਹ ਕਸਬਾ ਗੁਰੂ ਹਰਿਗੋਬਿੰਦ ਸਾਹਿਬ ਦੇ ਨਾਂ ਉੱਤੇ ਵੱਸਿਆ ਹੈ। ਕਹਿੰਦੇ ਹਨ ਇਹ ਨਗਰ ਨੂੰ ਗੁਰੂ ਸਾਹਿਬਾਨ ਦਾ ਵਰ ਸੀ ਕਿ ਇਹ ਨਗਰ ਵਧੇ ਫੁੱਲੇਗਾ ਅਤੇ ਇਥੇ ਕਿਰਤੀ ਵੱਸਣਗੇ। ਮਾਤਾ ਅੱਛਰਾਂ ਦੇਵੀ ਦੀ ਕੁੱਖੋਂ ਜਨਮੇਂ ਸੋਭਾ ਸਿੰਘ ਦੇ ਪਿਤਾ ਸ. ਦੇਵਾ ਸਿੰਘ ਫੌਜੀ ਸਨ। ਉਹ ਘੋੜ ਸਵਾਰੀ ਅਤੇ ਨਿਸ਼ਾਨੇ ਦੇ ਮਾਹਿਰ ਸਨ। ਗੁਰਬਾਣੀ ਉਹਨਾਂ ਦੇ ਮਨ ਵਿਚ ਵਸੀ ਹੋਈ ਸੀ। ਚਿੱਤਰਕਾਰੀ ਦਾ ਵੀ ਸ਼ੌਕ ਸੀ। ਮਾਤਾ ਅੱਛਰਾਂ ਛੇਤੀ ਹੀ ਚਲਾਣਾ ਕਰ ਗਏ ਤੇ ਸੋਭਾ ਸਿੰਘ ਨੂੰ ਉਨ੍ਹਾਂ ਦੇ ਪਿਤਾ ਨੇ ਭੈਣ ਲੱਛਮੀ ਕੋਲ ਭੇਜ ਦਿੱਤਾ। ਲੱਛਮੀ ਉਹਨੀਂ ਦਿਨੀ ਅੰਮ੍ਰਿਤਸਰ ਜਲ੍ਹਿਆਂ ਵਾਲੇ ਬਾਗ ਨੇੜੇ ਰਹਿੰਦੀ ਸੀ।

ਸੋਭਾ ਸਿੰਘ ਦੇ ਕਲਾਕਾਰ ਬਣਨ ਵਿਚ ਉਸ ਦੇ ਬਚਪਨ ਦੇ ਹਾਲਾਤਾਂ ਦਾ ਬਹੁਤ ਯੋਗਦਾਨ ਹੈ। ਪਿਤਾ ਮੁਰਗਾਬੀਆਂ ਦਾ ਸ਼ਿਕਾਰ ਕਰਕੇ ਲਿਆਉਂਦੇ ਤੇ ਕਈ ਉਹਨਾਂ ਵਿਚੋਂ ਜ਼ਖ਼ਮੀ ਹੁੰਦੀਆਂ ਅਤੇ ਰਾਤ ਭਰ ਕਰਾਹੁੰਦੀਆਂ। ਸੋਭਾ ਸਿੰਘ ਇਹਨਾਂ ਦੇ ਦੁੱਖ ਨੂੰ ਸਹਿ ਨਾ ਸਕਦਾ ਤੇ ਜਦੋਂ ਮੌਕਾ ਮਿਲਦਾ ਉਹਨਾਂ ਵਿਚੋਂ ਜਿਉਂਦੀਆਂ ਨੂੰ ਪਾਣੀ ਵਿਚ ਛੱਡ ਆਉਂਦਾ। ਇਹ ਦਰਦ ਉਸ ਦੇ ਧੁਰ ਤਕ ਉਤਰ ਗਿਆ ਤੇ ਮਨ ਵਿਚ ਅਨੇਕਾਂ ਪ੍ਰਸ਼ਨ ਪੈਦਾ ਕਰ ਦਿੱਤੇ ਕਿ ਗੁਰੂ ਅਜਿਹੇ ਲੋਕਾਂ ਦੇ ਪਾਠ ਨੂੰ ਕਿਵੇਂ ਸਵੀਕਾਰ ਕਰ ਸਕਦਾ ਹੈ?

ਘਰ ਵਿਚ ਉਹ ਜਦੋਂ ਸ੍ਰੀ ਹਰਿਗੋਬਿੰਦਪੁਰੇ ਹੁੰਦਾ ਤਾਂ ਇਕੱਲ ਵਿਚ ਦੁੱਖੀ ਹੁੰਦਾ, ਸੁੰਨਸਾਨ ਘਰ ਤੋਂ ਉਸ ਨੂੰ ਡਰ ਲਗਦਾ ਤੇ ਉਹ ਸਾਰਾ ਸਾਰਾ ਦਿਨ ਬਿਆਸ ਦਰਿਆ ਦੇ ਕੰਢੇ ਬੈਠਾ ਰਹਿੰਦਾ ਅਤੇ ਉਂਗਲਾਂ ਨਾਲ ਰੇਤ ਉੱਤੇ ਆਕ੍ਰਿਤੀਆਂ ਸਿਰਜਦਾ ਰਹਿੰਦਾ। ਸੋਭਾ ਸਿੰਘ ਨੇ 14 ਸਾਲ ਦੀ ਉਮਰ ਵਿਚ ਅੰਮ੍ਰਿਤਸਰ ਦੇ ਸਰਕਾਰੀ ਇੰਡਸਟ੍ਰੀਅਲ ਸਕੂਲ ਵਿਚ ਦਾਖ਼ਲਾ ਲਿਆ ਤੇ ਇਕ ਸਾਲ ਦਾ ਆਰਟ ਐਂਡ ਕਰਾਫ਼ਟ ਦਾ ਕੋਰਸ ਕੀਤਾ। ਇਥੇ ਹੀ ਉਸ ਦੇ ਅੰਦਰ ਦਾ ਕਲਾਕਾਰ ਸਾਕਾਰ ਹੋਇਆ। ਕੋਰਸ ਸਮੇਂ ਅਨੇਕਾਂ ਤਸਵੀਰਾਂ ਬਣਾਈਆਂ ਤੇ ਭਣਵੱਈਏ ਮੰਗਲ ਸਿੰਘ (ਜੋ ਓਵਰਸੀਅਰ ਸਨ) ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਥੇ ਉਸ ਦੀ ਡਰਾਇੰਗ ਵਧੇਰੇ ਪ੍ਰਫੁਲਿਤ ਹੋਈ। 1919 ਵਿਚ ਸੋਭਾ ਸਿੰਘ ਡਰਾਫਟਸਮੈਨ ਵਜੋਂ ਨੌਕਰੀ ਤੇ ਲੱਗੇ ਅਤੇ ਕੁਝ ਦਿਨਾਂ ਮਗਰੋਂ ਹੀ ਬਸਰੇ ਬਗਦਾਦ ਜਾਣਾ ਪਿਆ ਜਿਥੇ ਉਹਨਾਂ ਨੂੰ ਨਵੇਂ ਰੰਗਾਂ ਨੇ ਟੁੰਬਿਆ। ਬਗਦਾਦ ਵਿਚ ਉਹ ਡਰਾਇੰਗ ਸੈਕਸ਼ਨ ਅਧੀਨ ਕੰਮ ਕਰਦੇ ਸਨ ਅਤੇ ਇਹ ਡਰਾਇੰਗ ਹੀ ਉਸ ਦੀ ਕਲਾ ਕੌਸ਼ਲਤਾ ਸੌਗਾਤ ਸਿੱਧ ਹੋਈ। ਕਿਉਂਕਿ ਉਥੇ ਕੰਮ ਕਰਦੇ ਸਮੇਂ ਕਰਨਲ ਗਲਾਵਰ ਅਤੇ ਹੋਰ ਸੀਨੀਅਰ ਅੰਗਰੇਜ਼ ਅਧਿਕਾਰੀਆਂ ਨੇ ਸੋਭਾ ਸਿੰਘ ਨੂੰ ਬਹੁਤ ਹੱਲਾਸ਼ੇਰੀ ਅਤੇ ਚੰਗੀਆਂ ਪੁਸਤਕਾਂ ਪੜ੍ਹਨ ਨੂੰ ਦਿੱਤੀਆਂ।ਇਹਨਾਂ ਦਿਨਾਂ ਵਿਚ ਉਹ ਆਪਣੀ ਸੰਗਤ ਅੰਗਰੇਜ਼ ਕਲਾਕਾਰਾਂ ਨਾਲ ਰੱਖਦੇ ਤੇ ਉਹਨਾਂ ਦਾ ਹੀ ਕਲਾ ਇਤਿਹਾਸ ਪੜ੍ਹਦੇ। ਤਿੰਨ ਸਾਲ ਪਿਛੋਂ ਜਦੋਂ ਸੋਭਾ ਸਿੰਘ ਦੇਸ਼ ਪਰਤੇ ਤਾਂ ਆਪਣੀ ਜ਼ਿੰਦਗੀ ਕਲਾ ਦੇ ਲੇਖੇ ਲਾਉਣ ਦੀ ਸਹੁੰ ਖਾਧੀ। ਇਰਾਕ ਵਿਚ ਗੁਜ਼ਾਰੇ ਤਿੰਨ ਸਾਲਾਂ ਦਾ ਪ੍ਰਭਾਵ ਕਲਾਕਾਰ ਦੇ ਚਿੱਤਰਾਂ ਵਿਚ ਆਪ ਮੁਹਾਰੇ ਉਭਰ ਕੇ ਸਾਹਮਣੇ ਆਉਂਦਾ ਹੈ। ਸੋਭਾ ਸਿੰਘ ਦੁਆਰਾ ਚਿਤਰਿਤ ਔਰਤ ਆਕ੍ਰਿਤੀ ਦੇ ਨੈਣ ਨਕਸ਼ ਜਿਸ ਵਿਚ ਸੁਰਾਹੀ ਵਰਗੀਆਂ ਲੰਬੀਆਂ ਗਰਦਨਾਂ ਬਗਦਾਦੀ ਔਰਤ ਦੇ ਹੁਸਨ ਦਾ ਹੀ ਪ੍ਰਤਿਰੂਪ ਹਨ।

ਲਗਪਗ ਤਿੰਨ ਵਰ੍ਹੇ ਫੌਜ ਦੀ ਨੌਕਰੀ ਕਰਕੇ ਜਦੋਂ ਉਹ ਦੇਸ ਪਰਤਿਆ ਤਾਂ ਉਸ ਨੂੰ ਲੱਗਿਆ ਕਿ ਉਸ ਨੇ ਪਰਾਈ ਧਰਤੀ ਉੱਤੇ ਰਹਿ ਕੇ ਅੰਗਰੇਜ਼ਾਂ ਦੀ ਅਧੀਨਗੀ ਹੇਠ ਜੋ ਕੁਝ ਸਿਖਿਆ ਉਹ ਲਾਹੇਵੰਦ ਹੈ। ਕਿਉਂਕਿ ਉਚਕੋਟਿ ਦੇ ਅੰਗਰੇਜ਼ ਅਫ਼ਸਰਾਂ (ਖਾਸ ਕਰਕੇ ਕਲਾਤਮਿਕ ਰੁਚੀਆਂ ਵਾਲਿਆਂ) ਨੇ ਸੋਭਾ ਸਿੰਘ ਵਿਚ ਆਤਮ ਵਿਸ਼ਵਾਸ ਪੈਦਾ ਕੀਤਾ ਸੀ। ਅਨੁਸ਼ਾਸਨ ਵਰਗੀਆਂ ਵਿਸ਼ੇਸ਼ਤਾਵਾਂ ਫੌਜ ਵਿਚੋਂ ਹੀ ਪ੍ਰਾਪਤ ਹੋਈਆਂ। 1923 ਵਿਚ

ਵਾਪਸ ਪਰਤ ਕੇ ਉਹਨਾਂ ਅੰਮ੍ਰਿਤਸਰ ਵਿਚ ਆਪਣਾ ਆਰਟ ਸਟੂਡੀਓ ਖੋਲ੍ਹ ਕੇ ਕਮਰਸ਼ੀਅਲ ਕੰਮ ਸ਼ੁਰੂ ਕਰ ਦਿੱਤਾ। ਇਹ ਸਟੂਡੀਓ ਬਜ਼ਾਰ ਮਾਈ ਸੇਵਾਂ, ਚੌਕ ਫਵਾਰਾ ਵਿਚ 'ਸ਼ੁਭਾਸ਼' ਤਖੱਲਸ ਨਾਉ ਨਾਲ ਖੋਲ੍ਹਿਆ ਗਿਆ। ਸ਼ੁਰੂ ਵਿਚ ਪੰਜਾਬੀ ਸਾਹਿਤਿਕ ਪੱਤਰਾਂ ਦੇ ਸਰਵਰਕ ਡੀਜ਼ਾਈਨ ਕੀਤੇ। ਗਿਆਨੀ ਹੀਰਾ ਸਿੰਘ ਦਰਦ ਤੇ ਨਾਨਕ ਸਿੰਘ ਦੀਆਂ ਪੁਸਤਕਾਂ ਦੇ ਕਵਰ ਡੀਜ਼ਾਈਨ ਸੋਭਾ ਸਿੰਘ ਨੇ ਹੀ ਕੀਤੇ। ਇਥੇ ਰਹਿੰਦਿਆਂ ਸੋਭਾ ਸਿੰਘ ਦਾ ਮੇਲ ਪ੍ਰਸਿੱਧ ਵਿਦਵਾਨ ਭਾਈ ਵੀਰ ਸਿੰਘ ਜੀ ਨਾਲ ਹੋਇਆ। ਉਹਨਾਂ ਦੀ ਵਿਦਵਤਾ ਦਾ ਸੋਭਾ ਸਿੰਘ ਉੱਤੇ ਗੂੜ੍ਹਾ ਅਸਰ ਪਿਆ। ਭਾਈ ਵੀਰ ਸਿੰਘ ਨੇ ਹੀ ਸੋਭਾ ਸਿੰਘ ਦੀ ਵਾਕਫ਼ੀਅਤ ਭਾਈ ਕਾਹਨ ਸਿੰਘ ਨਾਲ ਕਰਵਾਈ। ਇਨ੍ਹਾਂ ਵਿਦਵਾਨਾਂ ਤੋਂ ਪ੍ਰਭਾਵਿਤ ਹੋ ਕੇ ਹੀ ਸੋਭਾ ਸਿੰਘ ਨੇ ਸਿੱਖ ਇਤਿਹਾਸ, ਸਭਿਆਚਾਰ ਤੇ ਸਿੱਖ ਧਰਮ ਫਲਸਫ਼ੇ ਦਾ ਅਧਿਐਨ ਕੀਤਾ। ਉਹਨਾਂ ਦਿਨਾਂ ਵਿਚ ਗੁਰਦੁਆਰਾ ਸੁਧਾਰ ਲਹਿਰ ਜ਼ੋਰਾਂ ਤੇ ਸੀ ਤੇ ਅਕਾਲੀਆਂ ਨੇ "ਗੁਰੂ ਕੇ ਬਾਗ" ਮੋਰਚਾ ਲਾਇਆ ਹੋਇਆ ਸੀ। ਅਕਾਲੀਆਂ ਉੱਤੇ ਹੁੰਦੇ ਜ਼ੁਲਮ, ਉਹਨਾਂ ਉੱਤੇ ਢਾਏ ਜਾਂਦੇ ਜ਼ੁਲਮ, ਸਰੀਰਿਕ ਤਸੀਹੇ ਸੋਭਾ ਸਿੰਘ ਉੱਤੇ ਡੂੰਘਾ ਅਸਰ ਛੱਡ ਗਏ। ਸਿੱਖਾਂ ਦਾ ਇਹ ਸਤਿਆਗ੍ਰਹਿ ਸੋਭਾ ਸਿੰਘ ਦੀਆਂ ਮੁੱਢਲੀਆਂ ਕਲਾਕ੍ਰਿਤਾਂ ਵਿਚ ਹੂ ਬਹੂ ਉਭਰਿਆ।

1924 ਵਿਚ ਸੋਭਾ ਸਿੰਘ ਲਾਹੌਰ ਚਲੇ ਗਏ। ਨਾਨਕ ਸਿੰਘ ਤੇ ਸੋਭਾ ਸਿੰਘ ਦੀ ਗੂੜ੍ਹੀ ਦੋਸਤੀ ਸੀ। ਦੋਵੇਂ ਇਕ ਦੂਜੇ ਕੋਲ ਅੰਮ੍ਰਿਤਸਰ ਤੇ ਲਾਹੌਰ ਤੇ ਲਾਹੌਰ ਤੋਂ ਅੰਮ੍ਰਿਤਸਰ ਤੁਰੇ ਰਹਿੰਦੇ। ਸੋਭਾ ਸਿੰਘ ਨੂੰ ਸ਼ੁਰੂ ਤੋਂ ਹੀ ਪਹਾੜਾਂ ਦੀ ਸੈਰ ਬਹੁਤ ਸਕੂਨ ਦਿੰਦੀ ਸੀ। ਜਦੋਂ ਭੀ ਮੌਕਾ ਮਿਲਦਾ ਤਿੰਨੇ ਦੋਸਤ (ਨਾਨਕ ਸਿੰਘ, ਸੋਭਾ ਸਿੰਘ ਅਤੇ ਮੰਗਤ ਰਾਮ) ਪਹਾੜਾਂ ਦੀ ਕੁਦਰਤ ਨੂੰ ਰੱਜ ਕੇ ਮਾਣਦੇ। 1931 ਵਿਚ ਸੋਭਾ ਸਿੰਘ ਦਿੱਲੀ ਆ ਕੇ ਵੱਸ ਗਏ ਤੇ ਨਾਨਕ ਸਿੰਘ ਗੁਰਬਖ਼ਸ ਸਿੰਘ ਦੇ ਪ੍ਰੀਤਨਗਰ ਵਿਚ। ਸੋਭਾ ਸਿੰਘ ਭਲਾ ਇਸ ਸਾਹਿਤਿਕ ਸਵਰਗ ਤੋਂ ਕਿਵੇਂ ਦੂਰ ਰਹਿ ਸਕਦੇ। ਛੇਤੀ ਹੀ ਉਹ ਪ੍ਰੀਤ ਨਗਰ ਆ ਕੇ ਵੱਸ ਗਏ। ਤਦ ਤੱਕ ਦਿੱਲੀ ਰਹਿੰਦਿਆ ਸੋਭਾ ਸਿੰਘ ਨੇ ਕਮਰਸ਼ੀਅਲ ਆਰਟ ਵਿਚ ਚੰਗਾ ਨਾਂ ਕਮਾ ਲਿਆ ਸੀ। ਭਾਰਤੀ ਰੇਲਵੇ ਤੇ ਪੋਸਟਰ, ਟੈਲੀਗਰਾਫ਼ ਵਿਭਾਗ ਤੇ ਪੋਸਟਰ, ਸੋਭਾ ਸਿੰਘ ਕਰਕੇ ਹੀ ਜਾਣੇ ਜਾਂਦੇ ਹਨ। ਪ੍ਰੀਤ ਨਗਰ ਛਡ ਕੇ ਸੋਭਾ ਸਿੰਘ ਪਹਿਲਾਂ ਲਾਹੌਰ ਤੇ ਫੇਰ 1947 ਵਿਚ ਅੰਦਰੇਟੇ ਵੱਸ ਗਏ।

ਲਾਹੌਰ ਵਿਚ ਸਟੂਡਿਓ ਬਣਾ ਕੇ ਇਹਨਾਂ ਆਪਣੇ ਅੰਤਰੀਵ ਕਲਾਕਾਰ ਨੂੰ ਵਧੇਰੇ ਵਿਕਸਿਤ ਹੋਣ ਦਾ ਮੌਕਾ ਦਿੱਤਾ ਕਿਉਂਕਿ ਸਿਆਸੀ, ਧਾਰਮਿਕ, ਵਿਦਿਅਕ, ਸਾਹਿਤਿਕ ਅਤੇ ਸਭਿਆਚਾਰਿਕ ਸਰਗਰਮੀਆਂ ਦਾ ਕੇਂਦਰ ਰਿਹਾ ਹੈ।

ਸੋਭਾ ਸਿੰਘ ਨੇ ਸਾਹਿਤਕਾਰਾਂ, ਕਲਾਕਾਰਾਂ ਤੇ ਫਿਲਮੀ ਹਸਤੀਆਂ ਨਾਲ ਵਧੇਰੇ ਦੋਸਤੀਆਂ ਵਧਾ ਲਈਆਂ ਸਨ। ਗਿਆਨੀ ਕਰਤਾਰ ਸਿੰਘ ਹਿਤਕਾਰੀ ਜਿਹੜੇ ਉਚਕੋਟਿ ਦੇ ਲੇਖਕ ਸਨ ਉਹਨੀਂ ਦਿਨੀਂ 'ਰਣਜੀਤ ਨਗਾਰਾ' ਨਾਉਂ ਦਾ ਰਸਾਲਾ ਕਢਦੇ ਸਨ ਜਿਸ ਦੀ ਸਾਰੀ ਵਿਉਂਤਬੰਦੀ, ਡਿਜ਼ਾਇਨ ਤੇ ਕਵਰ ਆਦਿ ਸੋਭਾ ਸਿੰਘ ਹੀ ਬਣਾਉਂਦੇ। ਇਥੇ ਹੀ ਇਹਨਾਂ ਦੀ ਜਾਣ ਪਛਾਣ ਐਮ. ਐਸ. ਰੰਧਾਵਾ ਨਾਲ ਹੋਈ ਜਿਹੜੇ ਸੋਭਾ ਸਿੰਘ ਦੀ ਕਲਾ ਦੇ ਸ਼ੈਦਾਈ ਸਨ। ਲਾਹੌਰ ਰਹਿੰਦਿਆਂ ਹੀ ਸੋਭਾ ਸਿੰਘ ਦੀ ਦੋਸਤੀ ਪ੍ਰੋ. ਮੋਹਨ ਸਿੰਘ, ਰਾਜਿੰਦਰ ਸਿੰਘ ਬੇਦੀ, ਪਿਆਰਾ ਸਿੰਘ ਦਾਤਾ ਤੇ ਕਈ ਹੋਰ ਪੰਜਾਬੀ, ਉਰਦੂ ਸਾਹਿਤਕਾਰਾਂ ਨਾਲ ਹੋਈ। ਸੋਭਾ ਸਿੰਘ ਦੀ ਕਲਾ ਉੱਤੇ ਇਹਨਾਂ ਦੀਆਂ ਲਿਖਤਾਂ ਦਾ ਗੂੜ੍ਹਾ ਪ੍ਰਭਾਵ ਪਿਆ। ਉਹਨਾਂ ਦਿਨਾਂ ਵਿਚ ਇਸਮਤ ਚੁਗਤਾਈ, ਐਸ. ਜੀ. ਠਾਕਰ ਸਿੰਘ, ਹੁਸੈਨ ਬਖ਼ਸ ਅਤੇ ਮੌਜ਼ੂਮਦਾਰ ਆਦਿ ਸਾਰੇ ਕਲਾਕਾਰ ਲਾਹੌਰ ਵਿਚ ਹੀ ਰਹਿੰਦੇ ਸਨ। 1930 ਵਿਚ ਸੋਭਾ ਸਿੰਘ ਲਾਹੌਰ ਛਡ ਕੇ ਫਿਰ ਦਿੱਲੀ ਆ ਵਸੇ ਅਤੇ ਕਨਾਟਪਲੇਸ ਵਿਚ ਸਟੂਡੀਓ ਖੋਲ੍ਹਿਆ। ਇਹਨੀਂ ਦਿਨੀਂ ਉਹ ਤੀਹ ਕੁ ਵਰ੍ਹਿਆਂ ਦੇ ਸਨ। ਇਥੇ ਆ ਕੇ ਇਹਨਾਂ ਨੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਨਾਮ ਖੁਮਾਰੀ ਨਾਨਕਾ, ਸ੍ਰੀ ਗੁਰੂ ਹਰਿ ਗੋਬਿੰਦ ਦੇ ਦਰਬਾਰ ਵਿਚ ਨੂਰਜਹਾਂ, ਸ਼ਾਹ ਜਹਾਨ ਤੇ ਮੁਮਤਾਜ, ਸੋਹਣੀ, ਮਹੀਂਵਾਲ, ਲਾਲ ਰੂਪ, ਪ੍ਰਭਾਤ ਦੀ ਦੇਵੀ ਆਦਿ ਪ੍ਰਸਿੱਧ ਚਿੱਤਰ ਬਣਾਏ। ਇਹਨਾਂ ਚਿੱਤਰਾਂ ਦੀਆਂ ਫੋਟੋ ਤਸਵੀਰਾਂ ਵਿਦੇਸ਼ੀ ਰਸਾਲਿਆਂ ਵਿਚ ਛਪੀਆਂ ਤੇ ਚਿੱਤਰਕਾਰੀ ਦੀ ਵੱਖਰੀ ਸ਼ੈਲੀ ਦਾ ਪੂਰਾ ਇਤਿਹਾਸ ਬਣ ਕੇ ਖੜ੍ਹੀਆਂ ਹੋ ਗਈਆਂ। ਇਥੇ ਰਹਿੰਦਿਆਂ ਹੀ ਕਰਨਲ ਟੇਟ ਜਿਹੜੇ ਰੇਲਵੇ ਬੋਰਡ ਦੇ ਚੀਫ਼ ਪਬਲੀਸਿਟੀ ਅਫ਼ਸਰ ਸਨ ਨਾਲ ਦੋਸਤੀ ਹੋਈ। ਉਹਨਾਂ ਰੇਲਵੇ ਬੋਰਡ ਦਾ ਕੰਮ ਵੀ ਸੋਭਾ ਸਿੰਘ ਨੂੰ ਦੇ ਦਿੱਤਾ।

1941-42 ਵਿਚ ਸ੍ਰ. ਨਾਨਕ ਸਿੰਘ ਦੇ ਸੱਦੇ ਤੇ ਸੋਭਾ ਸਿੰਘ ਫਿਰ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਨਗਰ ਪ੍ਰੀਤਨਗਰ ਵਿਚ ਆ ਵਸੇ। 1944 ਵਿਚ ਸੋਭਾ ਸਿੰਘ ਨੇ ਆਪਣੇ ਚਿੱਤਰਾਂ ਦੀ ਪ੍ਰਦਰਸ਼ਨੀ ਲਾਈ ਜਿਸ ਦੀ ਪ੍ਰਸ਼ੰਸਾ ਹੋਈ। 1945 ਵਿਚ ਸੈਂਟਰਲ ਪਬਲੀਸਿਟੀ ਦੇ ਦਫ਼ਤਰ ਵੱਲੋਂ ਸੋਭਾ ਸਿੰਘ ਨੂੰ ਨੌਕਰੀ ਲਈ ਸੱਦਾ ਆਇਆ ਤੇ ਉਹ ਸ਼ਿਮਲੇ ਦੀਆਂ ਹੁਸੀਨ ਵਾਦੀਆਂ ਵੱਲ ਹੋ ਤੁਰੇ।

1947 ਵਿਚ ਸੋਭਾ ਸਿੰਘ ਨੇ ਲਾਹੌਰ ਛੱਡ ਕੇ ਭਾਰਤ ਵਿਚ ਵਸਣ ਦਾ ਫੈਸਲਾ ਕੀਤਾ। ਕਾਂਗੜਾ ਵਾਦੀ ਦਾ ਅੰਦਰੇਟਾ ਪਿੰਡ ਉਹਨਾਂ ਦੀ ਆਤਮਾ ਵਿਚ ਵਸਿਆ ਹੋਇਆ ਸੀ। 1949 ਵਿਚ ਉਨ੍ਹਾਂ ਇਥੇ ਆਪਣਾ ਸਟੂਡੀਓ ਨੁਮਾ ਮਕਾਨ ਬਣਾਇਆ। ਅਤੇ ਇਥੇ ਰਹਿ ਕੇ ਸੋਭਾ ਸਿੰਘ ਨੇ ਸੈਂਕੜੇ ਚਿੱਤਰ ਬਣਾਏ।

ਮਨੁੱਖੀ ਅਕ੍ਰਿਤੀਆਂ ਉਲੀਕਦੇ ਸਮੇਂ ਉਹਨਾਂ ਦਾ ਵਧੇਰੇ ਜ਼ੋਰ ਆਕਾਰ ਉੱਤੇ ਨਾ ਹੋ ਕੇ 'ਗੁਣ' ਉੱਤੇ ਹੁੰਦਾ। ਜਿਵੇਂ ਕਿ ਚਰਿੱਤਰ, ਬੀਰਤਾ ਤੇ ਵਿਦਵਤਾ ਆਦਿ ਗੁਰੂ ਸਾਹਿਬਾਨ ਦੇ ਚਿੱਤਰਾਂ ਵਿਚੋਂ ਇਹ ਗੁਣ ਡੁੱਲ੍ਹ ਡੁੱਲ੍ਹ ਪੈਂਦੇ ਹਨ। ਉਹਨਾਂ ਗੁਰਬਾਣੀ ਨੂੰ ਪੜ੍ਹਿਆ ਵਿਚਾਰਿਆ ਅਤੇ ਉਸ ਵਿਚੋਂ ਜ਼ਿੰਦਗੀ ਦੇ ਅਰਥ ਲਭ ਕੇ ਗੁਰੂ ਸਾਹਿਬਾਨ ਦੇ ਜੀਵੰਤ ਚਿੱਤਰ ਬਣਾਏ। ਪੰਜ ਪਿਆਰੇ, ਜਪੀ, ਤਪੀ, ਨਾਮ, ਵੰਡ ਛਕਣਾ, ਦੇਗ ਚਲਾਉਣਾ, ਤੇਗ ਵਾਹੁਣਾ, ਧਰਮ ਹੇਤ ਸੀਸ ਦੇਣੇ, ਬੰਦ ਬੰਦ ਕਟਾਉਣੇ, ਖੋਪਰੀਆਂ ਲੁਹਾਉਣੀਆ, ਚਰਖੜੀਆਂ ਉੱਤੇ ਚੜ੍ਹਨਾ ਆਦਿ ਕਲਾਕਾਰ ਦੇ ਪ੍ਰਮੁੱਖ ਚਿੱਤਰਾਂ ਦਾ ਵਿਸ਼ਾ ਰਿਹਾ। ਹਰਿਮੰਦਰ ਸਾਹਿਬ ਨਾਲ ਕਲਾਕਾਰ ਦਾ ਅੰਤਰੀਵ ਲਗਾਓ ਸੀ। ਮੁਲਕ ਰਾਜ ਆਨੰਦ ਦੇ ਸ਼ਬਦਾਂ ਵਿਚ "ਸੋਭਾ ਸਿੰਘ ਨੇ ਆਪਣੇ ਚਿੱਤਰਾਂ ਵਿਚ ਕੋਮਲਤਾ ਅਤੇ ਸੁਹਜ ਦਾ ਸੰਦੇਸ਼ ਦੇਣ ਦਾ ਯਤਨ ਕੀਤਾ ਹੈ। ਉਹ ਸਿੱਖ ਫਿਲਾਸਫੀ ਵਿਚ ਮਨੁੱਖੀ ਕਦਰਾਂ, ਪਸ਼ੂ ਪੰਛੀਆਂ ਅਤੇ ਬਨਸਪਤੀ ਦੀ ਸਪਿਰਟ ਨੂੰ ਮਹਿਸੂਸ ਕਰਦੇ ਸਨ।"

ਸੋਭਾ ਸਿੰਘ ਦੀ ਗੂੜ੍ਹੀ ਦਿਲਚਸਪੀ ਜੈਨ, ਬੁੱਧਮਤ ਤੇ ਚੀਨ ਦੇ ਸੰਤ ਲਾਓਤਾਸ ਦੇ ਫਲਸਫ਼ੇ ਨੂੰ ਸਮਝਣ ਦੀ ਸੀ। ਇਹ ਸੋਝੀ ਉਸ ਦੇ ਕਈ ਚਿੱਤਰਾਂ ਤੇ ਲਿਖਤਾਂ ਵਿਚ ਝਲਕਦੀ ਹੈ। ਰੰਗਾਂ ਤੇ ਰੇਖਾਵਾਂ ਵਿਚ ਉਚਕੋਟਿ ਦੇ ਵਿਦਵਾਨਾਂ ਦੇ ਬੋਲ ਆਪ ਮੁਹਾਰੇ ਸਾਕਾਰ ਹੁੰਦੇ ਹਨ।

1934 ਵਿਚ ਸੋਭਾ ਸਿੰਘ ਨੇ ਜਿਹੜਾ ਗੁਰੂ ਨਾਨਕ ਦਾ ਚਿੱਤਰ ਬਣਾਇਆ ਉਸ ਉੱਤੇ ਪ੍ਰਤੱਖ ਈਸਾਈ ਕਲਾ ਦਾ ਪ੍ਰਭਾਵ ਵਿਖਾਈ ਦਿੰਦਾ ਹੈ। ਇਸ ਵਿਚ ਨਾਨਕ ਦੀ ਮਾਤਾ ਤ੍ਰਿਪਤਾ ਉਸ ਨੂੰ ਗੋਦ ਵਿਚ ਲੈ ਕੇ ਬੈਠੀ ਉਸ ਦਾ ਰੂਪ ਨਿਹਾਰ ਰਹੀ ਹੈ ਤੇ ਬਾਕੀ ਇਸਤਰੀਆਂ ਭੀ ਉਸ ਬੱਚੇ ਵੱਲ ਗਹੁ ਨਾਲ ਵੇਖ ਰਹੀਆਂ ਹਨ। ਅਕਾਸ਼ ਵਿਚ ਬ੍ਰਹਮਾਂ, ਵਿਸ਼ਨੂੰ ਤੇ ਮਹੇਸ਼ ਖੁਸ਼ੀ ਨਾਲ ਫੁੱਲ ਵਰ੍ਹਾ ਰਹੇ ਹਨ। ਇਸ ਨੂੰ ਵੇਖ ਕੇ ਇੰਝ ਲਗਦਾ ਹੈ ਜਿਵੇਂ ਕਲਾਕਾਰ ਪ੍ਰਾਚੀਨ ਕ੍ਰਿਸਚੀਅਨ ਤੇ ਬੈਜ਼ਨਟਾਈਨ, ਗੋਥਿਕ ਵਿਚ ਪਹੁੰਚ ਗਿਆ ਹੋਵੇ। ਕੰਪੋਜੀਸ਼ਨ ਬਿਲਕੁਲ 'ਮੈਡੋਨਾ ਐਂਡ ਚਾਈਲਡ' ਨਾਲ ਮਿਲਦੀ ਹੈ। 1937 ਵਿਚ ਬਣਾਇਆ ਗੁਰੂ ਨਾਨਕ ਦਾ ਪੋਰਟਰੇਟ ਭੀ ਇਸੇ ਪ੍ਰਭਾਵ ਹੇਠਾਂ ਬਣਿਆ। ਕਰਾਈਸਟ ਪੋਰਟਰੇਟਾਂ ਦੀ ਤਰ੍ਹਾਂ ਇਸ ਦੀ ਸੰਪੂਰਨਤਾ ਨੇ ਭੀ ਇਸ ਨੂੰ 'ਆਈਕਨ' ਬਣਾ ਦਿੱਤਾ। ਗੁਰੂ ਸਾਹਿਬ ਦੀਆਂ ਅੱਖਾਂ ਵਿਚ ਦੈਵਿਕ ਰੋਸ਼ਨੀ ਦਾ ਪ੍ਰਗਟਾਵਾ ਹੈ। ਮੂੰਹ ਉੱਤੇ ਬੁੱਧ ਵਾਲਾ ਸਤਿ ਰਸ ਡੁੱਲ੍ਹ ਡੁੱਲ੍ਹ ਪੈਂਦਾ ਹੈ। ਇਹ ਸੱਚ ਦਾ ਬਿੰਬ ਹੈ ਜਿਸ ਨੂੰ ਲੋਕ ਪੂਜਦੇ ਹਨ। ਇਸ ਪੋਰਟਰੇਟ ਵਿਚ ਏਨੀ ਸ਼ਕਤੀ ਤੇ ਦੈਵਿਕ ਖੁਮਾਰੀ ਹੈ ਕਿ ਸ਼ਰਧਾਲੂ ਨੂੰ ਹੇਠਲੀ ਪੱਧਰ ਤੋਂ ਚੁੱਕ ਕੇ ਆਧਿਆਤਮਿਕ ਸਤਹਿ ਉੱਤੇ ਲੈ ਜਾਂਦਾ ਹੈ। ਮਨੁੱਖ ਚੁਫੇਰੇ ਦੇ ਝਮੇਲੇ ਭੁੱਲ ਕੇ ਆਨੰਦ ਤਕ ਪਹੁੰਚ ਜਾਂਦਾ ਹੈ। ਸੋਭਾ ਸਿੰਘ ਦੀ ਚਿੱਤਰ ਸ਼ੈਲੀ ਵਿਚ ਇਹੋ ਵਿਲੱਖਣਤਾ ਹੈ। ਗੁਰੂ ਨਾਨਕ ਦੇ ਚਿੱਤਰਾਂ ਬਾਰੇ ਉਹਨਾਂ ਅਪਣੀ ਇਕ ਮੁਲਾਕਾਤ ਵਿਚ ਕਿਹਾ ਸੀ "ਮੈਂ ਪੰਜਾਬ ਦੇ ਸ਼ਹੀਦਾਂ, ਮੁਰੀਦਾਂ ਦੀਆਂ ਜੀਵਨੀਆਂ ਤੋਂ ਪ੍ਰੇਰਨਾ ਲੈ ਕੇ ਉਹਨਾਂ ਦੀਆਂ ਜੀਵਨੀਆਂ ਤੋਂ ਜਨਤਾ ਨੂੰ ਪ੍ਰੇਰਨਾ ਦੇਣ ਦਾ ਚਾਹਵਾਨ ਹਾਂ। ਸਭ ਤੋਂ ਵੱਧ ਉੱਚ ਕੋਟਿ ਦੇ ਪਰਮ ਮਨੁੱਖ ਗੁਰੂ ਨਾਨਕ ਦੇ ਜੀਵਨ ਅਤੇ ਜੀਵਨ ਗਿਆਨ ਤੋਂ ਪ੍ਰੇਰਣਾ ਲੈਣਾ ਅਤੇ ਪ੍ਰੇਰਣਾ ਦੇਣਾ ਮੇਰਾ ਧਰਮ ਬਣ ਗਿਆ ਹੈ।" ਇਹਨਾਂ ਚਿੱਤਰਾਂ ਨੂੰ ਰੂਪਮਾਨ ਕਰਨ ਲਈ ਕਿਤਨੀ ਸਾਧਨਾ, ਉਪਾਸਨਾ ਅਤੇ ਸ਼ਰਧਾ ਦੀ ਲੋੜ ਹੈ ਇਸ ਬਾਰੇ ਉਹਨਾ ਕਿਹਾ, "ਸ਼ਰਧਾਮਈ ਚਿੱਤਰ ਪ੍ਰਕਾਸ਼ਮਾਨ ਕਰਦਿਆਂ ਮੇਰੇ ਦਿਲ ਵਿਚ ਇਕ ਭਗਤ ਦੀ ਅਰਾਧਨਾ, ਕਲਾਕਾਰ ਦੀ ਰੀਝ ਅਤੇ ਇਕ ਗੁਰਸਿੱਖ ਦੀ ਸ਼ਰਧਾ ਹੁੰਦੀ ਹੈ। ਮੈਂ ਪਹਿਲੋਂ ਹੀ ਪੈਨਸਲ ਨਾਲ ਉਲੀਕੀਆਂ ਲੀਕਾਂ ਤੇ ਰੰਗਾਂ ਅਤੇ ਬੁਰਸ਼ ਦੁਆਰਾ ਟੈਕਨੀਕੀ ਕਲਾਬਾਜ਼ੀਆਂ ਆਰੰਭ ਦਿੰਦਾ ਹਾਂ, ਪਰ ਇਸ ਆਸ ਤੇ ਕਿ ਕਦੀ ਨਾ ਕਦੀ ਉਹ ਸੁਲੱਖਣੀ ਘੜੀ ਅਵੱਸ਼

ਆਏਗੀ ਜਦ ਮੇਰੇ ਵਿਚੋਂ 'ਮੈਂ' ਨਿਕਲ ਕੇ ਗੁਰੂ ਸਾਹਿਬ ਆ ਵੱਸਣਗੇ ਅਤੇ ਫੇਰ ਜੋ ਕੁਝ ਹੋਏਗਾ ਉਹ ਕਲਾਕ੍ਰਿਤ ਹੋਏਗੀ। ਮੇਰਾ ਤਰਲਾ ਹੁੰਦਾ ਹੈ ਕਿ ਬਚਪਨ ਤੋਂ ਲੈ ਕੇ ਹੁਣ ਤਕ ਮੇਰੇ ਹਿਰਦੇ ਵਿਚ ਜੋ ਸਾਖੀਆਂ ਦੇ ਆਧਾਰ ਤੇ ਗੁਰੂ ਸਾਹਿਬ ਦੇ ਦਰਸ਼ਨ ਸਮਾਏ ਹੋਏ ਹਨ, ਉਹ ਕੈਨਵਸ ਉੱਤੇ ਰੂਪਮਾਨ ਹੋ ਜਾਣ।"

ਸੋਭਾ ਸਿੰਘ ਦੁਆਰਾ ਨਿਰਮਿਤ ਗੁਰੂ ਨਾਨਕ ਦੇਵ ਦੇ ਖ਼ੂਬਸੂਰਤ ਚਿੱਤਰ ਚੰਡੀਗੜ੍ਹ ਅਜਾਇਬ ਘਰ ਵਿਚ ਮੌਜੂਦ ਹਨ। ਉਹਨਾਂ ਵਿਚ ਅਧਿਆਤਮਿਕ ਤੇ ਇਤਿਹਾਸਿਕ ਮਹੱਤਵ ਝਰਨੇ ਵਾਂਗ ਫੁੱਟਦਾ ਹੈ। ਇਹਨਾਂ ਚਿੱਤਰਾਂ ਨੂੰ ਵੇਖ ਕੇ ਦਰਸ਼ਕ ਸਿਰ ਝੁਕਾਏ ਬਿਨਾਂ ਨਹੀਂ ਰਹਿ ਸਕਦੇ। ਸੋਭਾ ਸਿੰਘ ਨੇ ਇਹਨਾਂ ਚਿੱਤਰਾਂ ਬਾਰੇ ਕਿਹਾ ਹੈ ਕਿ ਇਹ 'ਗੁਰੂ ਨਾਨਕ ਉੱਤੇ ਸਮਾਧੀ' ਦੇ ਬਿੰਬ ਹਨ। ਇਹ ਸ਼ਬਦ ਹਨ ਜਿਹੜੇ ਗੁਰੂ ਦੀ ਮਹਿਮਾ ਕਰਦੇ ਹਨ। 'ਸਮਾਧੀ ਵਿਚ ਗੁਰੂ ਨਾਨਕ' ਕਮਾਲ ਦਾ ਚਿੱਤਰ ਹੈ ਜਿਸ ਵਿਚ ਅੰਤਾਂ ਦਾ ਸਾਫ਼ ਨੀਲਾ ਪਾਣੀ ਠਾਠਾਂ ਮਾਰ ਰਿਹਾ ਹੈ ਬਿਲਕੁਲ ਉਸੇ ਤਰ੍ਹਾਂ ਦਾ ਪਾਣੀ ਜਿਸ ਦੀ ਵਿਆਖਿਆ ਪਵਿੱਤਰ ਗਰੰਥਾਂ ਵਿਚ ਮਿਲਦੀ ਹੈ, ਅਣਛੋਹਿਆ, ਪਵਿੱਤਰ। ਇਸ ਜਲ ਵਿਚ ਗੁਰੂ ਨਾਨਕ ਦੇਵ ਸਫੈਦ ਲਿਬਾਸ ਪਹਿਨੀ ਤੇ ਪੀਲੇ ਰੰਗ ਦੀ ਚੱਦਰ ਮੋਢਿਆਂ ਉੱਤੇ ਲਪੇਟੀ, ਸਿਰ ਉੱਤੇ ਟੋਪੀ ਪਹਿਨੀ ਹੋਈ ਹੈ। ਇਕ ਹੱਥ ਵਿਚ ਵਾਰਦਾ ਮੁੰਦਰਾ ਤੇ ਦੂਜੇ ਵਿਚ ਓਕਾਰ ਦੀ ਮੁੰਦਰਾ ਹੈ, ਸਿਰ ਪਿਛੇ ਪ੍ਰਤਿਭਾਮੰਡਲ ਦੈਵਿਕ ਰੂਪ ਵਿਚ ਚਾਰ ਚੰਨ ਲਾ ਰਿਹਾ ਹੈ। ਇਸ ਆਕ੍ਰਿਤੀ ਦੀ ਮੁਦਰਾ ਤੇ ਅੰਗ-ਭੰਗ 'ਰੀਸੋਰਕਸ਼ਨ ਆਫ਼ ਕਰਾਈਸਟ' ਨਾਲ ਮਿਲਦੀ ਜੁਲਦੀ ਹੈ। ਇੰਝ ਲੱਗ ਰਿਹਾ ਹੈ ਜਿਵੇਂ ਨੀਲਾ ਪਾਣੀ ਉਹਨਾਂ ਦੀ ਛੋਹ ਨਾਲ ਹੋਰ ਪਵਿਤਰਤਾ ਪ੍ਰਾਪਤ ਕਰ ਰਿਹਾ ਹੋਵੇ। ਚਿਹਰੇ ਉੱਤੇ ਅੰਤਰੀਵ ਸ਼ਾਂਤੀ ਦਾ ਨੂਰ ਡੁੱਲ੍ਹ ਡੁਲ੍ਹ ਪੈਂਦਾ ਹੈ, ਰੂਹਾਨੀ ਖ਼ੁਮਾਰੀ ਦਰਸ਼ਕ ਨੂੰ ਨਾਲ ਹੀ ਲੈ ਟੁਰਦੀ ਹੈ। ਚੁਫੇਰੇ ਦੇ ਪਾਣੀ, ਆਕਾਸ਼ ਤੇ ਧਰਤੀ ਦੀ ਦਿੱਖ ਇਕ ਦਮ ਮਨੁੱਖੀ ਛੂਹ ਤੋਂ ਕੋਹਾਂ ਮੀਲ ਦੂਰ ਹੈ, ਸਵਰਗ ਦੀ ਝਲਕ ਆਉਂਦੀ ਹੈ। ਪਾਣੀ ਤੇ ਆਕਾਸ਼ ਦੀ ਸ਼ਾਂਤੀ ਚੁਫੇਰੇ ਨੂੰ ਨਵੇਕਲਾ ਕਰ ਦਿੰਦੀ ਹੈ। ਗੁਰੂ ਨਾਨਕ ਦੇਵ ਦੇ ਚਿੱਤਰਾਂ ਤੋਂ ਇਲਾਵਾ ਸੋਭਾ ਸਿੰਘ ਨੇ ਉਹਨਾਂ ਦੀਆਂ ਸਾਖੀਆਂ ਨਾਲ ਸੰਬੰਧਿਤ ਹੋਰ ਚਿੱਤਰ ਭੀ ਬਣਾਏ ਜਿਵੇਂ ਕਿ ਬਾਬਰ ਦੀ ਜੇਲ੍ਹ ਵਿਚ ਚੱਕੀ ਪੀਸਦਿਆਂ, ਭਾਈ ਲਾਲੋ ਦੇ ਘਰ ਵਿਰਾਜਮਾਨ, ਭਾਈ ਲਹਿਣਾਂ ਨੂੰ ਉਪਦੇਸ਼, ਬਗਦਾਦ ਦੀ ਫੇਰੀ, ਜਗਤ ਜਲੰਦਾ ਰਖ ਲੈ, ਭਾਈ ਬਾਲਾ ਤੇ ਮਰਦਾਨਾ ਆਦਿ। ਗੁਰੂ ਨਾਨਕ ਦੇਵ ਜੀ ਦਾ ਇਕ ਚਿੱਤਰ ਸੋਭਾ ਸਿੰਘ ਨੇ ਬਣਾਇਆ ਜਿਸ ਵਿਚ ਉਹ ਦੁਨੀਆਂ ਨੂੰ ਅਸ਼ੀਰਵਾਦ ਦੇ ਰਹੇ ਹਨ। ਹੱਥ ਉੱਤੇ ਕਲਾਕਾਰ ਨੇ ਆਪਣਾ ਸਿਰਜਣ ਬਿੰਦੂ ਸਾਕਾਰ ਕੀਤਾ। ਉਹ ਹੱਥ ਨੂੰ ਬਣਾਉਣ ਲਈ ਜੋਤਿਸ਼ ਦੀਆਂ ਅਨੇਕਾਂ ਕਿਤਾਬਾਂ ਦਾ ਅਧਿਐਨ ਕੀਤਾ ਗਿਆ ਕਿ ਦੀਨ ਦੁਨੀਆਂ ਦੇ ਦੁਖ ਹਰਨ ਵਾਲੇ ਦਾ ਹੱਥ ਕਿਹੋ ਜਿਹਾ ਹੋਵੇਗਾ। ਕਹਿੰਦੇ ਹਨ ਕਿ ਜਦੋਂ ਇਸ ਚਿੱਤਰ ਦੇ ਪੂਰਾ ਹੋਣ ਤੇ ਸ਼੍ਰੋਮਣੀ ਕਮੇਟੀ ਨੇ ਛਾਪਿਆ ਤਾਂ ਇਸ ਦੀਆਂ ਲੱਖਾਂ ਕਾਪੀਆਂ ਧੜਾ ਧੜ ਵਿਕ ਗਈਆਂ। ਭਗਤ ਤੇ ਗੁਰੂ ਦੇ ਹੱਥ ਦਾ ਅਟੁੱਟ ਸੰਬੰਧ ਆਪ ਮੁਹਾਰੇ ਹੀ ਕਾਇਮ ਹੋ ਜਾਂਦਾ ਹੈ। ਸੋਭਾ ਸਿੰਘ ਦਾ ਗੁਰੂ ਨਾਨਕ 'ਆਈਕਨ' ਬਣ ਚੁਕਿਆ ਹੈ। ਉਸ ਆਕਾਰ ਵਿਚ ਏਕੀਕਰਣ ਹੈ, ਕੈਥਾਰਸਜ਼ ਦਾ ਕੇਂਦਰ ਬਿੰਦੂ ਹੈ, ਮੁਕਤੀ ਦਾ ਫਲ ਹੈ ਤੇ ਆਨੰਦ ਦਾ ਸੋਮਾ ਹੈ। ਗੁਰੂ ਦੀਆ ਸਾਖੀਆਂ ਪੇਂਟ ਕਰਦੇ ਸਮੇਂ ਕਲਾਕਾਰ ਨੇ ਰਿਸ਼ਤਿਆਂ ਦੇ ਸੁਭਾਵਿਕ ਰੰਗ, ਕੁਦਰਤੀ ਮੋਹ, ਬੰਧਨਾਂ ਦੀ ਖ਼ੂਬਸੂਰਤੀ ਭੀ ਉਲੀਕੀ ਹੈ। ਪਹਿਲੀ ਉਦਾਸੀ ਵਿਚ ਗੁਰੂ ਦਾ ਗਿਆਨ, ਕੁਝ ਲੱਭਣ ਦੀ ਇੱਛਾ, ਸੱਚ ਦੀ ਖੋਜ, ਅਦਿਖਾ ਸ਼ਕਤੀ ਦੀ ਲਾਲਸਾ ਆਦਿ ਕਲਾਕ੍ਰਿਤ ਵਿਚ ਮਹਿਸੂਸ ਕੇ ਸਿਰਜੇ ਹਨ। ਇਹ ਸਾਰੇ ਚਿੱਤਰ ਪਹਿਲੀ ਨਜ਼ਰ ਵਿਚ ਹੀ ਪਛਾਣ ਬਣਾ ਜਾਂਦੇ ਹਨ। ਪਿੱਠ-ਭੂਮੀ ਵਿਚ ਕੁੱਦਰਤ ਚੁੱਪੀ ਨਾਲ ਅਪਣਾ ਫ਼ੈਸਲਾ ਸੁਣਾ ਜਾਂਦੀ ਹੈ। ਇਸੇ ਤਰ੍ਹਾਂ ਨੇਕੀ ਦੀ ਬਦੀ ਉੱਤੇ ਜਿੱਤ ਕਲਾਕਾਰ ਨੇ ਆਪਣੇ ਸਵੈ-ਵਿਸ਼ਵਾਸ ਵਿਚੋਂ ਸਾਕਾਰ ਕੀਤੀ ਹੈ। ਰਾਖਸ਼ ਦੇ ਖੁਲ੍ਹ ਡੁਲ੍ਹੇ ਅੰਗ, ਸਰੀਰ ਉੱਤੇ ਚੜ੍ਹਿਆ ਫਾਲਤੂ ਮਾਸ, ਭਿਆਨਕ ਅੱਖਾਂ ਤੇ ਦਰਵਾਜ਼ਿਆਂ ਵਿਚ ਬੈਠੀ ਰਾਖਸ਼ ਦੀ ਰੂਹ ਤੇ ਦੂਜੇ ਪਾਸੇ ਖੜ੍ਹੇ ਦੈਵਿਕ ਸ਼ਕਤੀ ਦੇ ਪ੍ਰਤਿਨਿਧ ਗੁਰੂ ਨਾਨਕ, ਜਿਹਨਾਂ ਦੇ ਹੱਥ ਦੀ ਛੋਹ ਉਸ ਅੰਦਰ ਕੰਬਣੀ ਪੈਦਾ ਕਰ ਦਿੰਦੀ ਹੈ। ਬਾਬਰ ਦੀਆਂ ਚੱਕੀਆਂ ਪੀਹਣ ਵਿਚ ਵੀ ਨਾਨਕ ਨੂੰ ਜ਼ੁਲਮ ਸਾਹਮਣੇਂ ਨਾ ਝੁਕਣ ਦੇ ਨਿਸ਼ਚੇ ਦਾ ਪ੍ਰਤੀਕ ਬਣਾਇਆ ਹੈ। ਤੁਰਕੀ ਪਹਿਰਾਵਾ ਤੇ ਹਾਰ ਸ਼ਿੰਗਾਰ ਨਾਲ ਲੱਦਿਆ ਬਾਬਰ ਉਸ ਰੂਹਾਨੀ ਸ਼ਕਤੀ ਮੂਹਰੇ ਕਿਵੇਂ ਝੁਕਦਾ ਹੈ, ਕਲਾਕਾਰ ਨੇ ਮਨੁੱਖੀ ਧਰਾਤਲ ਤੋਂ ਉਤਾਂਹ ਉਠ ਕੇ ਮਹਿਸੂਸ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਦੇ ਚਰਿੱਤਰ ਨੇ ਸੋਭਾ ਸਿੰਘ ਉੱਤੇ ਡੂੰਘਾ ਅਸਰ ਛੱਡਿਆ। ਉਹਨਾਂ ਦੇ ਅੰਗ ਅੰਗ

ਵਿਚ ਸਮਾਇਆ 'ਬੀਰ ਰਸ' ਕਲਾਕਾਰ ਦੇ ਚਿੱਤਰਾਂ ਦਾ ਵਿਸ਼ਾ ਰਿਹਾ ਹੈ। ਸੂਰਬੀਰ, ਯੋਧਾ ਤੇ ਸੰਤ ਸਿਪਾਹੀ ਕਲਾਕਾਰ ਦੇ ਰੰਗਾਂ ਦੀ ਪਕੜ ਵਿਚ ਸਵੈ ਹੀ ਆ ਵਸਿਆ। ਨੀਲੇ ਘੋੜੇ ਉੱਤੇ ਸਵਾਰ, ਹੱਥ ਵਿਚ ਘੋੜੇ ਦੀਆਂ ਵਾਗਾਂ, ਸਿਰ ਉੱਤੇ ਕਲਗੀ, ਲੰਮੀ ਧੌਣ ਵਾਲਾ ਇਹ ਸੰਤ ਸਿਪਾਹੀ ਦੀ ਕਲਪਨਾ ਤੇ ਸੱਚ ਵਿਚ ਹੂ ਬਹੂ ਉਤਰਿਆ। ਨੀਲੇ ਘੋੜੇ ਵਿਚ ਕਲਾਕਾਰ ਨੂੰ ਅੰਤਾਂ ਦੀ ਦੈਵਿਕ ਸ਼ਕਤੀ ਵਿਖਾਈ ਦਿੱਤੀ, ਉਸ ਦਾ ਗੱਠਿਆ ਸਰੀਰ, ਫਰਕਦੀਆਂ ਨਾਸ੍ਹਾਂ, ਤੰਦਰੁਸਤ, ਚੁੱਕੇ ਪੌੜ, ਪੌਣ ਨਾਲ ਉਡਾਰੀ ਭਰਦਾ ਇਹ ਗੁਰੂ ਦਾ ਅਟੁੱਟ ਅੰਗ ਰਿਹਾ। ਸੋਭਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੇ ਅਨੇਕਾਂ ਚਿੱਤਰ ਬਣਾਏ ਜਿਹਨਾਂ ਵਿਚ ਰੂਹਾਨੀ ਨੂਰ ਤੇ ਬੀਰ ਰਸ ਦੀ ਭਰਮਾਰ ਹੈ—ਤਣੀ ਹੋਈ ਧੌਣ, ਸੂਰਬੀਰ ਚੇਤਨਾ ਭਰਪੂਰ ਅੱਖਾਂ ਦੀ ਚਮਕ, ਨਿਡਰ, ਨਿਰਵੈਰ ਚਰਿਤਰ ਕਲਾਕਾਰ ਦੀ ਪਛਾਣ ਦਸਦੇ ਹਨ। ਲੜਾਕੂ ਯੋਧੇ ਦੀ ਪੁਸ਼ਾਕ ਨਾਲ ਸਜੇ ਧਜੇ, ਸ਼ਸ਼ਤਰਾਂ ਨਾਲ ਲੱਦੇ, ਉਚੇ ਲੰਮੇ ਨੌਜਵਾਨ, ਖ਼ੂਬਸੂਰਤ ਤੇ ਤਿੱਖੇ ਤਿੱਖੇ ਨੈਣ ਨਕਸ਼ਾਂ ਵਾਲੇ ਗੁਰੂ ਗੋਬਿੰਦ ਸਿੰਘ ਦਾ ਪੋਰਟਰੇਟ ਉਚਕੋਟਿ ਦਾ ਕਲਾਕਾਰ ਹੀ ਸਿਰਜ ਸਕਦਾ ਸੀ। ਉਸ ਦੀ ਸੋਚ ਦੇ ਖਾਸ ਪਲ, ਨੀਤੀ 'ਤੇ ਸਿਧਾਂਤ ਪੋਰਟਰੇਟਾਂ ਵਿਚੋਂ ਆਪ ਮੁਹਾਰੇ ਫੁੱਟਦੇ ਹਨ।

ਸੋਭਾ ਸਿੰਘ ਨੇ ਗੁਰੂ ਸਾਹਿਬਾਨ ਦੇ ਅਨੇਕਾਂ ਚਿੱਤਰਾਂ ਤੋਂ ਇਲਾਵਾ ਹੋਰ ਵਿਸ਼ੈ ਭੀ ਪੇਂਟ ਕੀਤੇ। ਉਸ ਨੇ ਜ਼ਿੰਦਗੀ ਦੇ ਦੁੱਖ ਤਕਲੀਫ਼ਾਂ, ਗਰੀਬੀ ਤੇ ਜ਼ੁਲਮਾਂ ਨੂੰ ਅਪਣੇ ਬੁਰਸ਼ ਦੀਆਂ ਛੋਹਾਂ ਤੋਂ ਦੂਰ ਰਖਿਆ। ਉਹਨਾਂ ਸਿੱਖਾਂ ਦੀ ਸ਼ਹਾਦਤ, ਮੁਗਲਾਂ ਨਾਲ ਲੜਾਈ ਵਿਚ ਹੋਇਆ ਖ਼ੂਨ ਖ਼ਰਾਬਾ ਆਦਿ ਪੇਂਟ ਨਹੀਂ ਕੀਤਾ ਕਿਉਂਕਿ ਉਹ ਕਲਾ ਦੁਆਰਾ ਮਨੁੱਖ ਅੰਦਰ ਰੂਹਾਨੀ ਸੁੰਦਰਤਾ ਬੀਜਣਾ ਚਾਹੁੰਦੇ ਸਨ। ਉਹ ਅਜਿਹਾ ਕੁਝ ਨਹੀਂ ਚਿਤਰਨਾ ਚਾਹੁੰਦੇ ਸਨ ਜਿਹੜਾ ਆਉਣ ਵਾਲੀਆਂ ਨਸਲਾਂ ਵਿਚ ਨਫ਼ਰਤ ਪੈਦਾ ਕਰੇ ਸਗੋਂ ਖ਼ੂਬਸੂਰਤ ਅਹਿਸਾਸਾਂ ਦੀ ਲੜੀ ਗੁੰਦਣ ਦੇ ਚਾਹਵਾਨ ਸਨ। ਉਹ ਸਤਿਅੰਮ-ਸ਼ਿਵਮ ਤੇ ਆਨੰਦ ਦੇ ਸਿਧਾਂਤ ਨੂੰ ਰੰਗਾਂ ਦੁਆਰਾ ਹੰਢਾਉਂਦੇ ਰਹੇ। ਉਹ ਮਨੁੱਖ ਨੂੰ ਕੁਦਰਤ ਦਾ ਵਿਸ਼ਾਲ ਜਿਗਰਾ ਵਿਖਾਉਣ ਦੇ ਇਛੁਕ ਸਨ। ਇਸ਼ਕ ਵਿਚ ਉਹਨਾਂ ਨੂੰ ਰੱਬ ਦੀ ਜੋਤ ਵਿਖਾਈ ਦਿੰਦੀ। ਸ਼ਾਇਦ ਇਸੇ ਕਰਕੇ ਸੋਭਾ ਸਿੰਘ ਨੇ ਪ੍ਰਸਿੱਧ ਪ੍ਰੇਮ ਗਾਥਾਵਾਂ ਪੇਂਟ ਕੀਤੀਆਂ। ਸੋਹਣੀ ਮਹੀਂਵਾਲ, ਸੱਸੀ ਪੁੰਨੂੰ, ਹੀਰ ਰਾਂਝਾਂ ਤੇ ਓਮਰ ਖਿਆਮ ਆਦਿ। ਇਹਨਾਂ ਚਿੱਤਰਾਂ ਵਿਚ ਇਸ਼ਕ ਦੀ ਵਖਰੀ ਜ਼ੁਬਾਨ ਹੈ। ਇਸ਼ਕ ਹਕੀਕੀ ਵੀ ਹੈ ਅਤੇ ਇਸ਼ਕ ਮਜਾਜੀ ਭੀ।

'ਸੋਹਣੀ ਮਹੀਂਵਾਲ' ਦੇ ਚਿੱਤਰ ਦੀ ਪ੍ਰਬੀਨਤਾ ਕਾਰਨ ਪ੍ਰਸਿੱਧ ਲੇਖਿਕਾ ਅੰਮ੍ਰਿਤਾ ਪ੍ਰੀਤਮ ਨੇ ਸੋਭਾ ਸਿੰਘ ਨੂੰ 'ਸੋਹਣੀ ਦਾ ਚਿੱਤਰਕਾਰ' ਆਖਿਆ ਹੈ। ਇਸੇ ਤਰ੍ਹਾ ਡਾ. ਕਰਮ ਸਿੰਘ ਗਰੇਵਾਲ ਨੇ ਕਿਹਾ, ਕੌਣ ਕਹਿੰਦਾ ਹੈ ਸੋਹਣੀ ਮਹੀਂਵਾਲ ਦੀ ਹੈ, ਸੋਹਣੀ ਤਾਂ ਮੇਰੇ ਯਾਰ ਸੋਭਾ ਸਿੰਘ ਦੀ ਹੈ।" ਸੋਭਾ ਸਿੰਘ ਨੇ ਇਸ਼ਕ ਨੂੰ ਰੱਬ ਦਾ ਰੂਪ ਮੰਨਿਆ। ਸੱਸੀ ਕਿਵੇਂ ਪੁੰਨੂੰ ਦੀ ਭਾਲ ਵਿਚ ਰੇਗਿਸਤਾਨ ਅੰਦਰ ਭੱਟਕਦੀ ਇਕ ਲਿਵ ਵਿਚ ਜਾਨ ਦੇ ਦਿੰਦੀ ਹੈ। ਸੱਸੀ ਦੇ ਹਾਵ-ਭਾਵ ਉਸ ਦੇ ਪ੍ਰੇਮ ਦੀ ਇੰਤਹਾ ਦਸਦੇ ਹਨ। ਇਸੇ ਤਰ੍ਹਾਂ ਹੀਰ ਰਾਂਝੇ ਦੇ ਸੁਮੇਲ ਨੂੰ ਸੋਭਾ ਸਿੰਘ ਨੇ ਕੋਮਲਤਾ ਨਾਲ ਹੰਢਾਇਆ ਹੈ।

ਸੋਭਾ ਸਿੰਘ ਦੇ ਚਿੱਤਰਾਂ ਦਾ ਵਿਸ਼ਾ ਕੋਈ ਭੀ ਹੋਵੇ ਉਸ ਨੇ ਕੁਦਰਤ ਦੀ ਅਰਾਧਨਾ ਕੀਤੀ ਹੈ। ਆਕ੍ਰਿਤੀਆਂ ਦੇ ਨੈਣ ਨਕਸ਼ ਕੁਦਰਤ ਦੀ ਗੋਦ ਵਿਚੋਂ ਚੁਣੇ ਗਏ ਧੌਲਾਧਾਰ ਦੇ ਪਲ ਪਲ ਬਦਲਦੇ ਰੰਗ, ਵਹਿੰਦੇ ਨਾਲਿਆਂ ਵਿਚ ਪੱਥਰਾਂ ਦਾ ਸੰਗੀਤ, ਡੁੱਬਦੇ ਚੜ੍ਹਦੇ ਸੂਰਜ ਦੀ ਲਾਲੀ, ਚੀਲ੍ਹ ਦੇ ਦਰਖ਼ਤਾਂ ਵਿਚੋਂ ਛਣ ਕੇ ਆਉਂਦੀ ਚਾਨਣੀ, ਬਾਂਸਾਂ ਦੇ ਝੁੰਡਾਂ ਵਿਚ ਗੁਣਗਾਉਣ ਕਰਦੇ ਪੰਛੀ, ਕੂਲ੍ਹਾਂ ਵਿਚੋਂ ਨਿਕਲਦੇ ਪਾਨੀ ਦੀ ਕੁਰਲ-ਕੁਰਲ, ਹਰੇ-ਹਰੇ ਖੇਤਾਂ ਦੇ ਖਾਲਾਂ ਵਿਚ ਸੱਪਾਂ ਵਾਂਗ ਵਹਿੰਦੇ ਪਾਨੀ ਦੀ ਲੈਅ ਆਦਿ। ਮੰਦਰਾਂ ਵਿਚ ਵਜਦੀਆਂ ਘੰਟੀਆਂ ਪਵਿਤਰ ਰੂਹਾਂ ਨੂੰ ਜਗਾਉਂਦੀਆਂ ਤੇ ਅਦਿੱਖ ਸ਼ਕਤੀ ਵੱਲ ਇਸ਼ਾਰਾ ਕਰਦੀਆਂ। ਚੁਫੇਰੇ ਦੀ ਕੁੱਦਰਤੀ ਸੁੰਦਰਤਾ, ਉਥੋਂ ਦਾ ਸੱਚ ਤੇ ਸਾਂਤੀ ਹੀ ਸੋਭਾ ਸਿੰਘ ਦੇ ਚਿੱਤਰਾਂ ਦੀ ਸ਼ੈਲੀ ਕਹੀ ਜਾ ਸਕਦੀ ਹੈ।

ਉਸ ਦੇ ਚਿੱਤਰ ਅਰਾਧਨਾ ਲਈ ਮਾਧਿਅਮ ਦਾ ਕੰਮ ਕਰਦੇ ਹਨ। ਮਨੁੱਖ ਉਹਨਾਂ ਉੱਤੇ ਧਿਆਨ ਕਰਦੇ ਅਧਿਆਤਮਿਕ ਧਰਾਤਲ ਉੱਤੇ ਪਹੁੰਚਦਾ ਹੈ। ਇਹ ਕ੍ਰਿਤਾਂ ਦਰਸ਼ਕ ਨੂੰ ਰਾਹ ਵਿਚ ਨਹੀਂ ਛਡਦੀਆਂ ਸਗੋਂ ਧੁਰ ਤਕ ਪਹੁੰਚਾਉਣ ਦੇ ਜਤਨ ਕਰਦੀਆਂ ਹਨ। ਉਸ ਦੇ ਗੁਰੂ-ਸਾਹਿਬਾਨਾਂ ਦੇ ਚਿੱਤਰ ਕੁੱਦਰਤ ਦੇ ਹੀ ਪ੍ਰਤੀਰੂਪ ਹਨ। ਚੜ੍ਹਦੇ ਸੂਰਜ ਦੀ ਲਾਲੀ ਤੇ ਬਰਫ਼ ਦੀ ਪਿੱਠ ਉੱਤੇ ਡੁਲ੍ਹੱਦੀਆਂ ਸੂਰਜ ਦੀਆਂ ਕਿਰਨਾਂ ਜਦੋਂ ਅਨੇਕ ਕਿਸਮ

ਦੇ ਭਾਵ ਸਾਕਾਰ ਕਰਦੀਆਂ ਤਾਂ ਉਹੀ ਗੁਣ ਉਹ ਗੁਰੂ ਸਾਹਿਬਾਨ ਦੇ ਮੁਖੜੇ ਵਿਚ ਰਚ ਦਿੰਦਾ। ਨੀਲੇ ਪਾਣੀ ਦੀਆਂ ਨਦੀਆਂ ਦੇ ਸੁਭਾਓ ਵਿਚੋਂ ਉਸ ਨੇ ਜਿਹੜੇ ਗੀਤ-ਸੰਗੀਤ ਸੁਣੇਂ ਉਹ ਗੁਰੂਆਂ ਦੇ ਬੋਲਾਂ ਵਿਚ ਭਰ ਦਿਤੇ, ਭਾਂਤ ਭਾਂਤ ਦੇ ਪੰਛੀਆਂ ਦੀਆਂ ਉਡਾਰੀਆਂ ਗੁਰੂਆਂ ਦੇ ਸਰੀਰਿਕ ਅੰਗਾਂ ਵਿਚ ਭਰ ਦਿੱਤੀਆਂ, ਚੁਫੇਰੇ ਖਿੜੇ ਫੁੱਲਾਂ ਦੇ ਰੰਗ ਤੇ ਮਹਿਕ ਉਨ੍ਹਾਂ ਦੇ ਸਰੀਰ ਵਿਚ ਭਰ ਦਿੱਤੀ, ਘਣੇਂ ਚੀਲਾਂ ਦੇ ਦਰਖ਼ਤਾਂ ਉੱਤੇ ਡਿਗਦੀ ਚਾਂਦਨੀ ਦੀ ਚੁੱਪ ਗੁਰੂ ਸਾਹਿਬਾਨ ਦੇ ਚਿਹਰੇ ਦੀ ਸ਼ਾਂਤੀ ਬਣ, ਠਾਠਾਂ ਮਾਰਦੇ ਸਮੁੰਦਰ ਦੀਆਂ ਲਹਿਰਾਂ ਤੇ ਤੂਫ਼ਾਨ ਗੁਰੂ ਸਾਹਿਬਾਂ ਦੀ ਚੇਤਨਾ ਦਾ ਹਿੱਸਾ ਬਣਿਆ ਭਾਵ ਸੋਭਾ ਸਿੰਘ ਨੇ ਗੁਰੂ ਸਹਿਬਾਨ ਦੇ ਸਿਰਜੇ ਆਕਾਰਾਂ ਵਿਚ ਕੁਦਰਤ ਦੇ ਗੁਣਾਂ ਦੀ ਭਰਮਾਰ ਸਜਾ ਕੇ ਅਦਿਖ ਸ਼ਕਤੀ ਦੀ ਅਰਾਧਨਾਂ ਕੀਤੀ। ਇਹੋ ਉਨ੍ਹਾਂ ਦੀ ਚਿੱਤਰ ਸ਼ੈਲੀ ਦੀ ਵਿਲੱਖਣਤਾ ਹੈ।


## ਜੀਵਨ ਦਸਮ ਪਾਤਸ਼ਾਹ, ਬਾਣੀ ਤੇ ਦਰਸ਼ਨ

1. **ਗੁਰੂ ਗੋਬਿੰਦ ਸਿੰਘ ਜੀਵਨ ਤੇ ਰਚਨਾ**
   ਸੁਰਿੰਦਰ ਸਿੰਘ ਕੋਹਲੀ 75-00
2. **ਦਸਮ ਗ੍ਰੰਥ ਬਾਣੀ ਬਿਉਰਾ** : ਭਗਵੰਤ ਸਿੰਘ ਹਰੀ ਜੀ 100-00
3. **ਸ੍ਰੀ ਮੁਖ ਬਾਣੀਆਂ ਪਾ. ੧੦—ਪਾਠ, ਤੁਕ ਤਤਕਰਾ** 250-00
4. **ਗੁਰੂ ਗੋਬਿੰਦ ਸਿੰਘ ਯਾਤਰਾ ਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ** : ਸੁਖਦਿਆਲ ਸਿੰਘ 110-00
5. **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਥਾ** :
   ਮੈਕਸ ਆਰਥਰ ਮੈਕਾਲਿਫ 170-00
6. **ਸਿੰਘ ਸਾਗਰ (ਜੀਵਨ ਗੁਰੂ ਗੋਬਿੰਦ ਸਿੰਘ ਜੀ)** :
   ਵੀਰ ਸਿੰਘ ਬਲ 80-00
7. **ਜ਼ਫ਼ਰਨਾਮਾ : ਪਾਠ ਤੇ ਅਨੁਵਾਦ—(ਪੰਜਾਬੀ ਤੇ ਅੰਗਰੇਜ਼ੀ)**
   ਨਿਰੰਜਨ ਸਿੰਘ ਨੂਰ (ਅਨੁ.) 105-00

**ਪਬਲੀਕੇਸ਼ਨ ਬਿਊਰੋ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਸਿੱਖ ਇਤਿਹਾਸ ਅਤੇ ਨਰਿੰਦਰਪਾਲ ਸਿੰਘ ਦੇ ਇਤਿਹਾਸਿਕ ਨਾਵਲ

ਗੁਰਦੀਪ ਕੌਰ

---

ਕਰਨਲ ਨਰਿੰਦਰਪਾਲ ਸਿੰਘ ਦੇ ਸਿੱਖ ਇਤਿਹਾਸ ਸੰਬੰਧੀ ਲਿਖੇ ਗਏ ਨਾਵਲ 'ਖੰਨਿਉਂ ਤਿੱਖੀ', 'ਵਾਲੋਂ ਨਿੱਕੀ', 'ਏਤਿਮਾਰਗ ਜਾਣਾ', ਤੇ 'ਇਕ ਸਰਕਾਰ ਬਾਝੋਂ' ਲੱਗਭੱਗ 1440 ਸਫ਼ਿਆਂ ਉੱਤੇ ਫੈਲੇ ਹੋਏ ਹਨ ਅਤੇ ਆਕਾਰ ਪੱਖੋਂ ਵਿਸ਼ਵ ਪ੍ਰਸਿੱਧ ਇਤਿਹਾਸਿਕ ਨਾਵਲਾਂ ਦਾ ਮੁਕਾਬਲਾ ਕਰਦੇ ਹਨ, ਪਰੰਤੂ ਨਾਵਲਕਾਰ ਦੇ ਭਾਵੁਕ ਤੇ ਰੋਮਾਂਟਿਕ ਦ੍ਰਿਸ਼ਟੀਕੋਣ, ਕਲਾ ਨਿਪੁੰਨਤਾ ਤੇ ਕਲਪਨਾ ਸ਼ਕਤੀ ਦੀ ਘਾਟ ਅਤੇ ਸਭ ਤੋਂ ਵੱਧ ਲੋਕ ਜੀਵਨ ਨਾਲ ਕਿਸੇ ਨਿੱਘੇ ਰਿਸ਼ਤੇ ਦੀ ਅਣਹੋਂਦ ਕਰਕੇ ਉਸ ਦੇ ਇਹ ਨਾਵਲ ਕਲਾਤਮਿਕ ਰੂਪ ਧਾਰਨ ਨਹੀਂ ਕਰ ਸਕੇ। ਲੇਖਕ ਇਨ੍ਹਾਂ ਨਾਵਲਾਂ ਵਿਚ ਸਿੱਖ ਸੰਘਰਸ਼ ਦੇ ਉਤਰਾਵਾਂ ਚੜ੍ਹਾਵਾਂ ਦਾ ਪੁਨਰ ਸਿਰਜਨ ਕਰਨ ਦੀ ਬਜਾਇ ਪਰਾਪਤ ਇਤਿਹਾਸਿਕ ਵੇਰਵਿਆਂ ਨੂੰ ਹੀ ਕਹਾਣੀ ਵਿਚ ਰੂਪਾਂਤ੍ਰਿਤ ਕਰਕੇ ਸੰਤੁਸ਼ਟ ਹੋ ਗਿਆ ਹੈ। ਇਸ ਲਈ ਇਹ ਨਾਵਲ ਇਤਿਹਾਸਿਕ ਵਿਅਕਤੀਆਂ ਅਤੇ ਇਤਿਹਾਸਿਕ ਘਟਨਾਵਾਂ ਨੂੰ ਤੰਗ ਵਿਅਕਤੀਵਾਦੀ ਨਜ਼ਰੀਏ ਤੋਂ ਤੱਥਾਤਮਿਕ ਪੱਧਰ ਤੇ ਪੇਸ਼ ਕਰਨ ਅਤੇ ਕਾਲਪਨਿਕ ਪਾਤਰਾਂ ਦੀਆਂ ਰੋਮਾਂਟਿਕ ਅਤੇ ਆਦਰਸ਼ਕ ਪਿਆਰ ਕਹਾਣੀਆਂ ਦੱਸਣ ਤੱਕ ਹੀ ਸੀਮਿਤ ਰਹਿ ਗਏ ਹਨ। ਨਾਵਲਾਂ ਵਿਚ ਅਣਗਿਣਤ ਪਾਤਰ ਹਨ, ਬੇਸ਼ੁਮਾਰ ਘਟਨਾਵਾਂ ਹਨ ਪਰ ਇਹ ਸਾਰੇ ਮਿਲ ਕੇ ਜਿਉਂਦੇ ਜਾਗਦੇ ਜੀਵਣ ਦਾ ਪ੍ਰਭਾਵ ਨਹੀਂ ਸਿਰਜ ਸਕੇ।

ਇਨ੍ਹਾਂ ਨਾਵਲਾਂ ਦੀ ਰਚਨਾਂ ਕਰਨ ਸਮੇਂ ਨਾਵਲਕਾਰ ਨੇ ਆਪਣਾ ਧਿਆਨ ਉਸ ਇਤਿਹਾਸਿਕ ਕਾਲ ਤੇ ਕੇਂਦਰਤ ਕਰਨ ਦੀ ਥਾਂ ਇਤਿਹਾਸਕਾਰਾਂ ਦੀਆਂ ਰਾਵਾਂ ਤੇ ਨਿਰਣਿਆਂ ਨੂੰ ਆਧਾਰ ਬਣਾਇਆ ਹੈ। ਸਿੱਖ ਧਰਮ ਪਹਿਲਾਂ ਹਿੰਦੂ ਧਰਮ ਤੇ ਫਿਰ ਰਾਜ ਸੱਤਾ ਨਾਲ ਵਿਰੋਧ ਵਿਚ ਰਿਹਾ। ਪਹਿਲਾਂ ਮੁਗ਼ਲ ਸ਼ਾਸਕਾਂ ਨਾਲ ਤੇ ਫਿਰ ਅੰਗਰੇਜ਼ੀ ਸਾਮਰਾਜ ਨਾਲ। ਇਸ ਖਿਚੋਤਾਣ ਵਿਚ ਹਰ ਧਿਰ ਨੇ ਇਤਿਹਾਸ ਨੂੰ ਆਪਣੇ ਹਿੱਤ ਅਤੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ। ਪੱਖਪਾਤੀ ਦ੍ਰਿਸ਼ਟੀਕੋਣ ਤੋਂ ਲਿਖੇ ਗਏ ਇਹ ਇਤਿਹਾਸ ਉਸ ਦੌਰ ਨੂੰ ਸਪਸ਼ਟ ਕਰਨ ਦੀ ਬਜਾਇ ਹੋਰ ਗੰਧਲਾ ਕਰਦੇ ਹਨ। ਨਰਿੰਦਪਾਲ ਸਿੰਘ ਸਿੱਖ ਇਤਿਹਾਸ ਨਾਲ ਹੋਈ ਇਸ ਦੁਰਗਤੀ ਤੋਂ ਹੀ ਇਹ ਨਾਵਲ ਲਿਖਣ ਲਈ ਪ੍ਰੇਰਿਤ ਹੋਇਆ। 'ਖੰਨਿਉ ਤਿੱਖੀ' ਨਾਵਲ ਵਿਚ ਉਹ ਬੜਾ ਭਾਵੁਕ ਹੋ ਕੇ ਲਿਖਦਾ ਹੈ,

> *ਏਸੇ ਲਈ ਕਿਹਾ ਜਾ ਸਕਦਾ ਹੈ ਕਿ ਸਿੱਖ ਇਤਿਹਾਸ ਵਰਗੀ ਦੁਰਗਤੀ ਕਿਸੇ ਹੋਰ ਇਤਿਹਾਸ ਦੀ ਨਹੀਂ ਹੋਈ। ਇਕ ਲਾਲ ਮਿੱਟੀ ਵਿਚ ਰੁਲਿਆ ਪਿਆ ਹੈ, ਇਕ ਸੂਰਬੀਰ ਇਤਿਹਾਸ ਭਿੰਨ ਭਿੰਨ ਜਾਤੀਆਂ ਦੇ ਪੱਖਪਾਤੀ ਠੇਡਿਆਂ ਦਾ ਸ਼ਿਕਾਰ ਹੈ। ਐਨਾ ਖੋਟ ਭਰਿਆ ਗਿਆ ਹੈ ਕਿ ਸੋਨਾ ਅਲੋਪ ਹੋ ਚੁੱਕਾ ਹੈ। ਇੱਕ ਜਿਉਂਦੀ ਜਾਗਦੀ ਕੌਮ ਬਿਨਾਂ ਸੌਹਦੇ ਇਤਿਹਾਸ ਦੇ ਤੜਪ ਰਹੀ ਹੈ। ਇਹੋ ਜਿਹੀ ਜ਼ਿਆਦਤੀ ਕਿਸੇ ਹੋਰ ਕੌਮ ਨਾਲ ਨਹੀਂ ਹੋਈ। ਇਸ ਤਰ੍ਹਾਂ ਕਿਸੇ ਕੌਮ ਦਾ ਇਤਿਹਾਸ ਲਿਤਾੜਿਆ ਤੇ ਵਿਗਾੜਿਆ ਨਹੀਂ ਗਿਆ।"*[1]

ਪਰੰਤੂ ਇਹ ਅਹਿਸਾਸ ਇਤਿਹਾਸ ਦੇ ਡੂੰਘੇ ਅਧਿਐਨ ਅਤੇ ਵਿਗਿਆਨਿਕ ਦ੍ਰਿਸ਼ਟੀਕੋਣ ਕਰਕੇ ਪੈਦਾ ਨਹੀਂ ਹੋਇਆ ਸਗੋਂ ਇਸ ਦਾ ਕਾਰਨ ਤਾਂ ਸਿੱਖ ਇਤਿਹਾਸ ਨਾਲ ਭਾਵੁਕ ਰਿਸ਼ਤਾ ਹੈ ਜਿਹੜਾ ਬਚਪਨ ਵਿਚ ਸਿੱਖ ਇਤਿਹਾਸ ਬਾਰੇ ਕਥਾ-ਕਹਾਣੀਆਂ ਸੁਣ ਸੁਣ ਕੇ ਦ੍ਰਿੜ੍ਹ ਹੋਇਆ। 'ਖੰਨਿਉਂ ਤਿੱਖੀ' ਦੀ ਭੂਮਿਕਾ ਵਿਚ ਲੇਖਕ ਲਿਖਦਾ ਹੈ: "ਅਜੇ ਮਸਾਂ ਅੱਠ ਸਾਲ ਦਾ ਹੋਇਆ ਸਾਂ ਕਿ 'ਸੂਰਜ ਪ੍ਰਕਾਸ਼' ਤੇ 'ਪੰਥ ਪ੍ਰਕਾਸ਼' ਦੀ ਕਥਾ ਸੁਣਨੀ ਇਕ ਨੇਮ ਬਣ ਗਿਆ। ਇਹ ਨੇਮ ਪੂਰੇ ਸੱਤ ਸਾਲ ਜਾਰੀ ਰਿਹਾ।"[2]

ਆਪਣੇ ਵੱਲੋਂ ਉਸ ਨੇ ਇਹ ਨਾਵਲ ਸਿੱਖ ਇਤਿਹਾਸ ਦੇ ਗੌਰਵ ਨੂੰ ਸਥਾਪਿਤ ਕਰਨ ਅਤੇ ਸੱਚ ਨੂੰ ਉਜਾਗਰ ਕਰਨ ਲਈ ਲਿਖੇ ਪਰ ਉਹ ਇਤਿਹਾਸਕਾਰ ਅਤੇ ਨਾਵਲਕਾਰ ਦੀ ਸੀਮਾ-ਰੇਖਾ ਦੀ ਪਹਿਚਾਣ ਨਹੀਂ ਕਰ ਸਕਿਆ। ਇਤਿਹਾਸ ਤੱਥਾਂ ਤੇ ਮਿੱਥਾਂ ਵਿਚ ਨਿਖੇੜਾ ਕਰਨ ਲਈ ਯਤਨਸ਼ੀਲ ਹੁੰਦਾ ਹੈ, ਉਸ ਦੇ ਸੰਦ, ਵਿਧੀ ਤੇ ਉਦੇਸ਼ ਨਾਵਲਕਾਰ ਤੋਂ ਬਿਲਕੁੱਲ ਭਿੰਨ ਹੁੰਦੇ ਹਨ ਕਿਉਂਕਿ ਨਾਵਲਕਾਰ ਦੀ ਰੁਚੀ ਤੱਥਾਂ ਤੋਂ ਵੱਧ ਉਨ੍ਹਾਂ ਦੇ ਪ੍ਰੇਰਕਾਂ ਵਿਚ ਹੁੰਦੀ ਹੈ, ਜਿਨ੍ਹਾਂ ਦੇ ਪੁਨਰਸਿਰਜਨ ਰਾਹੀਂ ਉਹ ਇਤਿਹਾਸ ਨੂੰ ਉਸ ਦੀ ਸਮੁੱਚਤਾ ਵਿਚ ਉਜਾਗਰ ਕਰਨ ਦੇ ਸਮਰੱਥ ਹੁੰਦਾ ਹੈ ਪਰ ਇਨ੍ਹਾਂ ਨਾਵਲਾਂ ਦਾ ਮੰਤਵ ਅਠਾਰਵੀਂ ਉਨੀਵੀਂ ਸਦੀ ਦੇ ਜੀਵਨ ਦਾ ਪੁਨਰਸਿਰਜਨ ਨਹੀਂ, ਸਗੋਂ ਸਿੱਖ ਇਤਿਹਾਸ ਦੀ ਸ਼ਾਨ ਨੂੰ ਬਰਕਰਾਰ ਕਰਨਾ ਹੈ ਪਰੰਤੂ ਸਿੱਖ ਇਤਿਹਾਸ ਦੇ ਪੁਨਰਸਿਰਜਨ ਤੋਂ ਬਗੈਰ ਇਸ ਦੀ ਸ਼ਾਨ ਨੂੰ ਸਥਾਪਿਤ ਕਰਨਾ ਅਸੰਭਵ ਹੈ। ਨਰਿੰਦਰਪਾਲ ਸਿੰਘ ਨੇ ਆਪਣੀ ਸਾਰੀ ਸ਼ਕਤੀ ਇਤਿਹਾਸਿਕ ਵਿਅਕਤੀਆਂ ਸੰਬੰਧੀ ਪਏ ਸ਼ੰਕਿਆਂ ਨੂੰ ਨਵਿਰਤ ਕਰਨ ਅਤੇ ਇਤਿਹਾਸ ਦੇ ਖੱਪਿਆਂ ਨੂੰ ਪੂਰਾ ਕਰਨ ਵਿਚ ਹੀ ਲਗਾ ਦਿੱਤੀ ਹੈ। ਉਸ ਸਮੇਂ ਦੇ ਜੀਵਨ ਵਿਚ ਵਿਆਪਕ ਸੰਕਟ ਨਾਲ ਉਸ ਦਾ ਕੋਈ ਸਰੋਕਾਰ ਨਹੀਂ। ਉਸ ਦੇ ਨਾਵਲਾਂ ਦਾ ਕੇਂਦਰ ਜਿਉਂਦੇ ਜਾਗਦੇ ਵਿਅਕਤੀ ਤੇ ਉਨ੍ਹਾਂ ਦਾ ਜੀਵਨ ਨਹੀਂ ਸਗੋਂ ਤੱਥ ਤੇ ਧਾਰਨਾਵਾਂ ਹਨ, ਲੋਕ-ਜੀਵਨ ਇਨ੍ਹਾਂ ਨਾਵਲਾਂ ਵਿਚੋਂ ਲੱਗਪਗ ਮਨਫ਼ੀ ਹੈ। ਕਾਲਪਨਿਕ ਪਾਤਰ ਤੇ ਉਨ੍ਹਾਂ ਦਾ ਜੀਵਨ ਇਤਿਹਾਸ ਨੂੰ ਪੜ੍ਹਨਯੋਗ ਤੇ ਦਿਲਚਸਪ ਬਣਾਉਣ ਦਾ ਸਾਧਨ ਹਨ। ਨਾਵਲ ਦਾ ਵੱਡਾ ਭਾਗ ਤਾਂ ਇਤਿਹਾਸਿਕ ਘਟਨਾਵਾਂ ਤੇ ਉਨ੍ਹਾਂ ਦੇ ਵੇਰਵਿਆਂ ਦੀ ਪੇਸ਼ਕਾਰੀ ਨਾਲ ਸੰਬੰਧਿਤ ਹੈ। ਨਾਵਲ ਵਿਚ ਇਤਿਹਾਸ ਨਾਵਲ ਦੀ ਕਹਾਣੀ ਦਾ ਹਿੱਸਾ ਨਹੀਂ ਬਣਦਾ ਤੇ ਨਾ ਹੀ ਕਾਲਪਨਿਕ ਕਹਾਣੀ ਨਾਵਲ ਦਾ ਹਿੱਸਾ ਬਣ ਸਕੀ ਹੈ। ਇਤਿਹਾਸਿਕ ਘਟਨਾਵਾਂ ਕਿਧਰੇ ਵੀ ਪਾਤਰਾਂ ਦੇ ਜੀਵਨ ਵਿਚ ਪ੍ਰਤਿਬਿੰਬਤ ਨਹੀਂ ਹੁੰਦੀਆਂ। ਕਾਲਪਨਿਕ ਪਾਤਰ ਇਤਿਹਾਸਿਕ ਕਾਰਜ ਵਿਚ ਹਿੱਸਾ ਲੈਂਦੇ ਜ਼ਰੂਰ ਦੱਸੇ ਗਏ ਹਨ ਪਰ ਲੇਖਕ ਇਨ੍ਹਾਂ ਨੂੰ ਕਾਰਜਸ਼ੀਲ ਰੂਪ ਵਿਚ ਪੇਸ਼ ਕਰਲ ਤੋਂ ਅਸਮਰੱਥ ਰਿਹਾ ਹੈ। ਇਸ ਲਈ ਬਾਵਜੂਦ ਇਹ ਕਹਿਣ ਦੇ ਕਿ :

> *ਇਕ ਇਤਿਹਾਸਿਕ ਨਾਵਲ ਵਿਚ ਇਤਿਹਾਸ ਨੂੰ ਨਾਵਲ ਤਾਈਂ ਨੀਵਾਂ ਵਿਖਾਣ ਦਾ ਕੋਈ ਹੱਕ ਨਹੀਂ ਜਿਵੇਂ ਕਿ ਨਾਵਲ ਨੂੰ ਇਤਿਹਾਸ ਦਾ ਖੰਡਨ ਕਰਨ ਦੀ ਮਨਾਹੀ ਹੈ।*[3]

ਉਸ ਦੇ ਨਾਵਲਾਂ ਵਿਚ ਇਤਿਹਾਸ ਨਾਵਲ ਉੱਤੇ ਪੂਰੀ ਤਰ੍ਹਾਂ ਭਾਰੂ ਹੈ ਤੇ ਕਾਲਪਨਿਕ ਜੀਵਨ ਥਾਂ ਥਾਂ ਤੇ ਇਤਿਹਾਸ ਦਾ ਵਿਰੋਧ ਕਰਦਾ ਹੈ। ਇਨ੍ਹਾਂ ਨਾਵਲਾਂ ਨੂੰ ਆਸਾਨੀ ਨਾਲ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ, ਇਕ ਨਿਰੋਲ ਇਤਿਹਾਸ ਤੇ ਦੂਜਾ ਕਾਲਪਨਿਕ। ਨਾਵਲ ਵਿਚੋਂ ਜੇਕਰ ਇਤਿਹਾਸਿਕ ਵੇਰਵੇ ਕੱਢ ਦਿੱਤੇ ਜਾਣ ਤਾਂ ਪਿਛੇ ਨਾਇਕਾਵਾਂ ਦੀਆਂ ਪਿਆਰ ਕਹਾਣੀਆਂ ਤੋਂ ਬਗੈਰ ਕੁਝ ਨਹੀਂ ਬਚਦਾ।

ਪਰੰਤੂ ਨਰਿੰਦਰਪਾਲ ਸਿੰਘ ਆਪਣੇ ਨਾਵਲਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ। ਉਸ ਅਨੁਸਾਰ 'ਇਹ ਨਾਵਲ ਸਹੀ ਅਰਥਾਂ ਵਿਚ ਇਤਿਹਾਸਿਕ ਹਨ।[4] ਉਸ ਨੂੰ ਵਿਸ਼ਵਾਸ ਹੈ ਕਿ ਉਹ ਇਤਿਹਾਸ ਨਾਲ ਨਿਆਂ ਕਰਨ ਵਿਚ ਸਫ਼ਲ ਹੋਇਆ ਹੈ। ਖੰਨਿਉਂ ਤਿੱਖੀ ਦੀ ਭੂਮਿਕਾ ਵਿਚ ਹੀ ਉਹ ਲਿਖਦਾ ਹੈ :

> *ਇਨ੍ਹਾਂ ਨਾਵਲਾਂ ਰਾਹੀਂ ਸਮੁੱਚਾ ਇਤਿਹਾਸ ਲਿਖਣ ਦੀ ਮੇਰੀ ਤਮੰਨਾ ਨਹੀਂ, ਪਰ ਸਿੱਖ ਇਤਿਹਾਸ ਨਾਲ ਕਿਸੇ ਹੱਦ ਤੱਕ ਇਨਸਾਫ਼ ਕਰਨ ਦੀ ਮੇਰੀ ਮਨਸ਼ਾ ਜ਼ਰੂਰ ਹੈ।"*[5]

ਉਹ ਇਹ ਵੀ ਸਮਝਦਾ ਹੈ ਕਿ ਇਨ੍ਹਾਂ ਨਾਵਲਾਂ ਦੀ ਰਚਨਾ ਕਰਦੇ ਸਮੇਂ ਉਹ ਨਿਰਪੱਖ ਰਿਹਾ ਹੈ ਤੇ ਉਸ ਨੇ ਸਿੱਖ ਇਤਿਹਾਸ ਨੂੰ ਕੇਵਲ ਪੇਸ਼ ਹੀ ਨਹੀਂ ਕੀਤਾ, ਸਗੋਂ ਉਸ ਨੂੰ ਨਵਾਂ ਮੰਤਵ ਤੇ ਅਰਥ ਦਿੱਤੇ ਹਨ :

> *"ਮੈਂ ਬੰਦਾ ਸਿੰਘ ਬਹਾਦਰ ਤੇ ਉਹਦੇ ਹਰ ਕਰਮ ਨੂੰ ਇਕ ਮੰਤਵ ਦਿਤਾ ਹੈ। ਮੈਂ ਸਿੱਖ ਇਤਿਹਾਸ ਨੂੰ ਇਕ ਮੰਤਵ ਦਿੱਤਾ ਹੈ। ਮੈਂ ਸਿੱਖ ਇਤਿਹਾਸ ਨੂੰ ਇਕ ਭਾਵ, ਮਨੋਰਥ, ਇਕ ਮਤਲਬ ਦਿੱਤਾ ਹੈ।"*[6]

ਨਾਵਲਕਾਰ ਦੀਆਂ ਇਹ ਟਿੱਪਣੀਆਂ ਉਸ ਦੀ ਨਾਵਲ ਕਲਾ ਬਾਰੇ ਪੇਤਲੀ ਸੂਝ ਦੀਆਂ ਲਖਾਇਕ ਹਨ। ਜੋ ਇਤਿਹਾਸਿਕ ਕਾਰਜ ਗੁਰੂ ਵਿਅਕਤੀਆਂ ਜਾਂ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਨੇਪਰੇ ਚੜ੍ਹਿਆ ਕੀ ਉਹ ਕਿਸੇ ਵਿਅਕਤੀ ਦੁਆਰਾ ਅਰਥ ਦਿੱਤੇ ਜਾਣ ਦਾ ਮੁਥਾਜ ਹੈ, ਭਾਵੇਂ ਇਸ ਕਾਰਜ ਦੇ ਪਰੇਰਕਾਂ ਦੀ ਪੁਨਰ ਸਿਰਜਨਾ ਰਾਹੀਂ ਇਸ ਦੇ ਕਾਰਨਾਂ ਅਤੇ ਲੋਕ-ਜੀਵਨ ਵਿਚ ਪਏ ਇਸ ਦੇ ਪ੍ਰਭਾਵਾਂ ਰਾਹੀਂ ਇਸ ਕਾਰਜ ਦੀ ਅਨਿਵਾਰਤਾ ਅਤੇ ਇਸ ਦੀ ਇਤਿਹਾਸਿਕ ਮਹੱਤਤਾ ਦੇ ਵਿਭਿੰਨ ਪਾਸਾਰਾਂ ਨੂੰ ਪਾਠਕ ਦੇ ਅਨੁਭਵ ਦਾ ਵਸਤੂ

ਬਣਾਇਆ ਜਾ ਸਕਦਾ ਹੈ ਪਰ ਕਿਉਂਕਿ ਇਹ ਮਨੋਰਥ ਤੇ ਭਾਵ ਨਾਵਲ ਦੀ ਸੰਰਚਨਾਂ ਵਿਚੋਂ ਪਰਗਟ ਨਹੀਂ ਹੁੰਦਾ, ਸਗੋਂ ਬਾਹਰੋਂ ਥੋਪਿਆ ਗਿਆ ਹੈ। ਇਸ ਲਈ ਇਹ ਨਾਵਲ ਨੂੰ ਪ੍ਰਭਾਵਸ਼ਾਲੀ ਤੇ ਮਹਾਨ ਬਣਾਉਣ ਦੀ ਬਜਾਇ ਇਸ ਦੀ ਸਮੁੱਚੀ ਬਣਤਰ ਨੂੰ ਹੀ ਕਲਾਹੀਣ ਬਣਾ ਦਿੰਦਾ ਹੈ।

ਨਾਵਲਕਾਰ ਦੁਆਰਾ ਵਿਸ਼ੈ-ਵਸਤੂ ਦੀ ਚੋਣ ਅਤੇ ਉਸ ਪ੍ਰਤਿ ਉਸ ਦਾ ਦ੍ਰਿਸ਼ਟੀਕੋਣ ਨਾਵਲ ਦਾ ਰੂਪ ਨਿਰਧਾਰਿਤ ਕਰਨ ਵਿਚ ਮਹੱਤਪੂਰਨ ਯੋਗਦਾਨ ਪਾਉਂਦੇ ਹਨ। ਨਰਿੰਦਰਪਾਲ ਸਿੰਘ ਦੇ ਇਨ੍ਹਾਂ ਨਾਵਲਾਂ ਨੂੰ ਪੜ੍ਹ ਕੇ, ਇਨ੍ਹਾ ਦੀ ਅਤਿ ਕਮਜ਼ੋਰ ਬਣਤਰ ਅਤੇ ਪਰਭਾਵਹੀਣਤਾ ਦੇ ਕਾਰਨਾਂ ਦੀ ਖੋਜ ਕਰਦੇ ਸਮੇਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸਿੱਖ ਇਤਿਹਾਸ ਨੂੰ ਉਸ ਨੇ ਜਿਸ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ, ਉਸ ਵਿਚੋਂ ਅਜਿਹੀ ਕਮਜ਼ੋਰ ਕਿਰਤ ਤੋਂ ਇਲਾਵਾ ਹੋਰ ਕੁਝ ਨਿਕਲਣਾ ਹੀ ਸੰਭਵ ਨਹੀਂ ਸੀ। ਇਤਿਹਾਸ ਪ੍ਰਤਿ ਉਸ ਦਾ ਨਜ਼ਰੀਆ ਅਸਪਸ਼ਟ ਅਤੇ ਧੁੰਦਲਾ ਹੈ। ਉਹ ਇਤਿਹਾਸਿਕ ਵਿਅਕਤੀ, ਲੋਕ ਅਤੇ ਪਰਿਸਥਿਤੀਆਂ, ਜਿਹੜੇ ਇਸ ਇਤਿਹਾਸਿਕ ਕਾਰਜ ਦੇ ਸਿਰਜਕ ਸਨ, ਦੇ ਸੰਬੰਧਾਂ ਨੂੰ ਸਮਝਣ ਤੋਂ ਅਸਮਰੱਥ ਹੈ। ਨਾਂ ਤਾਂ ਸਿੱਖ ਇਤਿਹਾਸ ਨੂੰ ਸਮੁੱਚੇ ਇਤਿਹਾਸ ਦੇ ਪ੍ਰਕਰਨ ਵਿਚ ਸਮਝਣ ਜਾਂ ਪੇਸ਼ ਕਰਨ ਵਿਚ ਉਸ ਦੀ ਕੋਈ ਰੁਚੀ ਹੈ ਤਾਂ ਨਾ ਹੀ ਉਹ ਸਿੱਖ ਧਰਮ ਦੇ ਉਭਾਰ ਜਾਂ ਉਸ ਦੇ ਪਰਫੁਲਿਤ ਹੋਣ ਦੇ ਕਾਰਨਾਂ ਦੀ ਗਹਿਰਾਈ ਵਿਚ ਜਾਣਾ ਚਾਹੁੰਦਾ ਹੈ। ਸਿੱਖ ਇਤਿਹਾਸ ਅਤੇ ਇਤਿਹਾਸਿਕ ਵਿਅਕਤੀਆਂ ਨੂੰ ਉਨ੍ਹਾਂ ਦੇ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਅਤੇ ਸਭਿਆਚਾਰਿਕ ਆਧਾਰ ਤੋਂ ਤੋੜ ਕੇ ਪੇਸ਼ ਕਰਨ ਦੀ ਰੁਚੀ ਕਾਰਨ ਉਹ ਉਨ੍ਹਾਂ ਦੇ ਲੋਕਪ੍ਰਿਯ ਆਧਾਰ ਨੂੰ ਉਸਾਰਨ ਤੇ ਸਿਰਜਨ ਤੋਂ ਥਿੜਕ ਗਿਆ ਹੈ। ਸਿੱਖ ਵਿਅਕਤੀ , ਸਿੱਖ ਸੰਘਰਸ਼, ਸਿੱਖ ਧਰਮ ਅਤੇ ਲੋਕ-ਜੀਵਨ ਸੰਬੰਧੀ ਉਸ ਨੇ ਆਪਣੇ ਤੰਗ ਦ੍ਰਿਸ਼ਟੀਕੋਣ ਅਨੁਸਾਰ ਕੁਝ ਧਾਰਨਾਵਾਂ ਘੜ ਲਈਆਂ ਹਨ, ਨਾਵਲ ਦਾ ਸਾਰਾ ਰਚਨਾ-ਵਿਧਾਨ ਇਨ੍ਹਾ ਧਾਰਨਾਵਾਂ ਨੂੰ ਸਿੱਧ ਤੇ ਸਹੀ ਸਾਬਤ ਕਰਨ ਲਈ ਹੀ ਘੜਿਆ ਗਿਆ। ਇਸ ਲਈ ਇਨ੍ਹਾਂ ਨਾਵਲਾਂ ਵਿਚ ਇਤਿਹਾਸਿਕ ਕਾਰਜ ਦੀ ਜਟਿਲਤਾ ਅਤੇ ਅਠਾਰ੍ਹਵੀਂ ਉਨੀਵੀਂ ਸਦੀ ਦੇ ਜੀਵਨ ਦੀ ਭਰਪੂਰ ਦੇ ਦਿਲਚਸਪ ਤਸਵੀਰ ਨਹੀਂ ਉਭਰਦੀ। ਤੱਥ, ਗਵਾਹੀਆਂ, ਹਵਾਲੇ ਤੇ ਵੇਰਵੇ, ਨਾਵਲ ਨੂੰ ਕੇਵਲ ਆਲੋਚਕ ਹੀ ਨਹੀਂ ਬਣਾਉਂਦੇ ਸਗੋਂ ਇਤਿਹਾਸਿਕ ਕਾਰਜ ਨੂੰ ਸਮਝਣ ਵਿਚ ਰੋਕ ਵੀ ਬਣਦੇ ਹਨ।

ਨਿਰਸੰਦੇਹ ਸਿੱਖ ਧਰਮ ਦਾ ਉਭਾਰ, ਸਿੱਖਾਂ ਦੀ ਮੁਗਲ ਸਾਮਰਾਜ ਨਾਲ ਟੱਕਰ, ਸਿੱਖ ਰਾਜ ਦੀ ਸਥਾਪਤੀ ਤੇ ਪਤਨ ਕਿਸੇ ਵੀ ਮਹਾਨ ਇਤਿਹਾਸਿਕ ਨਾਵਲ ਦਾ ਵਿਸ਼ਾ ਬਣਨ ਦੇ ਯੋਗ ਹਨ, ਪ੍ਰੰਤੂ ਨਰਿੰਦਰਪਾਲ ਸਿੰਘ ਆਪਣੇ ਦਾਅਵਿਆਂ ਦੇ ਬਾਵਜੂਦ ਸਿੱਖ ਇਤਿਹਾਸ ਨਾਲ ਨਿਆਂ ਨਹੀਂ ਕਰ ਸਕਿਆ।

ਆਜ਼ਾਦੀ ਦੀ ਲੜਾਈ ਤੋਂ ਪਹਿਲਾਂ ਸ਼ਾਇਦ ਇਹ ਸਭ ਤੋਂ ਲੰਮਾ ਸੰਘਰਸ਼ ਸੀ ਜੋ ਪੰਜਾਬ ਦੇ ਲੋਕਾਂ ਨੇ ਧਾਰਮਿਕ ਕੱਟੜਤਾ ਅਤੇ ਨਿਰੰਕੁਸ਼ ਰਾਜਾਸ਼ਾਹੀ ਦੇ ਖਿਲਾਫ਼ ਲੜਿਆ। ਇਸ ਸੰਘਰਸ਼ ਦੇ ਕਾਰਨ ਉਸ ਸਮੇਂ ਦੇ ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਿਕ ਢਾਂਚੇ ਵਿਚੋਂ ਲੱਭੇ ਜਾ ਸਕਦੇ ਹਨ। ਜਦੋਂ ਲੋਕ ਆਪਣੇ ਘਰ ਬਾਰ ਤਿਆਗ ਕੇ ਜੰਗਲਾਂ ਦੇ ਤਕਲੀਫ਼ਾਂ ਭਰੇ ਜੀਵਨ ਨੂੰ ਤਰਜੀਹ ਦਿੰਦੇ ਹਨ, ਤਾਂ ਉਨ੍ਹਾਂ ਪਿਛੇ ਇਕ ਇਤਿਹਾਸ ਹੁੰਦਾ ਹੈ। ਜਦੋਂ ਮਾਵਾਂ ਆਪਣੇ ਬੱਚਿਆਂ ਨੂੰ ਆਪਣੇ ਸਾਹਮਣੇ ਕਤਲ ਹੁੰਦਾ ਵੇਖਦੀਆਂ ਹਨ, ਪਰ ਸੀ ਤੱਕ ਨਹੀਂ ਕਰਦੀਆਂ ਤਾਂ ਇਹ ਇਸ ਗੱਲ ਦਾ ਸੁਨੇਹਾ ਹੁੰਦਾ ਹੈ ਕਿ ਲਿਤਾੜੇ ਜਾ ਰਹੇ ਲੋਕਾਂ ਵਿਚ ਰੋਹ ਤੇ ਵਿਰੋਧ ਜਨਮ ਲੈ ਰਿਹਾ ਹੈ, ਉਨ੍ਹਾਂ ਵਿਚ ਆ ਰਹੀ ਤਬਦੀਲੀ ਹੀ ਅੰਤ ਵਿਚ ਸਥਾਪਿਤ ਪ੍ਰਬੰਧ ਲਈ ਵੰਗਾਰ ਬਣਦੀ ਹੈ। ਨਾਵਲਕਾਰ ਲਈ ਲੋਕ-ਜੀਵਨ ਵਿਚ ਆ ਰਹੀਆਂ ਇਨ੍ਹਾਂ ਸੂਖ਼ਮ ਤਬਦੀਲੀਆਂ ਨੂੰ ਪਹਿਚਾਨਣਾ ਤੇ ਪੇਸ਼ ਕਰਨਾ ਬੇਹਦ ਜ਼ਰੂਰੀ ਹੁੰਦਾ ਹੈ ਪ੍ਰੰਤੂ ਨਰਿੰਦਰਪਾਲ ਸਿੰਘ ਇਸ ਸੰਘਰਸ਼ ਦੇ ਲੋਕ-ਪੱਖ ਨੂੰ ਚਿਤਰਨ ਜਾਂ ਪੇਸ਼ ਕਰਨ ਵੱਲ ਰੁਚਿਤ ਨਜ਼ਰ ਨਹੀਂ ਆਉਂਦਾ। ਉਹ ਤਾਂ ਸਿੱਖ ਇਤਿਹਾਸ ਸੰਬੰਧੀ ਪਏ ਸ਼ੰਕਿਆਂ ਨੂੰ ਨਵਿਰਤ ਕਰਨਾ ਅਤੇ ਉਸ ਨਾਲ ਨਿਆਂ ਕਰਨਾ ਲੋਚਦਾ ਹੈ। ਪਰ ਇਸ ਮੰਤਵ ਦੀ ਪੂਰਤੀ ਲਈ ਉਹ ਆਪਣਾ ਮੂੰਹ ਲੋਕ-ਜੀਵਨ ਵੱਲ ਕਰਨ ਦੀ ਬਜਾਇ ਤੱਥਾਂ ਦੀ ਭਾਲ, ਉਨ੍ਹਾਂ ਦੇ ਸੰਕਲਨ ਤੇ ਇਤਿਹਾਸਿਕ ਵਿਅਕਤੀਆਂ ਅਤੇ ਇਤਿਹਾਸਿਕ ਘਟਨਾਵਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਦਾਨ ਕਰਨ ਵੱਲ ਕਰਦਾ ਹੈ। ਉਹ ਭੁੱਲ ਜਾਂਦਾ ਹੈ ਕਿ ਇਕ ਨਾਵਲਕਾਰ ਜਦੋਂ ਜੀਵਨ ਨੂੰ ਭੁੱਲ ਕੇ ਤੱਥਾਂ ਦੀ ਪੇਸ਼ਕਾਰੀ ਤੱਕ ਸੀਮਿਤ ਹੋ ਜਾਂਦਾ ਹੈ ਤਾਂ ਸੱਚਾਈ ਉਸ ਦੇ ਹੱਥੋਂ ਤਿਲਕ ਜਾਂਦੀ ਹੈ। ਨਾਵਲਕਾਰ ਦੀ ਸਿਫ਼ਤ ਸਚਾਈ ਨੂੰ ਉਹਦੇ ਪਰਿਪੇਖ ਵਿਚ ਪੇਸ਼ ਕਰਨ ਅਤੇ ਪਾਠਕ ਦੇ

ਅਨੁਭਵ ਦਾ ਵਸਤੂ ਬਣਾਉਣ ਵਿਚ ਹੁੰਦੀ ਹੈ। ਤੱਥਾਂ ਤੇ ਵੇਰਵਿਆਂ ਦੀ ਬਹੁਤਾਤ ਲੇਖਕ ਦੇ ਅਸਪਸ਼ਟ ਦ੍ਰਿਸ਼ਟੀਕੋਣ ਦੀ ਪ੍ਰਤੀਕ ਹੈ।[7]

1699 ਈਸਵੀ ਵਿਚ ਖਾਲਸੇ ਦੀ ਸਿਰਜਣਾ ਉਪਰੰਤ ਸਿੱਖ ਇਤਿਹਾਸ ਖਾਲਸੇ ਅਤੇ ਮੁਗਲ ਸ਼ਾਸ਼ਕਾਂ ਵਿਚਕਾਰ ਲਗਾਤਾਰ ਸੰਘਰਸ਼ ਦਾ ਇਤਿਹਾਸ ਹੈ, ਮੁਗ਼ਲ ਸ਼ਾਸ਼ਕਾਂ ਦੇ ਜ਼ੁਲਮਾਂ ਦੀ ਇੰਤਹਾ ਅਤੇ ਖਾਲਸੇ ਦੀਆ ਬੇਮਿਸਾਲ ਕੁਰਬਾਨੀਆਂ ਦਾ ਇਤਿਹਾਸ ਹੈ। ਪੂਰੀ ਇਕ ਸਦੀ ਇਹ ਲੋਕ, ਮਰਦੇ ਤੇ ਮੁੜ ਉਠਦੇ ਰਹੇ ਪਰ ਇਨ੍ਹਾਂ ਨੇ ਸ਼ਾਸ਼ਕਾਂ ਦੀ ਈਨ ਨਹੀਂ ਮੰਨੀ ਅਤੇ ਆਖ਼ਿਰ ਵਿਚ ਇਹ ਖਾਲਸਾ ਰਾਜ ਸਥਾਪਿਤ ਕਰਨ ਵਿਚ ਸਫ਼ਲ ਹੋਏ ਪਰ ਖਾਲਸਾ ਰਾਜ ਨੂੰ ਛੇਤੀ ਹੀ ਅੰਗਰੇਜ਼ੀ ਸਾਮਰਾਜ ਨੇ ਹੜੱਪ ਲਿਆ। ਸ਼ਾਨਦਾਰ ਇਤਿਹਾਸ ਦੀ ਯਾਦ ਸਿੱਖਾਂ ਦੇ ਮਨ ਨੂੰ ਟੁੰਬਦੀ ਰਹੀ ਪਰ ਸਿੱਖ ਇਤਿਹਾਸ ਨੂੰ ਪਰਿਪੇਖ ਵਿਚ ਸਮਝਣ, ਉਹਦੀ ਮਹਾਨਤਾ ਅਤੇ ਮਹੱਤਵ ਦੀ ਸਹੀ ਪਛਾਣ ਕਰਨ ਦੇ ਯਤਨ ਬਹੁਤ ਘੱਟ ਲੋਕਾਂ ਵੱਲੋਂ ਹੋਏ। ਨਰਿੰਦਰਪਾਲ ਸਿੰਘ ਦੇ ਇਨ੍ਹਾਂ ਨਾਵਲਾਂ ਦੀ ਭੂਮਿਕਾ ਪੜ੍ਹ ਕੇ ਇਹ ਆਸ ਬੱਝਦੀ ਸੀ ਕਿ ਸ਼ਾਇਦ ਇਹ ਸਿੱਖ ਇਤਿਹਾਸ ਸੰਬੰਧੀ ਪ੍ਰਚਲਿੱਤ ਭਰਮ ਭੁਲੇਖਿਆ ਨੂੰ ਦੂਰ ਕਰਨ ਵਿਚ ਸਫ਼ਲ ਹੋਣਗੇ ਪਰ ਨਾਵਲਕਾਰ ਆਪਣੇ ਇਸ ਨਿਸ਼ਚੇ ਤੋਂ ਥਿੜਕ ਗਿਆ ਹੈ ਕਿਉਂਕਿ ਉਹ ਇਤਿਹਾਸ, ਵਿਅਕਤੀ, ਲੋਕਾਂ ਅਤੇ ਪ੍ਰਸਥਿਤੀਆਂ ਦੇ ਸੰਬੰਧਾਂ ਦੀ ਜਟਿਲਤਾ ਨੂੰ ਠੋਸ ਰੂਪ ਵਿਚ ਪੇਸ਼ ਕਰਨ ਦੀ ਬਜਾਇ ਕੁਝ ਸਵੈ-ਸਿਰਜਤ ਫਾਰਮੂਲਿਆ ਅਨੁਸਾਰ ਉਨ੍ਹਾਂ ਦਾ ਸਾਧਾਰਨੀਕਰਨ ਕਰ ਦਿੰਦਾ ਹੈ। ਸਿੱਖ ਇਤਿਹਾਸ ਨਾਲ ਉਸ ਦਾ ਰਿਸ਼ਤਾ ਭਾਵੁਕ ਹੈ। 'ਖੰਨਿਉਂ ਤਿੱਖੀ' ਨਾਵਲ ਦੀ ਭੂਮਿਕਾ ਵਿਚ ਉਹ ਲਿਖਦਾ ਹੈ, "ਪੰਜਾਬੀ ਵਿਚ ਪਹਿਲੇ ਛਪੇ ਕੁਝ ਨਾਵਲਾਂ ਵਾਂਗ ਇਹ ਕਿਸੇ ਸਿੱਖ ਦਾ ਜਜ਼ਬਾਤੀ ਉਛਾਲ ਨਹੀਂ।"[8] ਇਸ ਦੇ ਬਾਵਜੂਦ ਉਸ ਦੇ ਨਾਵਲਾਂ ਦੀ ਸੁਰ ਭਾਵੁਕ ਹੈ। ਜਦੋਂ ਉਸ ਦੁਆਰਾ ਸਿਰਜਿਤ ਗਲਪ-ਸੰਸਾਰ ਇੱਛਤ ਪ੍ਰਭਾਵ ਸਿਰਜਨ ਵਿਚ ਅਸਮਰਥ ਰਹਿੰਦਾ ਹੈ ਤਾਂ ਉਹ ਸਿੱਖ ਇਤਿਹਾਸ ਅਤੇ ਸਿੱਖ ਵਿਅਕਤੀਆਂ ਬਾਰੇ ਭਾਵੁਕ ਟਿੱਪਣੀਆਂ ਦੇ ਕੇ ਉਸ ਖੱਪੇ ਨੂੰ ਪੂਰਨ ਦਾ ਯਤਨ ਕਰਦਾ ਹੈ। 'ਖੰਨਿਉਂ ਤਿੱਖੀ' ਨਾਵਲ ਦਾ ਆਰੰਭ ਹੀ ਉਸ ਦੇ ਇਸ ਭਾਵੁਕ ਅਤੇ ਉਲਾਰ ਦ੍ਰਿਸ਼ਟੀਕੋਣ ਦੀ ਜੀਵੰਤ ਮਿਸਾਲ ਹੈ :

> *ਪੰਜਾਬ ਦੀ ਮਿੱਟੀ ਬੜੀ ਸ਼ਕਤੀਵਾਨ ਹੈ, ਇਹ ਮਿੱਟੀ ਕਿਸੇ ਸਲਤਨਤ ਕਿਸੇ ਰਾਜ, ਕਿਸੇ ਹਕੂਮਤ ਕਿਸੇ ਰਾਜਸਕ ਤੇ ਬੁਧੀਮਾਨ ਪ੍ਰਣਾਲੀ ਜਾਂ ਧਾਰਾ ਨੂੰ ਚਿਰਸਥਾਈ ਨਹੀਂ ਹੋਣ ਦਿੰਦੀ। ਇਸ ਮਿੱਟੀ ਨੂੰ ਸਥਿਰਤਾ ਨਾਲ ਵੈਰ ਹੈ। ਇਸ ਮਿੱਟੀ ਉੱਤੇ ਕਿਸੇ ਸ਼ਹਿਨਸ਼ਾਹ-ਰਾਜੇ ਰਜਵਾੜੇ ਜਾਂ ਮਨੁੱਖ ਦੇ ਪੈਰ ਪੀਡੇ ਨਹੀਂ ਪੈਂਦੇ।*[9]

ਪੰਜਾਬ ਦੀ ਰਾਜਨੀਤਿਕ ਅਸਥਿਰਤਾ ਦਾ ਕਾਰਨ ਉਹ ਇਸ ਦੀ ਵਿਸ਼ੇਸ਼ ਭੁਗੋਲਿਕ ਸਥਿਤੀ ਅਤੇ ਰਜਵਾੜਾਸ਼ਾਹੀ ਪ੍ਰਬੰਧ ਵਿਚ ਨਹੀਂ ਮੰਨਦਾ ਸਗੋਂ ਉਹਦੇ ਲਈ ਉਹ ਪੰਜਾਬ ਦੀ ਮਿੱਟੀ ਨੂੰ ਹੀ ਜਿੰਮੇਵਾਰ ਠਹਿਰਾਉਂਦਾ ਹੈ ਤੇ ਸਿੱਖ ਧਰਮ ਵਿਚ ਆਏ ਉਤਰਾਵਾਂ ਚੜ੍ਹਾਵਾਂ ਨੂੰ ਵੀ ਉਹ ਇਸ ਸ਼ਕਤੀ ਸ਼ਾਲੀ ਮਿੱਟੀ ਦੀ ਹੀ ਕਰਾਮਾਤ ਸਮਝਦਾ ਹੈ। ਪਰ ਫਿਰ ਵੀ ਉਹ ਸਮਝਦਾ ਹੈ ਕਿ ਇਥੇ ਕਿਸੇ ਦਾ ਰਾਜ ਸਥਾਈ ਹੋ ਸਕਦਾ ਹੈ ਤਾਂ ਉਹ ਸਿੱਖਾਂ ਦਾ ਹੀ ਹੈ, ਉਹ ਲਿਖਦਾ ਹੈ,

> *ਪਰ ਤਾਂ ਵੀ ਏਥੇ ਜੇ ਕੋਈ ਸ਼ੈ, ਕੋਈ ਇਨਸਾਫ਼, ਕੋਈ ਸੰਸਕ੍ਰਿਤੀ, ਕੋਈ ਰਾਜ ਸਥਿਰ ਹੋ ਸਕਦਾ ਹੈ, ਤਾਂ ਉਹ ਸਿੱਖਾਂ ਦਾ ਹੀ ਹੈ। ਇਹੋ ਜਿਹੀ ਕਹਿਰਵੀਂ ਤੇ ਸ਼ਕਤੀਵਾਨ ਮਿੱਟੀ ਵਿਚੋਂ ਜੰਮਕੇ ਹੀ ਕੋਈ ਸ਼ਕਤੀਵਾਨ ਇਸ ਧਰਤੀ ਨੂੰ ਨਿਵਾ ਸਕਦਾ ਹੈ। ਸਿੱਖ ਇਸ ਮਿੱਟੀ ਨੂੰ ਸਮਝਦੇ ਹਨ, ਸਿੱਖ ਇਸ ਮਿੱਟੀ ਦੀ ਸ਼ਕਤੀ ਉੱਤੇ ਮੁਸਕਰਾ ਸਕਦੇ ਹਨ। ਸਿਰਫ਼ ਸਿੱਖ ਹੀ ਕਿਸੇ ਹੱਦ ਤੱਥ ਆਪਣੇ ਨਿਸ਼ਾਨ ਇਸ ਧਰਤੀ ਉੱਤੇ ਸਥਿਰ ਰੱਖ ਸਕਦੇ ਹਨ ਕਿਉਂਕਿ ਸਿਰਫ਼ ਉਹੋ ਹੀ ਆਪਣੇ ਨਿਸ਼ਾਨਾਂ ਨੂੰ ਮੁੜ ਮੁੜ ਮਿੱਟੀ ਵਿਚ ਰੁਲਦਿਆਂ ਵੇਖਕੇ ਨਿਰਾਸ਼ ਨਹੀਂ ਹੁੰਦੇ।*[10]

ਨਿਰਣਾਇਕ ਤੇ ਸੰਬੋਧਨੀ ਸ਼ੈਲੀ ਵਿਚ ਲਿਖੇ ਗਏ ਇਹ ਵਾਕ ਪਾਠਕ ਨੂੰ ਆਪਣੇ ਨਾਲ ਤੁਰਨ ਤੇ ਆਪਣੇ ਵਾਂਗ ਸੋਚਣ ਲਈ ਮਜ਼ਬੂਰ ਕਰਦੇ ਹਨ। ਉਹ ਸਿੱਖ ਧਰਮ ਨੂੰ ਦੁਨੀਆਂ ਦੇ ਧਰਮਾਂ ਤੋਂ ਵਿਲੱਖਣ ਤੇ ਅਦੁੱਤੀ ਅਤੇ ਪੰਜਾਬ ਦੀ ਧਰਤੀ ਨੂੰ ਸਾਰੀ ਦੁਨੀਆਂ ਤੋਂ ਨਿਆਰੀ ਅਤੇ ਸਿੱਖ ਵਿਅਕਤੀ ਨੂੰ ਸਾਰੀ ਮਨੁੱਖਤਾ ਤੋਂ ਅਦੁੱਤੀ ਪੇਸ਼ ਕਰਨ ਦਾ ਚਾਹਵਾਨ ਹੈ। ਉਸ ਨੇ ਆਪਣੇ ਇਸ ਜਜ਼ਬਾਤੀ ਬਿਆਨ ਰਾਹੀਂ ਪਾਠਕ ਦੀ ਰਾਇ ਨੂੰ ਪਹਿਲਾਂ ਹੀ ਸਿੱਖਾਂ ਦੇ ਪੱਖ ਵਿਚ ਕਰ ਲਿਆ ਹੈ। ਇਹ ਵਿਚਾਰ ਕਿਸੇ ਪਾਤਰ ਦੇ ਅਤਿ ਭਾਵੁਕ ਅਤੇ ਤਰਲ ਅਵਸਥਾ ਵਿਚ

ਮਹਿਸੂਸ ਕੀਤੇ ਗਏ ਸੱਚੇ ਸੁੱਚੇ ਜਜ਼ਬਾਤ ਨਹੀਂ ਸਗੋਂ ਨਾਵਲਕਾਰ ਦਾ ਤਰਕ ਹੈ ਜੋ ਉਸ ਦੇ ਨਾਵਲਾਂ ਦਾ ਆਧਾਰ ਹੈ। ਪਰਿਪੇਖ ਵਿਚ ਵੇਖਿਆਂ ਸਿੱਖ ਧਰਮ ਵੀ ਸੰਸਾਰ ਵਿਚ ਅਨਿਆਇ ਅਤੇ ਜ਼ੁਲਮ ਦੇ ਵਿਰੁੱਧ ਉਠੀਆਂ ਵੱਖ ਵੱਖ ਲਹਿਰਾਂ ਜਾਂ ਯਤਨਾਂ ਵਿਚੋਂ ਇੱਕ ਹੈ ਪਰ ਨਰਿੰਦਰਪਾਲ ਸਿੰਘ ਨੂੰ ਸਿੱਖ ਇਤਿਹਾਸ ਦੀ ਦੁਨੀਆਂ ਦੇ ਕਿਸੇ ਖਿੱਤੇ ਦੇ ਇਤਿਹਾਸ ਨਾਲ ਸਾਂਝ ਨਜ਼ਰ ਨਹੀਂ ਆਉਂਦੀ। ਆਪਣੇ ਵਸਤੂ ਨੂੰ ਨਿਵੇਕਲਾ ਤੇ ਵਿਲੱਖਣ ਬਣਾ ਕੇ ਪੇਸ਼ ਕਰਨਾ ਉਸ ਦੀ ਗਲਪ ਦ੍ਰਿਸ਼ਟੀ ਦਾ ਇਕ ਵਿਸ਼ੇਸ਼ ਲੱਛਣ ਹੈ। ਭਾਵੁਕ ਤੇ ਉਲਾਰ ਦ੍ਰਿਸ਼ਟੀਕੋਣ ਕਾਰਨ ਉਹ ਇਨ੍ਹਾਂ ਸੱਤਰਾਂ ਦੇ ਤਰਕ ਨੂੰ ਨਹੀਂ ਪਹਿਚਾਣ ਸਕਦਾ ਤੇ 'ਵਾਲੋਂ ਨਿੱਕੀ' ਵਿਚ ਆਪ ਹੀ ਇਨ੍ਹਾਂ ਵਿਚਾਰਾਂ ਦਾ ਖੰਡਨ ਕਰ ਜਾਂਦਾ ਹੈ :

> *ਦੁਨੀਆਂ ਦੇ ਸ਼ਾਇਦ ਹਰ ਹਿੱਸੇ ਵਿਚ ਸਭਿਆਤਾਵਾਂ ਬਣੀਆਂ ਹਨ ਤੇ ਉਲਝੀਆਂ ਹਨ, ਸੰਸਕ੍ਰਿਤੀਆਂ ਪੁੰਗਰੀਆਂ ਹਨ ਤੇ ਖੁਰੀਆਂ ਹਨ, ਰਾਜ ਭਾਗ ਉਸਰੇ ਹਨ ਤੇ ਢੱਠੇ ਹਨ, ਕਲਾ ਤੇ ਸਾਹਿਤ ਫਲੇ ਫੂਲੇ ਤੇ ਮੁਰਝਾਏ ਹਨ ਪਰ ਫੇਰ ਵੀ ਦੁਨੀਆਂ ਦੇ ਕੁਝ ਹੋਰ ਹਿੱਸੇ ਹੋਰਨਾਂ ਨਾਲੋਂ ਵੱਧ ਇਸ ਅਰੂਜ਼ ਤੇ ਜ਼ਵਾਲ ਦੀ ਖੇਡ ਦਾ ਮੈਦਾਨ ਰਹੇ ਹਨ ਜਿਵੇਂ ਚੀਨ, ਭਾਰਤ, ਮੱਧ-ਏਸ਼ੀਆ, ਮੱਧ-ਪੂਰਬ, ਮਿਸਰ, ਰੋਮ ਤੇ ਯੂਨਾਨ।[11]*

ਅਜਿਹੀਆਂ ਟਿਪਣੀਆਂ ਨਾਵਲਕਾਰ ਦੇ ਅਸਪਸ਼ਟ, ਧੁੰਦਲੇ ਤੇ ਭਾਵੁਕ ਦ੍ਰਿਸ਼ਟੀਕੋਣ ਦੀ ਹਾਮੀ ਭਰਦੀਆਂ ਹਨ। ਮੱਧ-ਕਾਲੀਨ ਯੁੱਗ ਦੇ ਰਾਜ-ਪ੍ਰਬੰਧ ਰਾਜਾਸ਼ਾਹੀ ਦਾ ਆਧਾਰ ਤਾਕਤ ਸੀ, ਤਾਕਤ ਹਥਿਆਉਣ ਲਈ ਯੁੱਧ ਹੁੰਦੇ ਹਨ ਤੇ ਤਾਕਤਵਰ ਰਾਜਾ ਬਣਦਾ ਸੀ, ਮੁਗਲਾਂ ਨੇ ਇਥੋਂ ਦੇ ਸ਼ਾਸ਼ਕਾਂ ਨੂੰ ਹਰਾਇਆ ਤੇ ਸੱਤਾ ਤੇ ਹਾਵੀ ਹੋਏ ਪਰ ਸਮਾਂ ਪੈਣ ਤੇ ਆਪਣੀਆਂ ਆਚਰਣਿਕ ਕਮਜ਼ੋਰੀਆਂ ਨੇ ਉਨ੍ਹਾਂ ਦੀ ਪਕੜ ਨੂੰ ਢਿੱਲਾ ਕੀਤਾ। ਅੰਗਰੇਜ਼ਾਂ ਮਰਹੱਟਿਆਂ ਅਤੇ ਸਿੱਖਾਂ ਨੇ ਰਲ ਕੇ ਮੁਗ਼ਲ ਸਾਮਰਾਜ ਦਾ ਖਾਤਮਾ ਕੀਤਾ। ਬਾਅਦ ਵਿਚ ਸਿੱਖਾਂ, ਮਰਹੱਟਿਆਂ ਦਾ ਵਾਹ ਬੜੀ ਚਾਲਾਕ ਤੇ ਹਵਸੀ ਸਾਮਰਾਜੀ ਕੌਮ ਨਾਲ ਪਿਆ ਤੇ ਉਹ ਉਨ੍ਹਾਂ ਦੀ ਤਾਕਤ ਤੇ ਕੂਟਨੀਤੀ ਦਾ ਮੁਕਾਬਲਾ ਨਾ ਕਰ ਸਕੇ। ਹੌਲੀ ਹੌਲੀ ਅੰਗਰੇਜ਼ਾਂ ਨੇ ਸਾਰੇ ਭਾਰਤ ਉੱਤੇ ਕਬਜ਼ਾ ਕਰ ਲਿਆ ਪਰ ਜਿਵੇਂ ਤਾਕਤ ਉੱਤੇ ਆਧਾਰਿਤ ਮੁਗ਼ਲ ਸਾਮਰਾਜ ਹਮੇਸ਼ਾ ਲਈ ਕਾਇਮ ਨਹੀਂ ਸੀ ਰਹਿ ਸਕਦਾ ਉਵੇਂ ਹੀ ਅੰਗਰੇਜ਼ਾਂ ਨੂੰ ਵੀ ਭਾਰਤ ਦੀ ਲੋਕ-ਸ਼ਕਤੀ ਅੱਗੇ ਝੁਕਣਾ ਪਿਆ ਅਤੇ ਲੋਕਤੰਤਰ ਦਾ ਦੌਰ ਆਇਆ। ਵਿਗਿਆਨਿਕ ਤਰੱਕੀ ਨੇ ਰਾਜਨੀਤਿਕ ਅਤੇ ਆਰਥਿਕ ਢਾਂਚੇ ਨੂੰ ਬਹੁਤ ਜਟਿਲ ਬਣਾ ਦਿੱਤਾ ਹੈ। ਰਜਵਾੜਾਸ਼ਾਹੀ ਵਰਗਾ ਸਰਲ ਰਾਜ-ਪ੍ਰਬੰਧ ਕੇਵਲ ਭੂਤ ਦੀ ਗੱਲ ਬਣ ਕੇ ਰਹਿ ਗਿਆ ਹੈ। ਹੁਣ ਲੋਕ-ਹਿਤੈਸ਼ੀ ਰਾਜ ਦਾ ਯੁੱਗ ਹੈ ਤੇ ਇਹੀ ਰਾਜ ਸਥਿਰ ਹੋ ਸਕਦਾ ਹੈ ਸਥਾਈ ਜਾਂ ਸਦੀਵੀ ਨਹੀਂ ਕਿਉਂਕਿ ਤਬਦੀਲੀ ਵਿਕਾਸ ਦੀ ਪਹਿਲੀ ਸ਼ਰਤ ਹੈ ਪਰੰਤੂ ਨਰਿੰਦਰਪਾਲ ਸਿੰਘ ਦਾ ਇਹ ਸੋਚਣਾ ਤੇ ਸਮਝਣਾ ਕਿ ਪੰਜਾਬ ਵਿਚ ਕੇਲਵ ਸਿੱਖਾਂ ਦਾ ਰਾਜ ਸਥਾਈ ਹੋ ਸਕਦਾ ਹੈ ਤੇ ਇਹ ਵੀ ਕਿ ਜੇ ਸਿੱਖ ਧਰਮ ਇਕ ਦਮ ਭਾਰਤ ਵਿਚ ਫੈਲ ਜਾਂਦਾ ਤਾਂ ਭਾਰਤ ਨੂੰ ਗੁਲਾਮੀ ਦੇ ਦੌਰ ਵਿਚੋਂ ਨਾ ਲੰਘਣਾ ਪੈਂਦਾ ਸਾਧਾਰਨ ਤੇ ਸ਼ਰਧਾਲੂ ਸੋਚ ਦੀ ਟੋਹ ਦਿੰਦੀ ਹੈ ਤੇ ਗਲਪ ਵਿਚ ਇਹ ਪਹੁੰਚ ਨਿਸ਼ਚਿਤ ਤੌਰ ਤੇ ਹੀ ਘਾਤਕ ਸਿੱਧ ਹੁੰਦੀ ਹੈ।

ਇਨ੍ਹਾ ਨਾਵਲਾਂ ਵਿਚ ਬੰਦਾ ਬਹਾਦਰ ਦੇ ਪੰਜਾਬ ਆਉਣ, ਸਰਹੰਦ ਫਤਹਿ ਕਰਨ ਤੇ ਅੰਤ ਵਿਚ ਸ਼ਹੀਦੀ ਪਰਾਪਤ ਕਰਨ, ਫਿਰ ਮਿਸਲਾਂ ਦੇ ਇਸ ਸੰਘਰਸ਼ ਨੂੰ ਜਾਰੀ ਰੱਖਣ ਤੋਂ ਮੁਗਲ ਸਾਮਰਾਜ ਦੇ ਅੰਤ ਤਕ, ਹਰੀ ਸਿੰਘ ਨਲੂਏ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਲੈ ਕੇ ਕੰਵਰ ਨੌਨਿਹਾਲ ਸਿੰਘ ਦੀ ਮੌਤ ਤਕ, ਮੁੱਦਗੀ ਦੀ ਲੜਾਈ ਤੋਂ ਲੈ ਕੇ ਗੁਜਰਾਤ ਦੀ ਹਾਰ ਤੱਕ ਲਗਪਗ ਸਾਰੀਆਂ ਮਹੱਤਪੂਰਨ ਰਾਜਨੀਤਿਕ ਘਟਨਾਵਾਂ ਦਾ ਬਿਊਰਾ ਮਿਲਦਾ ਹੈ ਪਰ ਇਸ ਦੇ ਬਾਵਜੂਦ ਇਹ ਨਾਵਲ ਇਕ ਅਰਥ ਭਰਪੂਰ ਗਲਪ-ਬਿੰਬ ਨਹੀਂ ਸਿਰਜ ਸਕੇ।

ਨਰਿੰਦਰਪਾਲ ਸਿੰਘ ਇਸ ਭੁਲੇਖੇ ਦਾ ਸ਼ਿਕਾਰ ਹੋ ਗਿਆ ਹੈ ਕਿ ਇਤਿਹਾਸਿਕ ਘਟਨਾਵਾਂ ਦੀ ਕਾਲ-ਕ੍ਰਮ ਅਨੁਸਾਰ ਪੇਸ਼ਕਾਰੀ ਰਾਹੀਂ ਉਹ ਸਿੱਖ ਇਤਿਹਾਸ ਦੀ ਸਚਾਈ ਪਰਗਟ ਕਰ ਸਕੇਗਾ। ਉਹ ਇਤਿਹਾਸਿਕ ਘਟਨਾਵਾਂ ਬਾਰੇ ਵੱਧ ਤੋਂ ਵੱਧ ਵੇਰਵਿਆਂ ਵਿਚ ਜਾਂਦਾ ਹੈ ਤੇ ਉਨ੍ਹਾਂ ਦੀ ਪੁਸ਼ਟੀ ਲਈ ਇਤਿਹਾਸਿਕ ਹਵਾਲਿਆਂ ਤੇ ਗਵਾਹੀਆਂ ਦੀ ਵਰਤੋਂ ਕਰਦਾ ਹੈ, ਉਹ ਇਨ੍ਹਾਂ ਘਟਨਾਵਾਂ ਦਾ ਹਰ ਪੱਖ ਤੋਂ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼

ਕਰਦਾ ਹੈ ਪਰ ਉਸ ਵੱਲੋਂ ਦਿੱਤੀ ਇਹ ਜਾਣਕਾਰੀ ਇਤਿਹਾਸਿਕਾਰਾਂ ਵੱਲੋਂ ਦਿੱਤੀ ਜਾਣਕਾਰੀ ਜਾਂ ਛੇੜੇ ਵਾਦ ਵਿਵਾਦ ਤੋਂ ਕਿਵੇਂ ਵੀ ਭਿੰਨ ਨਹੀਂ। ਜਾਣਕਾਰੀ ਦੇਣਾ ਨਾਵਲ ਦਾ ਮੰਤਵ ਨਹੀਂ, ਉਸ ਦਾ ਮੰਤਵ ਤਾਂ ਜਿਉਂਦੇ ਜਾਗਦੇ ਨਾਵਲੀ ਜਗਤ ਦੀ ਸਿਰਜਣਾ ਕਰਕੇ ਉਸ ਨੂੰ ਪਾਠਕ ਦੇ ਅਨੁਭਵ ਦਾ ਵਸਤੂ ਬਣਾਉਣਾ ਹੈ। ਇਕ ਨਾਵਲਕਾਰ ਘਟਨਾਵਾਂ ਤੇ ਤੱਥਾਂ ਤੋਂ ਹੀ ਵੱਧ ਉਨ੍ਹਾਂ ਹਾਲਾਤਾਂ ਵਿਚ ਦਿਲਚਸਪੀ ਰੱਖਦਾ ਹੈ ਜਿਨ੍ਹਾਂ ਨੇ ਇਨ੍ਹਾਂ ਘਟਨਾਵਾਂ ਤੇ ਤੱਥਾਂ ਨੂੰ ਜਨਮ ਦਿੱਤਾ। ਉਹ ਇਸ ਸੰਘਰਸ਼ ਵਿਚ ਕਾਰਜਸ਼ੀਲ ਅਣਪਛਾਤੀ ਲੋਕ-ਸ਼ਕਤੀ ਦੀ ਪਹਿਚਾਣ ਕਰਦਾ ਹੈ ਜਿਹੜੀ ਇਤਿਹਾਸ ਦੀ ਅਸਲੀ ਸਿਰਜਣਹਾਰ ਹੁੰਦੀ ਹੈ। ਇਸ ਪੇਸ਼ਕਾਰੀ ਰਾਹੀਂ ਉਹ ਇਤਿਹਾਸਿਕ ਕਾਰਜ ਦੇ ਨਾ ਕੇਵਲ ਫੌਰੀ ਨਤੀਜਿਆਂ, ਸਗੋਂ ਦੂਰ ਭਵਿੱਖਤ ਵਿਚ ਨਿਕਲਣ ਵਾਲੇ ਨਤੀਜਿਆਂ ਦੀ ਵੀ ਪਾਠਕ ਨੂੰ ਸੋਝੀ ਕਰਵਾਉਂਦਾ ਹੈ। ਪ੍ਰੰਤੂ ਨਰਿੰਦਰਪਾਲ ਸਿੰਘ ਨੇ ਇਤਿਹਾਸ ਨੂੰ ਇਤਿਹਾਸਿਕ ਵਿਅਕਤੀਆਂ ਦੇ ਨਿਜੀ ਗੁਣਾਂ, ਔਗੁਣਾਂ ਤੇ ਕਮਜ਼ੋਰੀਆਂ ਨਾਲ ਜੋੜ ਦਿੱਤਾ ਹੈ, ਇਸ ਤਰ੍ਹਾਂ ਉਸ ਨੇ ਸਿੱਖ ਇਤਿਹਾਸ ਨੂੰ ਉਸ ਦੇ ਵਿਸ਼ਵਵਿਆਪੀ ਅਰਥਾਂ ਅਤੇ ਗੌਰਵ ਤੋਂ ਵੰਚਿਤ ਕਰ ਦਿੱਤਾ ਹੈ।

ਨਰਿੰਦਰਪਾਲ ਸਿੰਘ ਦੇ ਇਹ ਨਾਵਲ ਪੰਜਾਬ ਦੇ ਇਤਿਹਾਸ ਦੇ ਅਹਿਮ ਸਮੇਂ ਨਾਲ ਸੰਬੰਧਿਤ ਹਨ। ਹਿੰਦੂ ਧਰਮ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਅਤੇ ਨਿਮਾਣੇ ਤੇ ਲਿਤਾੜੇ ਲੋਕਾਂ ਵਿਚ ਆਤਮ-ਵਿਸ਼ਵਾਸ ਪੈਦਾ ਕਰਨ ਲਈ ਭਾਰਤ ਵਿਚ ਕਈ ਧਾਰਮਿਕ ਲਹਿਰਾਂ ਚੱਲੀਆਂ। ਸਿੱਖ ਧਰਮ ਦੀ ਲਹਿਰ ਵੀ ਮੁੱਖ ਵਿਚ ਇਕ ਅਜਿਹੀ ਹੀ ਲਹਿਰ ਸੀ। ਪਰ ਇਸ ਲਹਿਰ ਦੇ ਆਗੂਆਂ ਨੇ ਉਪਰਲੀਆਂ ਹਿੰਦੂ ਸ਼ਰੇਣੀਆਂ ਅਤੇ ਸ਼ਾਸ਼ਕਾਂ ਦੇ ਜ਼ੁਲਮਾਂ ਦਾ ਡੱਟ ਕੇ ਵਿਰੋਧ ਕੀਤਾ ਤੇ ਉਨ੍ਹਾਂ ਦੇ ਅਣਮਨੁੱਖੀ ਵਤੀਰੇ ਦੀ ਨਿੰਦਿਆ ਕੀਤੀ। ਸੋ ਇਹ ਲਹਿਰ ਨਿਰੋਲ ਧਾਰਮਿਕ ਹੁੰਦੀ ਹੋਈ ਵੀ ਸ਼ਾਸ਼ਕ ਵਰਗ ਨੂੰ ਰਾਸ ਨਾ ਆਈ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਇਹ ਟੱਕਰ ਵਧੇਰੇ ਪ੍ਰਤੱਖ ਹੋ ਜਾਂਦੀ ਹੈ ਤੇ ਦੂਜੀਆਂ ਸੁਧਾਰਵਾਦੀ ਧਾਰਮਿਕ ਲਹਿਰਾਂ ਤੋਂ ਵੱਖਰਾ ਰੂਪ ਧਾਰਨ ਕਰ ਲੈਂਦੀ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਮਾਲਾ ਨਾਲ ਤਲਵਾਰ ਧਾਰਨ ਕੀਤੀ ਤੇ ਇਸ ਤਰ੍ਹਾਂ ਆਪਣੇ ਆਪ ਨੂੰ ਜਬਰ ਵਿਰੋਧੀ ਧਿਰ ਨਾਲ ਜੋੜ ਲਿਆ। ਗੁਰੂ ਤੇਗ ਬਹਾਦਰ ਜੀ ਨੇ ਲਿਤਾੜੇ ਜਾ ਰਹੇ ਲੋਕਾਂ ਲਈ ਸੀਸ ਦੀ ਕੁਰਬਾਨੀ ਦੇ ਕੇ ਇਸ ਲਹਿਰ ਨੂੰ ਨਵਾਂ ਮੋੜ ਦਿੱਤਾ। 13 ਅਪ੍ਰੈਲ, 1699 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕੀਤੀ ਇਹ ਮੁਗਲ ਸਾਮਰਾਜ ਲਈ ਸਿੱਧੀ ਵੰਗਾਰ ਸੀ, ਉਸ ਕੌਮ ਦਾ ਜਨਮ ਸੀ ਜਿਸ ਨੇ ਬੇਮਿਸਾਲ ਸ਼ਹੀਦੀਆਂ ਦਾ ਇਤਿਹਾਸ ਸਿਰਜਿਆ।

ਇਸ ਤੋਂ ਬਾਅਦ ਖਾਲਸਾ ਲਗਾਤਾਰ ਮੁਗ਼ਲ ਸ਼ਾਸ਼ਕਾਂ ਤੇ ਅਫ਼ਗਾਨ ਹਮਲਾਵਰਾਂ ਨਾਲ ਟੱਕਰ ਵਿਚ ਰਿਹਾ। ਸਰੀਰਿਕ ਤਸੀਹੇ, ਸ਼ਹੀਦੀਆਂ ਤੇ ਘੱਲੂਘਾਰੇ ਸਿੱਖਾਂ ਨੂੰ ਖ਼ਤਮ ਕਰਨ ਤੋਂ ਅਸਮਰੱਥ ਰਹੇ ਸਗੋਂ ਹਰ ਸੰਕਟ ਤੋਂ ਬਾਅਦ ਸਿੱਖ ਪਹਿਲਾਂ ਨਾਲੋਂ ਵੀ ਵੱਧ ਨਵੇਂ ਨਰੋਏ ਹੋ ਕੇ ਉਠਦੇ ਤੇ ਜਾਬਰਾਂ ਵਿਰੁੱਧ ਤਲਵਾਰ ਚੁੱਕਦੇ। ਸਿੱਖਾਂ ਨੇ ਇਸ ਸੰਘਰਸ਼ ਨੂੰ ਕੇਵਲ ਉਨ੍ਹਾਂ ਦੇ ਧਾਰਮਿਕ ਜਜ਼ਬਾਤਾਂ ਤਕ ਸੀਮਿਤ ਕਰ ਦੇਣਾ ਇਸ ਜਟਿਲ ਵਰਤਾਰੇ ਦਾ ਸਰਲੀਕਰਨ ਹੈ। ਅਸਲ ਵਿਚ ਇਸ ਸੰਘਰਸ਼ ਦੇ ਕਾਰਨ ਉਸ ਸਮੇਂ ਦੇ ਰਾਜਨੀਤਿਕ, ਆਰਥਿਕ, ਧਾਰਮਿਕ ਅਤੇ ਸਭਿਆਚਾਰਿਕ ਢਾਂਚੇ ਵਿਚੋਂ ਲੱਭੇ ਜਾ ਸਕਦੇ ਹਨ। ਵਿਦੇਸ਼ੀ ਹਮਲਾਵਰਾਂ ਨਾਲ ਜੂਝਦੇ, ਮੁੜ ਮੁੜ ਕੇ ਉਜੜਦੇ ਵਸਦੇ, ਕੁਦਰਤ ਦੀਆਂ ਕਰੋਪੀਆਂ ਤੇ ਸਖ਼ਤ ਮੌਸਮਾਂ ਨੂੰ ਆਪਣੇ ਪਿੰਡੇ ਤੇ ਹੰਢਾਉਂਦੇ, ਸਿਰੜੀ, ਮਿਹਨਤੀ, ਕਾਮੇ, ਸਿੱਧੇ-ਸਾਦੇ ਤੇ ਹੱਡਾਂ ਪੈਰਾਂ ਦੇ ਮੋਕਲੇ ਇਹ ਲੋਕ ਜਿਹੜੇ ਸਦੀਆਂ ਤੋਂ ਧਾਰਮਿਕ ਅਤੇ ਆਰਥਿਕ ਲੁੱਟ ਦਾ ਸ਼ਿਕਾਰ ਸਨ ਨੂੰ ਕਿਸੇ ਅਜਿਹੇ ਆਗੂ ਦੀ ਲੋੜ ਸੀ, ਜਿਹੜਾ ਉਨ੍ਹਾਂ ਦੀ ਅਗਵਾਈ ਕਰ ਸਕੇ ਤੇ ਉਨ੍ਹਾਂ ਨੂੰ ਰਾਜਿਆਂ ਅਤੇ ਬ੍ਰਾਹਮਣਾਂ ਦੇ ਭੈ ਤੋਂ ਮੁਕਤ ਕਰ ਸਕੇ। ਸਿੱਖ ਧਰਮ ਨੇ ਉਨ੍ਹਾਂ ਵਿਚ ਚੇਤੰਨਤਾ ਪੈਦਾ ਕੀਤੀ, ਆਤਮ ਵਿਸ਼ਵਾਸ ਪੈਦਾ ਕੀਤਾ, ਰਾਜਿਆਂ ਤੇ ਬ੍ਰਾਹਮਣਾਂ ਦੇ ਡਰ ਤੋਂ ਮੁਕਤ ਕੀਤਾ ਅਤੇ ਕੁਰਬਾਨੀਆਂ ਰਾਹੀਂ ਜ਼ਬਰ ਤੇ ਜ਼ੁਲਮ ਦਾ ਟਾਕਰਾ ਕਰਨ ਦਾ ਰਾਹ ਦੱਸਿਆ। ਅੰਤ ਵਿਚ ਮੁਗ਼ਲ ਰਾਜ ਖੇਰੂੰ ਖੇਰੂੰ ਹੋ ਗਿਆ ਤੇ ਸਿੱਖ ਆਪਣੀ ਸਰਦਾਰੀ ਕਾਇਮ ਕਰਨ ਵਿਚ ਸਫ਼ਲ ਹੋਏ।

ਇਕ ਸੰਕਟ ਦਾ ਸਮਾਧਾਨ ਹੋ ਗਿਆ ਸੀ ਪਰ ਪ੍ਰਬੰਧ ਦਾ ਆਪਣਾ ਸੰਕਟ ਕਾਇਮ ਸੀ। ਸਿੱਖਾਂ ਕੋਲ ਮੁਗ਼ਲ ਰਾਜਾਸ਼ਾਹੀ ਦਾ ਬਦਲ ਸਿੱਖ ਰਾਜਾਸ਼ਾਹੀ ਸੀ ਤੇ ਰਾਜਾਸ਼ਾਹੀ ਦੇ ਅੰਤਰ-ਵਿਰੋਧ ਤੇ ਕਮਜ਼ੋਰੀਆਂ ਖਾਲਸਾ ਰਾਜ ਨੂੰ ਵਿਰਸੇ ਵਿਚ ਮਿਲੀਆਂ ਸਨ। 1799 ਵਿਚ ਮਹਾਰਾਜਾ ਰਣਜੀਤ ਸਿੰਘ ਖਾਲਸਾ ਰਾਜ ਸਥਾਪਨ ਕਰਨ

ਵਿਚ ਸਫ਼ਲ ਹੋਇਆ। 1839 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖਾਲਸਾ ਦਰਬਾਰ ਅਨੇਕ ਸਾਜ਼ਸ਼ਾਂ ਦਾ ਸ਼ਿਕਾਰ ਹੋ ਗਿਆ ਤੇ ਰਾਜ ਗੱਦੀ ਦੇ ਵਾਰਸਾਂ ਦੀ ਖਿੱਚੋਤਾਣ ਨੇ ਬੜਾ ਭਿਅੰਕਰ ਰੂਪ ਧਾਰਨ ਕਰ ਲਿਆ। ਅੰਗਰੇਜ਼ਾਂ ਨੇ ਸਿੱਖ ਦਰਬਾਬ ਦੀ ਫੁੱਟ ਤੋਂ ਪੂਰਾ ਫਾਇਦਾ ਉਠਾਇਆ ਤੇ ਅਖ਼ੀਰ 1849 ਈ. ਵਿਚ ਸਿੱਖ ਰਾਜ ਨੂੰ ਆਪਣੇ ਸਾਮਰਾਜ ਦਾ ਹਿੱਸਾ ਬਣਾ ਲਿਆ। ਪ੍ਰੰਤੂ ਨਰਿੰਦਰਪਾਲ ਸਿੰਘ ਇਸ ਘਟਨਾ ਭਰਪੂਰ ਤੇ ਗੌਰਵਸ਼ਾਲੀ ਸਿੱਖ ਇਤਿਹਾਸ ਦਾ ਪੁਨਰਸਿਰਜਨ ਕਰਨ ਤੋਂ ਅਸਮਰੱਥ ਰਿਹਾ ਹੈ। ਇਨ੍ਹਾਂ ਨਾਵਲਾਂ ਵਿਚ ਨਾ ਤਾਂ ਇਤਿਹਾਸ ਵਾਲੀ ਪ੍ਰਮਾਣਿਕਤਾ ਆ ਸਕੀ ਹੈ ਤੇ ਨਾ ਹੀ ਨਾਵਲ ਵਾਲੀ ਰੋਚਿਕਤਾ।

ਨਾਵਲ ਕਲਾ ਦੇ ਦ੍ਰਿਸ਼ਟੀਕੋਣ ਤੋਂ ਵਿਚਾਰਿਆਂ ਇਹ ਇਤਿਹਾਸਿਕ ਨਾਵਲ ਸਹੀ ਅਰਥਾਂ ਵਿਚ ਨਾਵਲ ਵੀ ਨਹੀਂ ਅਖਵਾ ਸਕਦੇ। ਨਾਵਲਕਾਰ ਆਪਣੇ ਵਿਚਾਰਾਂ ਅਤੇ ਸੰਕਲਪਾਂ ਨੂੰ ਸਮੂਰਤ ਬਿੰਬ ਵਿਚ ਪੇਸ਼ ਨਹੀਂ ਕਰ ਸਕਿਆ ਕਿਉਂਕਿ ਉਸ ਦੇ ਨਾਵਲਾਂ ਦਾ ਆਧਾਰ ਜੀਵਨ ਨਹੀਂ ਸਗੋਂ ਅਮੂਰਤ ਵਿਚਾਰ ਹਨ। ਉਸ ਨੇ ਸਿੱਖ ਇਤਿਹਾਸ, ਸਿੱਖ ਵਿਅਕਤੀ ਸੰਬੰਧੀ ਆਪਣੀਆਂ ਧਾਰਨਾਵਾਂ ਪਹਿਲਾਂ ਹੀ ਬਣਾਈਆਂ ਹੋਈਆਂ ਹਨ ਤੇ ਨਾਵਲ ਦਾ ਸੰਸਾਰ ਉਨ੍ਹਾਂ ਦੀ ਪ੍ਰੋੜ੍ਹਤਾ ਕਰਨ ਲਈ ਘੜਿਆ ਗਿਆ ਹੈ। ਉਸ ਦੇ ਨਾਵਲ ਭਾਵੁਕ ਜਾਂ ਬੌਧਕ ਪੱਧਰ ਉੱਤੇ ਪਾਠਕ ਨੂੰ ਨਹੀਂ ਟੁੰਬਦੇ ਤੇ ਨਾ ਹੀ ਕਲਪਨਾਸ਼ਕਤੀ ਨੂੰ ਝੰਜੋੜਦੇ ਤੇ ਕਾਰਜਸ਼ੀਲ ਕਰਦੇ ਸਨ। ਹਰ ਕਲਾ ਕਿਰਤ ਪਿਛੇ ਕੋਈ ਅਮੂਰਤ ਵਿਚਾਰ ਹੁੰਦਾ ਹੈ ਪਰ ਕਲਾ ਵਿਚ ਅਮੂਰਤ ਵਿਚਾਰ ਵੀ ਬਿੰਬਾਂ ਰਾਹੀਂ ਹੀ ਪੇਸ਼ ਹੁੰਦੇ ਹਨ। ਕਲਾਕਾਰ ਆਪਣੀ ਗੱਲ ਤਕਰਾਰ ਨਾਲ ਨਹੀਂ ਮਨਾਉਂਦਾ ਸਗੋਂ ਉਹ ਆਪਣੀ ਕਲਾ ਕਿਰਤ ਰਾਹੀਂ ਪਾਠਕ ਦੀਆਂ ਬੌਧਿਕ ਤੇ ਭਾਵੁਕ ਬਿਰਤੀਆਂ ਨੂੰ ਟੁੰਬਦਾ ਹੈ, ਉਹ ਪਾਠਕ ਦੇ ਅਨੁਭਵ ਨੂੰ ਵਿਸ਼ਾਲ ਬਣਾਉਂਦਾ ਹੈ, ਪਰੰਤੂ ਇਨ੍ਹਾਂ ਨਾਵਲਾਂ ਵਿਚ ਨਾਵਲਕਾਰ ਨੇ ਵਸਤੂ ਨੂੰ ਕਲਾਤਮਿਕ ਰੂਪ ਦੇਣ ਦਾ ਕੋਈ ਯਤਨ ਨਹੀਂ ਕੀਤਾ। ਨਾਵਲਕਾਰ ਦੇ ਵਿਚਾਰ ਨਾਵਲ ਵਿਚ ਲੁਕੇ ਹੋਣੇ ਚਾਹੀਦੇ ਹਨ। ਲੇਖਕ ਦੇ ਵਿਚਾਰ ਜਿੰਨੇ ਵੀ ਛੁਪੇ ਰਹਿਣਗੇ, ਕਲਾਕ੍ਰਿਤ ਲਈ ਉਨਾਂ ਹੀ ਬਿਹਤਰ ਹੋਵੇਗਾ ਪਰ ਇਨ੍ਹਾਂ ਨਾਵਲਾਂ ਦੇ ਪਾਤਰ ਤੇ ਘਟਨਾਵਾਂ ਨਾਵਲਕਾਰ ਦੇ ਨਿੱਜੀ ਵਿਚਾਰਾਂ ਅਨੁਸਾਰ ਸੁੰਗੜ ਕੇ ਸੀਮਿਤ ਹੋ ਗਈਆਂ ਹਨ, ਇਸੇ ਕਰਕੇ ਉਸ ਦੇ ਨਾਵਲਾਂ ਵਿਚ ਇਤਿਹਾਸ ਜਿਉਂਦਾ ਜਾਗਦਾ, ਨਿਗਰ ਤੇ ਠੋਸ ਰੂਪ ਧਾਰਨ ਨਹੀਂ ਕਰ ਸਕਿਆ ਸਗੋਂ ਕਿਤਾਬੀ ਬਣ ਕੇ ਰਹਿ ਗਿਆ ਹੈ। ਉਸ ਦੇ ਨਾਵਲਾਂ ਵਿਚ ਪੇਸ਼ ਕਾਲਪਨਿਕ ਪਾਤਰਾਂ ਦਾ ਜੀਵਨ ਅਤੇ ਇਤਿਹਾਸ ਸਮਾਨਾਂਤਰ ਰੇਖਾਵਾਂ ਵਾਂਗ ਪਏ ਹਨ, ਜਿਨ੍ਹਾਂ ਦਾ ਆਪਸ ਵਿਚ ਕੋਈ ਸੰਬੰਧ ਨਹੀਂ। ਇਨ੍ਹਾਂ ਨਾਵਲਾਂ ਵਿਚ ਇਤਿਹਾਸ ਜੀਵਨ ਰੌਂਆਂ ਦਾ ਹਿੱਸਾ ਨਹੀਂ ਬਣਦਾ ਸਗੋਂ ਜੜ੍ਹ ਵਸਤੂ ਵਾਂਗ ਜੀਵਨ ਤੋਂ ਬਾਹਰ ਪਿਆ ਹੈ, ਆਮ ਲੋਕ ਇਤਿਹਾਸਿਕ ਕਾਰਜ ਤੋਂ ਅਲੱਗ ਤੇ ਨਿਰਲੇਪ ਹਨ।

ਨਰਿੰਦਰਪਾਲ ਸਿੰਘ ਦੇ ਇਤਿਹਾਸਿਕ ਨਾਵਲਾਂ ਦੇ ਅਧਿਐਨ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਭਾਵੇਂ ਉਸ ਨੇ ਸਿੱਖ ਇਤਿਹਾਸ ਬਾਰੇ ਸਮਗਰੀ ਇਕੱਤਰ ਕਰਨ ਅਤੇ ਤੱਥਾਂ ਦੀ ਛਾਣਬੀਨ ਕਰਨ ਵਿਚ ਕਾਫ਼ੀ ਸਮਾਂ ਤੇ ਮਿਹਨਤ ਖਰਚ ਕੀਤੀ ਹੈ, ਪਰ ਉਹ ਇਸ ਨੂੰ ਉਚਤਮ ਕਲਾਕ੍ਰਿਤ ਦਾ ਰੂਪ ਦੇਣ ਤੋਂ ਅਸਮਰੱਥ ਰਿਹਾ ਹੈ। ਇਸ ਸਭ ਦੇ ਬਾਵਜੂਦ ਉਹ ਆਪਣੇ ਇਨ੍ਹਾਂ ਨਾਵਲਾਂ ਦੀ ਤੁਲਨਾ ਟਾਲਸਟਾਏ ਦੇ ਨਾਵਲ 'ਵਾਰ ਐਂਡ ਪੀਸ' ਨਾਲ ਕਰਦਾ ਹੈ, ਪਰ ਜਿਥੇ 'ਵਾਰ ਐਂਡ ਪੀਸ' ਵਿਚ ਧੜਕਦੀ ਜ਼ਿੰਦਗੀ, ਸਮੇਂ ਅਤੇ ਸਥਾਨ ਦੀਆਂ ਵਿਥਾਂ ਚੀਰ ਕੇ ਸਾਡੀ ਉਸ ਸਮੇਂ ਦੇ ਜੀਵਨ ਨਾਲ ਗਹਿਰੀ ਤੇ ਨਿੱਘੀ ਸਾਂਝ ਸਥਾਪਿਤ ਕਰ ਦਿੰਦੀ ਹੈ, ਉਥੇ ਨਰਿੰਦਰਪਾਲ ਸਿੰਘ ਦੇ ਇਨ੍ਹਾਂ ਨਾਵਲਾਂ ਵਿਚ, ਸਾਡਾ ਆਪਣਾ ਵਿਰਸਾ ਅਤੇ ਸਭਿਆਚਾਰ ਵੀ ਸਾਨੂੰ ਓਪਰੇ ਲੱਗਦੇ ਹਨ।

## ਟਿੱਪਣੀਆਂ/ਹਵਾਲੇ


1. ਨਰਿੰਦਰ ਪਾਲ ਸਿੰਘ, *ਖੰਨਿਓਂ ਤਿੱਖੀ*, 1969 ਪੰਨਾ 134
2. *ਉਹੀ*, ਪੰਨਾ 9 (ਮੁੱਖ ਬੰਧ)
3. *ਉਹੀ*, ਪੰਨਾ 12
4. *ਉਹੀ*, ਪੰਨਾ 1 (ਭੂਮਿਕਾ)
5. *ਉਹੀ*, ਪੰਨਾ 11-12
6. *ਉਹੀ*, ਪੰਨਾ 14

7. Zes Avner, Foundation of Marxist Aesthetics, p-99"Vagueness of or still more so, lack of subjective position leads the author to naturalistic preoccupation with facts.
8. ਨਰਿੰਦਪਾਲ ਸਿੰਘ, *'ਖੰਨਿਉਂ ਤਿੱਖੀ'*, ਪੰਨਾ 11
9. *ਉਹੀ*, ਪੰਨਾ 9
10. *ਉਹੀ*, ਪੰਨਾ 9
11. *ਉਹੀ, 'ਵਾਲੋ ਨਿੱਕੀ'* 1973 ਪੰਨਾ 64


## ਪੰਜਾਬੀ ਭਾਸ਼ਾ, ਭਾਸ਼ਾ ਵਿਗਿਆਨ ਅਤੇ ਲਿਪੀ

| | | | |
|---|---|---|---|
| 1. | *ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ* | : ਪ੍ਰੇਮ ਪ੍ਰਕਾਸ਼ ਸਿੰਘ | 275 ਰੁਪਏ |
| 2. | *ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ* | : ਤਰਲੋਚਨ ਸਿੰਘ ਬੇਦੀ | 175 ਰੁਪਏ |
| 3. | *ਪੰਜਾਬੀ ਭਾਸ਼ਾ ਦਾ ਇਤਿਹਾਸ* | : ਵਿਦਿਆ ਭਾਸਕਰ ਅਰੁਣ | 200 ਰੁਪਏ |
| 4. | *ਲਿਪੀ ਦਾ ਵਿਕਾਸ* | : ਕਾਲਾ ਸਿੰਘ ਬੇਦੀ | 85 ਰੁਪਏ |
| 5. | *ਪੰਜਾਬੀ ਭਾਸ਼ਾ : ਵਿਆਕਰਣ ਅਤੇ ਬਣਤਰ* | : ਸੁਰਿੰਦਰ ਸਿੰਘ ਖਹਿਰਾ | 85 ਰੁਪਏ |
| 6. | *ਬਰਤਾਨੀਆਂ ਵਿਚ ਪੰਜਾਬੀ ਭਾਸ਼ਾ* | : ਦਰਸ਼ਨ ਸਿੰਘ (ਸੰਪਾ.) | 270 ਰੁਪਏ |
| 7. | *ਇਤਿਹਾਸਿਕ ਭਾਸ਼ਾ ਵਿਗਿਆਨ* | : ਆਤਮ ਸਿੰਘ | 110 ਰੁਪਏ |
| 8. | *ਸਮਾਜਿਕ ਭਾਸ਼ਾ ਵਿਗਿਆਨ* | : ਆਤਮ ਸਿੰਘ | 36 ਰੁਪਏ |
| 9. | *ਪੰਜਾਬੀ ਦਾ ਭਾਸ਼ਾ ਸੰਸਾਰ* | : ਅਮਰਜੀਤ ਸਿੰਘ | 35 ਰੁਪਏ |
| 10. | *ਪੰਜਾਬੀ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ* | : ਹਰਕੀਰਤ ਸਿੰਘ | 22 ਰੁਪਏ |

*ਹੋਰ ਜਾਣਕਾਰੀ ਲਈ ਨਿਮਨ ਪਤੇ ਤੇ ਸੰਪਰਕ ਕਰੋ :*

ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ-147002

# ਗੱਲ ਮਿਤਰ ਪਿਆਰੇ ਦੀ

ਅੰਮ੍ਰਿਤਾ ਪ੍ਰੀਤਮ

ਮੁਰੀਦ ਆਪਦਾ ਹਾਲ ਆਪਣੇ ਮਿਤਰ ਪਿਆਰੇ ਨੂੰ ਆਖੇ, ਇਸ ਤੋਂ ਪਹਿਲਾਂ, ਪੈਰਾਂ ਹੇਠ ਜੋ ਹਕੀਕਤ ਦੀ ਜ਼ਮੀਨ ਚਾਹੀਦੀ ਹੈ, ਉਹ ਮਿਤਰ ਪਿਆਰੇ ਦੇ ਦੀਦਾਰ ਦੀ ਹੁੰਦੀ ਹੈ। ਉਹ ਕਾਇਨਾਤੀ ਸ਼ਕਤੀ ਦੇ ਦੀਦਾਰ ਦੀ ਅਵਸਥਾ ਸਿਰਫ਼ ਅਨੁਭਵ ਵਿਚ ਉਤਰਦੀ ਹੈ, ਕਹੀ ਨਹੀਂ ਜਾ ਸਕਦੀ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਉਹ ਦੀਦਾਰ ਪਾਇਆ, ਕਿਹਾ ਕੁਝ ਨਹੀਂ। ਪਰ ਉਹਦਾ ਰਾਹ ਦੱਸਿਆ, ਸੰਕੇਤ ਦਿੱਤਾ ਕਿ ਕਾਇਨਾਤੀ ਸ਼ਕਤੀ ਦਾ ਦੀਦਾਰ ਮਸਤਕ ਵਿਚੋਂ ਤ੍ਰਿਪ ਤ੍ਰਿਪ ਝਰਦੇ ਉਹ ਅੰਮ੍ਰਿਤ ਨੂੰ ਪੀਣ ਤੋਂ ਬਾਅਦ ਹੁੰਦਾ ਹੈ, ਜਿਹਨੂੰ ਆਪਣੀ ਅੰਤਰ ਚੇਤਨਾ ਨਾਲ ਪੀਤਾ ਜਾ ਸਕਦਾ ਹੈ।

ਮਸਤਕ ਵਿਚੋਂ ਜੋ ਅੰਮ੍ਰਿਤ ਵਰਸਦਾ ਹੈ, ਉਹ ਸਾਡੀਆਂ ਸਾਹ ਲੈਣ ਵਾਲੀਆਂ ਦੋ ਨਾੜੀਆਂ ਤੇ ਬਰਸਦਾ ਹੈ। ਇੜਾ ਪਿੰਗਲਾ ਉਤੇ, ਯਾਨੀ ਸੂਰਜ ਨਾੜੀ ਤੇ ਚੰਦ੍ਰ ਨਾੜੀ ਉਤੇ। ਪਰ ਸੂਰਜ ਨਾੜੀ ਆਪਣੇ ਤਾਪ ਨਾਲ ਉਸ ਅੰਮ੍ਰਿਤ ਨੂੰ ਸੁਕਾ ਦਿੰਦੀ ਹੈ। ਇਸ ਲਈ ਉਸ ਅੰਤਰ ਚੇਤਨਾ ਨੂੰ ਜਗਾਉਣਾ ਹੁੰਦਾ ਹੈ, ਜੋ ਸੂਰਜ ਨਾੜੀ ਤੇ ਚੰਦ੍ਰ ਨਾੜੀ ਨੂੰ ਮਿਲਾ ਕੇ ਸੁਸ਼ਮਨਾਂ ਨੂੰ ਖੋਲ੍ਹ ਦੇਵੇ। ਉਹ ਅੰਮ੍ਰਿਤ ਸਿਰਫ਼ ਸੁਸ਼ਮਨਾਂ ਵਿਚੋਂ ਪੀਤਾ ਜਾ ਸਕਦਾ ਹੈ ਤੇ ਉਸ ਅੰਮ੍ਰਿਤ ਨੂੰ ਪੀਣ ਤੋਂ ਬਾਅਦ ਉਸ ਕਾਇਨਾਤੀ ਸ਼ਕਤੀ ਦਾ ਦੀਦਾਰ ਹੁੰਦਾ ਹੈ, ਜਿਹਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਮਿਤਰ ਪਿਆਰਾ ਆਖਿਆ ਹੈ।

ਇਸ ਅੰਮ੍ਰਿਤ ਦਾ ਰਹੱਸ ਸਿਰਫ਼ ਉਨ੍ਹਾਂ ਪੰਜ ਬੰਦਿਆਂ ਨੇ ਜਾਣਿਆ ਸੀ, ਜਿਨ੍ਹਾਂ ਨੂੰ ਪੰਜ ਪਿਆਰੇ ਆਖਿਆ ਜਾਂਦਾ ਹੈ। ਉਹ ਇਸ ਰਹੱਸ ਨੂੰ ਜਾਨਣ ਦੇ ਪਾਤਰ ਬਣੇ ਸਨ। ਬਾਅਦ ਵਿਚ ਉਹ ਸਿਰਫ਼ ਸਥੂਲ ਰੂਪ ਵਿਚ ਹੈ, ਜੋ ਸਥੂਲ ਦੀ ਸਤਹ ਉੱਤੇ ਜੀਊਂਣ ਵਾਲਿਆਂ ਨੂੰ ਦਿੱਤਾ ਜਾਂਦਾ ਹੈ। ਇਹਦਾ ਸੂਖਮ ਤੇ ਅੰਤਰ ਸ਼ਕਤੀ ਵਾਲਾ ਰੂਪ ਸਿਰਫ਼ ਪਹਿਲੇ ਪੰਜ ਪਿਆਰਿਆਂ ਨੇ ਜਾਣਿਆ ਸੀ।

ਮਿੱਤਰ ਪਿਆਰੇ ਨੂੰ ਮੁਰੀਦਾਂ ਦਾ ਹਾਲ ਕਹਿਣ ਵਾਲੀ ਅਵਸਥਾ ਮੈਂ ਸਿਰ ਮੱਥੇ ਤੇ ਰੱਖ ਕੇ, ਆਪਣੀ ਕਲਮ ਵਿਚ ਵੀ ਉਤਾਰਿਆ, ਜ਼ਿੰਦਗੀ ਵਿਚ ਵੀ। ਕਲਮ ਵਿਚ ਇਹਦਾ ਜ਼ਿਕਰ ਸੀ :

*ਇਸ਼ਕ ਪੁਛੇਂਦਾ, ਦੱਸ ਨੀ ਜਿੰਦੇ! ਆਸ਼ਕ ਦਾ ਕੀ ਕਹਿਣਾ।*
*ਜਿੰਦ ਕਹੇ ਤੇਰਾ ਸੱਥਰ ਚੰਗਾ, ਭੱਠ ਖੇੜਿਆਂ ਦਾ ਰਹਿਣਾ।*

# ਮਿੱਤਰ ਪਿਆਰੇ ਨੂੰ

ਜਸਵੰਤ ਸਿੰਘ ਕੰਵਲ

ਵਾਹਿਗੁਰੂ! ਤੂੰ ਮੇਰਾ ਯਾਰ, ਮਿੱਤਰ ਤੇ ਬੰਧੂ।
ਮੈਂ ਤਾਂ ਤੇਰੇ ਹੁਕਮ ਦੀ ਕਾਰ ਕਮਾਈ ਐ।
ਮੇਰਾ ਦੀਨ, ਈਮਾਨ, ਧਰਮ ਤੇ ਵਿਰਦ ਤੂੰ।
ਤੇਰੇ ਪਿਆਰ ਦੀਆਂ ਵਲਗਣਾਂ, ਝੱਲਾਂ ਬੇਲਿਆਂ ਵਿਚ,
ਮਸਤ ਅਲਮਸਤ ਮੱਝਾਂ ਚਾਰਦਾ ਰਿਹਾ।
ਤੇਰੀ ਰਜ਼ਾ ਦੇ ਅਲਬੇਲੇ ਗੀਤ ਗਾਉਂਦਾ ਫਿਰਿਆ।
ਸਮੇਂ ਦੀ ਵੰਝਲੀ ਦੀਆਂ ਸੁਰਾਂ ਅਜਿਹਾ ਵਿਸਮਾਦ ਚਾੜ੍ਹਿਆ
ਕਿ ਫੁੱਲਾਂ ਦੇ ਹਾਰਾਂ ਤੇ ਫਨੀਅਰ ਨਾਗਾਂ ਦੀ ਪਛਾਣ ਭੁੱਲ ਗਈ।
ਸਭ ਤੇਰਾ ਹੀ ਰੂਪ, ਵਿਸ਼ ਵੀ, ਅੰਮ੍ਰਿਤ ਵੀ।

ਵਾਹਿਗੁਰੂ! ਤੂੰ ਨਾਟਕ ਦਾ ਸੂਤਰਧਾਰ:
ਮੈਨੂੰ ਕਰਮਯੋਗੀ, ਸੰਤ ਸਪਾਹੀ ਥਾਪਿਆ।
ਤੇਰੀ ਰਜ਼ਾ ਅਨੁਸਾਰ ਕਲਾ ਖੇਡ ਖੇਡੀ;
ਜ਼ਾਲਮਾਂ ਨਾਲ ਨੰਗੀ ਤਲਵਾਰ ਦਾ ਟਾਕਰਾ ਕੀਤਾ।
ਸਾਰੇ ਪਰਵਾਰ ਨੂੰ ਲਹੂ ਦੇ ਦਰਿਆ ਰੋੜ੍ਹ ਘੱਤਿਆ।
ਮੁਰਸ਼ਦ ਦਾ ਹੁਕਮ, ਮੁਰੀਦ ਸਿਰ ਕਰਜ਼ਾ
ਅਜ ਲਾਹ ਕੇ ਮਿੱਤਰਾ ਸੁਰਖ ਰੂ ਹੋਇਆ ਆਂ।
ਮੈਨੂੰ ਆਪਣੀ ਨਿੱਘੀ ਬੁੱਕਲ ਵਿਚ ਘੁੱਟ ਲੈ,
ਮੈਂ ਤੇਰਾ ਠਰਿਆ ਪਿਆਰ, ਸੂਰਜ ਤੋਂ ਵਿਛੜੀ ਕਿਰਨ।

ਹਵਾਓ! ਮੇਰੇ ਮਿੱਤਰ ਪਿਆਰ ਨੂੰ ਸੁਨੇਹਾ ਦਿਓ:
ਤੇਰੇ ਬਿਨਾ ਅਸਾਧ ਰੋਗੀ,
ਰਜਾਈਆਂ ਮੇਰਾ ਪਾਲਾ, ਦੂਰ ਨਹੀਂ ਕਰਦੀਆਂ—
ਮੇਰੀ ਸੜਨ ਬਰਫਾਂ ਨਹੀਂ ਸਹਾਰਦੀਆਂ।
ਸੁਰਾਹੀਆਂ ਪਿਆਲੇ ਸਭ ਮੂਧੇ
ਕੋਈ ਨਸ਼ਾ ਕਾਰੇ ਨਹੀਂ ਆਉਂਦਾ।
ਬਸ, ਇਕ ਖੁੰਡੀ ਛੁਰੀ ਦਿਨ ਦਾ ਕੁਤਰਾ ਕਰੀ ਜਾਂਦੀ ਐ,
ਇਹ ਮੇਰਾ ਹਾਲ ਛੇਤੀ ਪੁਚਾਓ।
ਉਹਦੇ ਪਿਆਰ ਬਿਨਾ ਰੇਤ ਤੜਫਦੀ ਮੱਛੀ, ਸਾਗਰੋਂ ਵਿਛੜੀ ਬੂੰਦ।

ਪਿਆਰਿਆ! ਖੇੜੇ ਹੀਰ ਦਾ ਕਦੰਤ ਰਾਹ ਨਹੀਂ।

ਤੂੰ ਮੇਰਾ, ਮੈਂ ਤੇਰੀ, ਕੈਦੋਂ ਕੌਣ ਵਿਚਾਰਾ।
ਤੂੰ ਕਿਸੇ ਹਾਲ ਵੀ ਮਿਲੇਂ, ਮੈਂ ਸੁਭਾਗੀ ਸੁਹਾਗਵਤੀ।

ਹਵਾਓ! ਮੈਨੂੰ ਮੇਰਾ ਯਾਰ ਮਿਲਾਓ ਏਹੋ ਮੇਰੀ ਅਰਜ਼ੋਈ।

ਵਾਹਿਗੁਰੂ! ਮੇਰਾ ਤਾਂ ਕੁਝ ਵੀ ਨਹੀਂ
ਜੋ ਹੈ ਸੋ ਤੇਰਾ, ਤੇਰਾ ਤੈਨੂੰ ਸੌਂਪ ਦਿੱਤਾ।
ਮਾਣ ਛਡਿਆ, ਤਾਣ ਗਵਾਇਆ।
ਇਹ ਨੰਗਾ ਚਿੱਟਾ ਕਲਬੂਤ ਵੀ ਤੇਰੇ ਹਵਾਲੇ।

ਮਹਿਰਮਾ! ਆਪਣੇ ਨੂੰ ਕੌਣ ਪਰਾਂਹ ਸੁੱਟਦਾ ਏ।
ਆਪਣੇ ਗਲ ਲਾ ਕੇ ਤ੍ਰਿਪਤ ਕਰੋ।
ਮੈਨੂੰ ਤੇਰੇ ਪਿਆਰ ਦਾ ਸੱਥਰ ਸੁਭਾਗਾ :
ਮੈਂ ਖੇੜਿਆਂ ਦੇ ਨਹੀਂ ਜਾਣਾ, ਨਹੀਂ ਜਾਣਾ।


# ਸਿੱਖ ਸਿੱਧਾਂਤ ਤੇ ਵਿਚਾਰਧਾਰਾ

1. **ਸੇਵਾ ਦਾ ਸਿੱਖ ਸੰਕਲਪ** : *ਡਾ. ਬਲਕਾਰ ਸਿੰਘ (ਸੰਪਾ.)* ਰੁਪਏ 75-00

2. **ਸਿੱਖ ਧਰਮ ਚਿੰਤਨ ਵਿਚ ਭਗਤੀ** : *ਡਾ. ਬਲਕਾਰ ਸਿੰਘ (ਸੰਪਾ.)* ਰੁਪਏ 95-00

3. **ਅਰਦਾਸ ਦਾ ਸਿੱਖ ਪ੍ਰਸੰਗ** : *ਡਾ. ਬਲਕਾਰ ਸਿੰਘ (ਸੰਪਾ.)* ਰੁਪਏ 95-00

4. **ਸਿੱਖ ਧਰਮ ਵਿਚ ਸੰਗਤ ਦਾ ਪਰਤ ਪ੍ਰਸੰਗ** :
*ਡਾ. ਬਲਕਾਰ ਸਿੰਘ (ਸੰਪਾ.)* ਰੁਪਏ 95-00

5. **ਸਿੱਖ ਅਧਿਐਨ** : *ਡਾ. ਬਲਕਾਰ ਸਿੰਘ (ਸੰਪਾ.)* ਰੁਪਏ 95-00

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਮਿਤਰ ਪਿਆਰੇ ਨੂੰ

ਸੰਤੋਖ ਸਿੰਘ ਧੀਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਪਰੋਕਤ ਸ਼ਬਦ (ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ) ਮਾਛੀਵਾੜੇ ਦੇ ਜੰਗਲ ਨਾਲ ਸੰਬੰਧਿਤ ਮੰਨਿਆ ਜਾਂਦਾ ਹੈ। ਅਨੰਦਗੜ੍ਹ ਦਾ ਕਿਲ੍ਹਾ ਛੱਡ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਰਾ ਕੁਝ ਕੁਰਬਾਨ ਕਰ ਜਦ ਮਾਛੀਵਾੜੇ ਆਏ ਤਾਂ ਜਿਵੇਂ ਭਾਰ-ਮੁਕਤ ਹੋ ਉਹ ਮਾਛੀਵਾੜੇ ਦੇ ਜੰਗਲ ਵਿਚ ਗੂਹੜੀ ਨੀਂਦਰ ਸੌਂ ਗਏ। ਉੱਠੇ ਤਾਂ ਆਪਣੇ ਆਪ ਨੂੰ ਹੌਲਾ ਫੁੱਲ ਪ੍ਰਤੀਤ ਕੀਤਾ। ਕੇਵਲ ਸਰੀਰਿਕ ਪੱਖੋਂ ਹੀ ਨਹੀਂ, ਸਗੋਂ ਮਾਨਸਿਕ ਪੱਖੋਂ ਵੀ। ਉਹਨਾਂ ਨੂੰ ਆਪਣੇ ਉਹ ਫ਼ਰਜ਼ ਅਦਾ ਹੋ ਗਏ ਜਾਪੇ ਸਨ ਜਿਹੜੇ ਉਹਨਾਂ ਆਪਣੇ ਆਪ ਹੀ ਆਪਣੇ ਉੱਤੇ ਲੈ ਲਏ ਸਨ। ਉਹ ਸਨ, ਦੇਸ਼ ਤੇ ਕੌਮ ਤੋਂ ਸਾਰਾ ਕੁਝ ਨਿਛਾਵਰ ਕਰਨਾ।

ਕਿਸੇ ਉਰਦੂ ਸ਼ਾਇਰ ਨੇ ਗੁਰੂ ਸਾਹਿਬ ਦੀ ਇਸੇ ਮਾਨਸਿਕ ਹਾਲਤ ਦਾ ਵਰਨਣ ਕਰਦੇ ਹੋਏ ਉਹਨਾਂ ਮੂੰਹੋਂ ਅਖਵਾਇਆ ਹੈ :

*ਅਜ ਮੁਝ ਸੇ ਤੇਰੀ ਅਮਾਨਤ ਅਦਾ ਹੂਈ,*<br>
*ਬੇਟੋਂ ਕੀ ਜਾਨ ਧਰਮ ਕੀ ਖ਼ਾਤਿਰ ਫ਼ਿਦਾ ਹੂਈ।*

ਪਰ ਜੋ ਆਪਣੇ ਮਨ ਦੀ ਹਾਲਤ ਗੁਰੂ ਸਾਹਿਬ ਨੇ ਆਪ ਆਪਣੇ ਇਸ ਸ਼ਬਦ ਵਿਚ ਦੱਸੀ ਹੈ, ਉਹਦਾ ਕੋਈ ਜਵਾਬ ਨਹੀਂ। ਉਰਦੂ ਸ਼ਾਇਰ ਦੇ ਸ਼ੇਅਰ ਵਿਚ ਜਿਥੇ ਕਿਸੇ ਨੂੰ ਗੁਰੂ ਸਾਹਿਬ 'ਤੇਰੀ' ਆਖ ਸੰਬੋਧਤ ਹਨ, ਉਥੇ ਆਪਣੇ ਸ਼ਬਦ ਵਿਚ ਉਹ ਸਾਰੇ ਵਾਤਵਰਣ ਨੂੰ, ਬਿਰਛਾਂ ਨੂੰ, ਪੰਖੇਰੂਆਂ ਨੂੰ, ਸਮੇਂ ਨੂੰ, ਜ਼ਮਾਨੇ ਨੂੰ, ਆਪਣੇ 'ਮਿਤਰ ਪਿਆਰੇ' ਵੱਲ ਪ੍ਰੇਮ-ਸੁਨੇਹਾ ਦਿੰਦੇ ਹਨ। ਇਹ ਸੁਨੇਹਾ ਅੰਤਾਂ ਦੀ ਮਿਠਾਸ ਨਾਲ ਭਰਿਆ ਹੋਇਆ ਹੈ। ਦੁੱਖਾਂ ਅਤੇ ਕੁਰਬਾਨੀਆਂ ਨੇ, ਆਪਣੇ ਫ਼ਰਜ਼ ਦੀ ਪੂਰਤੀ ਨੇ, ਗੁਰੂ ਸਾਹਿਬ ਦੇ ਹਿਰਦੇ ਵਿਚ ਅਥਾਹ ਮਿਠਾਸ ਭਰ ਦਿੱਤੀ ਹੈ। ਕਿੰਨੇ ਮਿੱਠੇ, ਕਿੰਨੇ ਨਿਰਮਾਣ (ਮੁਰੀਦ), ਕਿੰਨੇ ਪ੍ਰੇਮ ਵਿਚ ਡੁੱਬੇ ਹੋਏ ਉਹ ਵਚਨ ਉਚਾਰ ਰਹੇ ਹਨ। ਤੇਰੇ ਬਿਨਾਂ, ਹੇ ਪਿਆਰੇ, ਰਜਾਈਆਂ ਰੋਗ ਹੀ ਨਹੀਂ ਹਨ, ਸਗੋਂ ਜੀਊਣਾ ਹੀ ਇਉਂ ਹੈ ਜਿਵੇਂ ਨਾਗਾਂ ਵਿਚ ਰਹਿਣਾ ਹੋਵੇ। ਪਿਆਲਾ ਖ਼ੰਜਰ ਵਰਗਾ, ਸੁਰਾਹੀ ਸੂਲੀ ਵਰਗੀ ਹੈ। ਹੇ ਮੇਰੇ ਪ੍ਰੀਤਮ (ਯਾਰੜਿਆਂ) ਸਾਨੂੰ ਸੁਖ-ਆਰਾਮ (ਖੇੜੇ) ਨਹੀਂ ਚਾਹੀਦੇ, ਤੂੰ ਹੋਵੇਂ ਤਾਂ ਸੱਥਰ ਸੌਣਾ ਵੀ ਬਾਦਸ਼ਾਹੀਆਂ ਤੋਂ ਉੱਤੇ ਹੈ।

ਗੁਰੂ ਸਾਹਿਬ ਦੀ ਆਮ ਬਾਣੀ ਅਕਾਲ ਉਸਤਤਿ, ਚੰਡੀ ਚਰਿਤ੍ਰ, ਚੰਡੀ ਦੀ ਵਾਰ, ਉਗ੍ਰ ਦੰਤੀ, ਆਦਿ ਖੜਕਵੀਂ ਤੇ ਗਰਜਵੀਂ ਹੈ। ਪਰ ਇਹ 'ਖਿਆਲ' ਬੜਾ ਹੀ ਸੌਖਾ, ਮਿੱਠਾ ਤੇ ਸ਼ਹਿਦ-ਭਿੱਜਾ ਹੈ। ਸ਼ਾਇਦ ਸਥਿਤੀ ਦਾ ਫ਼ਰਕ ਹੈ। ਉਹ ਜੰਗਾਂ ਅਤੇ ਜੁਧਾਂ ਦੀ ਸਥਿਤੀ ਦੀ ਪੈਦਾਵਾਰ ਹਨ, ਇਹ ਸਥਿਤੀ ਭਾਰ-ਮੁਕਤ ਤੇ ਹੌਲੇ ਫੁੱਲ ਮਨ ਦੀ ਹੈ। ਕੋਈ ਮਹਾਨ ਤਪੱਸਵੀ ਹੀ, ਸਭ ਕੁਝ ਵਾਰ ਦੇਣ ਮਗਰੋਂ ਇਹੋ ਜਿਹੀ ਮਾਨਸਿਕ ਅਵਸਥਾ ਉੱਤੇ ਪੁਜ ਸਕਦਾ ਹੈ।

ਗੁਰੂ ਸਾਹਿਬ ਨੇ ਕਿਹਾ ਹੈ : "ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ।" ਇਹ "ਖਿਆਲ" ਉਚਾਰਣ ਵੇਲੇ, ਨਿਰਸੰਦੇਹ, ਉਹਨਾਂ ਨੇ ਆਪਣੇ ਪ੍ਰਭੂ ਨੂੰ ਪਾਇਆ ਹੋਇਆ ਹੈ। ਜਿਸ ਨੂੰ ਉਹਨਾਂ ਨੇ ਇਸ ਸ਼ਬਦ ਵਿਚ "ਮਿਤਰ ਪਿਆਰਾ" ਕਿਹਾ ਹੈ।

# ਮਿਤਰ ਪਿਆਰੇ ਨੂੰ

ਪ੍ਰਭਜੋਤ ਕੌਰ

ਪਿਆਰ ਕੁੱਠੇ ਦਿਲ ਦੀ ਵਿਆਕੁਲਤਾ ਦੀ ਹੂਕ ਹੈ ਇਹ ਸ਼ਬਦ! ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਰਵਾਰ ਤੋਂ ਨਿਖੜ ਕੇ, ਮਾਛੀਵਾੜੇ ਦੇ ਜੰਗਲਾਂ ਵਿਚ, ਆਪਣੀ ਪੂਰੀ ਪੀੜ ਦਾ ਪਰਗਟਾਉ ਕੀਤਾ ਹੈ ਇਸ ਵਿਚ।

ਇਹ ਵੈਰਾਗ ਦਾ ਸ਼ਬਦ ਹੈ। ਦਰਦ ਤੇ ਸੱਚ ਨਾਲ ਉਮਲਦਾ ਉਛਲਦਾ। ਕਵੀ ਦੇ ਮਨ ਦੀਆਂ ਡੂੰਘਾਣਾਂ ਵਿਚੋਂ ਫੁੱਟਦਾ, ਨਦੀ ਦੀਆਂ ਲਹਿਰਾਂ ਵਾਂਗ ਅਪਣੇ ਹੀ ਸੰਗੀਤ ਨਾਲ ਲਬਰੇਜ਼ :

ਹੇ ਕੋਈ, ਮੇਰੇ ਪਿਆਰੇ ਮਿੱਤਰ ਨੂੰ ਜਾ ਕੇ ਤਾਂ ਦੱਸੋ ਕਿ ਉਸ ਦੇ ਮੁਰੀਦ ਨਾਲ ਕੀ ਬੀਤ ਰਹੀ ਹੈ ਜਾਓ ਤੇ ਦੱਸੋ ਕਿ ਉਸ ਦੇ ਵਿਛੋੜੇ ਵਿਚ ਮੈਨੂੰ ਕੁਝ ਚੰਗਾ ਨਹੀਂ ਲਗਦਾ। ਰਜ਼ਾਈਆਂ ਦਾ ਨਿੱਘ ਵੀ ਨਹੀਂ। ਅਪਣਾ ਘਰ ਵੀ ਇਉਂ ਲਗਦਾ ਹੈ ਜਿਵੇਂ ਕਿਸੇ ਨਾਗ ਦਾ ਘੁਰਨਾ ਹੋਵੇ।

ਕੋਈ ਮੇਰੇ ਉਸ ਪਿਆਰੇ ਨੂੰ ਜਾ ਕੇ ਦੱਸਣਾ ਕਿ ਸੁਰਾਹੀ ਮੈਨੂੰ ਇਕ ਸੂਲ ਵਾਂਗ ਚੁਭਦੀ ਹੈ ਤੇ ਪਿਆਲਾ ਮੇਰੇ ਲਈ ਇਕ ਖ਼ੰਜਰ ਬਣ ਜਾਂਦਾ ਹੈ ਜਦ ਉਹ ਮੇਰੇ ਨੇੜੇ ਨਹੀਂ ਹੁੰਦਾ! ਉਸ ਦੇ ਵਿਛੋੜੇ ਦਾ ਸਣ ਇਵੇਂ ਹੈ ਜਿਵੇਂ ਕੋਈ ਕਸਾਈ ਮੈਨੂੰ ਕੋਹ ਰਿਹਾ ਹੋਵੇ।

ਹੇ ਮਿੱਤਰ, ਆਪਣੇ ਪਿਆਰੇ ਦੇ ਸਾਥ ਵਿਚ ਰਹਿਣ ਨਾਲ ਸੱਥਰ ਵੀ ਪਿਆਰਾ ਤੇ ਸੁਖਦਾਇਕ ਲਗਦਾ ਹੈ।

ਖੇੜਿਆਂ ਦੇ ਘਰ ਰਹਿਣਾ ਤਾਂ ਮਾਨੋਂ ਇਕ ਲਟ ਲਟ ਬਲਦੀ ਭੱਠੀ ਵਿਚ ਰਹਿਣਾ ਹੋਵੇ!

ਇਹ ਸ਼ਬਦ ਦਿਲ ਦੀਆਂ ਡੂੰਘਾਣਾਂ ਵਿਚੋਂ ਨਿਕਲਿਆ ਹੈ। ਇਕ ਪੂਰਨ ਕਵੀ ਦੇ ਦਰਦ ਦੀ ਹੂਕ ਹੈ। ਪਿਆਰ ਲਈ ਆਪਣੇ ਦ੍ਰਿੜ ਇਰਾਦਿਆਂ ਦਾ ਪਰਗਟਾਉ ਹੈ।

ਇਹ ਸ਼ਬਦ ਪੜ੍ਹਨ, ਗਾਉਣ, ਤੇ ਸੁਣਨ ਵਾਲੇ ਦੇ ਦਿਲ ਨੂੰ ਹਲੂਣ ਜਾਂਦਾ ਹੈ।

ਇਕ ਵਾਰ ਇਸੇ ਸ਼ਬਦ ਨਾਲ ਮੈਂ ਵੀ ਆਪਣੇ ਪਿਆਰੇ ਨੂੰ ਰਿਝਾਉਣ ਦਾ ਯਤਨ ਕੀਤਾ ਸੀ।

# ਮਿਤਰ ਪਿਆਰੇ ਨੂੰ

ਰਾਮ ਸਰੂਪ ਅਣਖੀ

ਕੁਝ ਵਰ੍ਹੇ ਪਹਿਲਾਂ, ਮਾਛੀਵਾੜੇ ਇਕ ਸਾਹਿਤਿਕ ਪ੍ਰੋਗਰਾਮ ਸਮੇਂ ਰਾਤ ਅਸੀਂ ਓਥੇ ਹੀ ਠਹਿਰੇ। ਕੁਝ ਦੋਸਤਾਂ ਨੇ ਇੱਛਾ ਪਰਗਟ ਕੀਤੀ ਕਿਉਂ ਨਾ ਇਤਿਹਾਸਿਕ ਸਥਾਨਾਂ ਦੀ ਯਾਤਰਾ ਕੀਤੀ ਜਾਵੇ। ਸਵੇਰੇ ਅਸੀਂ ਸਾਰੇ ਸਥਾਨ ਬੜੀ ਸ਼ਰਧਾ ਨਾਲ ਦੇਖੇ। ਉਹ ਜੰਡ ਦੇਖਿਆ, ਜਿਸ ਥੱਲੇ ਦਸਮ ਪਾਤਸ਼ਾਹ ਨੇ ਟਿੰਡ ਦਾ ਸਿਰ੍ਹਾਣਾ ਲਾ ਕੇ ਰਾਤ ਕੱਟੀ ਸੀ ਅਤੇ ਇਹ ਮਹਾਨ ਸ਼ਬਦ ਉਚਾਰਨ ਕੀਤਾ—ਮਿਤਰ ਪਿਆਰੇ ਨੂੰ......

ਗੁਰਦੁਆਰਾ ਚਰਨਕੰਵਲ ਸਾਹਿਬ ਨੂੰ ਪਾਰ ਕਰਕੇ ਅਸੀਂ ਇਕ-ਦੋ ਮਿੱਤਰ ਦੂਰ ਮੈਦਾਨਾਂ ਵੱਲ ਝਾਕਣ ਲੱਗੇ। ਮੈਨੂੰ ਕਿਧਰੇ ਕਿਧਰੇ ਕੋਈ ਜੰਡੀ, ਕਿੱਕਰ, ਬੇਰੀ ਤੇ ਪਿੱਪਲ ਦੇ ਰੁੱਖ ਨਜ਼ਰ ਆ ਰਹੇ ਸਨ। ਮਨ ਅਕੀਦਤ ਨਾਲ ਭਰ ਗਿਆ। ਇਹ ਓਹੀ ਜੰਗਲ ਹੈ, ਜਿਸ ਵਿਚ ਗੁਰੂ ਗੋਬਿੰਦ ਸਿੰਘ ਆਏ ਸਨ। ਅਸੀਂ ਉਸ ਜੰਡ ਵਿਚੋਂ ਗੁਰੂ ਸਾਹਿਬ ਦੀ ਤਸਵੀਰ ਲੱਭਦੇ ਰਹੇ। ਇਕ ਬਿੰਦ ਸਾਰੇ ਹੀ ਚੁੱਪ ਸਨ। ਗਹਿਰੀ ਪ੍ਰਸਤਿਸ਼ ਦੇ ਅਹਿਸਾਸ ਦਾ ਜਾਦੂ ਸੀ, ਖਬਰੇ ਕੀ ਸੀ। ਤੇ ਫੇਰ ਕਿਸੇ ਇਕ ਨੇ ਉਚਾਰਨ ਕੀਤਾ। ਮਿਤਰ ਪਿਆਰੇ ਨੂੰ......ਤੇ ਅਸੀਂ ਸਭ ਧੀਮੀ ਆਵਾਜ਼ ਵਿਚ ਸ਼ਬਦ ਗਾਉਣ ਲਗੇ।

ਮੇਰੇ ਮਨ ਵਿਚ ਲਹਿਰਾਂ ਉਠ ਰਹੀਆਂ ਸਨ। ਇਸ ਸ਼ਬਦ ਵਿਚ ਕਿੰਨਾ ਕੁਝ ਭਾਰਤੀ ਹੈ, ਪੰਜਾਬੀ ਹੈ। ਪਰਮਾਤਮਾ ਨੂੰ ਮਿੱਤਰ ਪਿਆਰਾ ਆਖਿਆ ਗਿਆ ਹੈ। ਸੁਰਾਹੀ ਤੇ ਪਿਆਲੇ ਦਾ ਪ੍ਰਤੀਕ ਮੁਗਲ ਕਾਲ ਦੇ ਮਹਿਫਲੀ ਰੰਗ ਨੂੰ ਪ੍ਰਗਟਾਉਂਦਾ ਹੈ। 'ਸੂਲ ਸੁਰਾਹੀ' ਤੇ 'ਖੰਜਰ ਪਿਆਲਾ' ਆਖ ਕੇ ਅਰਥਾਂ ਨੂੰ ਕਿੰਨਾ ਵਿਸਥਾਰ ਦਿੱਤਾ ਹੈ। ਫਿਰ ਵਿਸ਼ਰਾਮ ਸਥਾਨ ਨੂੰ 'ਨਾਗ-ਨਿਵਾਸ' ਆਖ ਕੇ ਮਾਹੌਲ ਦੀ ਕਰੂਰਤਾ ਪੇਸ਼ ਕਰ ਦਿੱਤੀ। ਚੌਥੀ ਤੁਕ ਵਿਚ ਪੰਜਾਬ ਦੀ ਲੋਕ-ਧਾਰਾ ਲਿਆ ਕੇ ਸ਼ਬਦ ਨੂੰ ਹੋਰ ਵੀ ਰੋਚਕ ਤੇ ਲੋਕ-ਪ੍ਰਿਅ ਬਣਾ ਦਿੱਤਾ। ਯਾਰ ਦਾ ਸੱਥਰ ਚੰਗਾ, ਖੇੜਿਆਂ ਦਾ ਰਹਿਣਾ ਅੱਗ ਵਿਚ ਜਲ ਜਾਣ ਤੁਲ ਹੈ। ਇਥੇ ਵੀ ਪਰਮਾਤਮਾ ਯਾਰ ਹੈ।

ਗੁਰੂ ਗੋਬਿੰਦ ਸਿੰਘ ਜੀ ਪਟਨੇ ਦੇ ਜੰਮ-ਪਲ ਸਨ। ਉਹਨਾਂ ਦੀ ਭਾਸ਼ਾ ਉੱਤੇ ਅਵੱਸ਼ ਸਥਾਨਕ ਪ੍ਰਭਾਵ ਹੋਵੇਗਾ। ਰਚਨਾਵਾਂ ਵਿਚ ਬ੍ਰਿਜ ਭਾਸ਼ਾ ਵਧੇਰੇ ਹੈ। ਚਾਹੇ 'ਚੰਡੀ ਦੀ ਵਾਰ' ਵਿਚ ਬਹੁਤ ਸਾਰੇ ਸ਼ਬਦ ਨਿਰੋਲ ਪੰਜਾਬੀ ਹਨ। ਪਰ 'ਮਿਤਰ ਪਿਆਰੇ ਨੂੰ' ਇਕ ਅਜਿਹੀ ਰਚਨਾ ਹੈ, ਜੋ ਸਾਰੀ ਦੀ ਸਾਰੀ ਠੇਠ ਪੰਜਾਬੀ ਵਿਚ ਹੈ।

ਖਿਆਲ ਪਾਤਸ਼ਾਹੀ ਦਸਵੀਂ ਪੰਜਾਬੀ-ਕਾਵਿ ਦਾ ਵੀ ਇਕ ਉੱਤਮ ਨਮੂਨਾ ਹੈ।

# ਮਿਤਰ ਪਿਆਰੇ ਨੂੰ

ਓਮਪ੍ਰਕਾਸ਼ ਗਾਸੋ

ਭਾਰਤੀ-ਭਾਵ ਅਨੁਸਾਰ, ਸ਼ਰਧਾ, ਸਮਰਪਣ, ਸਵੀਕ੍ਰਿਤੀ, ਸਾਧਨਾ, ਸਵੱਛਤਾ ਅਤੇ ਸਾਤਵਿਕਤਾ ਦਾ ਆਪਣਾ ਵਿਲੱਖਣ ਸਰੂਪ ਹੁੰਦਾ ਹੈ। ਸ਼ਰਧਾ, ਭਗਤੀ ਭਾਵ ਦਾ ਮੂਲ ਬਣ ਕੇ, ਸਰਬੱਤ ਦੇ ਭਲੇ ਵਿਚ ਵਿਕਸਿਤ ਹੁੰਦੀ ਰਹਿੰਦੀ ਹੈ ਪਰ ਇਸ ਭਾਵ ਦੇ ਸਮਾਨੰਤਰ, ਕ੍ਰਿਆਤਮਿਕ ਵਿਸ਼ਵਾਸ ਨੂੰ ਸੰਸਾਰਿਕ ਅਰਾਜਕਤਾ ਨਾਲ ਦੋ ਹੱਥ ਕਰਨੇ ਪੈਂਦੇ ਹਨ। ਪ੍ਰੇਮ ਪ੍ਰਕਾਸ਼ ਹੁੰਦਾ ਹੈ ਤੇ ਅਰਾਜਕਤਾ ਨੂੰ ਅਸੀਂ ਅਧਿਆਤਮਿਕ ਚਿੰਤਨ ਅਧੀਨ ਹਨੇਰਾ ਆਖ ਸਕਦੇ ਹਾਂ। ਪ੍ਰੇਮ ਦੀ ਸਾਰਥਕਤਾ ਵਿਚੋਂ ਭਗਤ ਅਤੇ ਅਰਾਜਕਤਾ ਦੇ ਹਨੇਰੇ ਨੂੰ ਮਿਟਾਉਣ ਦੇ ਉਪਰਾਲੇ ਵਿਚੋਂ ਯੋਧੇ ਦਾ ਜਨਮ ਹੁੰਦਾ ਹੈ। ਇਨ੍ਹਾਂ ਦੋਹਾਂ ਵਸਤਾਂ ਨੂੰ ਅਸੀਂ ਸੰਕਲਪ, ਸੰਘਰਸ਼, ਸਮਰੱਥਾ, ਸਮਾਧੀ, ਸਮਭਾਵੀ ਅਤੇ ਸਿਰਜਣਾ ਦੇ ਨਿਵੇਕਲੇ ਸਾਧਨ ਆਖ ਸਕਦੇ ਹਾਂ।

ਸਾਧਨਾ ਦੀ ਵਿਆਖਿਆ ਦਾ ਸੰਦਰਭ, ਜਦੋਂ ਕਦੇ ਕਿਸੇ ਸੰਸਥਾਪਕ ਨਾਲ ਜਾ ਜੁੜਦਾ ਹੈ ਤਦ ਉਸ ਦੇ ਕ੍ਰਿਆਤਮਿਕ ਰੂਪ ਦੀ ਸੰਸਾਰਿਕ ਸੁੰਦਰਤਾ ਦੇ ਬਹੁਤ ਸਾਰੇ ਸਰੋਕਾਰ ਸਪਸ਼ਟ ਹੋਣ ਲੱਗ ਪੈਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਜਿਥੇ ਸੰਤ ਸਰੂਪ ਬਣ ਰਹੇ, ਉਥੇ ਉਨ੍ਹਾਂ ਦੀ ਚੇਤਨ ਸੂਰਬੀਰਤਾ, ਪ੍ਰਸਾਰਿਤ ਕੀਤੇ ਗਏ ਕ੍ਰਿਆਤਮਿਕ ਵਿਸ਼ਵਾਸ ਦਾ ਆਪਣਾ ਇਕ ਸਰਵੋਤਮ ਸਥਾਨ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਕ੍ਰਿਆਤਮਿਕ ਵਿਸ਼ਵਾਸ ਅਧੀਨ 'ਮਿਤਰ ਪਿਆਰੇ ਨੂੰ......' ਦੀ ਸੁਰ ਪਰਮ-ਸੱਤਾ ਦੀ ਉਹ ਸਾਕਾਰ ਸਥਿਤੀ ਹੈ, ਜਿਸ ਲਈ ਉਨ੍ਹਾਂ ਦੇ ਇਸ ਸੰਬੋਧਨ ਤੇ ਸੰਵਾਦ ਨੇ ਜਨਮ ਲਿਆ।

ਸੂਖਮ ਭਾਵ ਭੂਮੀ ਨੂੰ ਸੰਦਰਭ ਹੀਨ ਕਰਨ ਨਾਲ ਸਾਂਸਕ੍ਰਿਤਿਕ ਤੇ ਸਭਿਆਚਾਰਿਕ ਹਾਨੀ ਹੋ ਸਕਦੀ ਹੈ। ਵਿਵੇਕਸ਼ੀਲ ਅਧਿਅਨ, ਸੰਦਰਭ ਨੂੰ ਸੰਦਰਭਹੀਨ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਗੁਰੂ ਗੋਬਿੰਦ ਸਿੰਘ ਜੀ ਦੀ ਸੰਸਥਾਪਕ ਭਾਵ-ਧਾਰਾ ਦਾ ਵਹਿਣ ਬਹੁਤ ਸਾਰੀਆਂ ਤਰਕਸ਼ੀਲ-ਜੁਗਤਾਂ ਨਾਲ ਜੁੜਿਆ ਹੋਇਆ ਹੈ। ਸੋ 'ਮਿਤਰ ਪਿਆਰੇ ਨੂੰ......' ਦਾ ਵਿਸ਼ਲੇਸ਼ਣ ਕਰਨ ਸਮੇਂ ਅਗੰਮੀ ਨਾਦ ਨੂੰ ਅਣਡਿੱਠ ਨਹੀਂ ਕਰਨਾ ਚਾਹੀਦਾ।

ਮਾਲਵੇ ਨੂੰ ਸਮੁੱਚੇ ਪੰਜਾਬ ਵਾਂਗ ਗੁਰੂ ਗੋਬਿੰਦ ਸਿੰਘ ਜੀ ਦੇ ਵਿਸ਼ਵਾਸ ਦੀ ਵਿਸ਼ੇਸ਼ ਬਖਸ਼ਿਸ਼ ਹੈ। ਸਿੱਖ-ਸਿਰਜਣਾ ਅਨੁਸਾਰ ਅਰਾਜਕਤਾ ਅਤੇ ਅਨਿਆਂ ਦੇ ਵਿਰੁੱਧ ਲੜਨ ਦਾ ਸਿਧਾਂਤਕ ਸੰਕਲਪ ਹੈ ਸਮੁੱਚਾ ਸਿੱਖ ਜਗਤ। ਇਸ ਪਰਿਪੇਖ ਦਾ ਇਹ ਪ੍ਰਕਰਣ ਬਣਦਾ ਹੈ ਕਿ ਦੀਨਾ-ਕਾਂਗੜ ਵਿਖੇ ਰਚਿਆ 'ਜ਼ਫ਼ਰਨਾਮਾ' 'ਮਿਤਰ ਪਿਆਰੇ ਨੂੰ......' ਵਾਂਗ ਦ੍ਰਿੜ ਸੰਕਲਪ ਦਾ ਸੂਚਕ ਹੈ। ਇਸ ਬਾਣੀ ਵਿਚ ਮਨੁੱਖੀ ਹਿਰਦੇ ਨੂੰ ਦ੍ਰਵਿਤ ਕਰਨ ਦੀ ਕਸ਼ਿਸ਼ ਹੈ।

ਸਿੱਖੀ ਵੀ ਆਪਣੇ ਆਪ ਵਿਚ ਇਕ ਸੁਭਾਵਿਕ ਰਚਨਾ ਹੈ। ਔਕੜ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਅਸੀਂ ਸੁਭਾਵਿਕ ਨੂੰ ਅਸੁਭਾਵਿਕ ਬਣਾ ਬੈਠਦੇ ਹਾਂ। ਧਰਮ ਸੁਭਾਵਿਕ ਸਾਧਨਾ ਹੁੰਦਾ ਹੈ। ਸੁਭਾਵਿਕਤਾ ਵਿਚ ਅਰਾਜਕਤਾ ਨਹੀਂ ਹੁੰਦੀ। ਧਾਰਮਿਕ ਯੁੱਧ ਸੁਭਾਵਿਕ ਸੰਘਰਸ਼ ਹੁੰਦਾ ਹੈ ਤੇ ਇਸ ਪ੍ਰਕਾਰ ਦੇ ਲਈ ਅਡੋਲ ਕ੍ਰਿਆਤਮਿਕ ਵਿਸ਼ਵਾਸ਼ ਦੀ ਲੋੜ ਪੈਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨਤਾ ਵਿਚ ਜਿਥੇ ਕ੍ਰਿਆਤਮਿਕ ਵਿਸ਼ਵਾਸ ਹੈ, ਉਥੇ ਦ੍ਰਵਿਤ ਭਾਵ ਭੂਮੀ ਵੀ ਵਿਦਮਾਨ ਹੈ। 'ਮਿਤਰ ਪਿਆਰੇ ਨੂੰ......' ਰਚਨਾ ਇਸ ਤੱਥ ਦਾ ਪ੍ਰਮਾਣ ਹੈ।

ਕ੍ਰਿਆਤਮਿਕ ਵਿਸ਼ਵਾਸ ਵਿਚ ਜਿੱਤ ਹਾਰ ਦੀ ਕਹਾਣੀ ਨਹੀਂ ਹੁੰਦੀ ਸਗੋਂ ਉਹ ਤਾਂ ਸ਼ਰਧਾ ਤੇ ਸੰਕਲਪ ਦੇ ਇਤਿਹਾਸ ਨੂੰ ਉਤਪੰਨ ਕਰਦਾ ਹੈ। 'ਮਿੱਤਰ ਪਿਆਰੇ ਨੂੰ......' ਖੰਡ ਦਾ ਅਖੰਡ ਲਈ, ਅੰਸ਼ ਦਾ ਅਗਾਧ ਲਈ, ਸੱਤਾ ਦਾ ਪਰਮ ਸੱਤਾ ਲਈ ਅਲਾਪ ਹੈ। ਇਸ ਬਾਣੀ ਨੂੰ ਵਿਰਲਾਪ ਨਹੀਂ ਕਿਹਾ ਜਾਣਾ ਚਾਹੀਦਾ। ਵਿਰਲਾਪ

ਵਿਯੋਗ ਹੈ ਤੇ ਅਲਾਪ ਸੰਯੋਗ ਦਾ ਨਾਦ ਹੁੰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਇਕ ਨਾਦ ਹਨ। ਮਹਾਂ ਨਾਦ ਲਈ ਨਾਦ ਦੀ ਉਤਪਤੀ ਨੂੰ ਵਿਵਹਾਰਕ ਵਸਤੂ ਵਾਂਗ ਗ੍ਰਹਿਣ ਕਰਨ ਨਾਲ, ਨਾਦ ਦੀ ਪਰਿਧਿ ਦੇ ਮਹਾਂ ਨਾਦ ਦੀ ਧੁਨੀ ਦੇ ਸੁਰ ਵਜੋਂ ਸਮਝਣ ਵਿਚ ਰੁਕਾਵਟ ਪੈਂਦੀ ਹੈ। 'ਮਿਤਰ ਪਿਆਰੇ ਨੂੰ......' ਦੇ ਸ਼ਬਦ ਨੂੰ ਨਾਦ ਦਾ ਅਲਾਪ ਕਿਸੇ ਵਿਸਮਾਦੀ ਰੰਗ ਅਤੇ ਅਵਸਥਾ ਵਿਚ ਕਰਕੇ ਵੇਖੀਏ ਤਾਂ ਪਤਾ ਲਗੇਗਾ ਕਿ ਮਹਾਂ ਨਾਦ ਦੀ ਮਹਾਨਤਾ ਕੀ ਹੁੰਦੀ ਹੈ। ਨਾਦ ਦੇ ਮਹਾਂ ਨਾਦ ਬਣ ਜਾਣ ਦੀ ਪਰਕਿਰਿਆ ਨੂੰ ਕੋਈ ਸੂਖਮ ਅਨੁਭੂਤੀ ਹੀ ਸਮਝ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਖਾਲਸਾ ਪੰਥ ਦੇ ਸੰਸਥਾਪਕ ਹੀ ਨਹੀਂ ਸਗੋਂ ਅਡੋਲ ਕ੍ਰਿਆਤਮਿਕ ਵਿਸ਼ਵਾਸ ਦਾ ਪ੍ਰਕਾਸ਼ ਵੀ ਸਨ। 'ਮਿਤਰ ਪਿਆਰੇ ਨੂੰ......' ਸ਼ਬਦ ਉਸ ਪ੍ਰਕਾਸ਼ ਦਾ ਹੀ ਪ੍ਰਮਾਨ ਹੈ, ਜਿਸ ਪ੍ਰਮਾਣ ਵਿਚੋਂ ਦ੍ਵਿਤ ਧਾਰਾ ਦੀ ਪ੍ਰਸਤੁਤੀ ਹੁੰਦੀ ਹੈ। ਭਗਤੀ ਵਿਚੋਂ ਦ੍ਵਿਤ ਭਾਵ ਧਾਰਾ ਅਤੇ ਯੋਧੇ ਵਿਚ ਅਡੋਲ ਚੇਤਨਾ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਇਨ੍ਹਾਂ ਦੋਹਾਂ ਗੁਣਾਂ ਕਰਕੇ ਹੀ ਸੰਤ ਸਿਪਾਹੀ ਕਿਹਾ ਜਾਂਦਾ ਹੈ।


## ਅਨੁਵਾਦਿਤ ਕਲਾਸਿਕੀ ਸਾਹਿਤ

| | | | | |
|---|---|---|---|---|
| 1. | *ਸ਼ੇਕਸਪੀਅਰ ਦੇ ਚਾਰ ਦੁਖਾਂਤ* | : | ਸੁਰਜੀਤ ਹਾਂਸ (ਅਨੁ.) | 350 ਰੁਪਏ |
| 2. | *ਹੈਮਲਿਟ : ਸ਼ੇਕਸਪੀਅਰ* | : | ਸੁਰਜੀਤ ਹਾਂਸ (ਅਨੁ.) | 80 ਰੁਪਏ |
| 3. | *ਉਥੈਲੋ : ਸ਼ੇਕਸਪੀਅਰ* | : | ਸੁਰਜੀਤ ਹਾਂਸ (ਅਨੁ.) | 80 ਰੁਪਏ |
| 4. | *ਲੀਅਰ ਬਾਦਸ਼ਾਹ : ਸ਼ੇਕਸਪੀਅਰ* | : | ਸੁਰਜੀਤ ਹਾਂਸ (ਅਨੁ.) | 80 ਰੁਪਏ |
| 5. | *ਮਕਬਾਥ : ਸ਼ੇਕਸਪੀਅਰ* | : | ਸੁਰਜੀਤ ਹਾਂਸ (ਅਨੁ.) | 60 ਰੁਪਏ |
| 6. | *ਪਿਗਮੇਲੀਅਨ* | : | ਜਾਰਜ ਬਰਨਾਰਡ ਸ਼ਾਅ | 4-50 ਰੁਪਏ |
| 7. | *ਲੀਅਰ ਪਾਤਸ਼ਾਹ : ਵਿਲੀਅਮ ਸ਼ੇਕਸਪੀਅਰ* | : | ਰਣਜੀਤ ਸਿੰਘ ਸਰਕਾਰੀਆ (ਅਨੁ.) | 36 ਰੁਪਏ |
| 8. | *ਸਿਧਾਰਥ* | : | ਹਰਮਨ ਹੈੱਸ | 50 ਰੁਪਏ |
| 9. | *ਕਚਿਆਣ (ਭਾਗ ਪਹਿਲਾ)* | : | ਯਾਂ ਪਾਲ ਸਾਰਤਰੇ | 4-75 ਰੁਪਏ |
| 10. | *ਕਚਿਆਣ (ਭਾਗ ਦੂਜਾ)* | : | ਯਾਂ ਪਾਲ ਸਾਰਤਰੇ | 4-75 ਰੁਪਏ |
| 11. | *ਐਸੀ ਕਰਨੀ ਜੋ ਮਰੇ* | : | ਅਰਨੈਸਟ ਹੈਮਿੰਗਵੇ ਹਰਿਭਜਨ ਸਿੰਘ (ਅਨੁ.) | 80 ਰੁਪਏ |

*ਹੋਰ ਜਾਣਕਾਰੀ ਲਈ ਨਿਮਨ ਪਤੇ ਤੇ ਸੰਪਰਕ ਕਰੋ :*

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ-147002

# ਮਿਤਰ ਪਿਆਰੇ ਨੂੰ

ਚੰਦਨ ਨੇਗੀ

'ਮਿਤਰ ਪਿਆਰੇ ਨੂੰ......' ਸ਼ਬਦ ਬਿਲਕੁਲ ਵੱਖਰੀ ਸ਼ੈਲੀ ਦੀ ਰਚਨਾ ਹੈ। ਗੁਰੂ ਜੀ ਨੇ ਆਪਣੇ ਮੁਰਸ਼ਦ ਨੂੰ ਆਪਣਾ ਯਾਰ, ਮਿਤਰ ਪਿਆਰਾ ਮੰਨ, ਆਪ ਮੁਰੀਦ ਬਣ ਕੇ ਉਚਾਰਨ ਕੀਤਾ ਹੈ। ਉਸ ਮੁਰਸ਼ਦ ਤੋਂ ਬਿਨਾ ਸਾਰੇ ਸੁਖ ਆਰਾਮ, ਮਹੱਲਾਂ ਵਿਚ ਰਹਿਣਾ ਜਿਸਮ ਨੂੰ ਲਗਿਆ ਰੋਗ, ਜਿਵੇਂ ਨਾਗਾਂ ਨਾਲ ਨਿਵਾਸ, ਜਿਵੇਂ ਸੂਲਾਂ, ਖੰਜਰਾਂ ਤੇ ਕਸਾਈਆਂ ਦੇ ਬਿੰਗਾਂ ਦਾ ਚੁਭਣਾ ਤੇ ਆਪਣੇ ਪਿਆਰੇ ਯਾਰ ਦੇ ਮਿਲਾਪ ਨਾਲ ਨੰਗੀ ਧਰਤੀ, ਰੋੜ-ਪੱਥਰਾਂ ਉੱਤੇ ਸੌਂ ਕੇ ਵੀ ਆਰਾਮ, ਸ਼ਾਤੀ ਖੁਸ਼ੀ ਮਿਲਣੀ।

ਮੱਧ ਕਾਲ ਦੇ ਭਗਤੀ ਕਾਵਿ ਵਿਚ ਭਗਤਾਂ ਤੇ ਗੁਰੂ ਸਾਹਿਬਾਂ ਨੇ ਗੁਰਬਾਣੀ ਵਿਚ ਵੀ ਆਪਣੇ ਆਪ ਨੂੰ ਇਸਤਰੀ ਅਤੇ ਪ੍ਰਮਾਤਮਾ ਨੂੰ ਪਤੀ ਮੰਨ ਕੇ ਭਗਤੀ ਕਾਵਿ/ਗੁਰਬਾਣੀ ਦੀ ਰਚਨਾ ਕੀਤੀ ਹੈ ਪਰ ਇਸ ਸ਼ਬਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ਼ਕ ਹਕੀਕੀ ਅਤੇ ਅਧਿਆਤਮਿਕ ਰੂਪ ਨੂੰ ਇਕ ਮਿਤਰ, ਦੋਸਤ ਦੇ ਰੂਪ ਵਿਚ ਸੰਬੋਧਨ ਕੀਤਾ ਹੈ। ਇਸ ਸ਼ਬਦ ਦੀ ਸਾਰੀ ਬਿੰਬਾਵਲੀ ਕਵੀਆਂ ਵਰਗੀ ਹੈ। ਗੁਰੂ ਜੀ ਬਹੁਤ ਵੱਡੇ ਕਵੀ ਸਨ, ਬਵਿੰਜਾ ਕਵੀਆਂ ਦੇ ਸਰਪ੍ਰਸਤ ਸਨ। ਇਸ ਸ਼ਬਦ ਦੀ ਵਖਰੀ ਤਰਜ਼, ਵਖਰੀ ਤਨਜ਼ ਹੈ। ਮਾਨਵੀ ਪਧਰ ਉੱਤੇ ਇਕ ਸ਼ਾਇਰ ਦੀ ਪ੍ਰੀਤਮ ਲਈ ਤੜਪ ਤੇ ਉਪਰਾਮਤਾ ਹੈ, ਅੰਤਰ ਆਤਮਾ ਦੀ ਆਪਣੇ ਮਿਤਰ ਪਿਆਰੇ ਤੋਂ ਜੁਦਾਈ ਤੇ ਵੈਰਾਗ ਦਾ ਅਸਹਿ ਤੇ ਅਕਹਿ ਦਰਦ ਹੈ। ਮਿਤਰ ਪਿਆਰੇ ਦਾ ਮਿਲਾਪ ਹੀ ਬਿਰਹੁੰ ਕੁੱਠੀ ਰੂਹ ਨੂੰ ਠਾਰ ਸਕਦਾ ਹੈ, ਯਾਰ ਦਾ ਦੀਦਾਰ, ਮਿਲਣ ਦੀ ਸਿੱਕ ਲਈ ਰੂਹ ਦੀ ਬੇਇੰਤਹਾ ਤੜਪ ਹੈ। ਵਿਛੋੜੇ, ਚਿੰਤਨ ਅਤੇ ਅਨੁਭਵ ਦੇ ਸੂਖਮ ਛਿਣ, ਆਤਮ ਮਗਨਤਾ ਆਪਣੇ ਯਾਰ ਮਿਤਰ ਪਿਆਰੇ ਬਿਨਾ 'ਤ੍ਰਿਖਾ ਨਾ ਉਤਰੇ ਸਾਂਤ ਨਾ ਆਵੈ' ਦੀ ਲਿਵਲੀਨਤਾ ਦੀ ਸਥਿਤੀ ਦਾ ਪ੍ਰਗਟਾਵਾ ਹੈ। 'ਬਹੁੜੀ ਵੇ ਤਬੀਬਾ' ਦੀ ਹੂਕ ਹੈ।

# ਮਿਤਰ ਪਿਆਰੇ ਨੂੰ

ਸ਼. ਸੋਜ਼

---

ਆਪਣੇ ਆਪ ਨੂੰ ਤੇ ਮੁਰੀਦ ਆਖ ਲਿਐ ਪਾਤਸ਼ਾਹਾਂ—ਪਰ ਪਾਰਲੀ ਸ਼ਕਤੀ ਨੂੰ 'ਮੁਰਸ਼ਦ' ਆਖ ਮੁਖ਼ਾਤਬ ਨਹੀਂ ਹੋਏ। ਮਤਲਬ, ਓਦੋਂ ਤੋੜੀ ਦੀ ਤਸੱਵਫ਼ੀ ਸਵੀਕਿਰਤੀ ਦੇ ਅਨੁਸਰਣ ਕਰਨ ਥੀਂ ਗੁਰੇਜ਼ ਕੀਤੈ ਦਸ਼ਮੇਸ਼ੀ ਤਸੱਵਰ ਨੇ। ਮੁਰਸ਼ਦ ਕਹਿਣ ਦੀ ਬਜਾਏ 'ਮਿਤਰ ਪਿਆਰੇ' ਦਾ ਸੰਬੋਧਨ ਦੇਣਾ ਸਥਾਪਤ ਪੋਇਟਿਕਸ ਵਿਚ ਜ਼ਲਜ਼ਲਾ ਲਿਆ ਦੇਣ ਦੇ ਸਮਰੱਥ ਹੈ।

ਕਿਸੇ ਮਜ਼ਬ, ਕਿਸੇ ਬੇਦ-ਕਤੇਬ ਨੇ ਕਦੇ ਵੀ ਪਰਮ-ਸ਼ਕਤੀ ਨੂੰ ਮਿਤਰ ਪਿਆਰੇ ਦੇ ਸੰਬੋਧਨ ਦੁਆਰਾ ਐਡਾ ਸਮੀਪ ਲਿਆਉਣ ਦੀ ਜ਼ੁਰਅਤ ਨਹੀ ਕੀਤੀ। 'ਸੁਪ੍ਰੀਮ' ਦੀ ਸਮੀਪਤਾ ਦਾ ਸੰਕਲਪ ਹੀ ਇਥੇ ਇਲਕਲਾਬੀ ਭਾਂਤਿ ਦਾ ਹੈ। ਬੋਧ ਮੱਤ-ਮਤਾਂਤਰ ਤੇ ਕਿਸੇ ਰਬਾਨੀ ਹਸਤੀ ਦੀ ਕੋਈ ਵਖਰੀ-ਵਾਦੀ ਹੋਂਦ ਤਸਲੀਮ ਹੀ ਨਹੀਂ ਕਰਦੇ। ਰੱਬ ਨਾਂ ਦੀ ਪੁਰਖ-ਇਕਾਈ ਮਨਫ਼ੀ ਹੈ ਉਨ੍ਹਾਂ ਦੀ 'ਧੰਮਪਦ' ਵਿਚੋਂ। ਤੇ ਕੁਝ ਹੋਰ ਭਿੰਨ ਆਸਥਾਵਾਂ ਰੱਬ ਨੂੰ ਬਸ ਇਕ ਸ਼ਕਤੀ ਸਵੀਕਾਰ ਕਰਨ ਦੀਆਂ ਦਲੀਲਾਂ ਦਿੰਦੀਆਂ ਹਨ।

ਮਿਤਰ ਪਿਆਰਾ ਆਖਣਾ ਤੇ ਜਿੰਜ ਗਲੇ ਮਿਲ ਗਏ ਯਾਰ ਦੇ ਤੇ ਸਾਰਾ ਗਿਲਾ ਬਸ ਜਾਂਦਾ ਰਿਹਾ।

ਫੇਰ, ਖੇੜੇ ਦਲੀਲ ਦੇ ਪਰਤੀਕ ਨੇ ਪਰੰਪਰਾ ਦੇ, ਬੰਧੇਜ ਦੇ, ਸੰਗੋੜਵੇਂ ਨਜ਼ਰੀਏ ਦੇ, ਜ਼ੋਰ ਜ਼ਬਰਦਸਤੀ ਦੇ। 'ਯਾਰੜੇ ਦਾ ਸਥਰ' ਈਮੋਸ਼ਨ ਦੀ ਪ੍ਰਤੀਨਿਧਤਾ ਕਰਦੀ ਕਥਨਗੋਈ ਹੈ। ਮਨ ਤੇ ਮਸਤਕ ਦਾ ਨਿਖੇੜਾ ਬਸ ਇਕੋ ਬਰੱਸ਼-ਛੁਹ ਲਾ ਕੇ ਵਿਖਾਇਆ ਹੈ ਅਲੋਕਿਕ ਪ੍ਰਤਿਭਾ ਨੇ। ਫੇਰ. ਯਾਰ ਨੂੰ—'ਯਾਰੜਾ' ਬਣਾਉਣ ਦਾ ਵੀ ਇਕ ਆਪਣਾ ਹੀ ਗੁਰਦੇਵ ਟੱਚ ਹੈ।

ਉਂਜ, ਇਸ ਪਾਤਸ਼ਾਹੀ ਸ਼ਬਦ ਵਿਚਲੀ ਅਜੀਮ ਨਜ਼ਮਗੋਈ ਜੋਗੇ ਤੇ ਪੂਰੇ ਦਫ਼ਤਰ ਦਰਕਾਰ ਨੇ ਪਰ ਦਾਰਸ਼ਨਿਕ ਪੱਧਰ 'ਤੇ ਇਸ ਵਿਚ ਪਰਮ ਤੇ ਮਜ਼ਬ ਦੇ ਸੰਕੀਰਣ ਮਾਅਨਿਆਂ ਵਿਚ ਹਦੋਂ-ਬਾਹਰੀ ਵੁਸਅਤ ਲੈ ਆਂਦੀ ਗਈ ਹੈ। ਭੂ-ਖੰਡ ਦੀ ਕਿਸੇ ਵੀ ਆਸਥਾ-ਸੰਸਥਾ ਵਿਚ ਸ਼ਾਇਦ ਹੀ ਸਰਬ-ਸ਼ਕਤੀਮਾਨ ਨੂੰ ਐਡਾ ਮੁਹੱਬਤੀ ਸੰਬੋਧਨ ਕਿਧਰੇ ਦਿੱਤਾ ਗਿਆ ਹੋਏ। ਜਿਵੇਂ ਕਾਲੀਦਾਸ ਨੇ ਮੇਘ ਨੂੰ ਦੂਤ ਬਣਾ ਸੁਨੇਹੜੇ ਭਿਜਵਾਏ, ਜੋ ਏਹ ਲੌਕਿਕ ਸੀ, ਉਂਜ ਹੀ ਉਹ ਲੌਕਿਕ ਸੰਦੇਸੜਿਆਂ ਜੋਗਾ ਆਪਣੇ ਰੁਖ਼ਸਤ ਹੋ ਰਹੇ ਮਿਤਰ ਪਿਆਰਿਆਂ ਨੂੰ ਦੂਤ ਬਣਾ 'ਮਿਤਰ ਪਿਆਰੇ' ਤੋੜੀ ਆਪਣੀ ਮਨੋਵੇਦਨ ਘੱਲੀ ਏ ਪ੍ਰੀਤਮ ਪਾਤਸ਼ਾਹਾਂ ਨੇ। ਇਲਾਹੀ ਪ੍ਰਤਿਭਾ ਦੀ ਇਹੋ ਤੇ ਪਛਾਣ ਹੁੰਦੀ ਹੈ—ਕਸ਼ੀਦ-ਦਰ-ਕਸ਼ੀਦ ਕੀਤੀ ਸਦਾਕਤ ਦੀ ਅਭਿਵਿਅਕਤੀ ਤੇ ਅਭਿਵਿਅਕਤੀ ਵੀ ਸੁਰ-ਸੰਗੀਤ ਦੇ ਸੁਮੇਲ ਸਾਥ।

'ਹਾਲ ਮੁਰੀਦਾਂ ਦਾ' ਐਸਥੈਟਿਕਸ ਦੀ ਸਰਵੁੱਚ ਉਦਾਹਰਣ ਹੈ। ਐਥਿਕਸ ਦੀ ਬੇਮਿਸਾਨ ਖਰੀ ਮਿਸਾਲ ਹੈ। ਉਰਦੂ ਗਜ਼ਲਗੋਈ ਵਿਚ ਔਰਤ-ਮਰਦ ਦੇ ਸੰਬੋਧਨੀ ਅੰਤਰ ਨੂੰ ਮੁਕਦਾ ਕਰਨ ਜੋਗ 'ਮਾਹਿਬੂਬ' ਹਰਫ਼ ਦਾ ਪ੍ਰਯੋਗ ਹੁੰਦਾ ਰਿਹਾ ਹੈ। ਪਰ ਸ਼ਾਇਰ ਗੋਬਿੰਦ ਗੁਰੂ ਨੇ 'ਮਿਤਰ ਪਿਆਰਾ' ਆਖ ਹਮੇਸ਼ ਹਮੇਸ਼ ਲਈ ਰੱਬ ਦਾ ਜਿਨਸੀ ਇਮਤਿਆਜ਼ ਹੀ ਮੁਕਦਾ ਕਰ ਦਿੱਤਾ। ਕਿਸੇ ਸਾਧਕ ਜਾਂ ਸਾਧਵੀ ਜੋਗੀ ਸ਼ੰਕਾ ਗੁਜਾਇਸ਼ ਹੀ ਨਹੀਂ ਰਹਿਣ ਦਿੱਤੀ। ਰੱਬ ਦੀ ਦਾਤ ਇਕੋ ਕਾਵਿ-ਕੌਤਕੀ ਸਮਾਸ 'ਮਿਤਰ ਪਿਆਰੇ' ਨਾਲ ਜਿਨਸ-ਮੁਕਤ ਕਰ ਵਿਖਾਈ। ਨਾਰਾਇਣ ਨਰ ਹੈ ਜਾਂ ਨਾਰੀ-ਝੇੜਾ ਹੀ ਨਹੀਂ ਰਹਿਣ ਦਿੱਤਾ।

ਉਹ ਤੇ ਬਸ ਮਿਤਰ ਪਿਆਰਾ ਹੈ।

ਦੱਸਦੇ ਨੇ, ਸੁਆਮੀ ਰਾਮ ਕ੍ਰਿਸ਼ਨ ਪਰਮਹੰਸ ਆਪਣੇ ਛੇਕੜਲੇ ਦਿਨੀਂ 'ਇਸਤ੍ਰੀ' ਹੋ ਗਏ ਸਨ। ਉਂਜੇ ਦੀ

ਆਵਾਜ਼, ਉੱਜੇ ਦੀ ਬਦਨ, ਬਨਾਵਟ। ਜਦੋਂ ਬੰਦਾ ਬੰਦਾ-ਪਰਵਰ ਵਾਲੀ ਲੀਕ ਨੇੜੇ ਅੱਪੜ ਦੋ-ਜਿਨਸੀ ਹੋ ਸਕਦਾ ਹੈ, ਤਾਂ ਬਜ਼ਾਤੇ-ਖ਼ੁਦ ਬੰਦਾ-ਪਰਵਰ ਦਾ ਤਸੱਵਰ ਤਾਂ ਦੋ-ਜਿਨਸਾ ਹੀ ਕਰਨਾ ਬਣਦਾ ਹੈ। ਇਹਾ ਕਾਵਿ-ਕੋਤਕ 'ਮਿਤਰ ਪਿਆਰੇ' ਹਰਫ਼ ਦੀ ਸਿਰਜਨਾ ਨਾਲ ਕੀਤਾ ਗਿਆ ਹੈ।

ਦਰਅਸਲ ਇਹ ਸ਼ਬਦ ਰਚਨਾ ਸੰਕੇਤ-ਬੋਧਕ ਅਤੇ ਕੋਡਭਾਖੀ ਹੈ। ਇਸ ਦੇ ਹਰ ਹਰਫ਼ ਦੇ ਗਹਿਰ ਵਿਚ ਲੱਥ ਕੇ ਹੀ ਇਸ ਦਾ ਗੁਹਜ ਪਾ ਸਕਣ ਦੀ ਸੰਭਾਵਨਾ ਬਣ ਸਕਦੀ ਹੈ।

ਅਸਤਿਤਵਾਦੀ ਦਰਸ਼ਨ ਦੀ ਇਕ ਕਾਤਰ ਤਕੋ : ਜ਼ਿੰਦਗੀ ਦੇ ਦੋ ਰਾਹ-ਰਸਤੇ ਨੇ। ਇਕ ਤੇ ਹੈ ਐਸ਼ੀਆ ਨਿਵਾਸਾਂ ਵਿਚ ਰਜ਼ਾਈਆਂ ਦੇ ਓਢਣ ਦੇ ਸੁਖ-ਆਰਾਮ ਵਾਲਾ। ਸੁਰਾ ਸੁਰਾਹੀ ਵਾਲਾ। ਦੂਜਾ ਹੈ ਯਾਰੜੇ ਦੇ ਸੱਥਰ ਨੂੰ ਸਹੇੜਨ ਵਾਲਾ। ਇਥੇ 'ਚਾਇਸ' ਵਾਲਾ ਦਵੰਦ ਹੈ। 'ਚੋਣ' ਤੇ ਤਰਜੀਹ, ਅਸਤਿਤਵਾਦੀ ਫ਼ਲਸਫ਼ੇ ਦੀ ਅਹਿਮ ਜੁਜ਼ ਹੈ।

ਹੁਣ ਕੋਡ ਹੈ, ਸੰਕੇਤ ਹੈ, ਅੰਦਰ ਦੀ ਆਵਾਜ਼ ਵਾਲੇ ਰਸਤੇ ਦੀ ਚੋਣ ਕਰਨ ਦਾ ਤੁਹਾਡਾ ਇਰਾਦਾ ਕਿਹੜੇ ਰਸਤੇ ਨੂੰ ਤਰਜੀਹ ਦਿੰਦਾ ਹੈ? ਤੇ ਇਹੋ ਅਸਤਿਤਵਾਦੀ ਪਛਾਣ ਬਣਦੀ ਹੈ ਕਿਸੇ ਵੀ ਪਰਮ-ਪੁਰਖ ਦੀ।

ਡਰਾਮੈਟਿਕ ਮੋਨੋਲੋਗ ਜਿਹੀ ਉਠਾਣ ਬਣਦੀ ਹੈ ਇਸ ਪਾਤਸ਼ਾਹੀ ਫ਼ੁਰਮਾਨ ਦੀ। ਬਸ, ਇਕੋ ਵਿਅਕਤੀ ਵਿਸ਼ੇਸ਼ ਦਾ ਉਚ੍ਹਾਰ ਇਥੇ ਨਾਟਕੀ ਰੂਪ ਧਾਰਨ ਕਰੀ ਜਾਂਦਾ ਹੈ। ਗੁਫਤਗੂ ਹੈ ਉਚਾਰ-ਪਾਤਰ ਦੀ। ਮੌਜੂਦਗੀ ਵੀ ਬਸ ਉਚਾਰ-ਪਾਤਰ ਦੀ ਹੀ ਦਰਸਾਈ ਗਈ ਹੈ। ਪਰ ਉਂਜ ਬਾਕੀ ਦੇ ਤਮਾਮ ਗੈਰ-ਹਾਜ਼ਰ ਪਾਤਰ ਵੀ ਸਾਮਰਤਖ ਹੋ ਜਾਂਦੇ ਹਨ। 'ਮਿਤਰ ਪਿਆਰਾ' ਕੌਣ ਹੈ, ਟੈਕਸਟ-ਪੱਧਰ ਪਰ ਕੁਝ ਵੀ ਦਰਿਆਫ਼ਤ ਨਹੀਂ ਹੁੰਦਾ। ਕਹਿਣ ਵਾਲਾ ਕੌਣ ਹੈ, ਦਰਸਾਇਆ ਨਹੀਂ ਗਿਆ। ਹਾਲ ਮੁਰੀਦਾਂ ਦਾ ਦਸਣਾ ਹੈ—ਤਾਂ ਮੁਰੀਦ ਕੌਣ ਹਨ? ਇਹ ਸਗਲੰਤ ਅਣਕਿਹਾ ਹੈ ਤੇ ਅਣਕਿਹੇ ਦੀ ਹੀ ਸਰੇਸ਼ਟਤਾ ਉਥਾਪਤ ਹੁੰਦੀ ਹੈ ਇਸ ਟੈਕਸਟ ਵਿਚੋਂ। ਜਿਨ੍ਹਾਂ ਨਾਟਕੀ ਪਾਤਰਾਂ ਵੱਲ ਸੰਕੇਤ ਹਨ, ਉਘੜਵੇਂ ਉਹੀ ਹਨ। ਉਂਜ ਜਿਹੜਾ ਨਾਟਕੀ ਪਾਤਰ ਉਘੜਵੇਂ ਰੂਪ ਵਿਚ ਟੈਕਸਟ ਉਚਾਰ ਰਿਹਾ ਹੈ, ਉਹ ਤੇ ਧੁੰਧਲਾ ਪਈ ਜਾਂਦਾ ਹੈ। ਪਰ ਕੌਤਕ ਤਕੋ! ਟੈਕਸਟ-ਸੰਪੰਨ ਸਮੇਂ ਇਹੋ ਧੁੰਧਲਾ ਪਾਤਰ ਪ੍ਰਜਵੱਲਿਤ ਹੋ ਕੇ ਪ੍ਰਕਾਸ਼ਮਾਨ ਹੋ ਜਾਂਦਾ ਹੈ।

# ਬੇਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ : ਸੰਖੇਪ ਜਾਇਜ਼ਾ

ਲਾਭ ਸਿੰਘ ਖੀਵਾ

ਮਹਾਂਕਾਵਿ ਸਾਹਿਤ ਦਾ ਇਕ ਮਹੱਤਵਪੂਰਨ ਕਾਵਿ-ਵਿਸ਼ਾ ਹੈ। ਮਹਾਂਕਾਵਿ ਤੇ ਨਾਟਕ ਸਾਹਿਤ ਦੇ ਮੁਢਲੇ ਰੂਪਾਂ ਵਿਚੋਂ ਹਨ। ਸਾਰੇ ਸੰਸਾਰ ਦੀਆਂ ਉੱਤਮ ਤੇ ਵਿਕਸਿਤ ਭਾਸ਼ਾਵਾਂ ਵਿਚ ਪੁਰਾਤਨ ਤੇ ਮੱਧਕਾਲ ਦੌਰਾਨ ਮਹਾਂਕਾਵਿ ਵੀ ਸਿਰਜਣਾ ਕੀਤੀ ਮਿਲਦੀ ਹੈ। ਭਾਰਤੀ ਸਾਹਿਤ-ਦ੍ਰਿਸ਼, ਸੰਸਕ੍ਰਿਤ ਵਿਚ ਕਾਲੀਦਾਸ ਦੇ ਰਘੂਵੰਸ਼ ਤੇ ਕੁਮਾਰ ਸੰਭਵ, ਬਾਲਮੀਕ ਦੀ 'ਰਮਾਇਣ', ਹਿੰਦੀ ਵਿਚ ਚੰਦ ਬਰਦਾਈ ਦਾ 'ਪਿਥਵੀ ਰਾਜ ਰਾਸੋ' ਤੁਲਸੀ ਦਾਸ ਦਾ 'ਰਾਮ ਚਰਿਤ ਮਾਨਸ' ਮਿਸਾਲ ਵਜੋਂ ਸਾਡੇ ਸਾਹਮਣੇ ਹਨ। ਯੂਨਾਨੀ ਭਾਸ਼ਾ ਵਿਚ ਹੋਮਰ ਦੇ 'ਇਲੀਅਡ' ਤੇ 'ਓਡੀਸੀ', ਇਤਾਲਵੀ ਵਿਚ ਦਾਂਤੇ ਦਾ 'ਡੀਵਾਈਨ ਕਾਮੇਡੀ', ਅੰਗਰੇਜ਼ੀ ਵਿਚ ਮਿਲਟਨ ਦਾ 'ਪੈਰਾਡਾਈਜ਼ ਲੌਸਟ' ਫ਼ਾਰਸੀ ਵਿਚ ਫਿਰਦੌਸੀ ਦਾ 'ਸ਼ਾਹਨਾਮਾ' ਆਦਿ ਮਹਾਂਕਾਵਿ ਗ਼ੈਰ-ਪੰਜਾਬੀ ਭਾਸ਼ਾਵਾਂ ਵਿਚ ਮਕਬੂਲ ਹਨ। ਪੁਰਾਤਨ ਪੰਜਾਬ ਦੇ ਆਪਣੇ ਰਾਜਨੀਤਿਕ ਤੇ ਸਮਾਜਿਕ ਹਾਲਾਤ ਨੇ ਜਿਥੇ ਕਈ ਹੋਰ ਸਾਹਿਤ-ਰੂਪਾਂ ਦੇ ਉਦਭਵ ਲਈ ਰਾਹ ਨਾ ਦਿੱਤਾ, ਉਥੇ ਪੰਜਾਬੀ ਮਹਾਂਕਾਵਿ ਨਾਲ ਵੀ ਅਜਿਹਾ ਹੀ ਵਾਪਰਿਆ ਹੈ। ਮੱਧਕਾਲੀ ਸਾਮੀ ਸਭਿਆਚਾਰ ਤੇ ਮੁਗ਼ਲ ਸਾਮਰਾਜ ਦੌਰਾਨ ਕਿੱਸਾ ਕਾਵਿ ਨੇ ਮਹਾਂਕਾਵਿ ਦਾ ਬਦਲ ਬਣਨ ਦੀ ਕੋਸ਼ਿਸ਼ ਕੀਤੀ। ਫਿਰ ਆਧੁਨਿਕ ਕਾਲ ਵਿਚ ਨਾਵਲ ਨੇ ਨਾ ਸਿਰਫ਼ ਪੰਜਾਬੀ ਵਿਚ ਹੀ ਮਹਾਂਕਾਵਿ ਦਾ ਪ੍ਰਕਾਰਜ ਨਹੀਂ ਸੰਭਾਲਿਆ, ਸਗੋਂ ਬਾਕੀ ਬੋਲੀਆਂ ਵਿਚ ਵੀ ਨਾਵਲ ਨੇ ਇਹ ਥਾਂ ਲੈ ਲਈ। ਇਸ ਤਰ੍ਹਾਂ ਦੇ ਇਤਿਹਾਸਿਕ ਵਿਕਾਸ ਵਿਚ, ਪੰਜਾਬ ਮਹਾਂਕਾਵਿ ਦੀ ਕਿਸੇ ਵੱਡੀ ਸਾਹਿਤ ਪੰਰਪਰਾ ਤੋਂ ਵਾਂਝਾਂ ਹੀ ਰਿਹਾ।

ਪੰਜਾਬੀ ਮਹਾਂਕਾਵਿ ਦਾ ਪ੍ਰਾਰੰਭ ਅਸੀਂ ਆਧੁਨਿਕ ਪੰਜਾਬੀ ਕਵਿਤਾ ਦੇ ਉਦਭਵ ਵਿਚੋਂ ਹੀ ਵੇਖ ਸਕਦੇ ਹਾਂ। ਭਾਈ ਵੀਰ ਸਿੰਘ ਨੇ 1905 ਵਿਚ 'ਰਾਣਾ ਸੂਰਤ ਸਿੰਘ' ਮਹਾਂਕਾਵਿ ਲਿਖ ਕੇ ਇਸ ਵਿਧਾ ਤੋਂ ਪੰਜਾਬੀ ਸਾਹਿਤ-ਚੇਤਨਾ ਨੂੰ ਜਾਣੂ ਕਰਾਇਆ। ਇਸ ਤੋਂ ਬਾਅਦ ਪ੍ਰੋ. ਮੋਹਨ ਸਿੰਘ, ਲਾਲਾ ਕਿਰਪਾ ਸਾਗਰ, ਡਾ. ਸੁਰਿੰਦਰ ਸਿੰਘ ਕੋਹਲੀ, ਅਵਤਾਰ ਸਿੰਘ ਆਜ਼ਾਦ, ਤੇ ਇੰਦਰ ਸਿੰਘ ਚੱਕਰਵਰਤੀ ਇਸ ਚੇਤਨਾ ਨਾਲ ਜੁੜਦੇ ਹਨ। ਲਾਲਾ ਕਿਰਪਾ ਸਾਗਰ ਨੇ 'ਲਕਸ਼ਮੀ ਦੇਵੀ ਦਾ ਜਾਦੂ' ਨੂੰ ਪੰਜਾਬੀ ਵਿਚ ਰੂਪਾਂਤਰਿਤ ਕਰਕੇ ਪੰਜਾਬੀ ਮਹਾਂਕਾਵਿ ਪਰੰਪਰਾ ਨੂੰ ਜਾਰੀ ਰੱਖਣ ਦੇ ਯਤਨ ਕੀਤੇ। ਡਾ. ਕੋਹਲੀ ਨੇ 'ਗੁਰਦੇਵ', ਪ੍ਰੋ. ਮੋਹਨ ਸਿੰਘ ਨੇ 'ਏਸ਼ੀਆ ਦਾ ਚਾਨਣ' ਤੇ 'ਨਨਕਾਇਣ', ਅਵਤਾਰ ਸਿੰਘ ਆਜ਼ਾਦ ਨੇ 'ਮਰਦ ਅਗੰਮੜਾ, 'ਵਿਸ਼ਵਨੂਰ' ਤੇ 'ਮਹਾਂਬਲੀ' ਆਦਿ ਮਹਾਂਕਾਵਿ ਲਿਖ ਕੇ ਇਸ ਕਾਵਿ-ਵਿਧਾ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਸਥਾਪਿਤ ਕੀਤਾ। ਇਨ੍ਹਾਂ ਤੋਂ ਬਾਅਦ ਹੋਰ ਵੀ ਮਹਾਂਕਾਵਿ ਲਿਖੇ ਜਾਂਦੇ ਰਹੇ ਪਰ ਪੰਜਾਬੀ ਨਾਵਲ ਦੇ ਬੋਲਬਾਲੇ ਸਦਕਾ ਮਹਾਂਕਾਵਿ-ਪਰੰਪਰਾ ਪ੍ਰਬਲ ਰੂਪ ਵਿਚ ਗਤੀਸ਼ੀਲ ਨਾ ਹੋ ਸਕੀ। ਅਵਤਾਰ ਸਿੰਘ ਆਜ਼ਾਦ ਦੇ 'ਮਰਦ ਅੰਗਮੜਾ' ਤੋਂ ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਬੰਧੀ ਸ੍ਰੀ ਗੁਰਦੇਵ ਸਿੰਘ ਰਾਏ ਦਾ ਇਕ ਹੋਰ ਮਹਾਂਕਾਵਿ ਹੈ, ਜਿਹੜਾ ਇਸ ਸਦੀ ਦੇ ਆਖਰੀ ਸਾਲ ਵਿਚ ਪੰਜਾਬੀ ਪਾਠਕਾਂ ਦੇ ਹੱਥ ਲੱਗਿਆ ਹੈ। ਇਸੇ ਪਰਿਪਾਟੀ ਵਿਚ ਸ੍ਰੀ ਸਿਰੀ ਰਾਮ ਅਰਸ਼ ਤੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੇ ਮਹਾਂਕਾਵਿ ਜ਼ਿਕਰਯੋਗ ਹਨ।

ਸ੍ਰੀ ਗੁਰਦੇਵ ਸਿੰਘ ਰਾਏ ਅਸਟਰੇਲੀਆ ਰਹਿੰਦਾ ਉਹ ਪੰਜਾਬੀ ਪਰਵਾਸੀ ਕਵੀ ਹੈ, ਜਿਸ ਨੇ ਪਹਿਲਾਂ ਹੀ ਸੱਤ ਪੁਸਤਕਾਂ ਪੰਜਾਬੀ ਸਾਹਿਤ ਨੂੰ ਭੇਟ ਕੀਤੀਆਂ ਹਨ। "ਬੇਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ" ਸ੍ਰੀ ਰਾਏ ਦਾ ਅੱਜ ਕਲ੍ਹ ਚਰਚਿਤ ਮਹਾਂਕਾਵਿ ਹੈ। ਮਹਾਂਕਾਵਿ ਬਤੌਰ ਇਕ ਸੁਤੰਤਰ ਕਾਵਿ-ਵਿਧਾ ਆਪਣੀਆਂ ਹੀ ਵਿਸ਼ੇਸ਼ ਧਾਰਨਾਵਾਂ ਤੇ ਆਧਾਰਿਤ ਹੈ। ਅਟੱਲ ਸੱਚਾਈਆਂ ਨੂੰ ਵਿਸ਼ਾ ਬਣਾਉਣਾ, ਯੁੱਗ-ਚੇਤਨਾ ਤੇ ਮਾਨਵੀ ਜੀਵਨ ਨੂੰ

ਸਮੁੱਚਤਾ ਵਿਚ ਪੇਸ਼ ਕਰਨਾ, ਵੇਲੇ ਦੀ ਸੰਸਕ੍ਰਿਤੀ ਨੂੰ ਉਸ ਦੇ ਵਿਭਿੰਨ ਪਰਿਪੇਖਾਂ ਵਿਚ ਉਜਾਗਰ ਕਰਨਾ, ਕਿਸੇ ਯੁਗ-ਵਿਸ਼ੇਸ਼ ਦੀ ਇਤਿਹਾਸਿਕ-ਸਮੱਗਰੀ ਤੇ ਨਿਰਭਰ ਹੋਣਾ, ਪ੍ਰਕ੍ਰਿਤੀ ਦੇ ਮਾਨਵੀਕ੍ਰਿਤ ਰੂਪਾਂਤਰਣਾਂ ਦਾ ਇਸਤੇਮਾਲ ਕਰਨਾ, ਉਤਕ੍ਰਿਸ਼ਟ ਬੋਲੀ ਦੀ ਸਿਰਜਣਾ ਦੀਆਂ ਸੰਭਾਵਨਾਵਾਂ ਸਾਹਮਣੇ ਲਿਆਉਣੀਆਂ, ਵੰਨ-ਸੁਵੰਨੇ ਛੰਦਾਂ, ਅਲੰਕਾਰਾਂ ਤੇ ਪ੍ਰਤੀਕਾਂ ਦੀ ਵਰਤੋਂ, ਰਸ-ਨਿਸ਼ਪਤੀ ਦਾ ਪ੍ਰਯੋਗ, ਨਾਇਕ ਦੀ ਨਾਇਕਤਵ ਨੂੰ ਉਸ ਦੇ ਉੱਚੇ ਆਦਰਸ਼ਾਂ ਤੇ ਕਾਰਜਾਂ ਵਿਚ ਪੇਸ਼ ਕਰਨਾ, ਕਾਂਡਾਂ ਤੇ ਸਰਗਾਂ ਵਿਚ ਕਥਾਨਕ ਨੂੰ ਉਸਾਰਨਾ ਆਦਿ ਤੱਤਾਂ ਤੇ ਆਧਾਰਿਤ ਹੀ ਮਹਾਂਕਾਵਿ ਦੀ ਰਚਨਾ ਹੁੰਦੀ ਹੈ। ਜਾਰਜ ਲੂਕਾਸ ਮਹਾਂਕਾਵਿ ਦੇ ਨਾਇਕ ਦੀ ਮਹੱਤਤਾ ਨੂੰ ਪਹਿਚਾਣਦਿਆਂ ਇਸ ਨੂੰ ਪ੍ਰਤਿਭਾਸ਼ਾਲੀ ਮਨੁੱਖ ਦੁਆਰਾ ਇਤਿਹਾਸ ਤੇ ਪਾਈ ਪਿੱਛਲਝਾਤ ਕਹਿੰਦਾ ਹੈ। ਇਸੇ ਤਰ੍ਹਾਂ ਰਾਲਫ ਫਾਕਸ ਜਦੋਂ ਨਾਵਲਕਾਰ ਨੂੰ ਨਵੇਂ ਸਮਾਜ ਦਾ 'ਮਹਾਂਕਾਵਿਕ-ਲੇਖਕ ਕਹਿੰਦਾ ਹੈ ਤਾਂ 'ਮਹਾਂਕਾਵਿ ਦੇ ਰਚੇਤੇ' ਉਪਰ ਵੱਡੀ ਜ਼ਿੰਮੇਂਵਾਰੀ ਆਇਦ ਕਰਦਾ ਹੈ। ਸ੍ਰੀ ਗੁਰਦੇਵ ਸਿੰਘ ਰਾਏ ਇਸ ਜ਼ਿੰਮੇਂਵਾਰੀ ਤੋਂ ਸੁਚੇਤ ਜਾਪਦਾ ਹੈ। ਮਹਾਂਕਾਵਿ ਦੇ ਨਾਇਕ ਦੀ ਸ਼ਖ਼ਸੀਅਤ ਨੂੰ ਪੇਸ਼ ਕਰਨ ਲਈ ਜਿਥੇ ਚਮਤਕਾਰੀ ਭਾਸ਼ਾ ਦੀ ਜ਼ਰੂਰਤ ਹੈ, ਉਥੇ ਲੇਖਕ ਦੀ ਪ੍ਰਤਿਭਾ ਦਾ ਜਲੌਅ ਵੀ ਸਾਫ਼ ਨਜ਼ਰ ਆਉਣਾ ਚਾਹੀਦਾ ਹੈ। ਸ੍ਰੀ ਰਾਏ ਦੇ ਇਸ ਮਹਾਂਕਾਵਿ 'ਬੇਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ' ਵਿਚ ਅਜਿਹੇ ਜਲੌਅ ਦਾ ਅਹਿਸਾਸ ਪਾਠਕ ਨੂੰ ਆਮ ਹੋ ਜਾਂਦਾ ਹੈ।

ਇਹ ਮਹਾਂਕਾਵਿ ਅੱਠ ਕਾਂਡਾਂ ਵਿਚ ਵੰਡਿਆ ਹੋਇਆ ਹੈ। ਹਰ ਕਾਂਡ ਅੱਗੇ ਕਈ ਸਰਗਾਂ ਵਿਚ ਫੈਲਿਆ ਹੋਇਆ ਹੈ। ਇਸ ਮਹਾਂਕਾਵਿ ਦਾ ਨਾਇਕ ਸ੍ਰੀ ਗੁਰੂ ਗੋਬਿੰਦ ਸਿੰਘ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਯੁੱਗ-ਪੁਰਸ਼ ਹੋਣ ਕਰਕੇ ਇਸ ਰਚਨਾ ਦੇ ਨਾਇਕ ਬਣ ਕੇ ਸਮਕਾਲੀ ਇਤਿਹਾਸਿਕ-ਚੇਤਨਾ ਦੀ ਤਸਵੀਰ ਵੀ ਪੇਸ਼ ਕਰਦੇ ਹਨ। ਪਹਿਲੇ ਕਾਂਡ ਵਿਚ ਗੁਰੂ ਜੀ ਦੇ ਜਨਮ ਤੋਂ ਪਹਿਲਾਂ ਦੇ ਰਾਜਨੀਤਿਕ ਤੇ ਸਮਾਜਿਕ ਹਾਲਾਤ ਤੇ ਰੋਸ਼ਨੀ ਪਾਈ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋਏ ਸਿੱਖ ਧਰਮ ਵਿਚ ਆਏ ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਉਤਰਾ-ਚੜ੍ਹਾਅ ਦੀ ਰਾਏ ਨੇ ਮਿਤੀ/ਸੰਨ ਸਹਿਤ ਅੰਕਿਤ ਕੀਤੇ ਹਨ। ਅਗਲੇ ਸੱਤ ਕਾਂਡਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਲੀਲਾਵਾਂ ਤੇ ਸੰਘਰਸ਼ਾਂ ਨੂੰ ਸਿੱਖ ਧਰਮ ਦੇ ਉਨ੍ਹਾਂ ਸਿਧਾਂਤਾਂ/ਸਰੋਕਾਰਾਂ ਵਿਚ ਉਲੀਕਿਆ ਹੈ, ਜਿਹੜੇ ਨੌਵੇਂ ਗੁਰੂ ਸਾਹਿਬ ਤੱਕ ਸ਼ਥਾਪਿਤ ਹੋ ਗਏ ਸਨ। ਇਸ ਸੰਬੰਧੀ ਸ੍ਰੀ ਰਾਏ ਲਿਖਦੇ ਹਨ :

*ਭੈ ਨਾ ਦੇਵੇ ਕਿਸੇ ਨੂੰ ਉਹ ਹੈ ਸੋਝੀਮਾਨ*
*ਨਾ ਭੈ ਮੰਨੇ ਕਿਸੇ ਦਾ ਉਤਮ ਇਹੀ ਗਿਆਨ* - *(ਪੰਨਾ ੨੫)*

ਇਹ ਮਹਾਂਕਾਵਿ ਵਿਚ ਲੇਖਕ ਖੁਦ ਨਾਇਕ ਦੀ ਪਰਿਭਾਸ਼ਾ ਦਿੰਦਾ ਹੈ ਨਾਇਕ ਦਾ ਬਹਾਦਰ ਹੋਣਾ ਤੇ ਇਤਿਹਾਸਿਕ ਮੁਖੀ ਹੋਣਾ ਲਾਜ਼ਮੀ ਸਮਝਦਾ ਹੈ। ਦੂਜੇ ਕਾਂਡ ਦੇ ਸ਼ੁਰੂ ਵਿਚ ਹੀ ਸ੍ਰੀ ਰਾਏ ਇਹ ਧਾਰਨਾ ਇਉਂ ਪੇਸ਼ ਕਰਦੇ ਹਨ :

*ਨਾਇਕ ਬਣ ਕੇ ਦੁਨੀ ਵਿਚ ਸ਼ਕਤੀਵਰ ਪ੍ਰਚੰਡ*
*ਨਵ-ਇਤਿਹਾਸ ਸਿਰਜਦੇ, ਨੇਰੂ ਜਬਰ ਨੂੰ ਛੰਡ।* *(ਪੰਨਾ ੨੭)*

ਇਸ ਰਚਨਾ ਦਾ ਇਤਿਹਾਸਿਕ ਨਾਇਕ ਸਿਰਫ਼ ਸ਼ਕਤੀ ਦਾ ਹੀ ਪੁਜਾਰੀ ਨਹੀਂ ਹੈ, ਸਗੋਂ ਭਗਤੀ ਦਾ ਵੀ ਸਾਧਕ ਹੈ। ਉਹ ਤਲਵਾਰ ਹੀ ਨਹੀਂ ਵਾਹੁੰਦਾ ਸਗੋਂ ਕਲਮ ਵੀ ਚਲਾਉਂਦਾ ਹੈ। ਉਸ ਨੇ ਤਲਵਾਰ ਨਾਲ ਮੁਗਲਾਂ ਨੂੰ ਜਿੱਤਣਾ ਚਾਹਿਆ ਪਰ 'ਜ਼ਫ਼ਰਨਾਮਾ' ਦੇ ਰੂਪ ਵਿਚ ਜੋ ਕਲਮ ਨੇ ਭੂਮਿਕਾ ਨਿਭਾਈ, ਉਸ ਦਾ ਇਤਿਹਾਸਿਕ ਪ੍ਰਕਰਣ ਵੀ ਇਸ ਕਿਤਾਬ ਵਿਚ ਮਿਲਦਾ ਹੈ। ਇਸ ਮਹਾਂਕਾਵਿ ਦਾ ਨਾਇਕ ਜੇਕਰ ਯੁੱਗ-ਪੁਰਸ਼ ਹੈ, ਉਸ ਕੋਲ ਯੁੱਗ-ਚੇਤਨਾ ਵੀ ਹੈ। ਇਹ ਯੁੱਗ-ਚੇਤਨਾ ਦੇ ਪਾਸਾਰ ਸਾਨੂੰ ਇਹ ਮਹਾਂਕਾਵਿ ਦੇ ਹਰ ਕਾਂਡ ਵਿਚ ਮਿਲਦੇ ਹਨ।

ਮਹਾਂਕਾਵਿ ਵਿਚ ਵਿਸ਼ੈ ਦੀ ਚੋਣ ਸਮੇਂ ਲੇਖਕ ਕਿਸੇ ਨਿੱਜੀ ਅਨੁਭਵ ਜਾਂ ਸਮਾਜ ਦੇ ਕਿਸੇ ਇਕਹਿਰੇ ਪੱਖ ਤੋਂ ਕਿਨਾਰਾਕਸ਼ੀ ਕਰਦਾ ਉਸ ਦੀ ਸਰਬ ਵਿਆਪਕਤਾ ਨੂੰ ਮੱਦੇ-ਨਜ਼ਰ ਰੱਖਦਾ ਹੈ। ਇਸ ਪੁਸਤਕ ਵਿਚਲੇ ਵਿਸ਼ਾ-ਵਸਤੂ ਦੀ ਸਰਵਵਿਆਪਕਤਾ ਇਸ ਦੇ ਇਤਿਹਾਸਿਕ ਪਰਿਪੇਖਾਂ ਵਿਚੋਂ ਵੇਖੀ ਜਾ ਸਕਦੀ ਹੈ। ਇਸ ਦੇ ਨਾਇਕ ਦਾ ਨਾਇਕਤਵ ਉਸ ਯੁੱਗ-ਪਲਟੇ ਵਿਚੋਂ ਉਭਾਰਿਆ ਗਿਆ, ਜਿਹੜਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਬਾਬਾ ਬੰਦਾ ਬਹਾਦਰ ਤੱਕ ਦੇ ਇਤਿਹਾਸਿਕ ਹਾਲਾਤ ਵਿਚੋਂ ਪ੍ਰਪੱਕ ਹੋਇਆ। ਇਹ ਆਪਣੇ ਤੌਰ ਤੇ ਇਕ ਸਰਵਵਿਆਪਕ ਮਸਲਾ ਸੀ। ਹਵਾਲਾ ਵਜੋਂ ਇਹ ਸਤਰਾਂ ਇਥੇ ਭਾਵਪੂਰਨ ਹਨ :

*ਪੂਰਨ ਆਜ਼ਾਦੀ ਵਾਸਤੇ ਗੋਬਿੰਦ ਵਿਦਿਆ ਘੋਲ*
*ਆਖਿਆ ਦੇਵੋ ਤੇਗ ਨਾਲ ਜ਼ੁਲਮ ਜਬਰ ਨੂੰ ਰੋਲ*
*ਸਾਜ ਹੋਇਆ ਜਾਂ ਖਾਲਸਾ ਮਿੱਥਿਆ ਗਿਆ ਇਨਕਲਾਬ*
*ਦੱਬੀ ਕੁਚਲੀ ਖਲਕ ਨੇ ਸੱਤਾ ਦਾ ਲਿਆ ਖ਼ੁਆਬ* *(ਪੰਨਾ ੧੩੨)*

ਇਹ ਮਹਾਂਕਾਵਿ ਵਿਚ ਬਾਕੀ ਪਾਤਰਾਂ ਦੀ ਉਸਾਰੀ ਵੀ ਯਥਾਰਥਿਕ ਤੇ ਇਤਿਹਾਸਿਕ ਪੱਧਰ ਤੇ ਕੀਤੀ ਗਈ ਹੈ। ਭਾਈ ਕਨ੍ਹੱਈਆ, ਜੋਗਾ ਸਿੰਘ, ਭਾਈ ਮਨੀ ਸਿੰਘ, ਵਜ਼ੀਰ ਖਾਂ, ਬਚਿੱਤਰ ਸਿੰਘ ਆਦਿ ਪਾਤਰਾਂ ਦੇ ਕਿਰਦਾਰਾਂ ਵਿਚੋਂ ਨਾਇਕ ਦੀ ਮਹਾਨ ਸ਼ਖ਼ਸ਼ੀਅਤ ਹੋਰ ਵੀ ਨਿਖਰ ਕੇ ਸਾਹਮਣੇ ਆਉਂਦੀ ਹੈ।

ਪ੍ਰਕਿਰਤੀ ਦੀ ਭੂਮਿਕਾ ਵੀ ਮਹਾਂਕਾਵਿ ਦੇ ਤੱਤਾਂ ਵਿਚ ਸ਼ਾਮਿਲ ਹੁੰਦੀ ਹੈ। ਉਂਜ ਤਾਂ ਹਰ ਕਾਂਡ ਵਿਚ ਇਸ ਦਾ ਚਿਤਰਨ ਮਿਲਦਾ ਹੈ ਪਰ 'ਦਾਦੀਮਾਤਾ' ਦੇ ਸਰਗ ਵਿਚ ਚੰਨ-ਤਾਰੇ ਤੇ ਪੱਤਾ-ਪੱਤਾ ਦੇ ਪ੍ਰਾਕਿਰਤਿਕ ਬਿੰਬ ਇਸ ਰਚਨਾ ਦੀ ਕਾਵਿ ਸੁੰਦਰਤਾ ਨੂੰ ਉਜਾਗਰ ਕਰਦੇ ਹਨ। ਇਸੇ ਤਰ੍ਹਾਂ ਇਸ ਮਹਾਂਕਾਵਿ ਵਿਚ ਬੀਰ-ਰਸ ਆਪਣੀ ਬੁਲੰਦੀ ਤੇ ਪੇਸ਼ ਹੁੰਦਾ ਹੈ, ਪਰ ਸ਼ਾਂਤ ਰਸ ਤੇ ਸ਼ਿੰਗਾਰ ਰਸ ਦੀ ਨਿਸ਼ਪਤੀ ਅੰਦਰ ਇਹ ਮਹਾਂਕਾਵਿ ਆਪਣੀ ਕਥਾਨਕ ਦੀ ਕਹਾਣੀ ਨੂੰ ਰੋਚਿਕ ਹੀ ਨਹੀਂ, ਪ੍ਰਮਾਣਿਕ ਵੀ ਬਣਾਉਂਦਾ ਹੈ। ਇਥੇ ਬੀਰ ਰਸ ਦੀ ਉਦਾਹਰਣ ਹੈ :

*ਸਿੰਘਾਂ ਤੀਰਾਂ ਗੋਲੀਆਂ ਦੇ ਮੀਂਹ ਵਰਸਾਏ*
*ਪਿਛਾਂਹ ਹਟ ਗਏ ਮੁਗ਼ਲ ਸਭ ਅੰਧਿਆਰੇ ਛਾਏ*
*ਫੇਰ ਸਵੇਰੇ ਯੁੱਧ ਦੇ ਉਨ੍ਹਾਂ ਮਤੇ ਪਕਾਏ (੧੯੩)*

ਸਿਰਖੰਡੀ, ਨਿਸ਼ਾਨੀ, ਦੋਹਰਾ, ਵਾਰ, ਬੈਂਤ ਆਦਿ ਛੰਦ ਪ੍ਰਬੰਧ ਕਿਸੇ ਮਹਾਂਕਾਵਿ ਦਾ ਲਾਜ਼ਮੀ ਅੰਗ ਹੁੰਦੇ ਹਨ। ਇਸ ਰਚਨਾ ਵਿਚ ਦੋਹਿਰਾ ਤੇ ਬੈਂਤ ਛੰਦ ਦੀ ਭਰਮਾਰ ਹੈ। ਕਿਧਰੇ ਕਿਧਰੇ ਸਿਰਖੰਡੀ ਦੀ ਵਰਤੋਂ ਵੀ ਮਿਲਦੀ ਹੈ। ਸ੍ਰੀ ਰਾਏ ਨੇ ਮਹਾਂਕਾਵਿ ਦੇ ਪਰੰਪਰਿਕ ਰੂਪ ਵਿਚ ਗੀਤ ਦੀ ਵਰਤੋਂ ਕਰਕੇ ਨਵਾਂ ਤਜ਼ਰਬਾ ਕੀਤਾ ਹੈ।

ਉਪਰੋਕਤ ਚਰਚਾ ਤੋਂ ਬਾਅਦ ਜਾਇਜ਼ੇ ਦੇ ਸੰਦਰਭ ਵਿਚ ਵੇਖਦਿਆਂ ਸ੍ਰੀ ਗੁਰਦੇਵ ਸਿੰਘ ਰਾਏ ਦਾ ਇਹ ਮਹਾਂਕਾਵਿ ਨਵੀਆਂ ਸੰਭਾਵਨਾਵਾਂ ਲੈ ਕੇ ਆਉਂਦਾ ਹੈ। ਜਿਥੇ ਗੱਲ ਇਤਿਹਾਸ ਕਰਤਾ ਤੇ ਤਰਕਮਈ ਬਣਾਉਣ ਲਈ ਲੇਖਕ ਕੋਲ ਸੀਮਾਵਾਂ ਆ ਜਾਂਦੀਆਂ ਹਨ, ਉਥੇ ਉਹ ਗੁਰਬਾਣੀ ਦਾ ਸਹਾਰਾ ਲੈਣ ਤੋਂ ਨਹੀਂ ਝਿਜਕਦਾ। ਪਰ ਇਸ ਨਾਲ ਕਹਾਣੀ ਦੀ ਤੋਰ ਦੇ ਰਸ ਨੂੰ ਮਾਰ ਪੈਂਦੀ ਜਾਪਦੀ ਹੈ, ਪਹਿਲਾਂ ਵਾਲੀ ਰਵਾਨੀ ਵੀ ਨਹੀਂ ਰਹਿੰਦੀ। ਪਰੰਤੂ ਇਸ ਪੁਸਤਕ ਵਿਚਲੇ ਇਤਿਹਾਸਿਕ ਹਵਾਲੇ ਮੂੰਹੋਂ ਬੋਲਦੇ ਹਨ। ਜਿਹੜੇ ਇਤਿਹਾਸਿਕ ਭੁਲੇਖੇ ਸ੍ਰੀ ਅਵਤਾਰ ਸਿੰਘ ਆਜ਼ਾਦ ਨੇ ਆਪਣੇ 'ਮਰਦ-ਅਗੰਮੜਾ' ਮਹਾਂਕਾਵਿ ਵਿਚ ਖਾਧੇ ਹਨ। ਸ੍ਰੀ ਰਾਏ ਇਸ ਪੱਖੋਂ ਬਚਿਆ ਹੋਇਆ ਹੈ। ਆਖਰ ਵਿਚ ਕਵੀ ਨੇ ਆਪਣਾ ਕਾਵਿ-ਪਤਾ ਵੀ ਦੱਸਿਆ ਹੈ, ਜਿਹੜਾ ਕਿ ਮੱਧਕਾਲ ਦੀ ਕਾਵਿ-ਪਰੰਪਰਾ ਦਾ ਇਕ ਤੱਤ ਹੈ।

ਇਸ ਮਹਾਂਕਾਵਿ ਦੇ ਅਧਿਐਨ ਤੋਂ ਬਾਅਦ ਇਉਂ ਜਾਪਦਾ ਹੈ ਕਿ ਪੰਜਾਬੀ ਮਹਾਂਕਾਵਿ ਦੀ ਪਰੰਪਰਾ ਵਿਚ ਅਜੇ ਵੀ ਹੋਰ ਮਹਾਂਕਾਵਿ ਸਿਰਜੇ ਤੇ ਲਿਖੇ ਜਾਣ ਦੀਆਂ ਸੰਭਾਵਨਾਵਾਂ ਹਨ। ਆਧੁਨਿਕ ਯੁਗ ਵਿਚ ਨਾਵਲ ਤੋਂ ਬਗ਼ੈਰ ਸਾਡੇ ਕੋਲ, ਮਹਾਂ-ਪਰਵਚਨਾਂ ਲਈ ਕੋਈ ਮਹਾਂਕਾਵਿ ਦੇ ਮੇਚ ਦਾ ਕਾਵਿ-ਰੂਪ ਨਹੀਂ ਹੈ। ਸਾਡੇ ਪੰਜਾਬੀ ਸਭਿਆਚਾਰ, ਇਤਿਹਾਸ ਤੇ ਧਰਮ ਵਿਚ ਮਹਾਂ-ਬਿਰਤਾਂਤ ਤੇ ਮਹਾਂਕਾਵਿ ਸਿਰਜੇ ਜਾਣ ਦੀ ਅਤਿ ਜ਼ਰੂਰਤ ਹੈ। ਇਸ ਪੱਖੋਂ ਸ੍ਰੀ ਰਾਏ ਦਾ ਇਹ ਪ੍ਰਬੰਧ-ਕਾਵਿ ਸ਼ੁਭ ਸ਼ੁਰੂਆਤ ਹੈ। ਚੰਗਾ ਹੁੰਦਾ ਜੇਕਰ ਕਵੀ ਮਿਲਦੇ ਇਤਿਹਾਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਫਲਸਫੇ ਨੂੰ 21 ਵੀਂ ਸਦੀ ਦੇ ਭਵਿੱਖੀ ਨਜ਼ਰੀਏ ਤੋਂ ਨਵੇਂ ਪ੍ਰਸੰਗ ਵਿਚ ਪੇਸ਼ ਕਰ ਸਕਦਾ। ਫਿਰ ਵੀ ਇਹ ਕਿਤਾਬ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ 20ਵੀਂ ਸਦੀ ਦੇ ਅੰਤਰਲੇ ਵਰ੍ਹੇ ਵਿਚ ਪ੍ਰਕਾਸ਼ਿਤ ਹੋਣ ਸਦਕੇ ਖਾਲਸੇ ਦੀ ਤ੍ਰੈ-ਸ਼ਤਾਬਦੀ ਦੇ ਮਹੱਤਵ ਨੂੰ ਹੋਰ ਵੀ ਉਜਾਗਰ ਕਰਦੀ ਹੈ।

# ਇਸ ਅੰਕ ਦੇ ਲੇਖਕ


1. **ਡਾ. ਜਸਬੀਰ ਸਿੰਘ ਆਹਲੂਵਾਲੀਆ**
   *ਵਾਈਸ-ਚਾਂਸਲਰ*
   *ਪੰਜਾਬੀ ਯੂਨੀਵਰਸਿਟੀ,*
   *ਪਟਿਆਲਾ*
2. **ਡਾ. ਗੁਰਭਗਤ ਸਿੰਘ**
   *3092, ਫੇਜ਼-11, ਅਰਬਨ ਅਸਟੇਟ,*
   *ਪਟਿਆਲਾ*
3. **ਡਾ. ਮਹੀਪ ਸਿੰਘ**
   *108, ਸ਼ਿਵਾਜੀ ਪਾਰਕ*
   *ਨਵੀਂ ਦਿੱਲੀ-110026*
4. **ਡਾ. ਸੁਰਜੀਤ ਹਾਂਸ**
   *ਆਰ-24*
   *ਪੰਜਾਬੀ ਯੂਨੀਵਰਸਿਟੀ, ਪਟਿਆਲਾ*
5. **ਡਾ. ਹੁਕਮਚੰਦ ਰਾਜਪਾਲ**
   *ਹਿੰਦੀ ਵਿਭਾਗ,*
   *ਪੰਜਾਬੀ ਯੂਨੀਵਰਸਿਟੀ, ਪਟਿਆਲਾ*
6. **ਡਾ. ਹਰਪਾਲ ਸਿੰਘ ਪੰਨੂ**
   *ਸਿੱਖ ਧਰਮ ਅਧਿਐਨ ਵਿਭਾਗ,*
   *ਪੰਜਾਬੀ ਯੂਨੀਵਰਸਿਟੀ, ਪਟਿਆਲਾ*
7. **ਡਾ. ਧਰਮਪਾਲ ਸਿੰਗਲ**
   *552, ਫੇਜ਼-1*
   *ਮੁਹਾਲੀ-160055*
8. **ਡਾ. ਤਾਰਿਕ ਕਿਫ਼ਾਇਤ-ਉਲ੍ਹਾ**
   *ਫ਼ਾਰਸੀ ਵਿਭਾਗ,*
   *ਪੰਜਾਬੀ ਯੂਨੀਵਰਸਿਟੀ, ਪਟਿਆਲਾ*
9. **ਡਾ. ਪਰਮਜੀਤ ਸਿੰਘ ਸਿੱਧੂ**
   *ਪੰਜਾਬੀ ਅਧਿਐਨ ਸਕੂਲ,*
   *ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ*
10. **ਸਵਰਨ ਸਿੰਘ ਸਨੇਹੀ**
    *ਪਿੰਡ ਤੇ ਡਾਕਘਰ : ਸ਼ਾਹਪੁਰ*
    *ਰਾਹੀਂ ਫਿਲੌਰ, ਜਲੰਧਰ*
11. **ਗੁਲਜ਼ਾਰ ਸਿੰਘ ਕੰਗ**
    *ਸਰਕਾਰੀ ਹਾਈ ਸਕੂਲ ਨਖੇੜਾ*
    *ਡਾਕਘਰ : ਪ੍ਰਤਾਪ ਨਗਰ, ਨੰਗਲ ਡੈਮ,*
    *ਜਿਲਾ : ਰੋਪੜ-140125*
12. **ਡਾ. ਸੁਖਦਿਆਲ ਸਿੰਘ**
    *ਇਤਿਹਾਸ ਵਿਭਾਗ,*
    *ਪੰਜਾਬੀ ਯੂਨੀਵਰਸਿਟੀ, ਪਟਿਆਲਾ*
13. **ਹਿੰਮਤ ਸਿੰਘ**
    *ਗੁਰੂ ਗ੍ਰੰਥ ਸਾਹਿਬ ਵਿਭਾਗ,*
    *ਪੰਜਾਬੀ ਯੂਨੀਵਰਸਿਟੀ, ਪਟਿਆਲਾ*
14. **ਪ੍ਰੋ. ਪਿਆਰਾ ਸਿੰਘ ਪਦਮ**
    *ਕਲਮ ਮੰਦਰ,*
    *ਲੋਅਰ ਮਾਲ, ਪਟਿਆਲਾ*
15. **ਡਾ. ਗੁਰਮੁਖ ਸਿੰਘ**
    *ਭਾਸ਼ਾ ਵਿਭਾਗ, ਪੰਜਾਬ, ਪਟਿਆਲਾ*
16. **ਮੇਜਰ ਗੁਰਮੁਖ ਸਿੰਘ (ਰਿਟਾ.)**
    *ਇਨਸਾਈਕਲੋਪੀਡੀਆਂ ਆਫ਼*
    *ਸਿਖਇਜ਼ਮ ਵਿਭਾਗ,*
    *ਪੰਜਾਬੀ ਯੂਨੀਵਰਸਿਟੀ, ਪਟਿਆਲਾ*
17. **ਡਾ. ਅਜਮੇਰ ਸਿੰਘ**
    *ਪੰਜਾਬੀ ਸਾਹਿਤ ਅਧਿਐਨ ਵਿਭਾਗ,*
    *ਪੰਜਾਬੀ ਯੂਨੀਵਰਸਿਟੀ, ਪਟਿਆਲਾ*
18. **ਡਾ. ਮੇਹਰ ਸਿੰਘ ਗਿੱਲ**
    *ਜੌਗਰਫ਼ੀ ਵਿਭਾਗ,*
    *ਪੰਜਾਬੀ ਯੂਨੀਵਰਸਿਟੀ, ਪਟਿਆਲਾ*
19. **ਡਾ. ਸੁਰੀਤ ਕੋਰ**
    *ਪੰਜਾਬੀ ਸਾਹਿਤ ਅਧਿਐਨ ਵਿਭਾਗ,*
    *ਪੰਜਾਬੀ ਯੂਨੀਵਰਸਿਟੀ, ਪਟਿਆਲਾ*
20. **ਬਲਬੀਰ ਸਿੰਘ ਕੰਵਲ**
    *2, ਅਲਬਰਟ ਰੋਡ*
    *ਯੂ. ਕੇ.*

21. **ਡਾ. ਨਿਵੇਦਿਤਾ ਸਿੰਘ**
*ਸੰਗੀਤ ਵਿਭਾਗ,*
*ਪੰਜਾਬੀ ਯੂਨੀਵਰਸਿਟੀ, ਪਟਿਆਲਾ*

22. **ਡਾ. ਸਰੋਜ ਚਮਨ**
*ਫਾਈਨ ਆਰਟਸ ਵਿਭਾਗ,*
*ਪੰਜਾਬੀ ਯੂਨੀਵਰਸਿਟੀ, ਪਟਿਆਲਾ*

23. **ਡਾ. ਅਜੀਤ ਸਿੰਘ ਜੱਬਲ**
*ਫਾਈਨ ਆਰਟਸ ਵਿਭਾਗ,*
*ਸਰਕਾਰੀ ਕਾਲਜ, ਹੁਸ਼ਿਆਰਪੁਰ*

24. **ਡਾ. ਗੁਰਦੀਪ ਕੌਰ**
*ਐਸ. ਡੀ. ਕਾਲਜ,*
*ਜਲੰਧਰ*

25. **ਅੰਮ੍ਰਿਤਾ ਪ੍ਰੀਤਮ**
*ਕੇ-25, ਹੋਜ਼ ਖ਼ਾਸ,*
*ਨਵੀਂ ਦਿੱਲੀ-16*

26. **ਜਸਵੰਤ ਸਿੰਘ ਕੰਵਲ**
*ਪਿੰਡ ਤੇ ਡਾਕ: ਢੁਡੀਕੇ, ਮੋਗਾ*

27. **ਸੰਤੋਖ ਸਿੰਘ ਧੀਰ**
*784, ਫੇਜ਼-10, ਮੋਹਾਲੀ, ਚੰਡੀਗੜ੍ਹ*

28. **ਪ੍ਰਭਜੋਤ ਕੌਰ**
*ਡੀ-203, ਡੀਫੈਂਸ ਕਲੋਨੀ,*
*ਨਵੀਂ ਦਿੱਲੀ*

29. **ਰਾਮ ਸਰੂਪ ਅਣਖੀ**
*ਗੁਰੂ ਨਾਨਕ ਗਲੀ,*
*ਕੱਚਾ ਕਾਲਜ ਰੋਡ,*
*ਬਰਨਾਲਾ (ਸੰਗਰੂਰ)*

30. **ਓਮ ਪ੍ਰਕਾਸ਼ ਗਾਸੋ**
*ਨੇੜੇ ਆਰੀਆ ਕਾਲਜ (ਲੜਕੀਆਂ),*
*ਬਰਨਾਲਾ (ਸੰਗਰੂਰ)*

31. **ਚੰਦਨ ਨੇਗੀ**
*ਏ 2-ਬੀ/89, ਐਮ.ਆਈ.ਜੀ. ਫਲੈਟ,*
*ਪਛਿਮ ਵਿਹਾਰ,*
*ਨਵੀਂ ਦਿੱਲੀ-63*

32. **ਸ. ਸ. ਸੋਜ਼**
*ਸਾਹਮਣੇ ਐਨ. ਐਸ. ਐਸ. ਦਫਤਰ*
*ਪੀਲੀ ਸੜਕ, ਰਾਘੋ ਮਾਜਰਾ,*
*ਪਟਿਆਲਾ*

**ਰੀਵੀਊਕਾਰ**

33. **ਡਾ. ਲਾਭ ਸਿੰਘ ਖੀਵਾ**
*ਗੁਰੂ ਗੋਬਿੰਦ ਸਿੰਘ ਕਾਲਜ,*
*ਚੰਡੀਗੜ੍ਹ*

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

*ਨੋਟ : ਅੰਕ ਵਿਚ ਸ਼ਾਮਿਲ ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਮੰਡਲ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।*

# ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਤੀਸਰੀ ਖਾਲਸਾ ਸ਼ਤਾਬਦੀ ਨੂੰ ਸਮਰਪਿਤ ਸਾਹਿਤ

### ਜੀਵਨ ਦਸਮ ਪਾਤਸ਼ਾਹ, ਬਾਣੀ ਤੇ ਦਰਸ਼ਨ

1. **ਗੁਰੂ ਗੋਬਿੰਦ ਸਿੰਘ ਜੀਵਨ ਤੇ ਰਚਨਾ** ਸੁਰਿੰਦਰ ਸਿੰਘ ਕੋਹਲੀ — 75-00
2. **ਸ਼ਬਦਾਰਥ ਦਸਮ ਗ੍ਰੰਥ (ਤਿੰਨ ਭਾਗ)** ਭਾਈ ਰਣਧੀਰ ਸਿੰਘ — 775-00
3. **ਦਸਮ ਗ੍ਰੰਥ ਬਾਣੀ ਬਿਉਰਾ** : ਭਗਵੰਤ ਸਿੰਘ ਹਰੀ ਜੀ — 100-00
4. **ਸ੍ਰੀ ਮੁਖ ਬਾਣੀਆਂ ਪਾ. ੧੦—ਪਾਠ, ਤੁਕ ਤਤਕਰਾ** — 250-00
5. **ਗੁਰੂ ਗੋਬਿੰਦ ਸਿੰਘ ਯਾਤਰਾ ਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ** : ਸੁਖਦਿਆਲ ਸਿੰਘ — 110-00
6. **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਥਾ** : ਮੈਕਸ ਆਰਥਰ ਮੈਕਾਲਿਫ — 170-00
7. **ਸਿੰਘ ਸਾਗਰ (ਜੀਵਨ ਗੁਰੂ ਗੋਬਿੰਦ ਸਿੰਘ ਜੀ)** : ਵੀਰ ਸਿੰਘ ਬਲ — 80-00
8. **ਜ਼ਫ਼ਰਨਾਮਾ : ਪਾਠ ਤੇ ਅਨੁਵਾਦ—(ਪੰਜਾਬੀ ਤੇ ਅੰਗਰੇਜ਼ੀ)** ਨਿਰੰਜਨ ਸਿੰਘ ਨੂਰ (ਅਨੁ.) — 105-00
9. **ਖਾਲਸਾ ਪੰਥ ਦੇ ਪੰਜ ਤਖ਼ਤ** : ਸੁਖਦਿਆਲ ਸਿੰਘ — 95-00
10. **ਖਾਲਸੇ ਦੀ ਜਨਮ ਭੂਮੀ—ਸਿਰੀ ਆਨੰਦਪੁਰ ਸਾਹਿਬ** ਸੁਖਦਿਆਲ ਸਿੰਘ — 45-00
11. ***Dynamics of the Social Thought of Guru Gobind Singh*** : Dharam Singh — 180-00
12. ***Impact of Guru Gobind Singh on Indian Society*** : G. S. Talib — 130-00
13. ***Message of Guru Gobind Singh and other Essays*** : Dr. Balbir Singh — 110-00
14. ***Thus Spake the Tenth Master*** Gopal Singh (Tr.) — 100-00
15. ***The Doctrine and Dynamics of Sikhism*** J. S. Ahluwalia — 180-00
16. ***Philosophical Perspectives of Sikhism*** Avtar Singh — 200-00
17. ***Semitic and Sikh Monotheism—A Comparative Study*** : Rajinder Kaur Rohi — 250-00
18. ***The Sikh Tradition : A Continuing Reality*** Edited by : S.S. Bhatia and Anand Spencer — 400-00
19. ***Historical Perspectives on Sikh Identity*** J. S. Grewal — 125-00
20. ***Sikh Religion and Human Civilization*** edited by Jodh Singh — 175-00
21. ***Sikh Value System and Social Change*** edited by Gurnam Kaur (Ed.) — 90-00
22. ***Japuji—Spanish*** translated by Susnighda Dey — 100-00
23. ***Ethics of the Sikhs*** : Avtar Singh — 175-00

### ਭਾਈ ਨੰਦ ਲਾਲ ਗੋਯਾ ਰਚਿਤ ਸਾਹਿਤ

1. **ਭਾਈ ਨੰਦ ਲਾਲ ਗ੍ਰੰਥਾਵਲੀ** : ਸੰਪਾ. ਗੰਡਾ ਸਿੰਘ — 80-00
2. ***The Pilgrims' Way*** : Gazaliat of Bhai Nand Lal Goya translated by *B. P. L. Bedi* — 150-00
3. ***Gazaliat Bhai Nand Lal Goya*** (Urdu) : translated in urdu by Abid Hussain — 90-00

### ਜੀਵਨ ਗੁਰੂ ਹਰਿਗੋਬਿੰਦ ਸਾਹਿਬ

1. **ਗੁਰਬਿਲਾਸ ਪਾਤਸ਼ਾਹੀ ਛੇਵੀਂ (ਜੀਵਨ ਗੁਰੂ ਹਰਿ ਗੋਬਿੰਦ ਜੀ)** : ਭਗਤ ਸਿੰਘ — 400-00
2. **ਗੁਰ ਭਾਰੀ : ਜੀਵਨੀ ਗੁਰੂ ਹਰਿਗੋਬਿੰਦ ਜੀ** ਸਤਿਬੀਰ ਸਿੰਘ — 70-00
3. **ਗੁਰੂ ਹਰਿਗੋਬਿੰਦ ਸਾਹਿਬ : ਜੀਵਨ ਤੇ ਪ੍ਰਤਿਭਾ** ਕੁਲਦੀਪ ਸਿੰਘ ਧੀਰ — 65-00
4. **ਗੁਰੂ ਹਰਿਗੋਬਿੰਦ ਸਾਹਿਬ : ਜੀਵਨ, ਯੁੱਧ ਅਤੇ ਯਾਤਰਾਵਾਂ** ਸੁਖਦਿਆਲ ਸਿੰਘ — 100-00

24. **ਸਿੱਖ ਧਰਮ ਦਰਸ਼ਨ** : ਸਰਦੂਲ ਸਿੰਘ ਕਵੀਸ਼ਰ — 100-00
25. **ਸਿੱਖ ਰਹੱਸਵਾਦ** : ਬਲਕਾਰ ਸਿੰਘ — 100-00
26. **ਵਾਰਾਂ ਭਾਈ ਗੁਰਦਾਸ** : ਗੁਰਸ਼ਰਨ ਕੌਰ ਜੱਗੀ (ਸੰਪਾਦਨ ਤੇ ਪਾਠ ਨਿਰਧਾਰਣ) — 130-00
27. **ਗੁਰੂ ਗ੍ਰੰਥ ਸੰਕੇਤ ਕੋਸ਼** : ਪ੍ਰੋ. ਪਦਮ, ਗੁਰਨਾਮ ਕੌਰ, ਬਲਬੀਰ ਕੌਰ — 88-00
28. **ਗੁਰੂ ਗ੍ਰੰਥ ਵਿਚਾਰ ਕੋਸ਼** — 175-00
29. **ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ** : ਤਾਰਨ ਸਿੰਘ — 200-00
30. **ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਗ ੧ ਤੇ ੨)** : ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ — 325-00
31. **ਗੁਰੂ ਨਾਨਕ ਬਾਣੀ ਪ੍ਰਕਾਸ਼ (ਭਾਗ ਪਹਿਲਾ ਤੇ ਦੂਜਾ)** ਟੀਕਾਕਾਰ : ਡਾ. ਤਾਰਨ ਸਿੰਘ — 500-00
32. **ਸ਼ਬਦਾਰਥ ਗੁਰੂ ਗ੍ਰੰਥ ਸਾਹਿਬ (ਹਿੰਦੀ) (ਭਾਗ ਪਹਿਲਾ ਤੇ ਦੂਜਾ)** — 700-00
33. **ਸ੍ਰੀ ਗੁਰੂ ਗ੍ਰੰਥ ਸਾਹਿਬ : ਸਿਖਿਆ ਜੋ ਸਾਰ (ਸਿੰਧੀ)** ਸ੍ਰੀ ਜੇ. ਜੇ. ਕਰਮ (ਅਨੁ.) — 110-00

1. ***Shri Guru Granth Sahib*** (English) I-IV Volumes : *translated by Prof. G. S. Talib* — 1540-00
2. ***Encyclopaedia of Sikhism*** I-IV Volumes *edited by Prof. Harbans Singh* : — 2000-00

*ਪੰਜਾਬ ਦੇ ਇਤਿਹਾਸ, ਧਰਮ, ਦਰਸ਼ਨ, ਸਭਿਆਚਾਰ ਬਾਰੇ ਪੁਸਤਕਾਂ ਲਈ ਲਿਖੋ ਜਾਂ ਮਿਲੋ*
**ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

*For more books on Panjab's History, Religion & Culture, please Visit or Write to*
**Publication Bureau, Punjabi University, Patiala**

## IMPORTANT BOOKS FROM PUNJABI UNIVERSITY